ੴ

ਸਤਿਗੁਰ ਪ੍ਰਸਾਦਿ

ਰਹਿਤ ਪਿਆਰੀ ਮੁਝ ਕਉ, ਸਿਖ ਪਿਆਰਾ ਨਾਹਿ

# ਰੂਪ ਗੋਬਿੰਦ ਕਾ
# ਰਾਜ ਖਾਲਸੇ ਕਾ
# ਸਿੱਕਾ ਸੋਨੇ ਕਾ

ਖਾਲਸਾ ਮੇਰੋ ਰੂਪ ਹੈ ਖਾਸ ਖਾਲਸਾ ਮਹਿ ਹੌਂ ਕਰੌਂ ਨਿਵਾਸ










ਲੇਖਕ: ਭਾਈ ਰਾਮਾ ਸਿੰਘ ਜੀ

ੴ ਸਤਿਗੁਰੂ ਪ੍ਰਸਾਦਿ

*

*

*

# ਰੂਪ ਗੋਬਿੰਦ ਕਾ
# ਰਾਜ ਖਾਲਸੇ ਕਾ
# ਸਿੱਕਾ ਸੋਨੇ ਕਾ

*

*

*

# ਸਮਰਪਣ

ਖਾਲਸਾ ਪੰਥ ਦੇ 300 ਸਾਲਾ ਸਿਰਜਣਾ ਦਿਵਸ 'ਤੇ
ਜਿਹਨਾਂ ਨੇ ਨਾਮ ਜਪਿਆ, ਵੰਡ ਕੇ ਛਕਿਆ, ਦੇਗ ਚਲਾਈ,
ਤੇਗ ਵਾਹੀ ਅਤੇ ਦੇਸ਼ ਕੌਮ ਦੀ ਖਾਤਰ ਸ਼ਹੀਦੀਆਂ ਪ੍ਰਾਪਤ ਕੀਤੀਆਂ

ISBN 0 9535351 0 X

ੴ ਸਤਿਗੁਰ ਪ੍ਰਸਾਦਿ ॥

ਪ੍ਰਭ ਕਾ ਸਿਮਰਨ ਸਭ ਤੇ ਊਚਾ ॥

ਸਭ ਹੱਕ ਰਾਖਵੇਂ ਹਨ

# ROOP GOBIND KA
# RAAJ KHALSE KA
# SIKKA SONNE KA

Copy Right Reserved :

By

## Bhai Rama Singh Ji

Editor : Harjinder Singh Mander

Cover Designed By :
Bhai Prem Singh Raikamo

ਭੇਟਾ – £4·99

ਭੇਟਾ - 200 ਰੁਪਏ

ਚੌਥੀ ਵਾਰ - ਫਰਵਰੀ 2014

Publisher :
Bhai Rama Singh Ji
328, Lady Margaret Road,
Southall, Middx,
UB1 2NH, U.K.

ੴ ਸਤਿਗੁਰ ਪ੍ਰਸਾਦਿ ॥

ਕਿਸੁ ਉਦਮ ਤੇ ਰਾਜੁ ਮਿਲੈ,
ਸਤ੍ਰੂ ਤੇ ਸਭ ਹੋਵਨਿ ਮੀਤਾ ॥
ਪਰਮੇਸਰੁ ਅਰਾਧੀਐ,
ਜਿਦੂ ਹੋਈਐ ਪਤਿਤ ਪੁਨੀਤਾ ॥

ਸੁਖੁ ਨਾਹੀ ਰੇ ਹਰਿ ਭਗਤਿ ਬਿਨਾ ॥

*(ਰਾਗ ਗਉੜੀ ਚੇਤੀ ਮ: 5 ਪੰ: 210)*

ਐਸਾ ਜਗੁ ਦੇਖਿਆ ਜੂਆਰੀ ॥
ਸਭਿ ਸੁਖ ਮਾਗੈ ਨਾਮੁ ਬਿਸਾਰੀ ॥

*(ਗਾਉੜੀ ਗੁਆਰੇਰੀ ਮ: 1– ਪੰਨ: 222)*

ਵਤ ਲਗੀ ਸਚੇ ਨਾਮ ਕੀ ਜੋ ਬੀਜੇ ਸੋ ਖਾਇ ॥
ਤਿਸਹਿ ਪਰਾਪਤਿ ਨਾਨਕਾ ਜਿਸਨੋ ਲਿਖਿਆ ਆਇ ॥

*(ਸਲੋਕ ਮ: 5 – ਪੰ: 321)*

ਸਾਈ ਨਾਮੁ ਅਮੋਲ ਕੀਮ ਨ ਕੋਈ ਜਾਣਦੋ ॥
ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ ॥

*(ਸਿਰੀ ਰਾਗ ਮ: 5 – ਪੰ: 81)*

ੴ ਸਤਿਗੁਰ ਪ੍ਰਸਾਦਿ ॥

ਆਪ ਜਪਹੁ ਅਵਰਾ ਨਾਮ ਜਪਾਵੋ,
ਸਤਿਗੁਰੂ ਇਹ ਮਤ ਦੀਨੀ ॥
ਸਾਧ ਸੰਗ ਮਿਲ ਨਾਮ ਧਿਆਵੋ,
ਛੂਟ ਗਈ ਆਵਨਜਾਨੀ ॥

*****

# ਸਵੈ-ਜੀਵਨੀ

*

ਭਾਈ ਰਾਮਾ ਸਿੰਘ ਜੀ

*

*

| | | |
|---|---|---|
| ਜਨਮ | – | 1930 |
| ਪਿਤਾ ਦਾ ਨਾਮ | – | ਵੈਦ ਚੰਦਰ ਪਾਲ |
| ਮਾਤਾ ਦਾ ਨਾਮ | – | ਬੀਬੀ ਲੱਛਮੀ ਦੇਵੀ |
| ਭੈਣ ਭਰਾ | – | ਇੱਕ ਭਰਾ ਦੋ ਭੈਣਾਂ |
| ਪੜ੍ਹਾਈ | – | ਅੱਠਵੀਂ ਪਾਸ |
| ਪਿੰਡ | – | ਛੜਿਆਵਲੀ |
| ਜ਼ਿਲ੍ਹਾ | – | ਅਲੀਗੜ੍ਹ ਯੂ· ਪੀ· |

# ਤਤਕਰਾ

ਸਾਖੀ ਪੰਨਾ

## ਭਾਗ ਪਹਿਲਾ = ਬਚਪਨ


| | | |
|---|---|---|
| ਬਚਪਨ | – | 1 |
| ਦੁਨੀਆਂ ਮਤਲਬ ਦੀ | – | 8 |
| ਸੰਤ ਸਮੂਹ ਅਨੇਕ ਮਤੀ ਕੇ | – | 10 |
| ਤਿੰਨ ਠੱਗ ਸਾਧੂ | – | 12 |
| ਜੈਨੀ ਸਾਧੂ | – | 15 |
| ਬ੍ਰਹਮਚਾਰੀ ਮੁਕਤੀ ਦਾ ਸਾਧਨ | – | 18 |
| ਸ਼ਿਵ ਲਿੰਗ ਤੇ ਸੱਯਦ ਪੂਜਾ | – | 19 |
| ਪੰਜ ਧੂਣੀਆਂ | – | 20 |
| ਬਨਾਰਸ ਵਿਚ ਮੁਕਤੀ ਵਾਸਤੇ ਆਰਾ | – | 21 |
| ਗਊ ਦਾਨ | – | 22 |
| ਮਹਾਂਦੇਵ ਦਾ ਮੂਰਤੀ ਇਸ਼ਨਾਨ | – | 23 |
| ਮੰਜਾ ਦਾਨ | – | 24 |
| ਸਰਾਧ | – | 27 |
| ਨਾਗ ਪੰਚਮੀ | – | 29 |
| ਕਾਲੀ ਮਾਈ ਦੀ ਪੂਜਾ | – | 30 |
| ਮੱਥਾ ਟੇਕਣ ਦਾ ਫਲ | – | 31 |
| ਅੰਤ ਸਮੇਂ ਦਾ ਸੀਨ | – | 32 |


## ਭਾਗ ਦੂਜਾ = ਪੂਰੇ ਗੁਰੂ ਦੀ ਖੋਜ


| | | |
|---|---|---|
| ਪੂਰੇ ਗੁਰ ਬਿਨ ਮੁਕਤ ਨਾ ਹੋਏ | – | 34 |
| ਇੰਡੋਨੇਸ਼ੀਆ ਨੂੰ ਰਵਾਨਗੀ | – | 36 |
| ਸੁਖਮਨੀ ਸਾਹਿਬ ਜੀ ਦੇ ਪਾਠ ਪੜਨ ਦਾ ਫਲ | – | 38 |
| ਪੂਰੇ ਗੁਰੂ ਦੀ ਖੋਜ | – | 43 |
| ਪਾਪੀ ਕਰਮ ਕਮਾਵੰਦੇ ਕਰਦੇ ਹਾਇ ਹਾਇ | – | 49 |
| ਇੰਗਲੈਂਡ ਨੂੰ ਰਵਾਨਗੀ | – | 53 |
| ਪ੍ਰਤੱਖ ਦਰਸ਼ਨ | – | 56 |
| ਪੰਜਵਾਂ ਕਕਾਰ ਕੇਸਕੀ | – | 60 |
| ਸੰਤ ਬਾਬਾ ਨਿਧਾਨ ਸਿੰਘ ਜੀ | – | 63 |
| ਸੰਤ ਬਾਬਾ ਸੇਵਾ ਸਿੰਘ ਜੀ | . | 64 |
| ਬਾਬਾ ਪੂਰਨ ਸਿੰਘ ਜੀ | – | 66 |
| ਬੀਬੀ ਬਲਵੰਤ ਕੌਰ | – | 67 |
| ਮਕੀਊ ਗੁਰਦੁਆਰਾ | – | 68 |
| ਮਿਹਰ ਦੀ ਨਜ਼ਰ | – | 69 |

| | | |
|---|---|---|
| ਕੋਡਾ ਭੀਲ | - | 69 |
| ਸੱਜਣ ਠੱਗ | - | 70 |
| ਵਲੀ ਕੰਧਾਰੀ | - | 71 |
| ਇੰਗਲੈਂਡ ਵਿਚ ਪਹਿਲੀ ਰੈਣ ਸਬਾਈ | - | 78 |
| ਅੰਮ੍ਰਿਤ ਛਕਣਾ | - | 81 |
| ਨਨਕਾਣਾ ਸਾਹਿਬ ਦੀ ਯਾਤਰਾ | - | 85 |
| ਅੰਮ੍ਰਿਤ ਪ੍ਰਚਾਰ | - | 88 |
| ਭਾਈ ਜੀਵਨ ਸਿੰਘ ਜੀ | - | 91 |
| ਅਨੰਦਪੁਰ ਸਾਹਿਬ ਦੇ ਲੰਗਰ ਦੀ ਸੇਵਾ | - | 95 |
| ਹੇਮਕੁੰਟ ਸਾਹਿਬ ਜੀ ਦੀ ਯਾਤਰਾ | - | 106 |
| ਚਲਦਾ ਵਹੀਰ (ਅੰਮ੍ਰਿਤ ਸੰਚਾਰ) | - | 112 |
| ਸਿੰਘਾਪੁਰ ਵਿਚ ਅੰਮ੍ਰਿਤ ਸੰਚਾਰ | - | 115 |
| ਮਲੇਸ਼ੀਆਂ ਵਿਚ ਅੰਮ੍ਰਿਤ ਸੰਚਾਰ | - | 115 |
| ਅਮਰੀਕਾ ਵਿਚ ਅੰਮ੍ਰਿਤ ਸੰਚਾਰ | - | 116 |
| ਜੀਵਨ ਜੁਗਤੀ | - | 119 |
| ਪਰਉਪਕਾਰ | - | 121 |
| **ਭਾਗ = ਤੀਜਾ ਸੇਵਾ** | | |
| ਸੇਵਾ | - | 125 |
| ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ | - | 130 |
| ਸਿਮਰਨ | - | 133 |
| ਲੰਗਰ ਅਤੇ ਪੰਗਤ ਦੀ ਮਰਿਆਦਾ | - | 145 |
| ਚੰਚਲ ਮਨ ਦੀ ਨਿਸ਼ਾਨੀ | - | 147 |
| ਗੁਰਸਿਖੀ ਬਾਰੀਕ ਹੈ | - | 150 |
| ਗੁਰਦੁਆਰੇ ਦੀਆਂ ਚੋਣਾਂ | - | 155 |
| ਭਾਈ ਸਰਵਣ ਸਿੰਘ ਫਲੇਵਾਲ | - | 162 |
| "ਸਾਜਨ ਆਇ ਵੁਠੇ ਘਰ ਮਾਹੀ" | - | 164 |
| ਭਾਈ ਸਰਵਣ ਸਿੰਘ ਦੀ ਆਤਮ-ਬਿਰਤੀ | - | 166 |
| ਅੰਬਾਲੇ ਸਟੇਸ਼ਨ ਦਾ ਕੌਤਕ | - | 168 |
| ਨ੍ਰਿਪ ਕੰਨਿਆ ਕੇ..... | - | 172 |
| ਬਾਬਾ ਰਾਮ ਸਿੰਘ ਅਤੇ ਮਾਈ ਪ੍ਰੇਮ ਕੌਰ ਜੀ ਫੱਲੇਵਾਲ (ਲੁਧਿਆਣਾ) | - | 177 |
| ਆਪਣੇ ਆਪਣੇ ਧਰਮਾਂ ਵਿਚ ਵਾਧਾ | - | 184 |
| ਬੈਰਾਗ | - | 187 |
| ਪ੍ਰਮਾਤਮਾ ਨੂੰ ਮਿਲਣ ਦਾ ਬੈਰਾਗ | - | 187 |
| ਮੰਤਰ | - | 189 |
| ਜਾਦੂ ਟੂਣਾ | - | 190 |
| ਗੁਰਮੰਤਰ | - | 191 |

| | | |
|---|---|---|
| ਲੋਗਨ ਰਾਮ ਖਿਲੌਨਾ ਜਾਨਾ | – | 193 |
| ਜਾਨਵਰਾਂ ਨਾਲ ਪਿਆਰ | – | 195 |
| ਜਨਮ ਮਰਨ ਦਾ ਚੱਕਰ | – | 201 |
| ਰਿਸ਼ਵਤ ਦਾ ਫਲ | – | 206 |
| ਕਾਚਾ ਧੰਨ ਸੰਚਿਹ ਮੂਰਖ ਗਾਵਾਰ | – | 208 |
| ਮਾਇਆ ਦਾ ਚੱਕਰ | – | 215 |
| ਗੁਰਸਿੱਖਾਂ ਦਾ ਜੀਵਨ | – | 219 |
| ਕਾਮਧੇਨ ਸ਼ਕਤੀ | – | 236 |
| ਪੰਚ ਪਰਵਾਨ ਪੰਚ ਪਰਧਾਨ | – | 238 |
| ਸਾਰਿਆਂ ਧਰਮਾਂ ਦਾ ਸਾਂਝਾ ਗੁਰੂ | – | 241 |
| ਸੱਚ ਨਾਲ ਜ਼ੁਲਮ | – | 244 |
| ਗੁਰਸਿੱਖਾਂ ਦੀ ਅਰਦਾਸ | – | 247 |
| ਨਵਾਂ ਜੀਵਨ | – | 253 |
| ਮਾਪਿਆਂ ਦੀ ਅਰਦਾਸ | – | 256 |


## ਭਾਗ = ਚੌਥਾ ਖਾਲਸਾ ਰਾਜ


| | | |
|---|---|---|
| ਖਾਲਸਾ ਰਾਜ ਦੀ ਤਿਆਰੀ | – | 261 |
| ਚੰਦਨ ਦਾ ਬੂਟਾ | – | 264 |
| ਅੰਮ੍ਰਿਤ ਵੇਲੇ ਦਾ ਸਿਮਰਨ | – | 268 |
| ਨਾਮ ਕੀ ਵਡਿਆਈ ਕੋਈ ਵਿਰਲਾ ਜਾਨੈ | – | 278 |
| ਗੁਰ ਮੇਰੇ ਸੰਗ ਸਦਾ ਹੈ ਨਾਲੇ | – | 285 |
| ਗੁਰਸਿੱਖਾਂ ਦੀ ਬਖਸ਼ਿਸ਼ | – | 287 |
| ਸੱਚਖੰਡ ਹਾਜ਼ਰੀ | – | 289 |
| ਪਰਾਏ ਵਸ | – | 291 |
| ਕੁਲਾਂ ਦਾ ਉਧਾਰ | – | 292 |
| ਦੂਸਰਾ ਪੰਜਾਬ | – | 296 |
| ਨੌਜਵਾਨਾਂ ਵਾਸਤੇ ਕੈਂਪ | – | 299 |
| ਨਗਰ ਕੀਰਤਨ | – | 307 |
| ਸਿੱਖਾਂ ਦੀ ਪ੍ਰੀਖਿਆ | – | 311 |
| ਸਾਚੇ ਨਾਮ ਕੀ ਵਡਿਆਈ | – | 314 |
| ਨਿਰਮਲ ਆਤਮਾ | – | 316 |
| ਮੇਰੀ ਅਭੁੱਲ ਰੈਣ ਸਬਾਈ | – | 325 |
| ਗਿਆਨ ਚਰਚਾ | – | 329 |
| ਖਾਲਸਾ ਰਾਜ | – | 339 |
| ਦੁਸ਼ਟ ਦਮਨ ਗੁਰੂ ਗੋਬਿੰਦ ਸਿੰਘ ਜੀ | – | 350 |
| ਸੁਖੀ ਵਸੈ ਮੇਰੋ ਪਰਿਵਾਰਾ | – | 352 |
| ਵਿਛੜਾ ਪਿੰਡਾ | – | 353 |

# ਭਾਈ ਰਾਮਾ ਸਿੰਘ ਜੀ ਦੀ ਸ਼ਖਸੀਅਤ

ਭਾਈ ਰਾਮਾ ਸਿੰਘ ਜੀ ਨੂੰ ਕੁਝ ਸਾਲਾਂ ਤੋਂ ਇਥੇ ਇੰਗਲੈਂਡ ਵਿਚ ਵਿਚਰਦਿਆਂ ਦੇਖਦਾ ਸਾਂ, ਪ੍ਰੰਤੂ ਇਹਨਾਂ ਦੇ ਜੀਵਨ ਬਾਰੇ ਬਹੁਤਾ ਕੁਝ ਪਤਾ ਨਾ ਹੋਣ ਕਰਕੇ ਕਦੀ ਖਿਆਲ ਨਹੀਂ ਆਇਆ ਸੀ ਕਿ ਭਾਈ ਸਾਹਿਬ ਦਾ ਜੀਵਨ ਇਕ ਤੁਰਿਆ ਫਿਰਦਾ ਯੂ· ਕੇ· ਦੇ ਸਿੱਖਾਂ ਦਾ ਇਤਿਹਾਸ ਹੈ। ਇਹਨਾਂ ਦੇ ਅਨੁਭਵ, ਅਤੇ ਜੀਵਨ ਜਾਚ ਜਦੋਂ ਇਹਨਾਂ ਦੀ ਲਿਖੀ ਹੋਈ ਪੁਸਤਕ ਵਿਚੋਂ ਪੜ੍ਹੇ ਤਾਂ ਇਹਨਾਂ ਦੀ ਇਕ ਅਦੁੱਤੀ ਸ਼ਖਸੀਅਤ ਦਾ ਪ੍ਰਭਾਵ ਮਨ ਤੇ ਪੈਣੋ ਨਾ ਰਹਿ ਸਕਿਆ।

ਆਮ ਵਿਅਕਤੀ ਦੇ ਮਨ 'ਚ ਕਈ ਤਰ੍ਹਾਂ ਦੇ ਵਿਕਾਰ, ਊਣਤਾਈਆਂ, ਤੇ ਢਿੱਲਮੱਠ ਹੋਇਆ ਕਰਦੀ ਹੈ, ਜਦੋਂ ਇਹ ਕਿਤਾਬ ਮੈਂ ਐਡਿਟ ਕਰ ਰਿਹਾ ਸਾਂ ਤਾਂ ਨਾਲੋ-ਨਾਲ ਆਪਾ ਪੜਚੋਲਣ ਦਾ ਸਮਾਂ ਵੀ ਲੱਗਦਾ ਰਿਹਾ। ਭਾਈ ਸਾਹਿਬ ਨੇ ਆਪਣੀ ਪੁਸਤਕ ਵਿਚ ਸਿੱਖੀ ਜੀਵਨ ਦੀ ਜੋ ਰੂਪਰੇਖਾ ਉਲੀਕੀ ਹੈ, ਜਿਵੇਂ ਗੁਰਸਿੱਖਾਂ ਦੇ ਜੀਵਨ ਦਾ ਵਰਣਨ ਕੀਤਾ ਹੈ ਉਸ ਨੂੰ ਪੜ੍ਹ ਕੇ ਇਕ ਸਾਧਾਰਣ ਵਿਅਕਤੀ ਜ਼ਰੂਰ ਹੀ ਸਿੱਖ ਬਣਨ ਲਈ ਉਤਾਵਲਾ ਹੋ ਜਾਵੇਗਾ। ਹਾਂ ਇਹ ਗੱਲ ਵੱਖਰੀ ਹੈ ਕਿ,

**ਚੰਦਨ ਕੇ ਨਿਕਟੇ ਬਸੇ ਬਾਂਸ ਸੁਗੰਧ ਨਾ ਹੋਏ ॥**

ਵਰਗਾ ਮਨ ਪੱਥਰ ਦੀ ਤਰ੍ਹਾਂ ਦਰਿਆ ਵਿਚ ਰਹਿ ਕੇ ਅੰਦਰੋਂ ਸੁੱਕਾ ਰਹਿ ਸਕਦਾ ਹੈ। ਵਰਨਾ ਇਹ ਕਦੇ ਨਹੀਂ ਹੋ ਸਕਦਾ ਕਿ ਇਹ ਕਿਤਾਬ ਪੜ੍ਹ ਕੇ ਕਿਸੇ ਦੇ ਅੰਦਰੋਂ ਇਕ ਹੁਲਾਰਾ ਨਾ ਆਵੇ ਤੇ ਉਹਦਾ ਮਨ ਸਿੱਖੀ ਜੀਵਨ ਅਪਨਾਉਣ ਤੋਂ ਗੁਰੇਜ ਕਰੇ। ਇਹ ਗੱਲ ਵੱਖਰੀ ਹੈ ਕਿ ਕੁਝ ਇਕ ਘਟਨਾਵਾਂ ਇਕ ਵੱਖਰੀ ਕਿਸਮ ਦੇ ਲੋਕਾਂ ਨੂੰ ਅਤਿਕਥਨੀ ਜਾਪਣ ਪ੍ਰੰਤੂ ਅਨੁਭਵੀ ਵਿਅਕਤੀ ਅਤੇ ਆਤਮਕ ਸੂਝ-ਬੂਝ ਰੱਖਣ ਵਾਲੇ ਵਿਅਕਤੀ ਲਈ ਇਹ ਵਾਕਿਆ ਹੀ ਅਨੰਦਮਈ ਹਨ।

ਪੁਸਤਕ ਦਾ ਆਖਰੀ ਤੇ ਚੌਥਾ ਭਾਗ ਭਾਈ ਰਾਮਾ ਸਿੰਘ ਜੀ ਵੱਲੋਂ ਖਾਲਸਾ ਰਾਜ ਦੀ ਪ੍ਰਾਪਤੀ ਅਤੇ ਇਸ ਦੀ ਵਚਿੱਤਰ ਰੂਪਰੇਖਾ ਦਾ ਇਕ ਅਦੁੱਤੀ ਨਮੂਨਾ ਹੈ। ਇਸ ਕਿਤਾਬ ਦਾ ਮੁੱਖ ਉਦੇਸ਼ ਸਿੱਖਾਂ ਨੂੰ ਗੁਰ ਉਪਦੇਸ਼ ਦ੍ਰਿੜ ਕਰਾਉਣਾ ਅਤੇ ਗੁਰਮਤਿ ਨਾਲ ਜੋੜਨਾ ਹੋ ਨਿੱਬੜਦਾ ਹੈ।

**ਹਰਜਿੰਦਰ ਸਿੰਘ ਮੰਡੇਰ**
*ਮੁੱਖ ਸੰਪਾਦਕ,*
*ਪੰਜਾਬ ਟਾਈਮਜ਼ ਇੰਟਰਨੈਸ਼ਨਲ*
*(ਡਰਬੀ) ਯੂ· ਕੇ·*

# ਭੁੱਲ ਦੀ ਸੋਧ

| ਸਫ਼ਾ | ਲਾਈਨ | ਗਲਤ ਸ਼ਬਦ | ਸਹੀ ਸ਼ਬਦ |
|---|---|---|---|
| 130 | ਹੇਠੋਂ ਦੂਜੀ | ਪ੍ਰਹੁਣੇ | ਪ੍ਰਾਹੁਣੇ |
| 192 | ਉੱਪਰੋਂ ਛੇਵੀਂ | ਕਿ | ਕੇ |
| 218 | ਸ਼ਬਦ ਦੀ ਆਖਰੀ | ਮਹਿਦੇਵ | ਮਹਾਦੇਉ |
| 308 | ਉੱਪਰੋਂ ਛੇਵੀਂ | ਬੱਚਿਆਂ | ਬੱਚੀਆਂ |
| 309 | ਹੇਠੋਂ ਤੀਜੀ | ਸਾਊਥਲ | ਸਾਊਥਾਲ |
| 317 | ਹੇਠੋਂ ਛੇਵੀਂ | ਵਿਚ ਵਿਚ | ਵਿਚ |
| 324 | ਹੇਠੋਂ ਦੂਜੀ | ਬਹਰਲੇ | ਬਾਹਰਲੇ |

# ਇਹ ਸਤਿਗੁਰ ਦੀ ਸਾਚੀ ਸਾਖੀ,
# ਨਾ ਮੈਂ ਮਨੋ ਬਣਾਈ

ਧੰਨ ਕਲਗੀਧਰ, ਧੰਨ ਕਲਗੀਧਰ, ਜਿਸਨੇ ਹਉਮੈ ਮਾਰੀ।
ਕੋਟ ਬ੍ਰਹਿਮੰਡ ਦਾ ਮਾਲਕ ਹੋਵੇ, ਫਿਰ ਵੀ ਕਹੇ ਭਿਖਾਰੀ।
ਜਦ ਵੈਸਾਖੀ ਆਵੈ ਸਤਿਗੁਰੂ, ਨੈਣ ਨੀਰ ਭਰ ਆਵੈ।
ਡੋਲੇ ਨੈਣਾਂ ਪ੍ਰੀਤਮ ਕੈ ਦੁਆਰੇ, ਕਬ ਪ੍ਰੀਤਮ ਘਰ ਆਵੈ।
ਜਿਸ ਕਾਰਨ ਮੈਂ ਤਪੀ ਰਸੋਈ, ਪ੍ਰੀਤਮ ਨਜ਼ਰ ਨਾ ਆਵੈ।
ਨੈਣਾਂ ਸੇ ਜੋ ਵਰਖਾ ਵਰਸੇ, ਅਬ ਕੌਣ ਧੀਰ ਬੰਧਾਵੈ।
ਧੰਨ ਕਲਗੀਧਰ, ਧੰਨ ਕਲਗੀਧਰ, ਜਿਸਨੇ ਹਉਮੈ ਮਾਰੀ।
ਕੋਟ ਬ੍ਰਹਿਮੰਡ ਕਾ ਮਾਲਕ ਹੋਵੇ, ਫਿਰ ਵੀ ਕਹੇ ਭਿਖਾਰੀ।

ਸਖੀ ਸਹੇਲੀ ਪੁਛਣ ਲਾਗੀ, ਕੀ ਕਾਰਨ ਨੀਰ ਭਰ ਆਏ।
ਮਨ ਕੀ ਬਿਰਥਾ ਮਨ ਹੀ ਜਾਣੈ, ਕੋ ਜਾਣੈ ਪੀਰ ਪਰਾਈ।
ਕਿਆ ਕਹੂੰ ਮੈਂ ਆਪਣੀ ਕਰਨੀ, ਜਿਹ ਬਿਧ ਜਨਮ ਗਵਾਇਆ।
ਜਿਸ ਸਾਹਿਬ ਨੇ ਸਭ ਕੁਝ ਦਿੱਤਾ, ਸੋ ਮਨ ਨਾ ਵਸਾਇਆ।
ਧੰਨ ਕਲਗੀਧਰ ਧੰਨ ਕਲਗੀਧਰ, ਜਿਸਨੇ ਹਉਮੈ ਮਾਰੀ।
ਕੋਟ ਬ੍ਰਹਿਮੰਡ ਕਾ ਮਾਲਕ ਹੋਵੇ, ਫਿਰ ਵੀ ਕਹੇ ਭਿਖਾਰੀ

ਪਲ-ਪਲ ਛਿਨ-ਛਿਨ ਆਉਧ ਬਿਹਾਵੈ, ਨਾ ਥਿਰ ਰਹੇ ਜਵਾਨੀ।
ਕਲਿ ਕੀ ਕਿਸ ਕੋ ਖਬਰ ਨਹੀ, ਕਲਿ ਆਨੀ ਕਿ ਨਾ ਆਨੀ।
ਕੋਟ ਬ੍ਰਹਿਮੰਡ ਕਾ ਮਾਲਕ ਇਕ ਦਿਨ, ਆਇਆ ਮੇਰੇ ਸੁਪਨੇ।
ਅੰਮ੍ਰਿਤ ਛਕਣੇ ਕੀ ਕਰੋ ਤਿਆਰੀ, ਰਹਿਤ ਬਿਨਾ ਨਹੀ ਸਿੱਖ ਕਹਾਵੈ।
ਧੰਨ ਕਲਗੀਧਰ ਧੰਨ ਕਲਗੀਧਰ ਜਿਸਨੇ ਹਉਮੈ ਮਾਰੀ।
ਕੋਟ ਬ੍ਰਹਿਮੰਡ ਕਾ ਮਾਲਕ ਹੋਵੇ, ਫਿਰ ਵੀ ਕਹੇ ਭਿਖਾਰੀ।

ਜਦੋਂ ਹਮ ਅੰਮ੍ਰਿਤ ਛੱਕਿਆ, ਸਤਿਗੁਰੂ ਹਮ ਤੇ ਗੋਦ ਤੁਮਾਰੀ।
ਹਰਿ ਅੰਮ੍ਰਿਤ ਕੀ ਵਰਖਾ ਵਰਸੀ, ਨਾ ਸੁਧ ਰਹੀ ਹਮਾਰੀ।
ਆਪ ਜਪਹੁ ਅਵਰਾ ਨਾਮ ਜਪਾਵੋ, ਸਤਿਗੁਰੂ ਇਹ ਮਤ ਦੀਨੀ।
ਸਾਧ ਸੰਗਤ ਮਿਲ ਨਾਮ ਧਿਆਵੋ, ਛੂਟ ਗਈ ਆਵਨ ਜਾਨੀ।
ਧੰਨ ਕਲਗੀਧਰ ਧੰਨ ਕਗੀਧਰ ਜਿਸਨੇ ਹਉਮੈ ਮਾਰੀ।
ਕੋਟ ਬ੍ਰਹਿਮੰਡ ਕਾ ਮਾਲਕ ਹੋਵੇ, ਫਿਰ ਵੀ ਕਹੇ ਭਿਖਾਰੀ।

*****

# ਦੋ ਸ਼ਬਦ

ੴ ਸਤਿਗੁਰ ਪ੍ਰਸਾਦਿ ॥

ਸੰਤਾ ਕੇ ਕਾਰਜਿ ਆਪ ਖਲੋਇਆ,
ਹਰਿ ਕੰਮੁ ਕਰਾਵਣਿ ਆਇਆ ਰਾਮ ॥

ਦਾਸ ਸਭ ਤੋਂ ਪਹਿਲਾਂ ਜੁਗੋ ਜੁਗ ਅਟੱਲ, ਜਾਗਦੀ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਧੰਨਵਾਦ ਕਰਦਾ ਹੈ ਜਿਨ੍ਹਾਂ ਨੇ ਇਹ ਪੁਸਤਕ ਲਿਖਣ ਦੀ ਸੁਮੱਤ ਬਖਸ਼ੀ। ਇਸ ਕਲਯੁਗ ਵਿਚ ਬਹੁਤ ਪ੍ਰਾਣੀ ਭਟਕ ਰਹੇ ਹਨ। ਉਨ੍ਹਾਂ ਨੂੰ ਪੂਰੇ ਗੁਰੂ ਦੀ ਸੋਝੀ ਨਹੀਂ। ਦਾਸ ਵੀ ਬਚਪਨ ਵਿਚ ਪੂਰੇ ਗੁਰੂ ਦੀ ਭਾਲ ਵਿਚ ਭਟਕਦਾ ਰਿਹਾ। ਕਈ ਰਸਤਿਆਂ ਵਿਚੋਂ ਲੰਘ ਕੇ ਅਸਲੀ ਮਾਰਗ 'ਤੇ ਪਹੁੰਚਿਆ।

ਅੰਮ੍ਰਿਤ ਛਕਾਉਣ ਸਮੇਂ ਗੁਰੂ ਸਰੂਪ ਪੰਜਾਂ ਪਿਆਰਿਆਂ ਨੇ ਉਪਦੇਸ਼ ਦਿੱਤਾ ਕਿ ਸੇਵਾ, ਸਿਮਰਨ, ਪਰਉਪਕਾਰ ਅਤੇ ਗਰੀਬੀ (ਨਿਮਰਤਾ) ਸਿੱਖੀ ਦੇ ਥੰਮ੍ਹ ਹਨ। ਦਾਸ ਨੇ ਇਨ੍ਹਾਂ ਉਪਰ ਪੂਰਾ ਅਮਲ ਕੀਤਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵੀਚਾਰ ਕੇ ਕੁਝ ਰਤਨ ਆਪਣੇ ਹਿਰਦੇ ਵਿੱਚ ਵਸਾਏ। ਜਿਸ ਤਰ੍ਹਾਂ :

ਜਪੁਜੀ ਸਾਹਿਬ ਵਿੱਚੋਂ :

ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥

ਅਨੰਦ ਸਾਹਿਬ ਵਿਚੋਂ

ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ
ਸੁ ਅੰਮ੍ਰਿਤੁ ਗੁਰ ਤੇ ਪਾਇਆ ॥

ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ,
ਹਰਿ ਬਿਨੁ ਅਵਰੁ ਨਾ ਦੇਖਹੁ ਕੋਈ ॥

ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ ॥

ਸੁਖਮਨੀ ਸਾਹਿਬ ਵਿਚੋਂ

ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥

ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ ॥

ਕਰਿ ਕਿਰਪਾ ਜਿਸ ਕੈ ਹਿਰਦੈ ਗਰੀਬੀ ਬਸਾਵੈ ॥
ਨਾਨਕ ਈਹਾ ਮੁਕਤੁ ਆਗੈ ਸੁਖੁ ਪਾਵੈ ॥

ਇਸ ਤਰ੍ਹਾਂ ਸਤਿਗੁਰੂ ਜੀ ਦੇ ਬਚਨਾਂ 'ਤੇ ਅਮਲ ਕੀਤਾ। ਕੋਈ ਵੀ ਪ੍ਰਾਣੀ ਸਤਿਗੁਰੂ ਜੀ ਦੇ ਬਚਨਾਂ 'ਤੇ ਅਮਲ ਕਰੇਗਾ ਤਾਂ ਉਹ ਜਨਮ-ਮਰਨ ਦੇ ਚੱਕਰ ਤੋਂ ਮੁਕਤ ਹੋ ਜਾਵੇਗਾ। ਦਾਸ ਦਾ ਪੁਸਤਕ ਲਿਖਣ ਦਾ ਕੋਈ ਵੀਚਾਰ ਨਹੀਂ ਸੀ। ਇੱਕ

ਵਾਰੀ ਭਾਈ ਬਲਵੀਰ ਸਿੰਘ ਕੈਂਪ ਵਿਚ ਮਿਲੇ। ਉਸਨੇ ਕਿਹਾ, ਭਾਈ ਸਾਹਿਬ ਜੀ ! ਮੈਂ ਜਾਨਣਾ ਚਾਹੁੰਦਾ ਹਾਂ ਕਿ ਤੁਸੀਂ ਹਿੰਦੂ ਧਰਮ ਤੋਂ ਸਿੱਖ ਧਰਮ ਵਿਚ ਕਿਸ ਤਰ੍ਹਾਂ ਆਏ। ਮੈਂ ਦੱਸਣਾ ਨਹੀਂ ਚਾਹੁੰਦਾ ਸੀ ਅਚਾਨਕ ਮੇਰੇ ਮੂੰਹੋਂ ਇਹ ਬਚਨ ਨਿਕਲ ਗਏ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਮਹਾਰਾਜ ਜੀ ਨੇ ਦਰਸ਼ਨ ਦੇ ਕੇ ਹੁਕਮ ਕੀਤਾ ਕਿ ਅੰਮ੍ਰਿਤ ਛਕ ਕੇ ਤੁਸੀਂ ਅੰਮ੍ਰਿਤ ਸੰਚਾਰ ਦੀ ਸੇਵਾ ਕਰਨੀ ਹੈ। ਇਹ ਸੁਣਕੇ ਉਸਨੂੰ ਬੜੀ ਦਿਲਚਸਪੀ ਪੈਦਾ ਹੋਈ ਅਤੇ ਪ੍ਰੇਰਨਾ ਕਰਨ ਲੱਗਾ ਕਿ ਤੁਸੀਂ ਆਪਣੇ ਜੀਵਨ ਵਾਰੇ ਜਰੂਰ ਲਿਖੋ। ਇਸ ਵਿੱਚ ਕਈ ਪ੍ਰਾਣੀਆਂ ਦਾ ਭਲਾ ਹੋ ਸਕਦਾ ਹੈ। ਇਸੇ ਤਰ੍ਹਾਂ ਭਾਈ ਸਤਨਾਮ ਸਿੰਘ ਅਤੇ ਭਾਈ ਪ੍ਰਿਥੀਪਾਲ ਸਿੰਘ ਨੇ ਵੀ ਪ੍ਰੇਰਨਾ ਕੀਤੀ। ਦਾਸ ਨੇ ਸੋਚਿਆ ਕਿ ਜੇ ਮੇਰੇ ਜੀਵਨ ਲਿਖਣ ਨਾਲ ਕਿਸੇ ਦਾ ਭਲਾ ਹੋ ਜਾਵੇ ਤਾਂ ਜ਼ਰੂਰ ਉੱਦਮ ਕਰਨਾ ਚਾਹੀਦਾ ਹੈ।

ਜਿਸ ਤਰ੍ਹਾਂ ਚਿੱਤਰਕਾਰ ਸੋਭਾ ਸਿੰਘ ਦੇ ਜੀਵਨ ਬਾਰੇ ਕਿਸੇ ਨੂੰ ਪਤਾ ਨਹੀਂ ਕਿੰਨਾ ਉੱਚਾ ਹੈ ਮਗਰ ਉਸਨੇ ਜੋ ਗੁਰੂਆਂ ਦੇ ਚਿੱਤਰ ਬਣਾਏ, ਉਨ੍ਹਾਂ ਤੋਂ ਪਤਾ ਲੱਗਦਾ ਹੈ। ਪਹਿਲੇ ਉਸਨੇ ਆਪਣੇ ਹਿਰਦੇ ਵਿੱਚ ਵਸਾਏ ਅਤੇ ਫਿਰ ਹੱਥੀਂ ਬਣਾਏ। ਏਸੇ ਤਰ੍ਹਾਂ ਰਾਗੀ ਦੇ ਅੰਦਰ ਧੁੰਨਾਂ ਪੈਦਾ ਹੁੰਦੀਆਂ ਹਨ ਤਾਂ ਉਹ ਵਾਜੇ ਉਪਰ ਨਿਕਾਲ ਕੇ ਪਹਿਲਾਂ ਆਪ ਖੁਸ਼ ਹੁੰਦਾ ਹੈ, ਫਿਰ ਸੰਗਤ ਨੂੰ ਖੁਸ਼ ਕਰਦਾ ਹੈ। ਕਥਾਕਾਰ ਵੀ ਖੋਜ ਕਰਕੇ ਬਾਣੀ ਆਪਣੇ ਹਿਰਦੇ ਵਿੱਚ ਵਸਾਉਂਦਾ ਹੈ ਤੇ ਫਿਰ ਸੰਗਤ ਦਾ ਮਨ ਮੋਹ ਲੈਂਦਾ ਹੈ। ਕਵੀ ਕਵਿਤਾ ਲਿਖਣ ਤੋਂ ਪਹਿਲਾਂ ਵੀਚਾਰ ਬਣਾਉਂਦਾ ਹੈ। ਫਿਰ ਲਫਜ਼ ਲੱਭਦਾ ਹੈ ਕਿ ਕਿਸ ਤਰ੍ਹਾਂ ਦੇ ਵਰਤੇ ਜਾਣ, ਕਵਿਤਾ ਤਿਆਰ ਹੋ ਜਾਵੇ ਤਾਂ ਸੰਗਤ ਨੂੰ ਸੁਣਾ ਕੇ ਖੁਸ਼ ਹੁੰਦਾ ਹੈ। ਇਸੇ ਤਰ੍ਹਾਂ ਦਾਸ ਨੂੰ ਫੁਰਨਾ ਆਇਆ

"ਰੂਪ ਗੋਬਿੰਦ ਕਾ,
ਰਾਜ ਖਾਲਸੇ ਕਾ,
ਸਿੱਕਾ ਸੋਨੇ ਕਾ।"

ਮਹਾਰਾਜ ਦੀ ਕ੍ਰਿਪਾ ਨਾਲ ਸਿਮਰਨ ਕਰਦੇ-ਕਰਦੇ ਫੁਰਨੇ ਆਉਣ ਲੱਗੇ। ਉਹ ਮੈਂ ਕਲਮਬੰਦ ਕਰਨੇ ਸ਼ੁਰੂ ਕਰ ਦਿੱਤੇ।

**ਗਿਆਨ ਧਿਆਨੁ ਕਿਛੁ ਕਰਮੁ ਨਾ ਜਾਨਾ,**
**ਨਾਹਿਨ ਨਿਰਮਲ ਕਰਨੀ ॥ 702॥**

*ਜੈਤਸਰੀ ਮ: 5 ਪੰਨਾ 702*

ਪੁਸਤਕ ਸ਼ੁਰੂ ਕਰਨ ਤੋਂ ਪਹਿਲਾਂ ਜਾਗਦੀ ਜੋਤ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਅਰਦਾਸ ਕੀਤੀ ਕਿ ਹੇ ਬੇਅੰਤ ਗੁਣਾਂ ਦੇ ਦਾਤੇ ਮੇਰੇ ਉਪਰ ਕ੍ਰਿਪਾ ਕਰੋ, ਹਿੰਮਤ ਬਖਸ਼ੋ, ਜੋ ਮੈਨੂੰ ਫੁਰਨਾ ਆਇਆ ਹੈ ਇਸ ਬਾਰੇ ਸਮਰਥਾ ਬਖਸ਼ੋ।

ਦਾਸ ਦੇ ਜੀਵਨ ਵਿਚ ਚਾਰ ਕੌਤਕ ਵਰਤੇ। ਪਹਿਲਾ ਹਰਿਦੁਆਰ ਦੇ ਜੰਗਲ ਵਿਚ ਅਕਾਸ਼ਬਾਣੀ ਹੋਈ, ਦੂਸਰਾ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਨੇ ਦਰਸ਼ਨ ਦੇਣੇ, ਤੀਸਰਾ ਅੰਮ੍ਰਿਤ ਵੇਲੇ ਦਾ ਸਿਮਰਨ, ਅਤੇ ਚੌਥਾ ਖਾਲਸਾ ਰਾਜ ਦਾ ਸੁਪਨਾ। ਇਸ

ਪੁਸਤਕ ਵਿੱਚ ਜੋ ਵੀ ਵਰਨਣ ਕੀਤਾ ਗਿਆ ਹੈ ਉਹ ਦਾਸ ਦਾ ਨਿੱਜੀ ਅਨੁਭਵ ਹੈ। ਜੋ ਕਿ ਘਾਲਣਾ ਘਾਲ ਕੇ ਪ੍ਰਾਪਤ ਹੋਇਆ, ਕੋਈ ਸੁਣੀ ਸੁਣਾਈ ਗੱਲ ਨਹੀਂ।

ਨਾ ਹਉ ਜਤੀ ਸਤੀ ਨਹੀ ਪੜਿਆ ਮੂਰਖ ਮੁਗਧਾ ਜਨਮ ਭਇਆ'

ਦਾਸ ਕੋਈ ਲਿਖਾਰੀ ਨਹੀਂ, ਲਿਖਣ ਵਿੱਚ ਕਈ ਊਣਤਾਈਆਂ ਰਹਿ ਗਈਆਂ ਹੋਣਗੀਆਂ। "ਭੁਲਣ ਅੰਦਰਿ ਸਭ ਕੋ ਅਭੁੱਲ ਗੁਰੂ ਕਰਤਾਰ" ਜੀਵ ਹਮੇਸ਼ਾ ਭੁਲਣ ਹਾਰ ਹੈ। ਦਾਸ ਸੰਗਤਾਂ ਪਾਸੋ ਭੁਲ ਚੁੱਕ ਦੀ ਖਿਮਾ ਮੰਗਦਾ ਹੈ। ਇਸ ਵਿਚੋਂ ਜੇ ਕੋਈ ਗੱਲ ਚੰਗੀ ਲੱਗੇ ਤਾਂ ਜ਼ਰੂਰ ਗ੍ਰਹਿਣ ਕਰ ਲੈਣਾ, ਜੇ ਕੋਈ ਗੱਲ ਨਾ ਚੰਗੀ ਲੱਗੇ ਤਾਂ ਦਾਸ ਨੂੰ ਲਿਖ ਕੇ ਭੇਜਣ ਦੀ ਕ੍ਰਿਪਾਲਤਾ ਕਰਨੀ। ਇਹ ਪੁਸਤਕ ਲਿਖਣ ਦਾ ਇੱਕ ਹੀ ਮਕਸਦ ਹੈ ਕਿ ਕਿਸੇ ਪ੍ਰਾਣੀ ਦਾ ਭਲਾ ਹੋ ਜਾਵੇ। ਜੇ ਕੋਈ ਇੱਕ ਪ੍ਰਾਣੀ ਵੀ ਪੜ੍ਹ ਕੇ ਖੰਡੇ ਬਾਟੇ ਦਾ ਅੰਮ੍ਰਿਤ ਛੱਕ ਲਵੇ ਅਤੇ ਨਾਮ ਸਿਮਰਨ ਦੀ ਕਮਾਈ ਕਰਕੇ ਮੁਕਤੀ ਦੀ ਮੰਜ਼ਿਲ ਤੇ ਤੁਰ ਪਵੇ ਤਾਂ ਦਾਸ ਸਮਝੇਗਾ ਕਿ ਇਹ ਪੁਸਤਕ ਲਿਖਣ ਦਾ ਕੀਤਾ ਉਪਰਾਲਾ ਸਫਲ ਹੋਇਆ।

ਦਾਸ ਉਨ੍ਹਾਂ ਵੀਰਾਂ ਭੈਣਾਂ ਦਾ ਅਤੀ ਧੰਨਵਾਦੀ ਹੈ ਜਿਨ੍ਹਾਂ ਨੇ ਇਸ ਪੁਸਤਕ ਵਿਚ ਕਿਸੇ ਪ੍ਰਕਾਰ ਦੀ ਵੀ ਸਹਾਇਤਾ ਕੀਤੀ। ਖਾਸ ਕਰਕੇ ਇਹਨਾਂ ਦੇ ਨਾਮ ਵਰਨਣਯੋਗ ਹਨ, ਭਾਈ ਪਰੇਮ ਸਿੰਘ ਜਿਸਨੇ ਕਵਰ ਅਤੇ ਸ੍ਰੀ ਹਰਿਮੰਦਰ ਸਾਹਿਬ ਦੀ ਤਸਵੀਰ ਬਣਾਉਣ ਦੀ ਸੇਵਾ ਕੀਤੀ ਅਤੇ ਭਾਈ ਮਨਪ੍ਰੀਤ ਸਿੰਘ ਨੇ ਸਰੁੰਗ ਦੀ ਤਸਵੀਰ ਬਣਾਉਣ ਦੀ ਸੇਵਾ ਕੀਤੀ। ਭਾਈ ਸੁਖਦੇਵ ਸਿੰਘ ਅਤੇ ਬੀਬੀ ਅਮਰਜੀਤ ਕੌਰ ਨੇ ਲਿਖਾਈ ਦੀ ਸੇਵਾ ਕੀਤੀ। ਭਾਈ ਰਾਮ ਸਿੰਘ ਗਰੇਵਜੰਡ, ਭਾਈ ਕੇਸਰ ਸਿੰਘ ਮੰਡ ਭਾਈ ਰਜਿੰਦਰ ਸਿੰਘ ਪੁਰੇਵਾਲ, ਭਾਈ ਹਰਜਿੰਦਰ ਸਿੰਘ ਮੰਡੇਰ, ਜਥੇਦਾਰ ਬਲਵੀਰ ਸਿੰਘ ਅਤੇ ਭਾਈ ਭੁਪਿੰਦਰ ਸਿੰਘ, ਭਾਈ ਬਲਕਾਰ ਸਿੰਘ ਢਿੱਲੋਂ, ਭਾਈ ਬਲਜਿੰਦਰ ਸਿੰਘ ਤੇ ਬੀਬੀ ਦਵਿੰਦਰ ਕੌਰ ਢੰਡ ਦਾ ਵੀ ਅਤੀ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਆਪਣਾ ਪੂਰਾ-ਪੂਰਾ ਸਹਿਯੋਗ ਦਿੱਤਾ।

ਅੰਤ ਵਿਚ ਦਾਸ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦਾ ਅਤੀ ਧੰਨਵਾਦ ਕਰਦਾ ਹੈ ਜਿਨ੍ਹਾਂ ਨੇ ਆਪਣਾ ਮਿਹਰ ਭਰਿਆ ਹੱਥ ਦਾਸ ਦੇ ਸਿਰ 'ਤੇ ਰੱਖ ਕੇ ਇਹ ਸੇਵਾ ਕਰਵਾਈ। ਜੋ ਵੀ ਮਹਾਰਾਜ ਜੀ ਨੇ ਲਿਖਵਾਇਆ ਉਹ ਹੀ ਲਿਖਣ ਦੀ ਕੋਸ਼ਿਸ਼ ਕੀਤੀ ਹੈ। ਹਉਮੈ ਵਿੱਚ ਆ ਕੇ ਕੁਝ ਨਹੀਂ ਲਿਖਿਆ ਪਰ ਫਿਰ ਵੀ ਕਿਸੇ ਨੂੰ ਮਹਿਸੂਸ ਹੋਵੇ ਤਾਂ ਖਿਮਾ ਦਾ ਜਾਚਕ ਹਾਂ।

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਿਹ ॥

ਸੰਗਤਾਂ ਦਾ ਦਾਸ : ਭਾਈ ਰਾਮਾ ਸਿੰਘ

# ਮੇਰੀ ਨਜ਼ਰ ਵਿਚ
# ਭਾਈ ਸਾਹਿਬ ਭਾਈ ਰਾਮਾ ਸਿੰਘ ਜੀ

ਜਿਵੇਂ ਹਰ ਸਵੇਰ, ਨਵ ਵਰ੍ਹੇ ਸਦੀ ਸੋਨ ਸਵੇਰ ਇੰਜ ਪਰਾਣੀ ਲਈ ਅਨੇਕਾਂ ਰੀਝਾਂ, ਸੱਧਰਾਂ, ਅਕਾਂਖਿਆਵਾਂ ਅਤੇ ਆਸ਼ਾਵਾਂ ਅਮਰ ਸੰਦੇਸ਼ ਲੈ ਕੇ ਆਉਂਦੀ ਹੈ। ਅਤੀਤ ਵਿਚ ਭਾਵੇਂ ਕਿੰਨੇ ਹੀ ਤੂਫਾਨ, ਝੱਖੜ, ਉਸ ਦਾ ਰਾਹ ਰੋਕਣ ਲਈ ਉਠ ਖੜ੍ਹੇ ਹੋਣ, ਕਿੰਨੀਆਂ ਹਨ੍ਹੇਰੀਆਂ ਉਸ ਦੇ ਵਿਅਕਤਿਤਵ ਨਾਲ ਖਿਲਵਾੜ ਕਰ ਰਹੀਆਂ ਹੋਣ, ਕੋਈ ਮੌਸਮ ਵੀ ਭਾਵੇਂ ਸਾਜ਼ਗਾਰ ਨਾ ਹੋਵੇ, ਕਿੰਨੇ ਵੀ ਮਾਰੂ ਹਾਦਸੇ ਉਸ ਦੀ ਜੀਵਨ ਟੋਰ ਨੂੰ ਥਿੜਕਾਉਂਦੇ ਹੋਣ, ਪ੍ਰੰਤੂ ਨਵ-ਵਰਸ਼ ਦੀ ਊਸ਼ਾ ਸਵੇਰ ਦੀਆਂ ਕਿਰਨਾਂ, ਉਸ ਦੀਆਂ ਉਮੀਦਾਂ ਤੇ ਆਸ਼ਾਵਾਂ ਨਾਲ ਭਰਪੂਰ ਕਰਦੀਆਂ ਹਨ ਅਤੇ ਆਉਣ ਵਾਲੇ ਬਿਖੜੇ ਪੰਧਾਂ ਦਾ ਸਫਲ ਪਾਂਧੀ ਬਨਣ ਲਈ ਤਿਆਰ ਰਹਿੰਦੀਆਂ ਹਨ। ਏਸੇ ਤਰ੍ਹਾਂ ਭਾਈ ਰਾਮਾ ਸਿੰਘ ਜੀ ਨੇ ਹੱਥਲੀ ਪੁਸਤਕ ਰੂਪ ਗੋਬਿੰਦ ਕਾ, ਰਾਜ ਖਾਲਸੇ ਕਾ, ਸਿੱਕਾ ਸੋਨੇ ਕਾ, ਲਿਖ ਕੇ ਭਾਈ ਸਾਹਿਬ ਰਾਮਾ ਸਿੰਘ ਜੀ ਨੇ ਇਕ ਹਿੰਦੂ ਘਰਾਣੇ ਵਿਚ ਜਨਮ ਲੈ ਕੇ ਪਿਛੋਂ ਸਿੱਖ ਧਰਮ ਗ੍ਰਹਿਣ ਕਰਕੇ ਅਤੇ ਸਾਹਿਬ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਗ ਕੇ ਜੋ ਭਾਈ ਸਾਹਿਬ ਜੀ ਦੇ ਜੀਵਨ ਵਿਚ ਪਰਿਵਰਤਨ ਆਇਆ ਉਸ) ਜੀਵਨ ਦਾ ਸੰਖੇਪ ਉਲੇਖ ਕੀਤਾ ਹੈ।

ਭਾਈ ਰਾਮਾ ਸਿੰਘ ਜੀ ਦਾ ਜਨਮ ਇਕ ਹਿੰਦੂ ਘਰਾਣੇ ਵਿਚ ਸੰਨ 1930 ਵਿਚ ਮਾਤਾ ਲੱਛਮੀ ਦੇਵੀ ਅਤੇ ਪਿਤਾ ਵੇਦਚੰਦਰ ਪਾਲ ਜੀ ਦੇ ਗ੍ਰਹਿ ਵਿਖੇ ਪਿੰਡ ਛੜਿਆਵਲੀ, ਜ਼ਿਲਾ ਅਲੀ ਗੜ੍ਹ ਯੂ· ਪੀ· ਵਿਖੇ ਹੋਇਆ। ਆਪ ਜੀ ਕੇਵਲ 6 ਸਾਲ ਦੀ ਉਮਰ ਵਿਚ ਹੀ ਉਸ ਪ੍ਰਭੂ ਪਿਆਰ ਵਿਚ ਰੰਗੇ ਗਏ ਸਨ। ਆਪ ਜੀ ਬਚਪਨ ਵਿਚ ਵੈਰਾਗ ਵਿਚ ਰਹਿੰਦੇ ਸਨ। ਭਾਈ ਰਾਮਾ ਸਿੰਘ ਜੀ ਦੇ ਛੋਟੇ ਹੁੰਦਿਆਂ ਇਕ ਘਟਨਾ ਵਾਪਰੀ, ਕਿ ਇਕ ਦਿਨ ਭਾਈ ਸਾਹਿਬ ਜੀ ਦੇ ਮਾਤਾ ਜੀ, ਕਪੜਿਆਂ ਨੂੰ ਮੋਟੇ ਡੰਡੇ ਨਾਲ ਕੁੱਟ ਕੁੱਟ ਧੋ ਰਹੀ ਸੀ। ਉਸ ਸਮੇਂ ਭਾਈ ਰਾਮਾ ਸਿੰਘ ਜੀ ਕੋਲ ਖੜ੍ਹੇ ਸਨ। ਇਹਨਾਂ ਆਪਣੀ ਮਾਤਾ ਜੀ ਨੂੰ ਪੁੱਛਿਆ ਕਿ ਮਾਤਾ ਜੀ ! ਇਹਨਾਂ ਕਪੜਿਆਂ ਨੂੰ ਏਨਾ ਕੁੱਟ ਕੁੱਟ ਕੇ ਧੋ ਰਹੇ ਹੋ ? ਅੱਗੋਂ ਮਾਤਾ ਜੀ ਨੇ ਉੱਤਰ ਦਿੱਤਾ ਕਿ ਬੇਟਾ ਜੀ ! ਇਹਨਾਂ ਕਪੜਿਆਂ ਨੂੰ ਮੈਲ ਲੱਗੀ ਹੋਈ ਹੈ ਤਾਂ ਮੈਂ ਕੁੱਟ ਕੁੱਟ ਧੋ ਰਹੀ ਹਾਂ। ਇਹ ਗਲ ਕਹਿਣ ਤੇ ਮਾਤਾ ਜੀ ਨੇ ਭਾਈ ਰਾਮਾ ਸਿੰਘ ਜੀ ਨੂੰ ਸੰਬੋਧਨ ਕਰਕੇ ਆਖਿਆ। ਬੇਟਾ ਜੀ ! ਸੁਣੋ ਜਿਹੜੇ ਮਨੁੱਖ ਵੀ ਇਸ ਧਰਤੀ ਤੇ ਜਨਮ ਲੈਂਦੇ ਹਨ। ਜੇਕਰ ਉਹ ਵੀ ਪ੍ਰਮਾਤਮਾ ਦਾ ਨਾਮ ਨਹੀਂ ਸਿਮਰਦੇ ਉਹਨਾਂ ਦੇ ਹਿਰਦਿਆਂ ਨੂੰ ਵੀ ਮੈਲ ਲੱਗ ਜਾਂਦੀ ਹੈ। ਅਜਿਹੇ ਮਨੁੱਖਾਂ ਨੂੰ ਵੀ ਫਿਰ ਜਮਾਂ ਦੀ ਕੁੱਟ ਖਾਣੀ ਪੈਂਦੀ ਹੈ।

ਇਹ ਗੱਲ ਸੁਣ ਕੇ ਭਾਈ ਰਾਮਾ ਸਿੰਘ ਜੀ ਦੇ ਮਨ ਵਿਚ ਵੈਰਾਗ ਆਇਆ ਤੇ ਇਹ ਛੋਟੀ ਉਮਰ ਵਿਚ ਹੀ ਹਰੇ ਰਾਮ ਹਰੇ ਰਾਮ ਉਸ ਪ੍ਰਮਾਤਮਾ ਦਾ ਸਿਮਰਨ ਕਰਨ

ਲੱਗ ਪਏ ਸੀ। ਉਸ ਸਮੇਂ ਭਾਈ ਰਾਮਾ ਸਿੰਘ ਦੀ ਉਮਰ 6 ਸਾਲ ਸੀ। ਹਿੰਦੂ ਧਰਮ ਨਾਲ ਸਬੰਧਤ ਹੋਣ ਕਰਕੇ ਮੰਦਰਾਂ, ਠਾਕੁਰ ਦੁਆਰਿਆਂ ਵਿਚ ਜਾ ਕੇ ਉਥੇ ਬੈਠੇ ਮਹੰਤਾਂ ਪਾਸੋਂ ਉਸ ਪ੍ਰਭੂ ਦੇ ਮੇਲ ਦੇ ਸਾਧਨ ਪੁੱਛਦੇ ਰਹੇ। ਉਹਨਾਂ ਅੱਗੋਂ ਹਿੰਦੂ ਧਰਮ ਵਿਚ ਵੱਖ ਵੱਖ ਵਰਤੇ ਜਾਣ ਵਾਲੇ ਕਰਮ ਕਾਂਡ ਦਸਣੇ ਸ਼ੁਰੂ ਕਰ ਦਿੱਤੇ, ਜਿਹਨਾਂ ਵਿਚ ਧੂਣੀਆਂ ਤਾਪਣੀਆਂ, ਜਲ ਧਾਰਾ, ਪਿੰਡੇ ਨੂੰ ਸੁਆਹ ਮਲਣਾ, ਗਊ ਪੁੰਨ ਦਾਨ ਕਰਨੀ, ਸ਼ਰਾਧ ਖੁਆਉਣੇ। ਨਾਗ ਪੰਚਮੀਂ ਦੀ ਪੂਜਾ ਆਦਿ ਕਈ ਕਿਸਮ ਦੇ ਕਰਮਕਾਡਾਂ ਵਿਚ ਭਾਈ ਰਾਮਾ ਸਿੰਘ ਨੂੰ ਉਨ੍ਹਾਂ ਮੰਦਰਾਂ ਦੇ ਮਹੰਤਾਂ ਨੇ ਉਲਝਾ ਦਿੱਤਾ। ਭਾਈ ਰਾਮਾ ਸਿੰਘ ਨੇ ਉਪ੍ਰੋਕਤ ਸਾਰੇ ਕਰਮਕਾਂਡ ਕਰਕੇ ਦੇਖੇ ਪਰ ਹੱਥ ਪੱਲੇ ਕੁਝ ਨਾ ਪਿਆ। ਅਖੀਰ ਭਾਈ ਰਾਮਾ ਸਿੰਘ ਜੀ ਨੇ ਸਿੱਖ ਧਰਮ ਗ੍ਰਹਿਣ ਕਰ ਲਿਆ ਅਤੇ 'ਵਾਹਿਗੁਰੂ ਗੁਰ ਮੰਤਰ੍ਹ ਹੈ, ਜਪ ਹਉਮੈ ਖੋਈ' ਦੇ ਸਿਮਰਨ ਵਿਚ ਜੁਟ ਗਏ। ਨਾਲ ਦੀ ਨਾਲ ਪੰਜਾਬੀ ਪੜ੍ਹ ਕੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਵੀ ਸ਼ੁਰੂ ਕਰ ਦਿੱਤੇ। ਜਦੋਂ ਭਾਈ ਰਾਮਾ ਸਿੰਘ ਜੀ ਘੰਟਿਆਂ ਬੱਧੀ ਪਾਠ ਤੇ ਸਿਮਰਨ ਵਿਚ ਜੁੱਟ ਗਏ ਤੇ ਮਨ ਨੂੰ ਸ਼ਾਂਤੀ ਆਉਣ ਲੱਗੀ। ਏਸੇ ਤਰ੍ਹਾਂ ਭਾਈ ਰਾਮਾ ਸਿੰਘ ਜੀ ਨੇ ਦੱਸਿਆ ਕਿ ਇਕ ਦਿਨ ਉਹਨਾਂ ਨੂੰ ਸੁਪਨੇ ਵਿਚ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਤਸ਼ਾਹ ਨੇ ਦਰਸ਼ਨ ਦਿੱਤੇ ਸਨ। ਏਸੇ ਤਰ੍ਹਾਂ ਦਿਨੋਂ ਦਿਨ ਪਾਠ ਸਿਮਰਣ ਕਰਦਿਆਂ ਇਹ ਮਹਿਸੂਸ ਹੋਇਆ ਕਿ ਮੈਨੂੰ ਸੱਚਾ ਗੁਰੂ ਗ੍ਰੰਥ ਸਾਹਿਬ ਮਿਲ ਗਏ ਹਨ। ਹੁਣ ਮੈਂ ਖੰਡੇ ਬਾਟੇ ਦਾ ਅੰਮ੍ਰਿਤਪਾਨ ਕਰਕੇ ਪੂਰਨ ਸਿੰਘ ਸਜਾਂਗਾ। ਤੇ ਭਾਈ ਰਾਮਾ ਸਿੰਘ ਜੀ ਖੰਡੇ ਬਾਟੇ ਦਾ ਅੰਮ੍ਰਿਤ ਪਾਨ ਕਰਕੇ ਸਿੰਘ ਸਜ ਗਏ ਸਨ।

ਭਾਈ ਰਾਮਾ ਸਿੰਘ ਜੀ ਨੇ ਇਸ ਹੱਥਲੀ ਪੁਸਤਕ (ਰੂਪ ਗੋਬਿੰਦ ਕਾ, ਰਾਜ ਖਾਲਸੇ ਕਾ, ਸਿੱਕਾ ਸੋਨੇ ਕਾ,) ਲਿਖ ਕੇ ਬਚਪਨ ਤੋਂ ਲੈ ਕੇ ਅੱਜ ਤਕ ਆਪਣੀ ਹੱਡ ਬੀਤੀ ਅਨੁਭਵੀ ਸੋਚ ਨਾਲ ਲਿਖ ਕੇ ਪਾਠਕਾਂ ਦੇ ਰੂ-ਬ-ਰੂ ਕੀਤੀ ਹੈ। ਤਾਂ ਕਿ ਹਰ ਜਗਿਆਸੂ ਨੂੰ ਨਾਮ ਸਿਮਰਨ ਦੀ ਸੋਝੀ ਆ ਸਕੇ। ਭਾਈ ਰਾਮਾ ਸਿੰਘ ਜੀ ਨੇ ਹੋਰ ਧਰਮਾਂ ਦਾ ਵੀ ਸਮੇਂ ਸਮੇਂ ਅਧਿਐਨ ਕੀਤਾ ਹੈ। ਪਰ ਜੋ ਸਿਖਿਆ ਜੀਵਨ ਮੁਕਤੀ ਦੀ ਪ੍ਰਾਪਤੀ ਲਈ ਸਾਹਿਬ ਗੁਰੂ ਗ੍ਰੰਥ ਸਾਹਿਬ ਵਿਚੋਂ ਮਿਲੀ ਹੈ ਹੋਰ ਕਿਸੇ ਧਰਮ ਵਿਚੋਂ ਨਹੀਂ ਮਿਲੀ। ਭਾਈ ਰਾਮਾ ਸਿੰਘ ਜੀ ਦੁਨਿਆਵੀ ਪਦਾਰਥਾਂ ਤੋਂ ਰਹਿਤ ਹਨ। ਅੱਜ ਕਲ੍ਹ ਵੀ ਅਖੰਡ ਕੀਰਤਨੀ ਜਥੇ ਦੇ ਮੁਖੀ ਹਨ ਅਤੇ ਆਪ ਜੀ ਹੋਰ ਸਿੰਘਾਂ ਨੂੰ ਨਾਲ ਲੈ ਕੇ ਕਲਗੀਧਰ ਪਾਤਸ਼ਾਹ ਜੀ ਦੇ ਬਖਸ਼ੇ ਖੰਡੇ ਬਾਟੇ ਦਾ ਅੰਮ੍ਰਿਤ ਦੇਸ਼ਾਂ ਵਿਦੇਸ਼ਾਂ ਦੇ ਸਿੰਘਾਂ ਸਿੰਘਣੀਆਂ ਨੂੰ ਪਾਨ ਕਰਾ ਕੇ ਗੁਰੂ ਦੇ ਲੜ ਲਾ ਰਹੇ ਹਨ। ਭਾਈ ਰਾਮਾ ਸਿੰਘ ਜੀ ਸੰਨ 1964 ਵਿਚ ਪਾਣੀ ਵਾਲੇ ਜਹਾਜ਼ ਰਾਹੀਂ ਇੰਗਲੈਂਡ ਪੁੱਜੇ ਸਨ। ਉਸ ਸਮੇਂ ਇੰਗਲੈਂਡ ਵਿਚ ਇਕੋ ਇਕ ਗੁਰਦੁਆਰਾ ਸਾਹਿਬ ਸ਼ੇਫਰਡਬੁਸ਼ ਵਿਖੇ ਹੁੰਦਾ ਸੀ। ਆਪ ਪਹਿਲਾਂ ਉਸ ਗੁਰੂ ਘਰ ਵਿਚ ਠਹਿਰੇ ਸਨ।

ਭਾਈ ਰਾਮਾ ਸਿੰਘ ਜੀ ਨੇ ਇਸ ਹੱਥਲੀ ਪੁਸਤਕ ਵਿਚ ਆਪਣੀ ਜੀਵਨ ਗਾਥਾ ਲਿਖਦਿਆਂ ਥਾਂ-ਥਾਂ ਗੁਰਬਾਣੀ ਦੀਆਂ ਉਦਾਹਰਨਾਂ ਦੇ ਕੇ ਸਿੱਧ ਕਰਦੇ ਹਨ ਕਿ ਜੇ ਕਿਸੇ ਨੇ ਜੀਵਨ ਮੁਕਤੀ ਦੀ ਪ੍ਰਾਪਤੀ ਕਰਨੀ ਹੈ ਜਾਂ ਚੁਰਾਸੀ ਲੱਖ ਜੂਨ ਤੋਂ ਛੁਟਕਾਰਾ ਪਾਉਣਾ ਹੈ ਤੇ ਉਸ ਜਗਿਆਸੂ ਨੂੰ (ਵਾਹਿਗੁਰੂ ਗੁਰ ਮੰਤਰ ਹੈ, ਜਪ ਹਉਮੈ ਖੋਈ) ਦੇ ਸਿਮਰਨ ਵਿਚ ਜੁੱਟ ਜਾਣਾ ਚਾਹੀਦਾ ਹੈ। ਇਸ ਨਾਲ ਆਪਣੇ ਨਿਤ ਨੇਮ ਸਾਹਿਬ ਜੀ ਦੇ ਪਾਠ ਤੋਂ ਇਲਾਵਾ ਸ੍ਰੀ ਸੁਖਮਨੀ ਸਾਹਿਬ, ਆਸਾ ਜੀ ਦੀ ਵਾਰ ਅਤੇ ਹੋਰ ਜਿੰਨੀ ਵੀ ਬਾਣੀ ਪੜ੍ਹ ਸਕੇ ਪੜ੍ਹ ਕੇ ਮੋਹ ਮਾਇਆ ਦੇ ਮੋਹ ਤੋਂ ਉਪਰ ਉਠ ਕੇ ਜੀਵਨ ਮੁਕਤੀ ਦੀ ਪਦਵੀ ਪਾ ਸਕਦਾ ਹੈ। ਭਾਈ ਰਾਮਾ ਸਿੰਘ ਜੀ ਨੇ ਇਸ ਪੁਸਤਕ ਵਿਚ ਬੜੀ ਸਰਲ ਤੇ ਸੌਖੀ ਬੋਲੀ ਦੀ ਵਰਤੋਂ ਕੀਤੀ ਹੈ ਤਾਂ ਕਿ ਹਰ ਇਕ ਨੂੰ ਸਮਝ ਪੈ ਸਕੇ। ਕਿਉਂਕਿ ਅੱਜ ਦੇ ਜੁੱਗੋ ਜੁਗ ਅਟੱਲ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਨ ਦਾਰਸ਼ਨਿਕ ਧਰਮ ਗ੍ਰੰਥ ਹੈ। ਇਸ ਵਿਚਲੀ ਅਭਿਵਿਕਤੀ ਅਨੁਭਵ ਅਭਿਵਿਅਕਤੀ ਹੈ। ਇਸ ਵਿਚ ਸਾਰੇ ਦੇ ਸਾਰੇ ਪਰਮ ਪੁਰਖ ਮਹਾਨ ਸੰਤ, ਭਗਤ ਅਤੇ ਗੁਰੂ ਸਾਹਿਬਾਨ ਦੇ ਪਰਮਤਤ, ਆਤਮਤਤ, ਪ੍ਰਤੇ ਜੀਵ ਜਗਤ ਸਬੰਧੀ ਸ਼ੰਕਰਾਚਾਰੀਆ ਦੇ ਅਦਵੈਤਵਾਦ ਜਿਹੀਆਂ ਕੋਰੀਆਂ ਸੰਕਲਪਾਤਮਕ ਅਤੇ ਦਾਰਸ਼ਿਨਕ ਗੱਲਾਂ ਨਹੀਂ ਕਰਦੇ ਸਗੋਂ ਇਹਨਾਂ ਲਈ ਤਾਂ ਪ੍ਰਮਾਤਮਾਂ ਮਿਠ ਬੋਲੜੇ ਸੱਜਣ ਵਾਂਗ ਹੈ ਅਤੇ ਸੋਹਣੇ ਨੱਕ ਤੇ ਲੰਬੜੇ ਵਾਲਾ ਹੈ। ਉਸ ਨਾਲ ਗੁੱਸੇ-ਰਾਜੀ ਹੋਣ ਕਰਕੇ ਹੀ ਕਵਨ ਅਬੋਲ ਦਾ ਪ੍ਰਸ਼ਨ ਕਰਨ ਦੀ ਜੁਅੱਰਤ ਵੀ ਉਸ ਦੇ ਭਗਤਾਂ ਵਿਚ ਹੀ ਹੈ। ਧੰਨੇ ਵਰਗੀ ਜ਼ਿਦ ਵੀ ਹੈ। ਉਸ ਦੇ ਆਸ਼ਕਾਂ ਵਿਚ (ਜਬ ਤੁਮ ਹੋਤੇ ਤਬ ਹਮ ਨਾਹੀ, ਅਬ ਤੂੰ ਹੀ ਮੈਂ ਨਾਹੀ) ਵਰਗੀ ਅਭੇਦਤਾ, ਨੇੜਤਾ, ਨਿਰੰਤਰਤਾ ਅਤੇ ਨਿਝੱਕਤਾ ਹੈ। ਉਸ ਦੇ ਪਿਆਰਿਆਂ ਵਿਚ ਕਬੀਰ ਭਗਤ ਦੇ ਸ਼ਬਦਾਂ ਵਿਚ

(ਲੋਗੁ ਜਾਣੇ ਏਹੁ ਗੀਤ ਹੈ, ਇਹ ਤਉ ਬ੍ਰਹਮ ਵੀਚਾਰ।)

ਇਸ ਬ੍ਰਹਮਵੀਚਾਰ ਨੂੰ ਗੀਤਾਤਮਕ ਸ਼ੈਲੀ ਅਤੇ ਸਭਿਆਚਾਰ ਰੂੜੀਆਂ ਤੇ ਪਰਿਪੇਖ ਵਿਚ ਸੈਂਕੜੇ ਸਾਲਾਂ ਤੱਕ ਲਗਾਤਾਰ ਪ੍ਰਵਾਹਮਾਨ ਰਖਣਾ ਅਤੇ ਸਦੀਆਂ ਤਕ ਨਿਰੰਤਰ-ਜਨ-ਮਾਨਸ ਨੂੰ ਝੰਜੋੜਨ ਦਾ ਉਪਰਾਲਾ ਹੀ ਇਸ ਪੁਸਤਕ ਵਿਚਲੇ ਵਿਵੇਚਨ ਦਾ ਵਿਸ਼ਾ ਹੈ। ਭਾਈ ਰਾਮਾ ਸਿੰਘ ਜੀ ਨੇ ਆਪਣੀ ਇਸ ਮਹਾਨ ਘਾਲਣਾ ਰਾਹੀਂ ਸਾਡੇ ਮਹਾਨ ਰਹਿਬਰਾਂ ਨੇ ਮੱਧਕਾਲ ਵਿਚ ਭਰਮ ਭੁਲੇਖਿਆਂ ਅਤੇ ਵਿਧੀ-ਵਿਧਾਨ ਦੇ ਜਾਲ ਵਿਚ ਫਸੀ ਲੁਕਾਈ ਨੂੰ ਵਾਸਤਵਿਕਤਾ ਦੀ ਸੋਝੀ ਕਰਾਉਣ ਲਈ ਉਹਨਾਂ ਦੇ ਸਭਿਆਚਾਰਕ ਵਿਰਸੇ ਨੂੰ ਅਧਾਰ ਬਣਾਇਆ ਹੈ। ਭਾਈ ਰਾਮਾ ਸਿੰਘ ਜੀ ਦੀ ਇਹ ਹੱਥਲੀ ਪੁਸਤਕ ਜਗਿਆਸੂਆਂ ਨੂੰ ਨਾਮ ਸਿਮਰਨ ਲਈ ਪਰੇਰਦੀ ਹੈ। ਭਾਈ ਸਾਹਿਬ ਜੀ ਨੇ ਇਸ ਪੁਸਤਕ ਵਿਚ ਬੜੇ ਸੰਖੇਪ ਢੰਗ ਨਾਲ ਗੁਰਬਾਣੀ ਦੀਆਂ ਪੰਗਤੀਆਂ ਦੁਹਰਾ ਕੇ ਅਤੇ ਨਾਲ ਨਾਲ ਸਿੱਖ ਇਤਿਹਾਸ ਦਾ ਵੀ ਵਰਨਣ ਕੀਤਾ ਹੈ।

ਭਾਈ ਰਾਮਾ ਸਿੰਘ ਜੀ ਹੁਣ ਤੱਕ ਆਸਟਰੇਲੀਆ, ਨਿਊਜ਼ੀਲੈਂਡ, ਸਿੰਘਾਪੁਰ, ਮਲੇਸ਼ੀਆ, ਇੰਡੋਨੇਸ਼ੀਆ, ਜਰਮਨੀ, ਨਾਰਵੇ, ਡੈਨਮਾਰਕ ਅਤੇ ਹੋਰ ਅਨੇਕ ਥਾਵਾਂ ਤੇ

ਜਾ ਕੇ ਜਥੇ ਸਮੇਤ ਅੰਮ੍ਰਿਤ ਸੰਚਾਰ ਕਰ ਚੁੱਕੇ ਹਨ । ਅੱਜ ਕਲ੍ਹ ਆਪਣੇ ਜਥੇ ਸਮੇਤ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਹੈਵਲਾਕ ਰੋਡ ਸਾਊਥਾਲ ਵਿਖੇ ਅੰਮ੍ਰਿਤ ਵੇਲੇ 4 ਤੋਂ 5 ਵਜੇ ਤਕ ਵਾਹਿਗੁਰੂ ਗੁਰ ਮੰਤਰ ਹੈ, ਦਾ ਸਿਮਰਨ ਕਰਦੇ ਹਨ । ਸੈਂਕੜੇ ਗੁਰਸਿਖ ਸੰਗਤਾਂ ਏਨੀ ਠੰਡ ਵਿਚ ਵੀ ਜਾ ਕੇ ਸਿਮਰਨ ਵਿਚ ਹਾਜ਼ਰੀਆਂ ਭਰਦੀਆਂ ਹਨ । ਸਿਮਰਨ ਭੇਟ ਮਾਇਆ ਸਾਰੀ ਦੀ ਸਾਰੀ ਗੁਰੂ ਘਰ ਦੇ ਬਿਲਡਿੰਗ ਫੰਡ ਵਿਚ ਪਾ ਦਿੰਦੇ ਹਨ ।

ਅਖੀਰ ਵਿਚ ਦਾਸ ਜੀ ਦੀ ਸਨਿਮਰ ਬੇਨਤੀ ਹੈ ਕਿ ਜਿਸ ਤਰ੍ਹਾਂ ਭਾਈ ਸਾਹਿਬ ਰਾਮਾ ਸਿੰਘ ਜੀ, ਨੇ ਇਕ ਹਿੰਦੂ ਧਰਮ ਤੋਂ ਉਠ ਕੇ ਸਾਹਿਬ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਗ ਕੇ ਆਪਣਾ ਜੀਵਨ ਸੁਆਰਿਆ ਹੈ । ਸਾਨੂੰ ਵੀ ਅਜਿਹੇ ਨਾਮ ਰਸੀਏ ਗੁਰ ਸਿਖਾਂ ਤੋਂ ਸਿੱਖਣ ਦੀ ਲੋੜ ਹੈ । ਜਿਹੜਾ ਕਿ (ਆਪ ਜਪੈ ਅਵਰਾ ਨਾਮ ਜਪਾਵੈ) ਦੀ ਕਸਵੱਟੀ ਤੇ ਪੂਰਾ ਉਤਰਦਾ ਹੋਵੇ । ਭਾਈ ਰਾਮਾ ਸਿੰਘ ਜੀ ਛੋਟੇ ਬਚਿਆਂ ਨਾਲ ਬਹੁਤ ਪਿਆਰ ਕਰਦੇ ਹਨ । ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਕਰਕੇ ਮਾਇਆ ਸ੍ਰੀ ਅਨੰਦਪੁਰ ਸਾਹਿਬ ਭੇਜ ਦਿੰਦੇ ਹਨ । ਸੋ ਭਾਈ ਰਾਮਾ ਸਿੰਘ ਜ਼ੀ ਵਧਾਈ ਦੇ ਪਾਤਰ ਹਨ ਅਤੇ ਖੁਸ਼ਕਿਸਮਤ ਵੀ । ਜਿਹਨਾਂ ਨੇ ਆਪਣੀ ਜੀਵਨ ਗਾਥਾ ਵਿਚ ਉਸ ਅਕਾਲ ਪੁਰਖ ਨਾਲ ਜੁੜਣ ਦੇ ਕਈ ਢੰਗ ਦਸੇ ਹਨ । ਸੋ ਸਾਨੂੰ ਵੀ ਆਪਣੇ ਬੱਚਿਆਂ ਨੂੰ ਪੰਜਾਬੀ ਜ਼ਰੂਰ ਪੜ੍ਹਾਉਣੀ ਚਾਹੀਦੀ ਹੈ । ਜੇ ਕਰ ਬੱਚੇ ਪੰਜਾਬੀ ਨਹੀਂ ਸਿੱਖਣਗੇ ਤਾਂ ਉਹ ਗੁਰਬਾਣੀ ਦਾ ਪਾਠ, ਜਾਂ ਕੀਰਤਨ ਸ਼ੁਧ ਨਹੀਂ ਕਰ ਸਕਦੇ ।

ਸੰਗਤਾਂ ਦਾ ਦਾਸ
ਕੇਸਰ ਸਿੰਘ ਮੰਡ
ਹੇਜ਼, ਮਿਡਲਸੈਕਸ,
ਇੰਗਲੈਂਡ

*****

ਭਾਗ = ਪਹਿਲਾ

*

*

# ਬਚਪਨ

ੴ ਸਤਿਗੁਰ ਪ੍ਰਸਾਦਿ ॥

ਸਾਡੇ ਘਰ ਦੇ ਸਾਹਮਣੇ ਇਕ ਥੜ੍ਹਾ ਸੀ, ਜਿਥੇ ਬੈਠ ਕੇ ਮੇਰੇ ਪਿਤਾ ਜੀ ਹੋਮਿਉਪੈਥਿਕ ਦੀਆਂ ਦਵਾਈਆਂ ਦਿੰਦੇ ਸਨ। ਕਦੇ ਕਦੇ ਉਥੇ ਸਾਧੂ ਸੰਤ ਆ ਕੇ ਗੀਤਾ ਅਤੇ ਰਮਾਇਣ ਦਾ ਪ੍ਰਚਾਰ ਕਰਦੇ। ਪਿੰਡ ਦੇ ਲੋਕ ਬੜੇ ਸ਼ਰਧਾਲੂ ਸਨ ਅਤੇ ਬੜੇ ਪ੍ਰੇਮ ਨਾਲ ਕਥਾ ਸੁਣਦੇ। ਮੈਨੂੰ ਵੀ ਬਹੁਤ ਸ਼ੌਕ ਸੀ, ਮੈਂ ਵੀ ਪ੍ਰੇਮ ਨਾਲ ਸੁਣਦਾ।

ਇੱਕ ਦਿਨ ਮੈਂ ਖੇਡਦਾ ਖੇਡਦਾ ਬਾਹਰੋਂ ਆਇਆ ਤਾਂ ਦੇਖਿਆ ਕੁਝ ਬੀਬੀਆਂ ਤੇ ਮੇਰੀ ਮਾਤਾ ਜੀ ਖੂਹ ਤੇ ਕੱਪੜੇ ਧੋ ਰਹੀਆਂ ਸਨ। ਕੱਪੜਿਆਂ ਨੂੰ ਸਾਬਣ ਲਾ ਕੇ ਥਾਪੀ ਨਾਲ ਜੋਰ ਜੋਰ ਦੀ ਕੁਟਦੀਆਂ ਸਨ। ਮੈਂ ਹੈਰਾਨ ਹੋ ਕੇ ਆਪਣੀ ਮਾਤਾ ਜੀ ਨੂੰ ਪੁਛਿਆ,

"ਤੁਸੀਂ ਇਸ ਤਰ੍ਹਾਂ ਕੱਪੜਿਆਂ ਨੂੰ ਕਿਉਂ ਕੁੱਟ ਰਹੇ ਹੋ ?"

"ਕੱਪੜਿਆਂ ਨੂੰ ਬਹੁਤ ਮੈਲ ਲੱਗੀ ਹੋਈ ਹੈ ਇਸ ਕਰਕੇ ਇਨ੍ਹਾਂ ਨੂੰ ਕੁੱਟ ਰਹੀ ਹਾਂ।" ਮਾਤਾ ਜੀ ਨੇ ਜਵਾਬ ਦਿੱਤਾ ਅਤੇ ਮੈਨੂੰ ਉਪਦੇਸ਼ ਦਿੰਦਿਆਂ ਕਿਹਾ, "ਜਿਹੜੇ ਇਨਸਾਨ ਇਸ ਧਰਤੀ ਤੇ ਜਨਮ ਲੈਂਦੇ ਹਨ ਤੇ ਪ੍ਰਮਾਤਮਾ ਦਾ ਸਿਮਰਨ ਨਹੀਂ ਕਰਦੇ, ਉਨ੍ਹਾਂ ਨੂੰ ਇਸੇ ਤਰ੍ਹਾਂ ਜਮਾਂ ਦੀ ਮਾਰ ਪੈਂਦੀ ਹੈ, ਅਗਰ ਤੂੰ ਵੀ ਰਾਮ ਦਾ ਸਿਮਰਨ ਨਹੀਂ ਕਰੇਗਾ ਤਾਂ ਤੈਨੂੰ ਵੀ ਇਸੇ ਤਰ੍ਹਾਂ ਮਾਰ ਪਵੇਗੀ।" ਇਹ ਸੁਣਕੇ ਮੈਂ ਡਰ ਗਿਆ ਤੇ ਉਸੇ ਵੇਲੇ

"ਹਰੇ ਰਾਮਾ ਹਰੇ ਰਾਮਾ"

ਦਾ ਸਿਮਰਨ ਕਰਨ ਲੱਗ ਪਿਆ। ਸਿਮਰਨ ਕਰਦਿਆਂ ਕਰਦਿਆਂ ਬਹੁਤ ਅਨੰਦ ਆਇਆ, ਮਨ ਨੂੰ ਬਹੁਤ ਸ਼ਾਂਤੀ ਮਿਲੀ। ਇਸ ਤਰ੍ਹਾਂ ਲੱਗਿਆ ਕਿ ਪਿਛਲੇ ਕਰਮ ਜਾਗੇ ਹਨ। ਉਸ ਵੇਲੇ ਮੇਰੀ ਉਮਰ ਛੇ ਸਾਲ ਦੀ ਸੀ।

ਬੱਚੇ ਦਾ ਪਹਿਲਾ ਗੁਰੂ ਮਾਪੇ ਹੀ ਹੁੰਦੇ ਹਨ। ਮਾਂ ਹੀ ਬੱਚੇ ਨੂੰ ਪਹਿਲਾ ਗਿਆਨ ਦਿੰਦੀ ਹੈ।

ਜਦੋਂ ਮੇਰੀ ਉਮਰ ਅੱਠ ਸਾਲ ਦੀ ਸੀ, ਬਾਬਾ ਰਤਨਦਾਸ ਕੋਲੋਂ ਕਥਾ ਸੁਣੀ। ਉਨ੍ਹਾਂ ਨੇ ਦੱਸਿਆ, ਹਿੰਦੂ ਧਰਮ ਦੇ ਅਨੁਸਾਰ ਚੌਰਾਸੀ ਲੱਖ ਜੂਨਾਂ ਹਨ। ਅਗਰ ਇਨਸਾਨ ਰਾਮ ਦਾ ਨਾਮ ਨਹੀਂ ਲੈਂਦਾ ਤਾਂ ਉਸ ਨੂੰ ਚੌਰਾਸੀ ਲੱਖ ਜੂਨਾਂ ਦਾ ਦੁੱਖ ਭੋਗਣਾ ਪੈਂਦਾ ਹੈ। ਅਗਰ ਇੱਕ ਵਾਰੀ ਚੌਰਾਸੀ ਲੱਖ ਜੂਨਾਂ ਦੇ ਚੱਕਰ ਵਿੱਚ ਚਲਾ ਜਾਵੇ ਤਾਂ ਉਥੋਂ ਨਿਕਲਣ ਵਾਸਤੇ ਕਰੋੜਾਂ ਸਾਲ ਲੱਗ ਜਾਂਦੇ ਹਨ। ਜਿਸ ਤਰ੍ਹਾਂ ਕਾਂ ਤੇ ਸੱਪ ਦੀ ਉਮਰ ਬਹੁਤ ਲੰਬੀ ਹੁੰਦੀ ਹੈ। ਚੌਰਾਸੀ ਲੱਖ ਜੂਨਾਂ ਵਿੱਚ ਦੁੱਖ ਹੀ ਦੁੱਖ ਹਨ ਸੁੱਖ ਕਿਤੇ ਨਹੀਂ। ਜਿਹੜੇ ਅੱਜ ਕੱਲ੍ਹ ਦੁਨੀਆਂ ਤੇ ਰਾਜ ਕਰਦੇ ਹਨ ਉਨ੍ਹਾਂ ਨੇ ਆਪਣੇ ਪਿਛਲੇ ਜਨਮਾਂ ਵਿੱਚ ਜਰੂਰ ਚੰਗੇ ਕੰਮ ਕੀਤੇ ਹੋਣਗੇ। ਪਾਠ-ਪੂਜਾ, ਦਾਨ-ਪੁੰਨ ਤੇ ਤੀਰਥ ਯਾਤਰਾ ਆਦਿ ਦੇ ਫਲ ਕਰਕੇ ਇਹਨਾਂ ਨੂੰ ਇਸ ਜਨਮ ਵਿੱਚ ਰਾਜ ਮਿਲਿਆ ਹੈ। ਰਾਜ ਦੇ ਨਸ਼ੇ ਵਿੱਚ ਆ ਕੇ ਇਹ ਪ੍ਰਮਾਤਮਾ ਨੂੰ ਭੁਲ ਗਏ ਤੇ ਮਾੜੇ ਕੰਮ ਕਰਕੇ

ਨਰਕਾਂ ਨੂੰ ਚਲੇ ਜਾਂਦੇ ਹਨ । ਜੇ ਪ੍ਰਾਣੀ ਚੌਵੀ ਘੰਟੇ ਪ੍ਰਮਾਤਮਾ ਦਾ ਸਿਮਰਨ ਕਰੇ ਤਾਂ ਉਸ ਨੂੰ ਮੁਕਤੀ ਪ੍ਰਾਪਤ ਹੋ ਸਕਦੀ ਹੈ ।

ਇਹ ਸੁਣ ਕੇ ਮੇਰੇ ਮਨ 'ਤੇ ਬਹੁਤ ਅਸਰ ਹੋਇਆ ਤੇ ਸੋਚਿਆ ਮੈਂ ਵੀ ਗੀਤਾ ਤੇ ਰਮਾਇਣ ਦਾ ਪਾਠ ਕਰਦਾ ਹਾਂ ਇਸ ਕਰਕੇ ਜੇ ਅਗਲਾ ਜਨਮ ਰਾਜੇ ਦੇ ਘਰ ਹੋ ਗਿਆ ਤਾਂ ਮੈਂ ਵੀ ਨਰਕਾਂ ਨੂੰ ਜਾਵਾਂਗਾ । ਕਿਉਂ ਨਾ ਮੈਂ ਇਸ ਜਨਮ ਵਿੱਚ ਭਗਤੀ ਕਰਕੇ ਮੁਕਤੀ ਪ੍ਰਾਪਤ ਕਰਾਂ । ਬਾਬਾ ਜੀ ਦੇ ਕਹਿਣ ਦਾ ਮਤਲਬ ਸੀ ਕਿ ਤੁਸੀਂ *ਨਾਮ ਜਪੋ ਤੇ ਆਪਣਾ ਜਨਮ ਸਫਲ ਕਰੋ,* ਸਿਮਰਨ ਕਰਨਾ ਬਹੁਤ ਹੀ ਜ਼ਰੂਰੀ ਹੈ ।

ਜਦੋਂ ਮੇਰੀ ਉਮਰ ਨੌ ਕੁ ਸਾਲ ਦੀ ਸੀ ਤਾਂ ਮੈ ਇੱਕ ਦਿਨ ਕਿਤਾਬਾਂ ਲੈਣ ਵਾਸਤੇ ਅਲੀਗੜ੍ਹ ਸ਼ਹਿਰ ਗਿਆ ਜਿਹੜਾ ਕਿ ਸਾਡੇ ਪਿੰਡ ਤੋਂ ਡੇਡ਼ ਕੁ ਮੀਲ ਦੂਰ ਹੈ । ਸ਼ਹਿਰ ਅੰਦਰ ਦਾਖਲ ਹੁੰਦਿਆ ਕੀ ਦੇਖਿਆ ਕਿ ਇੱਕ ਰੇੜ੍ਹਾ ਸਮਾਨ ਨਾਲ ਹੱਦ ਤੋਂ ਜਿਆਦਾ ਲੱਦਿਆ ਹੋਇਆ ਸੀ । ਘੋੜੇ ਦੀਆਂ ਅੱਖਾਂ ਤੇ ਖੋਪੇ ਲਾਏ ਹੋਏ ਸਨ ਅਤੇ ਉਹ ਵਿਚਾਰਾ ਬੜੀ ਮੁਸ਼ਕਲ ਨਾਲ ਰੇੜ੍ਹਾ ਖਿੱਚ ਰਿਹਾ ਸੀ । ਜਦੋਂ ਘੋੜਾ ਹੌਲੀ ਤੁਰਦਾ ਤਾਂ ਮਾਲਕ ਸੋਟੀ ਨਾਲ ਕੁੱਟਦਾ ਸੀ, ਇਹ ਦੇਖ ਕੇ ਮਨ ਬਹੁਤ ਉਦਾਸ ਹੋਇਆ ਕਿ ਇਹ ਬੇਜ਼ੁਬਾਨ ਕੁਝ ਕਹਿ ਨਹੀਂ ਸਕਦਾ, ਆਪਣਾ ਦੁੱਖ ਦੱਸ ਨਹੀਂ ਸਕਦਾ ਆਪਣੀ ਸਜ਼ਾ ਭੋਗ ਰਿਹਾ ਹੈ ।

ਕਿਤਾਬਾਂ ਲੈ ਕੇ ਵਾਪਸ ਅੱਡੇ ਤੇ ਆਇਆ ਤਾਂ ਜਿਸ ਟਾਂਗੇ ਵਿਚ ਆਇਆ ਸੀ ਉਹ ਅੱਡੇ ਤੇ ਖੜ੍ਹਾ ਅਤੇ ਰੇੜ੍ਹੇ ਵਾਂਗੂ ਹੀ ਲੱਦਿਆ ਹੋਇਆ ਸੀ । ਸਾਰਿਆਂ ਨੇ ਸ਼ਹਿਰ ਆ ਕੇ ਸਮਾਨ ਖਰੀਦਿਆ । ਭਾਰ ਦੁਗਣੇ ਤੋਂ ਵੀ ਜਿਆਦਾ ਹੋ ਗਿਆ । ਮਾਲਕ ਨੇ ਸਭ ਨੂੰ ਸਮਾਨ ਸਮੇਤ ਬਿਠਾ ਲਿਆ । ਉਸਨੂੰ ਕੋਈ ਦਰਦ ਮਹਿਸੂਸ ਨਹੀਂ ਹੋਇਆ ਕਿ ਘੋੜਾ ਵਿਚਾਰਾ ਇੰਨਾਂ ਭਾਰ ਕਿਸ ਤਰ੍ਹਾਂ ਖਿੱਚੇਗਾ । ਜਦੋ ਘੋੜਾ ਹੋਲੀ ਹੋ ਜਾਂਦਾ ਤਾਂ ਮਾਲਕ ਚਮੜੇ ਵਾਲੀ ਸੋਟੀ ਨਾਲ ਮਾਰਦਾ ਸੀ ਘੋੜੇ ਦੀ ਪਿੱਠ ਤੇ ਜ਼ਖਮ ਹੋਏ ਹੋਏ ਸਨ ਤੇ ਉਹ ਵਾਰ ਵਾਰ ਉਥੇ ਹੀ ਮਾਰਦਾ ਸੀ ਕਿ ਘੋੜਾ ਤੇਜ਼ ਦੌੜੇ ।

ਮੈਂ ਹਰਰੋਜ਼ ਸਕੂਲ ਤੋਂ ਅੱਧੀ ਛੁੱਟੀ ਵੇਲੇ ਨੌਕਰ ਵਾਸਤੇ ਖਾਣਾ ਲੈ ਕੇ ਖੂਹ ਤੇ ਜਾਇਆ ਕਰਦਾ ਸੀ । ਇਸ ਦਿਨ ਦੁਪਹਿਰ ਦਾ ਖਾਣਾ ਮੈਂ ਥੋੜ੍ਹਾ ਜਲਦੀ ਲੈ ਗਿਆ ਤਾਂ ਦੇਖਿਆ ਨੌਕਰ ਹਲ ਵਾਹੁੰਦਾ ਵਾਹੁੰਦਾ ਬਲਦਾਂ ਨੂੰ ਸੋਟੀ ਨਾਲ ਜੋਰ ਜੋਰ ਦੀ ਕੁੱਟਦਾ ਤੇ ਗਾਲਾਂ ਕੱਢਦਾ ਸੀ । ਸੋਟੀ ਦੇ ਇੱਕ ਪਾਸੇ ਮੇਖ ਲੱਗੀ ਹੋਈ ਸੀ । ਜਦੋਂ ਬਲਦ ਜਿਆਦਾ ਅੜੀ ਕਰਦੇ ਤਾਂ ਉਹ ਮੇਖ ਵਾਲਾ ਪਾਸਾ ਬਲਦਾਂ ਦੇ ਖੋਭ ਦਿੰਦਾ ਸੀ । ਇਸ ਪੀੜ ਦੇ ਨਾਲ ਉਹ ਤੇਜ਼ ਤੁਰਦੇ ਸਨ, ਜਿਸ ਨੂੰ ਦੇਖ ਕੇ ਮੇਰਾ ਮਨ ਬਹੁਤ ਦੁਖੀ ਹੋਇਆ ਕਿ ਅਗਰ ਮੈਂ ਭਗਤੀ ਨਹੀਂ ਕੀਤੀ ਤਾਂ ਮੇਰੀ ਵੀ ਐਸੀ ਹੀ ਹਾਲਤ ਹੋਵੇਗੀ ।

ਸ਼ਾਮ ਨੂੰ ਨੌਕਰ ਬਲਦਾਂ ਨੂੰ ਪਾਣੀ ਪਿਲਾ ਕੇ ਘਰ ਛੱਡ ਗਿਆ । ਮੈਂ ਦੇਖਿਆ ਬਲਦਾਂ ਵਿਚਾਰਿਆਂ ਦੀ ਪਿੱਠ ਤੋਂ ਖੂਨ ਨਿਕਲ ਰਿਹਾ ਸੀ । ਉਪਰ ਮੱਖੀਆਂ ਬੈਠੀਆਂ

ਖ਼ੂਨ ਚੂਸ ਰਹੀਆਂ ਸਨ। ਉਹ ਬਾਰ ਬਾਰ ਆਪਣੀਆਂ ਪੂਛਾਂ ਹਿਲਾ ਕੇ ਮੱਖੀਆਂ ਉਡਾਉਣ ਦੀ ਕੋਸ਼ਿਸ਼ ਕਰ ਰਹੇ ਸਨ।

ਸੋ ਕਤ ਜਾਨੈ ਪੀਰ ਪਰਾਈ ॥
ਜਾ ਕੈ ਅੰਤਰਿ ਦਰਦੁ ਨ ਪਾਈ ॥
*(ਰਾਗੁ ਸੂਹੀ ਪੰ:-793)*

ਇਨਸਾਨ, ਇਨਸਾਨ ਦਾ ਦਰਦ, ਨਹੀਂ ਪਹਿਚਾਣ ਸਕਦਾ ਪਰ ਇਹ ਤਾਂ ਵਿਚਾਰੇ ਬੇਜ਼ੁਬਾਨ ਹਨ। ਇਹ ਆਪਣਾ ਦੁੱਖ ਕਿਸੇ ਨੂੰ ਦੱਸ ਨਹੀਂ ਸਕਦੇ। ਇਨ੍ਹਾਂ ਨੂੰ ਪਹਿਲਾਂ ਇਨਸਾਨ ਦੀ ਜੂਨ ਮਿਲੀ ਪਰ ਮਾੜੇ ਕਰਮਾਂ ਦੇ ਫਲ ਕਰਕੇ ਪਸ਼ੂ ਜੂਨ ਵਿੱਚ ਚਲੇ ਗਏ। ਇਹ ਦੇਖ ਕੇ ਮੈਨੂੰ ਬੜਾ ਵੈਰਾਗ ਆਇਆ। ਮੇਰੀਆਂ ਅੱਖਾਂ ਵਿੱਚੋਂ ਪਾਣੀ ਵਹਿਣ ਲੱਗਾ।

ਮੇਰਾ ਕੰਮ ਉਨ੍ਹਾਂ ਨੂੰ ਪੱਠੇ ਪਾਉਣਾ ਸੀ ਮੈਂ ਇੱਕ ਇੱਕ ਟੋਕਰਾ ਤੂੜੀ ਦਾ ਪਾਇਆ ਤਾਂ ਮੇਰੇ ਮਨ ਵਿੱਚ ਵਿਚਾਰ ਪੈਦਾ ਹੋਇਆ ਕਿ ਇਨ੍ਹਾਂ ਬਲਦਾਂ ਵਿਚਾਰਿਆਂ ਨੂੰ ਸਾਰਾ ਦਿਨ ਸਖਤ ਮਿਹਨਤ ਦੇ ਬਾਵਜੂਦ ਵੀ ਤੂੜੀ ਹੀ ਖਾਣ ਨੂੰ ਮਿਲਦੀ ਹੈ ਅਤੇ ਇੱਕ ਵਾਰੀ ਪਾਣੀ ਪੀਣ ਨੂੰ ਮਿਲਦਾ ਹੈ।

ਹੇ ਇਨਸਾਨ ! ਪ੍ਰਮਾਤਮਾ ਨੇ ਤੈਨੂੰ ਖਾਣ ਅਤੇ ਪਹਿਨਣ ਵਾਸਤੇ ਬੇਅੰਤ ਪਦਾਰਥ ਦਿੱਤੇ ਹਨ ਪਰ ਤੂੰ ਪ੍ਰਮਾਤਮਾ ਨੂੰ ਚੇਤੇ ਨਹੀਂ ਰੱਖਦਾ, ਸਿਰਫ ਦੁੱਖ ਵੇਲੇ ਹੀ ਚੇਤੇ ਕਰਦਾ ਹੈ। ਸੋ ਐਸੀ ਮਾਰ, ਡਰਾਉਣੀ ਤੇ ਭਿਆਨਕ ਦਸ਼ਾ ਤੋਂ ਬਚਣ ਲਈ ਹਰ ਪ੍ਰਾਣੀ ਨੂੰ ਘੱਟ ਤੋਂ ਘੱਟ ਹਰ ਰੋਜ਼ ਪੰਜ ਮਿੰਟ ਸਿਮਰਨ (ਵਾਹਿਗੁਰ ਜਾਪ) ਅਰੰਭ ਕਰ ਦੇਣਾ ਚਾਹੀਦਾ ਹੈ। ਸਤਿਗੁਰੂ ਜੀ ਖੁਸ਼ ਹੋ ਕੇ ਇਸ ਪੰਜ ਮਿੰਟ ਦੇ ਜਾਪ ਨੂੰ ਪੰਜ ਘੰਟੇ ਤੱਕ ਜਾਪ ਕਰਨ ਦੀ ਬਖ਼ਸ਼ਿਸ਼ ਕਰ ਦਿਆ ਕਰਦੇ ਹਨ। ਬੱਸ ਸ਼ੁਰੂ ਕਰਨ ਦੀ ਹੀ ਲੋੜ ਹੈ। ਭਗਤ ਕਬੀਰ ਜੀ ਇਸ ਸਲੋਕ ਵਿੱਚ ਫਰਮਾਉਂਦੇ ਹਨ।

ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ ॥
ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ ॥
*(ਸਲੋਕ ਭਗਤ ਕਬੀਰ ਜੀ ਪੰ:-1377)*

ਜਦੋਂ ਮੈਂ ਸਿੱਖੀ ਸਰੂਪ ਵਿੱਚ ਆਇਆ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਕੀਤੇ ਤੇ ਸਹਿਜ ਪਾਠ ਕਰ ਰਿਹਾ ਸੀ ਤਾਂ ਇਹ ਸ਼ਬਦ ਪੜ੍ਹਦਿਆਂ ਪੜ੍ਹਦਿਆਂ ਇਨ੍ਹਾਂ ਬਲਦਾਂ ਦਾ ਦ੍ਰਿਸ਼ ਮੇਰੇ ਸਾਹਮਣੇ ਆ ਗਿਆ ਜੋ ਕਬੀਰ ਸਾਹਿਬ ਜੀ ਹੇਠਲੇ ਸ਼ਬਦ ਵਿੱਚ ਫੁਰਮਾਂ ਰਹੇ ਹਨ, ਉਹ ਬਿਲਕੁਲ ਸੱਚ ਹੈ।

ਚਾਰਿ ਪਾਵ ਦੁਇ ਸਿੰਗ ਗੁੰਗ ਮੁਖ,
ਤਬ ਕੈਸੇ ਗੁਨ ਗਾਈ ਹੈ ॥

ਊਠਤ ਬੈਠਤ ਠੇਗਾ ਪਰਿਹੈ
ਤਬ ਕਤ ਮੂਡ ਲੁਕਈਹੈ ॥ 1 ॥
ਹਰਿ ਬਿਨੁ ਬੈਲ ਬਿਰਾਨੇ ਹੁਈਹੈ ॥
ਫਾਟੇ ਨਾਕਨ ਟੂਟੇ ਕਾਧਨ
ਕੋਦਉ ਕੋ ਭੁਸੁ ਖਈਹੈ ॥ 1 ॥ ਰਹਾਉ ॥
ਸਾਰੋ ਦਿਨੁ ਡੋਲਤ ਬਨ ਮਹੀਆ
ਅਜਹੁ ਨਾ ਪੇਟ ਅਘਈਹੈ ॥
ਜਨ ਭਗਤਨ ਕੋ ਕਹੋ ਨਾ ਮਾਨੋ,
ਕੀਓ ਅਪਨੋ ਪਈਹੈ ॥ 2 ॥
ਦੁਖ ਸੁਖ ਕਰਤ ਮਹਾ ਭ੍ਰਮਿ ਬੂਡੋ
ਅਨਿਕ ਜੋਨਿ ਭਰਮਈਹੈ ॥
ਰਤਨ ਜਨਮੁ ਖੋਇਓ ਪ੍ਰਭੁ ਬਿਸਰਿਓ
ਇਹੁ ਅਉਸਰੁ ਕਤ ਪਈਹੈ ॥ 3 ॥
ਭ੍ਰਮਤ ਫਿਰਤ ਤੇਲਕ ਕੇ ਕਪਿ ਜਿਉ
ਗਤਿ ਬਿਨੁ ਰੈਨਿ ਬਿਹਈਹੈ ॥
ਕਹਤ ਕਬੀਰ ਰਾਮ ਨਾਮ ਬਿਨੁ
ਮੂੰਡ ਧੁਨੇ ਪਛੁਤਈਹੈ ॥ 4 ॥
*(ਗੂਜਰੀ ਸ੍ਰੀ ਕਬੀਰ ਜੀਉ ਪੰ:-524)*

ਇਸ ਸ਼ਬਦ ਵਿੱਚ ਕਬੀਰ ਸਾਹਿਬ ਫੁਰਮਾਉਂਦੇ ਹਨ ਕਿ ਕਿਸੇ ਨੂੰ ਪਸ਼ੂ ਜੂਨ ਮਿਲ ਜਾਵੇ ਤਾਂ ਉਹ ਨਾਮ ਕਿਸ ਤਰ੍ਹਾਂ ਜਪੇਗਾ। ਮੂੰਹ ਤੋਂ ਬੋਲ ਨਹੀਂ ਸਕਦਾ। ਮਨੁੱਖਾ ਜਨਮ ਵਿੱਚ ਹੀ ਨਾਮ ਜਪ ਕੇ ਆਪਣਾ ਜਨਮ ਸਫਲ ਕੀਤਾ ਜਾ ਸਕਦਾ ਹੈ।

ਮਨ ਹੋਰ ਵੀ ਉਦਾਸ ਹੋ ਗਿਆ ਕਿ ਮਨਾਂ ਤੂੰ ਵੀ ਨਾਮ ਜਪ, ਨਹੀਂ ਤਾਂ ਤੇਰਾ ਵੀ ਇਹ ਹੀ ਹਾਲ ਹੋਵੇਗਾ। ਜੈਸਾ ਬਲਦਾਂ ਦਾ ਹੋ ਰਿਹਾ ਹੈ। ਅੰਦਰੋਂ ਅਵਾਜ ਆਵੇ ਕਿ ਨਾਮ ਜਪ। ਦੂਸਰੇ ਦਿਨ ਵੀ ਬਲਦਾਂ ਦਾ ਇਹ ਹੀ ਹਾਲ ਹੋਇਆ । ਉਸ ਵੇਲੇ ਬਲਦਾਂ ਨੂੰ ਦੇਖ ਕੇ ਇਤਨਾ ਬੈਰਾਗ ਆਇਆ ਕਿ ਨੌਕਰ ਨੂੰ ਰੋਟੀ ਦੇ ਕੇ ਮੈਂ ਘਰ ਨਹੀਂ ਗਿਆ ਸਿੱਧਾ ਜੰਗਲ ਦੀ ਤਰਫ ਤੁਰ ਪਿਆ। ਜੰਗਲ ਵਿੱਚ ਐਸੀ ਜਗ੍ਹਾ ਲੱਭੀ ਜਿਥੇ ਕੋਈ ਦੇਖ ਨਾ ਸਕੇ। ਉਥੇ ਜਾਕੇ "ਹਰੇ ਰਾਮਾ, ਹਰੇ ਰਾਮਾ" ਦਾ ਸਿਮਰਨ ਕਰਨ ਲੱਗ ਪਿਆ। ਡਰ ਦੇ ਕਾਰਨ ਕਮੀਜ਼ ਲਾਹ ਕੇ ਅੱਖਾਂ ਤੇ ਪੱਟੀ ਬੰਨ ਲਈ। ਸਿਮਰਨ ਕਰਦਿਆਂ ਕਰਦਿਆਂ ਸ਼ਾਮ ਪੈ ਗਈ। ਕੰਨ੍ਹਾਂ ਵਿੱਚ ਇਸ ਤਰ੍ਹਾਂ ਅਵਾਜ ਪੈਂਦੀ ਸੀ ਜਿਸ ਤਰ੍ਹਾਂ ਜੰਗਲੀ ਜਾਨਵਰ ਤੇ ਛੋਟੇ ਛੋਟੇ ਪੰਛੀ ਆਪਣੇ ਘਰਾਂ ਨੂੰ ਜਾ ਰਹੇ ਹੋਣ। ਸਿਆਲ ਦਾ ਮੌਸਮ, ਠੰਡੀ ਠੰਡੀ ਹਵਾ ਤੇ ਕਿਨਕਾ ਕਿਨਕਾ ਬਾਰਿਸ਼ ਦਾ ਮਹਿਸੂਸ ਹੋ ਰਿਹਾ ਸੀ। ਮਨ

ਡੋਲਦਾ ਸੀ ਕਿ ਘਰ ਦੌੜ ਜਾਵਾਂ ਪਰ ਜਾ ਨਹੀਂ ਸਕਿਆ ਇਸ ਤਰ੍ਹਾਂ ਜਾਪਦਾ ਸੀ ਕਿ ਕਿਸੇ ਅਗੰਮੀ ਸ਼ਕਤੀ ਨੇ ਬੰਨ੍ਹ ਕੇ ਰੱਖਿਆ ਹੈ। ਠੰਡ ਦੇ ਕਾਰਨ ਸਾਰੀ ਰਾਤ ਨੀਂਦ ਨਹੀਂ ਆਈ। ਕੋਈ ਕੱਪੜਾ ਵੀ ਕੋਲ ਨਹੀਂ ਸੀ। ਕੁਦਰਤ ਵੱਲੋਂ ਸਿਮਰਨ ਕਰਦਿਆਂ ਸਮੇਂ ਦਾ ਪਤਾ ਹੀ ਨਹੀਂ ਲੱਗਿਆ। 'ਹਰੇ ਰਾਮਾ ਹਰੇ ਰਾਮਾ' ਦਾ ਜਾਪ ਕਰਦਿਆਂ ਬਹੁਤ ਅਨੰਦ ਆਇਆ। ਸਿਮਰਨ ਕਰਦਿਆਂ ਕਰਦਿਆਂ ਅੰਮ੍ਰਿਤ ਵੇਲਾ ਹੋ ਗਿਆ ਅਤੇ ਪੰਛੀਆਂ ਦੀ ਮਿਠੀ ਮਿਠੀ ਅਵਾਜ ਕੰਨਾਂ ਵਿੱਚ ਪੈਣ ਲੱਗੀ। ਦਿਨ ਚੜ੍ਹਦੇ ਸਾਰ ਖੂਬ ਭੁੱਖ ਲੱਗਣ ਲੱਗੀ, ਸੋਚਿਆ ਭਗਤੀ ਕਰਨੀ ਬਹੁਤ ਕਠਨ ਹੈ। ਹੁਣ ਕੀ ਕਰਾਂ ? ਘਰ ਜਾਵਾਂ ਕਿ ਨਾ, ਘਰ ਗਿਆ ਤਾਂ ਮਾਰ ਪਵੇਗੀ, ਨਾ ਗਿਆ ਤਾਂ ਭੁਖਾ ਮਰਾਂਗਾ। ਇਹ ਸੋਚਦੇ ਸੋਚਦੇ ਸ਼ਾਮ ਦੇ ਪੰਜ ਵੱਜ ਗਏ। ਫਿਰ ਡਰਦੇ-ਡਰਦੇ ਘਰ ਵਾਪਸ ਆ ਗਿਆ। ਸਾਰਾ ਪ੍ਰੀਵਾਰ ਫਿਕਰਮੰਦ ਸੀ। ਮੈਨੂੰ ਦੇਖ ਕੇ ਪਿਤਾ ਜੀ ਬਹੁਤ ਕਰੋਧਵਾਨ ਹੋਏ ਤੇ ਕਿਹਾ "ਤੂੰ ਕਿਥੇ ਗਿਆ ਸੀ ਅਸੀਂ ਕਲ ਦੇ ਤੈਨੂੰ ਲੱਭ ਰਹੇ ਹਾਂ ?" ਮੈਂ ਕਿਹਾ, "ਪਿਤਾ ਜੀ ਮੇਰੇ ਅੰਦਰੋਂ ਅਵਾਜ਼ ਆਵੇ ਕਿ ਤੂੰ ਨਾਮ ਜਪ, ਮਨ ਬਹੁਤ ਉਦਾਸ ਹੋ ਗਿਆ ਸੀ ਇਸੇ ਕਰਕੇ ਜੰਗਲ ਵਿੱਚ ਸਿਮਰਨ ਕਰਨ ਚਲਾ ਗਿਆ ਸੀ।" ਏਨੀ ਗੱਲ ਸੁਣਦਿਆਂ ਪਿਤਾ ਜੀ ਦਾ ਕਰੋਧ ਥੋੜ੍ਹਾ ਜਿਹਾ ਠੰਡਾ ਪੈ ਗਿਆ। ਮਾਤਾ ਜੀ ਵੀ ਆ ਗਏ, ਉਹ ਵੀ ਚਿੰਤਾ ਵਿਚ ਸਨ ਕਿ ਕਿੱਥੇ ਗਿਆ ਸੀ। ਪਿਤਾ ਜੀ, ਮਾਤਾ ਜੀ ਨੂੰ ਕਹਿਣ ਲੱਗੇ, ਇਤਨੀ ਛੋਟੀ ਉਮਰ ਵਿੱਚ ਭਗਤੀ ਕਰਨ ਚਲਾ ਗਿਆ ਅਤੇ ਮੈਨੂੰ ਕਹਿਣ ਲੱਗੇ "ਰਾਮ ਨਾਮ ਬੁਢੇ ਹੋ ਕੇ ਜਪੀਦਾ ਹੈ, ਹਾਲੇ ਤੈਨੂੰ ਕਿਸ ਚੀਜ਼ ਦਾ ਡਰ ਹੈ ਤੂੰ ਇਸ ਉਮਰ ਵਿੱਚ ਭਗਤੀ ਕਰਨ ਲੱਗ ਗਿਆ। ਇਸ ਵਾਰ ਤੈਨੂੰ ਮਾਫ ਕਰ ਦਿੰਦੇ ਹਾਂ, ਤੂੰ ਰਾਮ ਦਾ ਨਾਮ ਲਿਆ ਹੈ ਅਗਰ ਦੋਬਾਰਾ ਗਿਆ ਬਹੁਤ ਮਾਰ ਪਵੇਗੀ।"

*****

# ਦੁਨੀਆ ਮਤਲਬ ਦੀ

ਸਾਡੇ ਪਿੰਡ ਇੱਕ ਬਜ਼ੁਰਗ ਰਹਿੰਦਾ ਸੀ ਉਸਦੇ ਦੋ ਬੇਟੇ ਸਨ। ਉਮਰ ਕਾਫੀ ਹੋ ਗਈ, ਉਸਨੇ ਸੋਚਿਆ ਜ਼ਮੀਨ ਦੋਨਾਂ ਨੂੰ ਵੰਡ ਕੇ ਦੇ ਦੇਵਾਂ। ਜ਼ਮੀਨ ਤੇ ਪੈਸੇ ਦੋ ਹਿੱਸਿਆਂ ਵਿੱਚ ਵੰਡ ਕੇ ਦੋਨਾਂ ਨੂੰ ਦੇ ਦਿੱਤੇ, ਉਸ ਸਮੇਂ ਮੇਰੀ ਉਮਰ 10 ਸਾਲਾਂ ਦੀ ਸੀ।

ਸਮਾਂ ਬੀਤਦਾ ਗਿਆ, ਥੋੜ੍ਹਾ ਚਿਰ ਨੂੰਹਾਂ ਨੇ ਸੇਵਾ ਕੀਤੀ। ਬਾਅਦ ਵਿੱਚ ਬੁਰਾ ਭਲਾ ਬੋਲਣ ਲੱਗੀਆਂ, "ਇਸ ਨੂੰ ਗਰਮ ਪ੍ਰਸ਼ਾਦੇ ਚਾਹੀਦੇ ਹਨ, ਕਦੀ ਬਿਮਾਰ ਹੋ ਜਾਂਦਾ ਕਦੀ ਕੁਝ ਹੋ ਜਾਂਦਾ, ਸਾਡੇ ਤੇ ਭਾਰ ਬਣ ਗਿਆ ਹੈ।" ਇਹ ਗੱਲਾਂ ਸੁਣ ਕੇ ਵਿਚਾਰਾ ਬਹੁਤ ਦੁਖੀ ਹੋਇਆ, ਕਿ ਮੇਰੀ ਹੀ ਗਲਤੀ ਹੈ ਸਾਰਾ ਕੁਝ ਇਨ੍ਹਾਂ ਨੂੰ ਦੇ ਦਿੱਤਾ, ਫਿਰ ਵੀ ਮੇਰੀ ਕੋਈ ਕਦਰ ਨਹੀਂ ਕਰਦਾ।

ਇੱਕ ਦਿਨ ਜਿਆਦਾ ਬਿਮਾਰ ਹੋ ਗਿਆ ਤਾਂ ਮੇਰੇ ਪਿਤਾ ਜੀ ਪਾਸ ਦਵਾਈ ਲੈਣ ਆਇਆ। ਬੜੇ ਦੁਖੀ ਹਿਰਦੇ ਨਾਲ ਗੱਲਾਂ ਕਰਨ ਲੱਗਾ ਕਿ ਮੈਨੂੰ ਬਾਸੇ ਪ੍ਰਸ਼ਾਦੇ ਮਿਲਦੇ ਹਨ, ਮੇਰੇ ਖਾਣ ਯੋਗ ਨਹੀਂ ਹੁੰਦੇ, ਮੈਨੂੰ ਚੰਗੀ ਜਹੀ ਦਵਾਈ ਦਿਉ ਜਿਸ ਨਾਲ ਛੇਤੀ ਅਰਾਮ ਆ ਜਾਵੇ। ਪਿਤਾ ਜੀ ਨੇ ਉਸ ਨੂੰ ਦਵਾਈ ਦਿੱਤੀ ਤੇ ਇੱਕ ਤਰੀਕਾ ਵੀ ਦੱਸਿਆ। ਇੱਕ ਘੜੇ ਵਿੱਚ ਥੱਲੇ ਰੋੜੇ ਤੇ ਉਪਰ ਵੀਹ ਰੁਪਏ ਚਾਂਦੀ ਦੇ ਪਾ ਦਿਤੇ ਤੇ ਕਿਹਾ, "ਇਸ ਨੂੰ ਘਰ ਲੈ ਜਾ ਘਰ ਵਾਲਿਆਂ ਨੂੰ ਦਿਖਾ ਕੇ ਪੈਸੇ ਮੈਨੂੰ ਵਾਪਸ ਕਰ ਜਾਈਂ।" ਘੜਾ ਦੇਖ ਕੇ ਨੂੰਹਾਂ ਨੇ ਪੁਛਿਆ,

"ਇਸ ਵਿੱਚ ਕੀ ਹੈ ?"

ਉਸਨੇ ਕਿਹਾ,

"ਜ਼ਮੀਨ ਵਿੱਚ ਦੱਬਿਆ ਹੋਇਆ ਸੀ ਮੈਂ ਸੋਚਿਆ ਜੇ ਮੈਂ ਗੁਜ਼ਰ ਗਿਆ ਤਾਂ ਪੈਸਿਆਂ ਦਾ ਕਿਸੇ ਨੂੰ ਪਤਾ ਨਹੀਂ ਲੱਗਣਾ ਇਸ ਲਈ ਮੈਂ ਘਰ ਲੈ ਆਇਆ ਤੁਹਾਡੇ ਕੰਮ ਆਉਣਗੇ।"

ਨੂੰਹਾਂ ਬਹੁਤ ਖੁਸ਼ ਹੋਈਆਂ ਕਿ ਬਾਪੂ ਕੋਲ ਬਹੁਤ ਪੈਸੇ ਹਨ। ਬਾਪੂ ਜੀ ਦੀ ਬੜੀ ਸੇਵਾ ਹੋਣ ਲੱਗੀ, ਉਸਨੇ ਘੜਾ ਆਪਣੇ ਮੰਜੇ ਥੱਲੇ ਦਬਾ ਲਿਆ। ਉਸ ਸਮੇਂ ਬੈਂਕਾਂ ਬਹੁਤੀਆਂ ਨਹੀਂ ਹੁੰਦੀਆਂ ਸਨ। ਲੋਕ ਇਸੇ ਤਰ੍ਹਾਂ ਘਰਾਂ ਵਿੱਚ ਹੀ ਪੈਸੇ ਰੱਖਦੇ ਸਨ। ਜਦੋਂ ਵੀ ਉਹ ਬਾਹਰ ਜਾਵੇ ਤਾਂ ਦੋ ਤਾਲੇ ਲਗਾ ਕੇ ਜਾਵੇ। ਬਸ ਫਿਰ ਚੰਗੀ ਤਰ੍ਹਾਂ ਸੇਵਾ ਹੋਣ ਲੱਗੀ। ਇੱਕ ਕਹੇ ਬਾਪੂ ਜੀ ਅੱਜ ਕੜਾਹ ਬਣਾਇਆ, ਦੂਸਰੀ ਕਹੇ ਕੜ੍ਹੀ ਚੌਲ ਬਣਾਏ। ਪਹਿਲੇ ਕੋਈ ਕਪੜੇ ਨਹੀਂ ਸੀ ਧੋਂਦੀ ਹੁਣ ਕਪੜੇ ਵੀ ਧੋ ਕੇ ਮਿਲਣ ਲੱਗੇ। ਉਹ ਸੋਚਣ ਲੱਗਾ ਦੁਨੀਆ ਕਿੰਨੀ ਮਤਲਬ ਦੀ ਹੈ, ਇਨਸਾਨ ਦੀ ਕੋਈ ਕਦਰ ਨਹੀ ਸਾਰੀ ਮਾਇਆ ਦੀ ਹੀ ਹੈ। ਜੇ ਕਿਸੇ ਕੋਲ ਚਾਰ ਪੈਸੇ ਹਨ ਤਾਂ ਕੋਈ ਬੁਲਾ ਲੈਂਦਾ ਹੈ ਨਹੀਂ ਤਾਂ ਕੋਈ ਮੂੰਹ ਨਹੀਂ ਕਰਦਾ। ਉਹ ਮੇਰੇ ਪਿਤਾ ਜੀ ਪਾਸ ਆਇਆ ਤੇ ਕਿਹਾ, "ਤੁਹਾਡਾ ਬਹੁਤ ਬਹੁਤ ਧੰਨਵਾਦ, ਅੱਜ ਕਲ੍ਹ ਮੇਰੀ ਬਹੁਤ ਸੇਵਾ ਹੋ ਰਹੀ ਹੈ।"

ਇਸੇ ਤਰ੍ਹਾਂ ਸਮਾਂ ਬੀਤਦਾ ਗਿਆ, ਬਜ਼ੁਰਗ ਚਲਾਣਾ ਕਰ ਗਿਆ ਤਾਂ ਉਨ੍ਹਾਂ ਨੇ ਮੰਜੇ ਸਮੇਤ ਬਾਹਰ ਨਿਕਾਲ ਦਿੱਤਾ। ਸਭ ਤੋਂ ਪਹਿਲਾਂ ਮੰਜੇ ਵਾਲੀ ਜਗ੍ਹਾ ਪੁਟੀ ਤਾਂ ਹੈਰਾਨ ਰਹਿ ਗਏ ਘੜੇ ਵਿੱਚ ਰੋੜੇ ਹੀ ਸਨ।

*****

## ਸੰਤ ਸਮੂਹ ਅਨੇਕ ਮਤੀ ਕੇ

ਸ੍ਰਾਵਗ ਸੁੱਧ ਸਮੂਹ ਸਿਧਾਨ ਕੇ ਦੇਖਿ ਫਿਰਿਓ ਘਰ ਜੋਗ ਜਤੀ ਕੇ ॥
ਸੂਰ ਸੁਰਾਰਦਨ ਸੁੱਧ ਸੁਧਾਦਿਕ ਸੰਤ ਸਮੂਹ ਅਨੇਕ ਮਤੀ ਕੇ ॥
ਸਾਰੇ ਹੀ ਦੇਸ ਕੋ ਦੇਖਿ ਰਹਿਓ ਮਤ ਕੋਊ ਨ ਦੇਖੀਅਤ ਪ੍ਰਾਨਪਤੀ ਕੇ ॥
ਸ੍ਰੀ ਭਗਵਾਨ ਕੀ ਭਾਇ ਕ੍ਰਿਪਾ ਹੂ ਤੇ ਏਕ ਰਤੀ ਬਿਨੁ ਏਕ ਰਤੀ ਕੇ ॥

*(ਤ੍ਵਪ੍ਰਸਾਦਿ ਸ੍ਵੱਯੇ ਪਾਤਸ਼ਾਹੀ 10)*

ਉਨ੍ਹਾਂ ਦਿਨਾਂ ਵਿੱਚ ਹੀ ਸਾਡੇ ਪਿੰਡ ਇੱਕ ਐਸੇ ਸਾਧੂ ਆਏ ਜਿਹੜੇ ਨਗਨ ਰਹਿੰਦੇ ਸਨ। ਜਿਤਨੀ ਮਰਜੀ ਸਰਦੀ ਹੋਵੇ ਕੱਪੜਾ ਨਹੀਂ ਪਾਉਣਾ। ਰੱਬ ਦੇ ਮਿਲਾਪ ਵਾਸਤੇ ਉਹ ਕਈ ਕਠਨ ਸਾਧਨ ਕਰਦੇ ਸਨ ਕਿ ਆਮ ਮਨੁੱਖ ਐਸਾ ਕਰਨਾ ਸੋਚ ਵੀ ਨਹੀਂ ਸਕਦਾ ਸੀ। ਪਿੰਡ ਵਾਲੇ ਲੋਕ ਭੋਜਨ ਲੈ ਕੇ ਜਾਂਦੇ ਅਤੇ ਪੈਸੇ ਰੱਖ ਕੇ ਉਸਨੂੰ ਮੱਥਾ ਟੇਕਦੇ। ਖਾਣੇ ਦੇ ਸਵਾਦ ਵਾਸਤੇ ਉਹ ਭੋਜਨ ਬਹੁਤ ਬਾਰੀਕ ਕਰਕੇ ਖਾਂਦਾ ਤੇ ਖਾਣਾ ਮਿਹਦੇ ਤੱਕ ਪਹੁੰਚਣ ਤੋਂ ਪਹਿਲਾਂ ਹੀ ਜਿਆਦਾ ਪਾਣੀ ਪੀ ਕੇ ਲੋਹੇ ਦੇ ਡੱਬੇ ਵਿੱਚ ਉਲਟੀ ਕਰ ਦਿੰਦਾ। ਉਸ ਦੇ ਚੇਲੇ ਡੱਬਾ ਚੁਕ ਕੇ ਬਾਹਰ ਖੇਤਾਂ ਵਿੱਚ ਸੁੱਟ ਆਉਂਦੇ। ਉਸ ਨੇ ਆਪਣੇ ਇੰਦਰੇ ਵੱਸ ਕੀਤੇ ਹੋਏ ਸਨ। ਇਸ ਦਾ ਮਤਲਬ ਉਸ ਨੂੰ ਟੱਟੀ ਪਿਸ਼ਾਬ ਨਹੀਂ ਆਉਂਦਾ ਸੀ ਉਸਦਾ ਸਰੀਰ ਹੱਡੀਆਂ ਦੀ ਮੁੱਠ ਅਤੇ ਦੇਖਣ ਨੂੰ ਬਹੁਤ ਡਰਾਉਣਾ ਲੱਗਦਾ ਸੀ। ਇਹ ਵੀ ਹਿੰਦੂ ਧਰਮ ਵਿੱਚ ਪ੍ਰਮਾਤਮਾ ਨੂੰ ਮਿਲਣ ਦਾ ਇੱਕ ਸਾਧਨ ਸਮਝਿਆ ਜਾਂਦਾ ਹੈ।

ਹਰਿ ਨਾਮੈ ਤੁਲਿ ਨ ਪੁਜਈ
ਜੇ ਲਖ ਕੋਟੀ ਕਰਮ ਕਮਾਇ ॥

*(ਸਿਰੀਰਾਗ ਮ: 1 ਪੰ:–62)*

ਇਕਿ ਵਣ ਖੰਡਿ ਬੈਸਹਿ ਜਾਇ ਸਦੁ ਨ ਦੇਵਹੀ ॥
ਇਕਿ ਪਾਲਾ ਕਕਰੁ ਭੰਨਿ ਸੀਤਲੁ ਜਲੁ ਹੇਂਵਹੀ ॥
ਇਕਿ ਭਸਮ ਚੜ੍ਹਾਵਹਿ ਅੰਗਿ ਮੈਲੁ ਨ ਧੋਵਹੀ ॥
ਇਕਿ ਜਟਾ ਬਿਕਟ ਬਿਕਰਾਲ ਕੁਲੁ ਘਰੁ ਖੋਵਹੀ ॥
ਇਕਿ ਨਗਨ ਫਿਰਹਿ ਦਿਨੁ ਰਾਤਿ ਨੀਂਦ ਨਾ ਸੋਵਹੀ ॥
ਇਕਿ ਅਗਨਿ ਜਲਾਵਹਿ ਅੰਗੁ ਆਪੁ ਵਿਗੋਵਹੀ ॥
ਵਿਣੁ ਨਾਵੈ ਤਨੁ ਛਾਰੁ ਕਿਆ ਕਹਿ ਰੋਵਹੀ ॥
ਸੋਹਨਿ ਖਸਮ ਦੁਆਰਿ ਜਿ ਸਤਿਗੁਰੁ ਸੇਵਹੀ ॥

*(ਮਲਾਰ ਮ: 3 ਪੰ:–1284)*

ਇਹ ਸਾਧੂ ਮੋਨਧਾਰੀ ਵੀ ਸੀ। ਕਿਸੇ ਨਾਲ ਗੱਲ ਨਹੀਂ ਕਰਨੀ, ਮੈਂ ਵੀ ਦਰਸ਼ਨ ਕਰਨ ਗਿਆ। ਹਰ ਵੇਲੇ ਉਸ ਦੇ ਦੁਆਲੇ ਭੀੜ ਲੱਗੀ ਰਹਿੰਦੀ। ਮੈਂ ਸੋਚਿਆ, ਰੱਬ ਨੂੰ ਮਿਲਣ ਵਾਸਤੇ ਇਹ ਰਸਤਾ ਬਹੁਤ ਕਠਨ ਹੈ ਪਰ ਰੱਬ ਨੂੰ ਇਹ ਕਿਸ ਤਰ੍ਹਾਂ ਮਿਲੇਗਾ ਕਿਉਂਕਿ ਪ੍ਰਮਾਤਮਾ ਦਾ ਸਿਮਰਨ ਤਾਂ ਇਹ ਕਰ ਹੀ ਨਹੀਂ ਰਿਹਾ, ਕਰਮਕਾਂਡ ਵਿੱਚ ਫੱਸਿਆ ਹੋਇਆ ਹੈ, ਨਾਮ ਦਾ ਰਸ ਛੱਡ ਕੇ ਭੋਜਨ ਦਾ ਰਸ ਲੈ ਰਿਹਾ ਹੈ। ਮੈਂ ਹੋਰ ਵੀ ਉਦਾਸ ਹੋ ਗਿਆ। ਉਸ ਵਕਤ ਮੈਂ ਮੁਕਤੀ ਦੀ ਭਾਲ ਵਿੱਚ ਸੀ। ਪਰ ਸਿੱਖੀ ਧਾਰਨ ਕਰਨ ਤੇ ਪਤਾ ਲੱਗਾ ਕਿ ਗੁਰੂ ਨਾਨਕ ਦੇਵ ਜੀ ਦਾ ਮਾਰਗ ਰੱਬ ਦੇ ਮਿਲਾਪ ਲਈ ਬਹੁਤ ਹੀ ਸੁਖਾਲਾ ਰਸਤਾ ਹੈ। ਗ੍ਰਹਿਸਤ ਜੀਵਨ ਵਿੱਚ ਰਹਿ ਕੇ ਵੀ ਇਨਸਾਨ ਪ੍ਰਮਾਤਮਾ ਦੀ ਭਗਤੀ ਕਰ ਸਕਦਾ ਹੈ।

ਨਾਨਕ ਸਤਿਗੁਰਿ ਭੇਟਿਐ, ਪੂਰੀ ਹੋਵੈ ਜੁਗਤਿ ॥
ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ॥

*(ਗੂਜਰੀ ਮ: 5 ਪੰ:–522)*

*****

# ਤਿੰਨ ਠੱਗ ਸਾਧੂ

ਇੱਕ ਦਿਨ ਮੇਰੇ ਪਿਤਾ ਜੀ ਗੀਤਾ ਦਾ ਪਾਠ ਕਰ ਰਹੇ ਸਨ। ਸੰਗਤ ਕਾਫੀ ਜੁੜੀ ਹੋਈ ਸੀ। ਉਸ ਵੇਲੇ ਮੇਰੀ ਉਮਰ ਗਿਆਰਾਂ ਸਾਲਾਂ ਦੀ ਸੀ। ਸਾਡੇ ਪਿੰਡ ਦੋ ਸਾਧੂ ਆਏ। ਉਹ ਮਹਾਂਦੇਵ ਦੇ ਭਗਤ ਨੂੰ ਲੱਭਦੇ-ਲੱਭਦੇ ਸਾਡੇ ਘਰ ਪਹੁੰਚ ਗਏ ਅਤੇ ਪੁੱਛਣ ਲੱਗੇ ਜੇ ਕਿਸੇ ਨੇ ਮਹਾਂਦੇਵ ਦਾ ਭਗਤ ਦੇਖਿਆ ਹੋਵੇ ਤਾਂ ਦੱਸੋ। ਭਗਤ ਜੀ ਬ੍ਰਹਮ ਗਿਆਨੀ ਹਨ। ਮਹਾਂਦੇਵ ਉਸ ਦੇ ਅੰਗ ਸੰਗ ਰਹਿੰਦੇ ਹਨ। ਜੋ ਬਚਨ ਕਹਿ ਦੇਣ ਪੂਰਾ ਹੋ ਜਾਂਦਾ ਹੈ। ਕਦੀ ਕਦੀ ਸਮਾਧੀ ਵਿੱਚ ਅਲੋਪ ਹੋ ਜਾਂਦੇ ਹਨ। ਇੱਕ ਸਾਧੂ ਬਹੁਤ ਵੈਰਾਗ ਵਿੱਚ ਆ ਕੇ ਕਹਿਣ ਲੱਗਾ, ਮੈਂ ਮਹਾਂਦੇਵ ਜੀ ਦੇ ਭਗਤ ਬਗੈਰ ਜੀ ਨਹੀਂ ਸਕਦਾ। ਉਹ ਐਸਾ ਬੈਰਾਗੀ ਬਣਿਆ, ਲੋਕਾਂ ਨੇ ਸਮਝਿਆ ਕਿ ਉਹ ਵਾਕਈ ਪਹੁੰਚਿਆ ਹੋਇਆ ਭਗਤ ਹੋਵੇਗਾ, ਉਸ ਦੀ ਜ਼ਰੂਰ ਖੋਜ ਕਰਨੀ ਚਾਹੀਦੀ ਹੈ ਦੂਸਰੇ ਪਿੰਡ ਜਾ ਕੇ ਵੀ ਉਹਨਾਂ ਇਸੇ ਤਰ੍ਹਾਂ ਕੀਤਾ। ਆਲੇ ਦੁਆਲੇ ਪਿੰਡਾਂ ਦੇ ਲੋਕਾਂ ਨੂੰ ਵਿਸ਼ਵਾਸ ਹੋ ਗਿਆ ਕਿ ਮਹਾਂਦੇਵ ਦਾ ਭਗਤ ਕਿਤੇ ਨੇੜੇ ਹੀ ਹੋਵੇਗਾ। ਸਾਧੂਆਂ ਨੇ ਚਾਰ ਪੰਜ ਪਿੰਡਾਂ ਵਿਚਕਾਰ ਇੱਕ ਜਗ੍ਹਾ ਲੱਭ ਕੇ ਉਥੇ ਆਪਣਾ ਡੇਰਾ ਜਮਾ ਲਿਆ। ਤਿੰਨ ਮੁਸ਼ਕਾਂ ਪਾਣੀ ਦੀਆਂ ਭਰ ਕੇ ਦਬਾ ਦਿਤੀਆਂ। ਇੱਕ ਸਮਾਧੀ ਲਾ ਕੇ ਬੈਠ ਗਿਆ। ਪਿੰਡ ਵਾਲਿਆਂ ਲੋਕਾਂ ਨੇ ਸਮਝਿਆ ਕਿ ਮਹਾਂਦੇਵ ਦਾ ਭਗਤ ਪ੍ਰਗਟ ਹੋ ਗਿਆ ਹੈ। ਆਲੇ ਦੁਆਲੇ ਪਿੰਡਾਂ ਦੇ ਲੋਕ ਇਕੱਠੇ ਹੋ ਗਏ। ਉਸ ਵਕਤ ਉਹ ਸਮਾਧੀ ਵਿੱਚ ਬੈਠਾ ਸੀ। ਜਦੋਂ ਉਸ ਨੇ ਅੱਖਾਂ ਖੋਲੀਆਂ ਤਾਂ ਕਹਿਣ ਲੱਗਾ ਕਿ ਇਹ ਜਗ੍ਹਾ ਬਹੁਤ ਪਵਿੱਤਰ ਹੈ ਸਾਨੂੰ ਮਹਾਂਦੇਵ ਜੀ ਨੇ ਬਤਾਇਆ ਹੈ ਇਸ ਜਗ੍ਹਾ ਗੰਗਾ, ਜਮੁਨਾ ਤੇ ਸਰਸਵਤੀ ਇੱਕਠੀਆਂ ਹੋਣਗੀਆਂ। ਜਿਥੇ ਪਾਣੀ ਦੀਆਂ ਮੁਸ਼ਕਾਂ ਦੱਬੀਆਂ ਸਨ ਉਥੇ ਤਰਸ਼ੂਲ ਮਾਰਿਆ ਤੇ ਉਥੋਂ ਪਾਣੀ ਨਿਕਲਣ ਲੱਗ ਪਿਆ। ਸਾਰੇ ਲੋਕ ਭਗਤ ਜੀ ਨੂੰ ਮੱਥਾ ਟੇਕਣ ਲੱਗੇ। ਉਸ ਨੇ ਕਿਹਾ, ਇਸ ਪਵਿਤਰ ਜਗ੍ਹਾ ਦੇ ਭਾਗ ਜਾਗੇ ਹਨ। ਗੰਗਾ, ਜਮੁਨਾ ਤੇ ਸਰਸਵਤੀ ਇਥੇ ਪ੍ਰਗਟ ਹੋਈਆਂ ਹਨ। ਭਗਵਾਨ ਮਹਾਂਦੇਵ ਦੀ ਬਹੁਤ ਕ੍ਰਿਪਾ ਹੋਈ ਹੈ। ਇਥੇ ਮੰਦਰ ਤੇ ਸਰੋਵਰ ਜਲਦੀ ਬਣ ਜਾਵੇ ਤਾਂ ਮਹਾਂਦੇਵ ਪ੍ਰਸੰਨ ਹੋਣਗੇ। ਗੰਗਾ, ਜਮਨਾ ਤੇ ਸਰਸਵਤੀ ਦੇ ਜਲ ਨਾਲ ਖੇਤੀਬਾੜੀ ਹਰੀ ਭਰੀ ਹੋ ਜਾਵੇਗੀ। ਪਰ ਸਭ ਤੋਂ ਪਹਿਲਾਂ ਇੱਕ ਤਖਤਪੋਸ਼ ਬੈਠਣ ਵਾਸਤੇ ਬਣਾ ਕੇ ਦਿਉ। ਭਗਵਾਨ ਮਹਾਂਦੇਵ ਜਦੋਂ ਖੁਸ਼ ਹੋਣਗੇ ਤਾਂ ਸਾਰਿਆਂ ਨੂੰ ਦਰਸ਼ਨ ਦੇਣਗੇ। ਭਗਤ ਜੀ ਨੇ ਤਖਤਪੋਸ਼ ਐਸੇ ਢੰਗ ਨਾਲ ਬਣਾਇਆ ਕਿ ਇੱਕ ਆਦਮੀ ਹੇਠਾਂ ਬੈਠ ਸਕੇ। ਰਾਤ ਨੂੰ ਭਗਤ ਜੀ ਦੇ ਦੋ ਸੇਵਕਾਂ ਵਿਚੋ ਇੱਕ ਸੇਵਕ ਬਾਹਰ ਖੜ੍ਹਾ ਹੋ ਜਾਵੇ ਦੂਸਰਾ ਸੇਵਕ ਤਖਤਪੋਸ਼ ਹੇਠਾਂ ਬੈਠ ਜਾਵੇ। ਭਗਤ ਜੀ ਨੇ ਆਪਣੇ ਉਪਰ ਕੰਬਲੀ ਲਈ ਹੋਈ ਸੀ। ਸੇਵਕ ਨੇ ਥੱਲਿਉ ਸੱਪ ਵਾਲਾ ਧਾਗਾ ਫੜਾ ਦੇਣਾ ਤੇ ਭਗਤ ਜੀ ਨੇ ਆਪਣੇ ਗਲ ਦੁਆਲੇ ਇਸ ਤਰ੍ਹਾਂ ਘੁੰਮਾਉਣਾ ਜਿਸ ਤਰ੍ਹਾਂ ਅਸਲੀ ਸੱਪ ਹੁੰਦਾ ਹੈ ਲੋਕੀ ਸਮਝਦੇ ਮਹਾਂਦੇਵ ਦਾ ਸੱਪ ਆ ਗਿਆ ਹੈ।

ਉਨ੍ਹਾਂ ਦਿਨਾਂ ਵਿੱਚ ਬਿਜਲੀ ਦਾ ਇੰਨਾ ਪ੍ਰਬੰਧ ਨਹੀਂ ਸੀ। ਲੋਕ ਲਾਲਟੈਨ ਤੇ ਦੀਵੇ ਜਗਾਉਂਦੇ ਸਨ। ਉਥੇ ਲਾਲਟੈਨ ਜਗਾਈ ਹੋਈ ਸੀ ਸਾਧੂ ਕਹਿੰਦੇ ਭਗਤ ਜੀ ਦੇ ਕੋਲ ਨਹੀਂ ਜਾਣਾ, ਉਨ੍ਹਾਂ ਦੇ ਕੋਲ ਸੱਪ ਆਉਂਦੇ ਹਨ। ਉਨ੍ਹਾਂ ਨੇ ਦਾਇਰਾ ਬਣਾਇਆ ਹੋਇਆ ਸੀ ਕਿ ਇਸ ਦੇ ਅੰਦਰ ਕੋਈ ਜਾ ਨਹੀਂ ਸਕਦਾ। ਕਾਫ਼ੀ ਵੱਡਾ ਚੱਕਰ ਸੀ ਲੋਕ ਦੂਰ ਖੜ੍ਹੇ ਸਨ, ਬਹੁਤਾ ਦਿਖਾਈ ਨਹੀਂ ਦਿੰਦਾ ਸੀ। ਭਗਤ ਜੀ ਨੇ ਸਿਰ ਵਿੱਚ ਇੱਕ ਬਲਬ ਲਗਾਇਆ ਹੋਇਆ ਸੀ, ਜਿਹੜਾ ਸੇਵਕ ਤਖ਼ਤਪੋਸ਼ ਹੇਠਾਂ ਬੈਠਾ ਹੁੰਦਾ ਸੀ ਉਹ ਬੈਟਰੀ ਨਾਲ ਬਲਬ ਦੀਆਂ ਤਾਰਾਂ ਲਗਾ ਦਿੰਦਾ ਤੇ ਭਗਤ ਜੀ ਦੇ ਸਿਰ ਵਿੱਚ ਚਾਨਣਾ ਹੋ ਜਾਂਦਾ, ਜਿਹੜਾ ਸੇਵਕ ਬਾਹਰ ਪਹਿਰੇ ਤੇ ਖੜ੍ਹਾ ਹੁੰਦਾ ਉਸਨੇ ਬੋਲਣਾ 'ਹਰਿ ਹਰਿ ਮਹਾਂਦੇਵ, ਹਰਿ ਹਰਿ ਮਹਾਂਦੇਵ' ਤੇ ਸਾਰਿਆਂ ਨੇ ਵੀ ਮਗਰ ਬੋਲਣਾ। ਲੋਕਾਂ ਦਾ ਭਗਤ ਉਪਰ ਵਿਸ਼ਵਾਸ ਹੋ ਗਿਆ ਤੇ ਸ਼ਰਧਾ ਹੋਰ ਵੀ ਵੱਧ ਗਈ। ਸਾਰਿਆਂ ਨੇ ਸਲਾਹ ਬਣਾਈ ਕਿ ਮੰਦਰ ਤੇ ਸਰੋਵਰ ਜਲਦੀ ਬਣਾਉਣਾ ਚਾਹੀਦਾ ਹੈ ਲੋਕਾਂ ਨੇ ਪੈਸੇ ਇੱਕਠੇ ਕਰਨੇ ਸ਼ੁਰੂ ਕਰ ਦਿੱਤੇ।

ਇਕ ਦਿਨ ਪਿੰਡ ਦਾ ਲੰਬੜਦਾਰ ਆਇਆ। ਭਗਤ ਜੀ ਨੇ ਉਸਨੂੰ ਕਿਹਾ, "ਹੇ ਭਗਤ ਜਨ ਆਪ ਦੇ ਉਪਰ ਮਹਾਂਦੇਵ ਬਹੁਤ ਖ਼ੁਸ਼ ਹਨ ਤੈਨੂੰ ਉਸ ਦਰਖਤ ਦੇ ਨੇੜੇ ਪੱਥਰ ਥੱਲੇ ਪੰਜ ਚਾਂਦੀ ਦੇ ਰੁਪਏ ਮਿਲਣਗੇ।" ਇਹ ਸਾਰਾ ਕੁਝ ਸੇਵਕਾਂ ਨੇ ਪਹਿਲਾਂ ਹੀ ਸੈਟ ਕੀਤਾ ਹੋਇਆ ਸੀ। ਲੰਬੜਦਾਰ ਨੇ ਪੁੱਟ ਕੇ ਦੇਖਿਆ ਤਾਂ ਉਸ ਨੂੰ ਪੰਜ ਰੁਪਏ ਮਿਲੇ। ਉਹ ਬਹੁਤ ਖ਼ੁਸ਼ ਹੋਇਆ ਕਿ ਭਗਤ ਜੀ ਅੰਤਰਜਾਮੀ ਹਨ ਤੇ ਪੈਸੇ ਲੈ ਕੇ ਭਗਤ ਜੀ ਦੇ ਪਾਸ ਆ ਗਿਆ। ਭਗਤ ਜੀ ਨੇ ਕਿਹਾ, ਇਹ ਪੈਸੇ ਮਹਾਂਦੇਵ ਦੀ ਭੇਟ ਕਰ ਦਿਉ। ਮਹਾਂਦੇਵ ਦੀ ਕ੍ਰਿਪਾ ਨਾਲ ਅਗਲੇ ਹਫਤੇ ਆਪ ਨੂੰ ਦਸ ਰੁਪਏ ਮਿਲਣਗੇ ਤੇ ਚੌਥੇ ਹਫਤੇ ਸੋਨੇ ਦੀਆ ਮੋਹਰਾਂ। ਲੰਬੜਦਾਰ ਦੀ ਸ਼ਰਧਾ ਹੋਰ ਵੀ ਵੱਧ ਗਈ ਤੇ ਦਿਨ ਰਾਤ ਪੈਸੇ ਇੱਕਠੇ ਕਰਨ ਲੱਗਾ। ਆਪਣੀ ਘਰ ਵਾਲੀ ਦਾ ਸੋਨਾ ਵੀ ਲਿਆ ਕੇ ਦੇ ਦਿੱਤਾ ਪਈ ਮੈਨੂੰ ਤੇ ਚੌਥੇ ਹਫਤੇ ਸੋਨੇ ਦੀਆਂ ਮੋਹਰਾ ਮਿਲ ਹੀ ਜਾਣੀਆਂ ਹਨ। ਦੂਸਰੇ ਹਫਤੇ ਦਸ ਰੁਪਏ ਨਿਕਲੇ। ਲੰਬੜਦਾਰ ਬਹੁਤ ਖ਼ੁਸ਼ ਹੋਇਆ ਇਹ ਰੁਪਏ ਵੀ ਭਗਤ ਜੀ ਦੀ ਭੇਟ ਚੜ੍ਹਾ ਦਿੱਤੇ। ਭਗਤ ਜੀ ਨੇ ਕਿਹਾ, ਮਹਾਂਦੇਵ ਤੇਰੇ ਉਪਰ ਇੰਨੇ ਪ੍ਰਸੰਨ ਹਨ ਕਿ ਮਾਇਆ ਤੇਰੇ ਕੋਲੋਂ ਦਸ ਪੀੜ੍ਹੀਆਂ ਨਹੀਂ ਮੁਕਣੀ। ਆਪ ਖ਼ੂਬ ਮਨ ਲਗਾ ਕੇ ਸੇਵਾ ਕਰੋ। ਇਹ ਕਿਸੇ ਹੋਰ ਨੂੰ ਨਾ ਦੱਸੀ, ਨਹੀਂ ਤਾਂ ਇਸ ਦਾ ਫਲ ਕਿਸੇ ਹੋਰ ਨੂੰ ਮਿਲ ਜਾਵੇਗਾ। ਲੰਬੜਦਾਰ ਨੇ ਚੰਗੇ ਚੰਗੇ ਬੰਦੇ ਇੱਕਠੇ ਕਰ ਕੇ ਘਰ ਘਰ ਜਾ ਕੇ ਮਾਇਆ ਇੱਕਠੀ ਕਰਨੀ ਸ਼ੁਰੂ ਕਰ ਦਿੱਤੀ। ਲੋਕ ਦਿਲ ਖੋਲ ਕੇ ਮਾਇਆ ਦੇਣ ਲੱਗੇ। ਬੀਬੀਆ ਸੋਨੇ ਦੇ ਗਹਿਣੇ ਵੀ ਦੇਣ ਲੱਗੀਆ। ਸਾਰਿਆਂ ਪਿੰਡਾਂ ਵਿੱਚ ਪਤਾ ਲੱਗ ਗਿਆ ਕਿ ਜਦੋ ਭਗਤ ਜੀ ਦੇ ਸਿਰ ਤੇ ਚਾਨਣਾ ਹੁੰਦਾ ਹੈ ਤੇ ਮਹਾਂਦੇਵ ਆਪ ਹਾਜਰ ਹੁੰਦੇ ਹਨ। ਸਾਰਿਆ ਨੇ ਬਹੁਤ ਚਾਅ ਅਤੇ ਖ਼ੁਸ਼ੀ ਹੋਈ ਕਿ ਅਸੀ ਭਗਤ ਜੀ ਦੇ ਦਰਸਨ ਕਰਕੇ ਆਪਣਾ ਜਨਮ ਸਫਲ ਕਰਾਂਗੇ। ਰਾਤ ਨੂੰ ਲੰਬੜਦਾਰ ਇੱਕ ਬੋਰੀ ਰੱਖ ਦਿੰਦਾ ਕਿ ਮੰਦਰ ਲਈ ਸਾਰੇ ਪੈਸੇ

ਇਸ ਵਿੱਚ ਪਾਉ। ਜਦੋਂ ਸਾਰੀ ਸੰਗਤ ਘਰਾਂ ਨੂੰ ਚਲੀ ਜਾਂਦੀ ਤੇ ਇੱਕ ਸੇਵਕ ਮਾਇਆ ਇੱਕਠੀ ਕਰਕੇ ਸੰਭਾਲ ਕੇ ਰੱਖ ਲੈਂਦਾ। ਤਿੰਨ ਹਫਤੇ ਇਸ ਤਰ੍ਹਾਂ ਚੱਕਰ ਚਲਦਾ ਰਿਹਾ। ਮੁਸ਼ਕਾਂ ਵਿੱਚੋਂ ਪਾਣੀ ਮੁਕਣ ਲੱਗਾ। ਇੱਕ ਰਾਤ ਤਿੰਨੇ ਮਾਇਆ ਇੱਕਠੀ ਕਰਕੇ ਖਿਸਕ ਗਏ। ਲੋਕਾਂ ਨੇ ਦੇਖਿਆ ਭਗਤ ਜੀ ਵੀ ਉੱਥੇ ਨਹੀਂ ਹਨ। ਤਖ਼ਤਪੋਸ਼ ਹੇਠਾਂ ਦੇਖਿਆ ਤਾਂ ਡਰ ਗਏ ਕਿ ਉਥੇ ਸੱਪ ਸੀ। ਸਿਆਣੇ ਲੋਕਾਂ ਨੇ ਧਿਆਨ ਨਾਲ ਦੇਖਿਆ ਤਾਂ ਰਬੜ ਦਾ ਸੱਪ ਨਿਕਲਿਆ। ਜਿਥੇ ਪਾਣੀ ਸਿੰਮਦਾ ਸੀ ਉਥੇ ਪੁਟ ਕੇ ਦੇਖਿਆ, ਉਥੇ ਪਾਣੀ ਦੀਆਂ ਮੁਸ਼ਕਾਂ ਸਨ। ਲੋਕਾਂ ਨੂੰ ਪਤਾ ਲੱਗ ਗਿਆ ਕਿ ਉਹ ਪੂਰੇ ਠੱਗ ਸਨ। ਲੰਬੜਦਾਰ ਸਭ ਤੋਂ ਪਹਿਲਾਂ ਉਥੇ ਗਿਆ ਜਿਥੋਂ ਉਸ ਨੂੰ ਮੋਹਰਾਂ ਮਿਲਣੀਆਂ ਸਨ। ਉਥੇ ਵੀ ਮਟਕਾ ਖਾਲੀ ਮਿਲਿਆ। ਲੰਬੜਦਾਰ ਮੱਥੇ ਤੇ ਹੱਥ ਮਾਰਨ ਲੱਗਾ ਕਿ ਮੇਰੀ ਮਾੜੀ ਕਿਸਮਤ, ਮੈਂ ਤਾਂ ਜੋ ਕੁਝ ਮੇਰੇ ਕੋਲ ਸੀ, ਸਭ ਕੁਝ ਦੇ ਦਿੱਤਾ। ਉਸਨੇ ਪੁਲਿਸ ਕੋਲ ਜਾ ਕੇ ਰਿਪੋਰਟ ਲਿਖਾਈ। ਜਦੋਂ ਪੁਲਿਸ ਨੇ ਹੁਲੀਆ ਪੁਛਿਆ ਤਾਂ ਉਸ ਨੇ ਦੱਸਿਆ ਕਿ ਉਨ੍ਹਾਂ ਸਾਰਿਆਂ ਨੇ ਮੂੰਹ ਤੇ ਸੁਆਹ ਮਲੀ ਹੋਈ ਸੀ, ਕੁਝ ਪਤਾ ਨਹੀਂ ਲੱਗਦਾ ਸੀ।

ਅੱਜ ਕਲ੍ਹ ਪੜ੍ਹੇ ਲਿਖੇ ਲੋਕ ਵੀ ਇਸ ਚੱਕਰ ਵਿੱਚ ਫਸ ਜਾਂਦੇ ਹਨ, ਇਹਨਾਂ ਠੱਗ ਸਾਧੂਆਂ ਕੋਲੋਂ ਰੱਬ ਹੀ ਬਚਾਵੇ।

*****

# ਜੈਨੀ ਸਾਧੂ

ਨਿਉਲੀ ਕਰਮ ਕਰੈ ਬਹੁ ਆਸਨ ॥
ਜੈਨ ਮਾਰਗ ਸੰਜਮ ਅਤਿ ਸਾਧਨ ॥
*(ਸੁਖਮਨੀ ਸਾਹਿਬ)*

ਕੁਝ ਸਮੇਂ ਬਾਅਦ ਸਾਡੇ ਘਰ ਜੈਨੀ ਸਾਧੂਆਂ ਦਾ ਟੋਲਾ ਆ ਗਿਆ । ਉਨ੍ਹਾਂ ਦੇ ਨਾਲ ਦੋ ਚੇਲੇ ਵੀ ਸਨ । ਇੱਕ ਨਵਾਂ ਲੜਕਾ ਜੋ ਜੈਨੀ ਸਾਧੂ ਬਣਨਾ ਚਾਹੁੰਦਾ ਸੀ, ਇੱਕ ਦਿਨ ਬੇਨਤੀ ਕਰਨ ਲੱਗਾ, "ਬਾਬਾ ਜੀ ਮੈਨੂੰ ਦੋ ਸਾਲ ਹੋ ਗਏ ਤੁਹਾਡੀ ਸੇਵਾ ਕਰਦਿਆਂ ਪਰ ਅਜੇ ਤੱਕ ਤੁਸੀਂ ਮੈਨੂੰ ਜੈਨੀ ਸਾਧੂ ਨਹੀਂ ਬਣਾਇਆ ਮੇਰੇ ਉਪਰ ਕ੍ਰਿਪਾ ਕਰੋ ।" ਬਾਬਾ ਜੀ ਕਹਿਣ ਲੱਗੇ "ਤੇਰੇ ਤੇ ਕ੍ਰਿਪਾ ਹੋ ਗਈ ਹੈ, ਦੋ ਦਿਨਾਂ ਬਾਅਦ ਵੱਡੇ ਬਾਬਾ ਜੀ ਦਾ ਜਨਮ ਦਿਨ ਆ ਰਿਹਾ ਹੈ, ਅਸੀਂ ਤੈਨੂੰ ਉਸ ਦਿਨ ਸਾਧੂ ਬਣਾਵਾਂਗੇ ।" ਬਾਬਾ ਜੀ ਨੇ ਮੈਨੂੰ ਕਿਹਾ "ਜਾ ਰਾਮ ਜੀ ਸੁਆਹ ਲੈ ਕੇ ਆ ।" ਮੈਂ ਮਾਤਾ ਜੀ ਨੂੰ ਕਿਹਾ ਕਿ ਬਾਬਾ ਜੀ ਸੁਆਹ ਮੰਗ ਰਹੇ ਹਨ । ਮਾਤਾ ਜੀ ਨੇ ਕੌਲੀ ਵਿੱਚ ਥੋੜ੍ਹੀ ਜਿਹੀ ਸੁਆਹ ਪਾ ਦਿੱਤੀ । ਮੈਂ ਸੋਚਿਆ ਦੰਦ ਸਾਫ ਕਰਨੇ ਹੋਣਗੇ ਤੇ ਬਾਬਾ ਜੀ ਪਾਸ ਲੈ ਗਿਆ । ਬਾਬਾ ਜੀ ਨੇ ਕਿਹਾ, "ਇਹ ਬਹੁਤ ਥੋੜ੍ਹੀ ਹੈ, ਸਾਨੂੰ ਇੱਕ ਵੱਡੀ ਬਾਲਟੀ ਚਾਹੀਦੀ ਹੈ ।" ਮੈਂ ਸੋਚਿਆ ਵੱਡੀ ਬਾਲਟੀ ! ਪਤਾ ਨਹੀਂ ਬਾਬਾ ਜੀ ਨੇ ਪ੍ਰਸ਼ਾਦਾ ਛੱਡਣਾ ਹੈ ਤੇ ਸੁਆਹ ਘੋਲ ਕੇ ਪੀਣੀ ਹੈ, ਦੁਬਾਰਾ ਮੈਂ ਮਾਤਾ ਜੀ ਨੂੰ ਕਿਹਾ ਕਿ ਸੁਆਹ ਦੀ ਵੱਡੀ ਬਾਲਟੀ ਚਾਹੀਦੀ ਹੈ । ਮਾਤਾ ਜੀ ਵੱਡੀ ਬਾਲਟੀ ਲੈ ਕੇ ਲੋਕਾਂ ਦੇ ਘਰ ਘਰ ਜਾ ਕੇ ਸੁਆਹ ਇੱਕਠੀ ਕਰਨ ਲੱਗੇ । ਆਂਢ ਗੁਆਂਢ ਦੀਆਂ ਬੀਬੀਆਂ ਕਹਿਣ ਲੱਗੀਆਂ, ਲੱਛਮੀ ਦੇਵੀ ! ਆਟਾ ਤੇ ਮੰਗਦਿਆਂ ਸੁਣਿਆ ਹੈ ਪਰ ਤੂੰ ਸੁਆਹ ਮੰਗ ਰਹੀ ਹੈਂ । ਮੇਰੀ ਮਾਤਾ ਜੀ ਨੇ ਕਿਹਾ, "ਭੈਣੋ ਸਾਡੇ ਘਰ ਸਾਧੂ ਆਏ ਹੋਏ ਹਨ ਉਨ੍ਹਾਂ ਨੂੰ ਸੁਆਹ ਚਾਹੀਦੀ ਹੈ ।" ਜਦੋਂ ਬਾਲਟੀ ਭਰ ਗਈ ਤੇ ਮੈਂ ਬਾਬਾ ਜੀ ਦੇ ਕੋਲ ਲੈ ਗਿਆ । ਸਾਧੂ ਦੇ ਚੇਲਿਆਂ ਨੇ ਲੜਕੇ ਨੂੰ ਥੱਲੇ ਬਿਠਾ ਕੇ ਸਿਰ ਵਿੱਚ ਸੁਆਹ ਮਲਣੀ ਸ਼ੁਰੂ ਕਰ ਦਿੱਤੀ । ਸੁਆਹ ਮਲਣ ਨਾਲ ਵਾਲਾਂ ਦੀਆਂ ਜੜ੍ਹਾਂ ਕਮਜ਼ੋਰ ਹੋ ਜਾਂਦੀਆਂ ਹਨ ਤੇ ਵਾਲ ਪੁਟਣੇ ਸੌਖੇ ਹੋ ਜਾਂਦੇ ਹਨ, ਖੂਨ ਘੱਟ ਨਿਕਲਦਾ ਹੈ, ਜਦੋਂ ਖੂਨ ਨਿਕਲਦਾ ਸੀ ਉਹ ਉਸ ਉਤੇ ਸੁਆਹ ਪਾ ਦਿੰਦੇ ਸਨ । ਵਾਲ ਪੁਟਦੇ ਪੁਟਦੇ ਉਹ ਵਿਚਾਰਾ ਬਿਹੋਸ਼ ਹੋ ਗਿਆ । ਬਾਬਾ ਜੀ ਨੇ ਮੈਨੂੰ ਕਿਹਾ, "ਜਾ ਰਾਮ, ਦੁਧ ਲੈ ਕੇ ਆ ।" ਮੈਂ ਰਸੋਈ ਵਿਚ ਗਿਆ ਤਾਂ ਦੇਖਿਆ ਮਾਤਾ ਜੀ ਨੇ ਜਾਗ ਲਾਉਣ ਵਾਸਤੇ ਦੁੱਧ ਗਰਮ ਕੀਤਾ ਸੀ ਮੈਂ ਉਸ ਵਿੱਚੋਂ ਦੁੱਧ ਲੈ ਗਿਆ । ਦੁਧ ਪੀਣ ਬਾਅਦ ਉਸ ਨੂੰ ਹੋਸ਼ ਆਈ ਤਾਂ ਬੋਲਿਆ ਅਗਰ ਮੈਨੂੰ ਪਤਾ ਹੁੰਦਾ ਜੈਨੀ ਸਾਧੂ ਬਣਨਾ ਏਨਾ ਕਠਨ ਹੈ ਤਾਂ ਮੈਂ ਕਦੀ ਵੀ ਨਾ ਕਹਿੰਦਾ । ਬਾਬਾ ਜੀ ਨੇ ਕਿਹਾ, "ਚੌਰਾਸੀ ਲੱਖ ਜੂਨ ਤੋਂ ਛੁਟਕਾਰਾ ਪਾਉਣ ਵਾਸਤੇ ਥੋੜ੍ਹਾ ਦੁੱਖ ਤਾਂ ਝੱਲਣਾ ਹੀ ਪੈਂਦਾ ਹੈ ।" ਦੂਸਰੇ ਦਿਨ ਉਸ ਨੂੰ ਇਸ਼ਨਾਨ ਕਰਵਾ ਕੇ ਬਾਬਾ ਜੀ ਨੇ ਉਸਦੇ ਮੂੰਹ ਤੇ ਪੱਟੀ ਬੰਨ ਦਿੱਤੀ ਤੇ ਕਿਹਾ, "ਤੇਰੇ ਮਾਂ ਬਾਪ ਧੰਨ

ਹਨ ਤੂੰ ਜੈਨ ਧਰਮ ਕਬੂਲ ਕੀਤਾ ਹੈ। ਧਰਮ ਰਾਜ ਇਹ ਦੇਖ ਕੇ ਬਹੁਤ ਪ੍ਰਸੰਨ ਹੋਵੇਗਾ ਕਿ ਤੂੰ ਬਹੁਤ ਪੁੰਨ ਖੱਟ ਕੇ ਆਇਆ ਹੈ। ਪੱਟੀ ਬੰਨਣ ਨਾਲ ਤੇਰੇ ਮੂੰਹ ਵਿੱਚ ਕੀੜਾ ਮਕੌੜਾ ਨਹੀਂ ਗਿਆ ਤੇ ਤੂੰ ਕੋਈ ਪਾਪ ਨਹੀਂ ਕੀਤਾ, ਤੇਰੀ ਪੱਟੀ ਦੇਖ ਕੇ ਸਿਧਾ ਸਵਰਗ ਵਿੱਚ ਪਹੁੰਚਾ ਦੇਵੇਗਾ।"

ਇਹ ਜੈਨ ਧਰਮ ਅਨੁਸਾਰ ਨਿਰਵਾਣ ਪ੍ਰਾਪਤ ਕਰਨਾ ਤੇ ਪ੍ਰਮਾਤਮਾ ਦੇ ਦਰ ਤੇ ਕਬੂਲ ਹੋਣ ਦਾ ਧਰਮ ਕਰਮ ਹੈ। ਪਰ ਦਾਸ ਆਪਣੇ ਆਪ ਨੂੰ ਭਾਗਾਂ ਵਾਲਾ ਸਮਝਦਾ ਹੈ ਕਿ ਪ੍ਰਮਾਤਮਾ ਨੇ ਇਸ ਤਰ੍ਹਾਂ ਦੇ ਕੌਤਕ ਵਰਤਾ ਕੇ ਦਾਸ ਨੂੰ ਕਰਮਕਾਂਡ ਦੇ ਪਖੰਡਾਂ ਦਾ ਖੋਖਲਾਪਨ ਪ੍ਰਗਟ ਕੀਤਾ।

ਪਿੰਡ ਵਿੱਚ ਕੋਈ ਵੀ ਸਾਧੂ ਮਹਾਤਮਾ ਆਉਂਦਾ ਤਾਂ ਪਿੰਡ ਵਾਲੇ ਸਾਡੇ ਘਰ ਲੈ ਆਉਂਦੇ। ਹਰੇਕ ਆਏ ਗਏ ਮਹਾਤਮਾ ਦੀ ਸੇਵਾ ਕੀਤੀ ਜਾਂਦੀ। ਇੱਕ ਹੋਰ ਸਾਧੂ ਆਇਆ ਉਸ ਦਾ ਪ੍ਰਣ ਸੀ ਸਾਰੀ ਉਮਰ ਖੜ੍ਹਾ ਰਹਿਣਾ, ਇਹ ਵੀ ਹਿੰਦੂ ਧਰਮ ਵਿੱਚ ਪ੍ਰਮਾਤਮਾ ਨੂੰ ਮਿਲਣ ਦਾ ਸਾਧਨ ਹੈ। ਇਹ ਵੀ ਇੱਕ ਤਕੜਾ ਹਠ ਹੈ, ਇਹ ਸਾਧੂ ਬਾਰਾਂ ਸਾਲ ਤੋਂ ਖੜ੍ਹੇ ਹੋ ਕੇ ਤਪੱਸਿਆ ਕਰ ਰਿਹਾ ਸੀ ਆਮ ਜਗਿਆਸੂ ਲਈ ਇਹ ਬਹੁਤ ਕਠਨ ਹੈ।

ਇੱਕ ਹੋਰ ਸਾਧੂ ਆਇਆ। ਇਹ ਤਿਲਕਧਾਰੀ ਤੇ ਇੰਦਰ ਦੇਵਤਾ ਦੀ ਨਕਲ ਕਰ ਰਿਹਾ ਸੀ। ਮਾਤਾ ਜੀ ਨੇ ਮੈਨੂੰ ਕਿਹਾ, ਬਾਬਾ ਜੀ ਨੂੰ ਕਹੋ ਭੋਜਨ ਤਿਆਰ ਹੈ ਛਕ ਲਉ। ਜਦੋਂ ਮੈਂ ਸੱਦਣ ਗਿਆ, ਬਾਬਾ ਜੀ ਉਸ ਵੇਲੇ ਤਿਲਕ ਲਗਾਉਣ ਵਾਸਤੇ ਚੰਦਨ ਰਗੜ ਰਹੇ ਸਨ। ਉਨ੍ਹਾਂ ਨੂੰ ਅੱਧਾ ਘੰਟਾ ਲੱਗ ਗਿਆ ਤੇ ਇੱਕ ਵਾਰੀ ਵੀ ਰਾਮ ਦਾ ਨਾਮ ਨਹੀਂ ਲਿਆ। ਉਨ੍ਹਾਂ ਨੇ ਕਿਹਾ,

"ਮੇਰਾ ਨਿਯਮ ਹੈ ਮੈਂ ਪਹਿਲਾਂ ਤਿਲਕ ਲਗਾਉਂਦਾ ਹਾਂ ਫਿਰ ਭੋਜਨ ਪਾਨ ਕਰਦਾ ਹਾਂ।"

ਮੈਂ ਪੁਛਿਆ, "ਬਾਬਾ ਜੀ ਤੁਸੀਂ ਤਿਲਕ ਕਿਉਂ ਲਗਾਉਂਦੇ ਹੋ?"

ਮੈਨੂੰ ਗੁੱਸੇ ਵਿੱਚ ਕਹਿਣ ਲੱਗਾ ਤੂੰ ਅਜੇ ਬੱਚਾ ਹੈਂ ਪੁੱਛ ਕੇ ਕੀ ਲੈਣਾ ਹੈ। ਮੈਂ ਕਿਹਾ, ਇੱਕ ਦਿਨ ਮੈਂ ਵੀ ਤਿਲਕ ਲਗਾਵਾਂਗਾ। ਫਿਰ ਉਸ ਨੇ ਦੱਸਿਆ ਕਿ ਤਿਲਕ ਲਗਾਉਣ ਨਾਲ ਧਰਮਰਾਜ ਬਹੁਤ ਸਤਿਕਾਰ ਕਰਦਾ ਹੈ ਤੇ ਸਿੱਧਾ ਸਵਰਗ ਵਿਚ ਭੇਜ ਦਿੰਦਾ ਹੈ। ਇਹ ਤਿਲਕ ਲਗਾ ਕੇ ਪ੍ਰਮਾਤਮਾ ਦੇ ਦਰ ਤੇ ਕਬੂਲ ਹੋਣਾ ਬੜਾ ਅਸਾਨ ਲੱਗਾ ਪਰ ਮਨ ਵਿੱਚ ਖਿਆਲ ਆਇਆ ਕਿ ਇਸ ਤਰ੍ਹਾਂ ਤਾਂ ਸਾਰੇ ਲੋਕ ਤਿਲਕ ਲਗਾ ਕੇ ਸਵਰਗਾਂ ਨੂੰ ਜਾ ਸਕਦੇ ਹਨ, ਭਗਤੀ ਕਰਨ ਦੀ ਕੀ ਲੋੜ ਹੈ? ਇਥੇ ਦਾਸ ਨੂੰ ਸ਼ੰਕ ਹੋਈ ਕਿ ਇਹ ਤਾਂ ਨਿਰਾ ਵਹਿਮ ਹੀ ਹੈ ਇਸ ਨਾਲੋਂ ਤਾਂ ਜਦੋਂ ਦਾਸ ਨੇ ਛੋਟੇ ਹੁੰਦੇ ਘਰੋਂ ਜਾ ਕੇ ਜੰਗਲ ਵਿੱਚ ਰਾਤ ਰਹਿ ਕੇ

"ਹਰੇ ਰਾਮਾ, ਹਰੇ ਰਾਮਾ"

ਕਰਕੇ ਅਨੰਦ ਮਾਣਿਆ ਸੀ। ਉਹ ਹਜ਼ਾਰ ਦਰਜੇ ਵੱਧ ਪ੍ਰਮਾਤਮਾ ਦੇ ਨੇੜੇ ਲੱਗਿਆ ਸੀ। ਦਾਸ ਦੀ ਕੋਸ਼ਿਸ਼ ਤੇ ਭਾਲ ਨੇ ਆਖਰ ਦਾਸ ਨੂੰ ਗੁਰਬਾਣੀ ਰਾਹੀਂ ਸਪਸ਼ਟ ਕਰ ਦਿੱਤਾ ਕਿ ਨਾਮ ਜਪਣ ਤੋਂ ਬਿਨਾ ਦਰਗਾਹ ਵਿੱਚ ਜਗ੍ਹਾ ਨਹੀਂ ਮਿਲਣੀ। ਨਾਮ ਜਪ ਕੇ ਹੀ ਮੁਕਤੀ ਮਿਲਣੀ ਹੈ।

ਕਹੁ ਨਾਨਕ ਇਹੁ ਤਤੁ ਬੀਚਾਰਾ ॥
ਬਿਨੁ ਹਰਿ ਭਜਨ ਨਾਹੀ ਛੁਟਕਾਰਾ ॥
*(ਗਉੜੀ ਮ: 5 ਪੰ:-188)*

ਇਸੇ ਤਰ੍ਹਾਂ ਇੱਕ ਦਿਨ ਲਛਮਣ ਦਾਸ ਨਾਮ ਦਾ ਸਾਧੂ ਆਇਆ ਜੋ ਕਿ ਆਪਣੇ ਸੁਆਸ ਦਸਵੇਂ ਦੁਆਰ ਚੜ੍ਹਾ ਲੈਂਦੇ ਅਤੇ ਉਪਦੇਸ਼ ਦਿੰਦੇ ਸਨ ਕਿ ਇਹ ਪ੍ਰਮਾਤਮਾ ਨੂੰ ਮਿਲਣ ਦੀ ਪਹਿਲੀ ਮੰਜ਼ਿਲ ਹੈ। ਮੈਨੂੰ ਇਹ ਅਭਿਆਸ ਕਰਨ ਲਈ ਤੀਹ ਸਾਲ ਲੱਗ ਗਏ। ਦਾਸ ਸੋਚਣ ਲੱਗਾ ਮੈਨੂੰ ਕੋਈ ਐਸਾ ਮਹਾਂਪੁਰਸ਼ ਮਿਲੇ ਜੋ ਪ੍ਰਮਾਤਮਾ ਨੂੰ ਮਿਲਣ ਦਾ ਸਹੀ ਰਸਤਾ ਦੱਸੇ। ਹਰੇਕ ਸਾਧੂ ਅਲੱਗ-ਅਲੱਗ ਰਸਤਾ ਦੱਸਦੇ ਹਨ। ਸਾਰੇ ਸਾਧੂਆਂ ਦੇ ਬਚਨਾਂ ਅਨੁਸਾਰ ਮੈਨੂੰ ਲੱਗਿਆ ਜਿਸ ਸਾਧੂ ਨੇ ਹਰੇ ਰਾਮਾ ਦਾ ਸਿਮਰਨ ਕਰਾਇਆ ਉਹ ਮਾਰਗ ਪ੍ਰਮਾਤਮਾ ਨੂੰ ਮਿਲਣ ਦਾ ਸਹੀ ਮਾਰਗ ਹੈ।

*****

# ਬ੍ਰਹਮਚਾਰੀ ਮੁਕਤੀ ਦਾ ਸਾਧਨ

ਇੱਕ ਵਾਰੀ ਦੋ ਬ੍ਰਹਮਚਾਰੀ ਸਾਧੂ ਆਏ । ਉਹ ਉਪਦੇਸ਼ ਕਰਦੇ ਸਨ ਕਿ ਜੇ ਸੰਸਾਰ ਤੋਂ ਮੁਕਤ ਹੋਣਾ ਹੈ ਤਾਂ ਬ੍ਰਹਮਚਾਰੀ ਹੋਣਾ ਬਹੁਤ ਜਰੂਰੀ ਹੈ । ਗ੍ਰਹਿਸਤ ਜੀਵਨ ਵਿੱਚ ਰਹਿ ਕੇ ਮੁਕਤ ਨਹੀਂ ਹੋ ਸਕਦੇ । ਉਨ੍ਹਾਂ ਦੱਸਿਆ ਬ੍ਰਹਮਚਾਰੀ ਹੋਣ ਦੇ ਤਿੰਨ ਤਰੀਕੇ ਹਨ । ਪਹਿਲਾ, ਜੰਗਲ ਵਿੱਚ ਜਾ ਕੇ ਪੁਠੇ ਲਟਕ ਜਾਂਦੇ ਤੇ ਇੰਦਰੀ ਨੂੰ ਘੁਟ ਕੇ ਬੰਨ੍ਹ ਦਿੰਦੇ ਸਨ ਤਾਂ ਕਿ ਇੰਦਰੀ ਕਾਮਵਾਸ਼ਨਾ ਦੇ ਕਾਬਲ ਨਾ ਰਹੇ । ਦੂਸਰਾ ਚਰਸ ਪੀਣ ਨਾਲ ਵੀ ਬੰਦਾ ਗ੍ਰਹਿਸਤ ਦੇ ਕਾਬਲ ਨਹੀਂ ਰਹਿੰਦਾ । ਤੀਸਰਾ ਧਨੀਆ ਤੇ ਖਸਖਸ ਰਾਤ ਨੂੰ ਭਿਓਂ ਕੇ ਰਗੜ ਕੇ ਪੀਣ ਨਾਲ ਵੀ ਬੰਦਾ ਗ੍ਰਹਿਸਤ ਦੇ ਕਾਬਲ ਨਹੀਂ ਰਹਿੰਦਾ ।

ਮੈਂ ਸੋਚਿਆ ਇਹ ਵੀ ਮੁਕਤੀ ਦਾ ਸਾਧਨ ਨਹੀਂ ਹੈ । ਦਾਸ ਦੇ ਨਿੱਕੇ ਜਿਹੇ ਮਨ ਵਿੱਚ ਫੁਰਨਾ ਫੁਰਿਆ ਕਿ ਹੋ ਸਕਦਾ ਹੈ ਇਸ ਤਰ੍ਹਾਂ ਬ੍ਰਹਮਚਾਰੀ ਰਹਿ ਕੇ ਮੁਕਤੀ ਮਿਲ ਸਕੇ ਪਰ ਜੇ ਸਾਰੇ ਇਸ ਤਰ੍ਹਾਂ ਸੋਚਣ ਲੱਗ ਪੈਣ ਤਾਂ ਦੁਨੀਆ ਹੀ ਖਤਮ ਹੋ ਜਾਵੇਗੀ ਕਿਉਂਕਿ ਅੱਗੇ ਕੋਈ ਵਾਧਾ ਨਹੀਂ ਹੋਵੇਗਾ । ਇਸ ਢੰਗ ਨਾਲ ਪ੍ਰਮਾਤਮਾ ਦੀ ਦੁਨਿਆਵੀ ਖੇਡ ਨੂੰ ਖਤਮ ਕਰਨਾ ਬਹੁਤ ਵੱਡਾ ਪਾਪ ਹੋਵੇਗਾ । ਦਾਸ ਨੂੰ ਇਸ ਤੋਂ ਸੰਤੁਸ਼ਟੀ ਨਹੀਂ ਮਿਲੀ । ਗੁਰਬਾਣੀ ਨੇ ਇਹ ਸਪਸ਼ਟ ਕਰ ਦਿੱਤਾ ਹੈ ਕਿ ਬ੍ਰਹਮਚਾਰੀ ਰਹਿਣ ਦੇ ਸਾਰੇ ਇਹ ਢੰਗ ਵਰਤ ਕੇ ਵੀ ਬੰਦੇ ਦੇ ਮਨ ਵਿਚ ਕਾਮਵਾਸ਼ਨਾ ਖਤਮ ਨਹੀਂ ਹੁੰਦੀ ਜਿਵੇਂ :

ਪਾਪੀ ਹੀਐ ਮੈ ਕਾਮੁ ਬਸਾਇ ॥
ਮਨੁ ਚੰਚਲੁ ਯਾ ਤੇ ਗਹਿਓ ਨ ਜਾਇ ॥ 1 ॥ ਰਹਾਉ ॥
ਜੋਗੀ ਜੰਗਮ ਅਰੁ ਸੰਨਿਆਸ ॥
ਸਭ ਹੀ ਪਰਿ ਡਾਰੀ ਇਹ ਫਾਸ ॥ 1 ॥
ਜਿਹਿ ਜਿਹਿ ਹਰਿ ਕੋ ਨਾਮੁ ਸਮਾਰਿ ॥
ਤੇ ਭਵ ਸਾਗਰ ਉਤਰੇ ਪਾਰਿ ॥ 2 ॥
ਜਨ ਨਾਨਕ ਹਰਿ ਕੀ ਸਰਨਾਇ ॥
ਦੀਜੈ ਨਾਮੁ ਰਹੈ ਗੁਨ ਗਾਇ ॥ 3 ॥ 2 ॥

*(ਬਸੰਤ ਮ: ੯ ਪੰ:– 1186)*

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਬਚਨ ਹਨ ਕਿ ਨਾਮ ਤੋਂ ਬਗੈਰ ਕਾਮ ਵਾਸ਼ਨਾ ਖਤਮ ਨਹੀਂ ਹੋ ਸਕਦੀ ।

*****

# ਸ਼ਿਵ ਲਿੰਗ ਤੇ ਸਯਦ ਦੀ ਪੂਜਾ

ਹਿੰਦੂ ਧਰਮ ਦੇ ਕਰਮਕਾਂਡ ਦੇ ਢੰਗ ਜਿਨ੍ਹਾਂ ਨੂੰ ਹਿੰਦੂ ਲੋਕ "ਧਰਮ ਕਰਮ" ਸਮਝਦੇ ਹਨ ਪਰ ਕਿਤਨੇ ਖੋਖਲੇ ਹਨ। ਇਹ ਕਰਮ ਕਰਕੇ ਹੀ ਸਮਝਦੇ ਹਨ ਕਿ ਸਵਰਗ ਦੀ ਪ੍ਰਾਪਤੀ ਤੇ ਮੁਕਤੀ ਹਾਸਲ ਹੋ ਜਾਂਦੀ ਹੈ। ਅਸਲ ਤੌਰ ਤੇ ਇਹ ਸ਼ਿਵਲਿੰਗ ਦੀ ਪੂਜਾ ਇਸ ਢੰਗ ਨਾਲ ਕਰਦੇ ਹਨ। ਮੰਦਰ ਵਿੱਚ ਇੱਕ ਪੱਥਰ ਦਾ ਲਿੰਗ ਬਣਾਇਆ ਹੁੰਦਾ ਹੈ ਉਸਦੇ ਉਪਰ ਇੱਕ ਪਾਣੀ ਦਾ ਘੜਾ ਭਰ ਕੇ ਟੰਗ ਦਿੰਦੇ ਹਨ। ਘੜੇ ਦੇ ਥੱਲੇ ਬਰੀਕ ਮੋਰੀ ਕਰਕੇ ਰੂੰ ਰੱਖਿਆ ਹੁੰਦਾ ਹੈ। ਉਥੋਂ ਪਾਣੀ ਦਾ ਤੁਪਕਾ-ਤੁਪਕਾ ਸ਼ਿਵ ਲਿੰਗ ਤੇ ਡਿੱਗ ਕੇ ਆਲੇ ਦੁਆਲੇ ਬਣੇ ਕੁੰਡ ਵਿੱਚ ਜਮ੍ਹਾਂ ਹੋ ਜਾਂਦਾ ਹੈ। ਲੋਕੀ ਇਸ ਨੂੰ ਅੰਮ੍ਰਿਤ ਸਮਝਕੇ ਪੀਂਦੇ ਹਨ, ਇਹ ਵੀ ਹਿੰਦੂ ਧਰਮ ਵਿੱਚ ਮੁਕਤੀ ਦਾ ਸਾਧਨ ਸਮਝਿਆ ਜਾਂਦਾ ਹੈ।

ਐਸੀ ਪੂਜਾ ਕਰਨ ਨਾਲ ਮੁਕਤੀ ਨਹੀਂ ਮਿਲਦੀ। "ਕੀ ਮੁਕਤੀ ਇਤਨੀ ਸਸਤੀ ਹੈ ?"

ਕਈ ਲੋਕ ਸਯਦ ਦੀ ਪੂਜਾ ਕਰਦੇ ਹਨ, ਉਹ ਇਸ ਤਰ੍ਹਾਂ ਕਿ ਪਿੰਡ ਦਾ ਭਰਾਈ ਢੋਲ ਵਜਾਉਂਦਾ ਹੈ। ਸਾਰੇ ਪਿੰਡ ਦੇ ਲੋਕ ਇੱਕਠੇ ਹੋ ਜਾਂਦੇ ਹਨ ਤੇ ਫਿਰ ਇਕ ਮੜ੍ਹੀ ਤੇ ਜਾ ਕੇ ਸਯਦ ਨੂੰ ਖੁਸ਼ ਕਰਨ ਵਾਸਤੇ ਆਂਡੇ ਦੀ ਬਲੀ ਚੜ੍ਹਾਉਂਦੇ ਹਨ। ਰੱਬ ਦੀ ਪ੍ਰਾਪਤੀ ਵਾਸਤੇ ਇਹ ਤਰੀਕਾ ਵੀ ਅਸਾਨ ਲੱਗਾ ਪਰ ਦਾਸ ਦਾ ਨਿਆਣਾ ਮਨ ਇਨ੍ਹਾਂ ਦੋਨਾਂ ਢੰਗਾਂ ਤੇ ਵੀ ਸੁਤੰਸ਼ਟ ਨਾ ਹੋਇਆ। ਪਹਿਲੇ ਲਿਖੇ ਵਾਂਗ ਭਾਲ ਜਾਰੀ ਰੱਖੀ ਕਿਉਂਕਿ ਦਾਸ ਦੇ ਮਨ ਵਿੱਚ ਅਸਲੀ ਅਰਥਾਂ ਵਿੱਚ ਰੱਬ ਦੇ ਨਾਲ ਮਿਲਾਪ ਦੀ ਤਾਂਘ ਸੀ। ਇਸ ਤਰ੍ਹਾਂ ਲੱਗ ਰਿਹਾ ਸੀ ਕਿ ਦਾਸ ਨੂੰ ਜ਼ਰੂਰ ਕੋਈ ਅਸਲੀ ਰਾਹ ਲੱਭ ਪਵੇਗਾ। ਸੋ ਗੁਰੂ ਘਰ ਨਾਲ ਸੰਪਰਕ ਹੋਣ ਨਾਲ ਗੁਰਬਾਣੀ ਦੀ ਅਗਵਾਈ ਨੇ ਦਾਸ ਦੇ ਸਭ ਸ਼ੰਕੇ ਦੂਰ ਕਰ ਦਿੱਤੇ ਅਤੇ ਤਨ ਮਨ ਹਰਿਆ ਕਰ ਦਿੱਤਾ ਜਦੋਂ ਇਹ ਪਤਾ ਲੱਗ ਗਿਆ :

ਕਾਹੂ ਲੈ ਪਾਹਨ ਪੂਜ ਧਰਯੋ ਸਿਰ ਕਾਹੂ ਲੈ ਲਿੰਗੁ ਗਰੇ ਲਟਕਾਇਓ ॥
ਕਾਹੂ ਲਖਿਓ ਹਰਿ ਅਵਾਚੀ ਦਿਸਾ ਮਹਿ ਕਾਹੂ ਪਛਾਹ ਕੋ ਸੀਸ ਨਿਵਾਇਓ ॥
ਕੋਊ ਬੁਤਾਨ ਕੋ ਪੂਜਤ ਹੈ ਪਸੁ ਕੋਊ ਮ੍ਰਿਤਾਨ ਕੋ ਪੂਜਨ ਧਾਇਓ ॥
ਕੂਰ ਕ੍ਰਿਆ ਉਰਝਿਓ ਸਭ ਹੀ ਜਗ ਸ੍ਰੀ ਭਗਵਾਨ ਕੋ ਭੇਦੁ ਨ ਪਾਇਓ ॥

*(ਤ੍ਵਪ੍ਰਸਾਦਿ ਸਵੱਯੇ ਪ: 10 )*

*****

# ਪੰਜ ਧੂਣੀਆਂ

ਦਾਸ ਨੇ ਹਿੰਦੂ ਧਰਮ ਵਿੱਚ ਹੁੰਦੇ ਹੋਏ ਅਨੇਕਾਂ ਝਲਕੀਆਂ ਦੇਖੀਆਂ । ਉਨ੍ਹਾਂ ਵਿੱਚੋਂ ਪੰਜ ਧੂਣੀਆਂ ਆਦਿ ਦਾ ਜਿਕਰ ਕਰਨਾ ਜਰੂਰੀ ਹੈ । ਕਾਮ, ਕਰੋਧ, ਲੋਭ, ਮੋਹ, ਹੰਕਾਰ ਆਦਿ ਨੂੰ ਨਾਸ਼ ਕਰਨ ਲਈ ਕਈ ਸਾਧੂ ਜੇਠ ਮਹੀਨੇ ਵਿੱਚ ਆਪਣੇ ਦੁਆਲੇ ਪੰਜ ਧੂਣੀਆਂ ਲਾਉਂਦੇ ਹਨ ਅਤੇ ਸੰਗਤਾਂ ਨੂੰ ਦੱਸਦੇ ਹਨ ਕਿ ਇਹ ਪੰਜ ਧੂਣੀਆਂ ਲਗਾਉਣ ਨਾਲ ਇਹ ਪੰਜ ਵਿਕਾਰ ਖਤਮ ਹੋ ਜਾਂਦੇ ਹਨ ਤੇ ਮਨ ਨਿਰਮਲ ਹੋ ਜਾਂਦਾ ਹੈ । ਫਿਰ ਧੂਣੀਆਂ ਦੇ ਅੱਗੇ ਚਾਦਰ ਵਿਛਾ ਦਿੰਦੇ ਹਨ ਤਾਂ ਕਿ ਜਿਹੜੇ ਦਰਸ਼ਨ ਕਰਨ ਆਉਂਦੇ ਹਨ, ਉਹ ਮਾਇਆ ਉਥੇ ਚੜ੍ਹਾ ਸਕਣ । ਇਹ ਮਾਇੰਆ ਇਕੱਠੀ ਕਰਨ ਦਾ ਢੰਗ ਹੈ ਪਰ ਧੂਣੀਆਂ ਦੇ ਸਾਹਮਣੇ ਪੈਸੇ ਇਕੱਠੇ ਕਰਨ ਲਈ ਵਿਛਾਈ ਚਾਦਰ ਨੇ ਦਾਸ ਦੇ ਮਨ ਤੇ ਉਲਟਾ ਅਸਰ ਕੀਤਾ । ਕੜਾਕੇ ਦੀ ਧੁੱਪ ਵਿੱਚ ਧੂਣੀਆਂ ਤਪਾ ਕੇ ਬੈਠਣਾ ਹੀ ਦਾਸ ਨੂੰ ਓਪਰਾ ਲੱਗਿਆ, ਪਰ ਇਸ ਪ੍ਰਪੰਚ ਰਾਹੀਂ ਮਾਇਆ ਇਕੱਠੀ ਕਰਨ ਦੇ ਢੰਗ ਨੇ ਦਾਸ ਦੇ ਮਨ ਵਿੱਚ ਉਸ ਬੰਦੇ ਨੂੰ ਬੜਾ ਹਲਕਾ ਤੇ ਠੱਗ ਦੇ ਰੂਪ ਵਿੱਚ ਪੇਸ਼ ਕੀਤਾ । ਬਲਿਹਾਰੇ ਜਾਈਏ ਗੁਰਬਾਣੀ ਦੇ ਜੋ ਇੰਨ੍ਹਾਂ ਬੰਦਿਆਂ ਬਾਰੇ ਢੁਕਵੀਂ ਤਸਵੀਰ ਦਾਸ ਦੇ ਅੱਗੇ ਪੇਸ਼ ਕਰਦੀ ਹੈ :

ਰੋਟੀਆ ਕਾਰਣਿ ਪੂਰਹਿ ਤਾਲ ।
ਆਪੁ ਪਛਾੜਹਿ ਧਰਤੀ ਨਾਲਿ ।
*(ਆਸਾ ਦੀ ਵਾਰ)*

*****

# ਬਨਾਰਸ ਵਿੱਚ ਮੁਕਤੀ ਵਾਸਤੇ ਆਰਾ

**ਮਨ ਕਾਮਨਾ ਤੀਰਥ ਜਾਇ ਬਸਿਓ ਸਿਰਿ ਕਰਵਤ ਧਰਾਏ ॥**
**ਮਨ ਕੀ ਮੈਲੁ ਨ ਉਤਰੈ ਇਹ ਬਿਧਿ ਜੇ ਲਖ ਜਤਨ ਕਰਾਏ ॥**

*(ਸੋਰਠਿ ਮ: 5 ਪੰ: – 642)*

ਬਨਾਰਸ ਨੂੰ ਹਿੰਦੂਆਂ ਦੇ ਧਰਮ ਮੁਤਾਬਕ ਸ਼ਿਵਪੁਰੀ ਮੰਨਿਆ ਜਾਂਦਾ ਹੈ। ਬਨਾਰਸ ਦੇ ਇੱਕ ਖੂਹ ਵਿੱਚ ਆਰਾ ਲੱਗਿਆ ਹੋਇਆ ਹੈ ਹਰ ਆਦਮੀ ਚਾਹੁੰਦਾ ਹੈ ਕਿ ਮਾਇਆ ਦੇ ਕੇ ਮੁਕਤ ਹੋ ਜਾਈਏ। ਜਿਹੜਾ ਵੀ ਅਮੀਰ ਆਦਮੀ ਮੁਕਤੀ ਦਾ ਚਾਹਵਾਨ ਇਨ੍ਹਾਂ ਚਲਾਕ ਪੰਡਤਾਂ ਕੋਲ ਪਹੁੰਚਦਾ, ਉਹ ਜਿਉਂਦਾ ਨਹੀਂ ਬਚਦਾ ਸੀ। ਇਹ ਪੰਡਤ ਇਸ ਢੰਗ ਨਾਲ ਉਪਦੇਸ਼ ਕਰਦੇ "ਅਗਰ ਤੂੰ ਮੁਕਤੀ ਚਾਹੁੰਦਾਂ ਤਾਂ ਸਭ ਕੁਝ ਤਿਆਗ ਦੇ" ਜਦੋਂ ਮਨੁਖ ਐਸਾ ਕਰਨ ਨੂੰ ਤਿਆਰ ਹੋ ਜਾਂਦਾ ਤਾਂ ਪੰਡਤ ਉਸ ਜਗ੍ਹਾ ਤੇ ਲੈ ਜਾਂਦੇ ਜਿਥੇ ਖੂਹ ਵਿੱਚ ਆਰਾ ਲੱਗਿਆ ਹੁੰਦਾ ਅਤੇ ਉਪਦੇਸ਼ ਰਾਹੀਂ ਉਸ ਆਰੇ ਉਪਰ ਛਾਲ ਮਾਰਨ ਨੂੰ ਕਹਿੰਦੇ। ਮੂਰਖ ਇਨਸਾਨ ਪੰਡਤਾਂ ਦੇ ਕਹੇ ਆਰੇ ਤੇ ਛਾਲ ਮਾਰ ਕੇ ਦੋਫਾੜ ਹੋ ਜਾਂਦਾ ਅਤੇ ਪੰਡਤ ਉਸ ਦਾ ਸਭ ਕੁਝ ਸਾਂਭ ਲੈਂਦੇ। ਇਹ ਠੱਗੀ ਕਈ ਸਾਲ ਚਲਦੀ ਰਹੀ। ਕੁਦਰਤ ਦਾ ਐਸਾ ਭਾਣਾ ਵਰਤਿਆ ਕਿ ਇਕ ਪ੍ਰਾਣੀ ਭੂਤ ਬਣ ਗਿਆ, ਜਿਸ ਪੰਡਤ ਨੇ ਉਸ ਨੂੰ ਲੁਟਿਆ ਸੀ ਉਸਨੂੰ ਤੰਗ ਕਰਨ ਲੱਗਾ ਤੇ ਕਹਿਣ ਲੱਗਾ ਮੈਂ ਤੇਰੇ ਕੋਲ ਮੁਕਤੀ ਲਈ ਆਇਆ ਸੀ, ਤੂੰ ਮੈਨੂੰ ਭੂਤ ਬਣਾ ਦਿੱਤਾ। ਹੁਣ ਮੈਂ ਤੈਨੂੰ ਮੁਕਤ ਕਰਾਂਗਾ। ਇਹ ਸੁਣ ਕੇ ਪੰਡਤ ਡਰ ਗਿਆ ਤੇ ਆਪਣੇ ਸਾਥੀਆਂ ਨੂੰ ਸਾਰਾ ਹਾਲ ਦੱਸਿਆ। ਇੱਕ ਦਿਨ ਭੂਤ ਨੇ ਗੁੱਸੇ ਵਿੱਚ ਆ ਕੇ ਪੰਡਤ ਨੂੰ ਆਰੇ ਵਿੱਚ ਸੁੱਟ ਦਿੱਤਾ। ਇਹ ਦੇਖ ਕੇ ਸਾਰੇ ਪੰਡਿਤ ਡਰ ਗਏ ਤੇ ਸਲਾਹ ਕੀਤੀ ਕਿ ਸਾਨੂੰ ਹੁਣ ਐਸਾ ਕੰਮ ਨਹੀਂ ਕਰਨਾ ਚਾਹੀਦਾ, ਨਹੀਂ ਤਾਂ ਸਾਡਾ ਵੀ ਇਹ ਹੀ ਹਾਲ ਹੋਵੇਗਾ ਫਿਰ ਪੰਡਤਾਂ ਨੇ ਐਸੀ ਠੱਗੀ ਕਰਨ ਤੋਂ ਸੰਕੋਚ ਕਰਨਾ ਅਰੰਭ ਕਰ ਦਿੱਤਾ।

*****

# ਗਊ ਦਾਨ

ਸਾਡੇ ਘਰ ਦੇ ਨੇੜੇ ਇਕ ਮਾਈ ਸਖਤ ਬਿਮਾਰ ਸੀ। ਉਸ ਦੇ ਬਚਣ ਦੀ ਕੋਈ ਆਸ ਨਹੀਂ ਸੀ। ਘਰ ਵਾਲਿਆਂ ਨੇ ਸੋਚਿਆਂ ਮਾਈ ਹੁਣ ਨਹੀਂ ਬਚੇਗੀ। ਉਨ੍ਹਾਂ ਨੇ ਪੰਡਤ ਨੂੰ ਪੁਛਿਆ, ਇਸ ਦੀ ਮੁਕਤੀ ਕਿਵੇਂ ਹੋਵੇਗੀ। ਪੰਡਤ ਨੇ ਦਸਿਆ ਕਿ ਅਗਰ ਸੰਸਾਰ ਤੋਂ ਮੁਕਤ ਕਰਵਾਉਣਾ ਹੈ ਤਾਂ ਗਊ ਦਾਨ ਕੀਤੀ ਜਾਵੇ ਮਾਈ ਗਊ ਦੀ ਪੂਛ ਫੜ੍ਹ ਕੇ ਸੰਸਾਰ ਸਾਗਰ ਤੋਂ ਪਾਰ ਹੋ ਜਾਵੇਗੀ। ਘਰ ਵਾਲਿਆਂ ਨੇ ਇੱਕ ਗਾਂ ਖਰੀਦ ਕੇ ਲਿਆਂਦੀ ਤੇ ਪੰਡਿਤ ਨੂੰ ਬੁਲਾ ਲਿਆ। ਪੰਡਿਤ ਨੇ ਕਿਹਾ, ਗਾਂ ਨੂੰ ਇਸ਼ਨਾਨ ਕਰਵਾ ਕੇ ਮਾਈ ਕੋਲ ਲੈ ਆਵੋ। ਜਿਸ ਵੇਲੇ ਗਾਂ ਨੂੰ ਮਾਈ ਦੇ ਕੋਲ ਲੈ ਕੇ ਆਏ ਤਾਂ ਪੰਡਤ ਗਾਇਤਰੀ ਮੰਤਰ ਪੜ੍ਹਨ ਲੱਗਾ। ਮੰਜੇ ਦੇ ਲਾਗੇ ਘਰ ਵਾਲੇ ਤੇ ਆਂਢ ਗੁਆਂਢ ਦੇ ਲੋਕ ਬੈਠੇ ਸਨ। ਗਾਂ ਬੋੜ੍ਹੀ ਮਾਰ ਖੋਰੀ ਸੀ। ਜਿਸ ਵਕਤ ਮਾਈ ਦਾ ਲੜਕਾ ਪੂਛ ਫੜਾਉਣ ਲੱਗਾ ਗਾਂ ਡਰ ਗਈ। ਗਾਂ ਨੇ ਜ਼ੋਰ ਨਾਲ ਲੱਤ ਮਾਰੀ। ਲੜਕੇ ਦੀਆਂ ਚੀਕਾਂ ਨਿਕਲ ਗਈਆਂ। ਉਹ ਵਿਚਾਰਾ ਮਸੀਂ ਮਰਨੋਂ ਬੱਚਿਆ। ਲੋਕਾਂ ਨੇ ਸਮਝਿਆ ਕਿ ਮਾਈ ਗੁਜਰ ਗਈ ਹੈ। ਪ੍ਰੀਵਾਰ ਦੇ ਲੋਕ ਰੋਣ ਲੱਗ ਪਏ। ਮਾਈ ਨੇ ਦੇਖਿਆ ਮੈਨੂੰ ਜੀਊਂਦੀ ਨੂੰ ਰੋਣ ਲੱਗ ਪਏ ਤਾਂ ਉਹ ਉਠ ਕੇ ਬੈਠ ਗਈ ਤੇ ਕਿਹਾ, "ਮੈਂ ਤੇ ਹਾਲੇ ਜਿਉਂਦੀ ਹਾਂ। ਤੁਸੀਂ ਪਹਿਲਾਂ ਹੀ ਰੋਣ ਲੱਗ ਪਏ ਹੋ।" ਮੈਂ ਵੀ ਉਸ ਵਕਤ ਸਾਰਾ ਖੇਲ ਦੇਖ ਰਿਹਾ ਸੀ। ਸੋਚਿਆ, ਗਾਂ ਦੀ ਪੂਸ਼ ਫੜ ਕੇ ਕਿਵੇਂ ਮੁਕਤੀ ਪ੍ਰਾਪਤ ਹੋ ਸਕਦੀ ਹੈ ਚੌਰਾਸੀ ਲੱਖ ਜੂਨਾਂ ਵਿੱਚੋਂ ਮਨੁਖ ਦੀ ਜੂਨ ਸਭ ਤੋਂ ਉਤਮ ਹੈ। ਇਨਸਾਨ ਸੇਵਾ, ਸਿਮਰਨ ਤੇ ਪਾਠ ਪੂਜਾ ਕਰਕੇ ਹੀ ਮੁਕਤੀ ਪ੍ਰਾਪਤ ਕਰ ਸਕਦਾ ਹੈ, ਪਸ਼ੂ ਨੂੰ ਤਾਂ ਇਹ ਕੋਈ ਸੋਝੀ ਨਹੀਂ, ਫਿਰ ਬੰਦੇ ਨੂੰ ਕਿਸ ਤਰ੍ਹਾਂ ਪਾਰ ਲੰਘਾਏਗਾ। ਅੱਜ ਕਲ ਇਨਸਾਨ ਆਪ ਤਾਂ ਕੁਝ ਨਹੀਂ ਕਰਦਾ ਸੋਖਾ ਤਰੀਕਾ ਲੱਭਦਾ ਹੈ ਕਿ ਕੀਤਾ ਕਰਾਇਆ ਸਭ ਕੁਝ ਮਿਲ ਜਾਵੇ ਤੇ ਮੁਕਤੀ ਹੋ ਜਾਵੇ। ਸੋ ਜੂਨਾਂ ਦੇ ਸਰਦਾਰ ਜੇ ਮੁਕਤੀ ਚਾਹੁੰਦਾ ਹੈ ਤਾਂ ਪ੍ਰਮਾਤਮਾ ਦਾ ਸਿਮਰਨ ਤੇ ਸੇਵਾ ਕਰ, ਇਸੇ ਵਿੱਚ ਹੀ ਤੇਰਾ ਭਲਾ ਹੈ ਅਤੇ ਮੁਕਤੀ ਪ੍ਰਾਪਤ ਹੋਵੇਗੀ।

**ਭਈ ਪਰਾਪਤਿ ਮਾਨੁਖ ਦੇਹੁਰੀਆ ॥**
**ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥**
**ਅਵਰਿ ਕਾਜ ਤੇਰੈ ਕਿਤੈ ਨ ਕਾਮ ॥**
**ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ 1 ॥**
**ਸਰੰਜਾਮਿ ਲਾਗੁ ਭਵਜਲ ਤਰਨ ਕੈ ॥**
**ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ ॥ 1 ॥ ਰਹਾਉ ॥**
**ਜਪੁ ਤਪੁ ਸੰਜਮੁ ਧਰਮੁ ਨ ਕਮਾਇਆ ॥**
**ਸੇਵਾ ਸਾਧ ਨ ਜਾਨਿਆ ਹਰਿ ਰਾਇਆ ॥**
**ਕਹੁ ਨਾਨਕ ਹਮ ਨੀਚ ਕਰੰਮਾ ॥**

ਸਰਣਿ ਪਰੇ ਕੀ ਰਾਖਹੁ ਸਰਮਾ ॥ 2 ॥ 4 ॥

*(ਆਸਾ ਮ: 5 ਪੰ:-12)*

ਪੰਜਵੇ ਪਾਤਸ਼ਾਹ ਫੁਰਮਾਹ ਰਹੇ ਹਨ ਹੇ ਜੀਵ, ਤੈਨੂੰ ਮਨੁਖਾ ਦੇਹੀ ਪ੍ਰਾਪਤ ਹੋਈ ਹੈ। ਇਸ ਜਨਮ ਵਿੱਚ ਨਾਮ ਜਪ ਕੇ ਆਪਣਾ ਜਨਮ ਸਫਲਾ ਕਰ।

*****

## ਮਹਾਂਦੇਵ ਦੀ ਮੂਰਤੀ ਦਾ ਇਸ਼ਨਾਨ

ਕਈ ਪ੍ਰੇਮੀ ਮੁਕਤੀ ਦੀ ਪ੍ਰਾਪਤੀ ਲਈ ਹਰਦੁਆਰ ਜਾਂਦੇ ਹਨ। ਬ੍ਰਾਹਮਣ ਲੋਕ ਪ੍ਰੇਮੀਆਂ ਨੂੰ ਇਸ ਢੰਗ ਨਾਲ ਪ੍ਰੇਰਨਾ ਕਰਦੇ ਹਨ ਕਿ ਅਗਰ ਕੋਈ ਵੀ ਗੰਗਾ ਜਲ ਦੇ ਨਾਲ ਮਹਾਂਦੇਵ ਦੀ ਮੂਰਤੀ ਨੂੰ ਇਸ਼ਨਾਨ ਕਰਵਾਏਗਾ ਤੇ ਪੁੰਨਦਾਨ ਕਰੇਗਾ ਤਾਂ ਉਸ ਦੀ ਮੁਕਤੀ ਹੋ ਜਾਵੇਗੀ ਪਰ ਸ਼ਰਤ ਇਹ ਹੈ ਕਿ ਜਿਥੇ ਗੰਗਾ ਬਹਿੰਦੀ ਹੋਵੇ, ਜਾਣੀ ਕਿ ਹਰਦੁਆਰ ਤੋਂ ਪੈਦਲ ਜਲ ਲਿਜਾ ਕੇ ਇਸ਼ਨਾਨ ਕਰਾਵੇ। ਜਲ ਲਿਜਾਂਦੇ ਵਕਤ ਥੱਲੇ ਨਹੀਂ ਰੱਖਣਾ। ਇਸ ਪ੍ਰਕਾਰ ਦੋ ਆਦਮੀ ਸੇਵਾ ਕਰਦੇ ਸਨ। ਜਦੋਂ ਇੱਕ ਆਦਮੀ ਥੱਕ ਜਾਵੇ ਤਾਂ ਦੂਸਰਾ ਚੁੱਕ ਲੈਂਦਾ ਸੀ। ਇਸ ਤਰ੍ਹਾਂ ਜਲ ਜ਼ਮੀਨ ਤੇ ਨਹੀਂ ਰੱਖਿਆ ਜਾਂਦਾ। ਕਈ ਪ੍ਰੇਮੀ ਇਹ ਸੇਵਾ ਹਰ ਸਾਲ ਕਰਦੇ ਹਨ।

ਕਈ ਭਗਤ, ਭਗਵਾਨ ਕ੍ਰਿਸ਼ਨ ਦੀ ਜਨਮ ਭੂਮੀ ਮਥਰਾ ਜਾਂਦੇ ਹਨ। ਜਦੋਂ ਜਾਣ ਦਾ ਸੰਕਲਪ ਕਰਦੇ ਹਨ ਤਾਂ ਆਪਣੇ ਪਿੰਡ ਤੋਂ ਮਥਰਾ ਤਕ ਲੰਮੇ ਪੈ-ਪੈ ਕੇ ਜਾਂਦੇ ਹਨ। ਇਸ ਤਰ੍ਹਾਂ ਯਾਤਰਾ ਕਰਨ ਨਾਲ ਕਈ ਸਾਲ ਲੱਗ ਜਾਂਦੇ ਹਨ ਡੰਡੌਤ ਬੰਦਨਾਂ ਕਰਦੇ ਜਾਂਦੇ ਹਨ ਅਤੇ ਕ੍ਰਿਸ਼ਨ ਭਗਵਾਨ ਤੋਂ ਮੁਕਤੀ ਮੰਗਦੇ ਹਨ। ਇਸ ਤਰ੍ਹਾਂ ਕਰਨ ਨਾਲ ਮੁਕਤੀ ਨਹੀਂ ਮਿਲਦੀ ਪਰ ਫਲ ਜਰੂਰ ਮਿਲੇਗਾ। ਸਰੀਰ ਨੂੰ ਅਗਲੇ ਜਨਮ ਵਿੱਚ ਸੁਖ ਜਰੂਰ ਮਿਲੇਗਾ।

*****

# ਮੰਜਾ ਦਾਨ

ਬਾਰਾਂ ਕੁ ਸਾਲ ਦਾ ਹੋਇਆ ਤਾਂ ਅਚਾਨਕ ਮੇਰੀ ਦਾਦੀ ਦੀ ਮੌਤ ਹੋ ਗਈ। ਮੈਂ ਤੇ ਮੇਰੀ ਮਾਤਾ ਜੀ ਅਸਥੀਆਂ ਲੈ ਕੇ ਹਰਦੁਆਰ ਗਏ। ਪਿਤਾ ਜੀ ਕੰਮ ਕਾਰ ਕਰਕੇ ਨਹੀਂ ਜਾ ਸਕੇ। ਮੈਨੂੰ ਮਾਤਾ ਜੀ ਦੇ ਨਾਲ ਜਾਣਾ ਪਿਆ। ਅਸੀਂ ਇੱਕ ਪੰਡਤ ਕੋਲ ਠਹਿਰੇ, ਉਸਨੇ ਸਾਰੀ ਵਿਧੀ ਦੱਸ ਦਿੱਤੀ ਤੇ ਕਿਹਾ, ਅਸਥੀਆਂ ਪਾਉਣ ਤੋਂ ਪਹਿਲਾਂ ਲੜਕੇ ਦਾ ਸਿਰ ਮੁੰਡਨ ਕਰਵਾਉ। ਸਿਰਫ ਇਕ ਬੋਦੀ ਰੱਖਣੀ ਹੈ। ਫਿਰ ਇਹ ਅਸਥੀਆਂ ਗੰਗਾ ਵਿੱਚ ਪਾ ਸਕਦਾ ਹੈ। ਉਥੇ ਕੋਲ ਹੀ ਨਾਈ ਬੈਠਾ ਸੀ। ਮੈਂ ਬੋਦੀ ਰੱਖਣ ਦੇ ਹੱਕ ਵਿੱਚ ਨਹੀਂ ਸੀ, ਮੇਰੀ ਕਾਫੀ ਬਹਿਸ ਹੋਈ। ਮੈਂ ਕਿਹਾ ਬੋਦੀ ਰੱਖਣੀ ਕਿਉਂ ਜਰੂਰੀ ਹੈ। ਉਸ ਨੇ ਕਿਹਾ, ਤੁਸੀਂ ਪੰਡਤ ਹੋ ਤੁਹਾਨੂੰ ਬੋਦੀ ਰੱਖਣ ਨਾਲ ਸਤਿਕਾਰ ਮਿਲਦਾ ਹੈ। ਜਦੋਂ ਧਰਮਰਾਜ ਕੋਲ ਜਾਂਦੇ ਹਨ ਉਹ ਨਾਰਦਮੁਨੀ ਦੇ ਸੇਵਕ ਜਾਣ ਕੇ ਸੁਰਗਾਂ ਵਿੱਚ ਭੇਜ ਦਿੰਦਾ ਹੈ। ਇਸ ਕਰਕੇ ਜ਼ਰੂਰੀ ਹੈ ਤੇ ਨਾਈ ਨੇ ਮੇਰਾ ਸਿਰ ਮੁੰਨ ਕੇ ਬੋਦੀ ਰੱਖ ਦਿੱਤੀ। ਜਦੋਂ ਨਾਈ ਨੇ ਸ਼ੀਸ਼ਾ ਦਿਖਾਇਆ ਤਾਂ ਮੈਨੂੰ ਆਪਣੀ ਸ਼ਕਲ ਬਹੁਤ ਭੇੜੀ ਦਿਖਾਈ ਦਿੱਤੀ। ਮੈਂ ਬਾਹਰ ਜਾ ਕੇ ਟੋਪੀ ਖਰੀਦ ਕੇ ਸਿਰ ਉਤੇ ਰੱਖ ਲਈ। ਜਦ ਅਸਥੀਆਂ ਪਾਉਣ ਲੱਗੇ ਤਾਂ ਪੰਡਿਤ ਮੰਤਰ ਪੜ੍ਹਨ ਲੱਗਾ। ਬਾਅਦ ਵਿੱਚ ਕਹਿੰਦਾ ਪੰਜ ਰੁਪਏ ਦਿਉ ਜੋ ਕਿ ਉਸ ਵਕਤ ਖਾਸ ਕੀਮਤ ਰੱਖਦੇ ਸਨ। ਫਿਰ ਉਸਨੇ ਕਿਹਾ,

"ਮੰਜਾ ਦਾਨ ਕਰਨਾ ਵੀ ਜਰੂਰੀ ਹੈ। ਮਾਈ ਨੂੰ ਸੌਣ ਵਾਸਤੇ ਮੰਜਾ ਤੇ ਬਿਸਤਰਾ ਚਾਹੀਦਾ ਹੈ"।

ਇਹ ਮੰਜਾ ਖਰੀਦ ਕੇ ਮਾਈ ਵਸਤੇ ਦਾਨ ਕਰੋ ਜਿਹੜਾ ਉਸ ਦੇ ਕੋਲ ਹੀ ਪਿਆ ਸੀ, ਅਸੀਂ ਉਸਦੇ ਪੈਸੇ ਦੇ ਦਿੱਤੇ। ਉਸਨੇ ਮਾਈ ਵਾਸਤੇ ਪ੍ਰਾਰਥਨਾ ਕੀਤੀ ਕਿ ਮੁਕਤ ਹੋ ਜਾਵੇ। ਥੋੜ੍ਹੇ ਚਿਰ ਬਾਅਦ ਇੱਕ ਹੋਰ ਪਰਿਵਾਰ ਆ ਗਿਆ, ਉਸ ਪੰਡਿਤ ਨੇ ਉਨ੍ਹਾਂ ਕੋਲੋਂ ਵੀ ਇਸੇ ਤਰ੍ਹਾਂ ਪੂਜਾ ਕਰਵਾਈ, ਉਨ੍ਹਾਂ ਨੂੰ ਵੀ ਕਿਹਾ, ਮੰਜਾ ਦਾਨ ਕਰੋ। ਅਸੀਂ ਦੇਖਿਆ ਕਿ ਇੱਕ ਮੰਜਾ ਹੈ ਹਰੇਕ ਕੋਲੋਂ ਪੈਸੇ ਲਈ ਜਾਂਦਾ ਹੈ। ਅੱਗੇ ਜਾ ਕੇ ਕਿਸ ਕਿਸ ਨੂੰ ਮਿਲੇਗਾ, ਝਗੜਾ ਹੀ ਹੋਵੇਗਾ। ਸਵੇਰ ਦੇ ਪਤਾ ਨਹੀਂ ਕਿੰਨੇ ਲੋਕਾਂ ਕੋਲੋਂ ਮੰਜਾ ਦਾਨ ਕਰਵਾ ਚੁੱਕਾ ਹੈ, ਇਹ ਵੀ ਇੱਕ ਪਖੰਡ ਹੈ। ਸਿੱਖ ਧਰਮ ਵਿੱਚ ਵੀ ਇਸੇ ਤਰ੍ਹਾਂ ਹੋਣ ਲੱਗ ਪਿਆ ਹੈ, ਜਿਸ ਨੂੰ ਠੱਲ੍ਹ ਪਾਉਣ ਦੀ ਜ਼ਰੂਰਤ ਹੈ।

ਪੰਡਤਾਂ ਨੇ ਆਪਣੀ ਰੋਜ਼ੀ ਕਮਾਉਣ ਵਾਸਤੇ ਕਈ ਰੀਤੀ ਰਿਵਾਜ ਸ਼ੁਰੂ ਕੀਤੇ, ਜਿਸ ਤਰ੍ਹਾਂ ਸਰਾਧ, ਮੰਜਾ ਦਾਨ, ਰਜਾਈ ਦਾਨ, ਬਰਤਨ ਦਾਨ, ਗਊ ਦਾਨ, ਮਾਇਆ ਦਾਨ ਆਦਿਕ। ਇਹਨਾਂ ਦਾ ਉਪਦੇਸ਼ ਸੀ ਕਿ ਜਦੋਂ ਕੋਈ ਪ੍ਰਾਣੀ ਗੁਜਰ ਜਾਵੇ ਤਾਂ ਉਸਨੂੰ ਅੱਗੇ ਜਾ ਕੇ ਇਹਨਾਂ ਚੀਜ਼ਾਂ ਦੀ ਜਰੂਰਤ ਪੈਂਦੀ ਹੈ। ਸਿੱਖ ਵੀ ਏਸੇ ਰਸਤੇ ਤੇ ਤੁਰ ਪਏ ਹਨ। ਪੰਡਤ ਤਾਂ ਆਪ ਮੰਗਦੇ ਹਨ ਕਿ ਸਾਨੂੰ ਦਾਨ ਦਿਉ ਪਰ ਸਿੱਖ ਤਾਂ ਆਪ ਹੀ ਵਸਤੂ ਚੜ੍ਹਾਉਂਦੇ ਹਨ। ਫਿਰ ਪੰਡਤਾਂ ਤੇ ਸਿੱਖਾਂ ਵਿਚ ਕੀ ਫਰਕ ਹੋਇਆ। ਕੀ ਇਹ ਸਭ ਵਸਤੂ ਅੱਗੇ ਜਾ ਕੇ ਪ੍ਰਾਣੀ ਨੂੰ ਮਿਲਣਗੀਆਂ, ਕਦੀ ਵੀ ਨਹੀਂ।

ਜਿਸ ਇਨਸਾਨ ਨੇ ਕਦੀ ਆਪਣੇ ਹੱਥੀਂ ਦਾਨ ਪੁੰਨ ਨਹੀਂ ਕੀਤਾ ਉਸਨੂੰ ਅੱਗੇ ਜਾ ਕੇ ਕੀ ਫਲ ਮਿਲੇਗਾ। ਅਗਰ ਕਿਸੇ ਨੇ ਚੰਗੇ ਕੰਮ ਨਹੀਂ ਕੀਤੇ, ਨਾਮ ਨਹੀਂ ਜਪਿਆ, ਦਾਨ ਪੁੰਨ ਨਹੀਂ ਕੀਤਾ, ਜੇ ਧਰਮਰਾਜ ਨੇ ਉਸ ਪ੍ਰਾਣੀ ਨੂੰ ਚੌਰਾਸੀ ਲੱਖ ਜੂਨਾਂ ਦੇ ਗੇੜ ਵਿਚ ਪਾ ਦਿੱਤਾ ਤਾਂ ਤੁਹਾਡੇ ਦਾਨ ਪੁੰਨ ਦਾ ਜੀਵ ਨੂੰ ਕੀ ਸੁੱਖ ਮਿਲੇਗਾ। ਜਿਸ ਤਰ੍ਹਾਂ ਬਤਾਲੀ ਲੱਖ ਜੂਨਾਂ ਪਾਣੀ ਦੇ ਅੰਦਰ ਹਨ, ਨਾ ਉਨ੍ਹਾਂ ਨੂੰ ਰਜ਼ਾਈ ਦੀ ਲੋੜ, ਨਾ ਬਰਤਨ ਅਤੇ ਨਾ ਹੀ ਮਾਇਆ ਦੀ ਲੋੜ ਹੈ ਫਿਰ ਇਨ੍ਹਾਂ ਦਿੱਤੀਆਂ ਚੀਜ਼ਾਂ ਦਾ ਕੀ ਲਾਭ ਪ੍ਰਾਪਤ ਹੋਵੇਗਾ। ਇਨਸਾਨ ਦੀ ਜੂਨ ਤੋਂ ਇਲਾਵਾ ਹੋਰ ਕਿਸੇ ਜੂਨ ਵਿੱਚ ਇਨ੍ਹਾਂ ਚੀਜ਼ਾਂ ਦੀ ਜ਼ਰੂਰਤ ਨਹੀਂ ਹੈ।

ਅਗਰ ਕਿਸੇ ਪ੍ਰਾਣੀ ਨੇ ਦਾਨ ਪੁੰਨ ਨਹੀਂ ਕੀਤਾ, ਕੋਈ ਚੰਗਾ ਕੰਮ ਨਹੀਂ ਕੀਤਾ ਕਿਸੇ ਫਲ ਕਰਕੇ ਮਨੁੱਖਾ ਜਨਮ ਮਿਲ ਵੀ ਜਾਵੇ ਤਾਂ ਉਸਨੂੰ ਗਰੀਬ ਘਰ ਹੀ ਜਨਮ ਮਿਲੇਗਾ।

ਹੁਣ ਜਿਹੜਾ ਪ੍ਰਾਣੀ ਦੇ ਮਰਨ ਤੋਂ ਬਾਅਦ ਉਸਦੇ ਨਮਿਤ ਦਾਨ ਪੁੰਨ ਕਰਦਾ ਹੈ, ਉਸਦਾ ਫਲ ਪ੍ਰੀਵਾਰ ਨੂੰ ਮਿਲੇਗਾ ਨਾ ਕਿ ਜਿਸ ਵਾਸਤੇ ਕੀਤਾ, ਕਿਉਂਕਿ ਪ੍ਰੀਵਾਰ ਨੇ ਆਪਣੇ ਹੱਥੀਂ ਦਾਨ ਕੀਤਾ ਹੈ। ਜਿਸ ਤਰ੍ਹਾਂ ਪੰਡਤਾਂ ਨੇ ਲੋਕਾਂ ਨੂੰ ਵਹਿਮ ਪਾਇਆ ਹੋਇਆ ਹੈ ਕਿ ਜੇ ਅਸਥੀਆਂ ਹਰਿਦੁਆਰ ਜਾ ਕੇ ਪਾਉ ਤਾਂ ਪ੍ਰਾਣੀ ਮੁਕਤ ਹੋ ਜਾਵੇਗਾ। ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਆਪਣੀ ਬਾਣੀ ਵਿੱਚ ਫੁਰਮਾ ਰਹੇ ਹਨ :-

**ਅਵਰ ਕਰਤੂਤਿ ਸਗਲੀ ਜਮੁ ਡਾਨੈ ॥**
**ਗੋਬਿੰਦ ਭਜਨ ਬਿਨੁ ਤਿਲੁ ਨਹੀ ਮਾਨੈ ॥**

*(ਸੁਖਮਨੀ ਸਾਹਿਬ)*

ਭਾਵ ਕਿ ਨਾਮ ਜਪੇ ਤੋਂ ਬਗੈਰ ਮੁਕਤੀ ਦਾ ਕੋਈ ਸਾਧਨ ਨਹੀਂ ਹੈ। ਧਰਮਰਾਜ ਗੋਬਿੰਦ ਭਜਨ ਦੇ ਸਿਮਰਨ ਤੋਂ ਬਿਨਾਂ ਹੋਰ ਕਰਮਾਂ ਧਰਮਾਂ ਨੂੰ ਤਿਲ ਜਿੰਨਾ ਵੀ ਨਹੀਂ ਮੰਨਦਾ।

ਗੁਰਸਿੱਖ ਵੀ ਪੰਡਤਾਂ ਵਾਂਗ ਹੀ ਕਰਦੇ ਹਨ ਕਿ ਅਸਥੀਆਂ ਪਤਾਲਪੁਰੀ ਜਾ ਕੇ ਹੀ ਪਾਉਣੀਆਂ ਹਨ। ਕਈ ਐਸੇ ਪ੍ਰਾਣੀ ਹਨ ਉਹ ਕਦੀ ਅਨੰਦਪੁਰ ਸਾਹਿਬ ਦੇ ਦਰਸ਼ਨ ਕਰਨ ਨਹੀਂ ਗਏ ਤੇ ਉਸਦੀਆਂ ਅਸਥੀਆਂ ਉਥੇ ਪਾ ਕੇ ਕੋਈ ਫਲ ਮਿਲੇਗਾ, ਨਹੀਂ ! ਉਸਨੂੰ ਕੋਈ ਫਲ ਨ੍ਹੀਂ ਮਿਲੇਗਾ। ਇਹ ਜ਼ਰੂਰੀ ਨਹੀਂ ਕਿ ਤੁਸੀਂ ਅਸਥੀਆਂ ਪਤਾਲਪੁਰੀ ਜਾ ਕੇ ਹੀ ਪਾਉਣੀਆਂ ਹਨ, ਤੁਸੀਂ ਕਿਤੇ ਵੀ ਚਲਦੇ ਪਾਣੀ ਵਿੱਚ ਪਾ ਸਕਦੇ ਹੋ। ਹਾਂ, ਜੇ ਗੁਰਦੁਆਰੇ ਗਏ ਤਾਂ ਜਿਹੜਾ ਪ੍ਰਾਣੀ ਲੈਕੇ ਜਾਂਦਾ ਹੈ ਉਸਦਾ ਭਲਾ ਜ਼ਰੂਰ ਹੋ ਜਾਂਦਾ ਹੈ ਕਿਉਂਕਿ ਉਸਨੇ ਗੁਰਦੁਆਰੇ ਅੰਦਰ ਜਾ ਕੇ ਮੱਥਾ ਟੇਕਿਆ ਚਲ ਕੇ ਗੁਰਦੁਆਰੇ ਗਿਆ ਉਸਦਾ ਫਲ ਉਸਨੂੰ ਜ਼ਰੂਰ ਮਿਲੇਗਾ। ਵਿਛੜੀ ਆਤਮਾ ਨੂੰ ਤਾਂ ਜੋ ਕੁਝ ਉਸਨੇ ਆਪਣੇ ਹੱਥੀਂ ਦਾਨ ਪੁੰਨ ਕੀਤਾ ਉਹ ਹੀ ਸਹਾਈ ਹੋਵੇਗਾ। ਗੁਰਸਿੱਖਾਂ ਨੂੰ ਸਮਝਣਾ ਚਾਹੀਦਾ ਹੈ, ਸਾਡੇ ਅੰਦਰ ਹਿੰਦੂ ਮਤ ਨਹੀਂ ਆ ਗਈ ?

ਸੱਤਿਗੁਰੂ ਜੀ ਨੇ ਇਨ੍ਹਾਂ ਸਾਰੇ ਪਾਖੰਡਾਂ ਦਾ ਖੰਡਨ ਕੀਤਾ ਸੀ ਪਰ ਗੁਰਸਿੱਖਾਂ ਨੇ ਸਤਿਗੁਰੂ ਜੀ ਦੇ ਬਚਨਾਂ ਉਪਰ ਕੋਈ ਅਮਲ ਨਹੀਂ ਕੀਤਾ।

ਏਸੇ ਤਰ੍ਹਾਂ ਜਿਹੜੇ ਪਾਠ ਕਰਾਉਣ ਵਾਸਤੇ ਪੈਸੇ ਭੇਜਦੇ ਹਨ, ਉਹਨਾਂ ਦੀ ਮਾਇਆ ਤਾਂ ਸਫਲ ਹੋ ਜਾਂਦੀ ਹੈ ਪਰ ਪਾਠ ਕਰਾਉਣ ਦਾ ਪੂਰਾ ਫਲ ਨਹੀਂ ਮਿਲਦਾ, ਕਿਉਂਕਿ ਪਾਠ ਸੁਣਿਆ ਤਾਂ ਹੈ ਹੀ ਨਹੀਂ।

ਸੇਵਕ ਸਿੱਖ ਪੂਜਣ ਸਭਿ ਆਵਹਿ,
ਸਭਿ ਗਾਵਹਿ ਹਰਿ ਹਰਿ ਊਤਮ ਬਾਨੀ ॥
ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ,
ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰ ਮਾਨੀ ॥

*(ਧਨਾਸਰੀ ਮ: 4 ਪੰ:-669)*

ਕਈ ਗੁਰਸਿੱਖ ਘਰ ਵਿੱਚ ਪਾਠ ਰਖਾ ਲੈਂਦੇ ਹਨ ਪਰ ਕੋਈ ਸੁਣਦਾ ਹੀ ਨਹੀਂ। ਬੀਬੀਆਂ ਲੰਗਰ ਬਣਾਉਣ ਵਿੱਚ ਰੁੱਝੀਆਂ ਰਹਿੰਦੀਆਂ ਹਨ ਅਤੇ ਬਾਣੀ ਸੁਣਨ ਵਾਸਤੇ ਸਮਾਂ ਨਹੀਂ ਹੁੰਦਾ। ਜਦੋਂ ਤੁਸੀਂ ਬਾਣੀ ਸੁਣੀ ਹੀ ਨਹੀਂ ਤਾਂ ਇਸਦਾ ਫਲ ਤੁਹਾਨੂੰ ਕੀ ਮਿਲੇਗਾ, ਹਾਂ ਸੇਵਾ ਦਾ ਫਲ ਜ਼ਰੂਰ ਮਿਲੇਗਾ ਪਰ ਬਾਣੀ ਸੁਣਨ ਦੀ ਮਹਾਨਤਾ ਜੋ ਸਭ ਤੋਂ ਉਤਮ ਹੈ ਉਹ ਨਹੀਂ ਮਿਲੇਗੀ। ਅਗਰ ਘਰ ਵਿੱਚ ਪਾਠ ਕਰਾਉ ਤਾਂ ਜਿੰਨਾ ਹੋ ਸਕੇ ਜ਼ਰੂਰ ਸੁਣਨ ਦੀ ਕੋਸ਼ਿਸ਼ ਕਰੋ।

*****

# ਸਰਾਧ

ਸਰਾਧਾਂ ਨੂੰ ਭੋਜਨ ਬਣਾ ਕੇ ਪਹਿਲਾਂ ਕਾਵਾਂ ਨੂੰ ਖਿਲਾਉਂਦੇ ਹਨ, ਇਹ ਤੇਰਾਂ ਦਿਨ ਹੁੰਦੇ ਹਨ। ਜਦੋਂ ਸਰਾਧਾਂ ਦੇ ਦਿਨ ਆਏ ਮੇਰੀ ਮਾਤਾ ਜੀ ਨੇ ਚੰਗੇ-ਚੰਗੇ ਭੋਜਨ ਬਣਾ ਕੇ ਪੱਤਿਆਂ ਤੇ ਪਰੋਸ ਕੇ ਮੈਨੂੰ ਕਿਹਾ, ਕੋਠੇ ਤੇ ਲੈ ਜਾ ਤੇ ਕੋਲ ਬੈਠਾ ਰਹੀਂ। ਇਕ ਸੋਟੀ ਵੀ ਦੇ ਦਿੱਤੀ ਕਿ ਇਹ ਭੋਜਨ ਸਿਰਫ ਕਾਵਾਂ ਨੂੰ ਹੀ ਖਿਲਾਉਣਾ ਹੈ ਹੋਰ ਕੋਈ ਜਾਨਵਰ ਜੂਠਾ ਨਾ ਕਰੇ। ਫਿਰ ਤੈਨੂੰ ਖਾਣ ਵਾਸਤੇ ਮਿਲੇਗਾ। ਉਨ੍ਹਾਂ ਦਾ ਵਿਸ਼ਵਾਸ ਸੀ ਕਿ ਅਗਰ ਪਹਿਲਾਂ ਕਾਂ ਖਾ ਲੈਣਗੇ ਤਾਂ ਭੋਜਨ ਪਿਤਰਾਂ ਨੂੰ ਪਹੁੰਚ ਜਾਵੇਗਾ, ਕਿਉਂਕਿ ਕਾਂ ਦੀ ਉਮਰ ਬਹੁਤ ਲੰਮੀ ਹੁੰਦੀ ਹੈ। ਇਸ ਕਰਕੇ ਇਨ੍ਹਾਂ ਨੂੰ ਭੋਜਨ ਦਿੱਤਾ ਜਾਂਦਾ ਹੈ। ਇੱਕ ਦੋ ਦਿਨ ਤਾਂ ਕਾਂ ਭੋਜਨ ਛੇਤੀ ਖਾ ਗਏ ਤੀਜੇ ਦਿਨ ਕੋਈ ਨਾ ਆਇਆ, ਕਿਉਂਕਿ ਘਰ ਘਰ ਤਾਂ ਕੋਠੇ ਉਪਰ ਕਾਂਵਾ ਵਾਸਤੇ ਖਾਣਾ ਰੱਖਿਆ ਹੋਇਆ ਸੀ, ਦਿਨ ਵੱਡਾ ਹੁੰਦਾ ਗਿਆ, ਧੁੱਪੇ ਬੈਠੇ ਬੈਠੇ ਮੈਨੂੰ ਭੁਖ ਲੱਗਣ ਲੱਗੀ, ਮੈਂ ਸੋਚਿਆ ਕਿੰਨੀ ਕੁ ਦੇਰ ਹੋਰ ਉਡੀਕ ਕਰਾਂ ਪਤਾ ਨਹੀਂ ਕਾਂਵਾ ਨੇ ਆਉਣਾ ਹੈ ਕਿ ਨਹੀਂ। ਮੈਂ ਸਾਰਾ ਭੋਜਨ ਆਪ ਹੀ ਖਾ ਲਿਆ ਅਤੇ ਸੋਚਿਆ ਇਹ ਕਿਡਾ ਵੱਡਾ ਵਹਿਮ ਹੈ ਕਿ ਕਾਂਵਾਂ ਦਾ ਖਾਧਾ ਹੋਇਆ ਪਿਤਰਾਂ ਨੂੰ ਪਹੁੰਚ ਜਾਏਗਾ। ਪਿਤਰ ਤਾਂ ਪਤਾ ਨਹੀਂ ਕਿਹੜੀ-ਕਿਹੜੀ ਜੂਨ ਵਿੱਚ ਫਿਰਦੇ ਹੋਣਗੇ ਹਾਂ ਪਰ ਕਾਂਵਾਂ, ਕੁਤਿਆਂ ਆਦਿ ਦਾ ਰੱਜ ਜਰੂਰ ਇਸ ਵਹਿਮ ਭਰੇ ਕਰਮਕਾਂਡ ਕਰਕੇ ਹੋ ਜਾਂਦਾ ਹੈ ਜਿਵੇਂ ਕਬੀਰ ਜੀ ਫਰਮਾਉਂਦੇ ਹਨ

ਕਊਆ ਕਹਾ ਕਪੂਰ ਚਰਾਏ ॥
ਕਹ ਬਿਸੀਅਰ ਕਉ ਦੂਧੁ ਪੀਆਏ ॥

*(ਭਗਤ ਕਬੀਰ ਜੀ ਪੰ:–481)*

ਆਇਆ ਗਇਆ ਮੁਇਆ ਨਾਉ ॥
ਪਿਛੈ ਪਤਲਿ ਸਦਿਹੁ ਕਾਵ ॥
ਨਾਨਕ ਮਨਮੁਖਿ ਅੰਧੁ ਪਿਆਰੁ ॥
ਬਾਝੁ ਗੁਰੂ ਡੁਬਾ ਸੰਸਾਰ ॥

*(ਮਾਝ ਮ: 1 ਪੰ:–138)*

ਸ੍ਰੀ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਮਰ ਚੁਕੇ ਪ੍ਰਾਣੀ ਨੂੰ ਇਸ ਤਰ੍ਹਾਂ ਕੁਝ ਨਹੀਂ ਮਿਲਦਾ। ਇਸ ਤਰ੍ਹਾਂ ਸਰਾਧ ਤਾਂ ਭੁਲੇ ਹੋਏ ਲੋਕ ਹੀ ਕਰਾਉਂਦੇ ਹਨ। ਇਸੇ ਤਰ੍ਹਾਂ ਕਬੀਰ ਜੀ ਫੁਰਮਾਉਂਦੇ ਹਨ :

ਜੀਵਤ ਪਿਤਰ ਨ ਮਾਨੈ ਕੋਊ ਮੂਏਂ ਸਿਰਾਧ ਕਰਾਹੀ ॥

ਪਿਤਰ ਭੀ ਬਪੁਰੇ ਕਹੁ ਕਿਉ ਪਾਵਹਿ ਕਊਆ ਕੂਕਰ ਖਾਹੀ ॥

*(ਗਉੜੀ ਬੈਰਾਗਣਿ ਕਬੀਰ ਜੀ ਪੰ:-332)*

ਇਸ ਦਾ ਭਾਵ ਲੋਕ ਜਿਉਂਦੇ ਮਾਪਿਆਂ ਦੀ ਸੇਵਾ ਨਹੀਂ ਕਰਦੇ, ਰੋਟੀ ਕੱਪੜਾ ਵੀ ਤਰਸਾ ਕੇ ਦਿੰਦੇ ਹਨ ਆਸ ਕਰਦੇ ਹਨ ਕਿ ਛੇਤੀ ਮਰ ਜਾਣ, ਜਦੋਂ ਉਹ ਮਰ ਜਾਂਦੇ ਹਨ ਤਾਂ ਲੋਕਾਂ ਨੂੰ ਖੁਸ਼ ਕਰਨ ਵਾਸਤੇ ਸਰਾਧ ਕਰਦੇ ਹਨ। ਉਹ ਸਰਾਧ ਕੀਤੇ ਦਾ ਕੀ ਫਲ ਜੋ ਉਨ੍ਹਾਂ ਨੂੰ ਮਿਲਣਾ ਹੀ ਨਹੀਂ, ਉਹ ਤਾਂ ਕਾਂ ਕੁੱਤੇ ਹੀ ਖਾ ਜਾਂਦੇ ਹਨ।

ਇਸੇ ਤਰ੍ਹਾਂ ਲਾਹੌਰ ਦਾ ਦੁਨੀ ਚੰਦ ਹਰ ਸਾਲ ਸਰਾਧ ਕਰਾਉਂਦਾ ਸੀ। ਇੱਕ ਦਿਨ ਸਰਾਧ ਵਾਲੇ ਦਿਨ ਸ੍ਰੀ ਗੁਰੂ ਨਾਨਕ ਦੇਵ ਜੀ ਵੀ ਹਾਜ਼ਰ ਸਨ। ਗੁਰੂ ਜੀ ਨੇ ਉਸਨੂੰ ਦੱਸਿਆ ਕਿ ਤੇਰਾ ਪਿਤਾ ਤਿੰਨ ਦਿਨਾਂ ਤੋਂ ਭੁਖਾ ਬੈਠਾ ਹੈ। ਉਸ ਨੂੰ ਇਸ ਖਾਣੇ ਦਾ ਕੋਈ ਫਲ ਨਹੀਂ ਮਿਲਿਆ। ਦੁਨੀ ਚੰਦ ਨੇ ਪੁਛਿਆ, ਮੇਰਾ ਪਿਤਾ ਇਸ ਵੇਲੇ ਕਿਥੇ ਹੈ। ਗੁਰੂ ਜੀ ਨੇ ਦੱਸਿਆ, ਦੁਨੀ ਚੰਦ ! ਉਹ ਇਥੋਂ ਪੰਜਾਂ ਕੋਹਾਂ ਤੇ ਜੰਗਲ ਵਿੱਚ ਬਘਿਆੜ ਦੇ ਰੂਪ ਵਿੱਚ ਬੈਠਾ ਹੈ, ਤੂੰ ਉਥੇ ਪ੍ਰਸ਼ਾਦਿ ਲੈ ਜਾ ਪਰ ਡਰੀਂ ਨਾ ਅਤੇ ਤੇਰੇ ਜਾਣ ਨਾਲ ਉਸਦੀ ਮਨੁੱਖੀ ਬੁਧੀ ਹੋ ਜਾਵੇਗੀ ਅਤੇ ਪ੍ਰਸ਼ਾਦ ਲੈ ਕੇ ਖਾਵੇਗਾ।

ਦੁਨੀ ਚੰਦ ਜੰਗਲ ਵਿੱਚ ਗਿਆ ਤੇ ਦੇਖਿਆ ਕਿ ਉਹ ਵਿਆਕੁਲ ਹੋਇਆ ਬੈਠਿਆ ਹੈ। ਉਸਨੇ ਉਸਦੇ ਅੱਗੇ ਪ੍ਰਸ਼ਾਦ ਰੱਖਿਆ ਤੇ ਉਸਦੀ ਮਨੁੱਖੀ ਬੁੱਧੀ ਹੋ ਗਈ। ਦੁਨੀ ਚੰਦ ਨੇ ਕਿਹਾ,


"ਤੁਸੀ ਤਾਂ ਬਹੁਤ ਉਤਮ ਤੇ ਭਲੇ ਪੁਰਸ਼ ਸੀ, ਇਹ ਬਘਿਆੜ ਦੀ ਜੂਨ ਤੁਹਾਨੂੰ ਕਿਉਂ ਮਿਲੀ।"

ਦੁਨੀ ਚੰਦ ਦੇ ਪਿਤਾ ਨੇ ਕਿਹਾ,


"ਮੈਨੂੰ ਪੂਰਾ ਗੁਰੂ ਨਹੀਂ ਮਿਲਿਆ ਇਸ ਕਰਕੇ ਮੇਰੀ ਇਹ ਦਸ਼ਾ ਹੋਈ ਹੈ ਅਤੇ ਜਦੋਂ ਮੇਰਾ ਅੰਤ ਸਮਾਂ ਆਇਆ ਸਾਡੇ ਗੁਆਂਢ ਕਿਸੇ ਨੇ ਮਾਸ ਰਿੰਨਿਆ ਸੀ ਉਸਦੀ ਦੀ ਵਾਸ਼ਨਾ ਮੇਰੇ ਤੱਕ ਪਹੁੰਚੀ ਤੇ ਮੇਰਾ ਮਨ ਵੀ ਮਾਸ ਖਾਣ ਨੂੰ ਲੋਚਿਆ ਅਤੇ ਅੰਤ ਵੇਲੇ ਮੇਰੀ ਮਾਸ ਵਿੱਚ ਸੁਰਤੀ ਹੋਣ ਕਰਕੇ ਮੈਨੂੰ ਬਘਿਆੜ ਦੀ ਜੂਨ ਮਿਲੀ ਹੈ। ਦੁਨੀ ਚੰਦ ਦੇ ਪ੍ਰਸ਼ਾਦ ਦੇਣ ਨਾਲ ਉਸਨੂੰ ਬਘਿਆੜ ਦੀ ਜੂਨ ਤੋਂ ਛੁਟਕਾਰਾ ਮਿਲ ਗਿਆ।

ਦੁਨੀ ਚੰਦ ਨੇ ਘਰ ਆ ਕੇ ਗੁਰੂ ਜੀ ਦੇ ਚਰਨਾ ਤੇ ਮੱਥਾ ਟੇਕਿਆ ਅਤੇ ਕਿਹਾ ਗੁਰੂ ਜੀ ਮੇਰੇ ਤੇ ਕ੍ਰਿਪਾ ਕਰੋ ਤਾਂ ਕਿ ਮੇਰਾ ਲੋਕ ਪ੍ਰਲੋਕ ਦਾ ਸੁਧਾਰ ਹੋ ਜਾਵੇ। ਗੁਰੂ ਜੀ ਨੇ ਨਾਮ ਦਾਨ ਬਖਸ਼ਕੇ ਉਸਨੂੰ ਨਿਹਾਲ ਕੀਤਾ।


*****




ਡੈਨਮਾਰਕ ਵਿਚ ਸਿੱਖ ਫੁਲਵਾੜੀ ਦੀ ਸੰਭਾਲ - ਛੋਟੇ ਛੋਟੇ ਆਪਣੇ ਸਿੱਖੀ ਸਰੂਪ ਵਿਚ ।



ਹੰਸਲੋ (ਲੰਡਨ) ਵਿਖੇ ਇੰਡੀਆ ਤੋਂ ਆਏ ਹੋਏ ਗੁਰਸਿੱਖਾਂ ਦੇ ਨਾਲ ਦਾਸ, ਭਾਈ ਭੁਪਿੰਦਰ ਸਿੰਘ, ਬੀਬੀ ਭੁਪਿੰਦਰ ਕੌਰ, ਭਾਈ ਪੂਰਨ ਸਿੰਘ, ਭਾਈ ਹਰਵਿੰਦਰ ਸਿੰਘ ਅਤੇ ਬੀਬੀ ਕੁਲਵੰਤ ਕੌਰ ।




ਮਹਾਰਾਜ ਦੇ ਦਰਸ਼ਨ ਦੇਣ ਤੋਂ ਪਹਿਲਾਂ ਦਾਸ ਪੁਰਾਣੇ ਰੂਪ ਵਿਚ, ਬੀਬੀ ਡਲੀਆ ਦੇ ਨਾਲ ਪੈਰਿਸ ਵਿਖੇ ।




ਬੀਬੀ ਡਲੀਆ ਦੇ ਇਜ਼ਰਾਈਲ ਜਾਣ ਵੇਲੇ ਦੀ ਫੋਟੋ, ਜਾਦੋਂ ਸਿੱਖੀ ਸਰੂਪ ਵਿਚ ਆ ਚੁੱਕਾ ਸੀ ।




ਅੰਮ੍ਰਿਤ ਦੇ ਸੋਮੇ ਸ੍ਰੀ ਅਨੰਦਪੁਰ ਵਿਖੇ ਕਾਰਸੇਵਾ ਕਰਵਾਉਣ ਵਾਲੇ ਸੰਤ ਬਾਬਾ ਲਾਭ ਸਿੰਘ ਜੀ ਡਰਬੀ ਵਿਖੇ । ਉਹਨਾਂ ਦੇ ਨਾਲ (ਖੱਬਿਉਂ ਸੱਜੇ) ਸ. ਰਾਜਿੰਦਰ ਸਿੰਘ ਪੁਰੇਵਾਲ - ਬੀਬੀ ਜਸਵੀਰ ਕੌਰ ਪੁਰੇਵਾਲ (ਪੰਜਾਬ ਟਾਈਮਜ਼ ਇੰਟਰਨੈਸ਼ਨਲ ਦੇ ਮਾਲਕ), (ਦਾਸ) ਰਾਮਾ ਸਿੰਘ, ਭਾਈ ਪਾਖਰ ਸਿੰਘ, ਬਾਬਾ ਲਾਭ ਸਿੰਘ ਜੀ, ਭਾਈ ਜਗਤਾਰ ਸਿੰਘ, ਭਾਈ ਵਾਹਿਗੁਰੂ ਸਿੰਘ ਅਤੇ ਭਾਈ ਮਲਕੀਤ ਸਿੰਘ ।



ਗੁਰਦੁਆਰਾ ਲੰਗਰ ਸਾਹਿਬ (ਬਾਬਾ ਨਿਧਾਨ ਸਿੰਘ ਜੀ) ਸ੍ਰੀ ਨੰਦੇੜ ਸਾਹਿਬ ਵਿਖੇ ਕਾਰ ਸੇਵਾ ਕਰਵਾ ਰਹੇ ਸੰਤ ਬਾਬਾ ਸੀਸ਼ਾ ਸਿੰਘ ਜੀ ਜਦੋਂ ਇਗਲੈਂਡ ਵਿਖੇ ਸੇਵਾ ਲਈ ਆਏ । (ਖੱਬਿਉਂ ਸੱਜੇ) ਭਾਈ ਅਮਰਜੀਤ ਸਿੰਘ, ਬਾਬਾ ਸੀਸ਼ਾ ਸਿੰਘ, ਡਾਈ ਹਰਬੰਸ ਸਿੰਘ ਅਤੇ ਅਤੇ ਹਰਚਰਨ ਸਿੰਘ ਲੰਡਨ ਵਿਖੇ ।



ਖਾਲਸਾ ਰਾਜ ਦੀ ਨਿਸ਼ਾਨੀ - ਜਦੋਂ ਦਾਸ ਨੇ 'ਸੁਪਨ-ਅਵਸਥਾ' ਵਿਚ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਦੀਦਾਰੇ ਕੀਤੇ, ਅਤੇ ਗੁਪਤ ਖਾਲਸੇ ਨੇ ਖਾਲਸਾ ਰਾਜ ਦੀ ਪ੍ਰਾਪਤੀ ਦਾ ਦ੍ਰਿਸ਼ ਦਿਖਾਇਆ

# ਨਾਗ ਪੰਚਮੀ

ਛੋਟੀ ਉਮਰ ਵਿੱਚ ਹੋਰਨਾਂ ਕਰਮਕਾਂਡਾਂ ਦੇ ਨਾਲ ਨਾਲ ਦਾਸ ਨੂੰ ਨਾਗ ਪੰਚਮੀ ਬਾਰੇ ਵੀ ਪਤਾ ਲੱਗਾ। ਨਾਗ ਪੰਚਮੀਂ ਨੂੰ ਨਾਗ ਦੀ ਪੂਜਾ ਹੁੰਦੀ ਹੈ। ਉਸ ਦਿਨ ਮਾਤਾ ਜੀ ਨੇ ਕਿਹਾ ਜਾਹ, ਬਜ਼ਾਰ ਤੋਂ ਜਾ ਕੇ ਨਾਗ ਭਗਵਾਨ ਦੀ ਫੋਟੋ ਲੈ ਕੇ ਆ। ਉਸ ਨੇ ਮੈਨੂੰ ਇੱਕ ਆਨਾ ਦਿੱਤਾ, ਸਾਰੀਆਂ ਦੁਕਾਨਾਂ ਤੋਂ ਫੋਟੋ ਵਿਕ ਚੁੱਕੀਆਂ ਸਨ। ਮੈਂ ਘਰ ਆ ਕੇ ਮਾਤਾ ਜੀ ਨੂੰ ਦੱਸਿਆ ਕਿ ਮੈਨੂੰ ਫੋਟੋ ਨਹੀਂ ਮਿਲੀ। ਮੇਰੀ ਮਾਤਾ ਜੀ ਬਹੁਤ ਗੁੱਸੇ ਹੋਈ ਅਤੇ ਬੋਲੀ ਕਿਤੋਂ ਨਾ ਕਿਤੋਂ ਜ਼ਰੂਰ ਲੈ ਕੇ ਆ। ਮੈਂ ਸੋਚਿਆ ਹੁਣ ਮੈਂ ਕਿਥੋਂ ਲੈ ਕੇ ਆਵਾਂ। ਸੋਚਦਾ ਸੋਚਦਾ ਮੈਂ ਬਾਹਰ ਨਿਕਲ ਗਿਆ, ਥੋੜ੍ਹੀ ਦੂਰ ਜਾ ਕੇ ਮੇਰਾ ਮਿੱਤਰ ਮਿਲਿਆ ਮੈਨੂੰ ਪੁੱਛਣ ਲੱਗਾ,

"ਯਾਰ ਕੀ ਗੱਲ ਤੂੰ ਬੜਾ ਉਦਾਸ ਦਿਖਦਾ ਹੈ"

ਮੈਂ ਕਿਹਾ,

"ਯਾਰ ਮੇਰੀ ਮਾਤਾ ਜੀ ਨੇ ਮੈਨੂੰ ਨਾਗ ਦੇਵਤਾ ਦੀ ਫੋਟੋ ਲੈਣ ਵਾਸਤੇ ਭੇਜਿਆ ਸੀ ਫੋਟੋ ਸਾਰੇ ਵਿਕ ਗਏ, ਹੁਣ ਮੈਂ ਕਿਥੋਂ ਲਿਆਵਾਂ"।

ਮੇਰੇ ਦੋਸਤ ਨੇ ਕਿਹਾ,

"ਫਿਕਰ ਨਾ ਕਰ ਮੈਨੂੰ ਦੁਕਾਨਦਾਰ ਨੇ ਭੁਲੇਖੇ ਨਾਲ ਇਕ ਦੀ ਬਜਾਏ ਦੋ ਦੇ ਦਿਤੇ ਹਨ ਇਕ ਮੈਂ ਤੈਨੂੰ ਦੇ ਦਿੰਦਾ ਹਾਂ।"

ਮੈਂ ਲਿਆ ਕੇ ਮਾਂ ਜੀ ਨੂੰ ਦੇ ਦਿੱਤੀ। ਉਸ ਦਿਨ ਮਾਤਾ ਜੀ ਨੇ ਬਹੁਤ ਅੱਛੇ-ਅੱਛੇ ਖਾਣੇ ਬਣਾਏ। ਨਾਗ ਦੀ ਫੋਟੋ ਅਗੇ ਖਾਣੇ ਬਣਾ ਕੇ ਰੱਖ ਦਿਤੇ ਤੇ ਪ੍ਰਾਰਥਨਾ ਕਰਨ ਲੱਗੀ, "ਹੇ ਨਾਗ ਦੇਵਤਾ! ਸਾਡੀ ਹਮੇਸ਼ਾ ਰੱਖਿਆ ਕਰਨੀ ਪ੍ਰੀਵਾਰ ਨੂੰ ਸੁਖ ਸ਼ਾਂਤੀ ਬਖਸ਼ਣੀ" ਮੈਂ ਸੋਚਿਆ ਨਾਗ ਕਿਸੇ ਦੀ ਕੀ ਰੱਖਿਆ ਕਰ ਸਕਦਾ ਹੈ ਉਸਦੇ ਅੰਦਰ ਤਾਂ ਜ਼ਹਿਰ ਹੀ ਜ਼ਹਿਰ ਹੁੰਦੀ ਹੈ ਅਤੇ ਡੰਗ ਹੀ ਮਾਰਦਾ ਹੈ। ਇਹ ਵੀ ਮੈਂ ਵਹਿਮ ਹੀ ਸਮਝਿਆ। ਨਾਗ ਕੋਲੋਂ ਕੀ ਸੁੱਖ ਦੀ ਪ੍ਰਾਪਤੀ ਹੋ ਸਕਦੀ ਹੈ।

ਮਨਮੁਖ ਮਨੁ ਨ ਭਿਜਈ ਅਤਿ ਮੈਲੇ ਚਿਤਿ ਕਠੋਰ ॥
ਸਪੈ ਦੁਧੁ ਪੀਆਈਐ ਅੰਦਰਿ ਵਿਸੁ ਨਿਕੋਰ।

*(ਸੂਹੀ ਮ: 3 ਪੰ:-755)*

ਕੁਦਰਤੀ ਕੁਝ ਦੇਰ ਬਾਅਦ ਇਕ ਸੱਪ ਕਿਤਿਓਂ ਨਿਕਲ ਆਇਆ ਤੇ ਅਸੀਂ ਸਾਰੇ ਸਹਿਮ ਗਏ ਕਿ ਹੁਣ ਕੀ ਕਰੀਏ ਜਿਸ ਨਾਗ ਭਗਵਾਨ ਦੀ ਕੁਝ ਦੇਰ ਪਹਿਲਾਂ ਪੂਜਾ ਹੁੰਦੀ ਸੀ ਉਸ ਤੋਂ ਰੱਖਿਆ ਤੇ ਕੀ ਸਗੋਂ ਸਭ ਦੀ ਜਾਨ ਨੂੰ ਖਤਰਾ ਆ ਗਿਆ। ਪਿਤਾ ਜੀ ਨੇ ਹੌਸਲਾ ਕਰਕੇ ਇੱਕ ਡੰਡਾ ਲੈਕੇ ਉਸਦੇ ਸਿਰ ਨੂੰ ਫੇਹ ਕੇ ਹੀ ਉਸਦੀ ਪੂਜਾ ਸਿਰੇ ਚੜ੍ਹਾਈ। ਦਾਸ ਨੂੰ ਸਿਖਿਆ ਮਿਲ ਗਈ, ਭਾਵ ਐਸੀ ਵਹਿਮ ਭਰੀ ਪੂਜਾ ਤੋਂ ਛੁਟਕਾਰਾ ਮਿਲ ਗਿਆ।

*****

# ਕਾਲੀ ਮਾਈ ਦੀ ਪੂਜਾ

ਸਾਡੇ ਪਿੰਡ ਤੋਂ ਪੰਜ ਛੇ ਮੀਲ ਦੂਰ ਕਾਲੀ ਮਾਈ ਦੇ ਮੰਦਿਰ ਤੇ ਹਰ ਸਾਲ ਮੇਲਾ ਲੱਗਦਾ ਹੈ। ਉਸ ਜਗ੍ਹਾ ਤੇ ਜਾਣ ਲਈ ਲੋਕ ਜਲੂਸ ਦੀ ਸ਼ਕਲ ਵਿੱਚ ਜਾਂਦੇ ਹਨ। ਸਭ ਤੋਂ ਮੋਹਰੇ ਕਾਲੀ ਮਾਈ ਦਾ ਝੰਡਾ ਕਾਲੇ ਰੰਗ ਦਾ ਹੁੰਦਾ ਹੈ ਇਸ ਦੇ ਪਿਛੇ ਸਾਰੇ ਇਕ ਜਥੇ ਦੇ ਰੂਪ ਵਿੱਚ ਚਲਦੇ ਹਨ ਮੰਦਰ ਤੋਂ ਥੋੜ੍ਹੀ ਦੂਰ ਪਹਿਲਾਂ ਜਥੇ ਰੁਕ ਜਾਂਦੇ ਹਨ। ਕਾਲੀ ਮਾਈ ਨੂੰ ਖੁਸ਼ ਕਰਨ ਲਈ ਕਈ ਲੋਕ ਆਪਣੇ ਗਲੇ ਵਿੱਚ ਸੂਏ ਲਾਉਂਦੇ ਹਨ। ਕਈ ਵਿਆਕਤੀ ਦੋ-ਦੋ ਸੂਏ ਲਾਉਂਦੇ ਹਨ ਕਈ ਆਦਮੀ ਆਪਣਾ ਗੁਨਾਹ ਬਖਸ਼ਾਉਣ ਵਾਸਤੇ ਆਪਣੇ ਆਪ ਨੂੰ ਸਜ਼ਾ ਦਿੰਦੇ ਹਨ ਜਿਵੇਂ ਕਿਸੇ ਨੇ ਚੋਰੀ ਕੀਤੀ ਹੋਵੇ ਜਾਂ ਕੋਈ ਗੁਨਾਹ ਕੀਤਾ ਹੋਵੇ ਤਾਂ ਬਖਸ਼ਾਉਣ ਵਾਸਤੇ ਆਪਣੀ ਪਿੱਠ ਤੇ ਆਪ ਹੀ ਸੰਗਲ ਮਾਰਦੇ ਹਨ ਕਿ ਕਾਲੀ ਮਾਈ ਆਪ ਹੀ ਮੁਕਤੀ ਦੇ ਦੇਵੇ। ਇਕ ਸਾਧੂ ਰੱਥ ਉਪਰ ਸੂਲਾਂ ਦੇ ਮੰਜੇ ਤੇ ਲੰਮਾ ਪਿਆ ਸੀ। ਲੋਕੀ ਹੈਰਾਨ ਹੁੰਦੇ ਸਨ ਕਿ ਇਸ ਦੇ ਸੂਲਾਂ ਚੁਭਦੀਆਂ ਨਹੀਂ। ਉਹ ਕਹਿੰਦਾ ਮੇਰੇ ਉਪਰ ਕਾਲੀ ਮਾਈ ਦੀ ਅਪਾਰ ਕ੍ਰਿਪਾ ਹੈ ਇਸ ਲਈ ਮੇਰੇ ਕੰਡੇ ਨਹੀਂ ਚੁਭਦੇ। ਫਿਰ ਬੀਬੀਆਂ ਦਾ ਜਥਾ ਹੁੰਦਾ ਹੈ ਜਿਨ੍ਹਾਂ ਬੀਬੀਆਂ ਦੇ ਬੱਚਾ ਨਹੀਂ ਹੁੰਦਾ ਉਹ ਮਿੱਟੀ ਦਾ ਬੱਚਾ ਬਣਾ ਕੇ ਗੋਦੀ ਵਿੱਚ ਰੱਖ ਲੈਂਦੀਆਂ ਹਨ ਤੇ ਕਾਲੀ ਮਾਈ ਅੱਗੇ ਅਰਜੋਈ ਕਰਦੀਆਂ ਹਨ ਕਿ ਸਾਨੂੰ ਵੀ ਬੱਚਾ ਦੇ। ਸਾਰੇ ਲੋਕੀ ਉਚੀ ਉਚੀ ਬੋਲਦੇ ਹਨ, "ਕਾਲੀ ਮਾਈ ਦੀ ਜੈ ਹੋ"। ਇੰਨੇ ਨੂੰ ਇਕ ਗੋਰਾ ਫੋਟੋ ਲੈਣ ਆ ਗਿਆ, ਉਸਨੇ ਦੇਖਿਆ ਜਲੂਸ ਅਜੀਬ ਢੰਗ ਦਾ ਹੈ। ਕਿਸੇ ਨੇ ਸੂਏ ਲਾਏ ਹੋਏ ਹਨ, ਕੋਈ ਕੰਡਿਆਂ ਉਪਰ ਪਿਆ ਹੈ। ਕੋਈ ਗਤਕਾ ਖੇਡਦੇ ਹਨ, ਕੋਈ ਆਪਣੇ ਆਪ ਨੂੰ ਸੰਗਲ ਮਾਰ ਰਿਹਾ ਹੈ। ਉਹ ਬਹੁਤ ਹੈਰਾਨ ਹੋਇਆ। ਫਿਰ ਉਸਨੇ ਅੰਗਰੇਜ਼ੀ ਬੋਲਣ ਵਾਲਾ ਲੱਭਿਆ। ਉਸ ਨੇ ਗੋਰੇ ਨੂੰ ਸਮਝਾਇਆ ਕਿ ਇਹ ਸਾਰੇ ਲੋਕ ਕਾਲੀ ਮਾਈ ਨੂੰ ਖੁਸ਼ ਕਰਨ ਦਾ ਯਤਨ ਕਰ ਰਹੇ ਹਨ। ਉਹ ਬਹੁਤ ਹੈਰਾਨ ਸੀ ਕਿ ਕਿਸ ਤਰ੍ਹਾਂ ਲੋਕ ਆਪਣੇ ਸਰੀਰ ਨੂੰ ਕਸ਼ਟ ਦੇ ਰਹੇ ਹਨ। ਮੇਰੇ ਮਨ ਤੇ ਵੀ ਇਸ ਦਾ ਬਹੁਤ ਅਸਰ ਹੋਇਆ ਕਿ ਕੋਈ ਨੇਕ ਕੰਮ ਕਰਨ ਦੀ ਤੇ ਪ੍ਰਮਾਤਮਾ ਦੀ ਸਿਫਤ ਸਲਾਹ ਕਰਨ ਦੀ ਥਾਂ ਇਹ ਕੀ ਖੋਖੇ ਕਰਮ ਕਰ ਰਹੇ ਹਨ ਇਨ੍ਹਾਂ ਪਖੰਡਾਂ ਬਾਰੇ ਗੁਰਬਾਣੀ ਨੇ ਵੀ ਠੀਕ ਹੀ ਰੋਸ਼ਨੀ ਪਾਈ ਹੈ;

**ਕਰਮ ਧਰਮ ਪਾਖੰਡ ਜੋ ਦੀਸਹਿ, ਤਿਨ ਜਮੁ ਜਾਗਾਤੀ ਲੂਟੈ ॥**
**ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ, ਨਿਮਖ ਸਿਮਰਤ ਜਿਤੁ ਛੂਟੈ**

*(ਸੂਹੀ ਮ: 5 ਪੰ:-747)*

**ਪ੍ਰਮਾਤਮਾ ਦੇ ਨਾਮ ਬਿਨਾ ਮੁਕਤੀ ਨਹੀਂ ਮਿਲਦੀ ਨਾਮ ਜਪਣਾ ਅਤੀ ਜ਼ਰੂਰੀ ਹੈ।**

*****

# ਮੱਥਾ ਟੇਕਣ ਦਾ ਫਲ

ਮੇਰੀ ਉਮਰ ਪੰਦਰਾਂ ਕੁ ਸਾਲ ਦੀ ਸੀ, ਜਦੋਂ ਮੈਂ ਸਕੂਲ ਜਾਣਾ ਤਾਂ ਕਈ ਬੀਬੀਆਂ ਤੇ ਸਿਆਣੇ ਬੰਦਿਆਂ ਨੇ ਮੈਨੂੰ ਕਹਿਣਾ "ਪੰਡਿਤ ਜੀ ਪੈਰੀਂ ਪੈਣਾ" ਲੋਕਾਂ ਦੇ ਇਹੋ ਜਿਹੇ ਬਚਨ ਸੁਣ ਕੇ ਮੈਨੂੰ ਸ਼ਰਮ ਜਿਹੀ ਮਹਿਸੂਸ ਹੁੰਦੀ ਸੀ। ਮੈਂ ਸੋਚਿਆ, ਇਸ ਤਰ੍ਹਾਂ ਕਹਿਣ ਦਾ ਇਨ੍ਹਾਂ ਨੂੰ ਕੀ ਫਾਇਦਾ ਹੋਵੇਗਾ। ਇਕ ਦਿਨ ਮੈਂ ਪਿਤਾ ਜੀ ਨੂੰ ਪੁਛਿਆ ਇਹ ਲੋਕ ਇਸ ਤਰ੍ਹਾਂ ਕਿਉਂ ਕਰਦੇ ਹਨ। ਪਿਤਾ ਜੀ ਨੇ ਜੁਆਬ ਦਿੱਤਾ ਅਸੀ ਉਚੀ ਕੁਲ ਵਿਚ ਜਨਮ ਲਿਆ ਹੈ ਤਾਂ ਲੋਕੀ ਸਮਝਦੇ ਹਨ ਕਿ ਇਨ੍ਹਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ ਸ਼ਾਇਦ ਸਾਡਾ ਵੀ ਭਲਾ ਹੋ ਜਾਵੇ। ਹਿੰਦੂ ਧਰਮ ਵਿੱਚ ਯੋਗੀ, ਸੰਨਿਆਸੀ, ਰਿਸ਼ੀਮੁਨੀ ਸਾਰੇ ਹੀ ਮੱਥਾ ਟਿਕਾਉਂਦੇ ਹਨ ਤੇ ਇਹ ਰੀਤ ਚਲੀ ਆ ਰਹੀ ਹੈ। ਦੂਸਰੀਆਂ ਜਾਤਾਂ ਵਾਲੇ ਪੰਡਿਤਾਂ ਦੀ ਉੱਚੀ ਜਾਤ ਸਮਝ ਕੇ ਸ਼ਾਦੀ ਵਿਆਹ ਜਾਂ ਕੋਈ ਹੋਰ ਰਸਮ ਕਰਨੀ ਹੋਵੇ ਤਾਂ ਪੰਡਿਤਾਂ ਨੂੰ ਹੀ ਬੁਲਾਉਂਦੇ ਹਨ। ਪੰਡਿਤਾਂ ਦੀ ਵੀ ਇਹ ਇਕ ਕਿਸਮ ਦੀ ਕਿਰਤ ਹੈ ਪੰਡਿਤਾਂ ਨੂੰ ਦਾਨ ਦੇ ਕੇ ਲੋਕ ਬਹੁਤ ਖੁਸ਼ ਹੁੰਦੇ ਹਨ। ਮੈਂ ਪਿਤਾ ਜੀ ਤੋਂ ਪੁਛਿਆ, ਜਦੋਂ ਉਹ ਇਸ ਤਰ੍ਹਾਂ ਕਹਿੰਦੇ ਹਨ ਤਾਂ ਮੈਂ ਉਨ੍ਹਾਂ ਨੂੰ ਕੀ ਜੁਆਬ ਦੇਵਾਂ, ਤਾਂ ਪਿਤਾ ਜੀ ਨੇ ਕਿਹਾ ਤੂੰ ਕਹਿ ਦਿਆ ਕਰ "ਸੁਖੀ ਵਸੋ" ਫਿਰ ਮੈਂ ਪੁਛਿਆ ਇਸ ਤਰਾਂ ਕਹਿਣ ਨਾਲ ਕੀ ਉਨ੍ਹਾਂ ਨੂੰ ਕੁਝ ਫਲ ਮਿਲੇਗਾ। ਪਿਤਾ ਜੀ ਨੇ ਕਿਹਾ, ਇਹ ਤਾਂ ਈਸ਼ਵਰ ਹੀ ਜਾਣਦਾ ਹੈ ਫਲ ਮਿਲੇ ਜਾਂ ਨਾ ਮਿਲੇ। ਅਸੀ ਤਾਂ ਆਪਣੀ ਪੂਜਾ ਕਰਵਾਉਣੀ ਹੈ। ਇਹ ਗੱਲਾਂ ਸੁਣ ਕੇ ਪਿਤਾ ਜੀ ਬਹੁਤ ਹੈਰਾਨ ਹੋਏ ਤੇ ਕਿਹਾ, "ਐਸੀਆ ਗੱਲਾਂ ਤੈਨੂੰ ਕਿਥੋਂ ਸੁਝਦੀਆਂ ਹਨ। ਕਦੀ ਤੂੰ ਕਹਿੰਦਾ ਮੱਥੇ ਤੇ ਤਿਲਕ ਕਿਉਂ ਲਗਾਉਂਦੇ ਹੋ, ਕਦੀ ਤੂੰ ਕਹਿੰਦਾ ਜਨੇਊ ਕਿਉਂ ਪਹਿਨਦੇ ਹੋ, ਕਦੀ ਕਹਿੰਦਾ ਬੋਦੀ ਕਿਉਂ ਰੱਖਦੇ ਹੋ" ਤੇ ਕਹਿਣ ਲੱਗੇ ਇਹ ਤਾਂ ਸਾਡਾ ਧਰਮ ਹੈ ਤੂੰ ਨੁਕਤਾਚੀਨੀ ਕਿਉਂ ਕਰਦਾ ਹੈ। ਤੈਨੂੰ ਧਰਮ ਬਾਰੇ ਕੋਈ ਪਤਾ ਨਹੀਂ, ਵੱਡਾ ਹੋ ਕੇ ਪਤਾ ਲੱਗੇਗਾ ਕਿ ਹਿੰਦੂ ਧਰਮ ਕਿਤਨਾ ਉੱਚਾ ਹੈ ਪਰ ਕਿਸੇ ਧਰਮ ਦੇ ਉੱਚਾ ਹੋਣ ਬਾਰੇ ਗੁਰਬਾਣੀ ਇਸ ਤਰ੍ਹਾਂ ਕਹਿੰਦੀ ਹੈ।

ਸਰਬ ਧਰਮ ਮਹਿ ਸ੍ਰੇਸਟ ਧਰਮੁ ॥
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥

*(ਸੁਖਮਨੀ ਸਾਹਿਬ)*

ਇਸ ਕਲਯੁਗ ਵਿਚ ਪੂਰੇ ਗੁਰੂ "ਸ੍ਰੀ ਗੁਰੂ ਗ੍ਰੰਥ ਸਾਹਿਬ" ਜੀ ਹਨ। ਮਹਾਰਾਜ ਜੀ ਨੂੰ ਮੱਥਾ ਟੇਕਣ ਨਾਲ ਪ੍ਰਾਣੀ ਦੇ ਜਨਮ-ਜਨਮ ਦੇ ਪਾਪ ਮਿਟ ਜਾਂਦੇ ਹਨ ਪਰ ਬੰਦੇ ਨੂੰ ਮੱਥਾ ਟੇਕਣ ਦਾ ਕੀ ਫਲ ਮਿਲੇਗਾ ?

*****

# ਅੰਤ ਸਮੇਂ ਦਾ ਸੀਨ

ਸਾਡੇ ਪਿੰਡ ਇਕ ਹੀਰਾ ਨਾਥ ਨਾਂ ਦਾ ਬੰਦਾ ਰਹਿੰਦਾ ਸੀ। ਉਸਨੇ ਸਾਰੀ ਉਮਰ ਕੋਈ ਚੰਗਾ ਕੰਮ ਨਹੀਂ ਕੀਤਾ। ਉਸਦਾ ਕੰਮ ਆਪਣੇ ਸਾਥੀਆਂ ਨਾਲ ਸ਼ਿਕਾਰ ਕਰਨਾ ਤੇ ਸ਼ਰਾਬ ਕੱਢ ਕੇ ਪੀਣਾ ਸੀ। ਉਹ ਜੰਗਲੀ ਜਾਨਵਰ ਕਬੂਤਰ, ਹਿਰਨ, ਸੂਰ ਤੇ ਮੁਰਗਿਆਂ ਆਦਿਕ ਦਾ ਸ਼ਿਕਾਰ ਕਰਦਾ ਤੇ ਉਹੀ ਖਾਦਾਂ ਸੀ। ਸ਼ਰਾਬ ਇਤਨੀ ਪੀਦਾਂ ਸੀ ਕਿ ਉਸਦੇ ਗੁਰਦੇ ਖਰਾਬ ਹੋ ਗਏ। ਜਦ ਉਸਦਾ ਅੰਤ ਵੇਲਾ ਆਇਆ ਤੇ ਉਸਦੀ ਜਾਨ ਨਹੀਂ ਨਿਕਲਦੀ ਸੀ। ਉਹ ਦੁਹਾਈ ਪਾਉਂਦਾ ਕਿ ਮੈਨੂੰ ਹਿਰਨ ਸਿੰਗ ਅਤੇ ਮੁਰਗੇ ਚੁੰਜਾਂ ਮਾਰਦੇ ਹਨ। ਸਾਰੇ ਪਿੰਡ ਵਿੱਚ ਰੌਲਾ ਪੈ ਗਿਆ ਕਿ ਹੀਰੇ ਨਾਥ ਦੀ ਜਾਨ ਨਹੀਂ ਨਿਕਲਦੀ। ਇਹ ਸੁਣ ਕੇ ਮੈਂ ਵੀ ਉਸ ਨੂੰ ਦੇਖਣ ਗਿਆ, ਉਸ ਨੂੰ ਚੀਕਾਂ ਮਾਰਦੇ ਸੁਣ ਕੇ ਮੈਂ ਸੋਚਣ ਲੱਗ ਪਿਆ ਕਿ ਮਾੜੇ ਕੰਮ ਕਰਨ ਦਾ ਇਹ ਨਤੀਜਾ ਨਿਕਲਦਾ ਹੈ। ਅੱਗੇ ਜਾ ਕੇ ਇਸ ਦਾ ਕੀ ਹਾਲ ਹੋਵੇਗਾ। ਐਸੇ ਬੰਦੇ ਨੂੰ ਤਾਂ ਚੌਰਾਸੀ ਲੱਖ ਜੂਨ ਭੁਗਤਣੀ ਹੀ ਪਵੇਗੀ, ਇਹ ਭਿਆਨਕ ਸੀਨ ਦੇਖ ਕੇ ਮੈਂ ਬਹੁਤ ਉਦਾਸ ਹੋ ਗਿਆ ਤੇ ਘਰ ਨਹੀਂ ਗਿਆ ਸਿਧਾ ਹਰਦੁਆਰ ਪਹੁੰਚ ਗਿਆ। ਮੈਂ ਕਿਹਾ ਨੇੜੇ ਰਿਹਾ ਤੇ ਮਾਂ ਬਾਪ ਲੱਭ ਲੈਣਗੇ ਤੇ ਸ਼ਾਦੀ ਕਰ ਦੇਣਗੇ, ਕਿਉਂਕਿ ਮੇਰੀ ਉਮਰ 22 ਸਾਲ ਦੀ ਹੋ ਗਈ ਸੀ। ਦੋ ਰਿਸ਼ਤੇ ਵੀ ਆ ਚੁੱਕੇ ਸਨ। ਇਕ ਦਾ ਗੋਤ ਮਿਲਦਾ ਸੀ ਤੇ ਦੂਜੀ ਸਾਡੇ ਪਸੰਦ ਨਹੀਂ ਸੀ। ਮੈਂ ਸੋਚਿਆ ਜੇ ਗ੍ਰਹਿਸਤੀ ਜੀਵਨ ਵਿੱਚ ਪੈ ਗਿਆ ਤਾਂ ਭਗਤੀ ਤੋਂ ਦੂਰ ਹੋ ਜਾਵਾਂਗਾ। ਇਸ ਮੰਤਵ ਨਾਲ ਮੈਂ ਸਿੱਧਾ ਹਰਿਦੁਆਰ ਪਹੁੰਚ ਗਿਆ।

*****

ਭਾਗ - ਦੂਜਾ

*

*

# ਪੂਰੇ ਗੁਰੂ ਦੀ ਖੋਜ

# ਪੂਰੇ ਗੁਰ ਬਿਨ ਮੁਕਤਿ ਨਾ ਹੋਏ

ਹਰਿਦੁਆਰ ਸਾਡੇ ਪਿੰਡ ਤੋਂ ਤੀਹ ਮੀਲ ਦੂਰ ਹੈ ਮੈਂ ਹਰਿਦੁਆਰ ਹਰਿ ਕੀ ਪੌੜੀ ਇਸ਼ਨਾਨ ਕਰਕੇ ਰਿਸ਼ੀਕੇਸ਼ ਚਲਾ ਗਿਆ। ਰਿਸ਼ੀਕੇਸ਼ ਰਿਸ਼ੀਆਂ ਦੀ ਧਰਤੀ ਹੈ। ਮੈਂ ਸੋਚਿਆ ਇਥੇ ਬੈਠ ਕੇ 'ਹਰੇ ਰਾਮਾ' ਦਾ ਸਿਮਰਨ ਕਰਾਂਗਾ। ਉਥੇ ਘਣੇ ਜੰਗਲ ਵਿੱਚ ਇਕਾਂਤ ਜਗ੍ਹਾ ਦੇਖ ਕੇ "ਹਰੇ ਰਾਮਾ, ਹਰੇ ਰਾਮਾ" ਦਾ ਜਾਪ ਕਰਨ ਲੱਗਾ। ਸਾਰਾ ਦਿਨ ਇਸੇ ਤਰ੍ਹਾਂ ਬੀਤ ਗਿਆ। ਰਾਤ ਨੂੰ ਅੱਖਾਂ ਤੇ ਪੱਟੀ ਬੰਨ੍ਹ ਕੇ ਭਜਨ ਕਰਦਾ ਰਿਹਾ। ਦੂਸਰਾ ਦਿਨ ਵੀ ਇਸੇ ਤਰ੍ਹਾਂ ਭਜਨ ਵਿੱਚ ਲੰਘ ਗਿਆ। ਭੁੱਖ ਪਿਆਸ ਦੀ ਕੋਈ ਪ੍ਰਵਾਹ ਨਹੀਂ ਕੀਤੀ। ਤੀਸਰੇ ਦਿਨ ਭਜਨ ਕਰਦਿਆਂ ਕਰਦਿਆਂ ਅੰਦਰੋਂ ਵਾਰ-ਵਾਰ ਐਸੀ ਅਵਾਜ ਆਵੇ ਕਿ:

ਪੂਰੇ ਗੁਰੂ ਬਿਨ ਮੁਕਤ ਨ ਹੋਇ ॥
ਪੂਰੇ ਗੁਰੂ ਬਿਨ ਮੁਕਤ ਨ ਹੋਇ ॥

'ਪੂਰੇ ਗੁਰੂ ਬਿਨ ਮੁਕਤ ਨ ਹੋਇ' ਦੀ ਧੁਨੀ ਹਿਰਦੇ ਵਿੱਚ ਬੈਠੀ ਹੋਈ ਸੀ। ਸੋਚਿਆ ਪਹਿਲਾਂ ਪੂਰਾ ਗੁਰੂ ਲੱਭਿਆ ਜਾਵੇ, ਪਰ ਹੁਣ ਕਿਥੇ ਜਾਵਾਂ। ਘਰ ਗਿਆ ਤਾਂ ਪਿਤਾ ਜੀ ਗੁਸੇ ਹੋਣਗੇ, ਫਿਰ ਮੈਨੂੰ ਚਾਚਾ ਜੀ ਦਾ ਖਿਆਲ ਆਇਆ ਕਿ ਦਿੱਲੀ ਵਿੱਚ ਉਨ੍ਹਾਂ ਦਾ ਹੋਟਲ ਹੈ। ਮੈਂ ਉਸ ਪਾਸ ਚਲਾ ਗਿਆ ਤੇ ਹੋਟਲ ਵਿੱਚ ਕੰਮ ਕਰਨ ਲੱਗਾ।

ਉਸ ਸਮੇਂ ਮੈਨੂੰ ਸਿੱਖ ਧਰਮ ਬਾਰੇ ਕੋਈ ਗਿਆਨ ਨਹੀਂ ਸੀ, ਨਾ ਹੀ ਪੂਰੇ ਗੁਰੂ ਦੀ ਸੋਝੀ ਸੀ। ਇਹ ਸਾਰਾ ਸੰਯੋਗ ਧੁਰੋਂ ਹੀ ਲਿਖਿਆ ਹੋਇਆ ਸੀ। ਸੋ ਜਦੋਂ ਮਿਲਾਪ ਦਾ ਸਮਾਂ ਹੁੰਦਾ ਹੈ, ਉਸੇ ਸਮੇਂ ਜੀਵ ਪੂਰੇ ਗੁਰੂ ਦੀ ਸ਼ਰਨ ਵਿੱਚ ਆਉਂਦਾ ਹੈ। ਜਦੋਂ ਮੈਂ ਹੋਟਲ ਵਿਚ ਕੰਮ ਕਰਦਾ ਸੀ, ਹੋਟਲ ਬਿਲਕੁਲ ਸੀਸਗੰਜ ਗੁਰਦੁਆਰੇ ਦੇ ਸਾਹਮਣੇ ਸੀ। ਪਰ ਮੈਨੂੰ ਕੋਈ ਗਿਆਨ ਨਹੀਂ ਸੀ, ਮੱਥਾ ਟੇਕਣ ਦਾ ਕੋਈ ਪਤਾ ਨਹੀਂ ਸੀ। ਮੈਂ ਸਮਝਦਾ ਸੀ ਜਿਸ ਤਰ੍ਹਾਂ ਮਸੀਤ ਵਿੱਚ ਸਿਰਫ ਮੁਸਲਮਾਨ ਹੀ ਜਾਂਦੇ ਹਨ ਅਤੇ ਮੰਦਿਰ ਵਿਚ ਹਿੰਦੂ ਹੀ ਜਾ ਸਕਦੇ ਹਨ ਇਸੇ ਤਰ੍ਹਾਂ ਗੁਰਦੁਆਰੇ ਵਿਚ ਸਿਰਫ ਸਿੱਖ ਹੀ ਜਾਂਦੇ ਹੋਣਗੇ। ਹੁਣ ਸਿੱਖੀ ਧਰਮ ਵਿੱਚ ਆ ਕੇ ਮੈਨੂੰ ਪਤਾ ਲੱਗਾ ਕਿ ਗੁਰਦੁਆਰੇ ਤਾਂ ਸਭ ਦੇ ਸਾਂਝੇ ਹੁੰਦੇ ਹਨ ਹਰੇਕ ਧਰਮ ਵਾਸਤੇ ਖੁਲ੍ਹੇ ਹਨ। ਹਰ ਕੋਈ ਮੱਥਾ ਟੇਕਣ ਜਾ ਸਕਦਾ ਹੈ।

ਹੋਟਲ ਵਿੱਚ ਮੈਂ ਚਾਚਾ ਜੀ ਦੀ ਮਦਦ ਕਰਨ ਲੱਗਾ ਅਤੇ ਨਾਲੇ ਖਾਣਾ ਬਣਾਉਣਾ ਸਿੱਖ ਲਿਆ। ਹੋਟਲ ਵਿਚ ਗਾਹਕਾਂ ਦੇ ਪੜ੍ਹਨ ਵਾਸਤੇ ਅਖਬਾਰ ਰੱਖੇ ਹੁੰਦੇ ਸਨ। ਇਕ ਦਿਨ ਰੋਟੀ ਖਾਂਦੇ ਦੀ ਨਜ਼ਰ ਇਕ ਇਸ਼ਤਿਆਰ ਤੇ ਪਈ। ਉਸ ਵਿੱਚ ਲਿਖਿਆ ਸੀ, ਮੈਨੂੰ ਐਸੇ ਆਦਮੀ ਦੀ ਲੋੜ ਹੈ ਜੋ ਪਾਰਟੀ ਦਾ ਇੰਤਜਾਮ ਕਰ ਸਕੇ ਅਤੇ ਮੇਰੇ ਨਾਲ ਵਿਦੇਸ਼ ਜਾਣ ਵਾਸਤੇ ਤਿਆਰ ਹੋਵੇ। ਮੈਂ ਐਡਰੈਸ ਲਿਖ ਲਿਆ ਤੇ ਸ਼ਾਮ ਨੂੰ ਕੰਮ ਤੋਂ ਵੇਹਲਾ ਹੋ ਕੇ ਉਸ ਅਫਸਰ ਨੂੰ ਮਿਲਣ ਚਲਾ ਗਿਆ। ਮੈਂ ਉਸ ਨੂੰ ਦੱਸਿਆ, ਮੈਨੂੰ ਬਾਹਰ ਜਾਣ ਦਾ ਸ਼ੌਕ ਹੈ। ਮੇਰੇ ਚਾਚਾ ਜੀ ਦਾ ਹੋਟਲ ਹੈ ਜਿਥੇ ਮੈਂ ਪਾਰਟੀਆਂ ਅਤੇ

ਬਾਹਰ ਖਾਣਪੀਣ ਦੇ ਸਮਾਨ ਭੇਜਣ ਦਾ ਇੰਤਜਾਮ ਕਰਦਾ ਹਾਂ । ਮੈਨੂੰ ਖਾਣੇ ਬਣਾਉਣ ਦਾ ਵੀ ਤਜ਼ਰਬਾ ਹੈ । ਮੈਂ ਆਪਣਾ ਨਾਮ ਤੇ ਐਡਰੈਸ ਦੇ ਕੇ ਆ ਗਿਆ, ਅਗਰ ਮੇਰੀ ਜ਼ਰੂਰਤ ਹੋਵੇ ਤਾਂ ਦੱਸ ਦੇਣਾ । ਉਸਨੇ ਜਲਦੀ ਜਾਣਾ ਸੀ ਉਹ ਦੂਸਰੇ ਦਿਨ ਹੀ ਹੋਟਲ ਆਇਆ । ਉਸ ਦਿਨ ਮੇਰੇ ਚਾਚਾ ਜੀ ਬਾਹਰ ਗਏ ਹੋਏ ਸਨ । ਮੈਂ ਇਕੱਲਾ ਹੀ ਹੋਟਲ ਵਿਚ ਸੀ । ਉਹ ਮੈਨੂੰ ਦੇਖ ਕੇ ਬਹੁਤ ਖੁਸ਼ ਹੋਇਆ ਕਿ ਇਕੱਲਾ ਆਦਮੀ ਹੋਟਲ ਚਲਾਉਂਦਾ ਹੈ । ਮੈਂ ਉਸ ਨੂੰ ਚਾਹ ਪਿਲਾਈ । ਉਸ ਨੂੰ ਜਿਹੜੀ ਜਾਣਕਾਰੀ ਮੇਰੇ ਬਾਰੇ ਚਾਹੀਦੀ ਸੀ ਉਹ ਲਿਖ ਕੇ ਲੈ ਗਿਆ । ਉਸਨੇ ਕਿਹਾ, ਮੈਨੂੰ ਤਿੰਨ ਫੋਟੋ ਚਾਹੀਦੇ ਹਨ । ਉਹ ਮੈਂ ਦੂਸਰੇ ਦਿਨ ਉਸ ਨੂੰ ਖਿਚਾ ਕੇ ਦੇ ਆਇਆ । ਇਕ ਹਫਤੇ ਵਿਚ ਉਸਨੇ ਮੇਰਾ ਪਾਸਪੋਰਟ ਬਣਾ ਲਿਆ ।

*****

# ਇੰਡੋਨੇਸ਼ੀਆ ਨੂੰ ਰਵਾਨਗੀ

ਅਫਸਰ ਨੇ ਦੱਸਿਆ 20 ਜੁਲਾਈ 1957 ਨੂੰ ਇੰਡੋਨੇਸ਼ੀਆ ਜਾਣਾ ਹੈ। ਮੈਂ ਇਹ ਗੱਲ ਕਿਸੇ ਨਾਲ ਨਹੀਂ ਕੀਤੀ। ਜਿਸ ਅਫਸਰ ਦੇ ਨਾਲ ਮੈਂ ਜਾਣਾ ਸੀ ਉਸ ਦੀ ਰਿਹਾਇਸ਼ ਇੱਕ ਹੋਟਲ ਵਿਚ ਸੀ। ਜਦ ਮੈਂ ਮਿਲਣ ਗਿਆ ਉਹ ਬਾਹਰ ਗਿਆ ਹੋਇਆ ਸੀ। ਜਦੋਂ ਉਹ ਮੈਨੂੰ ਜਾਣ ਦੀ ਤਰੀਖ ਦੱਸਣ ਆਇਆ ਹੋਟਲ ਦੇ ਕਮਰੇ ਦੀ ਚਾਬੀ ਦੇ ਗਿਆ ਕਿ ਜੇ ਮੈਂ ਇਧਰ ਉਧਰ ਗਿਆ ਹੋਵਾਂ ਤਾਂ ਅੰਦਰ ਬੈਠ ਜਾਣਾ। ਉਸ ਕਮਰੇ ਵਿੱਚ ਸੁਖਮਨੀ ਸਾਹਿਬ ਦੇ ਦੋ ਗੁਟਕੇ ਹਿੰਦੀ ਤੇ ਪੰਜਾਬੀ ਵਿਚ ਪਏ ਸਨ। ਮੈਂ ਹਿੰਦੀ ਵਾਲਾ ਗੁਟਕਾ ਸਹਿਜੇ ਸਹਿਜੇ ਪੜ੍ਹਨ ਲੱਗਾ ਇਸ ਤਰ੍ਹਾਂ ਲੱਗਿਆ ਕਿ ਮੇਰਾ ਪੂਰਬਲਾ ਕਰਮ ਜਾਗ ਪਿਆ ਹੈ। ਸੁਖਮਨੀ ਸਾਹਿਬ ਦਾ ਪਾਠ ਕਰਦਿਆਂ ਮੈਨੂੰ ਆਤਮਿਕ ਸ਼ਾਂਤੀ ਮਹਿਸੂਸ ਹੋਈ ਪਾਠ ਪੂਰਾ ਹੋਇਆ ਤਾਂ ਇੰਨੇ ਵਿਚ ਅਫਸਰ ਵੀ ਆ ਗਿਆ। ਉਸਨੇ ਦੱਸਿਆ ਇਹ ਗੁਟਕੇ ਮੈਂ ਤੇਰੇ ਵਾਸਤੇ ਖਰੀਦ ਕੇ ਰੱਖੇ ਹਨ। ਅਗਰ ਮੈਂ ਬਿਮਾਰ ਹੋ ਗਿਆ ਤਾਂ ਮੈਨੂੰ ਪੜ੍ਹ ਕੇ ਸੁਣਾਉਣੇ। ਉਹ ਸੁਖਮਨੀ ਸਾਹਿਬ ਦਾ ਨਿੱਤਨੇਮੀ ਸੀ। ਉਸ ਨੇ ਦੱਸਿਆ ਕਿ ਅਗਰ ਕੋਈ ਇਸ ਦਾ ਪਾਠ ਕਰੇਗਾ ਤਾਂ ਉਸ ਨੂੰ ਬਹੁਤ ਸੁਖ ਮਿਲਣਗੇ। ਮੈਂ ਪਹਿਲਾਂ ਟੀਚਰ ਸੀ, ਸੁਖਮਨੀ ਸਾਹਿਬ ਦਾ ਪਾਠ ਕਰਦੇ-ਕਰਦੇ ਹਾਈ ਕਮਿਸ਼ਨਰ ਬਣ ਗਿਆ। ਉਸ ਦਾ ਤੇ ਮੇਰਾ ਕੁਝ ਸਮਾਨ ਲਿਜਾਣ ਵਾਲਾ ਸੀ। ਉਸ ਨੇ ਮੈਨੂੰ ਪਹਿਲਾਂ ਸਮੁੰਦਰੀ ਜਹਾਜ਼ ਰਾਹੀ ਭੇਜ ਦਿੱਤਾ। ਉਸ ਨੇ ਆਪ ਹਵਾਈ ਜਹਾਜ਼ ਤੇ ਆਉਣਾ ਸੀ। ਰਸਤੇ ਵਿੱਚ ਮੈਨੂੰ ਹੋਰ ਕੋਈ ਕੰਮ ਨਹੀਂ ਸੀ, ਮੈਂ ਖੂਬ ਸੁਖਮਨੀ ਸਾਹਿਬ ਦੇ ਪਾਠ ਦਾ ਅਨੰਦ ਮਾਨਣ ਲੱਗਾ। ਤਕਰੀਬਨ 21 ਦਿਨਾਂ ਬਾਅਦ ਮੈਂ ਇੰਡੋਨੇਸ਼ੀਆ ਪਹੁੰਚਿਆ। ਉਨ੍ਹਾਂ ਨੇ ਮੈਨੂੰ ਗੈਸਟ ਹਾਊਸ ਵਿਚ ਕਮਰਾ ਦੇ ਦਿੱਤਾ। ਇੱਕ ਦਿਨ ਮੈਂ ਪੰਜਾਬੀ ਦੇ ਗੁਟਕੇ ਤੋਂ ਸੁਖਮਨੀ ਸਾਹਿਬ ਦਾ ਪਾਠ ਕਰ ਰਿਹਾ ਸੀ ਤੇ ਮਾਲਿਕ ਪਿਛੋਂ ਆ ਕੇ ਖੜ੍ਹਾ ਹੋ ਗਿਆ। ਉਹ ਦੇਖ ਕੇ ਬਹੁਤ ਹੈਰਾਨ ਹੋਇਆ ਕਿ ਮੈਂ ਪੰਜਾਬੀ ਦੇ ਗੁਟਕੇ ਤੋਂ ਪਾਠ ਬਹੁਤ ਪ੍ਰੇਮ ਨਾਲ ਕਰ ਰਿਹਾ ਹਾਂ। ਉਸ ਨੇ ਕਿਹਾ,

"ਜਿਹੜਾ ਬੰਦਾ ਸੁਖਮਨੀ ਸਾਹਿਬ ਦਾ ਪਾਠ ਕਰਦਾ ਹੈ ਮੈਂ ਉਸ ਦਾ ਬਹੁਤ ਸਤਿਕਾਰ ਕਰਦਾ ਹਾਂ। ਅਜ ਤੋਂ ਤੂੰ ਮੇਰਾ ਨੌਕਰ ਨਹੀਂ ਲੜਕਾ ਹੈ। ਹੁਣ ਆਪਾਂ ਇਕਠੇ ਬੈਠ ਕੇ ਪਾਠ ਕਰਿਆ ਕਰਾਂਗੇ। ਘਰ ਵਿਚ ਨੌਕਰਾਂ ਕੋਲੋਂ ਸਾਰਾ ਕੰਮ ਆਪ ਨੇ ਕਰਵਾਉਣਾ ਹੈ।" ਮਾਲਕ ਦੇ ਇਕ ਲੜਕਾ ਤੇ ਇੱਕ ਲੜਕੀ ਸੀ। ਲੜਕੀ ਦੀ ਸ਼ਾਦੀ ਹੋ ਗਈ ਤੇ ਲੜਕੇ ਦੀ ਅਜੇ ਹੋਣੀ ਸੀ, ਅਚਾਨਕ ਉਸ ਦੀ ਮੋਤ ਹੋ ਗਈ। ਬੱਚੇ ਦੇ ਵੈਰਾਗ ਵਿੱਚ ਦੋਨੋ ਦੁਖੀ ਸਨ। ਜਦੋਂ ਮੈਂ ਉਨ੍ਹਾਂ ਨਾਲ ਰਹਿਣ ਲੱਗ ਪਿਆ ਤੇ ਉਨ੍ਹਾਂ ਦਾ ਮਨ ਸ਼ਾਂਤ ਹੋ ਗਿਆ। ਸਾਰਾ ਟਾਇਮ ਖੁਸ਼ੀ ਨਾਲ ਬੀਤਿਆ। ਮੈਂ ਸੁਖਮਨੀ ਸਾਹਿਬ ਦਾ ਪਾਠ ਜਿਆਦਾ ਕਰਨ ਲੱਗਿਆ। ਛੇ ਸਾਲ ਜੀਵਨ "ਸੁਖਮਨੀ ਦੇ ਪਾਠ" ਤੇ "ਹਰੇ ਰਾਮਾ" ਦੇ ਸਿਮਰਨ ਕਰਦਿਆਂ ਬੀਤਿਆ, ਬਹੁਤ ਅਨੰਦ ਆਉਣ ਲੱਗਾ।

"ਇੰਡੀਆ ਦੀ ਅੰਬੈਸੀ ਵਿੱਚ ਇਕ ਨੌਕਰੀ ਨਿਕਲੀ ਹੈ।" ਮਾਲਕ ਨੇ ਕਿਹਾ।

"ਤੇਰੇ ਪਾਸ ਟਾਇਮ ਹੈ, ਤੂੰ ਇਹ ਨੌਕਰੀ ਕਰ ਲੈ"

ਉਹ ਇਸ ਤਰ੍ਹਾਂ ਸੀ ਕਿ ਵੱਡੇ ਵੱਡੇ ਹੋਟਲਾਂ ਤੇ ਕਲੱਬਾਂ ਵਿੱਚ ਜਾ ਕੇ ਜਿਥੇ ਅਫਸਰਾਂ ਦੀਆਂ ਮੀਟਿੰਗਾਂ ਹੁੰਦੀਆਂ ਸਨ ਉਥੇ ਫਿਲਮਾਂ ਦਿਖਾਲਣੀਆਂ ਸਨ। ਇਹ ਫਿਲਮਾਂ ਇੰਡੀਆ ਦੀ ਤਰੱਕੀ ਬਾਰੇ ਹੁੰਦੀਆਂ ਸਨ ਕਿ ਹਿੰਦੋਸਤਾਨ ਇੰਡਸਟਰੀ ਵਿੱਚ ਕਿਵੇਂ ਵਾਧਾ ਕਰ ਰਿਹਾ ਹੈ। ਮੈਨੂੰ ਹੋਰ ਵੀ ਚੰਗੀ ਤਨਖਾਹ ਮਿਲਣ ਲੱਗੀ। ਮੈਂ ਸੋਚਿਆ ਹਾਲੇ ਥੋੜ੍ਹਾ ਚਿਰ ਹੀ ਸੁਖਮਨੀ ਸਾਹਿਬ ਦੇ ਪਾਠ ਕੀਤੇ ਹਨ, ਮੈਨੂੰ ਇਨ੍ਹਾਂ ਸੁਖ ਮਿਲਣ ਲੱਗ ਪਿਆ ਹੈ, ਨੌਕਰ ਤੋਂ ਮਾਲਕ ਬਣ ਗਿਆ। ਸਾਡੇ ਕੋਲ ਦੋ ਕਾਰਾਂ ਸਨ। ਇਕ ਸਾਡੀ ਆਪਣੀ ਤੇ ਇੱਕ ਸਰਕਾਰ ਦੀ ਸੀ, ਤਿੰਨ ਨੌਕਰ ਸਨ। ਮੈਨੂੰ ਕੁਝ ਵੀ ਨਹੀਂ ਕਰਨਾ ਪੈਂਦਾ ਸੀ। ਮੈਂ ਹੋਰ ਸੁਖਮਨੀ ਸਾਹਿਬ ਦੇ ਪਾਠ ਦਾ ਅਨੰਦ ਮਾਨਣ ਲੱਗਿਆ। ਪਾਠ ਕਰਦਿਆਂ ਕਰਦਿਆਂ ਕਲਯੁਗ ਨੇ ਮੈਨੂੰ ਵੀ ਆਣ ਘੇਰਿਆ। ਕਾਮ, ਕਰੋਧ, ਲੋਭ, ਮੋਹ, ਤੇ ਹੰਕਾਰ ਬੰਦੇ ਨੂੰ ਭਗਤੀ ਨਹੀਂ ਕਰਨ ਦਿੰਦੇ। ਇਨ੍ਹਾਂ ਪੰਜਾਂ ਦੂਤਾਂ ਤੋਂ ਕਾਮ ਸਭ ਤੋਂ ਮਹਾਂਬਲੀ ਹੈ। ਇਸ ਦਾ ਮੇਰੇ ਤੇ ਵੀ ਅਸਰ ਹੋਇਆ। ਜਿਉਂ ਜਿਉਂ ਮੈਂ ਕਲੱਬਾਂ ਵਿਚ ਜਾਣ ਲੱਗਾ ਮੇਰਾ ਮਨ ਵੀ ਮੈਲਾ ਹੋਣ ਲੱਗਿਆ। ਉਥੇ ਲੜਕੀਆਂ ਨਾਲ ਸਬੰਧ ਜੁੜ ਗਏ। ਮੈਂ ਬਚਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਬਚ ਨਹੀਂ ਸਕਿਆ। ਸੁਖਮਨੀ ਸਾਹਿਬ ਦੇ ਪਾਠ ਦਾ ਅਨੰਦ ਘਟਦਾ ਗਿਆ। ਜਦੋਂ ਮਾਲਕ ਨੇ ਪਾਰਟੀ ਤੇ ਚਲੇ ਜਾਣਾ ਤਾ ਮੈਂ ਬਗੀਚੇ ਵਿਚ ਤੁਰੇ ਫਿਰਦੇ "ਹਰੇ ਰਾਮਾ" ਦਾ ਭਜਨ ਕਰਦੇ ਰਹਿਣਾ, ਪਰ ਪਹਿਲੇ ਵਾਂਗ ਰਸ ਨਹੀਂ ਆਉਂਦਾ ਸੀ। ਸੋਚਣ ਲੱਗਾ ਹੁਣ ਅਨੰਦ ਕਿਉਂ ਨਹੀਂ ਆਉਂਦਾ। ਮੇਰੇ ਕੋਲੋਂ ਜਰੂਰ ਕੋਈ ਗਲਤੀ ਹੋਈ ਹੈ। ਮੇਰਾ ਮਨ ਇਤਨਾ ਮੈਲਾ ਹੋ ਗਿਆ ਕਿ ਇਕ ਵੀ ਪਾਠ ਕਰਨ ਨੂੰ ਜੀ ਨਹੀਂ ਕਰਦਾ ਸੀ। ਅੱਗੇ ਤਾਂ ਦਿਨ ਵਿਚ ਕਈ-ਕਈ ਪਾਠ ਕਰ ਲੈਂਦਾ ਸੀ। ਫਿਰ ਸੋਚਣ ਲੱਗਾ ਬੰਦਾ ਵੀ ਮੈਂ ਹੀ ਹਾਂ ਤੇ ਸੁਖਮਨੀ ਸਾਹਿਬ ਵੀ ਉਹ ਹੀ ਹੈ ਕੀ ਗੱਲ ਹੈ ਮੇਰਾ ਮਨ ਕਿਉਂ ਨਹੀਂ ਲਗਦਾ। ਇਕ ਦਿਨ ਪਾਠ ਕਰਦੇ-ਕਰਦੇ ਇਸ ਤੁਕ ਤੇ ਧਿਆਨ ਟਿਕ ਗਿਆ ਕਿ ਗੁਰੂ ਅਰਜਨ ਦੇਵ ਮਹਾਰਾਜ ਜੀ ਸੁਖਮਨੀ ਸਾਹਿਬ ਵਿਚ ਫੁਰਮਾਉਂਦੇ ਹਨ :

ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ ॥
ਸਾਧ ਕੀ ਟਹਲ ਸੰਤਸੰਗ ਹੇਤ ॥

*(ਸੁਖਮਨੀ ਸਾਹਿਬ )*

ਇਸ ਤੇ ਵਿਚਾਰ ਕੀਤੀ ਕਿ ਮੈਂ ਤਾਂ ਬਹੁਤ ਵੱਡੀ ਗਲਤੀ ਕੀਤੀ ਹੈ ਕਿ ਮੈਂ ਤਾਂ ਪਰਾਈ ਇਸਤਰੀ ਦਾ ਸੰਗ ਕਰ ਬੈਠਾ ਹਾਂ, ਇਸੇ ਕਰਕੇ ਮਨ ਨਾਮ ਬਾਣੀ ਵਿਚ ਨਹੀਂ ਲਗਦਾ। ਮੈਂ ਪ੍ਰਮਾਤਮਾ ਅੱਗੇ ਬਹੁਤ ਬੇਨਤੀਆਂ ਕੀਤੀਆਂ ਪਰ ਮਨ ਫਿਰ ਵੀ ਨਹੀਂ ਲੱਗਿਆ। ਜਿਹੜਾ ਵੀ ਆਦਮੀ ਕਲੱਬਾਂ ਵਿਚ ਜਾਵੇਗਾ ਉਸ ਦਾ ਮਨ ਮੈਲਾ ਹੋ

ਕੇ ਹੀ ਨਿਕਲੇਗਾ। ਇਹ ਕਾਜਲ ਦੀ ਕੋਠੜੀ ਵਾਂਗ ਹੈ ਜਿਥੇ ਬੰਦਾ ਇਕ ਵਾਰੀ ਵੜ ਜਾਵੇ ਤਾਂ ਮੂੰਹ ਸਿਰ ਕਾਲਾ ਕਰਾ ਕੇ ਹੀ ਨਿਕਲੇਗਾ। ਫਿਰ ਸਾਡਾ ਇੰਡੀਆ ਜਾਣ ਦਾ ਸਮਾਂ ਹੋ ਗਿਆ ਕਿਉਂਕਿ ਸਟੇਅ 6 ਸਾਲ ਦੀ ਸੀ, ਉਹ ਪੂਰੀ ਹੋ ਗਈ ਸੀ। ਮੈਨੂੰ ਬਹੁਤ ਖੁਸ਼ੀ ਹੋਈ ਕਿ ਜਾ ਕੇ ਆਪਣੇ ਮਾਂ ਬਾਪ ਨੂੰ ਮਿਲਾਂਗਾ। ਜਦੋਂ ਮੈਂ ਘਰ ਵਾਪਸ ਗਿਆ ਮਾਂ ਬਾਪ ਮੈਨੂੰ ਦੇਖ ਕੇ ਬਹੁਤ ਖੁਸ਼ ਹੋਏ। ਸਵੇਰ ਨੂੰ ਮੈਂ ਸੁਖਮਨੀ ਸਾਹਿਬ ਦਾ ਪਾਠ ਕਰ ਰਿਹਾ ਸੀ ਤੇ ਮੇਰੇ ਭਰਾ ਨੇ ਪੁਛਿਆ, "ਇਹ ਕੀ ਪੜ੍ਹ ਰਿਹਾ ਹੈ ?" ਮੈਂ ਜੁਆਬ ਦਿੱਤਾ ਸੁਖਮਨੀ ਸਾਹਿਬ ਦਾ ਪਾਠ ਕਰਦਾ ਹਾਂ। ਇਹ ਬਾਣੀ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਨੇ ਉਚਾਰੀ ਹੈ ਇਹ ਸੁਣ ਕੇ ਉਹ ਬਹੁਤ ਗੁੱਸੇ ਹੋਇਆ ਤੇ ਬੋਲਿਆ,

"ਤੈਨੂੰ ਗੀਤਾ ਜਾਂ ਰਮਾਇਣ ਦਾ ਪਾਠ ਕਰਨਾ ਚਾਹੀਦਾ ਹੈ।"

ਇਹ ਸੁਣ ਕੇ ਮੈਨੂੰ ਬਹੁਤ ਦੁਖ ਹੋਇਆ ਕਿ ਮੇਰੇ ਭਾਈ ਨੂੰ ਪਤਾ ਨਹੀਂ ਕਿ ਮੈਂ ਆਤਮਿਕ ਸੁਖ ਦੇਣ ਵਾਲੀ ਬਾਣੀ 'ਸੁਖਮਨੀ ਸਾਹਿਬ' ਦਾ ਪਾਠ ਕਰ ਰਿਹਾ ਹਾਂ। ਮੈਨੂੰ ਹੀ ਪਤਾ ਹੈ ਕਿ ਸੁਖਮਨੀ ਸਾਹਿਬ ਦਾ ਪਾਠ ਕਰਨ ਨਾਲ ਮੈਨੂੰ ਕਿੰਨੇ ਸੁਖ ਪ੍ਰਾਪਤ ਹੋਏ ਹਨ। ਨੌਕਰ ਤੋਂ ਮੈਨੂੰ ਮਾਲਕ ਬਣਾ ਦਿੱਤਾ। ਮਾਇਆ ਦੀ ਵੀ ਕੋਈ ਕਮੀ ਨਹੀਂ ਸੀ। ਮੈਨੂੰ ਸਾਰੇ ਸੁਖ ਪ੍ਰਾਪਤ ਹੋਏ ਹੁਣ ਮੈਂ ਕਿਸ ਤਰ੍ਹਾਂ ਬਾਣੀ ਛੱਡ ਸਕਦਾ ਹਾਂ। ਸੁਖਮਨੀ ਸਾਹਿਬ ਤਾਂ ਕੋਈ ਵੀ ਧਰਮ ਦਾ ਇਨਸਾਨ ਪੜ੍ਹ ਸਕਦਾ ਹੈ। ਸੁਖਮਨੀ ਸਾਹਿਬ ਦੀ ਉਪਮਾ ਇਤਨੀ ਮਹਾਨ ਹੈ ਕਿ ਇਸ ਦੇ ਪੜ੍ਹਨ ਸੁਨਣ ਨਾਲ ਦੁੱਖ ਦਰਦ ਤੇ ਕਲੇਸ਼ ਸਭ ਨਾਸ਼ ਹੋ ਜਾਂਦੇ ਹਨ। ਜਦੋਂ ਅਸੀਂ ਇਕੱਠੇ ਬੈਠ ਕੇ ਪਾਠ ਕਰਦੇ ਹੁੰਦੇ ਸੀ ਤਾਂ ਬਾਅਦ ਵਿੱਚ ਮਾਲਕ ਮੈਨੂੰ ਕਈ ਕਹਾਣੀਆਂ ਸੁਣਾਉਂਦਾ ਹੁੰਦਾ ਸੀ ਜਿਸ ਤਰ੍ਹਾਂ ਉਸ ਨੇ ਸੁਣਾਇਆ।

## ਸੁਖਮਨੀ ਸਾਹਿਬ ਦੇ ਪਾਠ ਦਾ ਫਲ

(ੳ)

ਇੱਕ ਮੁਸਲਮਾਨ ਪ੍ਰੀਵਾਰ ਉਪਰ ਬਹੁਤ ਕਰਜ਼ਾ ਸੀ। ਸ਼ਾਹੂਕਾਰ ਉਸਨੂੰ ਬਹੁਤ ਤੰਗ ਕਰਦੇ ਸਨ। ਇੱਕ ਦਿਨ ਤੰਗ ਆ ਕੇ ਰਾਤ ਨੂੰ ਉਹ ਪ੍ਰੀਵਾਰ ਸਮੇਤ ਘਰੋਂ ਤੁਰ ਪਿਆ। ਤੁਰਦਿਆਂ ਤੁਰਦਿਆਂ ਕਾਫੀ ਸਮੇਂ ਬਾਅਦ ਉਨ੍ਹਾਂ ਨੂੰ ਗੁਰਦੁਆਰਾ ਨਜ਼ਰ ਆਇਆ, ਉਨ੍ਹਾਂ ਨੇ ਸੋਚਿਆ ਸ਼ਾਇਦ ਉਥੋਂ ਕੁਝ ਖਾਣ ਨੂੰ ਮਿਲ ਜਾਵੇ। ਉਸ ਦੇ ਨਾਲ ਉਸਦਾ ਛੋਟਾ ਬੱਚਾ ਤੇ ਪਤਨੀ ਸੀ। ਉਹ ਅੰਦਰ ਚਲੇ ਗਏ ਤੇ ਬੋਲੇ ਕਿ ਬੱਚੇ ਨੂੰ ਬਹੁਤ ਭੁਖ ਲੱਗੀ ਹੈ, ਕੁਝ ਖਾਣ ਨੂੰ ਮਿਲ ਜਾਵੇ ਤਾਂ ਬਹੁਤ ਚੰਗਾ ਹੈ। ਗਰੰਥੀ ਬੜਾ ਦਿਆਲੂ ਸੀ, ਉਸ ਨੇ ਬੱਚੇ ਨੂੰ ਪੀਣ ਵਾਸਤੇ ਦੁੱਧ ਦਿੱਤਾ ਤੇ ਉਨ੍ਹਾਂ ਨੂੰ ਪ੍ਰਸ਼ਾਦਾ ਖਾਣ ਨੂੰ ਦਿੱਤਾ। ਖਾਣੇ ਤੋਂ ਬਾਅਦ ਉਸਨੇ ਦੱਸਿਆ ਕਿ ਮੈਂ ਬਹੁਤ ਗਰੀਬ ਹਾਂ, ਕਰਜੇ ਥੱਲੇ ਆਇਆ ਹੋਇਆ ਹਾਂ ਤੇ ਕੰਮ ਦੀ ਤਲਾਸ਼ ਵਿੱਚ ਹਾਂ। ਗਰੰਥੀ ਨੇ ਕਿਹਾ ਕਿ ਤੁਸੀਂ ਹੁਣ ਗੁਰੂ ਨਾਨਕ ਦੇ ਘਰ ਆਏ ਹੋ, ਇਥੇ ਨਿਆਸਰਿਆਂ ਨੂੰ ਆਸਰਾ ਤੇ ਨਿਮਾਣਿਆਂ ਨੂੰ ਮਾਣ

ਮਿਲਦਾ ਹੈ ਤੇ ਉਸ ਨੂੰ ਪੁਛਿਆ, ਤੇਰੇ ਦਿਲ ਵਿਚ ਗੁਰੂ ਨਾਨਕ ਵਾਸਤੇ ਕਿੰਨਾ ਸਤਿਕਾਰ ਹੈ ਉਹ ਬੋਲਿਆ ਮੈਂ ਬਹੁਤ ਸਤਿਕਾਰ ਕਰਦਾ ਹਾਂ ਅਤੇ ਮੇਰੇ ਮਾਤਾ ਪਿਤਾ ਵੀ ਗੁਰੂ ਨਾਨਕ ਨੂੰ ਮੰਨਦੇ ਰਹੇ ਹਨ। ਗਰੰਥੀ ਨੇ ਉਸ ਤੋਂ ਪੁਛਿਆ, ਤੂੰ ਗੁਰੂ ਨਾਨਕ ਦੇਵ ਜੀ ਦੇ ਬਚਨ ਮੰਨੇਂਗਾ, ਉਸ ਨੇ ਕਿਹਾ ਕਿ ਤੁਸੀਂ ਜੋ ਵੀ ਕਹੋਗੇ ਮੈ ਮੰਨਾਂਗਾ। ਮੈਂ ਤੁਹਾਡਾ ਬਹੁਤ ਧੰਨਵਾਦ ਕਰਦਾਂ ਹਾਂ, ਤੁਸੀਂ ਮੈਨੂੰ ਪ੍ਰਸ਼ਾਦਾ ਛਕਾਇਆ ਹੈ। ਅੰਮ੍ਰਿਤ ਵੇਲਾ ਹੋ ਗਿਆ। ਗ੍ਰੰਥੀ ਨੇ ਕਿਹਾ ਤੁਸੀਂ ਇਥੇ ਬੈਠ ਜਾਉ, ਮੈਂ ਸੁਖਮਨੀ ਸਾਹਿਬ ਦਾ ਪਾਠ ਕਰਾਂਗਾ ਤੇ ਤੁਸੀਂ ਸੁਣਨਾ। ਬੀਬੀ ਤੇ ਬੱਚਾ ਅਰਾਮ ਕਰਨ ਲੱਗ ਪਏ। ਗਰੰਥੀ ਨੇ ਪਾਠ ਕਰਨਾ ਸ਼ੁਰੂ ਕਰ ਦਿੱਤਾ। ਪਾਠ ਸੁਣਨ ਤੋਂ ਬਾਅਦ ਮੁਸਲਮਾਨ ਭਾਈ ਨੇ ਕਿਹਾ,

"ਮੈਨੂੰ ਪਾਠ ਸੁਣਕੇ ਬਹੁਤ ਸ਼ਾਂਤੀ ਮਿਲੀ ਹੈ ਮੈਨੂੰ ਵੀ ਪਾਠ ਸਿਖਾਉ।"

ਗਰੰਥੀ ਨੇ ਕਿਹਾ ਜਿਤਨੀ ਦੇਰ ਤੈਨੂੰ ਕੰਮ ਨਹੀਂ ਮਿਲਦਾ ਉਨ੍ਹੀ ਦੇਰ ਤੁਸੀਂ ਇਥੇ ਰਹੋ ਤੇ ਸੇਵਾ ਕਰੋ ਤੇ ਨਾਲ-ਨਾਲ ਪਾਠ ਸਿੱਖਦੇ ਰਹਿਣਾ। ਉਨ੍ਹਾਂ ਨੂੰ ਰਹਿਣ ਵਾਸਤੇ ਕਮਰਾ ਦੇ ਦਿੱਤਾ। ਇਕ ਦਿਨ ਗੁਰੂ ਨਾਨਕ ਦੇਵ ਜੀ ਦੀ ਐਸੀ ਕਲਾ ਵਰਤੀ ਕਿ ਇਕ ਮਿਲਟਰੀ ਦਾ ਅਫਸਰ ਗੁਰਦੁਆਰੇ ਮੱਥਾ ਟੇਕਣ ਆਇਆ। ਉਸ ਨੇ ਗਰੰਥੀ ਨੂੰ ਕਿਹਾ,

"ਗੁਰਦੁਆਰੇ ਨਾਲ ਮੇਰੀ ਬੰਜ਼ਰ ਜ਼ਮੀਨ ਪਈ ਹੈ ਮੈਨੂੰ ਕੋਈ ਐਸਾ ਬੰਦਾ ਦੱਸੋ ਜੋ ਜ਼ਮੀਨ ਨੂੰ ਉਪਜਾਉ ਬਣਾ ਦੇਵੇ।"

ਗਰੰਥੀ ਨੇ ਵਾਹਿਗੁਰੂ ਦਾ ਸ਼ੁਕਰ ਕੀਤਾ ਕਿ ਜੋ ਤੇਰੇ ਦਰ ਤੇ ਆਉਂਦਾ ਹੈ ਖਾਲੀ ਨਹੀਂ ਜਾਂਦਾ ਤੇ ਅਫਸਰ ਨੂੰ ਕਿਹਾ ਕਿ ਸਾਡੇ ਪਾਸ ਬੰਦਾ ਹੈ ਤੁਹਾਡਾ ਕੰਮ ਪ੍ਰੇਮ ਨਾਲ ਕਰੇਗਾ। ਗਰੰਥੀ ਨੇ ਮੁਸਲਮਾਨ ਭਾਈ ਨੂੰ ਸੱਦਿਆ ਤੇ ਸਾਰੀ ਗੱਲ ਦੱਸੀ, ਉਹ ਸੁਣ ਕੇ ਬਹੁਤ ਖੁਸ਼ ਹੋਇਆ ਕਿ ਗੁਰੂ ਨਾਨਕ ਦੇਵ ਜੀ ਨੇ ਮੇਰੀ ਪੁਕਾਰ ਸੁਣ ਲਈ ਹੈ। ਉਸ ਨੇ ਜ਼ਮੀਨ ਵਿਚ ਕੰਮ ਕਰਨਾ ਸ਼ੁਰੂ ਕਰ ਦਿੱਤਾ। ਉਹ ਨਾਲੇ ਹਲ ਵਾਹੁੰਦਾ ਨਾਲੇ ਸੁਖਮਨੀ ਸਾਹਿਬ ਦੀ ਇਕ-ਇਕ ਤੁਕ ਯਾਦ ਕਰਦਾ।

"ਸਿਮਰਉ ਸਿਮਰ ਸਿਮਰ ਸੁਖੁ ਪਾਵਉ"।

ਜਿਸ ਤਰ੍ਹਾਂ ਗਰੰਥੀ ਨੇ ਸਿਖਾਉਣਾ, ਉਸੇ ਤਰ੍ਹਾਂ ਅਭਿਆਸ ਕਰਦੇ ਰਹਿਣਾ। ਪਾਠ ਕਰਦੇ ਨੂੰ ਪਤਾ ਹੀ ਨਹੀਂ ਸੀ ਲੱਗਦਾ ਕਿ ਕਿਸ ਤਰ੍ਹਾਂ ਦਿਨ ਬੀਤ ਜਾਂਦਾ ਤੇ ਨਾ ਹੀ ਥਕਾਵਟ ਮਹਿਸੂਸ ਹੁੰਦੀ। ਸਖਤ ਮਿਹਨਤ ਕਰਨ ਦੇ ਬਾਅਦ ਜ਼ਮੀਨ ਉਪਜਾਊ ਬਣ ਗਈ। ਕੁਦਰਤ ਦੀ ਐਸੀ ਕਲਾ ਵਰਤੀ ਕਿ ਫਸਲ ਦੁੱਗਣੀ ਤਿਗਣੀ ਪੈਦਾ ਹੋਈ। ਜਦ ਅਫਸਰ ਆਇਆ ਤਾਂ ਦੇਖ ਕੇ ਹੈਰਾਨ ਹੋਇਆ ਕਿ ਬੰਜਰ ਧਰਤੀ ਏਨੀ ਛੇਤੀ ਉਪਜਾਊ ਕਿਸ ਤਰ੍ਹਾਂ ਬਣ ਗਈ। ਉਸਨੇ ਮੁਸਲਮਾਨ ਭਾਈ ਨੂੰ ਪੁਛਿਆ, ਕੀ ਕਲਾ ਵਰਤੀ ਹੈ। ਉਸ ਨੇ ਕਿਹਾ, ਗ੍ਰੰਥੀ ਜੀ ਮੈਨੂੰ ਪਾਠ ਕਰਨਾ ਸਿਖਾਉਂਦਾ ਸੀ ਤੇ ਮੈਂ ਸਾਰੀ ਦਿਹਾੜੀ ਸੁਖਮਨੀ ਸਾਹਿਬ ਦਾ ਪਾਠ ਕਰਦਾ ਤੇ ਨਾਲੇ ਹਲ ਵਾਹੁੰਦਾ ਸੀ। ਇਹ ਸਭ ਸੁਖਮਨੀ ਸਾਹਿਬ ਦੇ ਪਾਠ ਦੀ ਕਲਾ ਹੈ ਅਫਸਰ ਇਹ ਸੁਣ ਕੇ ਬਹੁਤ ਖੁਸ਼ ਹੋਇਆ ਤੇ

ਬੋਲਿਆ ਮੈਂ ਤਾਂ ਸਾਰੀ ਉਮਰ ਵੈਸੇ ਹੀ ਗਵਾ ਦਿੱਤੀ। ਹੁਣ ਮੈਂ ਵੀ ਪਾਠ ਕਰਿਆ ਕਰਾਗਾਂ ਤੇ ਉਸ ਨੇ ਵੀ ਸੁਖਮਨੀ ਸਾਹਿਬ ਦਾ ਪਾਠ ਕਰਨਾ ਸ਼ੁਰੂ ਕਰ ਦਿੱਤਾ।

(ਅ)

ਇਕ ਦਫਤਰ ਵਿਚ ਦੋ ਮਦਰਾਸੀ ਕੰਮ ਕਰਦੇ ਸਨ। ਉਨ੍ਹਾਂ ਵਿਚੋਂ ਇਕ ਦੀ ਤਰੱਕੀ ਹੋ ਗਈ ਤੇ ਉਹ ਬੰਬਈ ਚਲਾ ਗਿਆ ਤੇ ਉਥੇ ਰਹਿਣ ਲੱਗਾ। ਉਸ ਨੇ ਆਪਣੇ ਦੋਸਤ ਨੂੰ ਪੱਤਰ ਲਿਖਿਆ ਕਿ ਛੁੱਟੀਆਂ ਵਿਚ ਤੁਸੀਂ ਘੁੰਮਣ ਲਈ ਆ ਜਾਉ। ਚਿਠੀ ਵਿਚ ਟੈਲੀਫੂਨ ਨੰਬਰ ਤੇ ਐਡਰੇਸ ਲਿਖਿਆ। ਦੂਸਰੇ ਮਿਤਰ ਨੇ ਪੱਤਰ ਪੜ੍ਹਿਆ ਤੇ ਸਾਰਾ ਪ੍ਰੀਵਾਰ ਸੁਣ ਕੇ ਬਹੁਤ ਖੁਸ਼ ਹੋਇਆ ਕਿ ਬੰਬਈ ਦੇਖਣ ਵਾਸਤੇ ਚਲਾਂਗੇ। ਉਸਨੇ ਆਪਣੇ ਮਿਤਰ ਨੂੰ ਦੱਸ ਦਿੱਤਾ ਕਿ ਅਸੀਂ ਏਨੀ ਤਰੀਖ ਨੂੰ ਆ ਰਹੇ ਹਾਂ ਤੇ ਸਾਨੂੰ ਸਟੇਸ਼ਨ ਤੋਂ ਆ ਕੇ ਲੈ ਜਾਣਾ। ਜਿਸ ਦਿਨ ਉਸਨੇ ਆਉਣਾ ਸੀ ਮਿੱਤਰ ਸਟੇਸ਼ਨ ਤੇ ਲੈਣ ਵਾਸਤੇ ਗਿਆ ਪਰ ਗੱਡੀ ਦੋ ਘੰਟੇ ਲੇਟ ਸੀ। ਜਦੋਂ ਉਸ ਨੇ ਸੁਣਿਆ ਕਿ ਗੱਡੀ ਦੋ ਘੰਟੇ ਲੇਟ ਹੈ ਤੇ ਸ਼ਾਇਦ ਹੋਰ ਵੀ ਲੇਟ ਹੋ ਸਕਦੀ ਹੈ ਤਾਂ ਉਹ ਇਹ ਸੋਚ ਕੇ ਘਰ ਆ ਗਿਆ ਕਿ ਉਨ੍ਹਾਂ ਕੋਲ ਐਡਰੇਸ ਤੇ ਟੈਲੀਫੂਨ ਨੰਬਰ ਹੈ ਜਦੋਂ ਪਹੁੰਚਣਗੇ ਤਾਂ ਟੈਲੀਫੂਨ ਕਰ ਹੀ ਦੇਣਗੇ। ਦੋ ਘੰਟੇ ਬਾਅਦ ਗੱਡੀ ਆ ਗਈ। ਸਟੇਸ਼ਨ ਤੇ ਬਹੁਤ ਭੀੜ ਸੀ। ਸਟੇਸ਼ਨ ਤੋਂ ਬਾਹਰ ਨਿਕਲ ਕੇ ਆਪਣੇ ਦੋਸਤ ਨੂੰ ਦੇਖਣ ਲੱਗਾ ਕਿ ਮੈਨੂੰ ਲੈਣ ਵਾਸਤੇ ਆਇਆ ਹੋਵੇਗਾ, ਉਸਦੀ ਘਰ ਵਾਲੀ ਨੇ ਕਿਹਾ ਕਿ ਕੋਈ ਨਹੀਂ ਆਇਆ ਤਾਂ ਟੈਲੀਫੂਨ ਕਰ ਲਉ। ਜਦੋਂ ਜੇਬ ਵਿਚ ਹੱਥ ਪਾਇਆ ਤਾਂ ਬਟੂਆ ਨਹੀਂ ਸੀ ਕਿਸੇ ਨੇ ਜੇਬ ਕੱਟ ਲਈ। ਉਸੇ ਵਿਚ ਪੈਸੇ, ਐਡਰੇਸ ਤੇ ਟੈਲੀਫੂਨ ਨੰਬਰ ਸੀ। ਸਾਰਾ ਪ੍ਰੀਵਾਰ ਡਰ ਗਿਆ ਕਿ ਹੁਣ ਕਿਥੇ ਜਾਵਾਂਗੇ। ਸਾਡੇ ਕੋਲ ਪੈਸੇ ਵੀ ਨਹੀਂ ਜੋ ਕਿ ਹੋਟਲ ਵਿਚ ਠਹਿਰ ਜਾਈਏ। ਬਹੁਤ ਸੋਚਣ ਤੋਂ ਬਾਅਦ ਉਸ ਨੇ ਆਪਣੀ ਪਤਨੀ ਨੂੰ ਕਿਹਾ ਕਿ ਚਰਚ ਵਿਚ ਜਾ ਕੇ ਰਾਤ ਕੱਟ ਲੈਂਦੇ ਹਾਂ। ਉਨ੍ਹਾਂ ਨੇ ਟੈਕਸੀ ਬੁਲਾਈ ਤੇ ਕਿਹਾ ਕਿ ਸਾਨੂੰ ਕਿਸੇ ਚਰਚ ਵਿਚ ਲੈ ਚਲੋ। ਰਾਤ ਕਾਫੀ ਹੋ ਗਈ ਸੀ। ਉਨ੍ਹਾਂ ਨੇ ਇਕ ਚਰਚ ਵਿੱਚ ਜਾ ਕੇ ਘੰਟੀ ਵਜਾਈ ਤੇ ਪਾਦਰੀ ਨੇ ਦਰਵਾਜਾ ਖੋਲਿਆ ਤੇ ਪੁਛਣ ਲੱਗਾ ਕਿ ਘੰਟੀ ਕਿਉਂ ਵਜਾਈ ਹੈ। ਉਸ ਨੇ ਕਿਹਾ ਮੈਂ ਈਸਾਈ ਹਾਂ ਤੇ ਮਦਰਾਸ ਤੋਂ ਆਇਆ ਹਾਂ ਇਥੇ ਆ ਕੇ ਮੇਰੀ ਜੇਬ ਕੱਟੀ ਗਈ ਉਸ ਵਿਚ ਮੇਰੇ ਪੈਸੇ ਤੇ ਜਿਥੇ ਮੈਂ ਜਾਣਾ ਸੀ ਉਥੇ ਦਾ ਐਡਰੇਸ ਸੀ ਹੁਣ ਕਿਤੇ ਹੋਰ ਜਾਣ ਵਾਸਤੇ ਸਮਾਂ ਨਹੀਂ ਹੈ ਮੈਂ ਸੋਚਿਆ ਅਸੀਂ ਇਥੇ ਰਾਤ ਕੱਟ ਲੈਂਦੇ ਹਾਂ। ਪਾਦਰੀ ਨੇ ਸੋਚਿਆ ਪਤਾ ਨਹੀਂ ਕੌਣ ਹਨ ਕਿਤੇ ਚੋਰ ਜਾ ਲੁਟੇਰੇ ਨਾ ਹੋਣ ਤੇ ਕਿਹਾ ਮਾਫ ਕਰਨਾ ਇਥੇ ਤੁਹਾਡੇ ਠਹਿਰਨ ਵਾਸਤੇ ਕੋਈ ਜਗ੍ਹਾ ਨਹੀਂ ਹੈ ਕਿਸੇ ਹੋਟਲ ਵਿਚ ਜਾ ਕੇ ਰਹੋ ਤੇ ਦਰਵਾਜਾ ਬੰਦ ਕਰ ਦਿੱਤਾ। ਮਦਰਾਸੀ ਬਹੁਤ ਉਦਾਸ ਹੋਇਆ ਤੇ ਸੋਚਣ ਲੱਗਾ ਹੁਣ ਕਿਥੇ ਜਾਈਏ। ਟੈਕਸੀ ਵਾਲੇ ਨੂੰ ਕਿਹਾ ਕਿ ਕਿਸੇ ਮੰਦਿਰ ਵਿਚ ਲੈ ਚਲੋ। ਟੈਕਸੀ ਡਰਾਈਵਰ ਉਨ੍ਹਾਂ ਨੂੰ ਮੰਦਿਰ ਲੈ ਗਿਆ ਉਥੇ ਜਾ ਕੇ ਘੰਟੀ ਬਜਾਈ।

ਪੁਜਾਰੀ ਉਠ ਕੇ ਆਇਆ ਟਾਇਮ ਜਿਆਦਾ ਹੋ ਗਿਆ ਸੀ ਥੋੜ੍ਹਾ ਗੁਸੇ ਹੋ ਕੇ ਬੋਲਿਆ ਮੈਨੂੰ ਸੁਤੇ ਪਏ ਨੂੰ ਕਿਉਂ ਜਗਾਇਆ। ਮਦਰਾਸੀ ਨੇ ਆਪਣੀ ਕਹਾਣੀ ਸੁਣਾਈ ਤੇ ਕਿਹਾ ਸਾਨੂੰ ਰਹਿਣ ਵਾਸਤੇ ਜਗ੍ਹਾ ਚਾਹੀਦੀ ਹੈ। ਪੁਜਾਰੀ ਇਹ ਸੁਣ ਕੇ ਕਹਿਣ ਲੱਗਾ ਤੁਹਾਡੇ ਇਥੇ ਰਹਿਣ ਵਾਸਤੇ ਕੋਈ ਜਗ੍ਹਾ ਨਹੀਂ, ਇਹ ਸੁਣ ਕੇ ਉਹ ਹੋਰ ਵੀ ਉਦਾਸ ਹੋ ਗਏ। ਟੈਕਸੀ ਵਾਲਾ ਸਰਦਾਰ ਸੀ। ਉਸ ਨੇ ਕਿਹਾ, ਮੈਂ ਤੁਹਾਨੂੰ ਆਪਣੇ ਗੁਰਦੁਆਰੇ ਲੈ ਜਾਂਦਾ ਹਾਂ, ਸ਼ਾਇਦ ਤੁਹਾਨੂੰ ਉਥੇ ਰਹਿਣ ਵਾਸਤੇ ਜਗ੍ਹਾ ਮਿਲ ਜਾਵੇ। ਜਦੋਂ ਗੁਰਦੁਆਰੇ ਪਹੁੰਚੇ ਟਾਇਮ ਹੋਰ ਵੀ ਜਿਆਦਾ ਹੋ ਗਿਆ ਸੀ, ਗੁਰਦੁਆਰੇ ਦੀ ਘੰਟੀ ਬਜਾਈ, ਗ੍ਰੰਥੀ ਉਠ ਕੇ ਆਇਆ ਤੇ ਮਦਰਾਸੀ ਭਾਈ ਨੇ ਆਪਣੀ ਕਹਾਣੀ ਸੁਣਾਈ ਤੇ ਕਿਹਾ ਕਿ ਸਾਨੂੰ ਰਾਤ ਰਹਿਣ ਵਾਸਤੇ ਜਗ੍ਹਾ ਚਾਹੀਦੀ ਹੈ, ਗ੍ਰੰਥੀ ਪ੍ਰੇਮ ਨਾਲ ਬੋਲਿਆ ਆ ਜਾਓ, ਤੁਹਾਨੂੰ ਰਹਿਣ ਵਾਸਤੇ ਜਗ੍ਹਾ ਵੀ ਤੇ ਪ੍ਰਸ਼ਾਦਾ ਵੀ ਮਿਲੇਗਾ। ਮਦਰਾਸੀ ਦੀ ਘਰ ਵਾਲੀ ਕੋਲ ਕੁਝ ਪੈਸੇ ਸਨ ਉਹ ਉਸਨੇ ਟੈਕਸੀ ਵਾਲੇ ਨੂੰ ਦੇ ਦਿਤੇ ਤੇ ਉਸ ਦਾ ਧੰਨਵਾਦ ਕੀਤਾ ਕਿ ਤੂੰ ਸਾਨੂੰ ਚੰਗੀ ਜਗ੍ਹਾ ਤੇ ਲੈ ਕੇ ਆਇਆ ਹੈ। ਗ੍ਰੰਥੀ ਨੇ ਆਪਣੀ ਸਿੰਘਣੀ ਨੂੰ ਕਿਹਾ ਕਿ ਇਨ੍ਹਾਂ ਨੂੰ ਪ੍ਰਸ਼ਾਦਾ ਛਕਾਉ। ਉਸ ਨੇ ਪ੍ਰਸ਼ਾਦਾ ਛਕਾ ਕੇ ਗਰਮ-ਗਰਮ ਦੁੱਧ ਪੀਣ ਵਾਸਤੇ ਦਿੱਤਾ। ਮਦਰਾਸੀ ਬਹੁਤ ਖ਼ੁਸ਼ ਹੋਇਆ। ਅੰਮ੍ਰਿਤ ਵੇਲੇ ਗਰੰਥੀ ਨੇ ਸੁਖਮਨੀ ਸਾਹਿਬ ਦਾ ਪਾਠ ਅਰੰਭ ਕੀਤਾ। ਉਸ ਨੇ ਵੀ ਸੁਣਿਆ, ਪਾਠ ਸੁਣਕੇ ਉਸ ਨੂੰ ਬਹੁਤ ਅਨੰਦ ਆਇਆ ਤੇ ਪੁਛਿਆ ਕਿ ਤੁਸੀਂ ਕੀ ਪੜ੍ਹ ਰਹੇ ਸੀ। ਗਰੰਥੀ ਨੇ ਦੱਸਿਆ ਕਿ ਇਹ ਮਨ ਨੂੰ ਸੁਖ ਦੇਣ ਵਾਲੀ ਸੁਖਮਨੀ ਸਾਹਿਬ ਦੀ ਬਾਣੀ ਹੈ। ਮਦਰਾਸੀ ਨੇ ਪੁੱਛਿਆ ਕੀ ਇਹ ਅੰਗਰੇਜੀ ਵਿਚ ਵੀ ਮਿਲ ਸਕਦੀ ਹੈ। ਮੈਨੂੰ ਅੰਗਰੇਜ਼ੀ ਹੀ ਆਉਂਦੀ ਹੈ। ਮੇਰਾ ਮਨ ਵੀ ਕਰਦਾ ਹੈ ਕਿ ਮੈਂ ਇਸ ਨੂੰ ਪੜ੍ਹਾਂ। ਗਰੰਥੀ ਨੇ ਕਿਹਾ ਕਿ ਸਾਡੇ ਕੋਲ ਅੰਗਰੇਜੀ ਵਿਚ ਵੀ ਗੁਟਕਾ ਹੈ ਮੈਂ ਤੁਹਾਨੂੰ ਦੇ ਦਿੰਦਾ ਹਾਂ ਪਰ ਸਾਡੇ ਧਰਮ ਵਿਚ ਸ਼ਰਾਬ ਤੇ ਸਿਗਰਟ ਪੀਣਾ ਸਖਤ ਮਨ੍ਹਾ ਹੈ, ਉਸਨੇ ਕਿਹਾ ਕਿ ਮੈਂ ਪੀਂਦਾ ਨਹੀਂ। ਇੰਨੇ ਨੂੰ ਗੁਰਦੁਆਰੇ ਦਾ ਸੈਕਟਰੀ ਆ ਗਿਆ, ਗਰੰਥੀ ਨੇ ਸਾਰਾ ਕੁਝ ਦੱਸਿਆ ਕਿ ਇਨ੍ਹਾਂ ਕੋਲ ਵਾਪਸ ਜਾਣ ਵਾਸਤੇ ਪੈਸੇ ਵੀ ਨਹੀਂ ਹਨ। ਸੈਕਟਰੀ ਵੀ ਦਿਆਲੂ ਸੀ। ਉਸ ਨੇ ਕਿਹਾ ਅਸੀਂ ਗੁਰਦੁਆਰੇ ਵਲੋਂ ਟਿਕਟਾਂ ਲੈ ਕੇ ਦਿੰਦੇ ਹਨ ਜਦੋਂ ਤੁਸੀਂ ਮਦਰਾਸ ਪਹੁੰਚ ਜਾਣਾ ਤੇ ਜੇ ਤੁਹਾਡਾ ਦਿਲ ਕਰੇ ਤਾਂ ਗੁਰਦੁਆਰੇ ਦੇ ਪੈਸੇ ਵਾਪਸ ਭੇਜ ਦੇਣੇ। ਮਦਰਾਸ ਪਹੁੰਚ ਕੇ ਉਸ ਨੇ ਪੈਸੇ ਭੇਜ ਦਿੱਤੇ ਤੇ ਦੱਸਿਆ ਕਿ ਮੈ ਸੁਖਮਨੀ ਸਾਹਿਬ ਦੇ ਪਾਠ ਰੋਜ਼ ਕਰਦਾ ਹਾਂ, ਥੋੜ੍ਹੀ ਦੇਰ ਬਾਅਦ ਉਸਦੀ ਤਰੱਕੀ ਹੋ ਗਈ। ਉਸ ਨੇ ਗੁਰਦੁਆਰੇ ਪੈਸੇ ਭੇਜੇ ਕਿ ਮੇਰੇ ਵੱਲੋਂ ਲੰਗਰ ਕਰਾ ਦੇਣਾ।

(ੲ)

ਇਕ ਹੋਰ ਕਹਾਣੀ ਸੁਣਾਈ ਕਿ ਲੁਧਿਆਣੇ ਇਕ ਅਮੀਰ ਆਦਮੀ ਰਹਿੰਦਾ ਸੀ। ਉਸ ਨੇ ਘਰ ਦੇ ਕੰਮ ਕਾਜ ਵਾਸਤੇ ਇਕ ਲੜਕੀ ਰੱਖੀ ਹੋਈ ਸੀ। ਘਰ ਦੀ ਮਾਲਕਣ ਹਰ ਰੋਜ ਸੁਖਮਨੀ ਸਾਹਿਬ ਦਾ ਪਾਠ ਕਰਦੀ, ਬੱਚੀ ਵੀ ਪਾਠ ਸੁਣਦੀ। ਜਦੋਂ ਮਾਲਕਣ

ਨੇ ਪਾਠ ਕਰਨ ਲੱਗਣਾ ਤਾਂ ਬੱਚੀ ਨੇ ਕੋਲ ਬੈਠ ਕੇ ਕੱਪੜੇ ਪ੍ਰੈਸ ਕਰਨ ਲੱਗ ਜਾਣਾ। ਬੱਚੀ ਅਨਪੜ੍ਹ ਸੀ ਤੇ ਪਾਠ ਸੁਣਨ ਨਾਲ ਉਸਦੇ ਮਨ ਨੂੰ ਸ਼ਾਂਤੀ ਮਿਲਣ ਲੱਗੀ। ਮਾਲਕਣ ਦੇ ਮਨ ਵਿਚ ਖਿਆਲ ਆਇਆ ਕਿ ਬੱਚੀ ਵੱਡੀ ਹੋ ਰਹੀ ਹੈ ਇਸ ਦੀ ਸ਼ਾਦੀ ਵਾਸਤੇ ਪੈਸਿਆਂ ਦੀ ਜ਼ਰੂਰਤ ਪਵੇਗੀ। ਉਸ ਨੇ ਬੱਚੀ ਦੀ ਤਨਖਾਹ ਵਧਾ ਦਿੱਤੀ ਤੇ ਵਧੇ ਹੋਏ ਪੈਸੇ ਬੈਂਕ ਵਿਚ ਰੱਖਣੇ ਸ਼ੁਰੂ ਕਰ ਦਿਤੇ। ਸ਼ਾਦੀ ਦਾ ਟਾਇਮ ਆ ਗਿਆ ਤਾਂ ਮਾਲਕਣ ਉਸ ਦੇ ਪਿਤਾ ਨੂੰ ਜਾ ਕੇ ਮਿਲੀ ਤੇ ਕਿਹਾ ਮੈਨੂੰ ਇਸ ਨਾਲ ਪਿਆਰ ਹੋ ਗਿਆ ਸੀ ਇਸ ਲਈ ਮੈਂ ਪੈਸੇ ਵਧਾ ਦਿੱਤੇ ਸਨ ਕਿ ਇਸ ਦੀ ਸ਼ਾਦੀ ਤੇ ਕੰਮ ਆਉਣਗੇ ਤੇ ਪਿਤਾ ਨੂੰ ਦੇ ਦਿੱਤੇ ਕਿ ਇਸ ਦੀ ਸ਼ਾਦੀ ਵਿਚ ਖਰਚ ਕਰ ਦੇਣੇ। ਲੜਕੀ ਦਾ ਪਿਤਾ ਬਹੁਤ ਖੁਸ਼ ਹੋਇਆ ਅਤੇ ਮਾਲਕਣ ਦਾ ਧੰਨਵਾਦ ਕੀਤਾ। ਮਾਲਕਣ ਨੇ ਕਿਹਾ, ਇਸ ਨੇ ਸੁਖਮਨੀ ਸਾਹਿਬ ਦਾ ਪਾਠ ਸੁਣਿਆ ਹੈ ਇਹ ਸਭ ਇਸ ਪਾਠ ਦੀ ਕਲਾ ਹੈ।

*****

# ਪੂਰੇ ਗੁਰੂ ਦੀ ਖੋਜ

ਇਹ ਕਹਾਣੀਆਂ ਯਾਦ ਆਉਣ ਤੋਂ ਬਾਅਦ ਖਿਆਲ ਆਇਆ ਕਿ ਮੈਂ ਭਾਈ ਛੱਡ ਸਕਦਾ ਹਾਂ ਪਰ ਸੁਖਮਨੀ ਸਾਹਿਬ ਦਾ ਪਾਠ ਨਹੀਂ ਛੱਡ ਸਕਦਾ। ਮੇਰਾ ਮਨ ਬਹੁਤ ਦੁਖੀ ਹੋਇਆ, ਮਨ ਵਿਚ ਖਿਆਲ ਆਇਆ ਕਿ ਕਿਸੇ ਇਕਾਂਤ ਜਗ੍ਹਾ 'ਤੇ ਜਾ ਕੇ ਸਿਮਰਨ ਕਰਾਂ। ਪਹਿਲਾਂ ਮੈਂ ਮਾਤਾ ਜੀ ਪਾਸ ਗਿਆ ਤੇ ਕਿਹਾ ਕਿ ਤੇਰੇ ਦੋ ਲੜਕੇ ਤੇ ਦੋ ਲੜਕੀਆਂ ਹਨ। ਅਗਰ ਕੋਈ ਐਸੀ ਗੱਲ ਹੋ ਜਾਵੇ ਤਾਂ ਵੀ ਸਬਰ ਕਰਨਾ ਹੀ ਪਵੇਗਾ, ਇਹ ਗੱਲ ਸੁਣ ਕੇ ਮੇਰੀ ਮਾਂ ਨੇ ਮੈਨੂੰ ਗਲਵਕੜੀ ਪਾ ਲਈ। ਦੋਨਾਂ ਨੂੰ ਬੈਰਾਗ ਹੋ ਗਿਆ। ਅਸੀਂ ਦੋਨੋ ਬਹੁਤ ਰੋਏ। ਉਸ ਨੂੰ ਵੀ ਪਤਾ ਲੱਗ ਗਿਆ ਕਿ ਮੈਂ ਜਾਣਾ ਚਾਹੁੰਦਾ ਹਾਂ। ਮੈਂ ਕਿਹਾ ਜਿਹੜਾ ਤੁਸੀਂ ਛੋਟੇ ਹੁੰਦੇ ਨੂੰ ਨਾਮ ਜਪਾਇਆ ਹੈ ਉਹ ਮੇਰੇ ਹਿਰਦੇ ਵਿਚ ਵਸ ਗਿਆ। ਹੁਣ ਮੇਰਾ ਦਿਲ ਕਰਦਾ ਹੈ ਕਿ ਮੈਂ ਨਾਮ ਹੀ ਜਪੀ ਜਾਵਾਂ। ਮਾਤਾ ਜੀ ਨੇ ਕਿਹਾ ਮੈਨੂੰ ਪਤਾ ਹੈ ਤੇਰੀ ਕਿਸਮਤ ਵਿਚ ਨਾਮ ਜਪਣਾ ਹੀ ਲਿਖਿਆ ਹੈ। ਤੂੰ ਨਾਮ ਜਪੇਂਗਾ ਤਾਂ ਸਾਡਾ ਵੀ ਭਲਾ ਹੋਵੇਗਾ। ਇਸ ਤੋਂ ਬਾਅਦ ਮੈਂ ਆਪਣੇ ਪਿਤਾ ਜੀ ਪਾਸ ਗਿਆ ਉਸ ਨੂੰ ਵੀ ਇਹ ਹੀ ਦੱਸਿਆ ਕਿ ਮੇਰੀ ਆਤਮਾ ਪ੍ਰਮਾਤਮਾ ਦਾ ਨਾਮ ਲੈਣਾ ਚਾਹੁੰਦੀ ਹੈ। ਇੰਨਾ ਸੁਣ ਕੇ ਪਿਤਾ ਜੀ ਨੇ ਮੇਰੀ ਜਨਮ ਕੁੰਡਲੀ ਖੋਲ੍ਹੀ ਤੇ ਪੜ੍ਹਨ ਲੱਗੇ। ਉਸ ਵਿਚ ਸਾਰਾ ਲਿਖਿਆ ਹੋਇਆ ਸੀ ਕਿ ਇਸ ਨੇ ਛੋਟੇ ਹੁੰਦਿਆਂ ਤੋਂ ਹੀ ਪ੍ਰਮਾਤਮਾ ਦਾ ਨਾਮ ਲੈਣਾ ਹੈ। ਵੱਡਾ ਹੋ ਕੇ ਕਈ ਮੁਲਕਾਂ ਵਿੱਚ ਜਾਣਾ ਹੈ ਅਤੇ ਕਹਿਣ ਲੱਗੇ ਕਿ ਜੇ ਤੇਰੀ ਕਿਸਮਤ ਵਿਚ ਪ੍ਰਮਾਤਮਾ ਦਾ ਨਾਮ ਲਿਖਿਆ ਹੈ ਤਾਂ ਮੈਂ ਰੁਕਾਵਟ ਨਹੀਂ ਬਣਾਂਗਾ। ਫਿਰ ਮੈਂ ਪਿਤਾ ਜੀ ਨੂੰ ਜੱਫੀ ਪਾ ਕੇ ਮਿਲਿਆ ਤੇ ਕਿਹਾ ਮੈਨੂੰ ਪ੍ਰਮਾਤਮਾ ਦੇ ਨਾਮ ਤੋਂ ਬਿਨ੍ਹਾ ਹੋਰ ਕੋਈ ਚੀਜ਼ ਚੰਗੀ ਨਹੀਂ ਲਗਦੀ। ਰਾਤ ਨੂੰ ਸੌਂਣ ਲੱਗਿਆ ਖਿਆਲ ਆਇਆ ਕਿ ਕਿਸੇ ਮਹਾਂਪੁਰਖ ਤੋਂ ਗੁਰਮੰਤਰ ਲੈ ਕੇ ਇਕਾਂਤ ਜਗ੍ਹਾ ਬੈਠ ਕੇ ਸਿਮਰਨ ਕਰਾਂ। ਸਵੇਰ ਹੋਈ ਤਾਂ ਮੈਂ ਦਿੱਲੀ ਨੂੰ ਜਾਣ ਵਾਲੀ ਬੱਸ ਵਿਚ ਬੈਠ ਗਿਆ। ਦਿੱਲੀ ਪਹੁੰਚ ਕੇ ਸੋਚਿਆ ਕਿ ਇਥੇ ਫਿਰ ਵੀ ਕੋਈ ਨਾ ਕੋਈ ਪਹਿਚਾਣ ਵਾਲਾ ਆਣ ਮਿਲੇਗਾ, ਹੋ ਸਕਦਾ ਕਿ ਮੋਹ ਜਾਗ ਜਾਵੇ ਤੇ ਘਰ ਵਾਪਸ ਜਾਣ ਦੀ ਇੱਛਾ ਬਣ ਜਾਵੇ। ਇਹ ਸੋਚ ਕੇ ਬੰਬਈ ਜਾਣ ਵਾਲੀ ਟਰੇਨ 'ਚ ਬੈਠ ਗਿਆ, ਜਦੋਂ ਟ੍ਰੇਨ ਵਿਚ ਬੈਠਿਆ ਤਾਂ ਘਰ ਦੇ ਖਿਆਲ ਆਉਣ ਲੱਗੇ ਕਿ ਮਾਤਾ-ਪਿਤਾ ਭੈਣ-ਭਰਾ ਛੱਡ ਕੇ ਕਿੱਥੇ ਜਾ ਰਿਹਾ ਹਾਂ, ਕੋਈ ਟਿਕਾਣਾ ਹੀ ਨਹੀਂ ਤੇ ਰਾਤ ਦਾ ਵੇਲਾ ਹੋ ਗਿਆ, ਥੱਕੇ ਹੋਏ ਨੂੰ ਨੀਂਦ ਨੇ ਆ ਘੇਰਿਆ।

ਸੁਫਨੇ ਵਿਚ ਕੋਈ ਕਹਿਣ ਲੱਗਾ ਕਿ ਪੂਰਵ ਜਨਮ ਦੇ ਸੰਯੋਗ ਹੀ ਹਨ ਕਿ ਇਕ ਦਿਨ ਵਿਛੜਨਾ ਹੀ ਹੈ। ਤੇਰੀ ਕਿਸਮਤ ਵਿਚ ਪ੍ਰਮਾਤਮਾ ਦਾ ਨਾਮ ਲਿਖਿਆ ਹੈ। ਜਿਥੇ ਜਾ ਰਿਹਾ ਹੈ ਉਥੇ ਤੇਰਾ ਭਲਾ ਹੀ ਹੋਵੇਗਾ। ਬੰਬਈ ਪਹੁੰਚ ਕੇ ਇਕ ਦਿਨ ਮੈਂ ਹੋਟਲ ਵਿਚ ਠਹਿਰਿਆ। ਮੈਂ ਸੋਚਿਆ, ਹੋਟਲ ਵਿਚ ਠਹਿਰਨਾ ਮਹਿੰਗਾ ਪਵੇਗਾ ਕੋਈ ਕਮਰਾ ਦੇਖਣਾ ਚਾਹੀਦਾ ਹੈ। ਅਖਬਾਰ ਵਿਚ ਦੇਖਿਆ ਤਾਂ ਕਈ ਕਮਰੇ ਖਾਲੀ ਸਨ। ਮੈਂ

ਪੰਜਾਬੀ ਕਲੋਨੀ ਵਿੱਚ ਕਮਰਾ ਲੈ ਲਿਆ। ਮਨ ਵਿਚ ਸੋਚਣ ਲੱਗਾ ਕਿ ਆਤਮਾ ਬਹੁਤ ਮਲੀਨ ਹੋ ਗਈ ਹੈ, ਸਿਮਰਨ ਕੀਤੇ ਬਿਨ੍ਹਾ ਸ਼ੁਧ ਨਹੀਂ ਹੋਣੀ। ਸੁਖਮਨੀ ਸਾਹਿਬ ਦਾ ਪਾਠ ਰੋਜ਼ ਕਰਨਾ। ਸਿਮਰਨ ਵਿਚ ਜਿਆਦਾ ਟਾਇਮ ਲਾਉਣ ਲੱਗਾ। ਮਨ ਵਿਚ ਐਸਾ ਬੈਰਾਗ ਆਇਆ ਕਿ ਕਈ ਕਈ ਘੰਟੇ ਸਿਮਰਨ ਕਰਦੇ ਰਹਿਣਾ ਤੇ ਸੋਚਦੇ ਰਹਿਣਾ ਕਿ ਹੁਣ ਕੋਈ ਪੂਰਾ ਗੁਰੂ ਮਿਲ ਜਾਵੇ। ਪੂਰੇ ਗੁਰੂ ਦੀ ਤਲਾਸ਼ ਵਿਚ ਪਹਿਲਾਂ ਚਰਚ ਵਿਚ ਗਿਆ। ਉਥੇ ਸਾਰੇ ਲੋਕ ਕੁਰਸੀਆਂ ਤੇ ਬੈਠੇ ਸਨ, ਮੈਂ ਵੀ ਜਾ ਕੇ ਬੈਠ ਗਿਆ। ਇਕ ਬੰਦੇ ਨੇ ਉਠ ਕੇ ਈਸਾ ਮਸੀਹ ਬਾਰੇ ਕਵਿਤਾ ਪੜ੍ਹੀ।

*ਪਿਆਰੇ ਈਸਾ ਤੂੰ ਰਾਜਾ ਹੈ ਸਾਰੇ ਜਹਾਨ ਦਾ, ਤੈਨੂੰ ਸਭ ਜੱਗ ਜਾਣਦਾ।*

ਇਸ ਜਗ੍ਹਾ ਜਾ ਕੇ ਮਨ ਨੂੰ ਸ਼ਾਂਤੀ ਨਹੀਂ ਮਿਲੀ। ਸਾਰੇ ਕੁਰਸੀਆਂ ਤੇ ਜੁਤੀਆਂ ਪਾ ਕੇ ਬੈਠੇ ਸਨ। ਹਿੰਦੂ, ਧਰਮ ਵਿਚ ਪਾਠ ਪੂਜਾ ਜੋੜੇ ਲਾਹ ਕੇ ਜ਼ਮੀਨ ਤੇ ਬੈਠ ਕੇ ਕਰਦੇ ਹਨ। ਮੈਂ ਵਾਪਸ ਆ ਗਿਆ, ਦੂਸਰੇ ਦਿਨ ਮੰਦਿਰ ਗਿਆ, ਉਸ ਦਿਨ ਬੀਬੀਆਂ ਦਾ ਸਤਿਸੰਗ ਸੀ, ਥੋੜ੍ਹੇ ਜਿਹੇ ਆਦਮੀ ਵੀ ਬੈਠੇ ਸਨ। ਬੀਬੀਆਂ ਕ੍ਰਿਸ਼ਨ ਭਗਵਾਨ ਦਾ ਲੋਕ ਗੀਤ ਪੜ੍ਹ ਰਹੀਆਂ ਸਨ।

*ਜਾ ਰੀ ਜਾ ਰੀ ਉਹ ਕਾਲੀ ਬਦਲੀਆ, ਨਾ ਬਰਸੋ ਮੋਰੀ ਨਗਰੀਆ।*
*ਪ੍ਰਦੇਸ ਗਏ ਸਾਵਰੀਆ, ਵਾਹ ਸਾਵਰੇ ਦੇਖੀ ਤੁਮਾਰੀ ਮਥਰਾ।*

ਮਨ ਵਿਚ ਆਸ਼ਾ ਸੀ ਕਿ ਕੋਈ ਮਹਾਂਪੁਰਖ ਮਿਲੇ ਪਰ ਉਥੇ ਕੋਈ ਵੀ ਨਹੀਂ ਸੀ। ਸਮਾਪਤੀ ਹੋਈ ਤੇ ਪੰਡਿਤ ਨੇ ਕਿਹਾ, ਸਭ ਨੇ ਪ੍ਰਸ਼ਾਦ ਲੈ ਕੇ ਜਾਣਾ। ਉਸ ਨੇ ਦੋ-ਦੋ ਪੱਤੇ ਤੁਲਸੀ ਦੇ ਦਿੱਤੇ। ਇਹ ਉਨ੍ਹਾਂ ਦਾ ਪ੍ਰਸ਼ਾਦ ਸੀ। ਹਿੰਦੂ ਧਰਮ ਵਿਚ ਤੁਲਸੀ ਨੂੰ ਬਹੁਤ ਪਵਿੱਤਰ ਮੰਨਦੇ ਹਨ। ਜਿਸ ਭਾਵਨਾ ਨਾਲ ਗਿਆ ਸੀ ਉਹ ਪੂਰੀ ਨਾ ਹੋਈ। ਮਨ ਹੋਰ ਵੀ ਬੈਰਾਗ ਵਿਚ ਆ ਗਿਆ। ਵਿਚਾਰ ਆਇਆ ਇਥੇ ਤੇ ਪੂਰਾ ਗੁਰੂ ਨਹੀਂ ਮਿਲਿਆ ਹਰਿਦੁਆਰ ਹੀ ਜਾਣਾ ਪਵੇਗਾ। ਸਿਮਰਨ ਜਾਰੀ ਰੱਖਿਆ। ਪਾਰਕ ਵਿਚ ਜਾ ਕੇ ਸਿਮਰਨ ਕਰਦੇ ਰਹਿਣਾ। ਦੋ ਤਿੰਨ ਮਹੀਨੇ ਸਿਮਰਨ ਕਰਦੇ ਲੰਘ ਗਏ। ਸਿਮਰਨ ਕਰਦੇ ਕਰਦੇ ਨੂੰ ਕਲਯੁਗ ਆ ਕੇ ਸਤਾਉਣ ਲੱਗਾ। ਬਿਰਤੀ ਉਖੜਨ ਲੱਗੀ, ਪ੍ਰਮਾਤਮਾ ਅੱਗੇ ਅਰਦਾਸ ਕੀਤੀ ਕਿ ਹੇ ਭਗਵਾਨ! ਮੈਂ ਸਾਰਾ ਕੁਝ ਤਿਆਗ ਦਿੱਤਾ ਹੈ ਫਿਰ ਵੀ ਮੈਨੂੰ ਭੈੜੇ ਸੁਪਨੇ ਕਿਉ ਆਉਂਦੇ ਹਨ, ਕਦੋਂ ਪਾਪਾ ਤੋਂ ਛੁਟਕਾਰਾ ਹੋਵੇਗਾ। ਪ੍ਰਮਾਤਮਾ ਨੇ ਮੇਰੀ ਅਰਦਾਸ ਸੁਣੀ, ਜਦੋਂ ਮੈਂ ਪਾਰਕ ਨੂੰ ਜਾਂਦਾ ਹੁੰਦਾ ਸੀ ਤਾਂ ਰਸਤੇ ਵਿਚ ਗੁਰਦੁਆਰਾ ਆਉਂਦਾ ਸੀ।

ਪ੍ਰਭ ਮਿਲਬੇ ਕਉ ਪ੍ਰੀਤਿ ਮਨਿ ਲਾਗੀ ॥
ਪਾਇ ਲਗਉ ਮੋਹਿ ਕਰਉ ਬੇਨਤੀ
ਕੋਊ ਸੰਤੁ ਮਿਲੈ ਬਡਭਾਗੀ ॥
*(ਗਉੜੀ ਪੂਰਬੀ ਮ: 5 ਪੰ:-204)*

ਪਹਿਲੇ ਕਦੀ ਖਿਆਲ ਨਹੀਂ ਕੀਤਾ ਕਿ ਹੋਰ ਧਰਮਾਂ ਦੇ ਬੰਦੇ ਵੀ ਗੁਰਦੁਵਾਰੇ ਜਾ ਸਕਦੇ ਹਨ। ਮੈਂ ਦੇਖਿਆ ਕਈ ਲੋਕ ਮੱਥਾ ਟੇਕ ਕੇ ਆ ਰਹੇ ਹਨ ਤੇ ਕਈ ਅੰਦਰ ਜਾ ਰਹੇ ਹਨ। ਜਿਨ੍ਹਾਂ ਦੇ ਕੇਸ ਨਹੀਂ ਸਨ ਉਨ੍ਹਾਂ ਨੇ ਵੀ ਸਿਰ ਰੁਮਾਲ ਨਾਲ ਢਕੇ ਹੋਏ ਸਨ। ਮੈਂ ਉਨ੍ਹਾਂ ਨੂੰ ਪੁਛਿਆ, ਕੀ ਮੈਂ ਵੀ ਅੰਦਰ ਜਾ ਸਕਦਾ ਹਾਂ ? ਉਨ੍ਹਾਂ ਨੇ ਕਿਹਾ ਕਿ ਜੇ ਤੇਰੇ ਕੋਲ ਰੁਮਾਲ ਹੈ ਤਾਂ ਸਿਰ ਢੱਕ ਕੇ ਅੰਦਰ ਆ ਜਾ। ਮੈਂ ਸਿਰ ਉਪਰ ਰੁਮਾਲ ਲ਼ਿਆ ਤੇ ਅੰਦਰ ਮੱਥਾ ਟੇਕਣ ਚਲਾ ਗਿਆ। ਜਦੋਂ ਅੰਦਰ ਜਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕਿਆ ਤਾਂ ਕਿਸੇ ਸ਼ਕਤੀ ਨੇ ਸਿਰ ਤੇ ਇੰਨਾ ਭਾਰ ਪਾਇਆ ਕਿ ਮੈਂ ਚੁੱਕ ਨਹੀਂ ਸਕਿਆ। ਥੋੜ੍ਹੀ ਦੇਰ ਬਾਅਦ ਉਠ ਕੇ ਸੰਗਤ ਵਿਚ ਬੈਠ ਗਿਆ। ਮੈਨੂੰ ਇਸ ਤਰ੍ਹਾਂ ਲੱਗਿਆ ਕਿ ਆਪਣੇ ਘਰ ਆ ਗਿਆ ਹਾਂ। ਸ਼ਾਮ ਦਾ ਵੇਲ਼ਾ ਸੀ। ਗਰੰਥੀ ਸਿੰਘ ਨੇ ਰਹਿਰਾਸ ਦਾ ਪਾਠ ਕਰਨਾ ਅਰੰਭ ਕੀਤਾ। ਰਹਿਰਾਸ ਸਾਹਿਬ ਦੇ ਪਾਠ ਤੋਂ ਬਾਅਦ ਜਥੇ ਨੇ ਕੀਰਤਨ ਕਰਨਾ ਸ਼ੁਰੂ ਕੀਤਾ। ਬਾਣੀ ਸੁਣਕੇ ਮੇਰਾ ਮਨ ਸੁੰਨ ਜਿਹਾ ਹੋ ਗਿਆ। ਇਕ ਸੇਵਾਦਾਰ ਨੇ ਮੈਨੂੰ ਇਸ ਤਰ੍ਹਾਂ ਬੈਠੇ ਨੂੰ ਦੇਖਿਆ ਤਾਂ ਹਿਲਾ ਕੇ ਬਾਹਰ ਸੱਦਿਆ ਤੇ ਕਿਹਾ, ਮੈਂ ਚਾਹ ਬਣਾਈ ਹੈ ਪੀ ਲੈ ਤੇ ਸਮਝਾਉਣ ਲੱਗਾ ਕਿ ਜਦੋਂ ਗੁਰਦੁਆਰੇ ਆਉ ਤਾਂ ਸਾਵਧਾਨ ਹੋ ਕੇ ਬੈਠੋ। ਜਦੋਂ ਮੈਂ ਅੰਦਰ ਵਾਪਸ ਆਇਆ ਤਾਂ ਕਥਾ ਸ਼ੁਰੂ ਹੋ ਚੁੱਕੀ ਸੀ। ਗਿਆਨੀ ਜੀ ਕਥਾ ਕਰ ਰਹੇ ਸਨ, ਕਿ ਇਸ ਕਲਯੁਗ ਵਿਚ ਪੂਰਾ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ। ਇਹ ਸੁਣ ਕੇ ਬਹੁਤ ਖੁਸ਼ੀ ਹੋਈ ਕਿ ਮੈਨੂੰ ਪੂਰਾ ਗੁਰੂ ਮਿਲ ਗਿਆ ਹੈ ਤੇ ਮੇਰੀ ਆਸਾ ਪੂਰੀ ਹੋ ਗਈ ਹੈ। ਮੈਂ ਘਰ ਵਾਪਸ ਆ ਗਿਆ।

ਉਸੀ ਰਾਤ ਸੁਫਨੇ ਵਿੱਚ ਕੀ ਦੇਖਦਾ ਹਾਂ ਕਿ ਜਮਦੂਤ ਮੇਰੀ ਆਤਮਾ ਨੂੰ ਲੈ ਕੇ ਜਾ ਰਹੇ ਹਨ। ਜਿਸ ਰਸਤੇ ਜਾ ਰਹੇ ਸੀ ਉਸੇ ਰਸਤੇ ਜਮਦੂਤ ਹੋਰ ਰੂਹਾਂ ਨੂੰ ਵੀ ਤਸੀਹੇ ਦਿੰਦੇ ਹੋਏ ਲਿਜਾ ਰਹੇ ਸਨ। ਮੇਰੇ ਅੱਗੇ ਪਿਛੇ ਬਹੁਤ ਲੰਮੀ ਲਾਈਨ ਲੱਗੀ ਹੋਈ ਸੀ, ਜਿਸ ਦਾ ਕੋਈ ਸਿਰਾ ਦਿਖਾਈ ਨਹੀਂ ਦਿੰਦਾ ਸੀ। ਮੇਰੀ ਆਤਮਾ ਨੂੰ ਤਸੀਹੇ ਨਹੀਂ ਦਿੱਤੇ ਕਿਉਂਕਿ ਮੈਂ ਨਾਮ ਜਪਿਆ ਸੀ।

ਜਹ ਮਾਤ ਪਿਤਾ ਸੁਤ ਮੀਤ ਨਾ ਭਾਈ ॥
ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥
ਜਹ ਮਹਾ ਭਇਆਨ ਦੂਤ ਜਮ ਦਲੈ ॥
ਤਹਿ ਕੇਵਲ ਨਾਮੁ ਸੰਗਿ ਤੇਰੈ ਚਲੈ ॥
*(ਸੁਖਮਨੀ ਸਾਹਿਬ)*

ਤੁਰਦੇ-ਤੁਰਦੇ ਐਸੀ ਜਗ੍ਹਾ ਵਿੱਚੋਂ ਦੀ ਲੰਘੇ ਜਿਥੇ ਹਨ੍ਹੇਰਾ ਹੀ ਹਨ੍ਹੇਰਾ ਸੀ। ਇਸ ਹਨ੍ਹੇਰੇ ਵਿੱਚ ਭਿਆਨਕ ਦ੍ਰਿਸ਼ ਦਿਖਾਈ ਦਿੱਤੇ । ਇਹ ਇਤਨੇ ਡਰਾਉਣੇ ਸਨ ਕਿ ਇਨਸਾਨ ਡਰ ਕੇ ਬੇਹੋਸ਼ ਹੋ ਜਾਵੇ ।

**ਜਿਥੈ ਅਵਘਟ ਗਲੀਆ ਭੀੜੀਆਂ,**
**ਤਿਥੈ ਹਰਿ ਹਰਿ ਮੁਕਤਿ ਕਰਾਇ ।**

*(ਮਾਰੂ ਮ: 5 ਪੰ:-996)*

ਹੋਰ ਅੱਗੇ ਗਏ ਤਾਂ ਸੂਰਜ ਵਰਗੀ ਤਪਦੀ ਲੋਅ ਆ ਗਈ । ਇਸ ਤਰ੍ਹਾਂ ਲੱਗਦਾ ਸੀ ਕਿ ਪੈਰਾਂ ਥੱਲੇ ਅੱਗ ਲਗਾਈ ਹੋਈ ਹੋਵੇ। ਇਸ ਤੋਂ ਅੱਗੇ ਪਹਾੜੀ ਆਈ। ਜਮਦੂਤਾਂ ਨੇ ਕਿਹਾ, ਐਸ ਪਹਾੜੀ ਉਪਰ ਚੜੋ । ਜਿਹਨਾਂ ਦੀ ਆਤਮਾ ਮਲੀਨ ਸੀ ਉਹਨਾਂ ਵਾਸਤੇ ਚੜ੍ਹਨਾ ਬਹੁਤ ਮੁਸ਼ਕਲ ਸੀ । ਜਮਦੂਤ ਉਨ੍ਹਾਂ ਨੂੰ ਕੁੱਟਦੇ ਸਨ ਕਿ ਤੁਹਾਨੂੰ ਚੜਨਾ ਹੀ ਪਵੇਗਾ। ਜਿਹਨਾਂ ਦੀ ਆਤਮਾ ਸਾਫ ਸੀ ਉਨ੍ਹਾਂ ਨੂੰ ਕੋਈ ਤਕਲੀਫ ਨਹੀਂ ਹੋਈ।

ਹਿੰਦੂ ਧਰਮ ਅਨੁਸਾਰ ਆਤਮਾ ਨੂੰ ਧਰਮਰਾਜ ਦੀ ਕਚਿਹਰੀ ਵਿੱਚ ਪਹੁੰਚਣ ਲਈ ਇੱਕ ਸਾਲ ਲੱਗ ਜਾਂਦਾ ਹੈ। ਮੇਰੀ ਆਤਮਾ ਬਹੁਤ ਤੇਜ਼ ਰਫਤਾਰ ਨਾਲ ਜਾ ਰਹੀ ਸੀ। ਜਾਂਦੇ-ਜਾਂਦੇ ਰਸਤੇ ਵਿੱਚ ਇਹ ਦ੍ਰਿਸ਼ ਦਿਖਾਈ ਦਿੱਤੇ ਪਰ ਇਨ੍ਹਾਂ ਦਾ ਮੇਰੇ ਉਪਰ ਕੋਈ ਅਸਰ ਨਹੀਂ ਹੋਇਆ।

ਪਹਾੜੀ ਚੜ੍ਹ ਕੇ ਐਸੀ ਜਗ੍ਹਾ ਆਈ ਜਿਥੇ ਲੇਖਾ ਹਿਸਾਬ ਹੁੰਦਾ ਹੈ । ਇਹ ਧਰਮਰਾਜ ਦੀ ਕਚਿਹਰੀ ਸੀ। ਜਿਸ ਤਰ੍ਹਾਂ ਸਾਇੰਸ ਨੇ ਕੰਮਪਿਊਟਰ ਕੱਢਿਆ ਹੈ, ਇਸੇ ਤਰ੍ਹਾਂ ਧਰਮਰਾਜ ਦੇ ਕੋਲ ਵੀ ਹੈ । ਜਿਸ ਵਿੱਚੋਂ ਹਰੇਕ ਪ੍ਰਾਣੀ ਦਾ ਲੇਖਾ ਹਿਸਾਬ ਉਹ ਇੱਕ ਪਲ ਵਿੱਚ ਨਿਕਾਲ ਲੈਂਦਾ ਹੈ। ਜਿਥੇ ਮੈਂ ਖੜ੍ਹਾ ਸੀ ਮੇਰੇ ਨਾਲ ਦੀ ਲਾਇਨ ਵਿੱਚ ਇੱਕ ਮਾਈ ਖੜ੍ਹੀ ਸੀ। ਧਰਮਰਾਜ ਨੇ ਉਸਨੂੰ ਕਿਹਾ, ਮਾਈ ! ਤੂੰ ਸੰਤਾਂ ਮਹਾਂਪੁਰਸ਼ਾਂ ਦੀ ਬਹੁਤ ਸੇਵਾ ਕੀਤੀ ਹੈ । ਤੇਰੇ ਲਈ ਕਿੰਨੇ ਹੀ ਦੁੱਧ ਦੇ ਬਾਟੇ ਅਤੇ ਛੱਤੀ ਪ੍ਰਕਾਰ ਦੇ ਭੋਜਨ ਹਨ ਤੂੰ ਛਕ ਲੈ ਅਤੇ ਕਿਹਾ, ਤੂੰ ਚੰਗੇ ਕੰਮ ਕੀਤੇ ਹਨ ਪਰ ਪ੍ਰਮਾਤਮਾ ਦਾ ਨਾਮ ਨਹੀਂ ਜਪਿਆ। ਤੈਨੂੰ ਦੁਬਾਰਾ ਮਨੁੱਖਾ ਜਨਮ ਦਿੰਦਾ ਹਾਂ, ਨਾਮ ਜਪ ਕੇ ਮੁਕਤੀ ਪ੍ਰਾਪਤ ਕਰ। ਮੇਰੇ ਤੋਂ ਪਹਿਲਾਂ ਇੱਕ ਹੋਰ ਬੰਦੇ ਦੀ ਵਾਰੀ ਆਈ। ਧਰਮਰਾਜ ਨੇ ਉਸਨੂੰ ਕਿਹਾ, ਤੂੰ ਮਨੁੱਖ ਦੇਹੀ ਪਾ ਕੇ ਕੋਈ ਚੰਗਾ ਕੰਮ ਨਹੀਂ ਕੀਤਾ । ਸਾਰੀ ਉਮਰ ਮਾੜੇ ਕੰਮ ਹੀ ਕਰਦਾ ਰਿਹਾ ਹੈ ਅਤੇ ਜਮਦੂਤਾਂ ਨੂੰ ਕਿਹਾ ਇਸਨੂੰ ਨਰਕ ਕੁੰਡ ਵਿੱਚ ਲੈ ਜਾਉ ਅਤੇ ਫਿਰ ਚੌਰਾਸੀ ਲੱਖ ਜੂਨ ਵਿੱਚ ਸੁੱਟ ਦੇਣਾ । ਇਤਨੇ ਵਿੱਚ ਮੇਰੀ ਵਾਰੀ ਆ ਗਈ। ਧਰਮਰਾਜ ਨੇ ਮੈਨੂੰ ਕਿਹਾ, ਤੂੰ ਬਾਣੀ ਪੜ੍ਹੀ ਅਤੇ ਸਿਮਰਨ ਕੀਤਾ ਹੈ ਪਰ ਜਿਹੜਾ ਤੇਰਾ ਇਸ ਜਨਮ ਦਾ ਮਨ ਮਲੀਨ ਹੋ ਗਿਆ ਉਸਦੀ ਸਜ਼ਾ ਤੈਨੂੰ ਭੁਗਤਣੀ ਪਵੇਗੀ ਅਤੇ ਜਮਦੂਤਾਂ ਨੇ ਜਿਥੇ ਇਨਸਾਨ ਨੂੰ ਮਾੜੇ ਕਰਮਾਂ ਦੀ ਸਜ਼ਾ ਮਿਲਦੀ ਹੈ ਉਥੇ ਲਿਜਾ ਕੇ

ਖੜ੍ਹਾ ਕਰ ਦਿਤਾ। ਉਥੇ ਇਸ ਤਰ੍ਹਾਂ ਦਿਖਾਈ ਦਿੰਦਾ ਸੀ ਕਿ ਜਿਸ ਤਰ੍ਹਾਂ ਤੁਸੀਂ ਹਵਾਈ ਜਹਾਜ਼ ਤੋਂ ਉਤਰ ਕੇ ਇਮੀਗਰੇਸ਼ਨ ਕਰਾਉਣ ਵਾਸਤੇ ਵੱਖ-ਵੱਖ ਲਾਈਨਾਂ ਵਿਚ ਖੜ੍ਹੇ ਹੁੰਦੇ ਹੋ। ਜਿਸ ਤਰ੍ਹਾਂ ਬ੍ਰਿਟਿਸ਼ ਪਾਸਪੋਰਟ ਵਾਸਤੇ ਵੱਖਰਾ ਤੇ ਇੰਡੀਅਨ ਪਾਸਪੋਰਟ ਵਾਸਤੇ ਵੱਖਰਾ ਰਸਤਾ ਹੁੰਦਾ ਹੈ। ਉਥੇ ਹਰੇਕ ਮਾੜੇ ਕਰਮਾਂ ਵਾਸਤੇ ਵੱਖਰੇ-ਵੱਖਰੇ ਰਸਤੇ ਸਨ। ਹਰੇਕ ਰਸਤੇ ਉਪਰ ਬੋਰਡ ਲੱਗਾ ਹੋਇਆ ਸੀ। ਕਾਮੀ ਪੁਰਸ਼ਾਂ ਵਾਸਤੇ ਅਗਨੀ ਦਾ ਦਰਵਾਜਾ ਸੀ। ਦੂਸਰਾ ਨਿੰਦਾ ਕਰਨ ਵਾਲਿਆਂ ਦਾ ਦਰਵਾਜਾ ਸੀ। ਜਿਹੜਾ ਕਿਸੇ ਦੀ ਨਿੰਦਾ ਸੁਣਦਾ ਹੈ ਉਸ ਦੇ ਕੰਨਾਂ ਵਿਚ ਗਰਮ ਕਰਕੇ ਲੋਹਾ ਪਾਇਆ ਜਾਂਦਾ ਹੈ। ਜਿਹੜੇ ਝੂਠ ਬੋਲਦੇ ਹਨ ਉਨ੍ਹਾਂ ਦੀ ਜੀਭ ਜਮਦੂਤ ਕੱਟਦੇ ਹਨ। ਚੋਰੀ ਕਰਨ ਵਾਲਿਆਂ ਦੇ ਹੱਥ ਕੱਟੇ ਜਾਂਦੇ ਹਨ। ਜਿਥੇ ਮੈਂ ਖੜ੍ਹਾ ਸੀ ਉਥੇ ਇਹ ਭਿਆਨਕ ਸੀਨ ਨਜ਼ਰ ਆਏ ਪਰ ਅੱਗੇ ਬਹੁਤ ਲੰਬੀ ਲਾਇਨ ਸੀ। ਹੁਣ ਮੈਨੂੰ ਜਮਦੂਤਾਂ ਨੇ ਅਗਨੀ ਦੇ ਦਰਵਾਜੇ ਅੱਗੇ ਖੜ੍ਹਾ ਕਰ ਦਿੱਤਾ ਤੇ ਕਹਿਣ ਲੱਗੇ ਕਿ ਅੰਦਰ ਜਾਹ ਮੈਨੂੰ ਬਹੁਤ ਡਰ ਲੱਗਾ। ਉਹ ਕਹਿਣ ਲੱਗੇ ਕਿ ਅਗਰ ਨਹੀਂ ਗਿਆ ਤੇ ਇਹ ਸਿਰ ਵਿਚ ਡੰਡਾ ਪਵੇਗਾ। ਉਹਨਾਂ ਨੇ ਮੈਨੂੰ ਧੱਕਾ ਦੇ ਦਿੱਤਾ। ਉਥੇ ਕੁੰਭੀ ਨਰਕ ਜੈਸਾ ਸੀ। ਇਹ ਇਕ ਬਹੁਤ ਵੱਡਾ ਤਲਾਬ ਸੀ। ਉਸ ਤਲਾਬ ਵਿਚ ਬਹੁਤ ਆਦਮੀ ਨਰਕ ਭੋਗ ਰਹੇ ਸਨ ਅਤੇ ਹਾਏ-ਹਾਏ ਕਰ ਰਹੇ ਸਨ। ਹਾਏ-ਹਾਏ ਤੋਂ ਇਲਾਵਾ ਕੁਝ ਵੀ ਸੁਣਾਈ ਨਹੀਂ ਦਿੰਦਾ ਸੀ। ਉਥੇ ਭੋਜਨ ਤਾਂ ਕੀ, ਪਾਣੀ ਦਾ ਵੀ ਕੋਈ ਨਾਂ ਨਹੀਂ ਲੈਂਦਾ ਸੀ। ਉਸ ਤਲਾਬ ਅੰਦਰ ਛੋਟੇ-ਛੋਟੇ ਜੀਵ ਡੰਗ ਮਾਰ ਰਹੇ ਸਨ। ਤਲਾਬ ਦਾ ਪਾਣੀ ਜਵਾਲਾ ਮੁੱਖੀ ਦੀ ਤਰ੍ਹਾਂ ਉਬਲ ਰਿਹਾ ਸੀ ਅਤੇ ਉਪਰੋਂ ਜੀਵ ਡੰਗ ਮਾਰ ਰਹੇ ਸਨ। ਜਿਸ ਟਾਇਮ ਮੈਂ ਸਵੇਰੇ ਉਠ ਕੇ ਸੁਖਮਨੀ ਸਾਹਿਬ ਦਾ ਪਾਠ ਕਰਦਾ ਹੁੰਦਾ ਸੀ, ਉਹ ਟਾਇਮ ਆ ਗਿਆ ਤੇ "ਆਦਿ ਗੁਰਏ ਨਮਹ ਜੁਗਾਦਿ ਗੁਰਏ ਨਮਹ" ਕਹਿੰਦਿਆਂ ਸਾਰ ਮੇਰੀ ਆਤਮਾ ਨਰਕਕੁੰਡ ਵਿਚੋਂ ਵਾਪਸ ਸਰੀਰ ਵਿਚ ਆ ਗਈ। ਜਿਸ ਵੇਲੇ ਜਾਗ ਖੁਲ੍ਹੀ ਸਾਰਾ ਸਰੀਰ ਪਸੀਨੇ ਨਾਲ ਭਿੱਜਿਆ ਹੋਇਆ ਸੀ ਤੇ ਸਾਰੇ ਸਰੀਰ ਉਤੇ ਜਾਨਵਰਾਂ ਦੇ ਛੋਟੇ-ਛੋਟੇ ਜਖਮ ਦਿਖਾਈ ਦਿੱਤੇ। ਉਸ ਵੇਲੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਲੱਖ ਲੱਖ ਸ਼ੁਕਰ ਕੀਤਾ ਅਤੇ ਅੱਖਾਂ ਵਿਚੋਂ ਹੰਝੂਆਂ ਦੀ ਝੜੀ ਲਗ ਗਈ। ਧੰਨ ਗੁਰੂ ਅਰਜਨ ਦੇਵ ਜੀ, ਧੰਨ ਗੁਰੂ ਅਰਜਨ ਦੇਵ ਜੀ ਦੀ ਧੁਨ ਲਗਾ ਦਿੱਤੀ ਕਿ ਹੇ ਪ੍ਰਮਾਤਮਾ ! ਮੇਰੇ ਤੇ ਬੜਾ ਪ੍ਰਉਪਕਾਰ ਕੀਤਾ ਮੈਨੂੰ ਨਰਕ ਵਿਚੋਂ ਬਾਹਰ ਕੱਢ ਲ਼ਿਆ।

ਇਹ ਬਿਲਕੁਲ ਸਚਾਈ ਹੈ ਕਿ ਜੈਸੇ ਦੁਨੀਆ ਵਿਚ ਸਫਾਰਸ਼ ਚਲਦੀ ਹੈ। ਜਿਸ ਤਰ੍ਹਾਂ ਕਿਸੇ ਨੂੰ ਜੇਹਲ ਹੋ ਜਾਵੇ ਤਾਂ ਉਸ ਦਾ ਕੋਈ ਵੱਡਾ ਅਫਸਰ ਟੈਲੀਫੂਨ ਕਰ ਦੇਵੇ ਕਿ ਇਸ ਨੂੰ ਛੱਡ ਦੇਵੋ ਤਾਂ ਉਹ ਛੱਡ ਦਿੰਦੇ ਹਨ। ਇਸੇ ਤਰ੍ਹਾਂ ਗੁਰੂ ਅਰਜਨ ਦੇਵ ਮਹਾਰਾਜ ਜੀ ਨੇ ਮੇਰੀ ਸਹਾਇਤਾ ਕੀਤੀ। ਮੈਨੂੰ ਨਰਕ ਵਿਚੋਂ ਕੱਢਿਆ ਤਾਂ ਖਿਆਲ ਆਇਆ ਹੇ ਕਾਮੀ ਪੁਰਖ ! ਇਕ ਨਿਮਖ ਕਾਰਣੇ (ਕਾਮ ਸੁਆਦ) ਕਿਤਨਾ ਦੁਖ ਝਲਣਾ ਪਿਆ।

ਹੇ ਕਾਮੰ ਨਰਕ ਬਿਸ੍ਰਾਮੰ, ਬਹੁ ਜੋਨੀ ਭ੍ਰਮਾਵਣਹ ॥
ਚਿਤ ਹਰਣੰ ਤ੍ਰੈ ਲੋਕ ਗੰਮ੍ਯੰ ਜਪ ਤਪ ਸੀਲ ਬਿਦਾਰਣਹ ॥
ਅਲਪ ਸੁਖ ਅਵਿਤ ਚੰਚਲ, ਊਚ ਨੀਚ ਸਮਾਵਣਹ ॥
ਤਵ ਭੈ ਬਿਮੁੰਚਿਤ ਸਾਧ ਸੰਗਮ ਓਟ ਨਾਨਕ ਨਾਰਾਇਣਹ ॥

*(ਸਲੋਕ ਸਹਸਕ੍ਰਿਤੀ ਮ: 5 ਪੰ:–1358)*

*****

# ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ ॥

ਇਹ ਸ਼ਬਦ 1425 ਪੰਨੇ ਦੇ ਅਖੀਰਲੇ ਸਲੋਕਾਂ ਵਿਚ ਆਉਂਦਾ ਹੈ। ਸਾਨੂੰ ਮਹਾਰਾਜ ਜੀ ਯਾਦ ਕਰਾ ਰਹੇ ਹਨ ਕਿ ਹੇ ਜੀਵ ਕਿ ਜੇ ਤੈਨੂੰ 1424 ਪੰਨਿਆਂ ਤਕ ਸੋਝੀ ਨਹੀਂ ਆਈ ਤਾਂ ਮਹਾਰਾਜ ਜੀ ਤੈਨੂੰ ਫਿਰ ਸਮਝਾ ਰਹੇ ਹਨ –

**ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ ॥**
**ਨਾਨਕ ਜਿਉ ਮਥਨਿ ਮਾਧਾਣੀਆ, ਤਿਉ ਮਥੇ ਧ੍ਰਮ ਰਾਇ ॥**

*(ਸਲੋਕ ਮ: 5 ਪੰ:–1425)*

ਇਸ ਦੁਨੀਆਂ ਵਿਚ ਪਾਪੀ ਪੁਰਸ਼ ਹੱਸ-ਹੱਸ ਕੇ ਪਾਪ ਕਮਾਉਂਦੇ ਹਨ ਅਤੇ ਪ੍ਰਲੋਕ ਜਾਂਦੇ ਹੋਏ ਭਿਆਨਕ ਰਸਤੇ ਤੇ ਜਮਦੂਤਾਂ ਨੂੰ ਦੇਖ ਕੇ ਹਾਏ-ਹਾਏ ਕਰਦੇ ਹਨ। ਗੁਰੂ ਜੀ ਫੁਰਮਾਉਂਦੇ ਹਨ ਜਿਸ ਤਰ੍ਹਾਂ ਮਧਾਣੀਆਂ ਦਹੀਂ ਮਥਦੀਆਂ ਹਨ ਇਸੇ ਤਰ੍ਹਾਂ ਧਰਮਰਾਜ ਨਰਕੀ ਜੀਵਾਂ ਨੂੰ ਕਠਨ ਤਸੀਹੇ (ਕੁੱਟਦੇ ਮਾਰਦੇ) ਦਿੰਦੇ ਹਨ। ਜਿਹੜੇ ਕਿ ਇਨਸਾਨ ਦੇਖ ਕੇ ਹੀ ਡਰ ਜਾਂਦਾ ਹੈ।

ਹੇ ਇਨਸਾਨ ! ਤੂੰ ਖਾਣ ਪੀਣ ਤੇ ਜ਼ੋਰ ਲਗਾਇਆ ਹੈ। ਘੰਟੇ-ਘੰਟੇ ਬਾਅਦ ਚਾਹ ਪੀਂਦਾ ਹੈ। ਦਿਨ ਵਿਚ ਕਈ-ਕਈ ਵਾਰੀ ਖਾਣਾ ਖਾਂਦਾ ਹੈ। ਸ਼ਾਮ ਦੀ ਚਾਹ ਨਾਲ ਬਿਸਕੁਟ ਵੀ ਲੈਂਦਾ ਹੈ। ਕਈ-ਕਈ ਘੰਟੇ ਟੈਲੀਵੀਜਨ ਵੀ ਦੇਖਦਾ ਹੈ। ਸਵੇਰੇ ਪੇਪਰ ਵੀ ਜਰੂਰ ਪੜ੍ਹਦਾ ਹੈ। ਕੋਈ ਆਲੇ-ਦੁਆਲੇ ਦਾ ਗੁਆਂਢੀ ਆ ਜਾਵੇਂ ਤਾਂ ਇਕ ਦੂਜੇ ਦੀ ਚੁਗਲੀ ਵੀ ਹੋ ਹੀ ਜਾਂਦੀ ਹੈ। ਇਸ ਤਰ੍ਹਾਂ ਦਿਨ ਬਤੀਤ ਕਰਦਾ ਹੈ। ਹਰੇਕ ਜੀਵ ਚੰਦ ਦਿਨ ਲਈ ਇਸ ਦੁਨੀਆ ਵਿਚ ਆਇਆ ਹੈ। ਦਰਗਾਹ ਜਾਣ ਦਾ ਚੇਤਾ ਹੀ ਨਹੀਂ। ਕੋਈ ਚੰਗੇ ਕਰਮ ਕਰਨ ਦਾ ਚਾਅ ਹੀ ਨਹੀਂ।

**ਆਹਰ ਸਭਿ ਕਰਦਾ ਫਿਰੈ ਆਹਰੁ ਇਕੁ ਨਾ ਹੋਇ ॥**
**ਨਾਨਕ ਜਿਤੁ ਆਹਰਿ ਜਗੁ ਉਧਰੈ ਵਿਰਲਾ ਬੂਝੈ ਕੋਇ ॥**

*(ਰਾਮਕਲੀ ਮ: 5 ਪੰ:–965)*

ਜਿਹੜਾ ਤੂੰ ਕੰਮ ਕਰਨ ਆਇਆ ਹੈ ਉਹ ਕਰਦਾ ਨਹੀਂ, ਸਾਰਾ ਦਿਨ ਦੁਨਿਆਵੀ ਕੰਮਾਂ ਵਿਚ ਲਗਾ ਕੇ ਬਰਬਾਦ ਕਰ ਰਿਹਾ ਹੈ।

**ਕਰਿ ਬੰਦੇ ਤੂ ਬੰਦਗੀ ਜਿਚਰੁ ਘਟ ਮਹਿ ਸਾਹੁ ॥**

*(ਤਿਲੰਗ ਮ: 5 ਪੰ:–724)*

ਇਸ ਦੁਨਿਆ ਉਪਰ ਸਿਰਫ ਤੂੰ ਨਾਮ ਜਪਣ ਵਾਸਤੇ ਆਇਆ ਹੈ।

**ਪ੍ਰਾਣੀ ਤੂੰ ਆਇਆ ਲਾਹਾ ਲੈਣਿ ॥**
**ਲਗਾ ਕਿਤੁ ਕੁਫਕੜੇ, ਸਭ ਮੁਕਦੀ ਚਲੀ ਰੈਣਿ ॥**

*(ਸਿਰੀ ਰਾਗ ਮ: 5 ਪੰ:–43)*

ਸਤਿਗੁਰੂ ਜੀ ਫੁਰਮਾ ਰਹੇ ਹਨ ਕਿ ਪ੍ਰਾਣੀ ਤੂੰ ਇਸ ਦੁਨਿਆਂ ਤੇ ਲਾਹਾ ਲੈਣ ਆਇਆ ਪਰ ਹੋਰ ਕੰਮ ਕਰਕੇ ਉਮਰ ਗਵਾਈ ਜਾਂਦਾ ਹੈ।

**ਫਰੀਦਾ ਚਾਰਿ ਗਵਾਇਆ ਹੰਢਿ ਕੈ ਚਾਰਿ ਗਵਾਇਆ ਸੰਮਿ ॥**
**ਲੇਖਾ ਰਬੁ ਮੰਗੇਸੀਆ ਤੂ ਆਂਹੋ ਕੇਰ੍ਹੇ ਕੰਮਿ ॥**

*(ਸਲੋਕ ਭਗਤ ਫਰੀਦ ਜੀ ਪੰ:–1379)*

ਭਗਤ ਫਰੀਦ ਜੀ ਕਹਿ ਰਹੇ ਹਨ, ਹੇ ਇਨਸਾਨ ! ਤੂੰ ਚਾਰ ਪਹਿਰ ਦਿਨ ਦੇ ਘਰੇਲੂ ਕੰਮਾਂ ਵਿਚ ਅਤੇ ਚਾਰ ਪਹਿਰ ਰਾਤ ਦੇ ਸੌਂ ਕੇ ਗਵਾ ਦਿਤੇ। ਰੱਬ ਦਾ ਨਾਂ ਤਾਂ ਲਿਆ ਹੀ ਨਹੀਂ। ਜਦੋਂ ਪ੍ਰਲੋਕ ਵਿਚ ਗਏ, ਧਰਮਰਾਜ ਨੇ ਲੇਖਾ ਮੰਗਿਆ ਤਾਂ ਉਸ ਵੇਲੇ ਕੀ ਜੁਆਬ ਦੇਵੇਂਗਾ।

ਨਾਮ ਜਪ ਕੇ ਆਪਣਾ ਜਨਮ ਸਫਲ ਕਰੋ। ਬਚੋ ! ਜਮਦੂਤਾਂ ਦੀ ਮਾਰ ਤੋਂ ਬਚੋ, ਜਮਾਂ ਦੀ ਮਾਰ ਬਹੁਤ ਬੁਰੀ ਹੈ। ਜਿਸ ਦੀ ਗਵਾਹੀ ਗੁਰਬਾਣੀ ਭਰਦੀ ਹੈ। ਸੋ ਸਾਧ ਸੰਗਤ ਰਾਹੀਂ ਹੀ ਭਵਸਾਗਰ ਤਰਿਆ ਜਾ ਸਕਦਾ ਹੈ।

ਦਾਸ ਨਾਲ ਆਪ ਬੀਤੀ ਹੈ ਕਿ ਕਾਮੀ ਪੁਰਸ਼ਾਂ ਨੂੰ ਕਿੰਨੀ ਸਜ਼ਾ ਮਿਲਦੀ ਹੈ। ਜੀਵ ਨੂੰ ਪਹਿਲਾਂ ਅਗਨੀ ਦਰਵਾਜੇ ਵਿਚੋਂ ਨਿਕਾਲਦੇ ਹਨ ਤੇ ਫਿਰ ਨਰਕ ਕੁੰਡ ਵਿਚ ਜਾ ਸੁੱਟਦੇ ਹਨ। ਉਥੇ ਪਾਣੀ ਉਬਲਦਾ ਹੈ। ਜਦੋਂ ਆਤਮਾ ਉਥੇ ਪਹੁੰਚਦੀ ਹੈ ਤਾਂ ਬਹੁਤ ਪਛਤਾਉਂਦੀ ਹੈ ਕਿ ਮੈਂ ਮਾੜੇ ਕੰਮ ਕਿਉਂ ਕੀਤੇ। ਇਸ ਨਰਕ ਕੁੰਡ ਵਿਚ ਖਾਣਾ ਤਾਂ ਕੀ ਕੋਈ ਪਾਣੀ ਵੀ ਨਹੀਂ ਪੁਛਦਾ। ਚਾਰੋਂ ਤਰਫ ਹਾਏ ਹਾਏ ਦੀ ਅਵਾਜ਼ ਆਉਂਦੀ ਹੈ। ਜੇ ਕੋਈ ਪਾਣੀ ਵੀ ਮੰਗੇ ਤਾਂ ਜਮਦੂਤ ਪੁਛਦੇ ਹਨ ਕਿ ਤੂੰ ਕੋਈ ਪੁੰਨ ਦਾਨ ਕੀਤਾ ਹੈ ਜਿਸ ਦੇ ਫਲ ਕਰਕੇ ਅਸੀਂ ਤੈਨੂੰ ਪਾਣੀ ਦਈਏ। ਜੇ ਨਹੀਂ ਤਾਂ ਪਾਣੀ ਨਹੀਂ ਮਿਲੇਗਾ। ਸੋ ਹੇ ਇਨਸਾਨ ! ਤੇਰੇ ਕੋਲ ਜਿੰਨੇ ਸਵਾਸ ਬਾਕੀ ਹਨ, ਕੁਝ ਸਿਮਰਨ ਤੇ ਦਾਨ ਪੁੰਨ ਕਰ ਲੈ, ਅੱਗੇ ਜਾ ਕੇ ਇਹ ਹੀ ਸਹਾਈ ਹੋਵੇਗਾ। ਮਾਨਸ ਦੇਹੀ ਦਾ ਲਾਹਾ ਲੈ-ਲੈ। ਅਗਰ ਚੌਰਾਸੀ ਲੱਖ ਜੂਨਾਂ ਵਿਚ ਚਲਾ ਗਿਆ ਤਾਂ ਪਤਾ ਨਹੀਂ ਕਦੋਂ ਮਨੁਖਾ ਦੇਹੀ ਮਿਲੇਗੀ। ਹੁਣ ਮਾਨਸ ਦੇਹੀ ਮਿਲੀ ਹੈ ਇਸ ਦਾ ਲਾਭ ਪ੍ਰਾਪਤ ਕਰਨਾ ਚਾਹੀਦਾ ਹੈ। ਅਗਰ ਤੁਸੀਂ ਅਜੇ ਸਿਮਰਨ ਨਹੀਂ ਕਰਦੇ ਤਾਂ ਅਜੇ ਵੀ ਮੌਕਾ ਹੈ, ਸੰਭਾਲ ਲਉ। ਭਗਤ ਕਬੀਰ ਜੀ ਇਸ ਸ਼ਬਦ ਵਿਚ ਕਹਿ ਰਹੇ ਹਨ :-

**ਰਾਮੁ ਸਿਮਰੁ ਪਛੁਤਾਹਿਗਾ ਮਨ ॥**
**ਪਾਪੀ ਜੀਅਰਾ ਲੋਭੁ ਕਰਤੁ ਹੈ,**
**ਆਜੁ ਕਾਲਿ ਉਠਿ ਜਾਹਿਗਾ ॥ 1 ॥ ਰਹਾਉ ॥**
**ਲਾਲਚ ਲਾਗੇ ਜਨਮੁ ਗਵਾਇਆ,**
**ਮਾਇਆ ਭਰਮ ਭੁਲਾਹਿਗਾ ॥**

ਧਨ ਜੋਬਨ ਕਾ ਗਰਬੁ ਨ ਕੀਜੈ,
ਕਾਗਦ ਜਿਉ ਗਲਿ ਜਾਹਿਗਾ ॥ 1 ॥
ਜਉ ਜਮੁ ਆਇ ਕੇਸ ਗਹਿ ਪਟਕੈ,
ਤਾ ਦਿਨ ਕਿਛੁ ਨ ਬਸਾਹਿਗਾ ॥
ਸਿਮਰਨੁ ਭਜਨੁ ਦਇਆ ਨਹੀ ਕੀਨੀ,
ਤਉ ਮੁਖਿ ਚੋਟਾ ਖਾਹਿਗਾ ॥ 2 ॥
ਧਰਮ ਰਾਇ ਜਬ ਲੇਖਾ ਮਾਗੈ,
ਕਿਆ ਮੁਖੁ ਲੈ ਕੈ ਜਾਹਿਗਾ ॥
ਕਹਤੁ ਕਬੀਰ ਸੁਨਹੁ ਰੇ ਸੰਤਹੁ,
ਸਾਧਸੰਗਤਿ ਤਰਿ ਜਾਂਹਿਗਾ ॥ 3 ॥

*(ਰਾਗ ਮਾਰੂ ਪੰ:-1106)*

ਸੁਧ ਜਬ ਤੇ ਹਮ ਧਰੀ, ਬਚਨ ਗੁਰ ਦਏ ਹਮਾਰੀ ॥
ਪੂਤ ਇਹੈ ਤੋਹਿ, ਪ੍ਰਾਨ ਜਬ ਲਗ ਘਟ ਥਾਰੇ ॥
ਨਿਜ ਨਾਰੀ ਕੇ ਸੰਗ ਨੇਹ ਤੁਮ ਨਿੱਤ ਬਡੈਯਹੁ ॥
ਪਰ ਨਾਰੀ ਕੀ ਸੇਜ ਭੂਲਿ ਸੁਪਨੇ ਹੂੰ ਨ ਜੈਯਹੁ ॥
ਪਰਨਾਰੀ ਕੇ ਭਜੇ, ਸਹਸ ਬਾਸਵ ਭਗ ਪਾਏ ॥
ਪਰਨਾਰੀ ਕੇ ਭਜੇ, ਚੰਦ੍ਰ ਕਾਲੰਕ ਲਗਾਏ ॥
ਪਰਨਾਰੀ ਕੇ ਹੇਤ ਸੀਸ ਦਸ ਸੀਸ ਗਵਾਯੋ ॥
ਹੋ ਪਰਨਾਰੀ ਕੇ ਹੇਤ ਕਟਕ ਕਵਰਨ ਕੌ ਘਾਯੋ ॥
ਪਰਨਾਰੀ ਸੋ ਨੇਹੁ, ਛੁਰਿ ਪੈਨੀ ਕਰਿ ਜਾਨਹੁ ॥
ਪਰਨਾਰੀ ਕੇ ਭਜੇ ਕਾਲ ਬਯਾਪਯੋ ਤਨ ਮਾਨਹੁ ॥
ਅਧਿਕ ਹਰੀਫੀ ਜਾਨਿ, ਭੋਗ ਪਰਤ੍ਰਿਯਾ ਜੁ ਕਰਹੀ ॥
ਹੋ ਅੰਤ ਸ੍ਵਾਨ ਕੀ ਮ੍ਰਿਤੁ, ਹਾਥ ਲੇਂਡੀ ਕੇ ਮਰਹੀ ॥
ਬਾਲ ਹਮਾਰੇ ਪਾਸ, ਦੇਸ ਦੇਸਨ ਤ੍ਰਿਯ ਆਵਹਿ ॥
ਮਨ ਬਾਛਤ ਬਰ ਮਾਗਿ, ਜਾਨਿ ਗੁਰ ਸੀਸ ਝੁਕਾਵਹਿ ॥
ਸਿਖਯ ਪੁਤ੍ਰ ਤ੍ਰਿਯਾ ਸੁਤਾ ਜਾਨਿ ਅਪਨੇ ਚਿਤ ਧਰਿਯੈ ॥
ਹੋ ਕਹੁ ਸੁੰਦਰ ਤਿਹ ਸਾਥ ਗਵਨ ਕੈਸੇ ਕਰ ਕਰਿਯੈ ॥

*(ਰੂਪਕੁਅਰ ਪ੍ਰਥਾਇ ਪਾਤਸ਼ਾਹੀ 10)*

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਇਸ ਸ਼ਬਦ ਵਿਚ ਫਰਮਾ ਰਹੇ ਹਨ ਜਦੋਂ ਅਸੀਂ ਸੁਰਤ ਸੰਭਾਲੀ ਤਾਂ ਪਿਤਾ ਜੀ ਨੇ ਉਪਦੇਸ਼ ਦਿੱਤਾ ਕਿ 'ਪਰਨਾਰੀ ਕੀ ਸੇਜ ਭੂਲਿ ਸੁਪਨੇ ਹੂੰ ਨ ਜੈਯਹੁ' ਸੁਪਨੇ ਵਿਚ ਵੀ ਪਰ ਨਾਰੀ ਦਾ ਖਿਆਲ ਨਾ ਆਵੇ ।

ਮਨੁ ਮੈਗਲੁ ਸਾਕਤੁ ਦੇਵਾਨਾ ॥
ਬਨ ਖੰਡਿ ਮਾਇਆ ਮੋਹਿ ਹੈਰਾਨਾ ॥

*(ਆਸਾ ਮ: 1 ਪੰ:–415)*

ਇਸ ਸ਼ਬਦ ਵਿਚ ਉਪਦੇਸ਼ ਹੈ ਕਿ ਮਨ ਨੂੰ ਘੋੜੇ ਵਾਂਗ ਗਿਆਨ ਦਾ ਲਗਾਮ ਦੇ ਕੇ ਰੱਖਣਾ ਚਾਹੀਦਾ ਹੈ ਅਤੇ ਵਾਸ਼ਨਾ ਨੂੰ ਕਾਠੀ ਵਾਂਗੂ ਕਾਬੂ ਰੱਖਣਾ ਚਾਹੀਦਾ ਹੈ।

ਇਸ ਦਿਨ ਤੋਂ ਬਾਅਦ ਮੈਂ ਹਮੇਸ਼ਾ ਗੁਰਦੁਆਰੇ ਜਾਣ ਲੱਗ ਪਿਆ । ਜਿਥੇ ਮੈਂ ਰਹਿੰਦਾ ਸੀ ਉਥੇ ਦੋ ਗੁਰਦੁਆਰੇ ਸਨ । ਇਕ ਦਿਨ ਮੈਂ ਦੂਸਰੇ ਗੁਰਦੁਆਰੇ ਚਲਾ ਗਿਆ । ਰਹਿਰਾਸ ਦੇ ਪਾਠ ਤੋਂ ਬਾਅਦ ਕੀਰਤਨ ਹੋਇਆ । ਉਸ ਦਿਨ ਕਿਸੇ ਪ੍ਰੇਮੀ ਨੇ ਗੁਰਦੁਆਰੇ ਲੰਗਰ ਕਰਾਇਆ ਸੀ । ਸਕੱਤਰ ਸਾਹਿਬ ਕਹਿਣ ਲੱਗੇ ਅੱਜ ਸਾਰਿਆਂ ਨੇ ਲੰਗਰ ਛੱਕ ਕੇ ਜਾਣਾ, ਮੈਂ ਵੀ ਪੰਗਤ ਵਿਚ ਬੈਠ ਗਿਆ, ਲਾਂਗਰੀ ਸਿੰਘ ਸਭ ਨੂੰ ਬਹੁਤ ਧਿਆਨ ਨਾਲ ਦੇਖਦਾ ਸੀ ਕਿ ਕਿਤੇ ਦੁਆਰਾ ਤਾਂ ਨਹੀਂ ਲੰਗਰ ਛਕਣ ਆ ਗਿਆ । ਮੈਂ ਕਿਸੇ ਨੂੰ ਪੁਛਿਆ ਕਿ ਇਹ ਆਦਮੀ ਨਾਲੇ ਸੇਵਾ ਕਰਦਾ ਹੈ ਨਾਲੇ ਘੂਰ-ਘੂਰ ਕੇ ਦੇਖਦਾ ਹੈ । ਇੰਨੇ ਚਿਰ ਵਿਚ ਇਕ ਗਰੀਬ ਮਾਈ ਆ ਗਈ, ਉਸ ਨੇ ਵੀ ਲੰਗਰ ਛਕਣ ਵਾਸਤੇ ਬਾਲ ਮੰਗਿਆ ਤਾਂ ਲਾਂਗਰੀ ਸਿੰਘ ਉਸ ਨੂੰ ਕਹਿਣ ਲੱਗਾ ਭੈੜੀ ਰੰਨ ਤੂੰ ਦੁਬਾਰਾ ਖਾਣ ਵਾਸਤੇ ਆ ਗਈ ਹੈਂ ਤੈਨੂੰ ਦੁਬਾਰਾ ਖਾਣ ਨੂੰ ਨਹੀਂ ਦੇਣਾ । ਉਸ ਬੰਦੇ ਦੀ ਦਸ਼ਾ ਦੇਖ ਕੇ ਮੈਂ ਸੋਚਿਆ ਇਸ ਉਪਰ ਬਾਣੀ ਦਾ ਕੋਈ ਅਸਰ ਨਹੀਂ ਹੈ।

ਕਬੀਰ ਸਾਚਾ ਸਤਿਗੁਰੁ ਕਿਆ ਕਰੈ ਜਉ ਸਿਖਾ ਮਹਿ ਚੂਕ ॥
ਅੰਧੇ ਏਕ ਨ ਲਾਗਈ ਜਿਉ ਬਾਂਸੁ ਬਜਾਈਐ ਫੂਕ ॥

*(ਸਲੋਕ ਕਬੀਰ ਜੀ ਪੰ:–1372)*

*ਗਰੀਬੀ ਤੇ ਨਿਮਰਤਾ* ਤਾਂ ਸਿੱਖੀ ਦੇ ਥੰਮ੍ਹ ਹਨ ਪਰ ਇਸ ਵਿਚ ਦੋਨਾਂ ਦੀ ਘਾਟ ਤੇ ਰੁਖਾਪਣ ਹੈ, ਕੌੜੇ ਬਚਨਾਂ ਦਾ ਦਾਸ ਤੇ ਅਸਰ ਤਾਂ ਹੋਇਆ ਪਰ ਗੁਰੂ ਜੀ ਦੀ ਬਾਣੀ ਜੋ ਦਾਸ ਦੇ ਮਨ ਨੂੰ ਵਿੰਨ੍ਹ ਚੁੱਕੀ ਸੀ ਨੇ ਸਬਕ ਦੇ ਦਿੱਤਾ ਕਿ ਸਿੱਖ ਤਾਂ ਗੁਰੂ ਜੀ ਦਾ ਬਣਨਾ ਹੈ ਨਾ ਕਿ ਸਿੱਖ ਦਾ ਸਿੱਖ । ਇਹ ਆਪਣੇ ਕਰਮ ਆਪੇ ਭੁਗਤੇਗਾ ।

*****

# ਇੰਗਲੈਂਡ ਨੂੰ ਰਵਾਨਗੀ

ਅਸ਼ੋਕ ਕੁਮਾਰ ਤੇ ਮੈਂ ਇਕੱਠੇ ਪੜ੍ਹਦੇ ਸੀ। ਉਹ ਆਪਣੇ ਮਾਤਾ ਪਿਤਾ ਨਾਲ ਅਫਰੀਕਾ ਚਲਾ ਗਿਆ ਤੇ ਬਾਅਦ ਵਿਚ ਉਸਦੇ ਪਿਤਾ ਨੇ ਪੜ੍ਹਨ ਵਾਸਤੇ ਇੰਗਲੈਂਡ ਭੇਜ ਦਿੱਤਾ। ਅਸੀਂ ਇਕ ਦੂਜੇ ਨੂੰ ਪੱਤਰ ਲਿਖਦੇ ਰਹਿੰਦੇ ਸਾਂ। ਇਕ ਦਿਨ ਉਸ ਦਾ ਪੱਤਰ ਆਇਆ ਕਿ ਕਾਫੀ ਦੇਰ ਤੋਂ ਆਪਾਂ ਮਿਲੇ ਨਹੀਂ। ਜੇ ਹੋ ਸਕੇ ਤਾਂ ਮਿਲਣ ਵਾਸਤੇ ਆ ਜਾ। ਉਸਨੇ ਮੈਨੂੰ ਵਾਊਚਰ ਭੇਜਿਆ। ਜਦੋਂ ਮੈਨੂੰ ਮਿਲ ਗਿਆ ਤਾਂ ਤਿਆਰੀ ਸ਼ੁਰੂ ਕਰ ਦਿੱਤੀ। ਪਾਸਪੋਰਟ ਤਾਂ ਮੇਰਾ ਪਹਿਲਾਂ ਹੀ ਬਣਿਆ ਹੋਇਆ ਸੀ। ਮੈਂ ਪਾਣੀ ਵਾਲੇ ਜ਼ਹਾਜ਼ ਦਾ ਟਿਕਟ ਲੈ ਲਿਆ। ਪਹਿਲੀ ਜਨਵਰੀ 1964 ਨੂੰ ਬੰਬਈ ਤੋਂ ਇੰਗਲੈਂਡ ਵਾਸਤੇ ਰਵਾਨਾ ਹੋਇਆ। ਸਮੁੰਦਰੀ ਜ਼ਹਾਜ਼ ਰਾਹੀਂ ਸਫਰ ਕਰਦਿਆਂ ਆਲੇ ਦੁਆਲੇ ਪਾਣੀ ਹੀ ਪਾਣੀ ਨਜ਼ਰ ਆਉਂਦਾ ਸੀ।

18 ਜਨਵਰੀ 1964 ਨੂੰ ਜ਼ਹਾਜ਼ ਟਿਲਬਰੀ ਇੰਗਲੈਂਡ ਪਹੁੰਚਾ। ਮੇਰਾ ਦੋਸਤ ਮੈਨੂੰ ਲੈਣ ਆਇਆ ਸੀ। ਘਰ ਪਹੁੰਚ ਕੇ ਮੈਂ ਉਸ ਨੂੰ ਪੁਛਿਆ ਕਿ ਇਥੇ ਕੋਈ ਗੁਰਦੁਆਰਾ ਹੈ। ਉਸ ਨੇ ਕਿਹਾ, ਸੁਣਿਆ ਹੈ ਕਿ ਸ਼ੇਪਰਡਜ਼ਬੁਸ਼ ਵਿਚ ਹੈ ਪਰ ਦੇਖਿਆ ਨਹੀਂ, ਇਥੋਂ ਨੇੜੇ ਹੀ ਹੈ। ਮੈਂ ਬਹੁਤ ਖੁਸ਼ ਹੋਇਆ। ਇਸੇ ਗੁਰਦੁਆਰੇ ਤੋਂ ਮੈਨੂੰ ਨਿਤਨੇਮ ਦਾ ਗੁਟਕਾ ਮਿਲਿਆ ਸੀ।

ਅਸ਼ੋਕ ਇੰਡੀਆ ਹਾਊਸ ਵਿਚ ਨੌਕਰੀ ਕਰਦਾ ਸੀ। ਉਸ ਨੇ ਦੱਸਿਆ ਕਿ ਇੰਡੀਆ ਹਾਊਸ ਵਿਚ ਨੌਕਰੀ ਨਿਕਲੀ ਹੈ। ਤੂੰ ਵੀ ਕੋਸ਼ਿਸ਼ ਕਰ ਲੈ। ਦੂਸਰੇ ਦਿਨ ਮੈਂ ਇੰਡੀਆ ਹਾਊਸ ਚਲਾ ਗਿਆ। ਮੇਰੇ ਪਾਸ ਰਾਸ਼ਟਰਪਤੀ ਦਾ ਪੱਤਰ ਸੀ। ਜਦੋਂ ਮੈਂ ਇੰਡੋਨੇਸ਼ੀਆ ਕੰਮ ਕਰਦਾ ਸੀ, ਉਥੇ ਇੰਡੀਆ ਦਾ ਰਾਸ਼ਟਰਪਤੀ ਦੌਰੇ ਤੇ ਆਇਆ ਤਾਂ ਜਿਹੜੇ ਅਫਸਰ ਪਾਸ ਮੈਂ ਕੰਮ ਕਰਦਾ ਸੀ ਉਸ ਨੇ ਰਾਸ਼ਟਰਪਤੀ ਦੀ ਦੇਖ ਭਾਲ ਦੀ ਡਿਊਟੀ ਮੈਨੂੰ ਦਿੱਤੀ। ਉਹ ਇਕ ਹਫਤਾ ਰਿਹਾ, ਮੈਂ ਉਸ ਦੀ ਚੰਗੀ ਦੇਖ ਭਾਲ ਕੀਤੀ। ਉਸ ਨੇ ਕਰੈਕਟਰ ਰੈਫਰੰਸ ਦਿਤਾ। ਜਿਸ ਵਿਚ ਲਿਖਿਆ ਸੀ ਕਿ ਆਪ ਇਕ ਚੰਗੇ ਇਮਾਨਦਾਰ ਵਰਕਰ ਹੋ। ਮੈਂ ਆਪ ਉਪਰ ਬਹੁਤ ਖੁਸ਼ ਹਾਂ ਅਤੇ ਸਾਇਨ ਕਰਕੇ ਮੈਨੂੰ ਦੇ ਗਿਆ। ਜਦੋਂ ਮੈਂ ਨੌਕਰੀ ਵਾਸਤੇ ਗਿਆ ਤਾਂ ਨਾਲ ਲੈ ਗਿਆ। ਜਿਹੜਾ ਆਦਮੀ ਇੰਟਰਵਿਊ ਲੈਂਦਾ ਸੀ ਮੈਂ ਉਸ ਨੂੰ ਕਿਹਾ ਕਿ ਮੇਰੇ ਕੋਲ ਰਾਸ਼ਟਰਪਤੀ ਦਾ ਪੱਤਰ ਹੈ। ਮੈਂ ਕਿਹਾ, ਮੈਨੂੰ ਅੰਗਰੇਜ਼ੀ ਚੰਗੀ ਤਰ੍ਹਾਂ ਬੋਲਣੀ ਨਹੀਂ ਆਉਂਦੀ, ਪਰ ਲਿਖ ਪੜ੍ਹ ਲੈਂਦਾ ਹਾਂ।

ਉਸ ਨੇ ਜਦ ਪੱਤਰ ਦੇਖਿਆ ਤਾਂ ਬਹੁਤ ਖੁਸ਼ ਹੋਇਆ ਅਤੇ ਪਿਆਰ ਸਤਿਕਾਰ ਨਾਲ ਕਹਿਣ ਲੱਗਾ। ਇਥੇ ਸਾਰੇ ਇੰਡੀਅਨ ਅਫਸਰ ਹਨ। ਅੰਗਰੇਜ਼ੀ ਬੋਲਣ ਦੀ ਖਾਸ ਲੋੜ ਨਹੀਂ ਪੈਂਦੀ। ਉਨ੍ਹਾਂ ਨੇ ਮੈਨੂੰ ਕੰਮ ਉਤੇ ਰੱਖ ਲਿਆ ਤੇ ਸੌਖੀ ਨੌਕਰੀ ਵੀ ਦੇ ਦਿੱਤੀ। ਮੈਂ ਸੋਚਿਆ ਇਕ ਦੁਨਿਆਵੀ ਰਾਜੇ ਦੀ ਚਿੱਠੀ ਸਦਕਾ ਕਿਸੇ ਨੇ ਕੁਝ ਨਹੀਂ ਪੁਛਿਆ। ਅਗਰ ਕੋਈ ਮਨੁਖ ਪ੍ਰਮਾਤਮਾ ਦਾ ਭਜਨ ਕਰੇਗਾ ਤਾਂ ਉਸ ਨੂੰ ਦਰਗਾਹ

ਵਿਚ ਆਦਰ ਸਤਿਕਾਰ ਜਰੂਰ ਮਿਲੇਗਾ। ਮੇਰਾ ਹੋਰ ਵੀ ਪ੍ਰਮਾਤਮਾ ਉਤੇ ਭਰੋਸਾ ਵਧ ਗਿਆ। ਦੋ ਤਿੰਨ ਦਿਨ ਕੰਮ ਤੇ ਗਿਆ ਤੇ ਮੈਂ ਸੋਚਿਆ ਪ੍ਰਮਾਤਮਾ ਦਾ ਨਾਂ ਛੱਡ ਕੇ ਮਾਇਆ ਦੇ ਚੱਕਰ ਵਿਚ ਕਿਉਂ ਪੈ ਗਿਆ। ਵਾਹਿਗੁਰੂ ਨੇ ਆਪਣਾ ਨਾਮ ਜਪਾਉਣਾ ਸੀ ਤੇ ਬਹਾਨਾ ਬਣ ਗਿਆ। ਥੋੜ੍ਹੀ ਦੇਰ ਬਾਅਦ ਇੰਡੀਅਨ ਹਾਈ ਕਮਿਸ਼ਨਰ ਦੀ ਬਦਲੀ ਇੰਡੀਆ ਦੀ ਹੋ ਗਈ। ਕਮਿਸ਼ਨਰ ਦਾ ਘਰ ਖਾਲੀ ਹੋ ਗਿਆ। ਇੰਡੀਆ ਹਾਊਸ ਤੋਂ ਦੋ ਆਦਮੀਆਂ ਦੀ ਡਿਊਟੀ ਘਰ ਦੀ ਦੇਖਭਾਲ ਵਾਸਤੇ ਲਗਾਈ ਗਈ। ਮੈਂ ਤੇ ਇਕ ਹੋਰ ਸੱਜਣ ਸੀ, ਮੈਨੂੰ ਪਾਠ ਕਰਨ ਲਈ ਜਿਆਦਾ ਟਾਇਮ ਮਿਲ ਗਿਆ। ਇਕ ਦਿਨ ਮੈਂ ਜਪੁਜੀ ਸਾਹਿਬ ਦਾ ਪਾਠ ਕਰਨ ਲੱਗਾ ਤਾਂ ਮੇਰੀ ਬਿਰਤੀ

"ੴ ਸਤਿਨਾਮ.
ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ"

*(ਮੂਲਮੰਤਰ)*

ਦੇ ਪਾਠ ਵਿਚ ਜੁੜ ਗਈ ਦਿਲ ਕਰੇ ਇਹ ਹੀ ਬਾਰ ਬਾਰ ਪੜ੍ਹੀ ਜਾਵਾਂ। ਮੈਂ ਸੋਚਿਆ ਕਿਉਂ ਨਾ ਇਸ ਦਾ ਅਭਿਆਸ ਕਰਾਂ। ਮੈਂ ਇਕ ਘੰਟਾ ਮੂਲਮੰਤਰ ਦਾ ਪਾਠ ਕੀਤਾ। ਮਨ ਥੋੜ੍ਹਾ ਟਿਕਾਉ ਵਿਚ ਆ ਗਿਆ। ਮਨ ਵਿਚ ਖਿਆਲ ਆਇਆ ਕਿ ਇਹ ਵੀ ਇਕ ਮੰਤਰ ਹੈ। ਇਸ ਦਾ ਅਭਿਆਸ ਕੀਤਾ ਜਾਵੇ। ਮੈਂ ਦੂਸਰੇ ਸਾਥੀ ਨੂੰ ਕਿਹਾ ਕਿ ਮੈਂ ਤੇਰੀ ਵੀ ਡਿਊਟੀ ਕਰ ਦਿਆ ਕਰਾਂਗਾ ਤੂੰ ਜਿਥੇ ਜਾਣਾ ਹੈ ਚਲੇ ਜਾਵੀਂ ਪਰ ਮੈਨੂੰ ਬਹੁਤਾ ਬੁਲਾਉਣਾ ਨਹੀਂ। ਮੈਂ ਤੇਰੇ ਵਾਸਤੇ ਖਾਣਾ ਵੀ ਬਣਾ ਦਿਆ ਕਰਾਗਾਂ। ਪਰ ਤੂੰ ਸਮਾਨ ਲਿਆ ਕੇ ਦੇ ਦਈਂ। ਉਹ ਇਹ ਸੁਣਕੇ ਬਹੁਤ ਖੁਸ਼ ਹੋਇਆ ਕਿ ਮੈਨੂੰ ਕੁਝ ਨਹੀਂ ਕਰਨਾ ਪਵੇਗਾ। ਦੂਸਰੇ ਦਿਨ ਮਨ ਹੋਰ ਵੀ ਟਿਕਾਉ ਵਿਚ ਆ ਗਿਆ। ਮੈਂ ਹੋਰ ਵੀ ਜਿਆਦਾ ਅਭਿਆਸ ਕਰਨ ਲੱਗਿਆ। ਪ੍ਰਮਾਤਮਾ ਦਾ ਸ਼ੁਕਰ ਕੀਤਾ ਕਿ ਤੂੰ ਬੇਅੰਤ ਹੈ ਕਿਰਤ ਵੀ ਮਿਲ ਗਈ ਤੇ ਨਾਮ ਜਪਣ ਵਾਸਤੇ ਟਾਇਮ ਵੀ ਮਿਲ ਗਿਆ। ਪ੍ਰਮਾਤਮਾ ਤੇਰਾ ਲੱਖ-ਲੱਖ ਸ਼ੁਕਰ ਹੈ। ਇਸ ਤਰ੍ਹਾਂ ਅਭਿਆਸ ਕਰਦਿਆਂ ਕਰਦਿਆਂ ਛੇ ਸੱਤ ਮਹੀਨੇ ਬੀਤ ਗਏ। ਰਸ ਬਹੁਤ ਆਉਣ ਲੱਗ ਪਿਆ। 12-13 ਘੰਟੇ ਮੂਲਮੰਤਰ ਦਾ ਪਾਠ ਕਰਦੇ ਰਹਿਣਾ। ਨੌਵੇਂ ਦਸਵੇਂ ਮਹੀਨੇ ਬਾਅਦ ਰਿਧੀਆਂ ਸਿਧੀਆਂ ਪ੍ਰਾਪਤ ਹੋ ਗਈਆਂ। ਮਨ ਦਾ ਟਿਕਾਉ ਹੋ ਗਿਆ, ਦਿਲ ਕਰੇ ਕਿ ਪਾਠ ਕਰਦਾ ਹੀ ਰਹਾਂ। ਰਿਧੀ ਸਿਧੀ ਐਸੀ ਹੈ ਕਿ ਮਨ ਵਿਚ ਕੋਈ ਸ਼ਕਤੀ ਪੈਦਾ ਹੋ ਜਾਂਦੀ ਹੈ ਜਿਸ ਨਾਲ ਅੱਗੇ ਪਿਛੇ ਦੀ ਸੋਝੀ ਆ ਜਾਂਦੀ ਹੈ। ਮੈਨੂੰ ਆਉਣ ਵਾਲੇ ਟਾਇਮ ਦਾ ਪਹਿਲਾਂ ਹੀ ਪਤਾ ਲੱਗਣ ਲੱਗ ਪਿਆ, ਜਿਵੇਂ ਕਿ ਕਲ੍ਹ ਨੂੰ ਮੀਂਹ ਪੈਣਾ ਹੈ ਜਾਂ ਧੁਪ ਨਿਕਲਣੀ ਹੈ। ਹੋਰ ਵੀ ਕਈ ਚੀਜ਼ਾਂ ਦਾ ਪਤਾ ਲੱਗ ਜਾਂਦਾ ਹੈ ਰਿਧੀਆਂ ਸਿਧੀਆਂ ਐਸੀਆਂ ਹਨ ਜਿਵੇਂ ਕੋਈ ਬੰਦਾ ਦਫਤਰ ਵਿਚ ਕੰਮ ਕਰਦਾ ਹੈ। ਸਮੇਂ ਸਿਰ ਪੂਰੀ ਇਮਾਨਦਾਰੀ ਨਾਲ ਆਪਣੀ ਡਿਊਟੀ ਨਿਭਾਉਂਦਾ ਹੈ ਤੇ ਮਾਲਕ ਖੁਸ਼ ਹੋ ਕੇ ਉਸ ਦੀ ਤਰੱਕੀ ਕਰਦਾ ਹੈ। ਜਦੋਂ ਉਸ ਦਾ ਕੰਮ

ਵੱਧ ਜਾਵੇ ਤਾਂ ਉਸ ਨੂੰ ਸੈਕਟਰੀ ਦੇ ਦਿੰਦਾ ਹੈ। ਕਿ ਅਫਸਰ ਦਾ ਸਾਰਾ ਕੰਮ ਸੌਖਾ ਹੋ ਜਾਵੇ। ਉਹ ਸੈਕਟਰੀ ਸਾਰੇ ਕੰਮ ਦਾ ਖਿਆਲ ਰੱਖਦੀ ਹੈ। ਇਸੇ ਤਰ੍ਹਾਂ ਜਿਹੜਾ ਆਦਮੀ ਸਿਮਰਨ ਕਰਕੇ ਵਾਂਹਿਗੁਰੂ ਦੀ ਖੁਸ਼ੀ ਪ੍ਰਾਪਤ ਕਰਦਾ ਹੈ। ਪ੍ਰਮਾਤਮਾ ਉਸ ਨੂੰ ਵੀ ਰਿਧੀਆਂ ਸਿਧੀਆਂ ਬਖਸ਼ ਦਿੰਦੇ ਹਨ। ਬਹੁਤ ਸਾਰੇ ਨਾਮ ਜਪਣ ਵਾਲੇ ਰਿਧੀਆਂ ਸਿਧੀਆਂ ਵਿਚ ਹੀ ਰਹਿ ਜਾਂਦੇ ਹਨ। ਤਰੱਕੀ ਨਹੀਂ ਕਰਦੇ ਤੇ ਇਸ ਤੋਂ ਉਪਰ ਦੀ ਮੰਜਿਲ ਤੇ ਨਹੀਂ ਪਹੁੰਚਦੇ ਜਿਥੇ ਨਾਮ ਦਾ ਰਸ ਪ੍ਰਾਪਤ ਹੁੰਦਾ ਹੈ।

ਰਿਧਿ ਸਿਧਿ ਸਭੁ ਮੋਹੁ ਹੈ,
ਨਾਮੁ ਨ ਵਸੈ ਮਨਿ ਆਇ।
*(ਸਲੋਕ ਮ: 3 ਪੰ-593)*

ਮੈਂ ਬਹੁਤ ਖੁਸ਼ ਰਹਿਣ ਲੱਗਾ ਕਿ ਥੋੜ੍ਹੇ ਸਮੇਂ ਦੇ ਸਿਮਰਨ ਨਾਲ ਮੇਰੇ ਸਾਰੇ ਕੰਮ ਆਪੇ ਹੀ ਹੋਣ ਲੱਗ ਪਏ। ਇੱਕ ਸਾਲ ਮਗਰੋਂ ਹਾਈਕਮਿਸ਼ਨਰ ਆਪਣੇ ਘਰ ਆ ਗਿਆ। ਉਥੋਂ ਸਾਨੂੰ ਛੁਟੀ ਮਿਲ ਗਈ ਤੇ ਇੰਡੀਆ ਹਾਊਸ ਵਾਪਸ ਆ ਗਏ।

ਜੇ ਕੋਈ ਪ੍ਰਾਣੀ ਦਸ ਬਾਰਾਂ ਘੰਟੇ ਮੂਲ ਮੰਤਰ ਦਾ ਪਾਠ ਕਰੇ ਉਸ ਨੂੰ ਜ਼ਰੂਰ ਰਿਧੀਆਂ ਸਿਧੀਆਂ ਪ੍ਰਾਪਤ ਹੋ ਜਾਣਗੀਆਂ, ਭਾਵੇ ਕਿਸੇ ਧਰਮ ਦਾ ਹੋਵੇ। ਮੈਂ ਉਸ ਵੇਲੇ ਕੇਸਾਧਾਰੀ ਨਹੀਂ ਸੀ। ਜਦੋਂ ਇੰਡੀਆ ਹਾਊਸ ਵਾਪਸ ਆਏ ਤਾਂ ਕੰਮ ਜਿਆਦਾ ਹੋਣ ਕਰਕੇ ਪੂਰਾ ਪਾਠ ਨਹੀਂ ਹੁੰਦਾ ਸੀ ਕਿਉਂਕਿ ਹੋਰਨਾਂ ਨਾਲ ਗੱਲਬਾਤ ਕਰਨੀ ਪੈਂਦੀ ਸੀ। ਆਲੇ ਦੁਆਲੇ ਦੇ ਮਾਹੌਲ ਵਿਚ ਇਕਾਂਤ ਬਿਲਕੁਲ ਨਹੀਂ ਸੀ। ਉਥੇ ਅਖਬਾਰ ਪੜ੍ਹਨ ਲੱਗ ਪੈਣਾ, ਮੂਲ ਮੰਤਰ ਦਾ ਜਾਪ ਘੱਟ ਗਿਆ, ਬਿਰਤੀ ਉਖੜਨ ਲੱਗੀ, ਸੁਰਤੀ ਖਿੰਡਾਉ ਵਿਚ ਰਹਿਣ ਲੱਗ ਪਈ। ਜਿਹੜੀਆਂ ਰਿਧੀਆਂ ਸਿਧੀਆਂ ਦੀ ਦਾਤ ਪ੍ਰਾਪਤ ਹੋਈ ਸੀ ਜਾਂਦੀ ਰਹੀ।

ਮੈਨੂੰ ਅੰਗਰੇਜ਼ੀ ਸਿੱਖਣ ਦਾ ਸ਼ੌਕ ਜਾਗ ਪਿਆ। ਔਫਿਸ ਤੋਂ ਬਾਅਦ ਸ਼ਾਮ ਨੂੰ ਇੰਗਲਿਸ਼ ਸਿਖਣ ਜਾਣਾ। ਉਥੇ ਮੈਨੂੰ ਹੋਰ ਮਿੱਤਰ ਮਿਲ ਗਏ। ਇਕ ਦਿਨ ਅਸੀਂ ਕੰਨਟੀਨ ਵਿਚ ਬੈਠੇ ਚਾਹ ਪੀ ਰਹੇ ਸੀ ਤੇ ਸਲਾਹ ਬਣਾਈ ਕਿ ਛੁੱਟੀਆਂ ਆ ਰਹੀਆਂ ਹਨ ਕਿਤੇ ਬਾਹਰ ਜਾਣ ਦਾ ਪ੍ਰੋਗਰਾਮ ਬਣਾਇਆ ਜਾਵੇ। ਇਕ ਪੰਜਾਬੀ ਭਾਈ ਕੋਲ ਕਾਰ ਸੀ। ਸਾਡੇ ਨਾਲ ਇਕ ਈਸਾਈ ਭੈਣ-ਭਰਾ ਤੇ ਇਕ ਇਜਰਾਈਲ ਤੋਂ ਆਈ ਲੜਕੀ ਸੀ। ਅਸੀਂ ਸਾਰੇ ਇਕੱਠੇ ਪੜ੍ਹਦੇ ਸੀ। ਸਾਡਾ ਜਾਣ ਦਾ ਪ੍ਰੋਗਰਾਮ ਬਣ ਗਿਆ।

*****

# ਪਰਤੱਖ ਦਰਸ਼ਨ

ਛੁੱਟੀਆਂ ਤੇ ਜਾਣ ਵੇਲੇ ਇਕ ਲੜਕੀ ਬਿਮਾਰ ਹੋ ਗਈ। ਪ੍ਰੋਗਰਾਮ ਕੈਂਸਲ ਨਹੀਂ ਹੋ ਸਕਦਾ ਸੀ ਕਿਉਂਕਿ ਸਾਰਿਆਂ ਨੇ ਛੁੱਟੀਆਂ ਬੁਕ ਕਰਾਈਆਂ ਸਨ। ਅਸੀਂ ਚਾਰੇ ਜਣੇ ਛੁਟੀਆਂ ਦੇ ਬਣਾਏ ਪ੍ਰੋਗਰਾਮ ਅਨੁਸਾਰ ਚਲ ਪਏ। ਡੋਵਰ ਤੋਂ ਪੈਰਿਸ, ਇਟਲੀ, ਸਵਿਟਜ਼ਰਲੈਂਡ, ਆਸਟਰੀਆ ਤੋਂ ਜਰਮਨੀ ਪਹੁੰਚੇ। ਮੈਂ ਰਸਤੇ ਵਿਚ ਜਪੁਜੀ ਸਾਹਿਬ ਤੇ ਚੌਪਈ ਸਾਹਿਬ ਦੇ ਪਾਠ ਕਰਦਾ ਗਿਆ।

ਲੜਕੀ ਨੇ ਦੂਜੇ ਪੰਜਾਬੀ ਭਾਈ ਨੂੰ ਪੁਛਿਆ, ਰਾਮ ਸਵੇਰੇ ਸ਼ਾਮ ਕੀ ਪੜ੍ਹਦਾ ਹੈ?

"ਇਹ ਗੁਰੂ ਕਾ ਸਿੰਘ ਹੈ ਗੁਰੂ ਕੀ ਬਾਣੀ ਪੜ੍ਹਦਾ ਹੈ।" ਉਸ ਨੇ ਕਿਹਾ, "ਇਹ ਨਿਤਨੇਮ ਤੇ ਸੁਖਮਨੀ ਸਾਹਿਬ ਪੜ੍ਹਦਾ ਹੈ। ਬਾਣੀ ਪੜ੍ਹਨ ਨਾਲ ਮਨ ਸ਼ੁਧ ਹੋ ਜਾਂਦਾ ਹੈ, ਅਤੇ ਗੁਰੂ ਅੰਗ ਸੰਗ ਰਹਿੰਦਾ ਹੈ। ਮਾੜੇ ਕਰਮਾਂ ਤੋਂ ਬਚਾ ਕੇ ਰੱਖਦਾ ਹੈ।"

ਲੜਕੀ ਨੇ ਪੁਛਿਆ, ਤੁਸੀਂ ਕਿਉਂ ਨਹੀਂ ਪੜ੍ਹਦੇ, ਉਸ ਦਾ ਜੁਆਬ ਸੀ ਕਿ ਮੈਂ ਪਹਿਲਾਂ ਪੜ੍ਹਦਾ ਹੁੰਦਾ ਸੀ, ਮੇਰੇ ਕੇਸ ਵੀ ਸਨ, ਹੁਣ ਮੈਂ ਨੌਕਰੀ ਕਰਕੇ ਕਟਾ ਦਿਤੇ ਹਨ ਤੇ ਬਾਣੀ ਵੀ ਛੱਡ ਦਿਤੀ ਹੈ।

ਜਦੋਂ ਅਸੀਂ ਜਰਮਨੀ ਪਹੁੰਚੇ ਤਾਂ ਟਾਇਮ ਕਾਫੀ ਹੋ ਗਿਆ ਸੀ। ਰਾਤ ਦੇ ਦਸ ਗਿਆਰਾਂ ਵਜ ਚੁਕੇ ਸਨ। ਸਾਰੇ ਬਹੁਤ ਥੱਕੇ ਹੋਏ ਸਨ, ਸਾਰੇ ਹੋਟਲ ਬੁਕ ਹੋ ਚੁਕੇ ਸਨ। ਸਾਨੂੰ ਇਕ ਹੋਟਲ ਵਿਚ ਦੋ ਕਮਰੇ ਮਿਲੇ। ਉਸ ਵਿਚ ਸਿਰਫ ਡਬਲ ਬੈਡ ਹੀ ਸਨ। ਕਮਰੇ ਬੁਕ ਕਰਾ ਕੇ ਸਾਨੂੰ ਖਿਆਲ ਆਇਆ ਕਿ ਲੜਕੀ ਕਿਥੇ ਸੌਵੇਂਗੀ। ਲੜਕੀ ਨੂੰ ਪਤਾ ਸੀ ਕਿ ਰਾਮ ਬਾਣੀ ਪੜ੍ਹਨ ਵਾਲਾ ਤੇ ਧਾਰਮਿਕ ਬੰਦਾ ਹੈ। ਗੁਰੂ ਦਾ ਸਿੰਘ ਹੈ। ਉਸ ਨੇ ਕਿਹਾ, ਮੈਂ ਕੋਈ ਬੁਰਾ ਮਹਿਸੂਸ ਨਹੀਂ ਕਰਦੀ, ਮੈਂ ਰਾਮ ਨਾਲ਼ ਸੌਂ ਜਾਵਾਂਗੀ ਮੈਨੂੰ ਇਸ ਉਤੇ ਪੂਰਾ ਯਕੀਨ ਹੈ। ਉਸ ਟਾਇਮ ਮੈਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਂਰਾਜ ਯਾਦ ਆਏ ਤੇ ਮੈਂ ਦਿਲ ਦੀ ਡੂੰਘਾਈ ਵਿਚੋਂ ਅਰਦਾਸ ਕੀਤੀ ਕਿ ਹੇ ਸੱਚੇ ਪਾਤਸ਼ਾਹ! ਮੈਂ ਹਾਲੇ ਤੇਰਾ ਸਿੰਘ ਨਹੀਂ ਹਾਂ, ਨਾ ਹੀ ਸਿੱਖੀ ਸਰੂਪ ਵਿਚ ਹਾਂ। ਇਹ ਲੜਕੀ ਮੈਨੂੰ ਤੁਹਾਡਾ ਸਿੱਖ ਸਮਝ ਰਹੀ ਹੈ, ਆਪਣੀ ਸਿੱਖੀ ਦੀ ਲਾਜ ਰੱਖਣੀ। ਫਿਰ ਵੀ ਮਨ ਡੋਲਦਾ ਸੀ ਕਿ ਪਤਾ ਨਹੀਂ ਲੜਕੀ ਦੇ ਮਨ ਵਿਚ ਕੀ ਹੈ। ਇਸ ਦਾ ਮਨ ਨਾ ਡੋਲ ਜਾਵੇ। ਉਸ ਸਮੇਂ ਮੈਨੂੰ ਨਰਕ ਕੁੰਡ ਦਾ ਸੀਨ ਯਾਦ ਆਇਆ, ਸੋਚਦਾ-ਸੋਚਦਾ ਆਪਣੇ ਬੈਡ ਤੇ ਚਲਾ ਗਿਆ। ਲੜਕੀ ਬਾਥਰੂਮ ਵਿਚ ਗਈ ਹੋਈ ਸੀ ਮੈਨੂੰ ਇਕ ਦਮ ਗੂੜੀ ਨੀਂਦ ਆ ਗਈ ਤੇ ਪਤਾ ਹੀ ਨਹੀਂ ਕਿ ਕਿੱਥੇ ਪਿਆ ਹਾਂ, ਇੰਨੀ ਗੂੜੀ ਨੀਂਦ ਵਿਚ ਯਾਦ ਹੀ ਨਹੀਂ ਰਿਹਾ ਕਿ ਲੜਕੀ ਵੀ ਨਾਲ ਹੈ।

ਅੰਮ੍ਰਿਤ ਵੇਲੇ ਇੱਕ ਦੋ ਵਜੇ ਕਮਰੇ ਵਿਚ ਇਕ ਦਮ ਚਾਨਣ ਹੀ ਚਾਨਣ ਹੋ ਗਿਆ। ਇਸ ਤਰ੍ਹਾਂ ਲੱਗਿਆ ਕਿ ਮੇਰਾ ਭਾਰ ਹੀ ਨਹੀਂ, ਸਰੀਰ ਫੁਲ ਵਾਂਗੂ ਹਲਕਾ ਹੋ ਗਿਆ। ਕੰਨ੍ਹਾਂ ਵਿਚ ਮਿਠੀ ਸਰੀਲੀ ਧੁੰਨ ਵੱਜਣ ਲੱਗੀ, ਉਸ ਦੇ ਨਾਲ ਮੇਰਾ ਸੁਆਸ-

ਸੁਆਸ ਸਿਮਰਨ ਆਪੇ ਚਲਣ ਲਗ ਪਿਆ । ਮੇਰੇ ਕੋਲੋਂ ਇਹ ਨਜ਼ਾਰਾ ਝੱਲਿਆ ਨਾ ਜਾਵੇ । ਉਸ ਸਮੇਂ ਮਹਾਰਾਜ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪ੍ਰਤੱਖ ਦਰਸ਼ਨ ਦਿੱਤੇ । ਮੈਨੂੰ ਇਸ ਤਰ੍ਹਾਂ ਮਹਿਸੂਸ ਹੋਇਆ ਕਿ ਮਹਾਂਰਾਜ ਦੇ ਸਮੇਂ ਮੈਂ ਇਸੇ ਸਰੂਪ ਵਿਚ ਹੀ ਦਰਸ਼ਨ ਕੀਤੇ ਹੋਏ ਹਨ ।

*ਮਹਾਰਾਜ ਜੀ ਨੇ ਮੈਨੂੰ ਪਹਿਲਾ ਬਚਨ ਕੀਤਾ ਕਿ ਅੰਮ੍ਰਿਤ ਛੱਕ ਕੇ ਤਿਆਰ ਬਰ ਤਿਆਰ ਸਿੰਘ ਸਜ ਜਾਵੋ, ਅਸੀਂ ਤੇਰੇ ਪਾਸੋਂ ਦੇਸ਼ ਬਿਦੇਸ਼ ਵਿਚ ਅੰਮ੍ਰਿਤ ਪ੍ਰਚਾਰ ਦੀ ਲਹਿਰ ਸ਼ੁਰੂ ਕਰਾਉਣੀ ਹੈ, ਦੂਸਰਾ ਬਚਨ ਮਹਾਰਾਜ ਜੀ ਨੇ ਕੀਤਾ ਕਿ ਮੈਂ ਖਾਲਸੇ ਨੂੰ ਆਪਣੇ ਕੋਲੋਂ ਪੰਜ ਕਕਾਰ ਦਿਤੇ ਸਨ ਕਛਹਿਰਾ, ਕੜਾ, ਕ੍ਰਿਪਾਨ, ਕੰਘਾ ਤੇ ਕੇਸਕੀ । ਉਨ੍ਹਾਂ ਤੇ ਪੰਥ ਨੇ ਹੁਕਮ ਨਹੀਂ ਮੰਨਿਆ । ਪੰਜਵਾਂ ਕਕਾਰ ਕੇਸਕੀ ਦੀ ਜਗ੍ਹਾ ਕੇਸ ਲਗਾ ਦਿਤੇ । ਮਹਾਰਾਜ ਜੀ ਨੇ ਹੁਕਮ ਕੀਤਾ ਬਗੈਰ ਕੇਸਕੀ ਦੇ ਅੰਮ੍ਰਿਤ ਪ੍ਰਚਾਰ ਨਹੀਂ ਕਰਨਾ, ਤੀਸਰਾ ਬਚਨ ਮਹਾਰਾਜ ਜੀ ਨੇ ਕੀਤਾ ਕਿ ਖਾਲਸੇ ਦਾ ਰਾਜ ਹੋ ਕੇ ਰਹੇਗਾ । ਜਦੋਂ ਖਾਲਸਾ ਮੇਰਾ ਬਚਨ ਮੰਨੇਗਾ । ਮੈਨੂੰ ਰਹਿਤ ਪਿਆਰੀ ਹੈ ਸਿਖ ਪਿਆਰਾ ਨਹੀਂ ਹੈ, ਖਾਲਸੇ ਰਾਜ ਵਿਚ ਮੈਂ ਹੀ ਰਾਜ ਕਰੂੰਗਾ ਪੰਥ ਦੇ ਮੋਹਰੀ ਸਿਰਫ ਪੰਜ ਪਿਆਰੇ ਹੀ ਹੋਣਗੇ । ਪੰਜਾਬ ਦੀ ਧਰਤੀ ਸਵਰਗ ਬਣੇਗੀ । ਸਚਖੰਡ ਦਾ ਇਕ ਹਿਸਾ ਬਣ ਜਾਵੇਗੀ । ਹਰ ਪਿੰਡ ਵਿਚ ਪੰਜ ਪਿਆਰੇ ਮੁਖੀ ਹੋਣਗੇ ।*

ਇਤਨੇ ਬਚਨ ਸੁਣਕੇ ਮੈਂ ਆਪਣੇ ਆਪ ਨੂੰ ਸਾਂਭ ਨਹੀਂ ਸਕਿਆ ਬੇਸੁਧ ਹੋ ਗਿਆ, ਜਦੋਂ ਨੈਣ ਖੋਲ੍ਹੇ ਤਾਂ ਮਹਾਰਾਜ ਅਲੋਪ ਸਨ । ਮੇਰੇ ਵਿਚ ਇੰਨੀ ਸ਼ਕਤੀ ਨਹੀਂ ਸੀ ਕਿ ਮੈਂ ਬਚਨ ਕਰ ਸਕਦਾ । ਮੈਂ ਆਪਣੇ ਆਪ ਨੂੰ ਵਡਭਾਗੀ ਸਮਝਿਆ ਕਿ ਮੈਨੂੰ ਨਿਮਾਣੇ ਨੂੰ ਸਭ ਤੋਂ ਉਤਮ ਸੇਵਾ ਅੰਮ੍ਰਿਤ ਸੰਚਾਰ ਦੀ ਬਖਸ਼ਿਸ਼ ਹੋਈ ਹੈ ।

ਆਪਿ ਜਪਹੁ ਅਵਰਾ ਨਾਮ ਜਪਾਵਹੁ ॥
ਸੁਨਤ ਕਹਤ ਰਹਤ ਗਤਿ ਪਾਵਹੁ ॥
ਸਾਰ ਭੂਤ ਸਤਿ ਹਰਿ ਕੋ ਨਾਉ ॥
ਸਹਜਿ ਸੁਭਾਇ ਨਾਨਕ ਗੁਨ ਗਾਉ ॥

*(ਸੁਖਮਨੀ ਸਾਹਿਬ )*

ਪੂਰਬ ਕਰਮ ਅੰਕੁਰ ਜਬ ਪ੍ਰਗਟੇ, ਭੇਟਿਓ ਪੁਰਖੁ ਰਸਿਕ ਬੈਰਾਗੀ ॥
ਮਿਟਿਓ ਅੰਧੇਰੁ ਮਿਲਤ ਹਰਿ ਨਾਨਕ, ਜਨਮ ਜਨਮ ਕੀ ਸੋਈ ਜਾਗੀ ॥

*(ਗਉੜੀ ਪੂਰਬੀ ਮ: 5-204)*

ਸਵੇਰੇ ਉਠਦਿਆਂ ਮੇਰੀਆਂ ਅੱਖਾਂ ਜਲ ਨਾਲ ਭਰੀਆਂ ਹੋਈਆਂ ਸਨ, ਦੇਖ ਕੇ ਲੜਕੀ ਨੇ ਪੁਛਿਆ, "ਰਾਮ ਤੈਨੂੰ ਕੀ ਹੋ ਗਿਆ ਹੈ ।" ਮੈਂ ਉਸ ਨੂੰ ਕਿਹਾ, ਤੈਨੂੰ ਸਮਝ ਨਹੀਂ ਆਵੇਗੀ ਕਿ ਮੇਰੇ ਨਾਲ ਕੀ ਕੌਤਕ ਵਰਤਿਆ ਹੈ । ਮੈਂ ਉਸ ਨੂੰ ਹੌਲੀ-ਹੌਲੀ ਸਮਝਾਇਆ ਕਿ ਕੋਟ ਬ੍ਰਹਿਮੰਡ ਦਾ ਮਾਲਕ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਸਚਖੰਡ ਤੋਂ ਇਥੇ ਮੇਰਾ ਉਧਾਰ ਕਰਨ ਆਏ ਸਨ । ਲੜਕੀ ਬਹੁਤ ਹੈਰਾਨ ਹੋਈ ਕਿ


ਤੁਹਾਡਾ ਗੁਰੂ ਇੰਨਾ ਦਿਆਲੂ ਹੈ ਕਿ ਆਪ ਆ ਕੇ ਮਿਲੇ। ਉਸ ਨੇ ਮੈਨੂੰ ਦੱਸਿਆ ਕਿ ਰਾਤ ਨੂੰ ਉਸ ਨੇ ਵੀ ਇਹੋ ਜਿਹਾ ਨਜ਼ਾਰਾ ਦੇਖਿਆ ਕਿ ਬਹੁਤ ਸੁੰਦਰ ਧਰਤੀ ਹੈ, ਉਥੇ ਬਹੁਤ ਤਰ੍ਹਾਂ ਦੇ ਫੁੱਲ ਦੇਖਣ ਲਈ ਸਨ। ਬਹੁਤ ਸੁਗੰਧੀ ਆ ਰਹੀ ਸੀ। ਮੈਂ ਕਿਸੇ ਹੋਰ ਹੀ ਦੇਸ਼ ਵਿਚ ਸੌਂ ਰਹੀ ਸੀ। ਇਹ ਸੁਣ ਕੇ ਮੈਨੂੰ ਬਹੁਤ ਬੈਰਾਗ ਹੋਇਆ ਕਿ ਇਸ ਲੜਕੀ ਦੇ ਵੱਡੇ ਭਾਗ ਹਨ ਜਿਹੜੇ ਮਹਾਰਾਜ ਨੇ ਇਸਤੇ ਵੀ ਕ੍ਰਿਪਾ ਕੀਤੀ ਹੈ। ਮੈਂ ਉਸ ਲੜਕੀ ਨੂੰ ਵਡਭਾਗੀ ਸਮਝਿਆ ਜਿਸ ਦੀ ਬਦੌਲਤ ਮੈਨੂੰ ਸਾਹਿਬ ਦੇ ਦਰਸ਼ਨ ਹੋਏ। ਜਿਸ ਜੀਵ ਤੋਂ ਸਤਿਗੁਰੂ ਜੀ ਨੇ ਕੋਈ ਸੇਵਾ ਲੈਣੀ ਹੈ ਉਹ ਵਾਹਿਗੁਰੂ ਆਪ ਹੀ ਕਲਾ ਵਰਤਾ/ਦਿੰਦੇ ਹਨ। ਉਸ ਦਿਨ ਤੋਂ ਮੈਂ ਦਾੜੀ ਕੇਸ ਕੱਟਣੇ ਬੰਦ ਕਰ ਦਿਤੇ ਤੇ ਇਹ ਹੀ ਸੋਚਦਾ ਸੀ ਕਿ ਕਦੋਂ ਇੰਗਲੈਂਡ ਜਾਵਾਂ ਤੇ ਅਮ੍ਰਿਤਪਾਨ ਕਰਾਂ।

ਸੁਪਨ ਚਰਿਤ੍ਰ ਚਿਤ੍ਰ, ਬਾਨਕ ਬਨੇ ਬਚਿਤ੍ਰ,
ਪਾਵਨ ਪਵਿਤ੍ਰ ਮਿਤ੍ਰ, ਆਜ ਮੋਰੇ ਆਏ ਹੈ।
ਪਰਮ ਦਿਯਾਲ ਲਾਲ, ਲੋਚਨ ਬਿਸਾਲ,
ਮੁਖ ਬਚਨ ਰਸਾਲ ਮਧੁ ਮਧੁਰ ਪੀਆਏ ਹੈ।
ਸੋਭਤ ਸਿਹਜਾਸਨ ਬਿਲਾਸਨ ਦੈ ਅੰਕਮਾਲ,
ਪ੍ਰੇਮ ਰਸ ਬਿਸਮ ਹ੍ਵੈ ਸਹਜ ਸਮਾਏ ਹੈ।
ਚਾਤ੍ਰਿਕ ਸਬਦ ਸੁਨਿ, ਅਖੀਆ ਉਘਰ ਗਈ,
ਭਈ ਜਲ ਮੀਨ ਗਤਿ, ਬਿਰਹ ਜਗਾਏ ਹੈ ॥ 205 ॥

*(ਭਾਈ ਗੁਰਦਾਸ ਜੀ)*

ਇਸ ਕਲਯੁਗ ਵਿਚ ਸਿਰਫ ਦਾਸ ਨੂੰ ਹੀ ਮਹਾਰਾਜ ਦੇ ਦਰਸ਼ਨ ਨਹੀਂ ਹੋਏ ਬਾਬਾ ਸੇਵਾ ਸਿੰਘ ਜੀ, ਬਾਬਾ ਪੂਰਨ ਸਿੰਘ ਜੀ ਕਰੀਚੋ ਵਾਲੇ, ਬੀਬੀ ਬਲਵੰਤ ਕੌਰ ਅਤੇ ਬਾਬਾ ਨਿਧਾਨ ਸਿੰਘ ਜੀ ਨੂੰ ਵੀ ਮਹਾਰਾਜ ਜੀ ਦੇ ਦਰਸ਼ਨ ਹੋਏ ਹਨ। ਅਚੰਭੇ ਦੀ ਗੱਲ ਅਫਰੀਕਾ ਵਿਚ ਇਕ ਕਾਲੇ ਨੂੰ ਵੀ ਦਰਸ਼ਨ ਹੋਏ ਹਨ ਜਿਸ ਨੂੰ ਸਿੱਖੀ ਦਾ ਕੋਈ ਗਿਆਨ ਨਹੀਂ ਸੀ। ਇਹ ਵੀ ਕੋਈ ਚੰਗੇ ਕਰਮਾਂ ਦੀ ਨਿਸ਼ਾਨੀ ਹੈ। ਇਨ੍ਹਾਂ ਸਾਰਿਆਂ ਦਾ ਜੀਵਨ ਅੱਗੇ ਲਿਖਿਆ ਹੈ।

*****


9.2.69

Dear RAM,

Thank you very much for the poem and the flowers you had given me. Here I am posting you a card from "HAIFA". IT's very nice Town. please Tell Gulati To look after himself and Give him my regards. And To you I wish you the best.

from Dalia if you still remember me.



ਇਹ ਪੋਸਟ ਕਾਰਡ ਡਲੀਆ ਨੇ
ਇਜਰਾਈਲ ਜਾ ਕੇ ਦਾਸ ਨੂੰ ਭੇਜਿਆ

## ਪੰਜਵਾਂ ਕਕਾਰ ਕੇਸਕੀ

**ਧਰੇ ਕੇਸ ਪਾਹੁਲ ਬਿਨਾ ਭੇਖੀ ਮੂਰਖ ਸਿਖ**
**ਮੇਰਾ ਦਰਸ਼ਨ ਨਾਹਿ ਤਿਸੁ ਪਾਪੀ ਤਿਆਗੈ ਭਿਖੁ**

ਹਰ ਇਕ ਸਿਖ ਲਈ ਖੰਡੇ ਦਾ ਪਾਹੁਲ ਛਕਣਾ ਬਹੁਤ ਜ਼ਰੂਰੀ ਹੈ। ਖੰਡੇ ਦਾ ਅੰਮ੍ਰਿਤ ਛਕੇ ਬਿਨਾ ਕੋਈ ਸਿੱਖ ਹੋ ਹੀ ਨਹੀਂ ਸਕਦਾ। ਭਾਵੇਂ ਉਹ ਸਿੱਖ ਘਰਾਣੇ ਵਿਚ ਜਨਮ ਲੈਣ ਕਰਕੇ ਕੇਸਾਧਾਰੀ ਵੀ ਹੋਵੇ। ਕੇਸਾਂ ਦੀ ਸੰਭਾਲ ਲਈ ਦਸਮੇਸ਼ ਪਿਤਾ ਜੀ ਨੇ ਕੇਸਕੀ (ਛੋਟੀ ਦਸਤਾਰ) ਸਜਾਉਣ ਦਾ ਹੁਕਮ ਦਿਤਾ ਹੈ। ਇਤਿਹਾਸ ਵਿਚ ਦੱਸਿਆ ਗਿਆ ਹੈ, ਕਿ ਦਸਮ ਪਿਤਾ ਜੀ ਛੋਟੀ ਦਸਤਾਰ ਨੂੰ ਇੰਨਾ ਪਿਆਰ ਕਰਦੇ ਸਨ ਕਿ ਮਾਈ ਭਾਗ ਕੌਰ ਜੀ ਨੂੰ ਆਪ ਦਸਤਾਰ ਸਜਾਈ। ਦਸਮੇਸ਼ ਪਿਤਾ ਜੀ ਨੇ ਅੰਮ੍ਰਿਤਧਾਰੀ ਸਿੰਘਾਂ ਸਿੰਘਣੀਆਂ ਨੂੰ ਬਚਨ ਦਿਤਾ ਹੋਇਆ ਸੀ :-

**ਜਬ ਲਗ ਖ਼ਾਲਸਾ ਰਹੇ ਨਿਆਰਾ।**
**ਤਬ ਲਗ ਤੇਜ ਦੀਉ ਮੈ ਸਾਰਾ।**

*(ਸਰਬ ਲੋਹ ਗ੍ਰੰਥ)*

ਅੰਮ੍ਰਿਤਧਾਰੀ ਸਿੰਘਣੀਆਂ ਵੀ ਉਸੇ ਤਰ੍ਹਾਂ ਖਾਲਸਾ ਹਨ ਜਿਸ ਤਰ੍ਹਾਂ ਸਿੰਘ। ਸਿੰਘ ਸਿੰਘਣੀਆਂ ਨੂੰ ਇੱਕੋ ਜਿਹਾ ਬਰਾਬਰ ਦਾ ਦਰਜਾ ਦਿੱਤਾ ਗਿਆ ਹੈ। ਉਨ੍ਹਾਂ ਦੀ ਰਹਿਤ ਵੀ ਇੱਕ ਹੋਣੀ ਚਾਹੀਦੀ ਹੈ। ਸਿੱਖ ਬੀਬੀਆਂ ਲਈ ਦਸਮੇਸ਼ ਪਿਤਾ ਜੀ ਦਾ ਦਰਸਾਇਆ ਹੋਇਆ ਨਿਆਰਾਪਨ ਕੀ ਹੈ ? ਫੈਸ਼ਨ ਦੇ ਝੱਖੜਾਂ, ਤੂਫਾਨਾਂ (ਹਨ੍ਹੇਰੀਆਂ) ਵਿਚ ਆਪਣੇ ਅਸੂਲਾਂ ਤੇ ਡਟ ਕੇ ਸਿਰ ਤੇ ਕੇਸਾਂ ਦਾ ਜੂੜਾ ਕਰਕੇ ਉਤੇ ਕੇਸਕੀ ਸਜਾਉਣਾ।

ਪੁਰਾਤਨ ਰਹਿਤਨਾਮਿਆਂ ਵਿਚੋਂ ਹੇਠ ਲਿਖੀ ਤੁਕ ਕੇਸਕੀ ਦੀ ਰਹਿਤ ਨੂੰ ਸਪੱਸ਼ਟ ਤੌਰ ਤੇ ਪ੍ਰਗਟ ਕਰਦੀ ਹੈ :-

**"ਕਛ ਕੜਾ ਕਿਰਪਾਨ ਕੰਘਾ ਕੇਸਕੀ**
**ਇਹ ਪੰਜ ਕਕਾਰੀ ਰਹਿਤ ਧਾਰੇ ਸਿੱਖ ਸੋਈ"**

*(ਰਹਿਤਨਾਮਾ ਭਾਈ ਚੌਪਾ ਸਿੰਘ ਜੀ)*

ਪ੍ਰਸਿੱਧ ਅੰਗਰੇਜ਼ ਇਤਿਹਾਸਕਾਰ ਮਿਸਟਰ ਕਨਿੰਗਮ ਆਪਣੀ ਪ੍ਰਸਿੱਧ ਪੁਸਤਕ (HISTORY OF THE SIKHS) ਵਿੱਚ ਸਿੱਖ ਬੀਬੀਆਂ ਸਬੰਧੀ ਲਿਖਦੇ ਹਨ। ("The Sikh women are distinguished from Hindu of thier sex by some variety of dress chiefley by the higher top knot of hair.")

ਲਾਹੌਰ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਕਿਲੇ ਵਿਚ ਵਿਕਟੋਰੀਆ ਅਜਾਇਬ ਘਰ ਕਲਕੱਤੇ ਵਿਚ ਪੁਰਾਤਨ ਬਹਾਦਰ ਸਿੰਘਣੀਆਂ ਦੇ ਚਿੱਤਰਾਂ ਵਿਚ ਉਨ੍ਹਾਂ ਨੂੰ ਕੇਸਕੀ ਦੀ ਰਹਿਤ ਨਾਲ ਸ਼ਸ਼ੋਭਤ ਦਿਖਾਇਆ ਗਿਆ ਹੈ। ਮਹਿਦੀਆਣਾ ਗੁਰਦੁਆਰਾ ਜਗਰਾਉਂ (ਲੁਧਿਆਣੇ ਦੇ ਨੇੜੇ) ਬਹਾਦਰ ਸਿੰਘਣੀਆਂ ਦੇ ਬੁੱਤਾਂ (ਸਟੈਚੂ) ਨੂੰ ਵੀ ਕੇਸਕੀ ਨਾਲ ਸ਼ਸ਼ੋਭਤ ਦਿਖਾਇਆ ਗਿਆ ਹੇ।

ਭਾਈ ਵੀਰ ਸਿੰਘ ਨੇ ਆਪਣੀ ਪੁਸਤਕ "ਰਾਣਾ ਸੂਰਤ ਸਿੰਘ" ਵਿਚ ਮੁੱਖ ਨਾਇਕ ਰਾਣੀ ਰਾਜ ਕੌਰ ਦੀ ਜੋ ਪ੍ਰਭਾਵਸ਼ਾਲੀ ਤਸਵੀਰ ਦਿੱਤੀ ਹੈ ਉਸ ਵਿੱਚ ਰਾਣੀ ਜੀ ਨੂੰ ਦਸਤਾਰ ਸਸ਼ੋਭਤ ਅਤੇ ਖੰਡਾ ਚੱਕਰ ਗੁਰਸਿੱਖੀ ਦਾ ਨਿਸ਼ਾਨ ਧਾਰਨੀ ਲਗਾਇਆ ਗਿਆ ਹੈ।

1914–1918 ਦੀ ਪਹਿਲੀ ਸੰਸਾਰ ਜੰਗ ਤੋਂ ਪਹਿਲਾਂ ਵੀ ਅੰਮ੍ਰਿਤਧਾਰੀ ਬੀਬੀਆਂ ਕੇਸਕੀ ਦੀ ਰਹਿਤ ਨੂੰ ਪਾਬੰਦੀ ਨਾਲ ਨਿਭਾਉਂਦੀਆਂ ਸਨ।

ਫਿਰੋਜਪੁਰ, ਕੈਰੋਂ (ਅੰਮਿਤ੍ਰਸਰ) ਜਸਪਾਲੋ ਤੇ ਸਿਧਵਾਂ (ਲੁਧਿਆਣਾ) ਦੇ ਸਿੱਖ ਸਕੂਲਾਂ ਤੇ ਕਾਲਜਾਂ ਵਿਚ ਪੜ੍ਹਨ ਵਾਲੀ ਹਰ ਕੁੜੀ ਨੂੰ ਸਿਰ ਤੇ ਦਸਤਾਰ ਪਹਿਨਣੀ ਪੈਂਦੀ ਸੀ। ਦਸਤਾਰ ਸਜਾਈ ਬਿਨਾ ਉਹ ਉਨ੍ਹਾਂ ਸਕੂਲਾਂ ਕਾਲਜਾਂ ਵਿਚ ਪੜ੍ਹ ਨਹੀਂ ਸਕਦੀਆਂ ਸਨ। ਦੇਸ਼ ਦੀ ਵੰਡ ਤੋਂ ਪਹਿਲਾਂ ਚੀਫ ਖਾਲਸਾ ਦੀਵਾਨ ਦੀ ਹਰ ਸਾਲ ਸਿਖਾਂ ਦੀ ਇਕ ਤਲੀਮੀ (ਵਿਦਿਅਕ) ਕਾਨਫਰੰਸ ਹੁੰਦੀ ਸੀ। ਉਸ ਕਾਨਫਰੰਸ ਵਿਚ ਲੁਧਿਆਣੇ ਜਿਲੇ ਦੇ ਦੋ ਪਿੰਡਾਂ ਜ਼ਸਪਾਲੋ ਤੇ ਸਿਧਵਾਂ, ਫਿਰੋਜਪੁਰ ਤੇ ਕੈਰੋਂ (ਅੰਮਿਤ੍ਰਸਰ) ਦੋਹਾਂ ਥਾਵਾਂ ਤੋਂ ਸਕੂਲਾਂ ਕਾਲਜਾਂ ਦੀਆਂ ਕੁੜੀਆਂ ਦੇ ਸਿਰਾਂ ਤੇ ਦਸਤਾਰ ਹੁੰਦੀ ਸੀ।

ਅਕਾਲੀ ਲਹਿਰ ਦੇ ਮੋਰਚਿਆਂ ਵਿਚ ਜਿਹੜੀਆਂ ਬੀਬੀਆਂ ਹਿੱਸਾ ਲੈ ਕੇ ਕੈਦ ਹੋ ਕੇ ਆਉਂਦੀਆਂ, ਉਨ੍ਹਾਂ ਵਿਚੋਂ ਅਨੇਕਾਂ ਸਿਰਾਂ ਤੇ ਦਸਤਾਰ ਪਹਿਨਦੀਆਂ ਸਨ।

ਪ੍ਰਸਿੱਧ ਸਿੱਖ ਵਿਦਵਾਨ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾਂ ਨਿਵਾਸੀ ਦੇ ਆਪਣੇ ਪਰਿਵਾਰ ਵਿਚ ਹਰ ਮਰਦ ਤੇ ਇਸਤਰੀ ਕੇਸਕੀ ਸਜਾਉਣ ਵਾਲੇ ਹੁੰਦੇ ਸਨ।

ਭਾਈ ਸਾਹਿਬ ਤੇਜਾ ਸਿੰਘ ਜੀ ਮਸਤੂਆਣੇ ਵਾਲਿਆਂ ਦੇ ਜਥੇ ਦੀਆਂ ਬੀਬੀਆਂ ਵੀ ਸਿਰ ਤੇ ਕੇਸਕੀ ਸਜਾਉਂਦੀਆਂ ਤੇ ਉਹ ਧਾਰਮਿਕ ਦੀਵਾਨਾਂ ਵਿਚ ਕੀਰਤਨ ਕਰਦੀਆਂ ਰਹਿੰਦੀਆਂ ਸ਼ਨ।

ਮਾਲਵੇ ਦੇ ਕਸਬੇ ਭਸੌੜ ਵਿਚ "ਪੰਚ ਖਾਲਸਾ ਦੀਵਾਨ" ਇੱਕ ਸਿੱਖ ਜਥੇਬੰਦੀ ਖੜ੍ਹੀ ਹੋਈ ਸੀ ਉਸ ਜਥੇਬੰਦੀ ਦੀਆਂ ਬੀਬੀਆਂ ਨੂੰ ਸਿਰ ਤੇ ਕੇਸਕੀ ਬੰਨ੍ਹਣੀ ਪੈਂਦੀ ਸੀ। ਅਕਾਲੀ ਲਹਿਰ ਤੋਂ ਪਹਿਲਾਂ ਪੰਜਾਬ ਵਿਚ ਸਿੱਖਾਂ ਦੀ ਇਕ ਸਿਰਕੱਢ ਜਥੇਬੰਦੀ "ਸੈਂਟਰਲ ਮਾਝਾ ਦੀਵਾਨ" ਸੀ। ਉਸ ਜਥੇਬੰਦੀ ਨੇ ਆਪਣੇ ਪ੍ਰਚਾਰ ਨਾਲ ਪੰਜਾਬ ਵਿਚ ਕੇਸਕੀ ਦੀ ਇੰਨੀ ਮਹੱਤਤਾ ਲੋਕਾਂ ਦੇ ਮਨਾ ਵਿਚ ਵਸਾ ਦਿਤੀ ਕਿ ਅਨੇਕਾਂ ਸਿੱਖ ਬੀਬੀਆਂ ਸਿਰਾਂ ਤੇ

ਕੇਸਕੀ ਸਜਾਉਣ ਲੱਗ ਪਈਆਂ ਸਨ ਤੇ ਉਨ੍ਹਾਂ ਨੇ ਦੁਪੱਟੇ ਵਾਧੂ ਚੀਜ ਸਮਝ ਕੇ ਤਿਆਗ ਦਿਤੇ ਸਨ।

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਜਥੇ ਨਾਲ ਸਬੰਧਿਤ ਅਖੰਡ ਕੀਰਤਨੀ ਜਥੇ ਦੀਆਂ ਬੀਬੀਆਂ ਹੁਣ ਵੀ ਕੇਸਕੀ ਦੀ ਰਹਿਤ ਨੂੰ ਪ੍ਰਪੱਕਤਾ ਨਾਲ ਨਿਭਾ ਰਹੀਆਂ ਹਨ ਤੇ ਇਸ ਰਹਿਤ ਦਾ ਨਿਰਾਲਾ ਸਤੋਗੁਣੀ ਪ੍ਰਭਾਵ ਪਾ ਕੇ ਗੁਰਮਤਿ ਦੀ ਵਿਸ਼ੇਸ਼ਤਾ ਤੇ ਖਾਲਸਾਈ ਵਿਲੱਖਣਤਾ ਨੂੰ ਸਪਸ਼ਟ ਤੌਰ ਤੇ ਪ੍ਰਗਟਾਉਂਦੀਆਂ ਹਨ। ਇਸ ਜਥੇ ਦੀਆਂ ਬੀਬੀਆਂ ਹੀ ਕੇਸਕੀ ਨੂੰ ਪੰਜਵੀਂ ਰਹਿਤ ਜਾਣ ਕੇ ਇਸ ਦੀ ਪਾਬੰਦੀ ਨੂੰ ਦ੍ਰਿੜ ਕਰਵਾ ਕੇ ਦਸਮੇਸ਼ ਪਿਤਾ ਜੀ ਦੇ ਬਖਸ਼ੇ ਨਿਰਾਲਾਪਨ ਨੂੰ ਸੁਰਜੀਤ ਰੱਖਣ ਦੀ ਕੋਸ਼ਿਸ ਕਰ ਰਹੀਆਂ ਹਨ।

*****

# ਸੰਤ ਬਾਬਾ ਨਿਧਾਨ ਸਿੰਘ ਜੀ

ਸੰਤ ਬਾਬਾ ਨਿਧਾਨ ਸਿੰਘ ਜੀ ਦਾ ਜਨਮ ਪਿੰਡ ਨਢੋਲਾ ਜਿਲ੍ਹਾ ਹੁਸ਼ਿਆਰਪੁਰ ਵਿਚ 1882 ਨੂੰ ਹੋਇਆ। ਇਨ੍ਹਾਂ ਨੂੰ ਬਚਪਨ ਵਿਚ ਹੀ ਸੇਵਾ ਤੇ ਸਿਮਰਨ ਦਾ ਬਹੁਤ ਸ਼ੌਕ ਸੀ। ਪੜ੍ਹਾਈ ਪੂਰੀ ਕਰਨ ਤੋਂ ਬਾਅਦ ਬਾਬਾ ਜੀ ਮਿਲਟਰੀ ਵਿਚ ਭਰਤੀ ਹੋ ਗਏ। ਪ੍ਰੀਤਮ ਦੀ ਤਾਂਘ ਦਿਲ ਵਿਚ ਵੱਧਦੀ ਹੀ ਗਈ। ਮਿਲਟਰੀ ਵਿਚ ਸਰਵਿਸ ਕਰਦੇ ਕਰਦੇ ਇਕ ਦਿਨ ਮਨ ਵਿਚ ਇੰਨਾ ਬੈਰਾਗ ਆਇਆ ਕਿ ਜੰਗਲ ਨੂੰ ਤੁਰ ਪਏ, ਇਥੇ ਸ਼ਹੀਦ ਸਿੰਘਾਂ ਦੇ ਦਰਸ਼ਨ ਹੋਏ। ਘੋੜਿਆਂ ਤੇ ਸਵਾਰ ਸਿੰਘ ਸੁਖਮਨੀ ਸਾਹਿਬ ਦਾ ਪਾਠ ਕਰਦੇ ਸਚਖੰਡ ਹਜੂਰ ਸਾਹਿਬ ਵਲ ਜਾ ਰਹੇ ਸਨ। ਸ੍ਰੀ ਸੁਖਮਨੀ ਸਾਹਿਬ ਦੀ ਮਿਠੀ ਬਾਣੀ ਆਪ ਜੀ ਦੇ ਕੰਨ੍ਹਾਂ ਵਿਚ ਪਈ ਤਾਂ ਮਨ ਉਨ੍ਹਾਂ ਵੱਲ ਖਿਚਿਆ ਗਿਆ, ਬਾਣੀ ਦੀ ਖਿੱਚ ਨਾਲ ਬਾਬਾ ਜੀ ਉਨ੍ਹਾਂ ਦੇ ਮਗਰ ਮਗਰ ਚਲਦੇ ਗਏ ਅਤੇ ਹਜ਼ੂਰ ਸਾਹਿਬ ਪਹੁੰਚ ਗਏ। ਉਥੇ ਪਹੁੰਚ ਕੇ ਦਿਨ ਰਾਤ ਸੇਵਾ ਵਿਚ ਮਗਨ ਰਹੇ ਅਤੇ ਆਪਣੀ ਨੌਕਰੀ ਦੀ ਕੋਈ ਚਿੰਤਾ ਨਹੀਂ ਕੀਤੀ। ਸੇਵਾ ਦੇ ਨਾਲ ਨਾਲ ਨਾਮ ਵੀ ਜਪਦੇ ਰਹੇ, ਜਿਸ ਕਰਕੇ ਸੰਗਤ ਵਿਚ ਬਹੁਤ ਵਡਿਆਈ ਹੋਣ ਲੱਗੀ। ਕੁਝ ਸੇਵਾਦਾਰ ਈਰਖਾ ਵਿੱਚ ਬਾਬਾ ਜੀ ਦੀ ਸੇਵਾ ਵਿਚ ਵਿਘਨ ਪਾਉਣ ਲੱਗੇ ਅਤੇ ਕਿਹਾ ਤੁਸੀਂ ਇਥੇ ਸੇਵਾ ਨਹੀਂ ਕਰ ਸਕਦੇ। ਬਾਬਾ ਜੀ ਨੇ ਸੋਚਿਆ, ਜੇ ਮੈਂ ਸੇਵਾ ਨਹੀਂ ਕਰ ਸਕਦਾ ਤਾਂ ਇਥੇ ਰਹਿ ਕੇ ਕੀ ਕਰਨਾ ਹੈ ਅਤੇ ਪੰਜਾਬ ਨੂੰ ਵਾਪਸ ਚਾਲੇ ਪਾ ਦਿੱਤੇ। ਬਾਬਾ ਜੀ ਦਾ ਮਨ ਬਹੁਤ ਦੁਖੀ ਸੀ। ਵਾਪਸ ਜਾਂਦਿਆਂ ਜਿਥੇ ਅਜ ਕਲ ਗੁਰਦੁਆਰਾ ਮਨਮਾੜ ਸੁਸ਼ੋਭਤ ਹੈ ਇਸ ਜਗ੍ਹਾ ਬਾਬਾ ਜੀ ਸਮਾਧੀ ਵਿਚ ਬੈਠੇ ਸਨ। ਬਾਬਾ ਜੀ ਨੂੰ ਬਹੁਤ ਬੈਰਾਗ ਆਇਆ ਅਤੇ ਮਹਾਰਾਜ ਸ੍ਰੀ ਗੁਰੂ ਗੋਬਿੰਦ ਸਾਹਿਬ ਜੀ ਨੇ ਪ੍ਰਤੱਖ ਦਰਸ਼ਨ ਦਿਤੇ। ਮਹਾਰਾਜ ਜੀ ਨੇ ਕਿਹਾ,

"ਤੂੰ ਸੇਵਾ ਛੱਡ ਕੇ ਕਿਥੇ ਜਾ ਰਿਹਾ ਹੈ ਅਤੇ ਹੁਕਮ ਦਿਤਾ ਕਿ ਵਾਪਸ ਹਜ਼ੂਰ ਸਾਹਿਬ ਜਾ ਕੇ ਲੰਗਰ ਚਲਾਉਣ ਦੀ ਸੇਵਾ ਸ਼ੁਰੂ ਕਰੋ।"

ਬਾਬਾ ਜੀ ਨੇ ਜੁਆਬ ਦਿਤਾ ਕਿ ਮੇਰੇ ਕੋਲ ਤਾਂ ਕੁਝ ਵੀ ਨਹੀਂ ਕਿਸ ਤਰ੍ਹਾਂ ਸੇਵਾ ਸ਼ੁਰੂ ਕਰਾ। ਮਹਾਰਾਜ ਜੀ ਨੇ ਹੁਕਮ ਕੀਤਾ,

"ਖੀਸਾ ਮੇਰਾ ਤੇ ਹੱਥ ਤੇਰਾ।"

ਬਾਬਾ ਜੀ ਨੇ ਵਾਪਸ ਹਜ਼ੂਰ ਸਾਹਿਬ ਆ ਕੇ ਸੇਵਾ ਸ਼ੁਰੂ ਕਰ ਦਿਤੀ। ਮਹਾਰਾਜ ਜੀ ਦੇ ਬਚਨ ਪੂਰੇ ਹੋਏ। ਅਜ ਤਕ ਲੰਗਰ ਦੀ ਸੇਵਾ ਚਲ ਰਹੀ ਹੈ। ਬਾਬਾ ਜੀ ਤੋਂ ਬਾਅਦ ਸ੍ਰੀਮਾਨ ਸੰਤ ਹਰਨਾਮ ਸਿੰਘ ਜੀ ਤੇ ਸ਼੍ਰੀ ਸੰਤ ਬਾਬਾ ਆਤਮਾ ਸਿੰਘ ਜੀ ਮੋਨੀ ਨੇ ਸੇਵਾ ਨਿਭਾਈ, ਜਿਹੜੀ ਕਿ ਹੁਣ ਬਾਬਾ ਸੀਸਾ ਸਿੰਘ ਜੀ ਨਿਭਾ ਰਹੇ ਹਨ।

# ਬਾਬਾ ਸੇਵਾ ਸਿੰਘ ਜੀ

ਜਿਸ ਤਰ੍ਹਾਂ ਦਾਸ ਨੂੰ ਮਹਾਰਾਜ ਜੀ ਨੇ ਸੇਵਾ ਬਖਸ਼ੀ ਏਸੇ ਤਰ੍ਹਾਂ ਸੰਤ ਬਾਬਾ ਸੇਵਾ ਸਿੰਘ ਜੀ ਅਨੰਦਪੁਰ ਸਾਹਿਬ ਵਾਲ਼ਿਆਂ ਨੂੰ ਬਖਸ਼ੀ। ਸੰਨ 1912 ਵਿਚ ਬਾਬਾ ਜੀ ਹੋਲੇ ਮਹੱਲੇ ਤੇ ਅਨੰਦਪੁਰ ਸਾਹਿਬ ਗਏ। ਜਿਥੇ ਬਾਉਲੀ ਸਾਹਿਬ ਹੈ ਉਥੇ ਬਾਬਾ ਜੀ ਖੜ੍ਹੇ ਸਨ ਤਾਂ ਇਕ ਬਿਰਧ ਮਾਤਾ ਮਿਲੀ ਜਿਸ ਦੇ ਹੱਥ ਵਿਚ ਪਤਲੀ ਤੇ ਲੰਮੀ ਸੋਟੀ ਸੀ। ਬਾਬਾ ਜੀ ਨੇ ਪੁਛਿਆ,

"ਮਾਤਾ ਜੀ ਕਿਲ੍ਹੇ ਦੇ ਦਰਸ਼ਨ ਕਰਨ ਆਇਆਂ ਥਾਂ, ਕੀ ਇਹੀ ਹੈ?"

ਮਾਤਾ ਜੀ ਨੇ ਅੱਗੋਂ ਕਿਹਾ ਕਿ

"ਤੂੰ ਖੋਲੇ ਵੇਖਣ ਆਇਆ ਹੈ ?"

ਬਾਬਾ ਜੀ ਨੇ ਉਤਰ ਦਿੱਤਾ,

"ਮਾਤਾ ਜੀ ਇਹ ਖੋਲੇ ਨਹੀਂ ਇਹ ਅਣਖੀਲੇ ਯੋਧਿਆਂ ਦੀ ਪਵਿਤਰ ਯਾਦਗਾਰ ਹੈ"।

ਇੰਨੇ ਵਿਚ ਮਾਈ ਪਤਾ ਨਹੀਂ ਕਿਥੇ ਅਲੋਪ ਹੋ ਗਈ। ਬਾਬਾ ਜੀ ਦੀਆਂ ਅੱਖਾਂ ਭਰ ਆਈਆਂ ਤੇ ਪ੍ਰਣ ਕੀਤਾ ਕਿ ਇਹ ਖੋਲੇ ਨਹੀਂ ਰਹਿਣਗੇ। ਬਾਬਾ ਜੀ ਮੁੜਕੇ ਘਰ ਨਹੀਂ ਆਏ।

ਇਸ ਮਹਾਨ ਕਾਰਜ ਨੂੰ ਅਰੰਭ ਕਰਨ ਤੋਂ ਪਹਿਲਾਂ ਸੰਤ ਘਨਈਆ ਜੀ ਪਠਲਾਵੇ ਵਾਲਿਆਂ ਪਾਸ ਬੇਨਤੀ ਕੀਤੀ ਕਿ ਉਹ ਇਸ ਕਠਨ ਕਾਰਜ ਵਿਚ ਸਾਥ ਦੇਣ। ਸੰਤ ਘਨਈਆ ਜੀ ਗੁਰੂ ਸੇਵਾ ਤੇ ਸਿੱਖੀ ਪ੍ਰਚਾਰ ਲਈ ਹਮੇਸ਼ਾਂ ਤਿਆਰ ਰਹਿੰਦੇ ਸਨ ਪਰ ਉਨ੍ਹਾਂ ਬਾਬਾ ਜੀ ਨੂੰ ਕਿਹਾ "ਅਸੀਂ ਤਾਂ ਸੇਵਾ ਵਿਚ ਥੋੜ੍ਹਾ ਸਮਾਂ ਦੇਵਾਂਗੇ ਸੇਵਾ ਤਾਂ ਤੁਸੀਂ ਕਰਨੀ ਹੈ"।

**ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ ॥**
**ਕਾਰਜੁ ਦੇਇ ਸਵਾਰਿ, ਸਤਿਗੁਰ ਸਚੁ ਸਾਖੀਐ ॥**

*(ਸਿਰੀਰਾਗੁ ਮ: 1 ਪੰ:–91)*

ਦੇ ਮਹਾਂਵਾਕ ਦੇ ਅਨੁਸਾਰ ਪਹਿਲਾਂ ਅਖੰਡਪਾਠ ਅਰੰਭ ਕੀਤਾ ਗਿਆ, ਪਰ ਉਥੇ ਨਾ ਪੀਣ ਵਾਲੇ ਪਾਣੀ ਦਾ ਪ੍ਰਬੰਧ ਸੀ ਤੇ ਨਾ ਰਾਸ਼ਨ ਦਾ। ਪਾਠੀਆਂ ਲਈ ਰਾਸ਼ਨ ਮੁਲ ਲਿਆਂਦਾ। ਕੜਾਹ ਪ੍ਰਸ਼ਾਦਿ ਦੀ ਦੇਗ ਤੇ ਲੰਗਰ ਵਾਸਤੇ ਜਲ ਸ਼ਹੀਦੀ ਬਾਗ ਤੋਂ ਲਿਆਦਾ ਗਿਆ। ਬਾਉਲੀ ਦਾ ਜਲ ਕੌੜਾ ਸੀ ਤੇ ਕਿਰਮ ਚਲਦੇ ਸਨ। ਇਨ੍ਹਾਂ ਔਕੜਾਂ ਤੇ ਕਠਨਾਈਆਂ ਤੋਂ ਬਚਣ ਲਈ ਸੰਤ ਘਨਈਆ ਜੀ ਨੇ ਕੜਾਹ ਪ੍ਰਸ਼ਾਦਿ ਦੀ ਦੇਗ ਤਿਆਰ ਕਰਕੇ ਬਾਉਲੀ ਸਾਹਿਬ ਦੇ ਜਲ ਵਿਚ ਖੜ੍ਹੇ ਹੋ ਕੇ ਸ੍ਰੀ ਦਸਮੇਸ਼ ਪਿਤਾ ਜੀ ਦੇ ਚਰਨਾਂ ਵਿਚ ਅਰਦਾਸ ਕੀਤੀ ਤਾਂ ਜਲ ਮਿਠਾ ਤੇ ਪਵਿਤਰ ਹੋ ਗਿਆ ਅਤੇ ਗੁਰੂ ਦੀਆਂ ਖੁਸ਼ੀਆ ਲੈ ਕੇ ਉਸਾਰੀ ਦਾ ਕੰਮ ਸ਼ੁਰੂ ਹੋ ਗਿਆ। ਸਰਕੰਡੇ ਦਾ ਛੱਪਰ ਬਣਾ ਕੇ ਉਸ ਵਿਚ ਗੁਰੂ ਕਾ ਲੰਗਰ ਸ਼ੁਰੂ ਕੀਤਾ ਗਿਆ। ਬਾਬਾ ਜੀ ਨੇ ਸੰਗਤ ਨੂੰ ਕਿਹਾ,

ਆਪਣੇ ਪੀਸਣ ਵਾਲੇ ਦਾਣਿਆਂ ਵਿਚੋਂ ਇਕ ਮੁੱਠੀ ਲੰਗਰ ਵਾਸਤੇ ਰੋਜ਼ਾਨਾ ਰੱਖਣ। ਉਨ੍ਹਾਂ ਨੂੰ ਇਸ ਤਰ੍ਹਾਂ ਪੀਸਣ ਲਈ ਕਿਹਾ ਜਿਵੇਂ ਵਿਆਹ ਦਾ ਆਟਾ ਪੀਸਦਾ ਹੈ। ਬਾਕੀ ਲੰਗਰ ਦੀ ਉਗਰਾਹੀ ਕਰਕੇ ਸੰਗਤਾਂ ਲਈ ਗੁਰੂ ਕਾ ਲੰਗਰ ਸ਼ੁਰੂ ਕੀਤਾ, ਜਿਥੇ ਦਸਮੇਸ਼ ਪਿਤਾ ਜੀ ਸਮੇਂ ਅਤੁੱਟ ਭੰਡਾਰੇ ਵਰਤਦੇ ਸਨ। ਬਾਬਾ ਜੀ ਦੀ ਇਹ ਭਾਵਨਾ ਸੀ ਕਿ ਉਨ੍ਹਾਂ ਦੀ ਜ਼ਿੰਦਗੀ ਤੋਂ ਉਪਰੰਤ ਵੀ ਇਹ ਲੰਗਰ ਸਦਾ ਅਟੱਲ ਚਲਦਾ ਰਹੇ, ਜਿਹੜਾ ਕਿ ਸੰਗਤਾਂ ਦੇ ਉਪਰਾਲੇ ਨਾਲ ਅਜ ਵੀ ਚਲ ਰਿਹਾ ਹੈ। ਇਹ ਗੱਲ ਖਾਸ ਵਰਨਣਯੋਗ ਹੈ ਕਿ ਬਾਬਾ ਜੀ ਦੇ ਚਲਾਏ ਗੁਰੂ ਕੇ ਲੰਗਰ ਵਿਚ ਸਦਾ ਦੇਸੀ ਘਿਉ ਵਰਤਦਾ ਹੈ। ਹੋਲੇ ਮਹੱਲੇ ਵੇਲੇ ਜਦੋਂ ਲੱਖਾਂ ਦੀ ਗਿਣਤੀ ਵਿਚ ਸੰਗਤਾਂ ਇਕੱਤਰ ਹੁੰਦੀਆਂ ਹਨ ਤਾਂ ਹੋਲੇ ਵਾਲੇ ਦਿਨ ਜ਼ਰਦਾ ਅਤੇ ਮਹੱਲੇ ਵਾਲੇ ਦਿਨ ਦੇਸੀ ਘਿਉ ਦੀਆਂ ਕੜ੍ਹਾਹ ਪ੍ਰਸ਼ਾਦ ਦੀਆਂ ਦੇਗਾਂ ਤਿਆਰ ਹੋ ਕੇ ਵਰਤਦੀਆਂ ਹਨ।

ਉਨ੍ਹਾਂ ਸਮਿਆਂ ਵਿਚ ਆਵਾਜਾਈ ਦਾ ਸਾਧਨ ਨਹੀਂ ਸੀ, ਨਾ ਰੇਲ ਗੱਡੀ, ਨਾ ਬੱਸਾਂ, ਪਹਿਲਾਂ ਬਾਬਾ ਜੀ ਕਿਰਾਏ ਦੇ ਊਠਾਂ ਤੇ ਫੇਰ ਸੇਵਾ ਲਈ ਊਠ ਖਰੀਦ ਕੇ ਬੋੜੀਆਂ ਰਾਹੀ ਰਾਸ਼ਨ ਸ੍ਰੀ ਅਨੰਦਪੁਰ ਸਾਹਿਬ ਪਹੁੰਚਾਇਆ ਕਰਦੇ ਸਨ। ਅਨੇਕਾਂ ਸੰਕਟਾਂ ਵੇਲੇ ਵੀ ਲੰਗਰ ਅਤੁਟ ਚਲਦਾ ਰਿਹਾ। ਬਾਬਾ ਜੀ ਨੇ ਸਭ ਤੋਂ ਪਹਿਲਾਂ ਕਿਲ੍ਹਾ ਅਨੰਦਗੜ੍ਹ ਦੀ ਦਰਸ਼ਨੀ ਡਿਉਢੀ ਦੀ ਸੇਵਾ ਅਰੰਭ ਕੀਤੀ। ਇੱਟਾਂ ਲਈ ਆਪਣਾ ਭੱਠਾ ਲਾਉਣ ਦਾ ਪ੍ਰਬੰਧ ਕਰਨਾ ਸੀ। ਜਿਸ ਵਾਸਤੇ ਸਰਕਾਰੀ ਮਨਜ਼ੂਰੀ ਲੈਣੀ ਪੈਂਦੀ ਸੀ। ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਜੋ ਇਸਲਾਮੀ ਧਰਮ ਨਾਲ ਸਬੰਧ ਰਖਦਾ ਸੀ ਉਹ ਬਾਬਾ ਜੀ ਦੀ ਨਿਸ਼ਕਾਮ ਸੇਵਾ ਤੋਂ ਬਹੁਤ ਪ੍ਰਭਾਵਿਤ ਹੋਏ ਤੇ ਭੱਠੇ ਦੀਆਂ ਇੱਟਾਂ ਬਣਾਉਣ ਦਾ ਖੁੱਲ੍ਹਾ ਲਾਇਸੰਸ ਦੇ ਦਿੱਤਾ, ਹਾਲਾਂ ਕਿ ਇਕ ਭੱਠਾ ਕਨੂੰਨੀ ਤੌਰ ਤੇ ਉਸ ਵੇਲੇ ਅੱਠ ਲੱਖ ਇਟ ਸਲਾਨਾ ਪਕਾ ਸਕਦਾ ਸੀ। ਬਾਬਾ ਜੀ ਦੇ ਜਥੇਦਾਰ ਸ਼ੇਰ ਸਿੰਘ ਪਿੰਡ ਨੌਰਾ, ਜਥੇਦਾਰ ਨਰੰਗ ਸਿੰਘ ਪਿੰਡ ਨੌਰਾ, ਭਾਈ ਨਿਹਾਲ ਸਿੰਘ ਨੇ ਭੱਠੇ ਲਈ ਬਾਲਣ ਆਦਿ ਦੀ ਸੇਵਾ ਵਿਚ ਬਹੁਤ ਕਠਿਨਾਈਆਂ ਝੱਲੀਆਂ।

ਤਖਤ ਕੇਸਗੜ੍ਹ ਸਾਹਿਬ ਦੀ ਦਰਸ਼ਨੀ ਡਿਉਢੀ ਬਣਨ ਵੇਲੇ ਇਕ ਨਵਾਂ ਖੂਹ ਲਗਵਾਇਆ ਤਾਂ ਕਿ ਕਿਤੇ ਪਾਣੀ ਦੀ ਤੰਗੀ ਨਾ ਆ ਜਾਵੇ। ਹੁਣ ਸੰਗਤਾਂ ਨੂੰ ਇਸ਼ਨਾਨ ਕਰਨ ਤੇ ਕਪੜੇ ਧੋਣ ਦਾ ਪੂਰਾ ਸੁਖ ਪ੍ਰਾਪਤ ਹੋਣ ਲੱਗਾ। ਹੁਣ ਬਹੁਤ ਸੁੰਦਰ ਗੁਰਦੁਆਰਾ ਸੁਸ਼ੋਭਤ ਹੈ। ਸੰਗਤਾਂ ਦੂਰ ਦੂਰ ਤੋਂ ਆ ਕੇ ਇਸ ਮਹਾਨ ਸੁੰਦਰ ਗੁਰ-ਅਸਥਾਨ ਦੇ ਦਰਸ਼ਨ ਕਰਦੀਆਂ ਹਨ। ਜਨਾਨੇ ਤੇ ਮਰਦਾਨੇ ਇਸ਼ਨਾਨ ਘਰ ਬਣੇ ਹੋਏ ਹਨ। ਸੰਗਤਾਂ ਵਾਸਤੇ 24 ਘੰਟੇ ਲੰਗਰ ਚਲਦਾ ਹੈ। ਬਾਬਾ ਸੇਵਾ ਸਿੰਘ ਨੇ ਬਾਬਾ ਭਾਗ ਸਿੰਘ ਤੇ ਲਾਭ ਸਿੰਘ ਨੂੰ ਸੇਵਾ ਸੌਂਪੀ।

ਬਾਬਾ ਲਾਭ ਸਿੰਘ ਜੀ ਨੂੰ ਛੋਟੀ ਅਵਸਥਾ ਵਿਚ ਹੀ ਗੁਰੂ ਘਰ ਦੀ ਸੇਵਾ ਦੀ ਬੜੀ ਲਗਨ ਰਹੀ ਹੈ। ਆਪ ਨਿਤ ਹੀ ਸ੍ਰੀ ਦਰਬਾਰ ਸਾਹਿਬ ਪੁੱਜ ਕੇ ਜੋੜਿਆਂ ਦੀ ਸੇਵਾ ਕਰਦੇ ਸਨ ਅਤੇ ਆਏ ਗਏ ਯਾਤਰੂਆਂ ਨਾਲ ਬੜੇ ਪ੍ਰੇਮਭਾਵ ਤੇ ਸ਼ਰਧਾ ਨਾਲ ਪੇਸ਼

ਆਉਂਦੇ ਤੇ ਯਾਤਰੂ ਇਨ੍ਹਾਂ ਦੀ ਅਤੁਟ ਸੇਵਾ ਦੇਖ ਕੇ ਅਤਿ ਪ੍ਰਸੰਨ ਹੁੰਦੇ ਸਨ। ਇਨ੍ਹਾਂ ਦੀ ਸੇਵਾ ਤੇ ਲਗਨ ਦੇਖ ਕੇ 1966 ਵਿਚ ਇਕ ਦਿਨ ਭਾਈ ਕਰਮ ਸਿੰਘ ਜੀ ਹਲਦੀ ਵਾਲੇ ਜੋ ਸੰਤਾਂ ਜੀ ਦੇ ਨਿਕਟਵਰਤੀ ਤੇ ਤਨੋ, ਮਨੋ, ਧਨੋ ਸੇਵਾ ਕਰ ਰਹੇ ਸਨ ਨੂੰ ਸੰਤ ਸੇਵਾ ਸਿੰਘ ਜੀ ਨੇ ਕਿਹਾ ਕਿ ਸ੍ਰੀ ਅਨੰਦਪੁਰ ਸਾਹਿਬ ਦੇ ਗੁਰਦੁਆਰਿਆਂ ਦੀ ਸੇਵਾ ਇਨ੍ਹਾਂ ਦੇ ਸਪੁਰਦ ਕਰੀਏ। ਭਾਈ ਕਰਮ ਸਿੰਘ ਜੀ ਦੀ ਪ੍ਰੇਰਨਾ ਤੇ ਸੰਤਾਂ ਦੀ ਦਿਬ ਦ੍ਰਿਸ਼ਟੀ ਨਾਲ ਆਪ ਨੇ ਹੁਕਮ ਮੰਨ ਕੇ ਸ੍ਰੀ ਅਨੰਦਪੁਰ ਸਾਹਿਬ ਜੀ ਦੀ ਸੇਵਾ ਸੰਭਾਲ ਲਈ। ਦਫਤਰ ਦਾ ਸਾਰਾ ਕੰਮ ਸੰਭਾਲ ਲਿਆ ਤੇ ਉਤੇ ਹੀ ਸਾਰੇ ਗੁਰਦੁਆਰਿਆ ਦੀ ਦੇਖ ਭਾਲ ਤੇ ਸੰਗਤਾਂ ਲਈ ਗੁਰੂ ਕੇ ਲੰਗਰ ਤੇ ਉਨ੍ਹਾਂ ਦੀ ਰਿਹਾਇਸ਼ ਦਾ ਪੂਰਾ ਪ੍ਰਬੰਧ ਕਰਨ ਵਿਚ ਜੁਟ ਗਏ।

## ਭਗਤ ਪੂਰਨ ਸਿੰਘ

ਭਗਤ ਪੂਰਨ ਸਿੰਘ ਜੀ ਦਾ ਜਨਮ ਖੱਤਰੀ ਪਰਿਵਾਰ ਵਿਚ 1904 ਈ: ਨੂੰ ਪਿੰਡ ਰਾਜੇਵਾਲ ਰੋਹਣੋ ਵਿਖੇ ਹੋਇਆ। ਇਹਨਾਂ ਦੀ ਮਾਤਾ ਸਿਖ ਘਰਾਣੇ ਵਿਚੋਂ ਸੀ। ਬਚਪਨ ਵਿਚ ਹੀ ਚੰਗੀ ਸਿਖਿਆ ਮਿਲੀ ਕਿ ਪ੍ਰਉਪਕਾਰ ਕਰਨਾ ਵੀ ਇਕ ਚੰਗੀ ਭਗਤੀ ਹੈ। ਇਨ੍ਹਾਂ ਨੂੰ ਆਪਣੀ ਮਾਤਾ ਜੀ ਪਾਸੋਂ ਹੀ ਗੁਰਸਿਖੀ ਦੀ ਲਗਨ ਲੱਗੀ। ਦਸਵੀਂ ਪੜ੍ਹ ਕੇ ਕੋਈ ਨੌਕਰੀ ਨਹੀਂ ਕੀਤੀ। ਇਕ ਦਿਨ ਡੇਹਰਾ ਸਾਹਿਬ ਗੁਰਦੁਆਰੇ ਦੇ ਸਾਹਮਣੇ ਤੋਂ ਲੰਘ ਰਹੇ ਸਨ ਕਿ ਉਥੇ ਕਿਸੇ ਬੱਚੇ ਦੇ ਰੋਣ ਦੀ ਅਵਾਜ ਆਈ। ਕੋਈ ਆਪਣਾ ਬੱਚਾ ਛੱਡ ਗਿਆ ਸੀ ਆਪ ਨੂੰ ਬਹੁਤ ਤਰਸ ਆਇਆ ਅਤੇ ਗੁਰਦੁਆਰੇ ਜਾ ਕੇ ਦੁਧ ਲੈ ਕੇ ਬੱਚੇ ਨੂੰ ਪਿਲਾਇਆ। ਕਾਫੀ ਦੇਰ ਡੇਹਰਾ ਸਾਹਿਬ ਰਹਿ ਕੇ ਬੱਚੇ ਦੀ ਸੇਵਾ ਕਰਦੇ ਰਹੇ।

1947 ਨੂੰ ਅਜਾਦੀ ਤੋਂ ਬਾਅਦ ਜਦੋਂ ਪਾਕਿਸਤਾਨ ਬਣਿਆ ਤਾਂ ਬੱਚੇ ਨੂੰ ਪਿਠ ਤੇ ਚੁਕ ਕੇ ਅੰਮ੍ਰਿਤਸਰ ਲਿਆਂਦਾ ਅਤੇ ਇਥੇ ਹੀ ਰਹਿਣ ਲਗ ਪਏ। ਹੌਲੀ-ਹੌਲੀ ਰੋਗੀ ਤੇ ਅਪਾਹਜ ਬੱਚਿਆਂ ਦੀ ਗਿਣਤੀ ਵਧਦੀ ਗਈ। ਇਨ੍ਹਾਂ ਦਾ ਚਾਅ ਤੇ ਪ੍ਰਉਪਕਾਰ ਦੇਖ ਕੇ ਹੋਰ ਸੰਗਤ ਨੂੰ ਵੀ ਚਾਅ ਪੈਦਾ ਹੋਇਆ ਕਿ ਅਸੀਂ ਵੀ ਕੁਝ ਸੇਵਾ ਕਰੀਏ। ਪਹਿਲਾਂ ਪਹਿਲ ਇਨ੍ਹਾਂ ਵਾਸਤੇ ਲੰਗਰ ਗੁਰੂ ਰਾਮਦਾਸ ਸਰਾਂ ਤੋਂ ਆ ਜਾਂਦਾ ਸੀ। ਜਦੋਂ ਰੋਗੀ ਤੇ ਅਪਾਹਜ ਜਿਆਦਾ ਹੋ ਗਏ ਤਾਂ ਇੰਨ੍ਹਾਂ ਦੀ ਦੇਖਭਾਲ ਵਾਸਤੇ ਥਾਂ-ਥਾਂ ਡੱਬੇ (ਗੋਲਕਾਂ) ਲਗਾਏ ਗਏ ਅਤੇ ਬਹੁਤ ਲੋਕੀ ਦਾਨ ਦੇਣ ਲਗ ਪਏ। ਇਸ ਤਰ੍ਹਾਂ ਪਿੰਗਲਵਾੜੇ ਦੀ ਨੀਂਹ ਰੱਖੀ ਗਈ। ਇਹ ਸੇਵਾ ਬਹੁਤ ਕਠਿਨ ਹੈ, ਕੋਈ ਵਿਰਲਾ ਹੀ ਕਰ ਸਕਦਾ ਹੈ। ਭਗਤ ਪੂਰਨ ਸਿੰਘ ਜੀ ਨੇ ਇਹ ਸੇਵਾ ਅੰਤ ਤਕ ਨਿਭਾਈ। ਇਨ੍ਹਾਂ ਦੇ ਉਦਮਾਂ ਨਾਲ ਹੋਰ ਕਈ ਸਜਣਾਂ ਨੂੰ ਸੇਵਾ ਕਰਨ ਦਾ ਸ਼ੌਂਕ ਪੈਦਾ ਹੋਇਆ।

## ਬੀਬੀ ਬਲਵੰਤ ਕੌਰ

ਬੀਬੀ ਬਲਵੰਤ ਕੌਰ ਪਹਿਲਾਂ ਅਫਰੀਕਾ ਵਿਚ ਰਹਿੰਦੇ ਸਨ। ਇਸ ਬੀਬੀ ਦਾ ਪਤੀ ਜਵਾਨ ਅਵਸਥਾ ਵਿਚ ਚਲਾਣਾ ਕਰ ਗਿਆ ਸੀ। ਬੀਬੀ ਜੀ ਦੇ ਛੋਟੇ-ਛੋਟੇ ਬੱਚੇ ਸਨ ਇਸ ਨੂੰ ਆਪਣੇ ਪਤੀ ਦੇ ਗੁਜਰ ਜਾਣ ਦਾ ਬਹੁਤ ਦੁਖ ਹੋਇਆ। ਬੀਬੀ ਜੀ ਦਾ ਪੂਰਬਲਾ ਕਰਮ ਜਾਗਿਆ ਤਾਂ ਪਤੀ ਪ੍ਰਮੇਸ਼ਵਰ ਦੀ ਲਗਨ ਲਗ ਗਈ। ਅੰਮ੍ਰਿਤ ਪਾਨ ਕਰਕੇ ਸਿਮਰਨ ਵਿਚ ਜੁੜ ਗਈ। ਇਸ ਤਰ੍ਹਾਂ ਸੇਵਾ ਸਿਮਰਨ ਕਰਦੇ ਕਈ ਸਾਲ ਲੰਘ ਗਏ। ਬੀਬੀ ਜੀ ਨੇ ਅਫਰੀਕਾ ਤੋਂ ਇੰਗਲੈਂਡ ਆ ਕੇ ਘਰ-ਘਰ ਕੀਰਤਨ ਕਰਨ ਦੀ ਸੇਵਾ ਸ਼ੁਰੂ ਕਰ ਦਿੱਤੀ। ਇਸ ਤਰ੍ਹਾਂ ਸੇਵਾ ਕਰਦਿਆਂ ਸਮਾਂ ਬੀਤਦਾ ਗਿਆ। ਸੰਗਤਾਂ ਦੀ ਸਹਾਇਤਾ ਨਾਲ ਬੀਬੀ ਜੀ ਨੇ ਬੇਬੇ ਨਾਨਕੀ ਦੇ ਨਾਂ ਤੇ ਗੁਰੂ ਘਰ ਬਣਾਇਆ। ਜਿਥੇ ਬੇਅੰਤ ਸੰਗਤਾਂ ਜੁੜਦੀਆਂ ਹਨ ਤੇ ਕੀਰਤਨ ਦਾ ਅਨੰਦ ਮਾਣਦੀਆਂ ਹਨ।

ਇਕ ਦਿਨ ਬੀਬੀ ਜੀ ਨੇ ਸੁਪਨੇ ਵਿਚ ਕੌਤਕ ਦੇਖਿਆ, ਕਿਸੇ ਅਗੰਮੀ ਸ਼ਕਤੀ ਨੇ ਬੀਬੀ ਜੀ ਨੂੰ ਕਿਹਾ, ਸੁਲਤਾਨਪੁਰ ਜਾ ਕੇ ਇਸ ਜਗ੍ਹਾ ਤੇ ਬੇਬੇ ਨਾਨਕੀ ਜੀ ਦਾ ਅਸਥਾਨ ਕਾਇਮ ਕਰੋ। ਬੀਬੀ ਜੀ ਨੇ ਜਲਦੀ ਹੀ ਇੰਡੀਆ ਜਾਣ ਦਾ ਪ੍ਰੋਗਰਾਮ ਬਣਾਇਆ। ਸੁਲਤਾਨਪੁਰ ਜਾ ਕੇ ਜਿਹੜੀ ਜਗ੍ਹਾ ਸੁਪਨੇ ਵਿਚ ਦੇਖੀ ਸੀ ਉਹ ਲੱਭੀ ਤੇ ਜ਼ਮੀਨ ਦੇ ਮਾਲਕ ਨਾਲ ਗੱਲਬਾਤ ਕੀਤੀ। ਜਦੋਂ ਉਸ ਨੂੰ ਪਤਾ ਲੱਗਾ ਕਿ ਇਥੇ ਬੇਬੇ ਨਾਨਕੀ ਜੀ ਦਾ ਗੁਰਦੁਆਰਾ ਬਣਨਾ ਹੈ ਤਾਂ ਬਹੁਤ ਖ਼ੁਸ਼ ਹੋਇਆ ਤੇ ਕਹਿਣ ਲੱਗਾ ਕਿ ਆਪਣੇ ਪਰਿਵਾਰ ਨਾਲ ਗੱਲਬਾਤ ਕਰਕੇ ਦੱਸਾਂਗਾ।

ਮੈਂ ਜਿੰਨੀ ਵੀ ਸੇਵਾ ਹੋ ਸਕੇ ਕਰਾਂਗਾ। ਮੇਰੇ ਧੰਨਭਾਗ ਹਨ ਇਥੇ ਕਥਾ ਕੀਰਤਨ ਹੋਵੇਗਾ ਸੰਗਤਾਂ ਜੁੜਨਗੀਆਂ। ਉਸ ਨੇ ਬੀਬੀ ਜੀ ਦੇ ਚਰਨ ਫੜ ਲਏ। ਘਰ ਵਾਲਿਆਂ ਨਾਲ ਗੱਲਬਾਤ ਕਰਕੇ ਜ਼ਮੀਨ ਗੁਰੂ ਘਰ ਬਣਾਉਣ ਵਾਸਤੇ ਦੇ ਦਿੱਤੀ। ਬੀਬੀ ਜੀ ਨੇ ਸੋਚਿਆ ਕਿ ਇਹ ਇੰਨਾ ਵੱਡਾ ਕਾਰਜ ਹੈ ਮੈਂ ਕਿਸ ਤਰਾਂ ਕਰਾਂਗੀ। ਬੀਬੀ ਜੀ ਨੂੰ ਫਿਰ ਉਸੇ ਰਾਤ ਅਗੰਮੀ ਸ਼ਕਤੀ ਨੇ ਹੌਸਲਾ ਦਿਤਾ ਕਿ ਤੇਰੇ ਉਪਰ ਸਤਿਗੁਰੂ ਦਾ ਹੱਥ ਹੋਵੇਗਾ। ਵਾਹਿਗੁਰੂ ਦਾ ਕਾਰਜ ਹੈ, ਉਸ ਨੇ ਤੇਰੇ ਵਿਚ ਵਰਤ ਕੇ ਸੇਵਾ ਲੈਣੀ ਹੈ। ਬੀਬੀ ਜੀ ਵਾਪਸ ਇੰਗਲੈਂਡ ਆ ਗਏ ਤੇ ਕੀਰਤਨ ਦਾ ਪ੍ਰਵਾਹ ਚਲਾ ਦਿੱਤਾ ਤੇ ਦੱਸਣਾ ਸ਼ੁਰੂ ਕਰ ਦਿਤਾ ਕਿ ਬੇਬੇ ਨਾਨਕੀ ਜੀ ਦਾ ਗੁਰਦੁਆਰਾ ਬਣਨਾ ਹੈ। ਸੰਗਤਾਂ ਨੇ ਬੇਅੰਤ ਮਾਇਆ ਭੇਟ ਕੀਤੀ। ਭਾਈ ਸਾਹਿਬ ਹਰਭਜਨ ਸਿੰਘ ਸੱਗੂ, ਚੰਨੀ ਹੋਰਾਂ ਨੇ ਬੀਬੀ ਜੀ ਦੀ ਬਹੁਤ ਸਹਾਇਤਾ ਕੀਤੀ। ਗੁਰੂ ਜੀ ਨੇ ਕ੍ਰਿਪਾ ਕਰਕੇ ਸਾਰਾ ਕਾਰਜ ਪੂਰਾ ਕਰਵਾਇਆ। ਬੀਬੀ ਜੀ ਤੇ ਹੋਰ ਕ੍ਰਿਪਾ ਕੀਤੀ ਤੇ ਅੱਖਾਂ ਦਾ ਹਸਪਤਾਲ ਗਰੀਬਾਂ ਵਾਸਤੇ ਚਲਾਇਆ। ਬੀਬੀ ਜੀ ਨੇ ਟੈਲੀਵੀਜਨ ਤੇ ਦੇਖਿਆ ਕਿ ਇਥੋਪੀਆ ਦੇ ਵਿਚ ਗਰੀਬੀ ਹੈ। ਭੁਖੇ ਤੇ ਨੰਗੇ ਬੱਚੇ ਦੇਖ ਕੇ ਬੈਰਾਗ ਹੋ ਗਿਆ। ਅੱਖਾਂ ਵਿਚ ਹੰਝੂ ਆ ਗਏ। ਵਾਹਿਗੁਰੂ ਅੱਗੇ ਅਰਦਾਸ ਕੀਤੀ ਕਿ ਮੈਨੂੰ ਉਦਮ ਬਖਸ਼ੋ ਇਨ੍ਹਾਂ ਬੱਚਿਆਂ ਦੀ ਹਾਲਤ ਮੇਰੇ ਕੋਲੋਂ ਦੇਖੀ ਨਹੀਂ ਜਾਂਦੀ। ਬੀਬੀ ਜੀ ਨੇ ਉਥੇ ਜਾ ਕੇ ਖ਼ੂਹ ਲਗਵਾਏ ਤੇ

ਬਚਿਆਂ ਨੂੰ ਕਪੜੇ ਵੰਡੇ । ਅੰਨ ਪਾਣੀ ਵੀ ਪਹੁੰਚਾਇਆ । ਬੀਬੀ ਜੀ ਨੂੰ ਇਸੇ ਤਰ੍ਹਾਂ ਸੇਵਾ ਕਰਦਿਆਂ 50 ਸਾਲ ਹੋ ਗਏ ਹਨ । ਗੋਰਿਆਂ ਨੇ ਵੀ ਬੀਬੀ ਜੀ ਦਾ ਸਤਿਕਾਰ ਕੀਤਾ ਤੇ ਇਨਾਮ ਦਿਤਾ ।

## ਮਕੀਡੂੰ ਗੁਰਦੁਆਰਾ (ਅਫਰੀਕਾ)

ਅਫਰੀਕਾ ਵਿਚ ਆਪਣੇ ਸਿਖ ਭਾਈ ਬਹੁਤ ਗਏ ਹੋਏ ਸਨ । ਕਾਫੀ ਰੇਲਵੇ ਲਾਈਨਾਂ ਬਣਾਉਣ ਦਾ ਕੰਮ ਕਰਦੇ ਸੀ । ਉਸ ਜਗ੍ਹਾ ਦਾ ਨਾਂ ਮਕੀਡੂੰ ਹੈ । ਸਤਿਗੁਰੂ ਦੇ ਸ਼ਰਧਾਲੂਆਂ ਨੇ ਉਥੇ ਇਕ ਗੁਰਦੁਆਰਾ ਬਣਾਇਆ ਤੇ ਨਾਮ ਬਾਣੀ ਦਾ ਪ੍ਰਵਾਹ ਸਵੇਰੇ ਸ਼ਾਮ ਚਲਣ ਲੱਗਾ । ਰੇਲਵੇ ਦਾ ਕੰਮ ਖਤਮ ਹੋ ਗਿਆ ਤੇ ਸਾਰੇ ਸਿੱਖ ਨੈਰੋਬੀ ਵਾਪਸ ਆ ਗਏ । ਜਾਣ ਲੱਗਿਆਂ ਇਕ ਕਾਲੇ ਨੂੰ ਸੇਵਾ ਵਾਸਤੇ ਲਾ ਦਿਤਾ ਅਤੇ ਦੱਸਿਆ ਕਿ ਹਰ ਰੋਜ ਗੁਰੂ ਘਰ ਦੀ ਸਫਾਈ ਕਰਨੀ ਹੈ । ਕਾਲਾ ਬਹੁਤ ਆਲਸੀ ਸੀ ਉਸ ਨੇ ਸਿੱਖਾਂ ਦੇ ਜਾਣ ਬਾਅਦ ਗੁਰੂ ਘਰ ਦੀ ਸਫਾਈ ਵਲ ਕੋਈ ਧਿਆਨ ਨਾ ਦਿੱਤਾ । ਸਾਰਾ ਦਿਨ ਬਸ ਐਵੇਂ ਹੀ ਗਵਾ ਦੇਣਾ । ਇਕ ਦਿਨ ਸੁਫਨੇ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਹੋਏ ਅਤੇ ਮਹਾਰਾਜ ਜੀ ਨੇ ਕਿਹਾ ਕਿ ਤੂੰ ਆਪਣੀ ਡਿਊਟੀ ਪੂਰੀ ਤਰ੍ਹਾਂ ਨਹੀਂ ਕਰਦਾ । ਉਸ ਨੇ ਫਿਰ ਵੀ ਬਹੁਤਾ ਧਿਆਨ ਨਹੀਂ ਦਿਤਾ । ਦੂਸਰੀ ਵਾਰੀ ਮਹਾਰਾਜ ਨੇ ਪ੍ਰਤੱਖ ਦਰਸ਼ਨ ਦਿਤੇ ਤਾਂ ਕਾਲਾ ਡਰ ਗਿਆ । ਉਸ ਨੇ ਸਵੇਰੇ ਉਠਦੇ ਸਾਰ ਹੀ ਸਫਾਈ ਕੀਤੀ ਜਦੋਂ ਸੰਗਤਾਂ ਉਥੇ ਦਰਸ਼ਨ ਕਰਨ ਆਈਆਂ ਤਾਂ ਕਾਲੇ ਨੇ ਸਾਰੀ ਗਲ ਦੱਸੀ ਅਤੇ ਮਹਾਰਾਜ ਜੀ ਦੀ ਫੋਟੋ ਵਲ ਇਸ਼ਾਰਾ ਕਰਕੇ ਕਹਿਣ ਲੱਗਾ ਕਿ ਮੈਨੂੰ ਇਨ੍ਹਾਂ ਨੇ ਦਰਸ਼ਨ ਦਿੱਤੇ ਹਨ ।

ਕਾਲੇ ਦੀ ਗਲ ਸੁਣਕੇ ਸੰਗਤਾਂ ਨੇ ਸੋਚਿਆ ਬਾਬਾ ਪੂਰਨ ਸਿੰਘ ਜੀ ਪਾਸ ਕਰੀਚੋ ਚਲਦੇ ਹਾਂ, ਉਨ੍ਹਾਂ ਨੂੰ ਜਰੂਰ ਗਿਆਨ ਹੋਵੇਗਾ । ਉਨ੍ਹਾਂ ਨੇ ਬਾਬਾ ਜੀ ਨੂੰ ਸਾਰੀ ਗਲ ਦੱਸੀ । ਬਾਬਾ ਜੀ ਨੇ ਸੰਗਤਾਂ ਨੂੰ ਦੱਸਿਆ ਕਿ ਇਹ ਸ਼ਕਤੀਸ਼ਾਲੀ ਜਗ੍ਹਾ ਹੈ ਤਾਂ ਇਥੇ ਕੌਤਕ ਵਰਤਿਆ ਹੈ । ਇਥੇ ਗੁਰਦੁਆਰਾ ਬਣਨਾ ਜਰੂਰੀ ਹੈ । ਸੰਗਤਾਂ ਨੇ ਨਵਾਂ ਗੁਰਦੁਆਰਾ ਬਣਾਉਣ ਦਾ ਪ੍ਰੋਗਰਾਮ ਬਣਾਇਆ । ਹੁਣ ਇਸ ਜਗ੍ਹਾ ਤੇ ਅਲੀਸ਼ਾਨ ਗੁਰਦੁਆਰਾ ਬਣਿਆ ਹੋਇਆ ਹੈ ਅਤੇ 24 ਘੰਟੇ ਲੰਗਰ ਚਲਦਾ ਹੈ । ਜਿਹੜਾ ਵੀ ਭਾਵਨਾ ਨਾਲ ਅਰਦਾਸ ਕਰਦਾ ਹੈ ਪੂਰੀ ਹੋ ਜਾਂਦੀ ਹੈ । ਹੈਰਾਨੀ ਦੀ ਗੱਲ ਹੈ ਕਿ ਉਥੇ ਕੋਈ ਵੀ ਸਿੱਖ ਨਹੀਂ ਰਹਿੰਦੇ, ਸਿਰਫ ਕਾਲੇ ਹੀ ਹਨ । ਚੜ੍ਹਾਵਾ ਆਦਿ ਬਹੁਤਾ ਨਹੀਂ ਹੁੰਦਾ ਸਿਰਫ ਆਉਂਦੇ ਜਾਂਦੇ ਸਿੰਘ ਦਰਸ਼ਨ ਕਰਦੇ ਹਨ । ਜਦੋਂ ਕਿਸੇ ਚੀਜ਼ ਦੀ ਜ਼ਰੂਰਤ ਹੁੰਦੀ ਹੈ ਤਾਂ ਗੁਰੂ ਦੀ ਕ੍ਰਿਪਾ ਨਾਲ ਪੂਰੀ ਹੋ ਜਾਦੀ ਹੈ । ਜਿਸ ਤੇ ਗੁਰੂ ਦੀ ਕ੍ਰਿਪਾ ਹੁੰਦੀ ਹੈ ਉਸ ਦੀਆਂ ਇਕੀ ਕੁਲਾਂ ਤਰ ਜਾਂਦੀਆਂ ਹਨ । ਸਿਰਫ ਇਕ ਕਾਲੇ ਤੇ ਬਖਸ਼ਿਸ਼ ਹੋਣ ਨਾਲ ਦੂਸਰੇ ਕਾਲੇ ਲੋਕਾਂ ਨੂੰ ਵੀ ਸੇਵਾ ਦਾ ਚਾਅ ਪੈਦਾ ਹੋਇਆ ।

*****

# ਮਿਹਰ ਦੀ ਨਜ਼ਰ

ਅਜਕਲ ਕਲਯੁਗ ਦਾ ਜ਼ਮਾਨਾ ਹੀ ਐਸਾ ਹੈ ਕਿ ਅੱਖੀਂ ਦੇਖੇ ਬਗੈਰ ਕੋਈ ਯਕੀਨ ਹੀ ਨਹੀਂ ਕਰਦਾ। ਅਜ ਤੋਂ 500 ਸਾਲ ਪਹਿਲਾਂ ਦੀ ਗਲ ਹੈ ਗੁਰੂ ਨਾਨਕ ਦੇਵ ਜੀ ਨੇ ਜਿਸ ਵਲ ਵੀ ਮਿਹਰ ਦੀ ਨਜ਼ਰ ਨਾਲ ਦੇਖਿਆ ਉਹ ਹੀ ਤਰ ਗਿਆ। ਜਿਸ ਤਰ੍ਹਾਂ ਕੌਡਾ ਭੀਲ, ਮੁਰਦੇ ਵਲ ਉਂਗਲ ਕਰਨੀ, ਸੱਜਣ ਠੱਗ ਤੇ ਵਲੀ ਕੰਧਾਰੀ ਸਭ ਨੂੰ ਸਤਿਗੁਰੂ ਨੇ ਤਾਰਿਆ।

## ਕੌਡਾ ਭੀਲ

ਗੁਰੂ ਜੀ ਆਪਣੇ ਪ੍ਰਚਾਰਕ ਦੌਰੇ ਦੇ ਦੌਰਾਨ ਪੁਰੀ ਤੋਂ ਰਾਮੇਸ਼ਵਰ ਜਾਂਦੇ ਹੋਏ ਕੌਡੇ ਭੀਲ ਦਾ ਉਧਾਰ ਕਰਨ ਵਾਸਤੇ ਉਚੇਚੇ ਤੌਰ ਤੇ ਜੰਗਲ ਵਿਚ ਗਏ। ਜੰਗਲੀ ਇਲਾਕੇ ਵਿਚ ਘਰਾਂ ਦਾ ਭੋਜਨ ਤਾਂ ਮਿਲ ਨਹੀਂ ਸਕਦਾ ਸੀ ਫਲ ਆਦਿ ਖਾ ਕੇ ਗੁਜਾਰਾ ਕਰਨਾ ਪੈਂਦਾ ਸੀ। ਸੋ ਭਾਈ ਮਰਦਾਨਾ ਗੁਰੂ ਜੀ ਦੇ ਹੁਕਮਾਂ ਨਾਲ ਫਲਾਂ ਦੀ ਭਾਲ ਵਿਚ ਨਿਕਲਿਆ ਪਰ ਜੰਗਲ ਦੀਆਂ ਪਗਡੰਡੀਆਂ ਵਿਚ ਗੁਰੂ ਜੀ ਤੋਂ ਅਲਗ ਹੋ ਗਿਆ ਅਤੇ ਕੌਡਾ ਨਾਮੀ ਭੀਲ ਦੇ ਹਥ ਚੜ੍ਹ ਗਿਆ। ਕੌਡੇ ਨੇ ਭਾਈ ਮਰਦਾਨਾ ਜੀ ਨੂੰ ਕੜਾਹੇ ਵਿਚ ਤਲ ਕੇ ਖਾਣ ਦਾ ਵਿਚਾਰ ਬਣਾਇਆ, ਵਿਚਾਰ ਕੀ ਬਣਾਇਆ ਮਾਨੋ ਕੌਡੇ ਦੇ ਭਾਗ ਜਾਗ ਪਏ। ਤੇਲ ਦਾ ਤਪਿਆ ਕੜਾਹਾ ਦੇਖ ਕੇ ਭਾਈ ਮਰਦਾਨਾ ਜੀ ਨੇ ਗੁਰੂ ਜੀ ਦੇ ਚਰਨਾਂ ਵਿਚ ਅਰਦਾਸ ਕੀਤੀ ਕਿ ਮੈਨੂੰ ਆ ਕੇ ਬਚਾ ਲਵੋ। ਅੰਤਰਜਾਮੀ ਗੁਰੂ ਜੀ ਉਸ ਨੂੰ ਬਚਾਉਣ ਵਾਸਤੇ ਅਤੇ ਕੌਡੇ ਦਾ ਉਧਾਰ ਕਰਨ ਵਾਸਤੇ ਇੱਕ ਪਲ ਵਿਚ ਪਹੁੰਚ ਗਏ।

ਗੁਰੂ ਜੀ ਦਾ ਤੇਜਸਵੀ ਤੇ ਰੱਬੀ ਪਿਆਰ ਵਿਚ ਰੰਗੇ ਜਾਹੋ ਜਲਾਲ ਵਾਲਾ ਚਿਹਰਾ ਦੇਖ ਕੇ "ਤਪਤ ਕੜਾਹਾ ਬੁਝ ਗਿਆ" ਵਾਂਗ ਉਸਦਾ ਹਿਰਦਾ ਸ਼ਾਂਤ ਹੋ ਗਿਆ ਅਤੇ ਉਹ ਗੁਰੂ ਜੀ ਦੇ ਚਰਨਾਂ ਵਿਚ ਢਹਿ ਪਿਆ। ਗੁਰੂ ਜੀ ਨੇ ਉਸਦਾ ਉਧਾਰ ਕੀਤਾ। ਉਸ ਨੇ ਗੁਰੂ ਜੀ ਤੋਂ ਚਰਨ ਪਾਹੁਲ ਲੈ ਕੇ ਸਿੱਖੀ ਧਾਰਨ ਕੀਤੀ।

## ਸੱਜਣ ਠੱਗ

ਸੱਜਣ ਠੱਗ ਨੇ ਆਪਣੇ ਘਰ ਵਿਚ ਮੰਦਿਰ ਤੇ ਮਸੀਤ ਬਣਾਈ ਹੋਈ ਸੀ ਤੇ ਠਹਿਰਣ ਵਾਸਤੇ ਧਰਮਸ਼ਾਲਾ। ਜਿਹੜਾ ਵੀ ਪ੍ਰਾਣੀ ਉਥੇ ਠਹਿਰਦਾ ਉਸ ਦੀ ਬਹੁਤ ਸੇਵਾ ਕਰਦਾ ਸੀ ਤੇ ਰਾਤ ਨੂੰ ਜਦੋਂ ਉਹ ਸੌਂ ਜਾਂਦਾ ਸੀ ਤਾਂ ਮਾਰ ਕੇ ਖੂਹ ਵਿਚ ਸੁਟ ਦਿੰਦਾ ਤੇ ਸਾਰਾ ਧੰਨ ਲੁਟ ਲੈਂਦਾ ਸੀ ਦਿਨ ਚੜੇ ਫਿਰ ਮਾਲਾ ਲੈ ਕੇ ਬੈਠ ਜਾਂਦਾ। ਇਕ ਦਿਨ ਧੰਨ ਗੁਰੂ ਨਾਨਕ ਦੇਵ ਜੀ ਉਸਦਾ ਉਧਾਰ ਕਰਨ ਵਾਸਤੇ ਪਹੁੰਚੇ। ਸਜਣ ਨੇ ਉਨ੍ਹਾਂ ਦੀ ਬਹੁਤ ਸੇਵਾ ਕੀਤੀ। ਰਾਤ ਹੋਈ ਤਾਂ ਕਹਿਣ ਲੱਗਾ ਬਿਸ਼ਰਾਮ ਕਰ ਲਵੋ। ਗੁਰੂ ਜੀ ਨੇ ਕਿਹਾ,

"ਤੇਰਾ ਨਾਂ ਕੀ ਹੈ।"

ਉਸ ਨੇ ਉੱਤਰ ਦਿਤਾ

"ਮੇਰਾ ਨਾਮ ਸੱਜਣ ਹੈ।" ਗੁਰੂ ਜੀ ਨੇ ਕਿਹਾ,

"ਸੱਜਣ ! ਅਸੀਂ ਬੰਦਗੀ ਕਰਕੇ ਸੌਵਾਂਗੇ"

ਅਤੇ ਮਰਦਾਨੇ ਨੂੰ ਕਿਹਾ

"ਮਰਦਾਨਿਆਂ ਰਬਾਬ ਵਜਾ" ਤਾਂ ਇਹ ਸ਼ਬਦ ਉਚਾਰਿਆ :-

ਉਜਲੁ ਕੈਹਾ ਚਿਲਕਣਾ, ਘੋਟਿਮ ਕਾਲੜੀ ਮਸੁ ॥
ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ ॥ 1 ॥
ਸਜਣ ਸੇਈ ਨਾਲਿ ਮੈ, ਚਲਦਿਆ ਨਾਲਿ ਚਲੰਨਿ ॥
ਜਿਥੈ ਲੇਖਾ ਮੰਗੀਐ, ਤਿਥੈ ਖੜੇ ਦਿਸੰਨਿ ॥ 1 ॥ ਰਹਾਉ ॥
ਕੋਠੇ ਮੰਡਪ ਮਾੜੀਆ, ਪਾਸਹੁ ਚਿਤਵੀਆਹਾ ॥
ਢਠੀਆ ਕੰਮਿ ਨ ਆਵਨੀ ਵਿਚਹੁ ਸਖਣੀਆਹਾ ॥ 2 ॥
ਬਗਾ ਬਗੇ ਕਪੜੇ, ਤੀਰਥ ਮੰਝਿ ਵਸੰਨਿ ॥
ਘੁਟਿ ਘੁਟਿ ਜੀਆ ਖਾਵਣੇ, ਬਗੇ ਨ ਕਹੀਅਨਿ ॥ 3 ॥
ਸਿੰਮਲ ਰੁਖੁ ਸਰੀਰੁ ਮੈ, ਮੈਜਨ ਦੇਖਿ ਭੁਲੰਨਿ ॥
ਸੇ ਫਲ ਕੰਮਿ ਨ ਆਵਨੀ ਤੇ ਗੁਣ ਮੈ ਤਨਿ ਹੰਨਿ. ॥ 4 ॥
ਅੰਧੁਲੇ ਭਾਰੁ ਉਠਾਇਆ ਡੂਗਰ ਵਾਟ ਬਹੁਤੁ ॥
ਅਖੀ ਲੋੜੀ ਨ ਲਹਾ, ਹਉ ਚੜਿ ਲੰਘਾ ਕਿਤੁ ॥ 5 ॥
ਚਾਕਰੀਆ ਚੰਗਿਆਈਆ, ਅਵਰ ਸਿਆਣਪ ਕਿਤੁ ॥
ਨਾਨਕ ਨਾਮੁ ਸਮਾਲਿ ਤੂੰ ਬਧਾ ਛੁਟਹਿ ਜਿਤੁ ॥ 6 ॥ 1 ॥ 3 ॥

*(ਸੂਹੀ ਮ: 1 ਪੰ:-729)*

ਸ਼ਬਦ ਸੁਣਦੇ ਸਾਰ ਉਸ ਦੀ ਬੁੱਧੀ ਹੋਰ ਦੀ ਹੋਰ ਹੋ ਗਈ ਉਸ ਦੇ ਕਪਾਟ ਖੁੱਲ੍ਹ ਗਏ। ਗੁਰੂ ਜੀ ਦੇ ਚਰਨਾਂ ਤੇ ਢਹਿ ਪਿਆ ਗੁਰੂ ਜੀ ਨੇ ਇਸ ਦਾ ਵੀ ਉਧਾਰ ਕੀਤਾ।

# ਵਲੀ ਕੰਧਾਰੀ

ਇਸੇ ਤਰ੍ਹਾਂ ਵਲੀ ਕੰਧਾਰੀ ਦਾ ਹੰਕਾਰ ਦੂਰ ਕਰਨ ਵਾਸਤੇ ਸ੍ਰੀ ਗੁਰੂ ਨਾਨਕ ਦੇਵ ਜੀ ਹਸਨ ਅਬਦਾਲ ਪਹੁੰਚੇ। ਗੁਰੂ ਜੀ ਪਹਾੜੀ ਦੇ ਹੇਠਾਂ ਡੇਰਾ ਲਾ ਕੇ ਬੈਠ ਗਏ। ਭਾਈ ਮਰਦਾਨਾ ਨੂੰ ਬਹੁਤ ਪਿਆਸ ਲੱਗੀ ਹੋਈ ਸੀ ਉਸ ਨੇ ਗੁਰੂ ਜੀ ਪਾਸ ਬੇਨਤੀ ਕੀਤੀ। ਨੇੜੇ-ਤੇੜੇ ਕਿਤੇ ਪਾਣੀ ਨਹੀਂ ਸੀ। ਜਾਣੀ-ਜਾਣ ਗੁਰੂ ਨਾਨਕ ਦੇਵ ਜੀ ਨੇ ਮਰਦਾਨੇ ਨੂੰ ਕਿਹਾ ਕਿ ਸਾਹਮਣੇ ਜੋ ਵੱਡੀ ਪਹਾੜੀ ਨਜ਼ਰ ਆ ਰਹੀ ਹੈ, ਉਸ ਉਪਰ ਇਕ ਵਲੀ ਕੰਧਾਰੀ ਨਾਮਕ ਮੁਸਲਮਾਨ ਰਹਿੰਦਾ ਹੈ ਉਸ ਪਾਸ ਪਾਣੀ ਹੈ, ਇਥੇ ਨੇੜੇ-ਤੇੜੇ ਹੋਰ ਕਿਤੇ ਪਾਣੀ ਨਹੀਂ ਹੈ ਇਸ ਕਰਕੇ ਤੂੰ ਉਸ ਪਾਸ ਜਾ ਕੇ ਆਪਣੀ ਪਿਆਸ ਬੁਝਾ ਲੈ। ਇਹ ਸੁਣ ਕੇ ਭਾਈ ਮਰਦਾਨਾ ਪਿਆਸ ਬੁਝਾਣ ਦੀ ਇਛਾ ਨਾਲ ਤੁਰ ਪਿਆ ਤੇ ਬੜੀ ਕਠਿਨਾਈ ਨਾਲ ਪਹਾੜੀ ਉਪਰ ਚੜ੍ਹ ਕੇ ਉਤੇ ਪਹੁੰਚਾ, ਜਿਥੇ ਵਲੀ ਕੰਧਾਰੀ ਬੈਠਾ ਸੀ।

ਭਾਈ ਮਰਦਾਨੇ ਨੇ ਪਰੇਮ ਸਹਿਤ ਸਲਾਮ ਬੁਲਾਈ ਤੇ ਬੇਨਤੀ ਕੀਤੀ ਕਿ ਹੇ ਫਕੀਰ ਸਾਈਂ ਮੈਨੂੰ ਬੜੀ ਪਿਆਸ ਲੱਗੀ ਹੈ ਕ੍ਰਿਪਾ ਕਰਕੇ ਮੈਨੂੰ ਜਲ ਬਖਸ਼ੋ। ਵਲੀ ਕੰਧਾਰੀ ਨੇ ਓਪਰਾ ਪਹਿਰਾਵਾ ਦੇਖ ਕੇ ਪੁਛਿਆ ਕਿ ਤੂੰ ਕੌਣ ਹੈ ? ਤੇ ਕਿਥੋਂ ਆਇਆ ਹੈ ? ਤੇਰਾ ਨਾਮ ਕੀ ਹੈ ? ਤੂੰ ਇਕੱਲਾ ਹੈ ਕਿ ਤੇਰੇ ਨਾਲ ਹੋਰ ਵੀ ਕੋਈ ਹੈ। ਭਾਈ ਮਰਦਾਨੇ ਨੇ ਕਿਹਾ, ਪੰਜਾਬ ਦੇ ਪ੍ਰਸਿਧ ਪੂਜਨੀਕ ਤਪਾ ਸ਼੍ਰੀ ਗੁਰੂ ਨਾਨਕ ਦੇਵ ਜੀ, ਜਿਨ੍ਹਾਂ ਨੂੰ ਹਿੰਦੂ ਗੁਰੂ ਤੇ ਮੁਸਲਮਾਨ ਪੀਰ ਮੰਨਦੇ ਹਨ। ਸਾਰੇ ਸੰਸਾਰ ਦੀ ਯਾਤਰਾ ਕਰਕੇ, ਲੋਕਾਂ ਦਾ ਉਧਾਰ ਕਰਦੇ ਹੋਏ ਇਥੇ ਆਏ ਹਨ ਇਸ ਪਹਾੜੀ ਦੇ ਪਾਸ ਹੇਠਾਂ ਬੈਠੇ ਹੋਏ ਹਨ। ਮੈਂ ਉਨ੍ਹਾਂ ਦਾ ਰਬਾਬੀ ਹਾਂ ਤੇ ਮੇਰਾ ਨਾਮ ਮਰਦਾਨਾ ਮਰਾਸੀ ਹੈ। ਮੇਰਾ ਕੰਮ ਗੁਰੂ ਜੀ ਦੇ ਨਾਲ ਰਹਿ ਕੇ ਸ਼ਬਦ ਗਾਇਨ ਕਰਨਾ ਹੈ। ਗੁਰੂ ਜੀ ਦੀ ਮਹਿਮਾ ਸੁਣ ਕੇ ਵਲੀ ਕੰਧਾਰੀ ਬਹੁਤ ਜਲਿਆ ਤੇ ਭਾਈ ਮਰਦਾਨਾ ਜੀ ਨੂੰ ਕਿਹਾ, ਜੇ ਤੇਰਾ ਪੀਰ ਇੰਨਾਂ ਹੀ ਮਹਾਨ ਹੈ ਤਾਂ ਉਹ ਜਿਥੇ ਆਪ ਬੈਠਾ ਹੈ ਆਪਣੀ ਸ਼ਕਤੀ ਨਾਲ ਆਪ ਉਥੇ ਪਾਣੀ ਕਿਉਂ ਨਹੀਂ ਮੰਗਵਾ ਲੈਂਦਾ ਅਤੇ ਤੈਨੂੰ ਪਿਲਾ ਕੇ ਤੇਰੀ ਪਿਆਸ ਬੁਝਾ ਦਿੰਦਾ। ਪਿਆਸੇ ਨੂੰ ਜਲ ਦੇਣਾ ਜਰੂਰੀ ਹੈ ਪਰ ਮੈਂ ਤੈਨੂੰ ਪਾਣੀ ਨਹੀਂ ਦਿੰਦਾ ਆਪਣੇ ਪੀਰ ਨੂੰ ਜਾ ਕੇ ਕਹਿ ਕਿ ਉਹ ਆਪਣੀ ਸ਼ਕਤੀ ਨਾਲ ਤੇਰੀ ਪਿਆਸ ਬੁਝਾਵੇ। ਇਹ ਬਚਨ ਸੁਣ ਕੇ ਭਾਈ ਮਰਦਾਨਾ ਜੀ ਹੈਰਾਨ ਹੋ ਕੇ ਥੱਲੇ ਆ ਗਏ ਤੇ ਗੁਰੂ ਜੀ ਨੂੰ ਸਾਰੀ ਗਲ ਦੱਸੀ। ਗੁਰੂ ਜੀ ਨੇ ਕਿਹਾ ਦੁਬਾਰਾ ਜਾ ਕੇ ਨਿਮਰਤਾ ਸਹਿਤ ਬੇਨਤੀ ਕਰ ਸ਼ਾਇਦ ਉਹ ਪਾਣੀ ਦੇ ਦੇਵੇ।

ਭਾਈ ਮਰਦਾਨਾ ਜੀ ਕੜ੍ਹਕਦੀ ਧੁਪ ਵਿਚ ਫਿਰ ਪਹਾੜੀ ਉਪਰ ਗਏ, ਸਲਾਮ ਬੁਲਾਈ ਤੇ ਫਿਰ ਨਿਮਰਤਾ ਸਹਿਤ ਬੇਨਤੀ ਕੀਤੀ। ਇਹ ਬਚਨ ਸੁਣ ਕੇ ਪੀਰ ਵਲੀ ਕੰਧਾਰੀ ਗੁੱਸੇ ਵਿਚ ਆ ਕੇ ਬੋਲਿਆ ਕਿ ਨਾਨਕ ਤਪਾ ਏਨੀ ਸ਼ਕਤੀ ਵਾਲਾ ਹੋ ਕੇ ਤੇਰੀ ਪਿਆਸ ਨਹੀਂ ਬੁਝਾ ਸਕਦਾ ? ਜਾਹ ਜਾ ਕੇ ਉਸ ਪਾਸੋਂ ਹੀ ਜਲ ਲੈ। ਭਾਈ ਮਰਦਾਨਾ

ਜੀ ਵਾਪਸ ਮੁੜ ਆਏ ਤੇ ਬੇਨਤੀ ਕੀਤੀ ਕਿ ਗੁਰੂ ਜੀ ਉਸ ਨੇ ਜਲ ਨਹੀਂ ਦਿੱਤਾ, ਮੈਨੂੰ ਪਿਆਸ ਬਹੁਤ ਲੱਗੀ ਹੋਈ ਹੈ।

ਗੁਰੂ ਜੀ ਨੇ ਤੀਸਰੀ ਤੇ ਆਖਰੀ ਵਾਰੀ ਮਰਦਾਨੇ ਨੂੰ ਜਾਣ ਲਈ ਕਿਹਾ। ਮਰਦਾਨਾ ਜੀ ਤੀਸਰੀ ਵਾਰੀ ਫਿਰ ਗਏ ਤੇ ਜਾ ਕੇ ਵਲੀ ਨੂੰ ਸਲਾਮ ਆਖੀ ਵਲੀ ਨੇ ਅੱਗੋਂ ਕਿਹਾ, ਤੈਨੂੰ ਪਹਿਲਾਂ ਹੀ ਕਹਿ ਦਿਤਾ ਹੈ ਕਿ ਤੈਨੂੰ ਪਾਣੀ ਬਿਲਕੁਲ ਨਹੀਂ ਮਿਲਣਾ, ਜਦ ਤਕ ਤੂੰ ਉਸ ਹਿੰਦੂ ਫਕੀਰ ਦਾ ਸਾਥ ਛੱਡ ਕੇ ਮੇਰਾ ਮੁਰੀਦ ਨਹੀਂ ਬਣ ਜਾਂਦਾ। ਭਾਈ ਮਰਦਾਨਾ ਜੀ ਨੇ ਕਿਹਾ, ਹੁਣ ਤੂੰ ਚਾਹੇ ਪਾਣੀ ਦੇਵੇਂ ਵੀ ਮੈਂ ਤੈਥੋਂ ਨਹੀਂ ਲੈਣਾ, ਮੈਂ ਤਾਂ ਤੇਰੇ ਨਾਲ ਇਕ ਗੱਲ ਕਰਨ ਆਇਆ ਹਾਂ। ਉਸ ਨੇ ਕਿਹਾ, "ਕੀ ਗੱਲ ਕਰਨੀ ਹੈ।" ਭਾਈ ਮਰਦਾਨਾ ਜੀ ਨੇ ਕਿਹਾ, ਤੁਸੀ ਦੱਸੋ ਕਿ ਬੰਦੇ ਵਿਚ ਕਿੰਨੇ ਦਿਲ ਹੁੰਦੇ ਹਨ। ਵਲੀ ਨੇ ਕਿਹਾ, ਤੈਨੂੰ ਆਪਣੇ ਫਕੀਰ ਪਾਸ ਰਹਿੰਦਿਆਂ ਇਹ ਵੀ ਪਤਾ ਨਹੀਂ ਕਿ ਬੰਦੇ ਵਿਚ ਕਿੰਨੇ ਦਿਲ ਹੁੰਦੇ ਹਨ। ਮਰਦਾਨੇ ਨੇ ਕਿਹਾ, ਮੇਰੇ ਗੁਰੂ ਦੀ ਕ੍ਰਿਪਾ ਨਾਲ ਮੈਨੂੰ ਸਭ ਪਤਾ ਹੈ ਪਰ ਤੇਰੇ ਕੋਲੋਂ ਪੁਛਣਾ ਚਾਹੁੰਦਾ ਹਾਂ। ਵਲੀ ਨੇ ਕਿਹਾ, ਤੈਨੂੰ ਬਹੁਤ ਗੱਲਾਂ ਆਉਂਦੀਆਂ ਹਨ ਤੇ ਕਿਹਾ, ਬੰਦੇ ਵਿਚ ਇਕ ਹੀ ਦਿਲ ਹੁੰਦਾ ਹੈ। ਮਰਦਾਨਾ ਜੀ ਨੇ ਬੜੀ ਦਲੇਰੀ ਤੇ ਠਰੰਮੇ ਨਾਲ ਪੁਛਿਆ, ਵਲੀ ਜੀ ਤੁਸੀਂ ਠੀਕ ਹੀ ਕਹਿੰਦੇ ਹੋ ਕਿ ਦਿਲ ਇਕ ਹੀ ਹੁੰਦਾ ਹੈ। ਇਸ ਲਈ ਮੈਂ ਤੁਹਾਡੇ ਨਾਲ ਧੋਖਾ ਨਹੀਂ ਕਰਨਾ ਚਾਹੁੰਦਾ, ਉਹ ਇਕ ਦਿਲ ਮੈਂ ਆਪਣੇ ਪਿਆਰੇ ਦਿਲ ਦੇ ਮਹਿਬੂਬ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਦੇ ਚੁੱਕਾ ਹਾਂ ਤੇ ਡੰਡੌਤਾਂ ਉਸ ਅੱਗੇ ਹੀ ਕਰ ਸਕਦਾ ਹਾਂ ਤੇ ਕਰਦਾ ਹਾਂ। ਮੈਂ ਉਹ ਦਿਲ ਪਿਆਰੇ ਨੂੰ ਦੇ ਕੇ ਇਸ ਮਿਟੀ ਦੇ ਮਰੇ ਸਰੀਰ ਰਾਹੀ ਓਪਰੀ ਓਪਰੀ ਡੰਡੌਤ ਕਰਕੇ ਤੁਹਾਨੂੰ ਧੋਖਾ ਦੇ ਕੇ ਪਾਣੀ ਨਹੀਂ ਪੀਣਾ ਚਾਹੁੰਦਾ। ਮੇਰਾ ਗੁਰੂ ਆਪੇ ਹੀ ਮੇਰੀ ਪਿਆਸ ਬੁਝਾਏਗਾ।

ਇਹ ਕਹਿ ਕੇ ਮਰਦਾਨਾ ਜੀ ਵਾਪਸ ਆ ਗਏ ਅਤੇ ਗੁਰੂ ਜੀ ਨੂੰ ਕਿਹਾ ਕਿ ਮੈਂ ਕੋਈ ਇੰਨਾ ਪੱਥਰ ਦਿਲ ਇਨਸਾਨ ਨਹੀਂ ਦੇਖਿਆ ਜੋ ਪਿਆਸੇ ਨੂੰ ਪਾਣੀ ਨਾ ਦੇਵੇ ਤੇ ਨਾਲ ਹੀ ਰੱਬ ਦਾ ਬੰਦਾ ਵਲੀ ਕਹਾਉਂਦਾ ਹੋਵੇ। ਮੈਨੂੰ ਤਾਂ ਉਹ ਕੋਈ ਗਿਆ ਗੁਜਰਿਆ ਇਨਸਾਨ ਲਗਦਾ ਹੈ। ਗੁਰੂ ਜੀ ਨੇ ਕਿਹਾ, ਮਰਦਾਨਿਆਂ ਇਹ ਬੰਦਾ ਭਗਤੀ ਕਰਕੇ ਉਚੀ ਅਵਸਥਾ ਜਰੂਰ ਪ੍ਰਾਪਤ ਕਰ ਗਿਆ ਤੇ ਪਹਾੜ ਤੇ ਚੜ੍ਹ ਬੈਠਾ ਹੈ ਪਰ ਕਰੋਧੀ ਤੇ ਹੰਕਾਰੀ ਹੋਣ ਕਰਕੇ ਛੇਤੀ ਹੇਠਾਂ ਤਿਲਕ ਸਕਦਾ ਹੈ। ਇਸ ਨੂੰ ਇਸ ਤਰ੍ਹਾਂ ਤਿਲਕਣ ਲੱਗੇ ਨੂੰ ਬਚਾਉਣਾ ਹੈ। ਸੋ ਅੰਤਰਜਾਮੀ ਗੁਰੂ ਜੀ ਨੇ ਵਲੀ ਕੰਧਾਰੀ ਦੇ ਮਨ ਦੀ ਹਾਲਤ ਜਾਣ ਕੇ ਭਾਈ ਮਰਦਾਨੇ ਦੀ ਪਿਆਸ ਬੁਝਾਉਣ ਲਈ ਹੱਥ ਨਾਲ ਪੱਥਰ ਪੁਟਿਆ। ਉਥੋਂ ਬੜਾ ਨਿਰਮਲ ਤੇ ਸ਼ੀਤਲ ਜਲ ਨਿਕਲਣ ਲੱਗਾ। ਭਾਈ ਮਰਦਾਨਾ ਜੀ ਨੇ ਰੱਜ ਕੇ ਪਾਣੀ ਪੀਤਾ। ਵਲੀ ਕੰਧਾਰੀ ਦਾ ਸਾਰਾ ਪਾਣੀ ਮੁਕ ਗਿਆ। ਇਹ ਦੇਖ ਕੇ ਉਹ ਬਹੁਤ ਕਰੋਧ ਵਿਚ ਆ ਗਿਆ ਤੇ ਆਪਣੀ ਸ਼ਕਤੀ ਨਾਲ ਇਕ ਵੱਡਾ ਪੱਥਰ ਗੁਰੂ ਜੀ ਵਲ ਰੋੜ੍ਹ ਦਿੱਤਾ। ਗੁਰੂ ਜੀ ਨੇ ਏਡਾ ਵੱਡਾ ਪੱਥਰ ਆਪਣੇ ਵਲ ਆਉਂਦਾ ਦੇਖਿਆ ਤਾਂ

ਰੋਕਣ ਵਾਸਤੇ ਆਪਣਾ ਹੱਥ ਉਪਰ ਕੀਤਾ, ਪੱਥਰ ਉਥੇ ਹੀ ਰੁਕ ਗਿਆ। ਗੁਰੂ ਜੀ ਦੀ ਨਜ਼ਰ ਨਾਲ ਮੋਮ ਹੋ ਗਿਆ ਤੇ ਗੁਰੂ ਜੀ ਦਾ ਪੰਜਾ ਉਥੇ ਖੁਭ ਗਿਆ। ਜਦੋਂ ਵਲੀ ਨੇ ਦੇਖਿਆ ਕਿ ਗੁਰੂ ਜੀ ਨੇ ਪੱਥਰ ਰੋਕ ਲਿਆ ਹੈ ਤੇ ਜਲ ਦਾ ਪ੍ਰਵਾਹ ਉਸੇ ਤਰ੍ਹਾਂ ਜਾਰੀ ਹੈ ਤਾਂ ਉਹ ਬੜਾ ਸ਼ਰਮਸਾਰ ਹੋਇਆ। ਗੁਰੂ ਜੀ ਨੇ ਉਸ ਨੂੰ ਡਿਗਣੇ ਤੋਂ ਬਚਾ ਲਿਆ। ਉਹ ਗੁਰੂ ਜੀ ਦੀ ਸ਼ਕਤੀ ਨੂੰ ਮੰਨ ਗਿਆ ਤੇ ਚਰਨਾਂ ਤੇ ਢਹਿ ਪਿਆ। ਹੁਣ ਇਥੇ ਅਲੀਸ਼ਾਨ ਗੁਰਦੁਆਰਾ ਬਣਿਆ ਹੋਇਆ ਹੈ।

ਇਹ ਸਾਖੀ ਇਥੇ ਦੇਣ ਦਾ ਭਾਵ ਇਹ ਹੈ ਕਿ ਸਿਮਰਨ ਕਰਕੇ ਉੱਚੀ ਅਵਸਥਾ ਪ੍ਰਾਪਤ ਕਰਕੇ ਪੰਜਾਂ ਵਿਕਾਰਾਂ ਖਾਸ ਕਰਕੇ ਕਰੋਧ ਤੇ ਹੰਕਾਰ ਦੀ ਥਾਂ ਨਿਮਰਤਾ ਤੇ ਦਇਆ ਧਾਰ ਕੇ ਹੀ ਉੱਚੀ ਅਵਸਥਾ ਤੇ ਟਿਕਿਆ ਰਹਿ ਸਕਦਾ ਹੈ ਨਹੀਂ ਤਾਂ ਸਾਰੀ ਕਮਾਈ ਵਿਅਰਥ ਜਾਂਦੀ ਹੈ।

ਇਸੇ ਤਰ੍ਹਾਂ ਇਕ ਵਾਰੀ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਭਾਈ ਮਰਦਾਨਾ ਜੀ ਇਕ ਪਿੰਡ ਵਿਚ ਗਏ। ਸ਼ਾਮ ਦਾ ਵਕਤ ਸੀ। ਪਿੰਡ ਵਾਲਿਆਂ ਵਿਚੋਂ ਕਿਸੇ ਨੇ ਵੀ ਸਤਿਕਾਰ ਨਾ ਕੀਤਾ। ਕੋਈ ਸੇਵਾ ਨਾ ਕੀਤੀ। ਗੁਰੂ ਜੀ ਇਕ ਵਰਾਂਡੇ ਵਿਚ ਵਿਸ਼ਰਾਮ ਕਰਨ ਲਈ ਠਹਿਰ ਗਏ। ਇਹ ਪਿੰਡ ਠੱਗਾਂ ਦਾ ਸੀ। ਪਿੰਡ ਵਾਲਿਆਂ ਨੇ ਸੋਚਿਆ ਇਨ੍ਹਾਂ ਕੋਲ ਬਹੁਤ ਧੰਨ ਲਗਦਾ ਹੈ ਇਹ ਸੋਚ ਕੇ ਉਨ੍ਹਾਂ ਦੋ ਬੰਦਿਆਂ ਨੂੰ ਕਿਹਾ ਕਿ ਇਨ੍ਹਾਂ ਉਤੇ ਨਿਗਾ ਰਖਣੀ। ਜਦੋਂ ਸੌਂ ਜਾਣ ਤਾਂ ਸਾਰਾ ਧੰਨ ਲੁਟ ਲੈਣਾ, ਪਰ ਹੋਇਆ ਇਸ ਦੇ ਉਲਟ ਪਹਿਰੇਦਾਰ ਸੌਂ ਗਏ।

ਗੁਰੂ ਜੀ ਅੰਮ੍ਰਿਤ ਵੇਲੇ ਉਠ ਕੇ ਅੱਗੇ ਨੂੰ ਤੁਰ ਪਏ। ਜਦੋਂ ਪਿੰਡ ਵਾਲਿਆਂ ਨੂੰ ਪਤਾ ਲੱਗਾ ਤਾਂ ਉਹ ਪਹਿਰੇਦਾਰਾਂ ਨੂੰ ਕਹਿਣ ਲੱਗੇ ਜਿਹੜਾ ਮਾਲ ਲੁੱਟਿਆ ਹੈ ਸਾਨੂੰ ਵੀ ਦਿਉ। ਪਹਿਰੇਦਾਰਾਂ ਨੇ ਕਿਹਾ, ਅਸੀ ਤਾਂ ਸੌਂ ਗਏ ਸੀ, ਸਾਨੂੰ ਪਤਾ ਨਹੀਂ ਉਹ ਕਦੋਂ ਚਲੇ ਗਏ। ਇਹ ਸੁਣ ਕਿ ਪੰਜ ਛੇ ਬੰਦੇ ਗੁਰੂ ਜੀ ਨੂੰ ਲੱਭਣ ਤੁਰ ਪਏ। ਥੋੜ੍ਹੀ ਦੂਰ ਜੰਗਲ ਵਿਚ ਜਾ ਕੇ ਘੇਰਾ ਪਾ ਲਿਆ ਤੇ ਕਿਹਾ ਕਿ ਆਪਣਾ ਸਾਰਾ ਮਾਲ ਸਾਨੂੰ ਦੇ ਦਿਉ। ਗੁਰੂ ਜੀ ਨੇ ਕਿਹਾ, ਸਾਡੇ ਕੋਲ ਕੋਈ ਦੁਨਿਆਵੀ ਧੰਨ ਨਹੀਂ ਹੈ, ਅਸੀਂ ਰੱਬ ਦੀ ਭਗਤੀ ਕਰਨ ਵਾਲੇ ਬੰਦੇ ਹਾਂ। ਪਰ ਉਨ੍ਹਾਂ ਨੂੰ ਯਕੀਨ ਨਹੀਂ ਆਇਆ। ਉਹ ਵਾਰ-ਵਾਰ ਰਬਾਬ ਵਲ ਦੇਖਦੇ ਸੀ ਕਿ ਜਰੂਰ ਇਸ ਵਿਚ ਕੁਝ ਹੋਵੇਗਾ। ਜਦੋਂ ਉਨ੍ਹਾਂ ਨੂੰ ਕੁਝ ਨਾ ਮਿਲਿਆ ਤਾਂ ਗੁਰੂ ਜੀ ਨੂੰ ਕਹਿਣ ਲੱਗੇ ਕਿ ਅਸੀਂ ਤੁਹਾਨੂੰ ਮਾਰ ਦੇਣਾ ਹੈ। ਗੁਰੂ ਜੀ ਨੇ ਕਿਹਾ ਕਿ ਸਾਨੂੰ ਮਾਰ ਦੇਣਾ, ਪਰ ਸਾਡਾ ਇਕ ਬਚਨ ਪੂਰਾ ਕਰ ਦੇਣਾ, ਮਾਰ ਕੇ ਸਾਡਾ ਸਸਕਾਰ ਜਰੂਰ ਕਰਨਾ। ਉਨ੍ਹਾਂ ਨੇ ਕਿਹਾ ਅਸੀਂ ਅੱਗ ਕਿਥੋਂ ਲਵਾਂਗੇ। ਗੁਰੂ ਜੀ ਨੇ ਹੱਥ ਦਾ ਇਸ਼ਾਰਾ ਦੇ ਕੇ ਕਿਹਾ ਔਹ ਸਾਹਮਣੇ ਅੱਗ ਬਲਦੀ ਹੈ ਉਥੋਂ ਲੈ ਆਉਣਾ। ਚਾਰ ਜਣੇ ਗੁਰੂ ਜੀ ਕੋਲ ਖੜ੍ਹੇ ਹੋ ਗਏ ਕਿ ਚਲੇ ਨਾ ਜਾਣ ਤੇ ਦੋ ਜਣੇ ਅੱਗ ਲੈਣ ਚਲੇ ਗਏ। ਉਥੇ ਉਨ੍ਹਾਂ ਨੇ ਹੋਰ ਹੀ ਕੌਤਕ ਦੇਖਿਆ ਕਿ ਮੁਰਦੇ ਦੀ ਰੂਹ ਲਿਜਾਣ ਵਾਸਤੇ ਝਗੜਾ ਹੋ ਰਿਹਾ ਹੈ ਸੀ। ਜਮਦੂਤ ਕਹਿੰਦੇ ਕਿ ਅਸੀਂ ਲਿਜਾਣਾ ਹੈ ਕਿਉਂਕਿ

ਇਸ ਨੇ ਜ਼ਿੰਦਗੀ ਵਿਚ ਕੋਈ ਚੰਗਾ ਕੰਮ ਨਹੀਂ ਕੀਤਾ। ਫਰਿਸ਼ਤੇ ਕਹਿੰਦੇ ਅਸੀਂ ਲੈ ਕੇ ਜਾਣਾ ਹੈ। ਫਰਿਸ਼ਤਿਆਂ ਨੇ ਕਿਹਾ, ਇਹ ਚਿਖਾ ਜਰੂਰ ਘੋਰ ਪਾਪੀ ਦੀ ਸੀ ਪਰ ਗੁਰੂ ਜੀ ਦੀ ਨਜ਼ਰ ਪੈਣ ਕਰਕੇ ਇਹ ਸਵਰਗ ਨੂੰ ਜਾਏਗਾ। ਇਹ ਗੱਲ ਸੁਣ ਕੇ ਠੱਗਾਂ ਨੂੰ ਸੋਝੀ ਆ ਗਈ ਤੇ ਗੁਰੂ ਜੀ ਦੇ ਚਰਨ ਫੜ ਲਏ ਤੇ ਆਪਣੇ ਬਾਕੀ ਸਾਥੀਆਂ ਨੂੰ ਦਸਿਆ ਤੇ ਸਾਰਿਆਂ ਨੇ ਗੁਰੂ ਜੀ ਪਾਸੋਂ ਮਾਫੀ ਮੰਗੀ ਤੇ ਗੁਰੂ ਜੀ ਦੇ ਸਿਖ ਬਣ ਗਏ ਸਨ। ਸਾਨੂੰ ਵੀ ਗੁਰੂ ਜੀ ਦੀ ਕੀਤੀ ਘੋਲ ਕਮਾਈ ਅਤੇ ਸਾਡੇ ਤੇ ਕੀਤੇ ਪਰਉਪਕਾਰਾਂ ਨੂੰ ਮੁਖ ਰਖਦੇ ਹੋਏ ਕਿ ਅਸੀਂ ਗੁਰੂ (ਗੁਰੂ ਗ੍ਰੰਥ ਸਾਹਿਬ) ਅੱਗੇ ਸਿਰਫ ਮੱਥਾ ਹੀ ਨਾ ਟੇਕਦੇ ਰਹੀਏ ਉਨ੍ਹਾਂ ਦੀ ਵਡਮੁਲੀ ਸਿਖਿਆ ਨੂੰ ਮਨਾਂ ਵਿਚ ਵਸਾ ਕੇ ਤੇ ਉਸ ਉਪਰ ਚਲ ਕੇ ਗੁਰੂ ਜੀ ਦੀ ਮਿਹਰ ਦੇ ਪਾਤਰ ਬਣੀਏ ਤੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਕੇ ਇਹ ਲੋਕ ਸੁਖੀਏ ਪ੍ਰਲੋਕ ਸੁਹੇਲਾ ਬਣਾਈਏ।

ਸਿਰਫ ਬੰਦਾ ਹੀ ਨਹੀਂ ਗੁਰੂ ਨਾਨਕ ਦੇਵ ਜੀ ਦੀ ਜਿਸ ਚੀਜ਼ ਤੇ ਨਜ਼ਰ ਪੈ ਜਾਵੇ ਉਹ ਅਮਰ ਹੋ ਜਾਂਦੀ ਹੈ ਜਿਸ ਤਰ੍ਹਾਂ ਕੌੜੇ ਰੀਠੇ ਮਿਠੇ ਹੋ ਗਏ। ਉਤਰਾ ਖੰਡ ਦੀ ਉਦਾਸੀ ਵੇਲੇ ਸ਼੍ਰੀ ਗੁਰੂ ਨਾਨਕ ਦੇਵ ਜੀ "ਨਾਨਕ ਮਤੇ" ਜਾਣ ਤੋਂ ਪਹਿਲਾਂ ਇਸ ਅਸਥਾਨ ਤੇ ਗਏ ਸਨ ਤੇ ਇਥੇ ਜੋਗੀਆਂ ਨਾਲ ਗੁਰੂ ਜੀ ਦੀ ਧਾਰਮਿਕ ਚਰਚਾ ਹੋਈ। ਮਰਦਾਨੇ ਨੂੰ ਭੁੱਖ ਲੱਗੀ। ਹੰਕਾਰੀ ਯੋਗੀ ਦੇਖ ਰਹੇ ਸਨ ਕਿ ਕਿਸ ਤਰ੍ਹਾਂ ਗੁਰੂ ਜੀ ਇਸ ਦੀ ਭੁਖ ਦੂਰ ਕਰਦੇ ਹਨ। ਗੁਰੂ ਨਾਨਕ ਦੇਵ ਜੀ ਰੀਠੇ ਦੇ ਦਰਖਤ ਹੇਠਾਂ ਬੈਠੇ ਸਨ ਤੇ ਉਨ੍ਹਾਂ ਨੇ ਮਿਹਰ ਭਰੀ ਨਜ਼ਰ ਨਾਲ ਉਪਰ ਦੇਖਿਆ ਤੇ ਕੌੜੇ ਰੀਠੇ ਛੁਹਾਰਿਆਂ ਵਾਂਗੂ ਮਿਠੇ ਹੋ ਗਏ ਅਤੇ ਮਰਦਾਨੇ ਨੂੰ ਕਿਹਾ ਦਰਖਤ ਤੇ ਚੜ੍ਹ ਜਾਉ ਤੇ ਜਿੰਨੇ ਮਰਜੀ ਫਲ ਖਾਉ। ਇਸ ਦਰਖਤ ਦੇ ਰੀਠੇ ਅਜੇ ਤਕ ਮਿਠੇ ਹਨ ਅਤੇ ਰਹਿੰਦੀ ਦੁਨੀਆ ਤਕ ਮਿਠੇ ਰਹਿਣਗੇ। ਸੋ ਅਸੀਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਖਸ਼ਿਸ਼ ਲੈਣ ਲਈ ਆਪਣੇ ਵਿਚ ਰੀਠੇ ਵਰਗੀ ਕੁੜਤਨ ਭਾਵ ਕੌੜਾਪਨ ਤਿਆਗ ਕੇ ਨਿਮਰਤਾ ਮਨਾ ਵਿਚ ਵਸਾਈਏ ਤੇ ਕਿਸੇ ਨਾਲ ਵੀ ਕਿਸੇ ਤਰ੍ਹਾਂ ਦੀ ਗਲ ਕਰਨ ਲੱਗੇ, ਨਿਮਰਤਾ ਨਾਲ ਅਗਲੇ ਦਾ ਮਨ ਮੋਹ ਲਈਏ।

ਇਹ ਸਾਖੀਆਂ 500 ਸਾਲ ਪੁਰਾਣੀਆਂ ਹਨ ਤੇ ਬਿਲਕੁਲ ਸੱਚੀਆਂ ਹਨ। ਪਰ ਅਜ ਕਲ ਦੇ ਨੌਜਵਾਨ ਸ਼ੰਕਾ ਵੀ ਕਰ ਸਕਦੇ ਹਨ ਇਹ ਕਿਵੇਂ ਹੋ ਸਕਦਾ ਹੈ। ਦਾਸ ਆਪ ਬੀਤੀ ਦੱਸ ਰਿਹਾ ਹੈ। 1966 ਦੀ ਗੱਲ ਹੈ, ਮੈਂ ਕੇਸਾਧਾਰੀ ਨਹੀਂ ਸੀ, ਸਿੱਖੀ ਬਾਰੇ ਕੋਈ ਗਿਆਨ ਨਹੀਂ ਸੀ। ਮੈਂ ਸਿਰਫ ਮੂਲ ਮੰਤਰ ਤੇ ਸੁਖਮਨੀ ਸਾਹਿਬ ਦਾ ਪਾਠ ਕਰਦਾ ਸੀ। ਮੇਰਾ ਸਿੰਘ ਸਜਣ ਦਾ ਕੋਈ ਖਿਆਲ ਨਹੀਂ ਸੀ। ਜਦੋਂ ਮੈਂ ਗੁਰਦੁਆਰੇ ਜਾਣਾ ਤਾਂ ਲੋਕਾਂ ਨੇ ਕਹਿਣਾ ਕਿ ਤੂੰ ਕੇਸ ਤੇ ਦਾੜੀ ਰਖ ਲੈ। ਅੰਦਰ ਦੀ ਆਤਮਾ ਬਹਾਨੇ ਕਰਦੀ ਸੀ ਕਿ ਮੈਂ ਇੰਡੀਆ ਜਾ ਕੇ ਅੰਮ੍ਰਿਤ ਛਕਾਂ। ਮੈਂ ਜਰਮਨੀ ਹੋਲੀਡੇ ਗਿਆ ਸੀ ਉਦੋਂ ਜਿਸ ਤਰ੍ਹਾਂ ਗੁਰੂ ਜੀ ਸਜਨ ਠੱਗ ਤੇ ਕੌਡੇ ਭੀਲ ਤੇ ਮਿਹਰ ਕੀਤੀ ਇਸੇ ਤਰ੍ਹਾਂ ਦਾਸ ਨੂੰ ਪ੍ਰਤੱਖ ਦਰਸ਼ਨ ਦੇ ਕੇ ਕਿਹਾ ਕਿ ਤੂੰ ਅੰਮ੍ਰਿਤ ਛਕ ਕੇ ਅੰਮ੍ਰਿਤ ਛਕਾਉਣ ਦੀ ਸੇਵਾ ਕਰ। ਤੇਰੇ

ਤੋਂ ਇਹ ਸੇਵਾ ਲੈਣੀ ਹੈ। ਇਹ ਬਚਨ ਸੁਣਦੇ ਸਾਰ ਮੇਰੀ ਆਤਮਾ ਇਤਨੀ ਬਲਵਾਨ ਹੋ ਗਈ ਮੈਂ ਸੋਚਦਾ ਕਦੋਂ ਇੰਗਲੈਂਡ ਜਾਵਾਂ ਤੇ ਅੰਮ੍ਰਿਤ ਛਕਾਂ।

ਜਰਮਨੀ ਤੋਂ ਵਾਪਸ ਆ ਕੇ ਸ਼ਾਮ ਨੂੰ ਮੈਂ ਸ਼ੇਪਰਡਬਸ਼ ਗੁਰਦੁਆਰੇ ਗਿਆ। ਮੈਂ ਗੁਰਦੁਆਰੇ ਤੋਂ ਵਾਪਸ ਆ ਰਿਹਾ ਸੀ ਤਾਂ ਰਸਤੇ ਵਿਚ ਭਾਈ ਅਮਰੀਕ ਸਿੰਘ ਮਿਲਿਆ, ਮੈਨੂੰ ਪੁਛਣ ਲੱਗਾ, ਕੀ ਗੱਲ, ਕਿੰਨਾਂ ਚਿਰ ਹੋ ਗਿਆ ਦਰਸ਼ਨ ਹੀ ਨਹੀਂ ਹੋਏ। ਮੈਂ ਦੱਸਿਆ, ਕਿ ਹੋਲੀਡੇ ਗਿਆ ਹੋਇਆ ਸੀ। ਭਾਈ ਸਾਹਿਬ ਨੇ ਹੀ ਮੈਨੂੰ ਪ੍ਰੇਰਨਾ ਦੇ ਕੇ ਸੇਵਾ ਵਿਚ ਲਾਇਆ। ਭਾਈ ਸਾਹਿਬ ਨੂੰ ਬਾਣੀ ਦਾ ਬਹੁਤ ਗਿਆਨ ਹੈ। ਪਾਠ ਬਹੁਤ ਸ਼ੁਧ ਕਰਦੇ ਹਨ। ਜਿਹੜਾ ਵੀ ਪਾਠ ਸੁਣਦਾ ਹੈ ਮੋਹਿਤ ਹੋ ਜਾਂਦਾ ਹੈ। ਪਾਠ ਸੁਣਨ ਦਾ ਬਹੁਤ ਅਨੰਦ ਆਉਂਦਾ ਹੈ। ਮੈਨੂੰ ਕਹਿਣ ਲੱਗੇ, ਜੇ ਗੁਰੂ ਨਾਨਕ ਦੇਵ ਜ਼ੀ ਦੇ ਘਰ ਜਨਮ ਲੈਣਾ ਹੈ ਤਾਂ ਅੰਮ੍ਰਿਤ ਛਕਣਾ ਹੀ ਪੈਣਾ ਹੈ। ਪੂਰਾ ਗੁਰੂ ਪੰਜਾਂ ਪਿਆਰਿਆਂ ਵਿਚ ਵਰਤ ਕੇ ਨਾਮ ਦੀ ਕ੍ਰਿਪਾ ਕਰਦਾ ਹੈ। ਸੰਤ ਪੂਰਨ ਸਿੰਘ ਕਰੀਚੋ ਵਾਲੇ ਆਏ ਹੋਏ ਹਨ। ਕਿਉਂ ਨਾ ਆਪਾਂ ਦੋਨੋ ਅੰਮ੍ਰਿਤ ਛਕ ਲਈਏ। ਮੈਂ ਸੁਣ ਕੇ ਬਹੁਤ ਖੁਸ਼ ਹੋਇਆ ਕਿ ਮਹਾਰਾਜ ਨੇ ਮੇਰੀ ਜਲਦੀ ਸੁਣ ਲਈ। ਮੈਂ ਪੂਰੇ ਗੁਰੂ ਦੀ ਤਲਾਸ਼ ਵਿਚ ਸੀ ਉਹ ਮੈਨੂੰ ਮਿਲ ਗਿਆ। ਦੂਸਰੇ ਦਿਨ ਜਦੋਂ ਮੈਂ ਗੁਰਦੁਆਰੇ ਗਿਆ ਤਾਂ ਗਿਆਨੀ ਅਮੋਲਕ ਸਿੰਘ ਬੜਾ ਰਸ ਭਿੰਨਾ ਕੀਰਤਨ ਕਰ ਰਹੇ ਸਨ। ਗਿਆਨੀ ਜੀ ਨੇ ਇਹ ਸ਼ਬਦ ਪੜ੍ਹਿਆ :

**ਕੂਪੁ ਭਰਿਓ ਜੈਸੇ ਦਾਦਿਰਾ, ਕਛੁ ਦੇਸੁ ਬਿਦੇਸੁ ਨ ਬੂਝ ॥**
**ਐਸੇ ਮੇਰਾ ਮਨੁ ਬਿਖਿਆ ਬਿਮੋਹਿਆ, ਕਛੁ ਆਰਾ ਪਾਰੁ ਨ ਸੂਝ ॥ 1 ॥**
**ਸਗਲ ਭਵਨ ਕੇ ਨਾਇਕਾ, ਇਕੁ ਛਿਨੁ ਦਰਸੁ ਦਿਖਾਇ ਜੀ ।ਰਹਾਉ ॥**
**ਮਲਿਨ ਭਈ ਮਤਿ ਮਾਧਵਾ, ਤੇਰੀ ਗਤਿ ਲਖੀ ਨ ਜਾਇ ॥**
**ਕਰਹੁ ਕ੍ਰਿਪਾ ਭ੍ਰਮੁ ਚੂਕਈ, ਮੈ ਸੁਮਤਿ ਦੇਹੁ ਸਮਝਾਇ ॥ 2 ॥**
**ਜੋਗੀਸਰ ਪਾਵਹਿ ਨਹੀ ਤੁਅ ਗੁਣ ਕਥਨੁ ਅਪਾਰ ॥**
**ਪ੍ਰੇਮ ਭਗਤਿ ਕੈ ਕਾਰਣੈ ਕਹੁ ਰਵਿਦਾਸ ਚਮਾਰ ॥ 3 ॥**

*(ਗਉੜੀ ਪੂਰਬੀ ਰਵਿਦਾਸ ਜੀਉ ਪੰ:–346)*

ਕੀਰਤਨ ਸੁਣ ਕੇ ਬਹੁਤ ਅਨੰਦ ਆਇਆ। ਕੀਰਤਨ ਤੋਂ ਬਾਅਦ ਜਦੋਂ ਲੰਗਰ ਛਕਦੇ ਸੀ ਤਾਂ ਭਾਈ ਅਮਰੀਕ ਸਿੰਘ ਜੀ ਨੇ ਗਿਆਨੀ ਅਮੋਲਕ ਸਿੰਘ ਜੀ ਨਾਲ ਮੁਲਾਕਾਤ ਕਰਾਈ ਤੇ ਕਹਿਣ ਲੱਗੇ ਕਿ ਇਹ ਸਹਿਜਧਾਰੀ ਸਿੰਘ ਹਨ। ਇਸ ਨੂੰ ਅੰਮ੍ਰਿਤ ਛਕਣ ਦਾ ਹੁਕਮ ਹੋਇਆ ਹੈ, ਤੁਸੀਂ ਸਾਡੇ ਤੇ ਕ੍ਰਿਪਾ ਕਰੋ। ਅੰਮ੍ਰਿਤ ਛਕਾਉਣ ਦਾ ਪ੍ਰਬੰਧ ਕਰੋ। ਗਿਆਨੀ ਜੀ ਨੇ ਕਿਹਾ, ਸੰਤ ਪੂਰਨ ਸਿੰਘ ਜੀ ਕਰੀਚੋ ਵਾਲੇ ਇਥੇ ਆਏ ਹੋਏ ਹਨ ਉਹਨਾਂ ਕੋਲ ਬੇਨਤੀ ਕਰਦੇ ਹਾਂ। ਬਾਬਾ ਜੀ ਉਸ ਵੇਲੇ ਆਪਣੀ ਲੜਕੀ ਕੋਲ ਪੇਰੀਵਾਲ ਠਹਿਰੇ ਹੋਏ ਸਨ।

ਦੂਸਰੇ ਦਿਨ ਅਸੀਂ ਚਾਰੇ ਜਣੇ ਦਾਸ, ਭਾਈ ਅਮਰੀਕ ਸਿੰਘ, ਭਾਈ ਭਗੀਰਥ ਸਿੰਘ ਅਤੇ ਗਿਆਨੀ ਅਮੋਲਕ ਸਿੰਘ ਬਾਬਾ ਜੀ ਕੋਲ ਗਏ । ਗਿਆਨੀ ਅਮੋਲਕ ਸਿੰਘ ਨੇ ਬੇਨਤੀ ਕੀਤੀ, ਬਾਬਾ ਜੀ ਇਥੇ ਅੰਮ੍ਰਿਤ ਅਭਿਲਾਖੀ ਸੱਜਣਾਂ ਨੂੰ ਅੰਮ੍ਰਿਤ ਛਕਾਉ । ਇਸ ਵੇਲੇ 25 ਕੁ ਪ੍ਰਾਣੀ ਅੰਮ੍ਰਿਤ ਛਕਣ ਨੂੰ ਤਿਆਰ ਹਨ । ਬਾਬਾ ਜੀ ਨੇ ਕਿਹਾ, ਮੇਰੇ ਨਾਲ ਇਥੇ ਕੋਈ ਸਿੰਘ ਨਹੀਂ ਹੈ । ਤੁਸੀਂ ਪੰਜ ਸਿੰਘ ਲੱਭ ਲਵੋ । ਜਿਹੜੇ ਮੀਟ ਸ਼ਰਾਬ ਆਦਿ ਨਾ ਕਰਦੇ ਹੋਣ । ਬਾਣੀ ਪੜ੍ਹਨ ਤੇ ਸਿਮਰਨ ਕਰਨ ਵਾਲੇ ਹੋਣ । ਅਸੀਂ ਬੜੀ ਸਿੰਘਾਂ ਦੀ ਭਾਲ ਕੀਤੀ, ਪਰ ਸਾਨੂੰ ਪੰਜ ਸਿੰਘ ਨਹੀਂ ਮਿਲੇ, ਕੋਈ ਪ੍ਰਬੰਧ ਨਾ ਹੋ ਸਕਿਆ । ਬਾਬਾ ਜੀ ਵਾਪਸ ਅਫਰੀਕਾ ਚਲੇ ਗਏ । ਇਸੇ ਤਰ੍ਹਾਂ ਛੇ ਮਹੀਨੇ ਲੰਘ ਗਏ ।

*****



ਭਾਈ ਧਰਮ ਸਿੰਘ, ਭਾਈ ਨੰਦ ਸਿੰਘ, ਭਾਈ ਸੁੱਚਾ ਸਿੰਘ, ਭਾਈ ਨੌਨਿਹਾਲ ਸਿੰਘ ਤੇ ਭਾਈ ਹਰਦੇਵ ਸਿੰਘ। ਇਨ੍ਹਾਂ ਨੇ ਕਾਵੈਂਟਰੀ ਗੁਰਦੁਆਰੇ ਦਾ ਉਦਘਾਟਨ ਕੀਤਾ। ਉਸ ਸਮੇਂ ਇੰਗਲੈਂਡ ਵਿਚ ਪੰਜ ਪੂਰੇ ਰਹਿਤਵਾਨ ਸਿੰਘ ਨਹੀਂ ਸਨ।

# ਇੰਗਲੈਂਡ ਵਿਚ ਪਹਿਲੀ ਰੈਣ ਸਬਾਈ

ਇੰਗਲੈਂਡ ਵਿਚ ਪਹਿਲੀ ਰੈਣ ਸਬਾਈ ਕੀਰਤਨ ਦਾ ਪ੍ਰੋਗਰਾਮ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਦਿਨ ਤੇ ਗਰੀਨ ਗੁਰਦੁਆਰਾ ਸਾਊਥਲ ਵਿਖੇ 1968 ਈ: ਨੂੰ ਹੋਇਆ। ਗਿਆਨੀ ਅਮੋਲਕ ਸਿੰਘ ਜੀ ਨੇ ਇਥੇ ਰੈਣ ਸਬਾਈ (ਕੀਰਤਨ) ਦੀ ਲਹਿਰ ਸੁਰੂ ਕੀਤੀ। ਗਿਆਨੀ ਜੀ ਨੇ ਪੰਜ ਘੰਟ ਬਹੁਤ ਰਸ ਭਿੰਨਾ ਕੀਰਤਨ ਕੀਤਾ। ਉਨ੍ਹਾਂ ਨੇ ਇਸ ਸ਼ਬਦ ਨਾਲ ਰੈਣ ਸਬਾਈ ਅਰੰਭ ਕੀਤੀ।

ਰਾਜਨ ਮਹਿ ਤੂੰ ਰਾਜਾ ਕਹੀਅਹਿ ਭੂਮਨ ਮਹਿ ਭੂਮਾ ॥
ਠਾਕੁਰ ਮਹਿ ਠਕੁਰਾਈ ਤੇਰੀ ਕੋਮਨ ਸਿਰਿ ਕੋਮਾ ॥ 1 ॥
ਪਿਤਾ ਮੇਰੋ ਬਡੋ ਧਨੀ ਅਗਮਾ ॥
ਉਸਤਤਿ ਕਵਨ ਕਰੀਜੈ ਕਰਤੇ ਪੇਖਿ ਰਹੇ ਬਿਸਮਾ ॥ 1 ॥ ਰਹਾਉ ॥
ਸੁਖੀਅਨ ਮਹਿ ਸੁਖੀਆ ਤੂੰ ਕਹੀਅਹਿ ਦਾਤਨ ਸਿਰਿ ਦਾਤਾ ॥
ਤੇਜਨ ਮਹਿ ਤੇਜਵੰਸੀ ਕਹੀਅਹਿ ਰਸੀਅਨ ਮਹਿ ਰਾਤਾ ॥ 2 ॥
ਸੂਰਨ ਮਹਿ ਸੂਰਾ ਤੂੰ ਕਹਿਅਹਿ ਭੋਗਨ ਮਹਿ ਭੋਗੀ ॥
ਗ੍ਰਸਤਨ ਮਹਿ ਤੂੰ ਬਡੋ ਗ੍ਰਿਹਸਤੀ ਜੋਗਨ ਮਹਿ ਜੋਗੀ ॥ 3 ॥
ਕਰਤਨ ਮਹਿ ਤੂੰ ਕਰਤਾ ਕਹੀਅਹਿ ਆਚਾਰਨ ਮਹਿ ਆਚਾਰੀ ॥
ਸਾਹਨ ਮਹਿ ਤੂੰ ਸਾਚਾ ਸਾਹਾ ਵਾਪਾਰਨ ਮਹਿ ਵਾਪਾਰੀ ॥ 4 ॥
ਦਰਬਾਰਨ ਮਹਿ ਤੇਰੋ ਦਰਬਾਰਾ ਸਰਨ ਪਾਲਨ ਟੀਕਾ ॥
ਲਖਿਮੀ ਕੇਤਕ ਗਨੀ ਨ ਜਾਈਐ ਗਨਿ ਨ ਸਕਉ ਸੀਕਾ ॥ 5 ॥
ਨਾਮਨ ਮਹਿ ਤੇਰੋ ਪ੍ਰਭ ਨਾਮਾ ਗਿਆਨਨ ਮਹਿ ਗਿਆਨੀ ॥
ਜੁਗਤਨ ਮਹਿ ਤੇਰੀ ਪ੍ਰਭ ਜੁਗਤਾ ਇਸਨਾਨਨ ਮਹਿ ਇਸਨਾਨੀ ॥ 6 ॥
ਸਿਧਨ ਮਹਿ ਤੇਰੀ ਪ੍ਰਭ ਸਿਧਾ, ਕਰਮਨ ਸਿਰਿ ਕਰਮਾ ॥
ਆਗਿਆ ਮਹਿ ਤੇਰੀ ਪ੍ਰਭ ਆਗਿਆ, ਹੁਕਮਨ ਸਿਰ ਹੁਕਮਾ ॥ 7 ॥
ਜਿਉ ਬੋਲਾਵਹਿ ਤਿਉ ਬੋਲਹਿ ਸੁਆਮੀ, ਕੁਦਰਤਿ ਕਵਨ ਹਮਾਰੀ ॥
ਸਾਧਸੰਗਿ ਨਾਨਕ ਜਸੁ ਗਾਇਓ ਜੋ ਪ੍ਰਭ ਕੀ ਅਤਿ ਪਿਆਰੀ ॥ 8 ॥

*(ਗੂਜਰੀ ਮ: 5 ਪੰ:–507)*

ਗਿਆਨੀ ਜੀ ਨੇ ਇਹ ਦੂਸਰਾ ਸ਼ਬਦ ਪੜ੍ਹਿਆ :

ਅਤਿ ਪ੍ਰੀਤਮ ਮਨ ਮੋਹਨਾ, ਘਟ ਸੋਹਨਾ ਪ੍ਰਾਨ ਅਧਾਰਾ ਰਾਮ ॥
ਸੁੰਦਰ ਸੋਭਾ ਲਾਲ ਗੋਪਾਲ ਦਇਆਲ ਕੀ ਅਪਰ ਅਪਾਰਾ ਰਾਮ ॥
ਗੋਪਾਲ ਦਇਆਲ ਗੋਬਿੰਦ ਲਾਲਨ, ਮਿਲਹੁ ਕੰਤ ਨਿਮਾਣੀਆ ॥
ਨੈਨ ਤਰਸਨ, ਦਰਸ ਪਰਸਨ, ਨਹ ਨੀਦ ਰੈਣਿ ਵਿਹਾਣੀਆ ॥

ਗਿਆਨ ਅੰਜਨ ਨਾਮ ਬਿੰਜਨ, ਭਏ ਸਗਲ ਸੀਗਾਰਾ ॥
ਨਾਨਕੁ ਪਇਅੰਪੈ ਸੰਤ ਜੰਪੈ, ਮੇਲਿ ਕੰਤੁ ਹਮਾਰਾ ॥
(ਬਿਹਾਗੜਾ ਮ: 5 ਪੰ: -542)

ਗਿਆਨੀ ਜੀ ਦੀਆਂ ਲੜਕੀਆਂ ਭੁਪਿੰਦਰ ਕੌਰ ਤੇ ਰਮਿੰਦਰ ਕੌਰ ਨੇ ਬਹੁਤ ਸੁੰਦਰ ਕੀਰਤਨ ਕੀਤਾ। ਇਹ ਸ਼ਬਦ ਪੜ੍ਹਿਆ :-

ਮੁਰ ਪਿਤ ਪੂਰਬ ਕੀਯਸਿ ਪਯਾਨਾ ॥ ਭਾਂਤਿ ਭਾਂਤਿ ਕੇ ਤੀਰਥਿ ਨਾਨਾ ॥
ਜਬ ਹੀ ਜਾਤ ਤ੍ਰਿਬੇਣੀ ਭਏ ॥ ਪੁੰਨ ਦਾਨ ਦਿਨ ਕਰਤ ਬਿਤਏ ।
ਤਹੀ ਪ੍ਰਕਾਸ ਹਮਾਰਾ ਭਯੋ ॥ ਪਟਨਾ ਸਹਰ ਬਿਖੈ ਭਵ ਲਯੋ ॥
ਮਦ੍ਰ ਦੇਸ ਹਮ ਕੋ ਲੇ ਆਏ ॥ ਭਾਂਤਿ ਦਾਈਆਨਿ ਦੁਲਰਾਏ ॥
ਕੀਨੀ ਅਨਿਕ ਭਾਂਤਿ ਤਨ ਰੱਛਾ ॥ ਦੀਨੀ ਭਾਂਤਿ ਭਾਂਤਿ ਕੀ ਸਿੱਛਾ ॥
ਜਬ ਹਮ ਧਰਮ ਕਰਮ ਮੋ ਆਏ ॥ ਦੇਵ ਲੋਕ ਤਬ ਪਿਤਾ ਸਿਧਾਏ ॥
(ਚੌਪਈ)

ਮੱਖਣ ਸਿੰਘ ਦੀ ਲੜਕੀ ਨੇ ਇਹ ਸ਼ਬਦ ਪੜ੍ਹਿਆ :-

ਹਮ ਘਰਿ ਸਾਜਨ ਆਏ ॥ ਸਾਚੈ ਮੇਲਿ ਮਿਲਾਏ ॥
ਸਹਜਿ ਮਿਲਾਏ ਹਰਿ ਮਨਿ ਭਾਏ ਪੰਚ ਮਿਲੇ ਸੁਖੁ ਪਾਇਆ ॥
ਸਾਈ ਵਸਤੁ ਪਰਾਪਤਿ ਹੋਈ, ਜਿਸੁ ਸੇਤੀ ਮਨੁ ਲਾਇਆ ॥
ਅਨਦਿਨੁ ਮੇਲੁ ਭਇਆ ਮਨੁ ਮਾਨਿਆ, ਘਰ ਮੰਦਰ ਸੋਹਾਏ ॥
ਪੰਚ ਸਬਦ ਧੁਨਿ ਅਨਹਦ ਵਾਜੇ, ਹਮ ਘਰਿ ਸਾਜਨ ਆਏ ॥
ਆਵਹੁ ਮੀਤ ਪਿਆਰੇ ॥ ਮੰਗਲ ਗਾਵਹੁ ਨਾਰੇ ॥
ਸਚੁ ਮੰਗਲੁ ਗਾਵਹੁ, ਤਾ ਪ੍ਰਭ ਭਾਵਹੁ ਸੋਹਿਲੜਾ ਜੁਗ ਚਾਰੇ ॥
ਅਪਨੈ ਘਰਿ ਆਇਆ ਥਾਨਿ ਸੁਹਾਇਆ, ਕਾਰਜ ਸਬਦਿ ਸਵਾਰੇ ॥
ਗਿਆਨ ਮਹਾ ਰਸੁ ਨੇਤ੍ਰੀ ਅੰਜਨੁ ਤ੍ਰਿਭਵਣ ਰੂਪੁ ਦਿਖਾਇਆ ॥
ਸਖੀ ਮਿਲਹੁ, ਰਸਿ ਮੰਗਲੁ ਗਾਵਹੁ ਹਮ ਘਰਿ ਸਾਜਨੁ ਆਇਆ ॥2॥
(ਸੂਹੀ ਮ: 1 ਪੰ: -764)

ਬਾਉਰੇ ਦੇ ਲੜ੍ਹਕੇ ਨੇ. ਇਹ ਸ਼ਬਦ ਪੜ੍ਹਿਆ

ਤੇਰੈ ਭਰੋਸੈ ਪਿਆਰੇ, ਮੈ ਲਾਡ ਲਡਾਇਆ ॥
ਭੂਲਹਿ ਚੂਕਹਿ ਬਾਰਿਕ, ਤੂੰ ਹਰਿ ਪਿਤਾ ਮਾਇਆ ॥ 1 ॥
ਸੁਹੇਲਾ ਕਹਨੁ ਕਹਾਵਨੁ ॥ ਤੇਰਾ ਬਿਖਮੁ ਭਾਵਨੁ ॥ 1 ॥ ਰਹਾਉ ॥
ਹਉ ਮਾਣੁ ਤਾਣੁ ਕਰਉ ਤੇਰਾ ਹਉ ਜਾਨਉ ਆਪਾ ॥
ਸਭ ਹੀ ਮਧਿ ਸਭਹਿ ਤੇ ਬਾਹਰਿ, ਬੇਮੁਹਤਾਜ ਬਾਪਾ ॥ 2 ॥
ਪਿਤਾ ਹਉ ਜਾਨਉ ਨਾਹੀ ਤੇਰੀ ਕਵਨ ਜੁਗਤਾ ॥

ਬੰਧਨ ਮੁਕਤੁ ਸੰਤਹੁ ਮੇਰੀ ਰਾਖੈ ਮਮਤਾ ॥ 3 ॥
ਭਏ ਕਿਰਪਾਲ ਠਾਕੁਰ ਰਹਿਓ ਆਵਣ ਜਾਣਾ ॥
ਗੁਰ ਮਿਲਿ ਨਾਨਕ ਪਾਰਬ੍ਰਹਮੁ ਪਛਾਣਾ ॥ 4 ॥ 2 ॥
*(ਸਿਰੀਰਾਗੁ ਮ: 5 ਪੰ:–51)*

ਮੈਨੂੰ ਇਸ ਕੀਰਤਨ ਦਾ ਪਹਿਲੀ ਵਾਰੀ ਅਨੰਦ ਪ੍ਰਾਪਤ ਹੋਇਆ । ਸਿੰਘ ਸਭਾ ਗੁਰਦੁਆਰੇ ਦੇ ਗ੍ਰੰਥੀ ਜੋਗਿੰਦਰ ਸਿੰਘ ਦੇ ਬੱਚਿਆਂ ਨੇ ਤਬਲੇ ਤੇ ਕੀਰਤਨ ਦੀ ਸੇਵਾ ਕੀਤੀ । ਸੰਗਤਾਂ ਨੇ ਕੀਰਤਨ ਦਾ ਬਹੁਤ ਅਨੰਦ ਮਾਣਿਆ । ਤਕਰੀਬਨ 400 ਦੇ ਲਗਭਗ ਸੰਗਤ ਇਕੱਠੀ ਹੋ ਗਈ ਸੀ । ਬਾਹਰ ਤੋਂ ਵੀ ਸੰਗਤ ਆਈ ਹੋਈ ਸੀ । ਸਾਰੀ ਰਾਤ ਚਾਹ ਤੇ ਲੰਗਰ ਦਾ ਪ੍ਰੋਗਰਾਮ ਚਲਦਾ ਰਿਹਾ ।

*****

# ਅੰਮ੍ਰਿਤ ਛਕਣਾ

ਰੈਣ ਸਬਾਈ ਕੀਰਤਨ ਤੋਂ ਥੋੜ੍ਹੀ ਦੇਰ ਬਾਅਦ ਅਫਰੀਕਾ ਤੋਂ ਸਿੰਘ ਇਧਰ ਆਉਣ ਲਗੇ। ਗਿਆਨੀ ਅਮੋਲਕ ਸਿੰਘ ਜੀ ਨੇ ਪੰਜਾਂ ਸਿੰਘਾਂ ਦਾ ਪ੍ਰਬੰਧ ਕੀਤਾ। ਜਿਨ੍ਹਾਂ ਦੇ ਨਾਮ ਹਨ 1 ਭਾਈ ਜਵਾਲਾ ਸਿੰਘ, 2 ਭਾਈ ਠਾਕੁਰ ਸਿੰਘ, 3 ਭਾਈ ਮਹਿੰਦਰ ਸਿੰਘ ਲਾਲ, 4 ਗਿਆਨੀ ਅਮੋਲਕ ਸਿੰਘ, 5 ਭਾਈ ਪ੍ਰਤਿਪਾਲ ਸਿੰਘ।

ਭਾਈ ਮੀਹਾ ਸਿੰਘ ਨੇ ਗ੍ਰੰਥੀ ਦੀ ਸੇਵਾ ਨਿਭਾਈ। ਉਸ ਦਿਨ ਵਿਸਾਖੀ ਸੀ। 13 ਅਪ੍ਰੈਲ 1969 ਨੂੰ ਅੰਮ੍ਰਿਤ ਸੰਚਾਰ ਦਾ ਪ੍ਰੋਗਰਾਮ 11 ਬਿਕਨਸਫੀਲਡ ਰੋਡ ਗੁਰਦੁਆਰੇ ਕੀਤਾ ਗਿਆ। ਪੂਰੀ ਮਰਿਆਦਾ ਨਾਲ ਅੰਮ੍ਰਿਤ ਛਕਾਇਆ ਗਿਆ। ਸਿੰਘ ਸਿੰਘਣੀਆਂ ਨੇ ਦਸਤਾਰਾਂ ਸਜਾਈਆਂ। ਜਿਨ੍ਹਾਂ ਪ੍ਰਾਣੀਆਂ ਨੇ ਅੰਮ੍ਰਿਤ ਛਕਿਆ ਉਨ੍ਹਾਂ ਸਾਰਿਆਂ ਨੂੰ ਨਾਮ ਦਾ ਰਸ ਬਹੁਤ ਚੜ੍ਹਿਆ। ਸਾਰੇ ਲੋਟ ਪੋਟ ਹੋ ਗਏ। ਗਿਆਨੀ ਜੀ ਇਹ ਦ੍ਰਿਸ਼ ਦੇਖ ਕੇ ਕਹਿਣ ਲੱਗੇ ਕਿ ਐਸੇ ਰੰਗ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਵੇਲੇ ਅੰਮ੍ਰਿਤ ਸੰਚਾਰ 'ਤੇ ਹੁੰਦੇ ਸਨ। ਉਸ ਵਕਤ 25 ਪ੍ਰਾਣੀਆਂ ਨੇ ਅੰਮ੍ਰਿਤ ਛਕਿਆ। ਉਸ ਵੇਲੇ ਇਹ ਹੁਕਮਨਾਮਾ ਆਇਆ :-

ਗੁਰਿ ਪੂਰੈ ਚਰਨੀ ਲਾਇਆ ॥ ਹਰਿ ਸੰਗਿ ਸਹਾਈ ਪਾਇਆ ॥
ਜਹ ਜਾਈਐ ਤਹਾ ਸੁਹੇਲੇ ॥ ਕਰਿ ਕਿਰਪਾ ਪ੍ਰਭਿ ਮੇਲੇ ॥ 1 ॥
ਹਰਿ ਗੁਣ ਗਾਵਹੁ ਸਦਾ ਸੁਭਾਈ ॥
ਮਨ ਚਿੰਦੇ ਸਗਲੇ ਫਲ ਪਾਵਹੁ, ਜੀਅ ਕੈ ਸੰਗਿ ਸਹਾਈ ॥ 1 ॥ ਰਹਾਉ ॥
ਨਾਰਾਇਣ ਪ੍ਰਾਣ ਅਧਾਰਾ ॥ ਹਮ ਸੰਤ ਜਨਾਂ ਰੇਨਾਰਾ ॥
ਪਤਿਤ ਪੁਨੀਤ ਕਰਿ ਲੀਨੇ ॥ ਕਰਿ ਕਿਰਪਾ ਹਰਿ ਜਸੁ ਦੀਨੇ ॥ 2 ॥
ਪਾਰਬ੍ਰਹਮੁ ਕਰੇ ਪ੍ਰਤਿਪਾਲਾ ॥ ਸਦ ਜੀਅ ਸੰਗਿ ਰਖਵਾਲਾ ॥
ਹਰਿ ਦਿਨੁ ਰੈਨਿ ਕੀਰਤਨੁ ਗਾਈਐ ॥ ਬਹੁੜਿ ਨ ਜੋਨੀ ਪਾਈਐ ॥ 3 ॥
ਜਿਸੁ ਦੇਵੈ ਪੁਰਖੁ ਬਿਧਾਤਾ ॥ ਹਰਿ ਰਸੁ ਤਿਨ ਹੀ ਜਾਤਾ ॥
ਜਮਕੰਕਰੁ ਨੇੜਿ ਨ ਆਇਆ ॥ ਸੁਖੁ ਨਾਨਕ ਸਰਣੀ ਪਾਇਆ ॥ 4 ॥

*(ਸੋਰਠਿ ਮ: 5 ਪੰ:-623)*

ਹਰਿ ਜੋਤਿ ਰਖੀ ਤੁਧੁ ਵਿਚਿ, ਤਾ ਤੂ ਜਗ ਮਹਿ ਆਇਆ ॥

*(ਅਨੰਦ ਸਾਹਿਬ)*

ਗੁਰੂ ਅਮਰਦਾਸ ਮਹਾਰਾਜ ਜੀ ਦੇ ਬਚਨ ਹਨ ਕਿ ਹਰ ਇੱਕ ਜੀਵ ਵਿੱਚ ਪ੍ਰਮਾਤਮਾ ਨੇ ਜੋਤ ਰੱਖੀ ਹੈ। ਜੋਤ ਬੁੱਝ ਜਾਂਦੀ ਹੈ ਤਾਂ ਬੰਦਾ ਮਰ ਜਾਂਦਾ ਹੈ। ਸਭ ਤੋਂ ਉਤਮ ਜੂਨ ਇਨਸਾਨ ਦੀ ਹੈ। ਜੀਵ ਨੂੰ ਮਾਨਸ ਦੇਹੀ ਮਿਲੀ ਹੈ। ਮਨੁੱਖ ਨੂੰ ਹੀ ਇਹ ਸੋਝੀ ਬਖਸ਼ੀ ਹੈ ਕਿ ਆਪਣੇ ਹਿਰਦੇ ਅੰਦਰ ਨਾਮ ਜਪ ਕੇ ਪ੍ਰਕਾਸ਼ ਕਰ ਸਕਦਾ ਹੈ। ਕਈ

ਗੁਰਸਿੱਖਾਂ ਦੇ ਪਿਛਲੇ ਕਰਮ ਇਤਨੇ ਬਲਵਾਨ ਹੁੰਦੇ ਹਨ ਕਿ ਜਦੋਂ ਪੰਜ ਪਿਆਰੇ ਸਿਰ ਉਪਰ ਹੱਥ ਰੱਖ ਕੇ ਨਾਮ ਜਪਾਉਂਦੇ ਹਨ ਤਾਂ ਹਿਰਦੇ ਅੰਦਰ ਪ੍ਰਕਾਸ਼ ਹੋ ਜਾਂਦਾ ਹੈ। ਦਾਸ ਨੇ ਕਈ ਕੌਤਕ ਦੇਖੇ ਹਨ ਕਿ ਬੀਬੀਆਂ ਤੇ ਜਿਆਦਾ ਕੌਤਕ ਵਰਤਦੇ ਹਨ। ਕਈਆਂ ਦਾ ਪ੍ਰਕਾਸ਼ ਘੰਟਾ ਰਹਿੰਦਾ ਹੈ ਤੇ ਫਿਰ ਬੁੱਝ ਜਾਂਦਾ ਹੈ। ਕਈਆਂ ਦਾ ਦੋ ਦਿਨ, ਇਕ ਹਫਤਾ, ਕਈਆਂ ਦੀ ਬੁੱਧੀ ਇਤਨੀ ਮਲੀਨ ਹੁੰਦੀ ਹੈ ਕਿ ਪ੍ਰਕਾਸ਼ ਹੁੰਦਾ ਹੀ ਨਹੀਂ, ਉਨ੍ਹਾਂ ਨੂੰ ਬਹੁਤ ਜਿਆਦਾ ਕਮਾਈ ਕਰਨ ਦੀ ਜ਼ਰੂਰਤ ਹੈ।

ਦਾਸ ਨੇ ਜਦੋਂ ਅੰਮ੍ਰਿਤਪਾਨ ਕੀਤਾ ਤਾਂ ਬਹੁਤ ਕਲਾ ਵਰਤੀ ਸੀ। ਪੰਜਾਂ ਪਿਆਰਿਆਂ ਨੇ ਨਾਮ ਦ੍ਰਿੜ ਕਰਾਇਆ ਤਾਂ ਕੋਈ ਸੁੱਧ ਬੁੱਧ ਨਹੀਂ ਰਹੀ, ਅੱਖਾਂ ਬੰਦ ਹੋ ਗਈਆਂ ਫਿਰ ਵੀ ਮੈਂ ਸਾਰਾ ਨਜ਼ਾਰਾ ਦੇਖ ਰਿਹਾ ਸੀ। ਘਰ ਜਾ ਕੇ ਵੀ ਸਿਮਰਨ ਕਰਦਾ ਰਿਹਾ। ਉਸ ਰਾਤ ਨੀਂਦ ਵੀ ਨਹੀਂ ਆਈ। ਸਾਰੀ ਰਾਤ ਆਪਣੇ ਆਪ ਸਿਮਰਨ ਚਲਦਾ ਰਿਹਾ। ਇਸ ਤਰ੍ਹਾਂ ਲੱਗਦਾ ਸੀ ਕਿ ਅੰਦਰ ਦੀਵਾ ਜਗ ਗਿਆ ਹੈ। ਇਸ ਦਾ ਪ੍ਰਕਾਸ਼ ਅਸਮਾਨ ਵਿੱਚ ਚਮਕਦੀ ਬਿਜਲੀ ਵਾਂਗ ਹੁੰਦਾ ਹੈ, ਉਹ ਤਾਂ ਸੈਕਿੰਡਾਂ ਬਾਅਦ ਬੁੱਝ ਜਾਂਦੀ ਹੈ ਪਰ ਇਸ ਦਾ ਪ੍ਰਕਾਸ਼ ਚਮਕਦਾ ਰਹਿੰਦਾ ਹੈ। ਇਸ ਦਾ ਨਜ਼ਾਰਾ ਵਰਨਣ ਕਰਨਾ ਬਹੁਤ ਮੁਸ਼ਕਲ ਹੈ।

ਜਦੋਂ ਪ੍ਰਕਾਸ਼ ਹੁੰਦਾ ਹੈ ਤਾਂ ਨਾਮ ਜਪਣ ਵਿੱਚ ਬਹੁਤ ਅਨੰਦ ਆਉਂਦਾ ਹੈ। ਦਿਲ ਕਰਦਾ ਹੈ ਜਪਦੇ ਹੀ ਰਹੀਏ। ਪਿਛਲੀ ਕਮਾਈ ਕਰਕੇ ਦੀਵਾ ਇੱਕ ਮਹੀਨੇ ਤੱਕ ਜਗਦਾ ਰਿਹਾ, ਫਿਰ ਕੰਮ ਦੇ ਵਾਤਾਵਰਣ ਨਾਲ ਮਨ ਡੋਲਣ ਲੱਗਾ ਅਤੇ ਦੀਵਾ ਬੁੱਝ ਗਿਆ। ਗੁਰਸਿੱਖਾਂ ਉਪਰ ਕਈ ਕਲਾ ਵਰਤ ਜਾਂਦੀਆਂ ਹਨ ਅਤੇ ਦੀਵਾ ਜਗ ਜਾਂਦਾ ਹੈ ਪਰ ਕਾਮ ਕਰੋਧ ਮਹਾਂਬਲੀ ਹਨ ਇਹ ਬੁਝਾ ਜਾਂਦੇ ਹਨ। ਦੁਬਾਰਾ ਮਿਹਨਤ ਕਰਨੀ ਪੈਂਦੀ ਹੈ ਅਤੇ ਜਗ ਜਾਂਦਾ ਹੈ। ਕੋਈ ਵਿਘਨ ਪੈ ਗਿਆ ਫਿਰ ਬੁਝ ਜਾਂਦਾ ਹੈ। ਮਿਹਨਤ ਕਰਕੇ ਫਿਰ ਜਗ ਜਾਂਦਾ ਹੈ। ਇਸ ਤਰ੍ਹਾਂ ਜਗਦਾ ਬੁਝਦਾ ਰਹਿੰਦਾ ਹੈ। ਦੀਵੇ ਨੂੰ ਹਮੇਸ਼ਾ ਜਗਾਉਣ ਵਾਸਤੇ ਕਈ-ਕਈ ਘੰਟੇ ਲਗਾਤਾਰ ਸਿਮਰਨ ਕਰਨ ਦੀ ਜ਼ਰੂਰਤ ਹੈ। ਜਿੰਨ੍ਹਾਂ ਨੇ ਕਦੀ ਸਿਮਰਨ ਨਹੀਂ ਕੀਤਾ ਉਨ੍ਹਾਂ ਦਾ ਦੀਵਾ ਬੁੱਝਿਆ ਰਹਿੰਦਾ ਹੈ। ਉਹ ਦੂਸਰਿਆਂ ਦਾ ਦੀਵਾ ਨਹੀਂ ਜਗਾ ਸਕਦੇ। ਜਿੰਨ੍ਹਾਂ ਮਹਾਂਪੁਰਖਾਂ ਨੂੰ ਸਤਿਗੁਰੂ ਜੀ ਪ੍ਰਚਾਰ ਕਰਨ ਲਈ ਭੇਜਦੇ ਹਨ ਉਨ੍ਹਾਂ ਦਾ ਦੀਵਾ ਜਗਦਾ ਰਹਿੰਦਾ ਹੈ। ਮੁਕਤੀ ਪਾਉਣ ਵਾਸਤੇ ਹਿਰਦੇ ਅੰਦਰ ਪ੍ਰਕਾਸ਼ ਹੋਣਾ ਬਹੁਤ ਜ਼ਰੂਰੀ ਹੈ।

ਜਿੰਨ੍ਹਾਂ ਪ੍ਰਾਣੀਆਂ ਨੇ ਅੰਮ੍ਰਿਤਪਾਨ ਕੀਤਾ ਉਨ੍ਹਾਂ ਨੇ ਕਈ ਸਾਲ ਗੁਰੂ ਘਰ ਭਾਂਡਿਆਂ ਦੀ ਸੇਵਾ ਕੀਤੀ। ਇਨ੍ਹਾਂ ਵਿਚੋਂ ਕਈਆਂ ਦੇ ਨਾਮ ਇਸ ਤਰ੍ਹਾਂ ਹਨ। ਦਾਸ, ਭਾਈ ਭਗੀਰਥ ਸਿੰਘ, ਭਾਈ ਅਮਰੀਕ ਸਿੰਘ, ਭਾਈ ਦਵਿੰਦਰ ਸਿੰਘ, ਬੀਬੀ ਪ੍ਰਕਾਸ਼ ਕੌਰ, ਭਾਈ ਹਰਦਿਆਲ ਸਿੰਘ। ਬਰਮਿੰਗਮ ਅਤੇ ਕਵੈਂਟਰੀ ਆਦਿ ਕਈ ਥਾਵਾਂ ਤੋਂ ਸਿੰਘ ਆਏ ਸਨ। ਇਹ ਇੰਗਲੈਂਡ ਵਿੱਚ ਸਭ ਤੋਂ ਪਹਿਲਾਂ ਅੰਮ੍ਰਿਤ ਸੰਚਾਰ ਦਾ ਪ੍ਰੋਗਰਾਮ ਸੀ। ਇਸ ਤੋਂ ਬਾਅਦ ਇੰਗਲੈਂਡ ਵਿਚ ਅੰਮ੍ਰਿਤ ਸੰਚਾਰ ਦੀ ਲਹਿਰ ਸ਼ੁਰੂ ਹੋ ਗਈ। ਮੈਨੂੰ ਅਜੇ

ਇਕ ਹਫਤਾ ਹੀ ਅੰਮ੍ਰਿਤ ਛਕੇ ਨੂੰ ਹੋਇਆ ਸੀ, ਕਿ ਅਮਰੀਕਾ ਤੋਂ ਗੋਰੇ ਸਿੰਘ ਸਿੰਘਣੀਆਂ ਅੰਮ੍ਰਿਤ ਛਕਣ ਵਾਸਤੇ ਆ ਗਏ। ਗਿਆਨੀ ਅਮੋਲਕ ਸਿੰਘ ਜੀ ਨੇ ਮੈਨੂੰ ਕਿਹਾ, ਤੁਸੀਂ ਹੁਣ ਪੰਜ ਪਿਆਰਿਆਂ ਵਿਚ ਸੇਵਾ ਕਰਨੀ ਹੈ। ਉਸ ਵੇਲੇ ਮੈਨੂੰ ਉਹ ਕੌਤਕ ਸਾਹਮਣੇ ਆ ਗਿਆ ਜਿਹੜਾ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਜਰਮਨੀ ਵਿਚ ਰਾਤ ਨੂੰ ਸਾਖਸਾਤ ਰੂਪ ਵਿਚ ਕਿਹਾ ਸੀ ਕਿ ਅੰਮ੍ਰਿਤ ਛਕ ਕੇ ਅੰਮ੍ਰਿਤ ਛਕਾਉਣ ਦੀ ਸੇਵਾ ਕਰਨੀ ਹੈ। ਮਹਾਰਾਜ ਜੀ ਦੇ ਬਚਨ ਪੂਰੇ ਹੋ ਗਏ। ਅੰਮ੍ਰਿਤ ਛਕਣ ਤੋਂ ਇਕ ਹਫਤੇ ਬਾਅਦ ਮਹਾਰਾਜ ਜੀ ਨੇ ਸੇਵਾ ਬਖਸ਼ ਦਿਤੀ। ਦਾਸ ਇਸ ਸੇਵਾ ਦੇ ਲਾਇਕ ਨਹੀਂ ਸੀ। ਪਰ ਗੁਰੂ ਜੀ ਦੀ ਵਡਿਆਈ ਦੇਖੋ ਜਿਸ ਤਰ੍ਹਾਂ ਛੱਜੂ ਦੇ ਸਿਰ ਤੇ ਸੋਟੀ ਰੱਖ ਕੇ ਸ੍ਰੀ ਗੁਰੂ ਹਰਿ ਕ੍ਰਿਸ਼ਨ ਮਹਾਰਾਜ ਜੀ ਨੇ ਗੀਤਾ ਦੇ ਸਲੋਕਾਂ ਦੇ ਅਰਥ ਕਰਾਏ ਇਸੇ ਤਰ੍ਹਾਂ ਦਾਸ ਤੇ ਵੀ ਮਹਾਰਾਜ ਨੇ ਕ੍ਰਿਪਾ ਕਰਕੇ ਪੰਜ ਪਿਆਰਿਆਂ ਦੀ ਸੇਵਾ ਬਖਸ਼ੀ।

ਕੁਰੂਕਸ਼ੇਤਰ ਦੇ ਪੰਡਿਤ ਲਾਲੂ ਨੂੰ ਆਪਣੀ ਵਿਦਿਆ ਦਾ ਬਹੁਤ ਮਾਣ ਸੀ। ਸ੍ਰੀ ਗੁਰੂ ਹਰਕ੍ਰਿਸ਼ਨ ਮਹਾਰਾਜ ਜੀ ਦਿੱਲੀ ਨੂੰ ਜਾਂਦੇ ਹੋਏ ਇਥੇ ਠਹਿਰੇ। ਗੁਰੂ ਜੀ ਦੇ ਨਾਲ ਬਹੁਤ ਸੰਗਤ ਸੀ। ਇੰਨਾ ਵੱਡਾ ਇਕੱਠ ਦੇਖ ਕੇ ਇਸ ਨੇ ਪੁੱਛਿਆ, ਇੰਨੇ ਲੋਕ ਕਿਉਂ ਇਕੱਠੇ ਹੋਏ ਹਨ। ਉਨ੍ਹਾਂ ਵਿਚੋਂ ਕਿਸੇ ਨੇ ਦੱਸਿਆ, ਗੁਰੂ ਨਾਨਕ ਦੇਵ ਜੀ ਦੀ ਅਠਵੀਂ ਜੋਤ ਸ੍ਰੀ ਗੁਰੂ ਹਰਕ੍ਰਿਸ਼ਨ ਜੀ ਮਹਾਰਾਜ ਸੰਗਤਾਂ ਨੂੰ ਨਿਹਾਲ ਕਰ ਰਹੇ ਹਨ। ਪੰਡਤ ਲਾਲੂ ਬਹੁਤ ਹੰਕਾਰ ਨਾਲ ਬੋਲਿਆ ਮੈਂ ਤਾਂ ਮੰਨਾਂਗਾ ਜੇ ਗੀਤਾ ਦੇ ਅਰਥ ਕਰ ਕੇ ਦਸਣ ਤਾਂ ਮੈਂ ਇਹ ਸਮਝਾਂਗਾ ਕਿ ਇਹ ਰਿਧੀਆਂ ਸਿਧੀਆਂ ਦੇ ਮਾਲਕ ਹਨ। ਸ੍ਰੀ ਗੁਰੂ ਹਰਿਕ੍ਰਿਸ਼ਨ ਮਹਾਰਾਜ ਜੀ ਨੇ ਕਿਹਾ, ਜੇ ਮੈਂ ਅਰਥ ਕਰਕੇ ਸੁਣਾਏ ਤਾਂ ਤੂੰ ਕਹੇਂਗਾ ਕਿਸੇ ਤੋਂ ਸਿਖੇ ਹੋਣਗੇ। ਤੂੰ ਆਪਣੇ ਸ਼ਹਿਰ ਵਿਚੋਂ ਐਸਾ ਆਦਮੀ ਲਭ ਕੇ ਲਿਆ ਜਿਹੜਾ ਅਨਪੜ੍ਹ ਤੇ ਅਗਿਆਨੀ ਹੋਵੇ। ਮਹਾਰਾਜ ਦੀ ਕ੍ਰਿਪਾ ਨਾਲ ਉਹ ਅਰਥ ਕਰਕੇ ਦਿਖਾਏਗਾ। ਪੰਡਿਤ ਬਾਹਰ ਚਲਾ ਗਿਆ ਤੇ ਛੱਜੂ ਨਾਮੀ ਝੀਊਰ ਨੂੰ ਆਪਣੇ ਨਾਲ ਲੈ ਆਇਆ ਜਿਹੜਾ ਗੁੰਗਾ ਤੇ ਬੋਲਾ ਸੀ ਤੇ ਨਾਲੇ ਅਨਪੜ੍ਹ ਸੀ। ਸਤਿਗੁਰੂ ਜੀ ਨੇ ਛੱਜੂ ਦੇ ਸਿਰ ਤੇ ਸੋਟੀ ਰੱਖੀ ਤਾਂ ਉਸ ਦੇ ਕਪਾਟ ਖੁਲ੍ਹ ਗਏ, ਉਸ ਨੂੰ ਗਿਆਨ ਹੋ ਗਿਆ। ਉਸ ਦਾ ਗੁੰਗਾਪਨ ਜਾਂਦਾ ਰਿਹਾ। ਸਤਿਗੁਰੂ ਜੀ ਨੇ ਪੰਡਿਤ ਨੂੰ ਕਿਹਾ, ਸਲੋਕ ਪੜ੍ਹੋ ਛੱਜੂ ਰਾਮ ਅਰਥ ਕਰਨਗੇ। ਪੰਡਿਤ ਨੇ ਸਲੋਕ ਪੜ੍ਹਿਆ, ਛੱਜੂ ਰਾਮ ਨੇ ਅਰਥ ਕਰਕੇ ਸੁਣਾਏ। ਇਹ ਸੁਣ ਕੇ ਪੰਡਿਤ ਗੁਰੂ ਜੀ ਦੇ ਚਰਨਾਂ 'ਤੇ ਢਹਿ ਪਿਆ ਉਸ ਨੂੰ ਯਕੀਨ ਹੋ ਗਿਆ ਕਿ ਇਹ ਸਚਮੁਚ ਹੀ ਅਵਤਾਰ ਹਨ ਅਤੇ ਆਪਣੀ ਭੁਲ ਬਖਸ਼ਾਈ। ਸਤਿਗੁਰੂ ਜੀ ਨੇ ਬਚਨ ਕੀਤਾ ਕਿ ਸਿਮਰਨ ਕਰੋ ਤੇ ਹੰਕਾਰ ਨੂੰ ਛੱਡੋ। ਸਾਰਿਆਂ ਨੇ ਗੁਰੂ ਜੀ ਨੂੰ ਮੱਥਾ ਟੇਕਿਆ। ਛੱਜੂ ਰਾਮ ਤਾਂ ਬਸ ਸਤਿਗੁਰੂ ਜੀ ਦਾ ਹੀ ਹੋ ਗਿਆ ਤੇ ਸਿਮਰਨ ਵਿਚ ਜੁੜ ਗਿਆ।

ਦਾਸ ਨੇ ਗਿਆਨੀ ਜੀ ਨੂੰ ਕਿਹਾ, ਮਹਾਰਾਜ ਜੀ ਦੇ ਬਚਨ ਹਨ ਕਿ ਪੰਜਵਾਂ ਕਕਾਰ ਕੇਸਕੀ ਹੈ ਕੇਸ ਨਹੀਂ। ਗਿਆਨੀ ਜੀ ਨੇ ਗੋਰਿਆਂ ਨੂੰ ਸਮਝਾਇਆ ਕਿ ਪੰਜ

ਕਕਾਰਾਂ ਵਿਚ ਕੇਸਕੀ ਜਰੂਰੀ ਹੈ। ਇਸ ਤੋਂ ਬਾਅਦ ਸਾਰਿਆਂ ਅਮਰੀਕਨ ਗੋਰਿਆਂ ਨੇ ਬੜੀ ਸ਼ਰਧਾ ਨਾਲ ਕੇਸਕੀ ਸਜਾਈ। ਅੱਜ ਤੱਕ ਸਾਰੇ ਪੂਰੀ ਮਰਿਆਦਾ ਵਿਚ ਹਨ। ਸਾਰੇ ਬੀਬੀਆਂ ਤੇ ਸਿੰਘ ਕੇਸਕੀ ਸਜਾਉਂਦੇ ਹਨ।

ਦੂਸਰੇ ਹਫਤੇ ਅੰਮ੍ਰਿਤ ਸੰਚਾਰ ਵਿਚ ਜਿਨ੍ਹਾਂ ਸਿੰਘਾਂ ਨੇ ਸੇਵਾ ਕੀਤੀ ਉਨ੍ਹਾਂ ਦੇ ਨਾਮ ਹਨ ਭਾਈ ਅਮਰੀਕ ਸਿੰਘ, ਗਿਆਨੀ ਅਮੋਲਕ ਸਿੰਘ, ਭਾਈ ਮਹਿੰਦਰ ਸਿੰਘ ਜੀ ਲਾਲ, ਭਾਈ ਖੜਗ ਸਿੰਘ ਤੇ ਦਾਸ ਵੀ ਸ਼ਾਮਲ ਸੀ। ਭਾਈ ਅਵਤਾਰ ਸਿੰਘ ਨੇ ਗ੍ਰੰਥੀ ਦੀ ਸੇਵਾ ਨਿਭਾਈ। ਤੀਸਰੇ ਹਫਤੇ ਲੈਸਟਰ ਵਿਚ ਇਕ ਬਹੁਤ ਵੱਡਾ ਪ੍ਰੋਗਰਾਮ ਹੋਇਆ। ਰੈਣ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ ਦਾ ਪ੍ਰੋਗਰਾਮ ਸੀ। ਇਸ ਵਿਚ ਭਾਈ ਜੋਗਿੰਦਰ ਸਿੰਘ, ਭਾਈ ਉਂਕਾਰ ਸਿੰਘ, ਭਾਈ ਇੰਦਰਜੀਤ ਸਿੰਘ, ਭਾਈ ਪਾਖਰ ਸਿੰਘ ਤੇ ਬੀਬੀ ਚੰਨਣ ਕੌਰ ਅਤੇ ਹੋਰ ਬੇਅੰਤ ਸੰਗਤਾਂ ਅੰਮ੍ਰਿਤਪਾਨ ਕਰਕੇ ਗੁਰੂ ਵਾਲੀਆਂ ਬਣੀਆ। ਇਸ ਤਰ੍ਹਾਂ ਅੰਮ੍ਰਿਤ ਸੰਚਾਰ ਦੀ ਲਹਿਰ ਇੰਗਲੈਂਡ ਵਿਚ ਚਲੀ।

*****

# ਨਨਕਾਣਾ ਸਾਹਿਬ ਦੀ ਯਾਤਰਾ

ਇਕ ਦਿਨ ਮੈਂ ਸ਼ੈਫਰਡਜ਼ਬੁਸ਼ ਗੁਰਦੁਆਰੇ ਗਿਆ ਤਾਂ ਉਥੇ ਸੈਕਟਰੀ ਨੇ ਐਲਾਨ ਕੀਤਾ ਕਿ 23 ਨਵੰਬਰ 1969 ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦਾ 500 ਸਾਲਾ ਪ੍ਰਕਾਸ਼ ਉਤਸਵ ਬੜੀ ਧੂਮਧਾਮ ਨਾਲ ਨਨਕਾਣਾ ਸਾਹਿਬ ਵਿਖੇ ਮਨਾਇਆ ਜਾ ਰਿਹਾ ਹੈ। ਜਾਣ ਵਾਸਤੇ ਇਕ ਕੋਚ ਦਾ ਪ੍ਰਬੰਧ ਕੀਤਾ ਹੈ ਅਤੇ ਕਾਰਾਂ ਵੀ ਜਾ ਰਹੀਆਂ ਹਨ। ਜੇ ਕਿਸੇ ਨੇ ਜਾਣਾ ਹੋਵੇ ਤਾਂ ਆਪਣਾ ਨਾਮ ਲਿਖਾ ਦੇਵੇ।

ਉਸ ਟਾਇਮ ਸੰਗਤ ਬਹੁਤ ਘੱਟ ਹੁੰਦੀ ਸੀ ਫਿਰ ਵੀ 50 ਬੰਦੇ ਜਾਣ ਵਾਸਤੇ ਤਿਆਰ ਹੋ ਗਏ। ਮੈਂ ਵੀ ਆਪਣਾ ਨਾਮ ਲਿਖਾ ਦਿਤਾ। ਉਸ ਵੇਲੇ ਸਾਰੇ ਮਿਲ ਕੇ ਸੇਵਾ ਕਰਦੇ ਸਨ। ਕਥਾ ਕੀਰਤਨ ਕਰਨ ਵਾਲੇ ਵੀ ਬਹੁਤ ਘੱਟ ਸਨ, ਹੌਲੀ-ਹੌਲੀ ਸੰਗਤ ਵਧਣੀ ਸ਼ੁਰੂ ਹੋ ਗਈ। ਸਾਡੀ ਯਾਤਰਾ ਅਰੰਭ ਹੋਣ ਤੋਂ ਪਹਿਲਾਂ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਹੈਵਲਕ ਰੋਡ ਸਾਊਥਾਲ ਸੰਗਤ ਨੇ ਖਰੀਦ ਲਿਆ ਸੀ। ਸ਼ੈਫਰਡਜ਼ਬੁਸ਼ ਗੁਰਦੁਆਰਾ ਛੋਟਾ ਹੋਣ ਕਰਕੇ ਅਸੀਂ ਸਾਰੇ ਸਿੰਘ ਸਭਾ ਗੁਰਦੁਆਰੇ ਇਕੱਠੇ ਹੋਏ। ਸਾਨੂੰ ਵਿਦਾ ਕਰਨ ਵਾਸਤੇ ਪਾਕਿਸਤਾਨ ਦਾ ਹਾਈਕਮਿਸ਼ਨਰ ਵੀ ਆਇਆ ਸੀ। ਜਥੇ ਨੇ ਅਰਦਾਸ ਕਰਕੇ ਨਨਕਾਣਾ ਸਾਹਿਬ ਵਲ ਚਾਲੇ ਪਾ ਦਿਤੇ। ਇਹ ਇੰਗਲੈਂਡ ਤੋਂ ਪਹਿਲਾ ਜਥਾ ਯਾਤਰਾ ਵਾਸਤੇ ਚਲਿਆ ਸੀ। ਇਸ ਜਥੇ ਦੀ ਅਗਵਾਈ ਭਾਈ ਸਾਹਿਬ ਰਣਜੀਤ ਸਿੰਘ ਕਰ ਰਹੇ ਸਨ। ਅਸੀਂ ਡੋਵਰ ਤੋਂ ਫੈਰੀ ਰਾਹੀਂ ਬੈਲਜੀਅਮ ਹੁੰਦੇ ਹੋਏ ਜਰਮਨੀ ਪਹੁੰਚੇ। ਜਰਮਨੀ ਤੋਂ ਬਾਅਦ, ਆਸਟਰੀਆ ਹਦ ਤੇ ਪਹੁੰਚਦਿਆਂ ਹੀ ਸਾਨੂੰ ਰੋਕ ਲਿਆ ਤੇ ਕਿਹਾ ਤੁਸੀਂ ਅੱਗੇ ਨਹੀਂ ਜਾ ਸਕਦੇ ਕਿਉਂਕਿ ਤੁਹਾਡੇ ਕੋਲ ਆਸਟਰੀਆ ਦਾ ਵੀਜ਼ਾ ਨਹੀਂ ਹੈ। ਸਾਡੇ ਕੋਲ ਹੋਰ ਸਾਰੇ ਦੇਸ਼ਾਂ ਦਾ ਵੀਜ਼ਾ ਸੀ। ਕਈ ਸੱਜਣ ਕਹਿੰਦੇ ਸਨ ਕਿ ਆਸਟਰੀਆ ਦੇ ਵੀਜ਼ੇ ਦੀ ਜਰੂਰਤ ਨਹੀਂ ਪੈਂਦੀ। ਭਾਈ ਰਣਜੀਤ ਸਿੰਘ ਨੇ ਸਾਰੇ ਪਾਸਪੋਰਟ ਇਕੱਠੇ ਕੀਤੇ ਤੇ ਜਰਮਨੀ ਤੋਂ ਵੀਜ਼ਾ ਲੈਣ ਵਾਸਤੇ ਚਲਾ ਗਿਆ।

ਜਿਸ ਤਰ੍ਹਾਂ ਇਕ ਦੇਸ਼ ਤੋਂ ਦੂਸਰੇ ਦੇਸ਼ ਜਾਣ ਵਾਸਤੇ ਵੀਜੇ ਦੀ ਜਰੂਰਤ ਹੁੰਦੀ ਹੈ ਇਸੇ ਤਰ੍ਹਾਂ ਦਰਗਾਹ ਵਿਚ ਜਾਣ ਵਾਸਤੇ ਵੀ ਨਾਮ ਤੇ ਗਰੀਬੀ ਰੂਪੀ ਵੀਜੇ ਦੀ ਜਰੂਰਤ ਹੈ। ਸ੍ਰੀ ਗੁਰੁ ਨਾਨਕ ਦੇਵ ਜੀ ਜਦੋਂ ਸਚਖੰਡ ਗਏ ਤਾਂ ਨਾਮ ਤੇ ਗਰੀਬੀ ਲੈ ਕੇ ਆਏ ਸਨ। ਨਾਮ ਜਪਣਾ ਤੇ ਸੇਵਾ ਕਰਨੀ ਬਹੁਤ ਜਰੂਰੀ ਹੈ। ਅਗਰ ਤੁਹਾਡੇ ਪਾਸ ਨਾਮ ਤੇ ਗਰੀਬੀ (ਨਿਮਰਤਾ) ਨਹੀਂ ਤਾਂ ਜਿਸ ਤਰ੍ਹਾਂ ਸਾਨੂੰ ਵੀਜਾ ਲੈਣ ਵਾਸਤੇ ਜਰਮਨੀ ਆਉਣਾ ਪਿਆ ਇਸੇ ਤਰ੍ਹਾਂ ਦਰਗਾਹ ਜਾਣ ਵਾਸਤੇ ਪ੍ਰਾਣੀ ਨੂੰ ਬਾਰ ਬਾਰ ਜਨਮ ਲੈਣਾ ਪਵੇਗਾ।

ਅਸੀਂ ਰਾਤ ਆਸਟਰੀਆ ਵਿਖੇ ਬਿਸ਼ਰਾਮ ਕੀਤਾ। ਅਗਲੇ ਦਿਨ ਅਸੀਂ ਪੰਜ ਵਜੇ ਫਿਰ ਚਲ ਪਏ। ਆਸਟਰੀਆ ਤੋਂ ਟਰਕੀ ਗਏ। ਟਰਕੀ ਵਿਚੋਂ ਲੰਘਦਿਆਂ ਬਹੁਤ ਸੁੰਦਰ ਨਜ਼ਾਰੇ ਦੇਖਣ ਵਾਸਤੇ ਮਿਲੇ। ਇਕ ਪਾਸੇ ਪਹਾੜੀ ਤੇ ਇਕ ਪਾਸੇ ਸਮੁੰਦਰ ਠਾਠਾਂ ਮਾਰ ਰਿਹਾ ਸੀ। ਬਹੁਤ ਸੁੰਦਰ ਨਜ਼ਾਰਾ ਸੀ ਜਰਮਨੀ ਤੇ ਬੈਲਜੀਅਮ ਨੇ ਬਹੁਤ ਤਰੱਕੀ

ਕੀਤੀ ਹੈ। ਲੜਾਈ ਵਿਚ ਬਹੁਤ ਨੁਕਸਾਨ ਹੋ ਗਿਆ ਸੀ। ਵੱਡੀਆਂ ਵੱਡੀਆ ਸੜਕਾਂ ਤੇ ਚਾਹ ਪਾਣੀ ਪੀਣ ਵਾਸਤੇ ਸੁੰਦਰ ਜਗ੍ਹਾ ਬਣਾਈਆਂ ਹਨ। ਟਰਕੀ ਬਹੁਤ ਵੱਡਾ ਦੇਸ਼ ਹੈ ਇਸ ਨੂੰ ਪਾਰ ਕਰਨ ਵਾਸਤੇ ਸਾਨੂੰ ਕਈ ਦਿਨ ਲਗ ਗਏ। ਟਰਕੀ ਵਿਚ ਥੋੜ੍ਹਾ ਰਸਤਾ ਸਮੁੰਦਰ ਦਾ ਵੀ ਹੈ। ਤਕਰੀਬਨ ਅੱਧਾ ਘੰਟਾ ਪਾਰ ਕਰਨ ਨੂੰ ਲਗਦਾ ਹੈ। ਬਾਕੀ ਸਾਰਾ ਰਸਤਾ ਕਾਰ ਰਾਹੀਂ ਸਫਰ ਕੀਤਾ। ਟਰਕੀ ਤੋਂ ਬਾਅਦ ਅਸੀਂ ਇਰਾਨ ਪਹੁੰਚੇ। ਇਥੇ ਵੀ ਕਈ ਸੁੰਦਰ ਜਗ੍ਹਾ ਹਨ। ਇਰਾਨ ਤੋਂ ਅਫਗਾਨਿਸਤਾਨ ਹੁੰਦੇ ਹੋਏ ਪਾਕਿਸਤਾਨ ਪਹੁੰਚੇ। ਪਹਿਲਾਂ ਪੰਜਾ ਸਾਹਿਬ ਗੁਰਦੁਆਰੇ ਜਾ ਕੇ ਇਸ਼ਨਾਨ ਕੀਤਾ। ਜਦੋਂ ਅਸੀਂ ਅੰਦਰ ਦਰਸ਼ਨ ਵਾਸਤੇ ਗਏ ਤਾਂ ਮਹਾਰਾਜ ਜੀ ਦਾ ਪ੍ਰਕਾਸ਼ ਨਹੀਂ ਕੀਤਾ ਹੋਇਆ ਸੀ। ਅਸੀਂ ਬਹੁਤ ਹੈਰਾਨ ਹੋਏ ਕਿ ਇਹ ਇਤਿਹਾਸਕ ਗੁਰਦੁਆਰਾ ਹੈ, ਇਥੇ ਕੋਈ ਵੀ ਸੇਵਾਦਾਰ ਨਹੀਂ ਹੈ, ਨਾ ਹੀ ਕੋਈ ਲੰਗਰ ਪਾਣੀ ਦਾ ਪ੍ਰਬੰਧ ਸੀ। ਸਿਰਫ ਪੁਲਿਸ ਹੀ ਇਕ ਕਮਰੇ ਵਿਚ ਬੈਠੀ ਹੋਈ ਸੀ। ਸਾਡੇ ਵਿਚੋਂ ਇਕ ਸੱਜਣ ਨੇ ਮਹਾਰਾਜ ਜੀ ਦਾ ਪ੍ਰਕਾਸ਼ ਕੀਤਾ ਤੇ ਅਰਦਾਸ ਕੀਤੀ ਕਿ ਹੇ ਸੱਚੇ ਪਾਤਸ਼ਾਹ ਤੇਰਾ ਲੱਖ ਲੱਖ ਸ਼ੁਕਰ ਹੈ ਕਿ ਤੁਸੀਂ ਇਸ ਪਵਿੱਤਰ ਧਰਤੀ ਦੇ ਦਰਸ਼ਨ ਕਰਾਏ। ਆਪ ਦੀ ਕ੍ਰਿਪਾ ਨਾਲ ਸਹੀ ਸਲਾਮਤ ਪਹੁੰਚੇ ਹਾਂ। ਅਰਦਾਸ ਤੋਂ ਬਾਅਦ ਹੁਕਮਨਾਮਾ ਲਿਆ। ਇਥੇ ਪਹੁੰਚਦਿਆਂ ਸਾਨੂੰ ਲਗਭਗ ਤਿੰਨ ਹਫਤੇ ਲਗ ਗਏ। ਦੋ ਤਿੰਨ ਘੰਟੇ ਠਹਿਰ ਕੇ ਅਸੀਂ ਨਨਕਾਣਾ ਸਾਹਿਬ ਵਲ ਨੂੰ ਚਾਲੇ ਪਾਏ। ਉਥੇ ਪਹੁੰਚਣ ਵਾਸਤੇ ਸੱਤ ਅੱਠ ਘੰਟੇ ਲਗ ਗਏ। ਅੱਠ ਵਜੇ ਦੇ ਕਰੀਬ ਅਸੀਂ ਨਨਕਾਣਾ ਸਾਹਿਬ ਪਹੁੰਚ ਗਏ। ਉਥੇ ਪਹੁੰਚ ਕੇ ਅਰਦਾਸ ਕੀਤੀ ਕਿ ਹੇ ਸੱਚੇ ਪਾਤਸ਼ਾਹ ਆਪ ਦੀ ਮਿਹਰ ਸਦਕਾ ਅਸੀਂ ਰਾਜੀ ਖੁਸ਼ੀ ਆਪ ਜੀ ਦੇ ਪ੍ਰਕਾਸ਼ ਦਿਹਾੜੇ 'ਤੇ ਸਮੇਂ ਸਿਰ ਪਹੁੰਚ ਗਏ ਹਾਂ।

ਹਉ ਆਇਆ ਦੂਰਹੁ ਚਲਿ ਕੈ ਮੈ ਤਕੀ ਤਉ ਸਰਣਾਇ ਜੀਉ ॥
ਮੈ ਆਸਾ ਰਖੀ ਚਿਤਿ ਮਹਿ, ਮੇਰਾ ਸਭੋ ਦੁਖੁ ਗਵਾਇ ਜੀਉ ॥

*(ਸੂਹੀ ਮਹਲਾ 1 ਪੰ:-763)*

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਦੀ ਖੁਸ਼ੀ ਵਿਚ ਗੁਰਦੁਆਰਾ ਬਹੁਤ ਹੀ ਸੁੰਦਰ ਲਾਈਟਾਂ ਨਾਲ ਸਜਾਇਆ ਹੋਇਆ ਸੀ। ਪ੍ਰਕਾਸ਼ ਉਤਸਵ ਵਾਲੇ ਦਿਨ ਬਹੁਤ ਭਾਰੀ ਨਗਰ ਕੀਰਤਨ ਦਾ ਪ੍ਰਬੰਧ ਕੀਤਾ ਜਾਂਦਾ ਹੈ। ਉਸ ਦਾ ਨਜ਼ਾਰਾ ਦੇਖਣ ਵਾਲਾ ਹੁੰਦਾ ਹੈ। ਕਾਫੀ ਸਮਾਂ ਪਹਿਲਾਂ ਹੀ ਮਹਾਰਾਜ ਜੀ ਦੀ ਸਵਾਰੀ ਵਾਸਤੇ ਪਾਲਕੀ ਸਜਾਉਣ ਲਗ ਪੈਂਦੇ ਹਨ। ਸਾਰੀ ਪਾਲਕੀ ਤਾਜ਼ੇ ਫੁਲਾਂ ਨਾਲ ਸਜਾਈ ਹੁੰਦੀ ਹੈ। ਨਗਰ ਕੀਰਤਨ ਦੇ ਅੱਗੇ ਗੱਤਕਾ ਖੇਡਣ ਵਾਲੇ ਨੌਜਵਾਨ ਆਪਣੇ ਜੌਹਰ ਦਿਖਾਉਂਦੇ ਹਨ। ਪੰਜਾਂ ਪਿਆਰਿਆਂ ਦੀ ਅਗਵਾਈ ਵਿਚ ਨਗਰ ਕੀਰਤਨ ਸ਼ੁਰੂ ਹੋਇਆ, ਜਦੋਂ ਨਗਰ ਕੀਰਤਨ ਸ਼ੁਰੂ ਹੋਇਆ ਤਾਂ ਆਤਸ਼ਬਾਜੀ ਤੇ ਪਟਾਖੇ ਚਲਾਏ ਗਏ। ਨਗਰ ਕੀਰਤਨ ਸਾਰੇ ਗੁਰਦੁਆਰਿਆਂ ਤੋਂ ਹੁੰਦਾ ਹੋਇਆ ਵਾਪਸ ਜਨਮ ਅਸਥਾਨ ਗੁਰਦੁਆਰੇ ਪਹੁੰਚ

ਗਿਆ । ਅਸੀਂ ਮਹਾਰਾਜ ਜੀ ਦਾ ਬਹੁਤ ਧੰਨਵਾਦ ਕੀਤਾ ਕਿ ਸਾਨੂੰ ਲੰਡਨ ਤੋਂ ਇਥੇ ਲਿਆ ਕੇ ਦਰਸ਼ਨ ਕਰਾਏ ਹਨ । ਪ੍ਰਕਾਸ਼ ਦਿਹਾੜੇ ਤੋਂ ਬਾਅਦ ਸੰਗਤ ਆਪਣੇ-ਆਪਣੇ ਘਰਾਂ ਨੂੰ ਵਾਪਸ ਚਲੇ ਗਈ ।

ਨਦੀਆ ਵਾਹ ਵਿਛੁੰਨਿਆ ਮੇਲਾ ਸੰਜੋਗੀ ਰਾਮ ॥
ਜੁਗੁ ਜੁਗੁ ਮੀਠਾ ਵਿਸੁ ਭਰੇ ਕੋ ਜਾਣੈ ਜੋਗੀ ਰਾਮ ॥
ਕੋਈ ਸਹਜਿ ਜਾਣੈ, ਹਰਿ ਪਛਾਣੈ, ਸਤਿਗੁਰੂ ਜਿਨਿ ਚੇਤਿਆ ॥
ਬਿਨੁ ਨਾਮ ਹਰਿ ਕੇ ਭਰਮਿ ਭੂਲੇ, ਪਚਹਿ ਮੁਗਧ ਅਚੇਤਿਆ ॥
ਹਰਿ ਨਾਮੁ ਭਗਤਿ ਨ ਰਿਦੈ ਸਾਚਾ, ਸੇ ਅੰਤਿ ਧਾਹੀ ਰੁੰਨਿਆ ॥
ਸਚੁ ਕਹੈ ਨਾਨਕੁ ਸਬਦਿ ਸਾਚੈ ਮੇਲਿ ਚਿਰੀ ਵਿਛੁੰਨਿਆ ॥ 4 ॥

*(ਆਸਾ ਮ: 1 ਪੰ:-439)*

ਦਾਸ ਇੰਡੀਆ ਵਿਚ ਹੋਰ ਗੁਰਦੁਆਰਿਆਂ ਦੇ ਦਰਸ਼ਨ ਕਰਨ ਚਲਾ ਗਿਆ । ਪਹਿਲਾਂ ਸ੍ਰੀ ਹਰਿਮੰਦਰ ਸਾਹਿਬ ਤੇ ਅੰਮ੍ਰਿਤਸਰ ਦੇ ਹੋਰ ਗੁਰਦੁਆਰਿਆਂ ਦੇ ਦਰਸ਼ਨ ਕੀਤੇ । ਸ੍ਰੀ ਤਰਨਤਾਰਨ ਸਾਹਿਬ, ਗੋਇੰਦਵਾਲ ਤੇ ਨੇੜੇ ਨੇੜੇ ਦੇ ਗੁਰਦੁਆਰਿਆਂ ਦੇ ਦਰਸ਼ਨ ਕਰਕੇ ਅਨੰਦਪੁਰ ਸਾਹਿਬ ਚਲਾ ਗਿਆ । ਇਸ ਤੋਂ ਬਾਅਦ ਹਜ਼ੂਰ ਸਾਹਿਬ ਤੇ ਦਿੱਲੀ ਦੇ ਸਾਰੇ ਗੁਰਦੁਆਰਿਆਂ ਦੇ ਦਰਸ਼ਨ ਕਰਕੇ ਵਾਪਸ ਪੰਜਾਬ ਆ ਗਿਆ । ਅੰਮ੍ਰਿਤਸਰ ਤੋਂ ਪਾਕਿਸਤਾਨ ਵਿਚ ਦੀ ਹੁੰਦੇ ਹੋਏ ਵਾਪਸ ਇੰਗਲੈਂਡ ਆ ਗਏ । ਸਾਰੀ ਯਾਤਰਾ ਦਾ ਸਮਾਂ ਲੱਗਭੱਗ ਤਿੰਨ ਮਹੀਨੇ ਲੱਗਿਆ ।

*****

# ਅੰਮ੍ਰਿਤ ਪ੍ਰਚਾਰ

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਬਚਨ ਹੈ ਕਿ ਜਿਥੇ ਵੀ ਚੰਗੇ ਬੰਦੇ ਜਾਣਗੇ, ਉਹ ਹਮੇਸ਼ਾ ਚੰਗਾ ਪ੍ਰਚਾਰ ਕਰਨਗੇ। ਇਕ ਵਾਰੀ ਗੁਰੂ ਨਾਨਕ ਦੇਵ ਜੀ ਤੇ ਭਾਈ ਮਰਦਾਨਾ ਇੱਕ ਪਿੰਡ ਪਹੁੰਚੇ, ਉਥੇ ਦੇ ਲੋਕ ਬਹੁਤ ਚੰਦਰੇ ਸਨ। ਕਿਸੇ ਨਾਲ ਨੇਕੀ ਕਰਨੀ ਤਾਂ ਉਹ ਜਾਣਦੇ ਹੀ ਨਹੀਂ ਸਨ। ਕਿਸੇ ਦਾ ਵੀ ਉਹ ਸਤਿਕਾਰ ਨਹੀਂ ਕਰਦੇ ਸਨ। ਗੁਰੂ ਨਾਨਕ ਦੇਵ ਜੀ ਤੇ ਭਾਈ ਮਰਦਾਨੇ ਦਾ ਵੀ ਉਨ੍ਹਾਂ ਨੇ ਕੋਈ ਸਤਿਕਾਰ ਨਹੀਂ ਕੀਤਾ। ਗੁਰੂ ਜੀ ਇੱਕ ਰਾਤ ਉਥੇ ਰਹੇ। ਸਵੇਰ ਵੇਲੇ ਗੁਰੂ ਜੀ ਉਥੋਂ ਤੁਰਨ ਲੱਗੇ ਤਾਂ ਉਨ੍ਹਾਂ ਨੇ ਕਿਹਾ, "ਪਿੰਡ ਵਾਲਿਓ ਵਸਦੇ ਰਹੋ" ਅਤੇ ਫਿਰ ਗੁਰੂ ਜੀ ਇਕ ਹੋਰ ਪਿੰਡ ਗਏ। ਉਥੋਂ ਦੇ ਲੋਕ ਬਹੁਤ ਹੀ ਚੰਗੇ ਸਨ। ਉਹ ਆਏ ਗਏ ਦੀ ਬਹੁਤ ਸੇਵਾ ਕਰਦੇ ਸਨ ਅਤੇ ਹਰ ਕਿਸੇ ਦਾ ਭਲਾ ਕਰਦੇ ਸਨ। ਉਨ੍ਹਾਂ ਨੇ ਗੁਰੂ ਜੀ ਦੀ ਬਹੁਤ ਸੇਵਾ ਕੀਤੀ। ਦੂਜੇ ਦਿਨ ਗੁਰੂ ਜੀ ਨੇ ਉਥੋਂ ਤੁਰਨ ਲੱਗਿਆਂ ਕਿਹਾ, "ਪਿੰਡ ਵਾਲਿਓ ਉਜੜ ਜਾਓ।" ਗੁਰੂ ਜੀ ਦੇ ਇਹ ਅਨੋਖੇ ਬਚਨ ਸੁਣ ਕੇ ਭਾਈ ਮਰਦਾਨਾ ਹੈਰਾਨ ਹੋ ਗਿਆ। ਉਹ ਕਹਿਣ ਲੱਗਾ, ਗੁਰੂ ਜੀ ! ਇਹ ਕੀ ਜਿਨ੍ਹਾਂ ਨੇ ਤੁਹਾਡਾ ਆਦਰ ਨਹੀਂ ਕੀਤਾ, ਰੋਟੀ ਨਹੀਂ ਪੁਛੀ, ਉਨ੍ਹਾਂ ਲੋਕਾਂ ਨੂੰ ਤੁਸੀਂ ਅਸੀਸ ਦਿੱਤੀ ਕਿ "ਵਸਦੇ ਰਹੋ" ਜਿਨ੍ਹਾਂ ਨੇ ਤੁਹਾਡੀ ਸੇਵਾ ਕੀਤੀ ਉਨ੍ਹਾਂ ਨੂੰ ਬਦ ਅਸੀਸ ਦਿੱਤੀ ਅਤੇ ਕਿਹਾ, "ਉਜੜ ਜਾਵੋ।"

ਗੁਰੂ ਜੀ ਨੇ ਕਿਹਾ, ਮਰਦਾਨਿਆ ਪਿਆਰ ਤੇ ਸਤਕਾਰ ਕਰਨ ਵਾਲੇ ਜਿਥੇ ਵੀ ਜਾਣਗੇ ਉਥੇ ਆਪਣੇ ਚੰਗੇ ਗੁਣ ਫੈਲਾਉਣਗੇ, ਇਸ ਲਈ ਅਸੀਂ ਉਨ੍ਹਾਂ ਨੂੰ ਕਿਹਾ, ਉਜੜ ਜਾਵੋ ਅਤੇ ਜਿਥੇ ਵੀ ਜਾਓ ਸਭ ਨੂੰ ਚੰਗੀ ਸਿਖਿਆ ਦੇਵੋ। ਜਿਹੜੇ ਪਿੰਡ ਵਾਲਿਆਂ ਸਾਡਾ ਸਤਕਾਰ ਨਹੀਂ ਕੀਤਾ ਉਨ੍ਹਾਂ ਨੂੰ ਇਸ ਲਈ "ਵਸਦੇ ਰਹੋ" ਕਿਹਾ ਕਿ ਉਹ ਕਿਤੇ ਜਾ ਕੇ ਬੁਰਾਈ ਨਾ ਫੈਲਾ ਸਕਣ। ਉਹ ਇਸ ਪਿੰਡ ਵਿਚ ਹੀ ਰਹਿਣ ਤਾਂ ਠੀਕ ਹੈ। ਇਹ ਸੁਣ ਕੇ ਮਰਦਾਨੇ ਨੇ ਕਿਹਾ, ਸਤਿਗੁਰੂ ਜੀ ਤੁਹਾਡੀਆਂ ਰਮਜਾਂ ਤੁਸੀਂ ਹੀ ਜਾਣੋ ਹੋਰ ਕੋਈ ਨਹੀਂ ਜਾਣ ਸਕਦਾ।

ਇਸੇ ਤਰ੍ਹਾਂ ਭਾਈ ਗੁਰਨਾਮ ਸਿੰਘ, ਭਾਈ ਮਦਨ ਸਿੰਘ, ਭਾਈ ਸ਼ਿਗਾਰਾ ਸਿੰਘ, ਗਿਆਨੀ ਅਮੋਲਕ ਸਿੰਘ, ਭਾਈ ਬੰਤਾ ਸਿੰਘ ਇਧਰ ਆਏ ਤੇ ਸਿੱਖੀ ਦਾ ਪ੍ਰਚਾਰ ਸ਼ੁਰੂ ਕੀਤਾ। ਇਨ੍ਹਾਂ ਨੇ ਅਖੰਡਪਾਠਾਂ ਦੀ ਸੇਵਾ ਸ਼ੁਰੂ ਕੀਤੀ। ਫਿਰ ਹੌਲੀ-ਹੌਲੀ ਅਫਰੀਕਾ ਤੇ ਇੰਡੀਆ ਤੋਂ ਸਿੱਖ ਇਧਰ ਆਉਣ ਲੱਗੇ, ਇਨ੍ਹਾਂ ਨੇ ਸਿੱਖੀ ਪ੍ਰਚਾਰ ਸ਼ੁਰੂ ਕੀਤਾ। ਗਿਆਨੀ ਅਮੋਲਕ ਸਿੰਘ ਨੇ ਤਬਲਾ ਤੇ ਵਾਜਾ ਸਿਖਾਉਣ ਦੀ ਸੇਵਾ ਸ਼ੁਰੂ ਕੀਤੀ।

ਸੰਤ ਬਾਬਾ ਪੂਰਨ ਸਿੰਘ ਜੀ ਕਰੀਚੋ ਵਾਲੇ ਵੀ ਇਥੇ ਪਹੁੰਚ ਗਏ। ਇਨ੍ਹਾਂ ਨੇ ਵੀ ਅੰਮ੍ਰਿਤ ਪ੍ਰਚਾਰ ਦੀ ਸੇਵਾ ਸ਼ੁਰੂ ਕਰ ਦਿਤੀ। ਕਈ ਥਾਵਾਂ ਤੇ ਗੁਰਦੁਆਰੇ ਬਣ ਗਏ ਅਤੇ ਅੰਮ੍ਰਿਤ ਪ੍ਰਚਾਰ ਸ਼ੁਰੂ ਹੋਇਆ। ਮਹਾਰਾਜ ਜੀ ਨੇ ਕ੍ਰਿਪਾ ਕੀਤੀ ਵੱਡੇ-ਵੱਡੇ ਮਹਾਂਪੁਰਖ ਨਾਮ ਰਸੀਏ ਇਥੇ ਆਏ ਇਨ੍ਹਾਂ ਦੇ ਨਾਮ ਪ੍ਰਤਾਪ ਕਰਕੇ ਸਿੱਖੀ ਪ੍ਰਫੁੱਲਤ ਹੋਣ ਲੱਗੀ। ਜਿਹੜੇ ਸਿੱਖੀ ਤੋਂ ਦੂਰ ਚਲੇ ਗਏ ਸਨ ਉਹ ਵਾਪਸ ਸਿੱਖੀ ਲਾਇਨ ਤੇ ਆਉਣ

ਲੱਗੇ। ਸੰਤ ਈਸ਼ਰ ਸਿੰਘ ਰਾੜੇ ਵਾਲਿਆਂ ਨੇ ਇਥੇ ਆ ਕੇ ਕਾਫੀ ਪਰਚਾਰ ਕੀਤਾ ਅਤੇ ਲੋਕ ਮੁੜ ਸਿੱਖੀ ਸਰੂਪ ਵਿੱਚ ਆਉਣ ਲੱਗੇ। ਭਾਈ ਪੂਰਨ ਸਿੰਘ ਜੀ ਅਤੇ ਸਿੰਘਣੀ, ਚਾਨੀ ਜੀ, ਭਾਈ ਮਿਹਰ ਸਿੰਘ ਜੀ ਅਤੇ ਬੀਬੀ ਹਰਜੀਤ ਕੌਰ ਦਾ ਜਥਾ ਆਇਆ ਸੀ ਇਹਨਾਂ ਨੇ ਵੀ ਬਹੁਤ ਪ੍ਰਚਾਰ ਕੀਤਾ। ਇਹਨਾਂ ਦੇ ਪਰਚਾਰ ਤੋਂ ਪ੍ਰਭਾਵਤ ਹੋ ਕੇ ਬਹੁਤ ਪ੍ਰਾਣੀਆਂ ਨੇ ਅੰਮ੍ਰਿਤ ਛਕਿਆ। ਇਸ ਤੋਂ ਬਾਅਦ ਕਥਾਕਾਰ ਸੰਤ ਸਿੰਘ ਮਸਕੀਨ, ਜਸਵੰਤ ਸਿੰਘ ਪ੍ਰਵਾਨਾ, ਪ੍ਰੋ: ਸੰਤੋਖ ਸਿੰਘ ਅਤੇ ਹੋਰ ਬੇਅੰਤ ਉੱਚ-ਕੋਟੀ ਦੇ ਵਿਦਵਾਨ ਆ ਕੇ ਪ੍ਰਚਾਰ ਕਰਦੇ ਹਨ ਇਸ ਕਰਕੇ ਸਿੱਖੀ ਵਿਚ ਕਾਫੀ ਵਾਧਾ ਹੋਇਆ। ਸੰਤ ਬਾਬਾ ਮਾਨ ਸਿੰਘ ਨੇ ਕਾਫੀ ਪ੍ਰਚਾਰ ਕੀਤਾ। ਇਹਨਾਂ ਦੇ ਬਚਨਾਂ ਦਾ ਲੋਕਾਂ ਉਪਰ ਕਾਫੀ ਅਸਰ ਹੋਇਆ। ਇਹਨਾਂ ਨੇ ਬਹੁਤ ਪ੍ਰਾਣੀਆਂ ਨੂੰ ਅੰਮ੍ਰਿਤ ਛਕਾ ਕੇ ਗੁਰੂ ਦੇ ਲੜ ਲਾਇਆ।

ਚਾਚਾ ਦਰਸ਼ਨ ਸਿੰਘ ਸਾਉਥਾਲ ਵਲਿਆਂ ਨੇ ਵੀ ਅੰਮ੍ਰਿਤ ਪ੍ਰਚਾਰ ਦਾ ਜਥਾ ਬਣਾ ਲਿਆ। ਪਹਿਲਾ ਕੀਰਤਨੀ ਜਥਾ ਇੰਡੀਆ ਤੋਂ ਪ੍ਰਵਾਨੇ ਦਾ ਆਇਆ ਸੀ ਜਿਸ ਦਾ ਪ੍ਰਬੰਧ ਸੈਫਰਡਜ਼ਬੁਸ਼ ਦੇ ਪ੍ਰਧਾਨ ਜੋਗਿੰਦਰ ਸਿੰਘ ਨੇ ਕੀਤਾ। ਗਿਆਨੀ ਅਮੋਲਕ ਸਿੰਘ, ਗਿਆਨੀ ਸੁਰਜੀਤ ਸਿੰਘ, ਭਾਈ ਸੇਵਾ ਸਿੰਘ ਲੱਲੀ, ਭਾਈ ਬੰਤਾ ਸਿੰਘ ਤੇ ਬੀਬੀ ਕ੍ਰਿਪਾਲ ਕੌਰ ਇਹ ਸਾਰੇ ਰਲ ਕੇ ਕੀਰਤਨ ਕਰਦੇ ਸਨ। ਇਸ ਤਰ੍ਹਾਂ ਕੀਰਤਨ ਤੇ ਰੈਣ ਸਬਾਈ ਕੀਰਤਨ ਦੀ ਲਹਿਰ ਸ਼ੁਰੂ ਹੋ ਗਈ। ਹੌਲੀ-ਹੌਲੀ ਭਾਈ ਗੁਰਨਾਮ ਸਿੰਘ ਨੇ ਅਖੰਡ ਕੀਰਤਨੀ ਜਥਾ ਰਜਿਸਟਰ ਕਰਵਾ ਲਿਆ ਅਤੇ ਸਿੰਘਾਂ ਦੀ ਗਿਣਤੀ ਦਿਨੋ ਦਿਨ ਵਧਣ ਲੱਗੀ। ਸੰਗਤਾਂ ਨੇ ਭਾਈ ਗੁਰਨਾਮ ਸਿੰਘ ਨੂੰ ਜਥੇ ਦਾ ਮੁਖੀ ਸੇਵਾਦਾਰ ਬਣਾ ਦਿੱਤਾ। ਇਸ ਨੇ ਬੜੀ ਲਗਨ ਨਾਲ ਜਥੇ ਦੀ ਸੇਵਾ ਕੀਤੀ। ਸਾਰੇ ਇੰਗਲੈਂਡ ਵਿਚ ਅੰਮ੍ਰਿਤ ਸੰਚਾਰ, ਰੈਣ ਸਬਾਈ ਕੀਰਤਨ ਜਾਂ ਕੋਈ ਹੋਰ ਪ੍ਰੋਗਰਾਮ ਹੋਵੇ ਸਭ ਭਾਈ ਸਾਹਿਬ ਦੇ ਰਾਹੀਂ ਉਲੀਕੇ ਜਾਣ ਲੱਗੇ। ਸੂਰਾ ਪੱਤਰ ਦਾ ਚੰਦਾ ਵੀ ਇਹ ਹੀ ਭੇਜਦੇ ਸਨ। ਪ੍ਰੋਗਰਾਮ ਬਣਾਉਣਾ ਤੇ ਸਭ ਨੂੰ ਇਸ ਦੀ ਜਾਣਕਾਰੀ ਦੇਣੀ ਇਸ ਲਈ ਕਾਫੀ ਸਮਾਂ ਚਾਹੀਦਾ ਹੈ। ਇਨ੍ਹਾਂ ਨੇ ਆਪਣਾ ਕੀਮਤੀ ਸਮਾਂ ਕੱਢ ਕੇ ਸੇਵਾ ਕੀਤੀ, ਕਦੀ-ਕਦੀ ਪੰਜ ਪਿਆਰਿਆਂ ਵਿਚ ਵੀ ਸੇਵਾ ਕਰਦੇ ਸਨ, ਇਹ ਹਰੇਕ ਪ੍ਰੋਗਰਾਮ ਤੇ ਸਟੇਜ ਦੀ ਸੇਵਾ ਨਿਭਾਉਂਦੇ ਸਨ। ਇਨ੍ਹਾਂ ਨੇ ਘਰ-ਘਰ ਜਾ ਕੇ ਕੀਰਤਨ ਦੀ ਸੇਵਾ ਸ਼ੁਰੂ ਕੀਤੀ। ਅਖੰਡ ਕੀਰਤਨੀ ਜਥੇ ਨੂੰ ਚੜ੍ਹਦੀ ਕਲਾ ਵਿਚ ਲਿਆਉਣ ਲਈ ਕਾਫੀ ਸਹਿਯੋਗ ਪਾਇਆ।

ਭਾਈ ਅਜੀਤ ਸਿੰਘ ਭੋਗਲ ਦਿੱਲੀ ਵਾਲਿਆਂ ਨੇ ਇਥੇ ਆ ਕੇ ਜਥੇ ਵਿਚ ਅੰਮ੍ਰਿਤ ਸੰਚਾਰ ਦੀ ਬੜੀ ਸੇਵਾ ਕੀਤੀ। ਕਈ ਵਾਰੀ ਕਿਸੇ ਦਾ ਪੂਰਬਲਾ ਕਰਮ ਜਾਗਦਾ ਹੈ ਤਾਂ ਕੋਈ ਨਾ ਕੋਈ ਵਿਧ ਬਣ ਜਾਂਦੀ ਹੈ। ਭਾਈ ਸਾਹਿਬ ਇੰਡੀਆ ਤੋਂ ਆਏ ਤਾਂ ਗਰੇਵਜ਼ੈਂਡ ਚਲੇ ਗਏ। ਇਨ੍ਹਾਂ ਨੂੰ ਰਹਿਣ ਵਾਸਤੇ ਕਮਰਾ ਚਾਹੀਦਾ ਸੀ। ਕਿਸੇ ਨੇ ਦੱਸਿਆ ਭਾਈ ਹਰਬਖਸ਼ ਸਿੰਘ ਦੇ ਘਰ ਕਮਰਾ ਖਾਲੀ ਹੈ। ਭਾਈ ਸਾਹਿਬ ਨੇ ਐਡਰੇਸ ਲਿਆ ਤੇ ਪੁਛਣ ਵਾਸਤੇ ਚਲਾ ਗਿਆ। ਘੰਟੀ ਕੀਤੀ, ਭਾਈ ਹਰਬਖਸ਼ ਸਿੰਘ ਨੇ

ਦਰਵਾਜਾ ਖੋਲਿਆ। ਭਾਈ ਅਜੀਤ ਸਿੰਘ ਨੇ "ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ" ਬੁਲਾਈ ਤੇ ਕਮਰੇ ਬਾਰੇ ਪੁਛਿਆ। ਉਨ੍ਹਾਂ ਨੇ ਹਾਂ ਕਰ ਦਿਤੀ ਤੇ ਭਾਈ ਸਾਹਿਬ ਉਥੇ ਰਹਿਣ ਲੱਗ ਪਏ। ਸਵੇਰੇ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਸਿਮਰਨ ਵਿਚ ਜੁੜ ਜਾਂਦੇ। ਵਾਹਿਗੁਰੂ ਦੇ ਸਿਮਰਨ ਨਾਲ ਘਰ ਦਾ ਵਾਤਾਵਰਣ ਸ਼ਾਂਤ ਹੋ ਗਿਆ। ਹਰਬਖਸ਼ ਸਿੰਘ ਭਾਈ ਸਾਹਿਬ ਨੂੰ ਪੁੱਛਣ ਲੱਗਾ ਕਿ ਤੁਸੀਂ ਮੈਨੂੰ ਸਿਮਰਨ ਦੀ ਵਿਧੀ ਦਸ ਸਕਦੇ ਹੋ, ਇਸ ਨੂੰ ਸੁਣ ਕੇ ਮੇਰੇ ਮਨ ਨੂੰ ਸ਼ਾਂਤੀ ਮਿਲੀ ਹੈ। ਭਾਈ ਸਾਹਿਬ ਨੇ ਕਿਹਾ, ਇਹ ਸੁਆਸ-ਸੁਆਸ ਸਿਮਰਨ ਦੀ ਵਿਧੀ ਪੰਜ ਪਿਆਰੇ ਹੀ ਦਸ ਸਕਦੇ ਹਨ, ਤੁਹਾਨੂੰ ਪਹਿਲਾਂ ਅੰਮ੍ਰਿਤ ਛਕਣਾ ਪਵੇਗਾ। ਭਾਈ ਹਰਬਖਸ਼ ਸਿੰਘ ਅੰਮ੍ਰਿਤ ਛਕ ਕੇ ਗੁਰੂ ਵਾਲਾ ਬਣ ਗਿਆ ਅਤੇ ਜਥੇ ਦੀ ਸੇਵਾ ਕਰਨ ਲੱਗਾ। ਅੰਮ੍ਰਿਤ ਸੰਚਾਰ ਦੇ ਪ੍ਰੋਗਰਾਮ ਇਨ੍ਹਾਂ ਦੇ ਘਰ ਹੋਣ ਲੱਗੇ ਕਿਉਂਕਿ ਇਨ੍ਹਾਂ ਦਾ ਘਰ ਬਹੁਤ ਵੱਡਾ ਸੀ। ਇਹ 77 ਪੀਅਰ ਰੋਡ ਨੋਰਥ ਫਲੀਟ ਕੈਂਟ ਗਰੇਵਜ਼ੈਂਡ ਵਿਖੇ ਰਹਿੰਦੇ ਸਨ। ਗੁਰਬਖਸ਼ ਸਿੰਘ "ਗਗਨ ਦਮਾਮਾ ਬਾਜਿਓ" ਪੇਪਰ ਦਾ ਪੰਜਾਂ ਵਿਚੋਂ ਇਕ ਮੈਂਬਰ ਸੀ।


ਭਾਈ ਅਜੀਤ ਸਿੰਘ ਦੀ ਪ੍ਰੇਰਨਾ ਨਾਲ ਗਰੇਵਜ਼ੈਂਡ ਵਿਚ ਬਹੁਤ ਸਾਰੇ ਸਿੰਘ ਸਜੇ। ਥੋੜ੍ਹੇ ਸਮੇਂ ਬਾਅਦ ਭਾਈ ਹਰਬਖਸ਼ ਸਿੰਘ ਚੈਟਹਮ ਚਲੇ ਗਏ ਤੇ ਅੰਮ੍ਰਿਤ ਸੰਚਾਰ ਦੇ ਪ੍ਰੋਗਰਾਮ ਭਾਈ ਗੁਲਜਾਰ ਸਿੰਘ ਜਾਂ ਰਾਮ ਸਿੰਘ ਦੇ ਘਰ ਹੋਣ ਲੱਗੇ। ਇਸ ਤਰ੍ਹਾਂ ਸਿੰਘਾਂ ਦੀ ਗਿਣਤੀ ਕਾਫੀ ਵਧ ਗਈ। ਬਾਹਰਲੀ ਸੰਗਤ ਵਲੋਂ ਕੀਰਤਨ ਦੀ ਮੰਗ ਵੀ ਜਿਆਦਾ ਹੋਣ ਲੱਗੀ। ਇਸ ਤਰ੍ਹਾਂ ਕੀਰਤਨ ਤੇ ਰੈਣ ਸਬਾਈ ਕੀਰਤਨ ਦੀ ਲਹਿਰ ਵਧਦੀ ਗਈ। ਬਹੁਤ ਸਿੰਘ ਸਿੰਘਣੀਆਂ ਨੇ ਕੀਰਤਨ ਸਿਖਣਾ ਸ਼ੁਰੂ ਕਰ ਦਿਤਾ। ਭਾਈ ਬੰਤਾ ਸਿੰਘ, ਬੀਬੀ ਕ੍ਰਿਪਾਲ ਕੌਰ, ਭਾਈ ਸੇਵਾ ਸਿੰਘ ਲੱਲੀ, ਭਾਈ ਰਾਜਿੰਦਰ ਸਿੰਘ, ਭਾਈ ਕੁਲਦੀਪ ਸਿੰਘ, ਭਾਈ ਮਨਜੀਤ ਸਿੰਘ, ਭਾਈ ਅਜੈਬ ਸਿੰਘ, ਭਾਈ ਮਹਿੰਦਰ ਸਿੰਘ ਹੋਰਾਂ ਦਾ ਜਥਾ ਤਿਆਰ ਹੋ ਗਿਆ। ਭਾਈ ਤਰਲੋਚਨ ਸਿੰਘ ਤੇ ਭਾਈ ਸਰਬਜੀਤ ਸਿੰਘ ਤਬਲੇ ਦੀ ਸੇਵਾ ਕਰਦੇ ਸਨ। ਅੰਮ੍ਰਿਤ ਪ੍ਰਚਾਰ ਦੀ ਸੇਵਾ ਦੇ ਮੁਖੀ ਸੇਵਾਦਾਰ ਦਾਸ, ਭਾਈ ਅਜੀਤ ਸਿੰਘ ਭੋਗਲ, ਭਾਈ ਸ਼ਿੰਗਾਰਾ ਸਿੰਘ ਨਿਹੰਗ, ਭਾਈ ਸਵਰਨ ਸਿੰਘ ਮੱਲ੍ਹੀ, ਭਾਈ ਜੋਗਿੰਦਰ ਸਿੰਘ ਲੈਸਟਰ, ਭਾਈ ਗੁਰਨਾਮ ਸਿੰਘ, ਭਾਈ ਰਾਮ ਸਿੰਘ, ਭਾਈ ਨਿਰਮਲ ਸਿੰਘ, ਭਾਈ ਜਰਨੈਲ ਸਿੰਘ, ਭਾਈ ਰਘਵੀਰ ਸਿੰਘ, ਭਾਈ ਸੋਹਨ ਸਿੰਘ ਤੇ ਭਾਈ ਉਂਕਾਰ ਸਿੰਘ ਹੁੰਦੇ ਸਨ। ਇਸੇ ਤਰ੍ਹਾਂ ਭਾਈ ਜੀਵਨ ਸਿੰਘ ਨੇ ਵੀ ਸਿੱਖੀ ਦਾ ਕਾਫੀ ਪ੍ਰਚਾਰ ਕੀਤਾ ਤੇ ਕਰਦੇ ਹਨ।

*****

ਹਰਿ ਪੜੁ ਹਰਿ ਲਿਖੁ ਹਰਿ ਜਪਿ ਹਰਿ ਗਾਉ ਹਰਿ ਭਉਜਲ ਪਾਰਿ ਉਤਾਰੀ ॥

# ਭਾਈ ਸਾਹਿਬ ਭਾਈ ਜੀਵਨ ਸਿੰਘ ਜੀ

ਖਾਲਸਾ ਸਕੂਲਾ ਦੇ ਬਾਨੀ



Bhai Sahib Bhai Jiwan Singh Ji Founder of the Khalsa Schools

# ਭਾਈ ਜੀਵਨ ਸਿੰਘ ਜੀ

ਗੁਰਿ ਪੂਰੈ ਚਰਨੀ ਲਾਇਆ ॥ ਹਰਿ ਸੰਗਿ ਸਹਾਈ ਪਾਇਆ ॥
ਜਹ ਜਾਈਐ ਤਹਾ ਸੁਹੇਲੇ ॥ ਕਰਿ ਕਿਰਪਾ ਪ੍ਰਭਿ ਮੇਲੇ ॥ 1 ॥
ਹਰਿ ਗੁਣ ਗਾਵਹੁ ਸਦਾ ਸੁਭਾਈ ॥
ਮਨ ਚਿੰਦੇ ਸਗਲੇ ਫਲ ਪਾਵਹੁ ਜੀਅ ਕੈ ਸੰਗਿ ਸਹਾਈ ॥ 1 ॥ ਰਹਾਉ ॥
ਨਾਰਾਇਣ ਪ੍ਰਾਣ ਅਧਾਰਾ ॥ ਹਮ ਸੰਤ ਜਨਾਂ ਰੇਨਾਰਾ ॥
ਪਤਿਤ ਪੁਨੀਤ ਕਰਿ ਲੀਨੇ ਕਰਿ ਕਿਰਪਾ ਹਰਿ ਜਸੁ ਦੀਨੇ ॥ 2 ॥
ਪਾਰਬ੍ਰਹਮੁ ਕਰੇ ਪ੍ਰਤਿਪਾਲਾ ॥ ਸਦ ਜੀਅ ਸੰਗਿ ਰਖਵਾਲਾ ॥
ਹਰਿ ਦਿਨੁ ਰੈਨਿ ਕੀਰਤਨੁ ਗਾਈਐ ॥ ਬਹੁੜਿ ਨ ਜੋਨੀ ਪਾਈਐ ॥ 3 ॥
ਜਿਸੁ ਦੇਵੈ ਪੁਰਖੁ ਬਿਧਾਤਾ ॥ ਹਰਿ ਰਸੁ ਤਿਨ ਹੀ ਜਾਤਾ ॥
ਜਮਕੰਕਰੁ ਨੇੜਿ ਨ ਆਇਆ ॥ ਸੁਖੁ ਨਾਨਕ ਸਰਣੀ ਪਾਇਆ ॥ 4 ॥

*(ਸੋਰਠਿ ਮ: 5 ਪੰ:–623)*

ਕੀਰਤਨੁ ਨਿਰਮੋਲਕੁ ਹੀਰਾ ॥ ਆਨੰਦ ਗੁਣੀ ਗਹੀਰਾ ॥
ਅਨਹਦ ਬਾਣੀ ਪੂੰਜੀ ॥ ਸੰਤਨ ਹਥਿ ਰਾਖੀ ਕੂੰਜੀ ॥

*(ਰਾਮਕਲੀ ਮ: 5 ਪੰ:–893)*

ਭਾਈ ਜੀਵਨ ਸਿੰਘ ਜੀ 1942 ਈ: ਨੂੰ ਹਰਿਮੰਦਰ ਸਾਹਿਬ ਅਖੰਡਪਾਠਾਂ ਦੀ ਸੇਵਾ ਕਰਦੇ ਸਨ। ਇਨ੍ਹਾਂ ਨੇ ਇਥੇ ਹੀ ਸੇਵਾ ਸ਼ੁਰੂ ਕੀਤੀ। ਇਤਨਾ ਸ਼ੁਧ ਤੇ ਸੁਰੀਲੀ ਅਵਾਜ ਵਿਚ ਪਾਠ ਕਰਦੇ ਸਨ ਕਿ ਸਭ ਮੋਹਿਤ ਹੋ ਜਾਂਦੇ। ਭਾਈ ਸਾਹਿਬ ਕੀਰਤਨ ਵੀ ਸਿੱਖਣ ਲਗ ਪਏ ਸਨ। ਇਹਨਾਂ ਨੇ ਪਹਿਲਾ ਸ਼ਬਦ "ਦੁਖ ਭੰਜਨ ਤੇਰਾ ਨਾਮ" ਸਿਖਿਆ। ਇਹ ਸ਼ਬਦ ਬਾਰ ਬਾਰ ਭਾਈ ਸਾਹਿਬ ਦੇ ਕੰਨਾਂ ਵਿਚ ਗੂੰਜਦਾ ਰਹਿੰਦਾ ਸੀ। ਥੋੜ੍ਹੀ ਦੇਰ ਬਾਦ ਰਸਭਿੰਨਾ ਕੀਰਤਨ ਕਰਨ ਲਗ ਪਏ, ਤਾਂ ਇੰਨ੍ਹਾਂ ਨੂੰ ਹਰਿਮੰਦਰ ਸਾਹਿਬ ਕੀਰਤਨ ਦੀ ਸੇਵਾ ਬਖਸ਼ੀ ਅਤੇ ਇਥੇ ਦੋ ਸਾਲ ਸੇਵਾ ਕੀਤੀ ਤੇ ਗੋਇੰਦਵਾਲ ਚਲੇ ਗਏ, ਇਥੇ ਵੀ ਕਾਫੀ ਦੇਰ ਕੀਰਤਂਨ ਦੀ ਸੇਵਾ ਕੀਤੀ। ਤਬਲੇ ਦੀ ਸੇਵਾ ਭਾਈ ਇਕਬਾਲ ਸਿੰਘ ਕਰਦੇ ਸਨ, ਇਨ੍ਹਾਂ ਦੀ ਸੇਵਾ ਦਾ ਲੋਕਾਂ ਤੇ ਬਹੁਤ ਅਸਰ ਪਿਆ ਕਿਉਂਕਿ ਪੈਸੇ ਦਾ ਲਾਲਚ ਨਹੀਂ ਸੀ। ਇਕ ਵਾਰੀ ਇਨ੍ਹਾਂ ਦਾ ਮਿਲਾਪ ਭਾਈ ਰਣਧੀਰ ਸਿੰਘ ਨਾਲ ਹੋ ਗਿਆ ਤੇ ਉਨ੍ਹਾਂ ਨਾਲ ਲੁਧਿਆਣੇ ਚਲੇ ਗਏ। ਰੈਣ ਸਬਾਈ ਕੀਰਤਨਾਂ ਵਿਚ ਹਿੱਸਾ ਲੈਣ ਲਗ ਪਏ। ਭਾਈ ਸਾਹਿਬ ਨਾਲ ਦਾਸ ਦੀ ਪਹਿਲੀ ਮੁਲਾਕਾਤ ਦੁਸਹਿਰੇ ਦੇ ਮੌਕੇ ਤੇ ਬੰਗਲਾ ਸਾਹਿਬ ਗੁਰਦੁਆਰੇ 1972 ਈ: ਨੂੰ ਹੋਈ। ਦਾਸ ਨੇ ਬੇਨਤੀ ਕੀਤੀ, "ਤੁਸੀਂ ਇੰਗਲੈਂਡ ਆ ਕੇ ਸੰਗਤਾਂ ਨੂੰ ਦਰਸ਼ਨ ਦਿਉ"। ਭਾਈ ਸਾਹਿਬ ਨੇ ਕਿਹਾ, "ਮੇਰਾ ਵੀ ਦਿਲ ਕਰਦਾ ਹੈ ਸੰਗਤਾਂ ਦੇ ਦਰਸ਼ਨ ਕਰਨ ਵਾਸਤੇ ਪਰ ਉਥੇ ਮੇਰਾ ਕੋਈ ਵਾਕਫ ਨਹੀ"। ਮੈਂ ਕਿਹਾ, ਗਿਆਨੀ ਅਮੋਲਕ ਸਿੰਘ ਜੀ ਵੀ ਉਧਰ ਹੀ ਹਨ। ਭਾਈ ਸਾਹਿਬ ਜੀ ਨੇ ਕਿਹਾ

ਗਿਆਨੀ ਜੀ ਨੂੰ ਫ਼ਤਹਿ ਬੁਲਾਉਣੀ। ਅੰਨਜਲ ਹੋਇਆ ਤਾਂ ਜਰੂਰ ਸੰਗਤਾਂ ਦੇ ਦਰਸ਼ਨ ਕਰਾਂਗੇ।

ਭਾਈ ਸਾਹਿਬ ਜੀ ਪਟਨਾ ਸਾਹਿਬ ਹੈਡ ਗ੍ਰੰਥੀ ਦੀ ਸੇਵਾ ਕਰਦੇ ਸਨ। ਇਨ੍ਹਾਂ ਨੇ ਨੌ-ਦਸ ਸਾਲ ਪਟਨਾ ਸਾਹਿਬ ਸੇਵਾ ਕੀਤੀ। ਭਾਈ ਸਾਹਿਬ ਪੰਜਾਬ ਤੋਂ ਕਣਕ ਇਕੱਠੀ ਕਰਕੇ ਪਟਨਾ ਸਾਹਿਬ ਲੰਗਰ ਵਾਸਤੇ ਲੈ ਕੇ ਜਾਇਆ ਕਰਦੇ ਸਨ। ਇਨ੍ਹਾਂ ਨੇ ਕਈ ਪ੍ਰੇਮੀਆਂ ਨੂੰ ਕੀਰਤਨ ਸਿਖਾ ਕੇ ਗੁਰੂ ਦੇ ਲੜ ਲਾਇਆ ਅਤੇ ਅਜ ਤਕ ਸੇਵਾ ਨਿਭਾਉਂਦੇ ਹਨ। ਕਮੇਟੀ ਨੇ ਭਾਈ ਸਾਹਿਬ ਨੂੰ ਪ੍ਰਚਾਰ ਕਰਨ ਵਾਸਤੇ ਵਿਦੇਸ਼ਾਂ ਵਿਚ ਭੇਜਿਆ। ਪ੍ਰਚਾਰ ਕਰਦੇ-ਕਰਦੇ ਕੈਨੇਡਾ ਪਹੁੰਚੇ। ਉਥੇ ਨਾਮ ਬਾਣੀ ਦਾ ਬਹੁਤ ਪ੍ਰਚਾਰ ਕੀਤਾ। ਕੀਰਤਨ ਦੇ ਨਾਲ ਕਥਾ ਵੀ ਕਰਦੇ ਸਨ। ਕਥਾ ਕੀਰਤਨ ਸੁਣਕੇ ਬਹੁਤ ਸਾਰੀਆਂ ਸੰਗਤਾਂ ਅੰਮ੍ਰਿਤ ਛਕਣ ਵਾਸਤੇ ਤਿਆਰ ਹੋ ਗਈਆਂ। ਉਥੇ ਅੰਮ੍ਰਿਤ ਛਕਾਣ ਵਾਸਤੇ ਪੰਜ ਸਿੰਘ ਨਹੀਂ ਮਿਲਦੇ ਸਨ। ਇਸ ਵਾਸਤੇ ਦਾਸ ਤੇ ਭਾਈ ਅਮਰੀਕ ਸਿੰਘ ਇੰਗਲੈਂਡ ਤੋਂ ਗਏ। ਉਥੇ 80 ਪ੍ਰਾਣੀਆਂ ਨੇ ਅੰਮ੍ਰਿਤਪਾਨ ਕੀਤਾ। ਦੂਰ ਦੂਰ ਤੋਂ ਸਿੰਘ ਅੰਮ੍ਰਿਤ ਛਕਣ ਵਾਸਤੇ ਆਏ। ਅਮਰੀਕਾ ਤੋਂ ਵੀ ਸਿੰਘ ਆਏ। ਦੋ ਵਜੇ ਤੜਕੇ ਅੰਮ੍ਰਿਤ ਸੰਚਾਰ ਸ਼ੁਰੂ ਹੋਇਆ ਅਤੇ ਦੁਪਹਿਰ ਦੋ ਵਜੇ ਸਮਾਪਤ ਹੋਇਆ। ਪੰਜ ਪਿਆਰਿਆਂ ਦੇ ਨਾਲ 80 ਪ੍ਰਾਣੀ ਅੰਮ੍ਰਿਤਪਾਨ ਕਰਕੇ ਸੰਗਤ ਵਿਚ ਆਏ ਤਾਂ ਇਸ ਨਾਲ ਸੰਗਤ ਤੇ ਬਹੁਤ ਪ੍ਰਭਾਵ ਪਿਆ। ਇਸ ਨਜ਼ਾਰੇ ਨੂੰ ਦੇਖ ਕੇ ਕਈ ਹੋਰ ਪ੍ਰੇਮੀਆਂ ਨੇ ਅੰਮ੍ਰਿਤ ਛਕਣ ਦਾ ਮਨ ਬਣਾ ਲਿਆ। ਖਾਸ ਕਰਕੇ ਭਾਈ ਸੁਰਜੀਤ ਸਿੰਘ ਤੇ ਉਨ੍ਹਾਂ ਦੇ ਪਰਿਵਾਰ ਨੇ ਪੱਕਾ ਇਰਾਦਾ ਬਣਾ ਲਿਆ ਅਤੇ ਛੇਤੀ ਹੀ ਅੰਮ੍ਰਿਤ ਛੱਕ ਕੇ ਤਿਆਰ ਬਰ ਤਿਆਰ ਸਿੰਘ ਸਜ ਗਏ। ਇਹ ਪਹਿਲਾਂ ਅੰਮ੍ਰਿਤ ਸੰਚਾਰ ਕੈਨੇਡਾ ਵਿਚ ਤੱਤ ਖਾਲਸਾ ਗੁਰਦੁਆਰਾ ਵੈਨਕੂਵਰ ਵਿਖੇ ਹੋਇਆ। ਅੰਮ੍ਰਿਤ ਸੰਚਾਰ ਤੋਂ ਬਾਅਦ ਦਾਸ ਨੇ ਇਹ ਸ਼ਬਦ ਪੜ੍ਹਿਆ :-

**ਅਨਿਕ ਜਨਮ ਵਿਛੁੜੇ ਦੁਖੁ ਪਾਇਆ ਮਨਮੁਖਿ ਕਰਮ ਕਰੈ ਅਹੰਕਾਰੀ ॥**
**ਸਾਧੂ ਪਰਸਤ ਹੀ ਪ੍ਰਭੁ ਪਾਇਆ ਗੋਬਿਦ ਸਰਣਿ ਤੁਮਾਰੀ ॥1॥**
**ਗੋਬਿਦ ਪ੍ਰੀਤਿ ਲਗੀ ਅਤਿ ਪਿਆਰੀ ॥**
**ਜਬ ਸਤਸੰਗ ਭਏ ਸਾਧੂ ਜਨ ਹਿਰਦੈ ਮਿਲਿਆ ਸਾਂਤਿ ਮੁਰਾਰੀ ॥ ਰਹਾਉ ॥**
**ਤੂ ਹਿਰਦੈ ਗੁਪਤੁ ਵਸਹਿ ਦਿਨੁ ਰਾਤੀ ਤੇਰਾ ਭਾਉ ਨ ਬੁਝਹਿ ਗਵਾਰੀ ॥**
**ਸਤਿਗੁਰੁ ਪੁਰਖੁ ਮਿਲਿਆ ਪ੍ਰਭੁ ਪ੍ਰਗਟਿਆ ਗੁਣ ਗਾਵੈ ਗੁਣ ਵੀਚਾਰੀ ॥2॥**
**ਗੁਰਮੁਖਿ ਪ੍ਰਗਾਸੁ ਭਇਆ ਸਾਤਿ ਆਈ ਦੁਰਮਤਿ ਬੁਧਿ ਨਿਵਾਰੀ ॥**
**ਆਤਮ ਬ੍ਰਹਮੁ ਚੀਨਿ ਸੁਖੁ ਪਾਇਆ ਸਤਸੰਗਤਿ ਪੁਰਖ ਤੁਮਾਰੀ ॥3॥**
**ਪੁਰਖੈ ਪੁਰਖੁ ਮਿਲਿਆ ਗੁਰੁ ਪਾਇਆ ਜਿਨ ਕਉ ਕਿਰਪਾ ਭਈ ਤੁਮਾਰੀ ॥**
**ਨਾਨਕ ਅਤੁਲੁ ਸਹਜ ਸੁਖੁ ਪਾਇਆ ਅਨਦਿਨੁ ਜਾਗਤੁ ਰਹੈ ਬਨਵਾਰੀ ॥4॥**

*(ਸੋਰਠਿ ਮ: 4 ਪੰ:-607)*

ਤਬਲੇ ਦੀ ਸੇਵਾ ਭਾਈ ਇੰਦਰਜੀਤ ਸਿੰਘ ਨੇ ਕੀਤੀ। ਜਦੋਂ ਵੀ ਮੈਂ ਵੈਨਕੂਵਰ ਜਾਵਾਂ ਤਾਂ ਬੀਬੀ ਕੁਲਵੰਤ ਕੌਰ ਇਹ ਸ਼ਬਦ ਸੁਣਨ ਵਾਸਤੇ ਬੇਨਤੀ ਕਰਦੀ ਹੈ। ਇਸ ਸਬਦ ਦਾ ਕੀਰਤਨ ਭਾਈ ਅਮਰੀਕ ਸਿੰਘ ਨੇ ਕੀਤਾ :

ਬਿਨਸੈ ਮੋਹੁ ਮੇਰਾ ਅਰੁ ਤੇਰਾ, ਬਿਨਸੈ ਅਪਨੀ ਧਾਰੀ ॥ 1 ॥
ਸੰਤਹੁ ਇਹਾ ਬਤਾਵਹੁ ਕਾਰੀ ॥ ਜਿਤੁ ਹਉਮੈ ਗਰਬੁ ਨਿਵਾਰੀ ॥ 1 ॥ ਰਹਾਉ ॥
ਸਰਬ ਭੂਤ ਪਾਰਬ੍ਰਹਮੁ ਕਰਿ ਮਾਨਿਆ, ਹੋਵਾਂ ਸਗਲ ਰੇਨਾਰੀ ॥ 2 ॥
ਪੇਖਿਓ ਪ੍ਰਭ ਜੀਉ ਅਪੁਨੈ ਸੰਗੇ ਚੂਕੈ ਭੀਤਿ ਭ੍ਰਮਾਰੀ ॥ 3 ॥
ਅਉਖਧੁ ਨਾਮੁ ਨਿਰਮਲ ਜਲੁ ਅੰਮ੍ਰਿਤੁ ਪਾਈਐ ਗੁਰੂ ਦੁਆਰੀ ॥ 4 ॥
ਕਹੁ ਨਾਨਕ ਜਿਸੁ ਮਸਤਕਿ ਲਿਖਿਆ, ਤਿਸੁ ਗੁਰ ਮਿਲਿ ਰੋਗ ਖ਼ਿਦਾਰੀ ॥ 5 ॥

*(ਸੋਰਠਿ ਮ: 5 ਪੰ:–616)*

ਦੂਸਰਾ ਅੰਮ੍ਰਿਤ ਸੰਚਾਰ ਟਰੰਟੋ ਹੋਇਆ। ਇਥੇ ਪੰਜ ਪਿਆਰਿਆਂ ਦੀ ਸੇਵਾ ਦਾਸ, ਭਾਈ ਜੀਵਨ ਸਿੰਘ, ਭਾਈ ਅਮਰੀਕ ਸਿੰਘ, ਭਾਈ ਉਦੈ ਸਿੰਘ ਤੇ ਭਾਈ ਇਕਬਾਲ ਸਿੰਘ ਨੇ ਨਿਭਾਈ। ਅੰਮ੍ਰਿਤ ਸੰਚਾਰ ਦੇ ਸਮੇਂ ਜਦੋਂ ਭਾਈ ਅਮਰੀਕ ਸਿੰਘ ਜਾਪੁ ਸਾਹਿਬ ਦਾ ਪਾਠ ਕਰ ਰਹੇ ਸਨ ਤਾਂ ਮੈਨੂੰ ਪ੍ਰਤਖ ਦੋ ਹੱਥ ਖੰਡੇ ਤੇ ਨਜ਼ਰ ਆਏ। ਇਕ ਭਾਈ ਅਮਰੀਕ ਸਿੰਘ ਦਾ ਤੇ ਦੂਸਰਾ ਹੱਥ ਦਸਮੇ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਨਜ਼ਰ ਆਇਆ। ਮਹਾਰਾਜ ਆਪ ਅੰਮ੍ਰਿਤ ਵਿਚ ਕਲਾ ਵਰਤਾ ਰਹੇ ਸਨ। ਜਿਸ ਵੇਲੇ ਲਛਮਣ ਸਿੰਘ ਦੀ ਸਿੰਘਣੀ ਨੂੰ ਅੰਮ੍ਰਿਤ ਛਕਾਇਆ ਤਾਂ ਪਹਿਲੇ ਚੂਲੇ ਦੇ ਨਾਲ ਹੀ ਉਹ ਸੁੰਨ ਹੋ ਗਈ। ਕਾਫੀ ਦੇਰ ਉਸ ਨੂੰ ਹੋਸ਼ ਆਉਣ ਵਿਚ ਲੱਗਾ। ਉਸ ਦਾ ਸਿਮਰਨ ਬਹੁਤ ਜ਼ੋਰ ਜ਼ੋਰ ਦੀ ਚਲ ਰਿਹਾ ਸੀ। ਇਹ ਅੰਮ੍ਰਿਤ ਸੰਚਾਰ ਦਾ ਪ੍ਰੋਗਰਾਮ ਭਾਈ ਲਛਮਣ ਸਿੰਘ ਬੰਗਾ ਦੇ ਘਰ ਹੋਇਆ। ਇਥੇ 16 ਪ੍ਰਾਣੀਆਂ ਨੇ ਅੰਮ੍ਰਿਤਪਾਨ ਕੀਤਾ। ਦਾਸ ਨੇ ਭਾਈ ਜੀਵਨ ਸਿੰਘ ਨੂੰ ਬੇਨਤੀ ਕੀਤੀ ਕਿ ਲੰਡਨ ਆ ਕੇ ਸੰਗਤਾਂ ਨੂੰ ਨਿਹਾਲ ਕਰੋ। ਭਾਈ ਸਾਹਿਬ ਇੰਡੀਆ ਜਾਣ ਵੇਲੇ ਇਕ ਹਫਤੇ ਵਾਸਤੇ ਇੰਗਲੈਂਡ ਰੁਕੇ ਅਤੇ ਰੈਣ ਸਬਾਈ ਵਿਚ ਹਿਸਾ ਲਿਆ। ਭਾਈ ਸਾਹਿਬ ਜੀ ਦਾ ਕੀਰਤਨ ਸੁਣ ਕੇ ਸੰਗਤਾਂ ਤੇ ਬਹੁਤ ਅਸਰ ਹੋਇਆ। ਭਾਈ ਸਾਹਿਬ ਪਟਨਾ ਸਾਹਿਬ ਦੀ ਸੇਵਾ ਤੋਂ ਮੁਕਤ ਹੋ ਕੇ ਸਿਰਫ ਕੀਰਤਨ ਅਤੇ ਅੰਮ੍ਰਿਤ ਛਕਾਣ ਦੀ ਸੇਵਾ ਕਰਨ ਲੱਗੇ। ਇਸ ਤਰ੍ਹਾਂ ਅਮਰੀਕਾ ਤੇ ਕੈਨੇਡਾ ਵਿਚ ਅਖੰਡ ਕੀਰਤਨੀ ਜਥੇ ਦੀ ਲਹਿਰ ਤੁਰ ਪਈ। ਭਾਈ ਸਾਹਿਬ ਕੈਨੇਡਾ, ਅਮਰੀਕਾ, ਇੰਗਲੈਂਡ ਤੇ ਯੂਰਪ ਵਿਚ ਹਰਮਨ ਪਿਆਰੇ ਬਣ ਗਏ। ਇਹ ਇੰਗਲੈਂਡ ਆਉਂਦੇ ਹਨ ਤਾਂ ਸਾਰੀ ਸੰਗਤ ਇਨ੍ਹਾਂ ਦੇ ਕੀਰਤਨ ਦਾ ਅਨੰਦ ਮਾਣਦੀ ਹੈ ਅਰਦਾਸ ਵਿਚ ਹਮੇਸ਼ਾ ਇਹ ਹੀ ਕਹਿੰਦੇ ਹਨ ਕਿ ਹੇ ਵਾਹਿਗੁਰੂ, ਸਾਰੀ ਸ੍ਰਿਸ਼ਟੀ ਤੇਰਾ ਨਾਮ ਜਪੇ। ਇੰਨਾਂ ਦੀ ਸਿੰਘਣੀ ਬੀਬੀ ਜੋਗਿੰਦਰ ਕੌਰ ਨੇ ਵੀ ਪੂਰਾ ਸਹਿਯੋਗ ਦਿੱਤਾ।

*****

# ਅਨੰਦਪੁਰ ਸਾਹਿਬ ਦੇ ਲੰਗਰ ਦੀ ਸੇਵਾ


ਜਦੋਂ ਦਾਸ ਚਾਚਾ ਦਰਸ਼ਨ ਸਿੰਘ ਦੇ ਘਰ ਰਹਿੰਦਾ ਸੀ, ਤਾਂ ਉਨ੍ਹਾਂ ਦੇ ਘਰ ਸੰਤ ਸੇਵਾ ਸਿੰਘ ਜੀ ਆਏ । ਇਹਨਾਂ ਦਾ ਦਰਸ਼ਨ ਕਰਕੇ ਮਨ ਬਹੁਤ ਖੁਸ਼ ਹੋਇਆ, ਇਸ ਤਰ੍ਹਾਂ ਲੱਗਿਆ ਬਹੁਤ ਦੇਰ ਦੇ ਵਿਛੜੇ ਸਾਥੀ ਮਿਲੇ ਹਾਂ । ਮੈਂ ਸੋਚਿਆ, ਬਾਬਾ ਜੀ ਇੰਨੀ ਬਿਰਧ ਅਵਸਥਾ ਵਿਚ ਵੀ ਕਠਨ ਸੇਵਾ ਕਰਦੇ ਹਨ, ਉਨ੍ਹਾਂ ਨੂੰ ਦੇਖ ਕੇ ਮੇਰਾ ਵੀ ਸੇਵਾ ਕਰਨ ਦਾ ਮਨ ਬਣ ਗਿਆ । ਅਸੀਂ ਬਾਬਾ ਜੀ ਨਾਲ ਘਰ-ਘਰ ਜਾ ਕੇ ਸੰਗਤਾਂ ਪਾਸੋਂ ਸ੍ਰੀ ਅਨੰਦਪੁਰ ਸਾਹਿਬ ਤੇ ਹੋਰ ਗੁਰਧਾਮਾਂ ਵਾਸਤੇ ਮਾਇਆ ਇਕੱਠੀ ਕਰਨ ਲੱਗੇ । ਸੰਗਤਾਂ ਨੇ ਬੜੇ ਉਤਸ਼ਾਹ ਨਾਲ ਮਾਇਆ ਦਿਤੀ ।

ਇੱਕ ਦਿਨ ਦਾਸ, ਚਾਚਾ ਦਰਸ਼ਨ ਸਿੰਘ, ਭਾਈ ਪਾਖਰ ਸਿੰਘ, ਭਾਈ ਮਹਿੰਦਰ ਸਿੰਘ ਬੈਂਸ ਬਾਬਾ ਜੀ ਦੇ ਨਾਲ ਉਗਰਾਹੀ ਤੋਂ ਵਾਪਸ ਆ ਕੇ ਪ੍ਰਸ਼ਾਦਾ ਛਕਣ ਲੱਗੇ । ਬਾਬਾ ਜੀ ਪ੍ਰਸ਼ਾਦਾ ਛਕਦੇ-ਛਕਦੇ ਪਤਾ ਨਹੀ ਕਿਤਨੇ ਛਕ ਗਏ । ਬੀਬੀ ਮਹਿੰਦਰ ਕੌਰ ਛਕਾਉਂਦੀ ਸੀ ਤੇ ਬੀਬੀ ਸੁਰਜੀਤ ਕੌਰ ਪ੍ਰਸ਼ਾਦੇ ਬਣਾ ਰਹੀ ਸੀ । ਪ੍ਰਸਾਦਾ ਛਕਣ ਤੋਂ ਬਾਅਦ ਹੱਥ ਸੁੱਚੇ ਕਰਾਉਣ ਲੱਗੇ ਤਾਂ ਬਾਬਾ ਜੀ ਨੇ ਦੋਨਾਂ ਨੂੰ ਪੁਛਿਆ "ਕਿਹੜੀ-ਕਿਹੜੀ ਬਾਣੀ ਦਾ ਨਿਤਨੇਮ ਕਰਦੇ ਹੋ ।" ਮਹਿੰਦਰ ਕੌਰ ਨੇ ਕਿਹਾ, "ਬਾਬਾ ਜੀ ਮੈਨੂੰ ਤਾਂ ਪੰਜਾਬੀ ਚੰਗੀ ਤਰ੍ਹਾਂ ਨਹੀਂ ਆਉਂਦੀ ।" ਸੁਰਜੀਤ ਕੌਰ ਕਹਿਣ ਲੱਗੀ, "ਬਾਬਾ ਜੀ ਬਾਣੀ ਤਾਂ ਮੈਂ ਪੜ੍ਹ ਲੈਂਦੀ ਹਾਂ ਪਰ ਕੰਠ ਨਹੀਂ ਹੈ ।" ਬਾਬਾ ਜੀ ਨੇ ਕਿਹਾ, "ਗੁਰੂ ਘਰ ਘਾਟਾ ਨਹੀਂ ਹੈ" ਮਹਿੰਦਰ ਕੌਰ ਨੂੰ ਕਿਹਾ, ਤੂੰ ਆਪਣੇ ਡੈਡੀ (ਚਾਚਾ ਦਰਸ਼ਨ ਸਿੰਘ) ਕੋਲੋਂ ਬਾਣੀ ਪੜਨੀ ਸਿੱਖੀਂ । ਗੁਰੂ ਜੀ ਮਿਹਰ ਕਰਨਗੇ ਤੈਨੂੰ ਬਾਣੀ ਕੰਠ ਹੋ ਜਾਵੇਗੀ । ਇਸੇ ਤਰ੍ਹਾਂ ਸੁਰਜੀਤ ਕੌਰ ਨੂੰ ਵੀ ਕਿਹਾ, ਤੇਰੇ ਤੇ ਵੀ ਗੁਰੂ ਕ੍ਰਿਪਾ ਕਰਨਗੇ ਤੂੰ ਵੀ ਕੰਠ ਕਰ । ਮਹਾਰਾਜ ਨੇ ਕ੍ਰਿਪਾ ਕੀਤੀ ਇਨ੍ਹਾਂ ਦੋਨਾਂ ਨੂੰ ਪੰਜੇ ਬਾਣੀਆਂ ਤੇ ਸੁਖਮਨੀ ਸਾਹਿਬ ਕੰਠ ਹੈ ।

ਇੱਕ ਪ੍ਰੇਮੀ ਨੇ ਆਪਣੇ ਬੱਚੇ ਦੇ ਜਨਮ ਦਿਨ ਦੀ ਖੁਸ਼ੀ ਵਿਚ ਅਖੰਡਪਾਠ ਕਰਾਇਆ । ਗਿਆਨੀ ਅਮੋਲਕ ਸਿੰਘ, ਭਾਈ ਸ਼ਾਦੀ ਸਿੰਘ, ਭਾਈ ਭਗੀਰਥ ਸਿੰਘ, ਭਾਈ ਹਰਚਰਨ ਸਿੰਘ, ਭਾਈ ਮਹਿੰਦਰ ਸਿੰਘ ਬੈਂਸ ਅਤੇ ਭਾਈ ਅਮਰੀਕ ਸਿੰਘ ਨੇ ਸੇਵਾ ਕੀਤੀ । ਗਿਆਨੀ ਅਮੋਲਕ ਸਿੰਘ ਜੀ ਨੇ ਕੀਰਤਨ ਦੀ ਸੇਵਾ ਕੀਤੀ । ਦਾਸ ਨੇ ਤਿੰਨੇ ਦਿਨ ਅਖੰਡਪਾਠ ਦੇ ਦੌਰਾਨ ਇਸੇ ਘਰ ਰਹਿ ਕੇ ਪੂਰੀ ਜੁੰਮੇਵਾਰੀ ਨਿਭਾਈ । ਅਖੰਡਪਾਠ ਦੀ ਸਮਾਪਤੀ ਤੋਂ ਬਾਅਦ ਅਸੀਂ ਸਾਰਿਆਂ ਨੇ ਸਲਾਹ ਕੀਤੀ ਕਿ ਜਦੋਂ ਬਾਬਾ ਸੇਵਾ ਸਿੰਘ ਜੀ ਵਾਪਸ ਆਉਣਗੇ ਤਾਂ ਮਾਇਆ ਉਨ੍ਹਾਂ ਨੂੰ ਦੇ ਦੇਵਾਂਗੇ ।

ਬਾਬਾ ਜੀ ਦੁਬਾਰਾ ਇੰਗਲੈਂਡ ਆਏ ਤਾਂ ਦਾਸ ਬਾਬਾ ਜੀ ਨਾਲ ਉਗਰਾਹੀ ਵਾਸਤੇ ਜਾਣ ਲੱਗਾ । ਇੰਗਲੈਂਡ ਦੀਆਂ ਸੰਗਤਾਂ ਨੇ ਬਾਉਲੀ ਸਾਹਿਬ ਦੀ ਸੇਵਾ ਕਰਾਈ ਅਤੇ ਰਿਹਾਇਸ਼ੀ ਕਮਰਿਆਂ ਵਾਸਤੇ ਬੇਅੰਤ ਮਾਇਆ ਭੇਟ ਕੀਤੀ । ਬੀਬੀਆਂ ਨੇ ਬੇਅੰਤ ਸੋਨਾ ਦਿੱਤਾ ਤਕਰੀਬਨ ਦੋ ਕਿਲੋ ਦੇ ਲਗਭਗ ਸੋਨਾ ਹੋ ਗਿਆ ।

ਦਾਸ (ਰਾਮਾ ਸਿੰਘ ਜੀ) ਅਖੰਡਪਾਠੀਆਂ ਤੇ ਕੀਰਤਨੀਆਂ ਦੇ ਨਾਲ ਜਿਹੜੇ
ਸ੍ਰੀ ਅਨੰਦਪੁਰ ਸਾਹਿਬ ਦੇ ਲੰਗਰਾਂ ਦੀ ਸੇਵਾ ਲਈ ਅਖੰਡਪਾਠਾਂ ਦੀ ਸੇਵਾ ਕਰਦੇ ਹਨ ।






ਗੁਰਦੁਆਰਾ ਕਿਲ੍ਹਾ ਅਨੰਦਗੜ੍ਹ ਸਾਹਿਬ ਵਾਸਤੇ ਇੰਗਲੈਂਡ ਦੀ ਸੰਗਤ ਵੱਲੋਂ
ਅਖੰਡਪਾਠਾਂ ਦੀ ਮਾਇਆ ਨਾਲ ਖਰੀਦ ਕੇ ਭੇਟਾ ਕੀਤੀ ਗਈ ਬੱਸ

ਬਾਬਾ ਜੀ ਦੋ ਤਿੰਨ ਮਹੀਨੇ ਇਥੇ ਰਹੇ। ਜਦੋਂ ਵਾਪਸ ਜਾਣ ਲੱਗੇ ਤਾਂ ਦਾਸ ਨੇ ਅਖੰਡਪਾਠ ਦੀ ਮਾਇਆ ਬਾਬਾ ਜੀ ਨੂੰ ਦੇ ਦਿੱਤੀ। ਸੋਚ ਕੇ ਬਾਬਾ ਜੀ ਬੋਲੇ, ਤੂੰ ਕਿਉਂ ਨਹੀਂ ਅਖੰਡਪਾਠਾਂ ਦੀ ਸੇਵਾ ਸ਼ੁਰੂ ਕਰ ਦਿੰਦਾ? ਮੈਂ ਕਿਹਾ, ਬਾਬਾ ਜੀ! ਨਾ ਤਾਂ ਮੈਂ ਪਾਠੀ ਹਾਂ ਅਤੇ ਨਾ ਹੀ ਮੈਨੂੰ ਕੀਰਤਨ ਆਉਂਦਾ ਹੈ। ਮੇਰੇ ਵਿਚ ਐਸਾ ਗੁਣ ਨਹੀਂ ਕਿ ਮੈਂ ਸੇਵਾ ਨਿਭਾ ਸਕਾਂ। ਉਸ ਵੇਲੇ ਪਾਠੀ ਬਹੁਤ ਥੋੜ੍ਹੇ ਸਨ। ਬਾਬਾ ਜੀ ਨੇ ਕਿਹਾ, ਇਹ ਸੇਵਾ ਗੁਰੂ ਮਹਾਰਾਜ ਜੀ ਨੇ ਆਪ ਤੁਹਾਡੇ ਕੋਲੋਂ ਲੈਣੀ ਹੈ ਤੁਸੀਂ ਕੋਈ ਚਿੰਤਾ ਨਹੀਂ ਕਰਨੀ। ਸਤਿਗੁਰੂ ਨੇ ਮਿਹਰ ਕੀਤੀ, ਅਖੰਡ ਪਾਠੀਆਂ ਦਾ ਬਹੁਤ ਵੱਡਾ ਜਥਾ ਤਿਆਰ ਹੋ ਗਿਆ। ਜਿਸ ਵਿਚ ਹਰ ਕਿਸੇ ਨੂੰ ਕੇਵਲ ਇਕ ਹੀ ਡਿਊਟੀ ਮਿਲਦੀ ਸੀ। ਸਭ ਤੋਂ ਪਹਿਲਾਂ ਇਨ੍ਹਾਂ ਪਾਠੀਆਂ ਦੇ ਨਾਮ ਵਰਨਣ ਯੋਗ ਹਨ। ਭਾਈ ਮਹਿੰਦਰ ਸਿੰਘ ਗੜ੍ਹਗੱਜ, ਭਾਈ ਹਰਦੀਪ ਸਿੰਘ, ਭਾਈ ਪ੍ਰਿਥੀਪਾਲ ਸਿੰਘ, ਭਾਈ ਜੋਗਾ ਸਿੰਘ, ਭਾਈ ਹਰਭਜਨ ਸਿੰਘ, ਭਾਈ ਸੁਖਦੇਵ ਸਿੰਘ, ਬੀਬੀ ਕ੍ਰਿਪਾਲ ਕੌਰ, ਬੀਬੀ ਸੰਤੋਖ ਕੌਰ, ਬੀਬੀ ਸਿਮਰਤ ਕੌਰ, ਬੀਬੀ ਮਨਜਿੰਦਰ ਕੌਰ, ਬੀਬੀ ਕੁਲਵਿੰਦਰ ਕੌਰ, ਬੀਬੀ ਚਰਨਜੀਤ ਕੌਰ ਅਤੇ ਹੋਰ ਕਈ ਬੀਬੀਆਂ ਜੋ ਦਿਨੇ ਸੇਵਾ ਕਰਦੀਆਂ ਸਨ। ਦਾਸ ਤਿੰਨੇ ਹੀ ਦਿਨ ਅਖੰਡਪਾਠ ਦੇ ਦੌਰਾਨ ਉਸੇ ਘਰ ਰਹਿ ਕੇ ਨਾਮ ਬਾਣੀ ਦਾ ਅਨੰਦ ਲੈਂਦੇ ਸਨ। ਭਾਈ ਮਹਿੰਦਰ ਸਿੰਘ ਦੇ ਬੱਚੇ ਅਤੇ ਹਰਭਜਨ ਸਿੰਘ ਕੀਰਤਨ ਦੀ ਸੇਵਾ ਕਰਦੇ ਸਨ। ਅਖੰਡਪਾਠਾਂ ਦੀ ਮਾਇਆ ਸਾਡੇ ਕੋਲ ਕਾਫੀ ਇਕੱਠੀ ਹੋ ਗਈ। ਸੰਗਤ ਨੇ ਮਿਲ ਕੇ ਦਾਸ ਨੂੰ ਡੋਨਰ ਮੋਹਰੀ ਬਣਾ ਦਿਤਾ। ਉਸ ਵੇਲੇ ਏਥੇ ਲੇਬਰ ਦਾ ਰਾਜ ਸੀ। ਹਜ਼ਾਰ ਪੌਂਡ ਤੋਂ ਵੱਧ ਕੋਈ ਬਾਹਰ ਭੇਜ ਨਹੀਂ ਸਕਦਾ ਸੀ।

ੴ ਵਾਹਿਗੁਰੂ ਜੀ ਕੀ ਫਤਹਿ॥

**DASHMESH**

**RELIGIOUS CHARITABLE TRUST**

19 CAXTON ROAD, SOUTHALL, MIDDX. UB2 5LR. TELEPHONES : 01-843 9434

( REGISTRATION NO.271173)

Registered under the Charities Act 1960.

ਸਾਲਾਨਾ ਅਕਾਊਂਟ 3L 5. 77 ਤੱਕ

| ਆਮਦਨ ਸਾਧਨ | | ਖਰਚ-ਦਾਨ | |
|---|---|---|---|
| ਅਖੰਡ ਪਾਠਾਂ ਰਾਹੀਂ ਗੁਰਦਵਾਰਿਆਂ ਦੀ ਸੇਵਾ ਲਈ | 9,250. 67 | ਅਨੰਦ ਪੁਰ ਸਾਹਿਬ ਗੁਰਦੁਆਰਿਆਂ ਦੀ ਸੇਵਾ ਲਈ | 10,000. 00 |
| ਦੂਟ ਕਲ | 65. 40 | ਪਿੰਗਲਵਾੜਾ ਅੰਮ੍ਰਿਤਸਰ | 3,050. 00 |
| ਪਿੰਗਲਵਾੜਾ ਵਾਸਤੇ | 3,850. 00 | ਪਿੰਗਲਾ ਘਰ ਜਾਲੰਧਰ | 400. 00 |
| ਵਿਆਜ | 25. 64 | ਹੇਮਕੁੰਟ ਗੁਰਦੁਆਰਾ ਸਾਹਿਬ ਦੀ ਸੇਵਾ ਲਈ | 250. 00 |
| ਭਾਈ ਰਾਮ ਸਿੰਘ ਵਲੋਂ, ਟਰਸਟ ਦੀ ਸਮਾਪਤੀ ਤੇ | 4,956. 50 | ਗੁਰੂ ਦਾ ਮਹਲ ਅੰਮ੍ਰਿਤਸਰ | 500. 00 |
| | | ਹਰੀਆਂ ਵੇਲਾਂ ਗੁਰਦੁਆਰੇ ਦੀ ਸੇਵਾ ਲਈ | 800. 00 |
| | | ਡਰਾਫਟਾਂ ਤੇ ਖਰਚ | 17. 98 |
| | | ਦਫਤਰ ਦਾ ਖਰਚ | 53. 47 |
| | | | 15071. 45 |
| | | ਬੈਂਕ ਵਿੱਚ ਜਮਾਂ | 2879. 21 |
| | | ਕੈਸ਼ | 197. 55 |
| | 18118. 21 | | 18148. 21 |

ਨੋਟ :-

1. ਅਖੰਡਪਾਠਾਂ ਦੀ ਸੇਵਾ ਟਰਸਟ ਦੇ ਨਿਸ਼ਕਾਮ ਅਖੰਡਪਾਠੀਆਂ ਨੇ ਕੀਤੀ ਹੈ।
2. ਲਗਭਗ ਪਿੰਗਲਵਾੜੇ ਦੀ ਸਾਰੀ ਸੇਵਾ ਬੀਬੀ ਬਨਟ ਕੌਰ ਜੀ ਨੇ ਸੰਗਤਾਂ ਨੂੰ ਪ੍ਰੇਰ ਕੇ ਕੀਤੀ ਹੈ।
3. ਹੇਮਕੁੰਟ ਸਾਹਿਬ ਦੀ ਬਹੁਤੀ ਮਾਇਆ ਦੀ ਸੇਵਾ ਇਸਤ੍ਰੀ ਕੀਰਤਨੀ ਜਥਾ ਹੇਜ਼ ਵਲੋਂ ਹੋਈ ਹੈ।
4. ਹਰੀਆਂ ਵੇਲਾਂ ਗੁਰਦੁਆਰੇ ਲਈ 600 ਪੌਂਡ ਦੀ ਸੇਵਾ ਸ੍ਰ: ਦੀਦਾਰ ਸਿੰਘ ਵਲੋਂ ਹੋਈ।

ਸੇਵਾਦਾਰ :-
ਟਰਸਟੀਜ਼ ਦਸ਼ਮੇਸ਼ ਰਿਲੀਜਿਅਸ ਚੈਰੀਟੇਬਲ ਟਰਸਟ।

ਦਸਮੇਸ਼ ਰਿਲੀਜੀਅਸ ਚੈਰੀਟੇਬਲ ਟਰੱਸਟ ਵੱਲੋਂ ਦਿੱਤੀ ਗਈ ਰਸੀਦ ਦੀ ਫੋਟੋ ਕਾਪੀ

ਅਸੀਂ ਸਾਰਿਆਂ ਨੇ ਵੀਚਾਰ ਕਰਕੇ "ਦਸ਼ਮੇਸ਼ ਰਿਲੀਜਿਅਸ ਚੈਰੀਟੇਬਲ ਟਰਸਟ" ਬਣਾਇਆ। ਭਾਈ ਮਹਿੰਦਰ ਸਿੰਘ ਬੈਂਸ ਪ੍ਰਧਾਨ, ਭਾਈ ਹਰਚਰਨ ਸਿੰਘ ਜਨਰਲ ਸੈਕਟਰੀ, ਭਾਈ ਸੁਖਦੇਵ ਸਿੰਘ ਖਜ਼ਾਨਚੀ, ਭਾਈ ਪਾਖਰ ਸਿੰਘ ਅਤੇ ਭਾਈ ਮਹਿੰਦਰ ਸਿੰਘ ਗੜਗਜ ਟਰਸਟੀ ਬਣਾਏ।

ਇਸ ਅਖੰਡਪਾਠਾਂ ਦੀ ਸੇਵਾ ਨਾਲ ਸੰਗਤਾਂ ਨੇ ਵੱਡੀ ਬੱਸ ਲੈਣ ਵਾਸਤੇ ਬਾਬਾ ਜੀ ਨੂੰ ਮਾਇਆ ਦਿਤੀ। ਉਸ ਵੇਲੇ ਇਕ ਬੱਸ ਦੀ ਕੀਮਤ ਸਵਾ ਲੱਖ ਰੁਪਏ ਸੀ। ਇਨ੍ਹਾਂ ਅਖੰਡਪਾਠਾਂ ਦੀ ਮਾਇਆ ਅਨੰਦਗੜ੍ਹ ਲੰਗਰ ਵਾਸਤੇ ਭੇਜੀ ਜਾਂਦੀ ਹੈ। ਜਿਸ ਤਰ੍ਹਾਂ ਸੰਗਤਾਂ ਨੂੰ ਪਤਾ ਲਗਦਾ ਕਿ ਭਾਈ ਰਾਮਾ ਸਿੰਘ ਜਿਹੜੇ ਵੀ ਅਖੰਡਪਾਠ ਕਰਦੇ ਹਨ ਸਾਰੀ ਦੀ ਸਾਰੀ ਭੇਟਾ ਲੰਗਰ ਵਾਸਤੇ ਜਾਂਦੀ ਹੈ ਤਾਂ ਲੋਕ ਜਿਆਦਾ ਤੋਂ ਜਿਆਦਾ ਪਾਠ ਕਰਾਉਣ ਲੱਗ ਪਏ। ਤਿੰਨ ਚਾਰ ਮਹੀਨੇ ਦੀ ਵੇਟਿੰਗ ਲਿਸਟ ਬਣ ਗਈ। ਕਈ ਪ੍ਰੇਮੀ ਹਰ ਸਾਲ ਪੱਕਾ ਪ੍ਰੋਗਰਾਮ ਬਣਾ ਕੇ ਪਹਿਲਾਂ ਹੀ ਬੁਕ ਕਰਾ ਦਿੰਦੇ ਸਨ। ਇਸ ਤਰ੍ਹਾਂ ਅਖੰਡਪਾਠਾਂ ਦੀ ਲਹਿਰ ਤੁਰ ਪਈ। ਮਹਾਰਾਜ ਆਪ ਸਿਰ ਤੇ ਹੱਥ ਰੱਖ ਕੇ ਸੇਵਾ ਲੈਂਦੇ ਸਨ। ਅਖੰਡਪਾਠਾਂ ਦੀ ਸੇਵਾ ਕਰਦਿਆਂ ਕਾਫੀ ਸਮਾਂ ਬੀਤ ਗਿਆ। ਇਹ ਸੇਵਾ ਕਰਦਿਆਂ ਕਰਦਿਆਂ ਮਹਾਰਾਜ ਨੇ ਖੁਸ਼ ਹੋ ਕੇ ਅੰਮ੍ਰਿਤ ਪ੍ਰਚਾਰ ਦੀ ਸੇਵਾ ਬਖਸ਼ ਦਿਤੀ ਕਿ ਹੁਣ ਤੁਸੀਂ ਦੇਸ਼ਾਂ ਬਿਦੇਸ਼ਾਂ ਵਿਚ ਜਾ ਕੇ ਅੰਮ੍ਰਿਤ ਸੰਚਾਰ ਦੀ ਸੇਵਾ ਕਰਨੀ ਹੈ ਅਤੇ ਅਖੰਡਪਾਠਾਂ ਦੀ ਸੇਵਾ ਦਾਸ ਨੇ ਭਾਈ ਪਾਖਰ ਸਿੰਘ ਨੂੰ ਸੌਂਪ ਦਿੱਤੀ ਜੋ ਕਿ ਅੱਜ ਤਕ ਬਹੁਤ ਹੀ ਚੜ੍ਹਦੀ ਕਲਾ ਵਿਚ ਚੱਲ ਰਹੀ ਹੈ। ਜਦੋਂ ਬਾਬਾ ਜੀ ਸੋਨਾ ਸੇਵਾ ਵਾਸਤੇ ਲੈ ਗਏ ਤਾਂ ਸੋਨੇ ਵਾਲਾ ਡੱਬਾ ਖਾਲ੍ਹੀ ਹੋ ਗਿਆ। ਅਸੀਂ ਸੋਚਿਆ ਡੱਬੇ ਨੂੰ ਕੀ ਕੀਤਾ ਜਾਵੇ। ਮੈਂ ਇਸ ਡੱਬੇ ਨੂੰ ਗੁਰਦੁਆਰੇ ਲੈ ਗਿਆ ਅਤੇ ਸੰਗਤਾਂ ਨੂੰ ਪ੍ਰੇਰਨਾ ਕੀਤੀ ਕਿ ਪਿੰਗਲਵਾੜੇ ਵਾਸਤੇ ਸੇਵਾ ਦਿਉ। ਪਹਿਲੇ ਦਿਨ ਸੋਲਾਂ ਪੌਂਡ ਇਕੱਠੇ ਹੋਏ। ਉਹ ਡੱਬਾ ਮੈਂ ਮਾਇਆ ਸਮੇਤ ਬੀਬੀ ਚੰਨਣ ਕੌਰ ਨੂੰ ਸੌਂਪ ਦਿਤਾ। ਬੀਬੀ ਜੀ ਕਹਿਣ ਲੱਗੀ, ਮੇਰੇ ਭਾਗ ਜਾਗ ਪਏ ਮੈਨੂੰ ਅਸਲੀ ਸੇਵਾ ਮਿਲੀ ਹੈ ਕਿ ਗਰੀਬ ਦੇ ਮੂੰਹ ਵਿਚ ਸੇਵਾ ਜਾਵੇਗੀ, ਜੋ ਅਜੇ ਤਕ ਵੀ ਚੱਲ ਰਹੀ ਹੈ। ਬੀਬੀ ਜੀ ਦਾ ਮਨ ਇੰਨਾਂ ਨਿਮਰਤਾ ਵਿਚ ਆ ਗਿਆ ਕਿ ਉਹ ਜੋੜਿਆਂ ਵਿਚ ਬੈਠ ਕੇ ਸੇਵਾ ਲੈਂਦੀ ਹੈ। ਕੋਈ ਇਕ ਪੈਨੀ ਤੇ ਕੋਈ ਦਸ ਪੈਨੀਆਂ ਤੇ ਕੋਈ ਪੌਂਡ, ਜਿੰਨੀ ਕਿਸੇ ਦੀ ਸ਼ਰਧਾ ਹੋਵੇ ਡੱਬੇ ਵਿਚ ਪਾ ਕੇ ਮਾਇਆ ਸਫਲ ਕਰਦੇ ਹਨ। ਇਸ ਬੀਬੀ 'ਤੇ ਬਹੁਤ ਮਿਹਰ ਹੈ। ਸੰਗਤਾਂ ਤੋਂ ਮੰਗ ਕੇ ਅਨਾਥ ਬੱਚਿਆਂ ਲਈ ਮਾਇਆ ਇਕੱਠੀ ਕਰਦੀ ਹੈ। ਜਦੋਂ ਕੋਈ ਗੁਰਪੁਰਬ ਆਉਂਦਾ ਹੈ ਤਾਂ ਅਨੰਦਪੁਰ ਲੰਗਰ ਵਾਸਤੇ ਵੀ ਮਾਇਆ ਇਕਠੀ ਕਰਦੀ ਹੈ।

ਭਾਈ ਜੋਗਿੰਦਰ ਸਿੰਘ ਸੰਧੂ ਹਜ਼ੂਰ ਸਾਹਿਬ ਦੀ ਯਾਤਰਾ ਕਰਕੇ ਆਏ ਤੇ ਦੱਸਿਆ ਕਿ ਮੈਨੂੰ ਸ੍ਰ: ਚੰਨਣ ਸਿੰਘ ਨੇ ਵਣਜਾਰਿਆਂ ਬਾਰੇ ਦੱਸਿਆ ਹੈ। ਇਹ ਲੋਕ ਸਿੱਖ ਧਰਮ ਵਿੱਚ ਸ਼ਾਮਲ ਹੋਣ ਲਈ ਤਿਆਰ ਹਨ। ਮਗਰ ਇਸ ਇਲਾਕੇ ਵਿੱਚ ਸਿੱਖ ਧਰਮ ਦਾ ਪ੍ਰਚਾਰ ਕਰਨ ਵਾਸਤੇ ਕਮੇਟੀ ਦਾ ਕੋਈ ਪ੍ਰਬੰਧ ਨਹੀਂ ਹੈ।

# ਗੁਰਦੁਆਰਾ ਕਿਲ੍ਹਾ ਅਨੰਦਗੜ੍ਹ ਸਾਹਿਬ ਦੀ ਕਮੇਟੀ ਵੱਲੋਂ ਮਾਇਆ ਪ੍ਰਾਪਤੀ ਦੀ ਭੇਜੀ ਗਈ ਰਸੀਦ

ੴ ਸਤਿਗੁਰ ਪ੍ਰਸਾਦਿ ॥

**ਗੁਰਦੁਆਰਾ ਕਿਲ੍ਹਾ ਆਨੰਦ ਗੜ੍ਹ ਸਾਹਿਬ**

ਸ੍ਰੀ ਆਨੰਦਪੁਰ ਸਾਹਿਬ, ਜ਼ਿ: ਰੋਪੜ (ਪੰਜਾਬ)

**Gurdwara Qilla Anand Garh Sahib**

Siri Anandpur Sahib Distt. Roper (Punjab)

ਨੰ. ਮਿਤੀ.......

ਪ੍ਰਬੰਧਕ ਕਾਰ ਸੇਵਾ
ਸੰਤ ਬਾਬਾ ਸੇਵਾ ਸਿੰਘ ਜੀ
ਜਿਨ੍ਹਾਂ ਦੇ ਪ੍ਰਬੰਧ ਵਿਚ ਹੇਠ ਲਿਖੇ ਗੁਰਦਵਾਰਿਆਂ ਦੀ ਸੇਵਾ ਹੋ ਰਹੀ ਹੈ :-

1. ਗੁਰਦੁਆਰਾ ਕਿਲ੍ਹਾ ਅਨੰਦ ਗੜ੍ਹ
2. ਗੁਰਦੁਆਰਾ ਗੁਰੂ-ਕਾ-ਲਾਹੌਰ
3. ਗੁਰਦੁਆਰਾ ਤ੍ਰਿਬੇਣੀ ਸਾਹਿਬ ਗੁਰੂ ਕਾ ਲਾਹੌਰ
4. ਗੁਰਦਵਾਰਾ ਪੌੜ ਸਾਹਿਬ ਗੁਰੂ ਕਾ ਲਾਹੌਰ
5. ਗੁਰਦੁਆਰਾ ਬਿਭੌਰ ਸਾਹਿਬ ਨਵਾਂ ਨੰਗਲ
6. ਗੁਰਦੁਆਰਾ ਬੰਟ ਸਾਹਿਬ ਕੀਰਤਪੁਰ ਸਾਹਿਬ
7. ਗੁਰਦੁਆਰਾ ਸ਼ੀਸ਼ ਮਹਿਲ, ਕੀਰਤਪੁਰ ਸਾਹਿਬ
8. ਗੁਰਦੁਆਰਾ ਤੀਰ ਸਾਹਿਬ ਕੀਰਤਪੁਰ ਸਾਹਿਬ
9. ਗੁਰਦੁਆਰਾ ਦੇਹਰਾ ਬਾਬਾ ਗੁਰਦਿੱਤਾ ਜੀ,
10. ਗੁਰਦੁਆਰਾ ਗੁਰ ਪਲਾਹ ਸੰਤਰਾ, ਬੰਗਾ
11. ਗੁਰਦੁਆਰਾ ਗੁਰੂ ਕਾ ਚੱਕ ਸਰਹਾਲਾ
12. ਗੁਰਦੁਆਰਾ ਲੋਹ ਗੜ੍ਹ ਸਾਹਿਬ ਆਨੰਦਪੁਰ
13. ਗੁਰਦੁਆਰਾ ਦਮਦਮਾ ਸਾਹਿਬ ਸਾਬੋ ਕੀ ਤਲਵੰਡੀ

ਭਾਈ ਗਾਮਾ ਸਿੰਘ ਜੀ,

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ ਬੁਲਾਈ ਪ੍ਰਵਾਨ ਕਰਨੀ। ਆਪ ਜੀ ਨੇ ਜੋ ਅਨੰਦਪੁਰ(?) ਦੀ ਸੇਵਾ ਕਰਕੇ ਦਸ ਹਜ਼ਾਰ ਪੌਂਡ ਭੇਜੇ ਹਨ। ਉਸ ਸਾਰੀ ਮਾਇਆ [illegible] ਵਾਸਤੇ ਸਦਾ ਲੱਖ ਗੁਰਸਿੱਖਾਂ ਦਾ ਲੰਗਰ ਹੀ [illegible] ਹੈ। ਅਤੇ ਅਸੀਂ [illegible] ਹੈ। ਪੰਜ ਸੌ ਪੌਂਡ ਗੁਰੂ ਦੇ ਬਾਗ(?) ਅੰਮ੍ਰਿਤਸਰ ਵਾਸਤੇ [illegible] ਅਨੰਦਪੁਰ(?) ਸੇਵਾ ਤੇ ਲਾਏ ਜਾਣਗੇ। ਗੁਰੂ ਜੀ ਆਪ ਨੂੰ ਤੇ ਸਾਰੀ ਸਾਧ ਸੰਗਤ ਨੂੰ ਹੋਰ ਵਧ ਚੜ੍ਹ ਕੇ ਸੇਵਾ ਕਰਨ ਦਾ ਉਤਸ਼ਾਹ ਬਖਸ਼ੇ ਤੇ ਆਪਣੀ ਕਿਰਪਾ ਕਰਨ(?)। ਸਰਬੱਤ ਦੇ ਸਾਰੇ ਸੇਵਾਦਾਰਾਂ ਨੂੰ ਸਾਡੇ ਵੱਲੋਂ ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ ਬੁਲਾਉਣੀ।

ਦਾਸ - ਸੇਵਾ ਸਿੰਘ

---

ੴ ਸਤਿਗੁਰ ਪ੍ਰਸਾਦਿ ॥ Phone : 640 442

ਗੁਰੂ ਨਾਨਕ ਵਣਜਾਰਾ, ਸਿਕਲੀਗਰ ਅਤੇ ਪਛੜੀਆਂ ਜਾਤੀਆਂ ਸੇਵਾ ਮਿਸ਼ਨ, ਨਾਗਪੁਰ-੧੭

**Guru Nanak Wanjara, Sikligar & other Backward Communities Sewa Mission,**
**NAGPUR-17**

गुरु नानक बंजारा, सिकलगर और पछड़ी जातीय सेवा मिशन, नागपुर-१७

Regd. No. 571/81/Nagpur/21-12-81

Founder :
S. CHANAN SINGH

Plot No. 1, Guru Nanak Pura,
Nagpur-440017 (Maharashtra)

Date : 10-4-1983

ਭਾਈ ਸਾਹਿਬ ਗਾਮਾ ਸਿੰਘ ਜੀ,

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ। ਆਪ ਜੀ ਵੱਲੋਂ ਵਣਜਾਰੇ ਸਿੱਖਾਂ ਵਾਸਤੇ ਭੇਜੀ ਹੋਈ ਮਾਇਆ ਮਹੀਨੇ ਦੇ ਮਹੀਨੇ ਮਿਲ ਰਹੀ ਹੈ, ਤੁਸੀਂ ਇਹ ਸੇਵਾ ਕਰ ਰਹੇ ਹੋ, ਤੁਹਾਡਾ ਬੜਾ ਧੰਨਵਾਦ ਹੈ। ਇਸ ਨਾਲ ਸਿੱਖਾਂ ਵਾਸਤੇ ਲੰਗਰ ਚਾਲੂ ਕਰ ਦਿਤਾ ਹੈ, ਆਪ ਜੀ ਦਾ ਬਹੁਤ ਬਹੁਤ ਧੰਨਵਾਦ ਹੈ, ਸੁਰਿੰਦਰ ਸਿੰਘ ਜੈਪੁਰ(?) ਸਾਡੇ ਵੱਲੋਂ ਫਤਹਿ ਬੁਲਾਉਣੀ,

ਦਾਸ - ਚੰਨਣ ਸਿੰਘ

| S. CHANAN SINGH | PROF. G. C. SINGH, M. Sc. | S. GURSHARAN SINGH |
|---|---|---|
| *President* | *Secretary* | *Treasurer* |

ਕੰਢਾਲੀ ਆਸ਼ਰਮ ਦਾ ਪਤਾ :-
Gurdwara Guru Nanak Ashram, Kondhali, Taluka-Katol, Distt. Nagpur (Maharashtra)
Phone : 828-193

## ਗੁਰਦੁਆਰਾ ਕਿਲ੍ਹਾ ਅਨੰਦਗੜ੍ਹ ਸਾਹਿਬ ਅਤੇ ਸੇਵਾ ਮਿਸ਼ਨ ਵੱਲੋਂ ਇੰਗਲੈਂਡ ਦੀਆਂ ਸੰਗਤਾਂ ਨੂੰ ਭੇਜੇ ਗਏ ਧੰਨਵਾਦ ਪੱਤਰ

ਕਰੋੜ ਦੇ ਹਿਸਾਬ ਨਾਲ ਵਣਜਾਰੇ ਹਨ ਜੋ ਕਿ ਸਿੱਖ ਸਜਣਾ ਚਾਹੁੰਦੇ ਹਨ। ਜਦੋਂ ਇਨ੍ਹਾਂ ਦੇ ਸ਼ਾਦੀ ਦਾ ਪ੍ਰੋਗਰਾਮ ਹੋਵੇ ਤਾਂ ਇਹ ਗੁਰੂ ਨਾਨਕ ਦੇਵ ਜੀ ਦੇ ਨਾਂ ਦਾ ਸਵਾ ਰੁਪਈਆ ਜ਼ਰੂਰ ਕੱਢਦੇ ਹਨ। ਜੋਗਿੰਦਰ ਸਿੰਘ ਨੇ ਕਿਹਾ, ਇਹ ਵੀ ਬੜੀ ਭਾਰੀ ਸੇਵਾ ਹੈ। ਤੁਸੀਂ ਉਦਮ ਜ਼ਰੂਰ ਕਰੋ। ਬੰਬਈ ਤੋਂ ਨਾਗਪੁਰ ਦੀ ਵੱਡੀ ਸੜਕ ਤੇ ਗੁਰਦੁਆਰਾ ਬਣਾਉਣਾ ਹੈ ਤੁਸੀਂ ਵੀ ਮਦਦ ਕਰੋ। ਦਾਸ ਨੇ ਇਧਰ ਕੀਰਤਨ ਦਾ ਜਥਾ ਤਿਆਰ ਕਰ ਲਿਆ ਤੇ ਘਰ ਘਰ ਜਾ ਕੇ ਕੀਰਤਨ ਕਰਨਾ ਸ਼ੁਰੂ ਕਰ ਦਿੱਤਾ। ਜਿਹੜੀ ਮਾਇਆ ਬਣਦੀ ਸੀ ਅਸੀਂ ਵਣਜਾਰਿਆਂ ਵਾਸਤੇ ਭੇਜ ਦਿੰਦੇ ਸੀ। ਕੀਰਤਨੀ ਜਥੇ ਵਿੱਚ ਭਾਈ ਹਰਭਜਨ ਸਿੰਘ, ਡਾਕਟਰ ਦਵਿੰਦਰ ਸਿੰਘ, ਭਾਈ ਸਤਨਾਮ ਸਿੰਘ, ਭਾਈ ਮਹਿੰਦਰ ਸਿੰਘ ਦੇ ਬੱਚੇ, ਭਾਈ ਸਤਵਿੰਦਰ ਸਿੰਘ, ਭਾਈ ਪ੍ਰਿਥੀਪਾਲ ਸਿੰਘ ਅਤੇ ਬੀਬੀਆਂ ਵੀ ਹਿੱਸਾ ਲੈਂਦੀਆਂ ਸਨ। ਇਹ ਮਾਇਆ ਅਸੀਂ ਕਈ ਸਾਲ ਭੇਜਦੇ ਰਹੇ। ਸਤਿਗੁਰੂ ਦੀ ਮਿਹਰ ਨਾਲ ਗੁਰਦੁਆਰਾ ਬਣ ਗਿਆ ਅਤੇ ਖੂਹ ਵੀ ਲੱਗ ਗਿਆ ਅਤੇ ਗੁਰੂ ਦਾ ਲੰਗਰ ਵੀ ਵਰਤਦਾ ਹੈ। ਭਾਈ ਜੋਗਿੰਦਰ ਸਿੰਘ ਸੰਧੂ ਨੇ ਵੀ ਕਾਫੀ ਹਿੱਸਾ ਪਾਇਆ। ਭਾਈ ਚੰਨਣ ਸਿੰਘ 1995 ਈ: ਵਿੱਚ ਲੰਡਨ ਆਏ ਤੇ ਸਾਊਥਾਲ ਅਤੇ ਆਸ ਪਾਸ ਦੀਆਂ ਸੰਗਤਾਂ ਨੇ ਜੀਪ ਲੈਣ ਵਾਸਤੇ ਪੈਸੇ ਦਿੱਤੇ। ਇਸ ਤਰ੍ਹਾਂ ਉਧਰ ਸੇਵਾ ਸ਼ੁਰੂ ਹੋਈ।

ਬਾਬਾ ਜੀ ਤੀਸਰੀ ਵਾਰੀ ਉਗਰਾਹੀ ਕਰਨ ਵਾਸਤੇ ਆਏ ਤਾਂ ਗਿਆਨੀ ਗੁਰਦੀਪ ਸਿੰਘ ਨੂੰ ਪਤਾ ਲੱਗਿਆ ਕਿ ਬਾਬਾ ਜੀ ਇੰਗਲੈਂਡ ਆਏ ਹੋਏ ਹਨ, ਉਨ੍ਹਾਂ ਨੇ ਚਾਚਾ ਦਰਸ਼ਨ ਸਿੰਘ ਨੂੰ ਟੈਲੀਫ਼ੂਨ ਕੀਤਾ ਕਿ ਬਾਬਾ ਜੀ ਨੂੰ ਬੇਨਤੀ ਕਰੋ, ਸਾਨੂੰ ਇਥੇ ਅਮਰੀਕਾ ਵੀ ਦਰਸ਼ਨ ਦੇਣ। ਅਸੀਂ ਇਥੇ ਵੀ ਉਗਰਾਹੀ ਕਰਾ ਦੇਵਾਂਗੇ। ਗਿਆਨੀ ਗੁਰਦੀਪ ਸਿੰਘ ਜੀ, ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਹੈਵਲੋਕ ਰੋਡ ਗੁਰਦੁਆਰੇ ਦੇ ਹੈਡ ਗ੍ਰੰਥੀ ਰਹਿ ਚੁਕੇ ਸਨ। ਗਿਆਨੀ ਜੀ ਜਦੋਂ ਕਥਾ ਕੀਰਤਨ ਕਰਦੇ ਤਾਂ ਬਹੁਤ ਅਨੰਦ ਆਉਂਦਾ ਸੀ। ਦੂਰ-ਦੂਰ ਤੋਂ ਲੋਕ ਕਥਾ ਸੁਨਣ ਆਉਂਦੇ ਸਨ। ਉਨ੍ਹਾਂ ਨੇ ਕਾਫੀ ਸੰਗਤ ਨੂੰ ਸ਼ੁਧ ਪਾਠ ਕਰਨਾ ਸਿਖਾਇਆ। ਬਾਬਾ ਜੀ, ਗਿਆਨੀ ਜੀ ਦਾ ਬਹੁਤ ਸਤਿਕਾਰ ਕਰਦੇ ਸਨ। ਉਨ੍ਹਾਂ ਨੇ ਅਮਰੀਕਾ ਜਾਣ ਦਾ ਪ੍ਰੋਗਰਾਮ ਬਣਾ ਲਿਆ। ਬਾਬਾ ਜੀ ਨੂੰ ਅੰਗਰੇਜ਼ੀ ਨਹੀਂ ਆਉਂਦੀ ਸੀ ਇਸ ਕਰਕੇ ਮੈਨੂੰ ਆਪਣੇ ਨਾਲ ਲੈ ਗਏ। ਗਿਆਨੀ ਜੀ ਨਿਊਯਾਰਕ ਰਹਿੰਦੇ ਸਨ। ਬਾਬਾ ਜੀ ਦੇ ਸੁਆਗਤ ਵਾਸਤੇ ਗੁਰਦੁਆਰੇ ਦੇ ਪ੍ਰਧਾਨ, ਗਿਆਨੀ ਜੀ ਤੇ ਕਾਫੀ ਸੰਗਤ 'ਕੈਨੇਡੀ ਏਅਰਪੋਰਟ' ਤੇ ਆਏ ਹੋਏ ਸਨ। ਏਅਰਪੋਰਟ ਤੋਂ ਬਾਹਰ ਨਿਕਲੇ ਤਾਂ ਬਾਬਾ ਜੀ ਨੇ ਕਿਹਾ, "ਗਿਆਨੀ ਜੀ, ਇੰਨੀਆਂ ਵੱਡੀਆਂ ਵੱਡੀਆਂ ਕਾਰਾਂ, ਅਸੀਂ ਪਹਿਲੀ ਵਾਰੀ ਦੇਖੀਆਂ ਹਨ।" ਗਿਆਨੀ ਜੀ ਨੇ ਜੁਆਬ ਦਿਤਾ, ਇਥੇ ਪੈਟਰੋਲ ਸਸਤਾ ਹੈ, ਇਸ ਵਸਤੇ ਵੱਡੀਆਂ ਵੱਡੀਆਂ ਕਾਰਾਂ ਰੱਖੀਆਂ ਹੋਈਆਂ ਹਨ ਪਰ ਬਾਬਾ ਜੀ ਬੰਦਾ ਤਾਂ ਇਸ ਵਿਚ ਇਕ ਹੀ ਹੈ। ਅਮਰੀਕਾ ਬਹੁਤ ਵੱਡਾ ਦੇਸ਼ ਹੈ। ਇਥੇ ਅਗਰ ਤੁਸੀਂ ਦੂਸਰੇ ਕੋਨੇ ਵਿਚ ਜਾਣਾ ਹੋਵੇ ਤਾਂ ਘੜੀ ਦਾ ਟਾਇਮ ਬਦਲਣਾ ਪੈਂਦਾ ਹੈ। ਅਸੀਂ ਗੁਰਦੁਆਰੇ ਪਹੁੰਚ ਗਏ। ਇਕ ਹਫਤਾ ਗਿਆਨੀ ਜੀ ਪਾਸ

ਠਹਿਰੇ । ਉਨ੍ਹਾਂ ਨੇ ਉਥੇ ਰਹਿੰਦੇ ਸਿੱਖਾਂ ਕੋਲ ਜਾ ਕੇ ਉਗਰਾਹੀ ਕਰਵਾਈ । ਗਿਆਨੀ ਜੀ ਨੇ ਸਾਨੂੰ ਕੈਲੇਫੋਰਨੀਆ ਯੋਗੀ ਪਾਸ ਭੇਜ ਦਿਤਾ । ਜਿਸ ਦਿਨ ਅਸੀਂ ਗਏ ਉਥੇ ਰੈਣ ਸਬਾਈ ਕੀਰਤਨ ਸੀ ।

ਜੁਲਾਈ ਦੇ ਪਹਿਲੇ ਹਫਤੇ ਯੋਗੀ ਜੀ ਹਰ ਸਾਲ ਕੈਂਪ ਲਗਾਉਂਦੇ ਹਨ । ਉਸ ਵਿਚ ਦੂਰ ਦੂਰ ਤੋਂ ਜਥੇ ਭਾਗ ਲੈਂਦੇ ਹਨ । ਸਾਰੇ ਜਥੇ ਗੋਰੇ ਸਿੰਘ ਸਿੰਘਣੀਆਂ ਦੇ ਹੀ ਸਨ । ਹੈਰਾਨੀ ਦੀ ਗੱਲ ਗੋਰੇ ਹੀ ਕੀਰਤਨ ਤੇ ਤਬਲੇ ਦੀ ਸੇਵਾ ਕਰਦੇ ਸਨ । ਬਾਬਾ ਜੀ ਦੇਖ ਕੇ ਬਹੁਤ ਖੁਸ਼ ਤੇ ਹੈਰਾਨ ਹੋਏ ਕਿ ਇੰਨੇ ਗੋਰੇ ਸਿੰਘ ਸਜੇ ਹੋਏ ਹਨ । ਥੋੜ੍ਹੇ ਜਿਹੇ ਕਾਲੇ ਵੀ ਸਿੰਘ ਸਜੇ ਹੋਏ ਸਨ । ਇੰਡੀਅਨ ਦਾਸ, ਬਾਬਾ ਜੀ, ਜੋਗਿੰਦਰ ਸਿੰਘ ਤੇ ਯੋਗੀ ਦਾ ਪਰਿਵਾਰ ਹੀ ਸੀ । ਕਾਫੀ ਸੰਗਤ ਜੁੜੀ ਹੋਈ ਸੀ । ਕਈ ਹਜ਼ਾਰ ਗੋਰੇ ਸਿੰਘ ਸਿੰਘਣੀਆਂ ਸਨ । ਬੀਬੀਆਂ ਨੇ ਦਸਤਾਰਾਂ ਸਜਾਈਆਂ ਹੋਈਆਂ ਸਨ, ਪਹਿਰਾਵਾ ਉਨ੍ਹਾਂ ਦਾ ਚਿੱਟਾ ਹੀ ਸੀ । ਸਾਰਿਆਂ ਨੇ ਚਿੱਟੇ ਬਸਤਰ ਪਹਿਨੇ ਹੋਏ ਸਨ ਇਸ ਤਰ੍ਹਾਂ ਲਗਦਾ ਸੀ ਜਿਵੇਂ ਸਚਖੰਡ ਹੋਵੇ । ਸਾਰਿਆਂ ਨੇ ਅੱਖਾਂ ਬੰਦ ਕਰਕੇ ਸੁਰਤੀ ਕੀਰਤਨ ਵਿਚ ਜੋੜੀ ਹੋਈ ਸੀ । ਕੋਈ ਵੀ ਬੰਦਾ ਕਿਸੇ ਨਾਲ ਗੱਲ ਨਹੀਂ ਸੀ ਕਰਦਾ । ਬੜਾ ਸ਼ਾਂਤਮਈ ਵਾਤਾਵਰਣ ਸੀ । ਐਸਾ ਪ੍ਰਤੀਤ ਹੁੰਦਾ ਸੀ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਧਰਤੀ ਤੇ ਜਨਮ ਲਿਆ ਹੋਵੇ । ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਫੁਰਮਾਨ ਹੈ ਕਿ ਰਹਿਤ ਪਿਆਰੀ ਮੁਝ ਕੋ ਸਿੱਖ ਪਿਆਰਾ ਨਾਹਿ ਦੇ ਵਾਕ ਅਨੁਸਾਰ ਸਾਰੇ ਸਿਖੀ ਸਰੂਪ ਵਿਚ ਪੂਰੇ ਸਨ । ਇਕ ਬੀਬੀ ਨੇ ਸ਼ਬਦ ਪੜਿਆ :-

ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ ॥
ਪ੍ਰਥਮੇ ਨਾਨਕ ਚੰਦੁ, ਜਗਤ ਭਯੋ ਆਨੰਦੁ
ਤਾਰਨਿ ਮਨੁਖ੍ਯ ਜਨ ਕੀਅਉ ਪ੍ਰਗਾਸ ॥
ਗੁਰ ਅੰਗਦ ਦੀਅਉ ਨਿਧਾਨੁ, ਅਕਥ ਕਥਾ ਗਿਆਨੁ,
ਪੰਚ ਭੂਤ ਬਸਿ ਕੀਨੇ, ਜਮਤ ਨ ਤ੍ਰਾਸ ॥
ਗੁਰ ਅਮਰੁ ਗੁਰੂ ਸ੍ਰੀ ਸਤਿ ਕਲਿਜੁਗਿ ਰਾਖੀ ਪਤਿ,
ਅਘਨ ਦੇਖਤ ਗਤੁ, ਚਰਨ ਕਵਲ ਜਾਸ ॥
ਸਭ ਬਿਧਿ ਮਾਨ੍ਯ੍ਯਿਉ ਮਨੁ ਤਬ ਹੀ ਭਯਉ ਪ੍ਰਸੰਨੁ,
ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ ॥ 4 ॥

*(ਸਵਈਏ ਮਹਲੇ ਚਉਥੇ ਕੇ ਪੰ:-1399)*

ਇਕ ਹੋਰ ਬੀਬੀ ਨੇ ਇਹ ਸ਼ਬਦ ਪੜ੍ਹਿਆ :

ਹਰਿ ਪੁਰਖੁ ਨਿਰੰਜਨੁ ਸੇਵਿ, ਹਰਿ ਨਾਮੁ ਧਿਆਈਐ ॥
ਸਤਸੰਗਤਿ ਸਾਧੂ ਲਗਿ, ਹਰਿ ਨਾਮਿ ਸਮਾਈਐ ॥
ਹਰ ਤੇਰੀ ਵਡੀ ਕਾਰ, ਮੈ ਮੂਰਖ ਲਾਈਐ ॥
ਹਉ ਗੋਲਾ ਲਾਲਾ ਤੁਧੁ, ਮੈ ਹੁਕਮੁ ਫੁਰਮਾਈਐ ॥

ਹਉ ਗੁਰਮੁਖਿ ਕਾਰ ਕਮਾਵਾ, ਜਿ ਗੁਰਿ ਸਮਝਾਈਐ ॥ 2 ॥ *(ਸੋਰਠਿ ਮ: 4 ਪੰ:-643)*

ਦੋਨਾਂ ਨੇ ਬੜੇ ਰਸਭਿੰਨੇ ਸ਼ਬਦ ਪੜ੍ਹੇ । ਬਹੁਤ ਹੀ ਅਨੰਦ ਆਇਆ । ਜਿਥੇ ਕੈਂਪ ਲੱਗਾ ਹੋਇਆ ਸੀ, ਇਹ ਸਾਰਾ ਪਹਾੜੀ ਇਲਾਕਾ ਸੀ । ਪਹਾੜੀ ਦੇ ਇਕ ਪਾਸੇ ਦਰਿਆ ਵਗਦਾ ਸੀ ਅਤੇ ਉਸ ਦੇ ਸਾਹਮਣੇ ਮਹਾਰਾਜ ਜੀ ਦਾ ਪ੍ਰਕਾਸ਼ ਬਹੁਤ ਹੀ ਸੁੰਦਰ ਪਾਲਕੀ ਵਿਚ ਕੀਤਾ ਹੋਇਆ ਸੀ । ਸਾਰੀ ਰਾਤ ਬਹੁਤ ਹੀ ਰਸ ਭਿੰਨਾ ਕੀਰਤਨ ਹੋਇਆ । ਰੈਣ ਸਬਾਈ ਕੀਰਤਨ ਤੋਂ ਬਾਅਦ ਯੋਗੀ ਸਾਨੂੰ ਘਰ ਲੈ ਗਿਆ । ਦੂਸਰੇ ਦਿਨ ਜਿਥੇ ਯੋਗਾ ਸਿਖਾਉਂਦੇ ਸਨ ਸਾਨੂੰ ਉਥੇ ਲੈ ਗਏ । ਇਕ ਬਹੁਤ ਵੱਡਾ ਹਾਲ ਸੀ ਜਿਥੇ ਗੋਰੇ ਤੇ ਗੋਰੀਆਂ ਯੋਗਾ ਸਿੱਖਣ ਵਾਸਤੇ ਆਉਂਦੇ ਹਨ । ਯੋਗੀ ਨੇ ਬਾਬਾ ਜੀ ਨੂੰ ਦੱਸਿਆ, ਕਿ ਮੈਂ ਇਥੇ ਯੋਗਾ ਸਿਖਾਉਂਦਾ ਹਾਂ, ਨਾਲੇ ਮੂਲਮੰਤਰ ਦਾ ਪਾਠ ਕਰਾਉਂਦਾ ਹਾਂ । ਮੂਲਮੰਤਰ ਵਿਚ ਇੰਨੀ ਸ਼ਕਤੀ ਹੈ ਕਿ ਇਨ੍ਹਾਂ ਦੇ ਮਨਾਂ ਨੂੰ ਸ਼ਾਂਤੀ ਮਿਲੀ ਹੈ । ਪਹਿਲਾਂ ਇਹ ਸਾਰੇ ਲੋਕ ਮੀਟ ਸ਼ਰਾਬ ਵਰਤਦੇ ਸਨ, ਹੁਣ ਜਦੋਂ ਦਾ ਯੋਗਾ ਸਿਖਣਾ ਤੇ ਮੂਲਮੰਤਰ ਦਾ ਪਾਠ ਸ਼ੁਰੂ ਕੀਤਾ ਹੈ ਮਨ ਟਿਕਾਉ ਵਿਚ ਆ ਗਿਆ ਹੈ । ਮੈਂ ਇਨ੍ਹਾਂ ਨੂੰ ਕਿਹਾ ਕਿ ਜੇ ਤੁਸੀਂ ਸਿੱਖੀ ਸਰੂਪ ਵਿਚ ਆ ਜਾਵੋ ਤਾਂ ਤੁਹਾਨੂੰ ਹੋਰ ਵੀ ਅਨੰਦ ਮਿਲੇਗਾ । ਗੋਰਿਆਂ ਨੇ ਪੁੱਛਿਆ ਕਿ ਜੇ ਅਸੀਂ ਸਿਖੀ ਸਰੂਪ ਵਿਚ ਆਉਣਾ ਹੋਵੇ ਤਾਂ ਸਾਨੂੰ ਕੀ ਕੁਝ ਕਰਨਾ ਪਵੇਗਾ । ਮੈਂ ਕਿਹਾ, ਅੰਮ੍ਰਿਤ ਛਕਣ ਵਾਸਤੇ ਕੇਸਾਧਾਰੀ ਬਣਨਾ ਪਵੇਗਾ । ਗੁਰੂ ਜੀ ਨੂੰ ਰਹਿਤ ਪਿਆਰੀ ਹੈ । ਤੁਸੀਂ ਜਿਸ ਮਰਜੀ ਮਜ਼ਬ ਦੇ ਹੋਵੋ ਸਿੰਘ ਸਜ ਸਕਦੇ ਹੋ । ਅੰਮ੍ਰਿਤ ਕੋਈ ਵੀ ਇਨਸਾਨ ਛਕ ਸਕਦਾ ਹੈ, ਇਸ ਤਰ੍ਹਾਂ ਇਨ੍ਹਾਂ ਨੇ ਅੰਮ੍ਰਿਤ ਛਕ ਲਿਆ ।

ਯੋਗੀ ਨੇ ਕਿਹਾ ਕਿ ਹੋਲੀਵੁਡ ਵੀ ਸਾਡਾ ਆਸ਼ਰਮ ਹੈ ਉਥੇ ਵੀ ਦਰਸ਼ਨ ਕਰਕੇ ਜਾਣਾ । ਹਵਾਈ ਜਹਾਜ਼ ਰਾਹੀਂ ਅਸੀਂ ਹੋਲੀਵੁਡ ਪਹੁੰਚੇ । ਅੱਗੋ ਯੋਗੀ ਦਾ ਡਰਾਇਵਰ ਸਾਨੂੰ ਲੈਣ ਆਇਆ ਸੀ । ਆਸ਼ਰਮ ਪਹੁੰਚ ਕੇ ਉਹ ਸਾਨੂੰ ਨਰਸਰੀ ਦੇ ਬੱਚੇ ਦਿਖਾਉਣ ਵਾਸਤੇ ਲੈ ਗਿਆ । ਸਾਰੇ ਬੱਚਿਆਂ ਨੇ ਸਿਰ ਤੇ ਕੇਸਕੀ ਬੰਨ੍ਹੀ ਹੋਈ ਸੀ । ਡਰਾਇਵਰ ਨੇ ਕਿਹਾ ਕਿ ਬਾਬਾ ਜੀ ਇਨ੍ਹਾਂ ਬੱਚਿਆਂ ਨੂੰ ਹਰ ਰੋਜ਼ ਪੰਜ ਮਿੰਟ ਮੂਲਮੰਤਰ ਦਾ ਪਾਠ ਕਰਾਇਆ ਜਾਂਦਾ ਹੈ । ਸਿਖਿਆ ਦਿਤੀ ਜਾਂਦੀ ਹੈ ਕਿ ਜਦੋਂ ਟੈਲੀਫੂਨ ਆਵੇ ਪਹਿਲਾਂ ਸਤਿਨਾਮ ਵਾਹਿਗੁਰੂ ਜ਼ਰੂਰ ਕਹਿਣਾ । ਇਨ੍ਹਾਂ ਬੱਚਿਆਂ ਨੂੰ ਸਿਖੀ ਧਰਮ ਬਾਰੇ ਬਹੁਤ ਕੁਝ ਸਿਖਾਉਂਦੇ ਹਨ । ਕਿਸੇ ਦੇ ਵੀ ਕੇਸ ਕੱਟੇ ਹੋਏ ਨਹੀਂ ਸਨ । ਇਤਨਾ ਸਿਖੀ ਵਿਚ ਮਜ਼ਬੂਤ ਕੀਤਾ ਹੋਇਆ ਸੀ ਕਿ ਇਹ ਵੱਡੇ ਹੋ ਕੇ ਸਿੱਖੀ ਤੋਂ ਨਹੀਂ ਡੋਲਣਗੇ । ਇਹ ਸਾਰੇ ਗੋਰੇ ਬੱਚੇ ਸਨ । ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸ਼ਰਨ ਵਿਚ ਆਉਣ ਨਾਲ ਪੱਥਰ ਵੀ ਮੋਮ ਬਣ ਗਿਆ । ਜਿਸ ਤਰ੍ਹਾਂ ਪੰਜਾ ਸਾਹਿਬ ਹੈ । ਕੌਡਾ ਭੀਲ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮਿਹਰ ਨਾਲ ਨਾਮ ਜਪਣ ਲਗ ਪਿਆ । ਸੱਜਣ ਠੱਗ ਵੀ ਸੰਤ ਬਣ ਗਿਆ । ਸ੍ਰੀ ਗੁਰੂ ਨਾਨਕ ਦੇਵ ਜੀ ਦੀ ਨਜ਼ਰ ਨਾਲ ਮੱਕਾ ਵੀ ਘੁੰਮਣ ਲਗ ਪਿਆ ਸੀ । ਬਾਬਾ ਜੀ ਬੱਚਿਆਂ ਨੂੰ ਦੇਖ ਕੇ ਬਹੁਤ ਖੁਸ਼ ਹੋਏ ਤੇ ਬੋਲੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਰਹਿਤ ਪਿਆਰੀ ਹੈ ਜੋ ਰਹਿਤ ਵਿਚ ਪੱਕਾ ਹੋਵੇਗਾ ਉਸਨੂੰ ਖਾਲਸਾ ਰਾਜ ਮਿਲੇਗਾ ।

ਰਹਿਤ ਪਿਆਰੀ ਮੁਝ ਕੋ ਸਿਖ ਪਿਆਰਾ ਨਾਹਿ ॥



ਸਿੱਖੀ ਰਹਿਤ ਵਿਚ ਪੂਰੇ ਅਮਰੀਕਨ ਸਿੱਖ ਬੱਚਿਆਂ ਦੀ ਤਸਵੀਰ

ਅਮਰੀਕਾ ਤੋਂ ਅਸੀਂ ਕੈਨੇਡਾ ਦੇ ਇਕ ਸ਼ਹਿਰ ਮੋਂਟਰੀਅਲ ਗਏ। ਰਾਤ ਇਕ ਅਮੀਰ ਆਦਮੀ ਦੇ ਘਰ ਠਹਿਰੇ। ਉਸ ਦਾ ਇਕ ਲੜਕਾ ਤੇ ਇਕ ਲੜਕੀ ਸੀ। ਉਹਨਾਂ ਨੂੰ ਦੇਖ ਕੇ ਮੈਂ ਸੋਚਿਆ ਕਿ ਅਮੀਰ ਆਦਮੀ ਆਪਣੇ ਬੱਚਿਆਂ ਨੂੰ ਆਪ ਵਿਗਾੜਦੇ ਹਨ। ਜਨਮ ਦਿਨ ਤੇ ਵੱਡੇ-ਵੱਡੇ ਤੋਹਫੇ, ਜਿਸ ਤਰ੍ਹਾਂ ਟੈਲੀਵੀਜਨ, ਵੀਡੀਉ, ਵੀਡੀਉ ਗੇਮਾਂ ਆਦਿਕ ਲੈ ਕੇ ਦਿੰਦੇ ਹਨ। ਬੱਚੇ ਸਾਰੀ-ਸਾਰੀ ਰਾਤ ਖੇਡਦੇ ਰਹਿੰਦੇ ਹਨ ਤੇ ਟੈਲੀਵੀਜਨ ਦੇਖਦੇ ਰਹਿੰਦੇ ਹਨ। ਬੱਚੇ ਆਪਣੀ ਪੜ੍ਹਾਈ ਪੂਰੀ ਤਰ੍ਹਾਂ ਨਹੀਂ ਕਰਦੇ। ਬਸ ਟੈਲੀਵੀਜਨ ਦੇਖਣ ਤੇ ਖੇਲਣ ਵਿਚ ਹੀ ਸਮਾਂ ਬਰਬਾਦ ਕਰ ਦਿੰਦੇ ਹਨ। ਫਿਲਮਾਂ ਦੇਖਣ ਨਾਲ ਬੱਚਿਆਂ ਨੂੰ ਮਾੜੇ ਸੁਫਨੇ ਵੀ ਆਉਣ ਲਗ ਪੈਂਦੇ ਹਨ। ਬੱਚੇ ਆਪਣੀ ਭਾਸ਼ਾ ਭੁਲ ਗਏ। ਹਰ ਵੇਲੇ ਅੰਗਰੇਜ਼ੀ ਵਿਚ ਹੀ ਗੱਲ ਕਰਦੇ ਹਨ। ਕਈ ਬੱਚੇ ਖਾਣਾ ਪੀਣਾ ਵੀ ਭੁਲ ਜਾਂਦੇ ਹਨ। ਮਾਂ-ਬਾਪ ਦੇ ਕੰਮਾਂ ਤੇ ਚਲੇ ਜਾਣ ਤੋਂ ਬਾਅਦ ਫਜ਼ੂਲ ਫਿਲਮਾਂ ਦੇਖਦੇ ਹਨ। ਬੱਚੇ ਜੂਸ, ਕੋਕਾ ਕੋਲਾ, ਚੋਕਲੇਟ ਤੇ ਸਵੀਟਾਂ ਖਾਣ ਨਾਲ ਆਪਣੀ ਸਿਹਤ ਖਰਾਬ ਕਰ ਲੈਂਦੇ ਹਨ। ਬਹੁਤ ਸਾਰੇ ਬੱਚਿਆਂ ਨੇ ਤਾਂ ਕੇਸ ਕਟਣੇ ਸ਼ੁਰੂ ਕਰ ਦਿਤੇ ਹਨ। ਅਜਕਲ ਚੁੰਨੀ ਦਾ ਰਿਵਾਜ ਤਾਂ ਖਤਮ ਹੀ ਹੋ ਗਿਆ ਹੈ। ਬੱਚੀਆਂ ਬਹੁਤ ਘੱਟ ਚੁੰਨੀ ਲੈਂਦੀਆਂ ਹਨ। ਸਾਡੇ ਨਾਲੋਂ ਤਾਂ ਮੁਸਲਮਾਨ ਹੀ ਚੰਗੇ ਨਿਕਲੇ ਜਿਨ੍ਹਾਂ ਨੇ ਆਪਣੀਆਂ ਬੱਚੀਆਂ ਲਈ ਵੱਖਰੇ ਸਕੂਲ ਬਣਾਏ। ਬੱਚੀਆਂ ਸਿਰ ਤੇ ਸਕਾਫ ਜਰੂਰ ਲੈਂਦੀਆਂ ਹਨ, ਸਿਰ ਨੰਗਾ ਨਹੀਂ ਰਖਦੀਆਂ। ਮਾਂ, ਬਾਪ ਨੂੰ ਬੱਚਿਆਂ ਦਾ ਖਿਆਲ ਰਖਣਾ ਚਾਹੀਦਾ ਹੈ। ਅਜਕਲ ਸਕੂਲਾਂ ਵਿਚ ਨਸ਼ੇ ਬਹੁਤ ਵਰਤਦੇ ਹਨ। ਕਿਸੇ ਦਾ ਸਤਿਕਾਰ ਨਹੀਂ ਕਰਦੇ। ਬੱਚਿਆਂ ਨੂੰ ਪੰਜਾਬੀ ਜਰੂਰ ਪੜਾਉਣੀ ਚਾਹੀਦੀ ਹੈ ਜੇ ਪੰਜਾਬੀ ਨਹੀਂ ਪੜ੍ਹ ਸਕਣਗੇ ਤਾਂ ਮਹਾਰਾਜ ਜੀ ਦੇ ਦਰਸ਼ਨ ਕਿਵੇਂ ਕਰ ਸਕਣਗੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਗੁਰਮੁਖੀ ਵਿਚ ਹਨ। ਇਨ੍ਹਾਂ ਨੂੰ ਕਿਸ ਤਰ੍ਹਾਂ ਪਤਾ ਲੱਗੇਗਾ ਕਿ ਮਹਾਰਾਜ ਜੀ ਕੀ ਕਹਿ ਰਹੇ ਹਨ। ਦਾਸ ਦੀ ਬੇਨਤੀ ਹੈ ਕਿ ਮਾਂ, ਬਾਪ ਬੱਚਿਆਂ ਦਾ ਖਿਆਲ ਜਰੂਰ ਰੱਖਣ, ਗੁਰ ਸਿੱਖੀ ਬਾਰੇ ਚਾਨਣਾ ਪਾਉਂਦੇ ਰਹਿਣ।

*****

# ਜਥੇਦਾਰ ਗੁਰਚਰਨ ਸਿੰਘ ਟੌਹੜਾ ਵੱਲੋਂ ਭੇਜੇ ਗਏ ਪੱਤਰ ਦੀ ਕਾਪੀ


੧ ੴ ਵਾਹਿਗੁਰੂ ਜੀ ਕੀ ਫਤਹ ॥

ਫੋਨ: ੪੩੪੪੩੧ / ੪੩੩੫੫

**ਗੁਰਚਰਨ ਸਿੰਘ ਟੌਹੜਾ**
ਐਮ.ਪੀ.

ਪਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ


ਪੱਤਰ ਨੰ: 3042

ਅਕਤੂਬਰ 10, 1979

ਪਿਆਰੇ ਸਰਦਾਰ ਰਾਮ ਸਿੰਘ ਜੀ,

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹ ॥

ਆਪ ਦੇ ਕਿਰਪਾ ਪੱਤਰ ਮਿਤੀ ਕੋਈ ਨਾਂ ਲਈ ਧੰਨਵਾਦੀ ਹਾਂ। ਵਿਦੇਸ਼ਾਂ ਵਿਖੇ ਰਹਿ ਰਹੇ ਸਿੱਖ ਵੀਰਾਂ ਦੀ ਡਾਇਰੈਕਟਰੀ ਤਿਆਰ ਕਰਨ ਲਈ ਸੇਵਕਾਂ ਵਲੋਂ ਭੇਜੀ ਅਪੀਲ ਅਨੁਸਾਰ ਆਪ ਜੀ ਵਲੋਂ ਭੇਜੀ ਜਾਣਕਾਰੀ ਲਈ ਧੰਨਵਾਦੀ ਹਾਂ।

ਬੜੀ ਖੁਸ਼ੀ ਦੀ ਗੱਲ ਹੈ ਕਿ ਆਪ ਜੀ ਇੰਗਲੈਂਡ ਵਿਖੇ ਧਾਰਮਿਕ ਕਾਰਜਾਂ ਅਤੇ ਧਰਮ ਪਰਚਾਰ ਲਈ ਯਤਨਸ਼ੀਲ ਹੋ। ਆਪ ਜੀ ਵਲੋਂ ਭੇਜਿਆ ਦਸਮੇਸ਼ ਟਰਸਟ ਦੇ ਹਿਸਾਬ ਕਿਤਾਬ ਦਾ ਵੇਰਵਾ ਵੀ ਮਿਲ ਗਿਆ ਹੈ। ਅਰਦਾਸ ਹੈ ਕਿ ਸਤਿਗੁਰੂ ਜੀ ਆਪ ਨੂੰ ਇਸੇ ਤਰ੍ਹਾਂ ਹੀ ਗੁਰੂ ਘਰ ਨਾਲ ਸ਼ਰਧਾ, ਪ੍ਰੀਤੀ ਅਤੇ ਪੰਥਕ ਪਿਆਰ ਬਖਸ਼ਿਸ਼ ਕਰਦੇ ਰਹਿਣ।

ਸਤਿਕਾਰ ਸਹਿਤ,

ਸ਼ੁਭਚਿੰਤਕ,


(ਗੁਰਚਰਨ ਸਿੰਘ ਟੌਹੜਾ)

ਸਰਦਾਰ ਰਾਮ ਸਿੰਘ ਜੀ,
137 ਟੇ ਵੈਸਟਰਨ ਰੋਡ,
ਸਾਊਥਹਾਲ, ਮਿਡਲੈਕਸ,
ਯੂ.ਕੇ.

**ਸ਼੍ਰੋ: ਗੁ: ਪ੍ਰ: ਕਮੇਟੀ ਵੱਲੋਂ ਭੇਜਿਆ ਗਿਆ ਧੰਨਵਾਦ ਪੱਤਰ**

# ਸ੍ਰੀ ਹੇਮ ਕੁੰਟ ਸਾਹਿਬ ਦੀ ਯਾਤਰਾ

ਭਾਈ ਮੋਹਨ ਸਿੰਘ ਭੰਵਰਾ ਨੇ ਸ੍ਰੀ ਹੇਮਕੁੰਟ ਸਾਹਿਬ ਜਾਣ ਦਾ ਪ੍ਰੋਗਰਾਮ 30 ਮਈ 1978 ਨੂੰ ਬਣਾਇਆ। ਇਸ ਵਿਚ 85 ਸਿੰਘ-ਸਿੰਘਣੀਆਂ ਨੇ ਹਿੱਸਾ ਲਿਆ। ਇਸ ਜਥੇ ਅੰਦਰ ਦਾਸ, ਭਾਈ ਦੀਦਾਰ ਸਿੰਘ, ਭਾਈ ਸੁਰਜੀਤ ਸਿੰਘ ਬਿਲਗਾ, ਭਗਤ ਹਰੀ ਸਿੰਘ, ਭਾਈ ਪ੍ਰਿਥੀਪਾਲ ਸਿੰਘ, ਭਾਈ ਪਾਖਰ ਸਿੰਘ, ਬੀਬੀ ਚੰਨਣ ਕੌਰ, ਬੀਬੀ ਬਲਵੰਤ ਕੌਰ, ਭਾਈ ਹਰਭਜਨ ਸਿੰਘ ਸੱਗੂ, ਭਾਈ ਸਾਦੀ ਸਿੰਘ, ਭਾਈ ਮੋਹਨ ਸਿੰਘ ਅਤੇ ਹੋਰ ਬਹੁਤ ਸਾਰੀ ਸੰਗਤ ਸ਼ਾਮਲ ਸੀ। ਸਾਰਿਆਂ ਨੇ ਮਿਲ ਕੇ ਪਹਿਲਾਂ ਅਖੰਡਪਾਠ ਕੀਤਾ। ਮਹਾਰਾਜ ਜੀ ਦੀ ਆਗਿਆ ਲੈ ਕੇ ਚਲੇ। ਰਾਮਗੜ੍ਹੀਆ ਸਭਾ ਸਾਊਥਾਲ ਗੁਰਦੁਆਰੇ ਵਾਲਿਆਂ ਨੇ ਸਾਰਿਆਂ ਨੂੰ ਸਿਰੋਪਾਉ ਦੇ ਕੇ ਵਿਦਾ ਕੀਤਾ। ਏਅਰਪੋਰਟ ਤੇ ਹੋਰ ਟਾਊਨਾਂ ਤੋਂ ਵੀ ਸਿੰਘ ਆਏ ਹੋਏ ਸਨ। ਸਾਰਿਆਂ ਗੁਰਸਿੱਖਾਂ ਨੂੰ ਮਿਲ ਕੇ ਰੂਹ ਬਹੁਤ ਖੁਸ਼ ਹੋਈ। ਹਵਾਈ ਜਹਾਜ ਦੇ ਅੰਦਰ ਭਾਈ ਮੋਹਨ ਸਿੰਘ ਜੀ ਸਾਰਿਆਂ ਦੀ ਦੇਖਭਾਲ ਕਰਦੇ ਸਨ। ਅਸੀਂ ਜਪਾਨ ਏਅਰਲਾਈਨ ਰਾਹੀਂ ਸਵੇਰ ਅੰਮ੍ਰਿਤ ਵੇਲੇ ਦਿਲੀ ਏਅਰਪੋਰਟ ਪਹੁੰਚੇ।



ਪੰਥ ਰਤਨ ਸ: ਇੰਦਰਜੀਤ ਸਿੰਘ ਜੀ (ਚੇਅਰਮੈਨ ਪੰਜਾਬ ਐਂਡ ਸਿੰਧ ਬੈਂਕ) ਦਿੱਲੀ ਏਅਰਪੋਰਟ 'ਤੇ ਜਥੇ ਦਾ ਸਵਾਗਤ ਕਰਦੇ ਹੋਏ

ਇਹ ਪਹਿਲਾ ਜਥਾ ਇੰਗਲੈਂਡ ਤੋਂ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਵਾਸਤੇ ਗਿਆ ਸੀ। ਜਥੇ ਦੇ ਸੁਆਗਤ ਵਾਸਤੇ ਭਾਈ ਇੰਦਰਜੀਤ ਸਿੰਘ ਚੇਅਰਮੈਨ ਪੰਜਾਬ ਐਂਡ ਸਿੰਧ ਬੈਂਕ, ਕਰਨਲ ਜੋਗਿੰਦਰ ਸਿੰਘ ਮਾਨ, ਭਾਈ ਰਘਬੀਰ ਸਿੰਘ ਰਾਈਸ, ਭਾਈ

ਸ਼ਮਸ਼ੇਰ ਸਿੰਘ ਕਾਨ੍ਹਪੁਰ ਵਾਲੇ, ਬਾਈ ਬਲਦੇਵ ਸਿੰਘ ਵਾਸਨ, ਕਰਨਲ ਜੇ: ਪੀ: ਰਮੇਸ਼ ਸ਼ਾਹੀ ਅਤੇ ਹੋਰ ਕਈ ਪਤਵੰਤੇ ਸੱਜਣ ਤੇ ਬੀਬੀਆਂ ਪਹੁੰਚੇ ਸਨ। ਉਨ੍ਹਾਂ ਸਾਰਿਆਂ ਨੇ ਸਾਡਾ ਹਾਰ ਪਾ ਕੇ ਸਵਾਗਤ ਕੀਤਾ। ਉਸ ਤੋਂ ਬਾਅਦ ਅਸੀਂ "ਤੇਰ" ਹੋਟਲ ਕਸ਼ਮੀਰੀ ਗੇਟ ਦਿੱਲੀ ਵਿਖੇ ਠਹਿਰੇ। ਹੋਟਲ ਦੇ ਮਾਲਕ ਭਾਈ ਰਘਬੀਰ ਸਿੰਘ ਜੀ ਬਹੁਤ ਹੀ ਗੁਰਮੁਖ ਤੇ ਪ੍ਰਉਪਕਾਰੀ ਸੱਜਣ ਸਨ। ਉਹਨ੍ਹਾਂ ਨੇ ਦਿੱਲੀ ਵਿਚ ਜਥੇ ਦੇ ਠਹਿਰਣ ਤੇ ਖਾਣ-ਪੀਣ ਦੀ ਸੇਵਾ ਆਪ ਸੰਭਾਲੀ। ਜਥੇ ਨੇ ਦੋ ਦਿਨ ਦਿੱਲੀ ਠਹਿਰਣਾ ਸੀ। ਇਸ ਵਿਚ ਦਿੱਲੀ ਦੇ ਸਾਰੇ ਇਤਿਹਾਸਿਕ ਗੁਰਦੁਆਰਿਆਂ ਦੇ ਦਰਸ਼ਨ ਕਰਵਾਏ ਗਏ। ਪੰਜਾਬ ਐਂਡ ਸਿੰਧ ਬੈਂਕ ਜਨਪਥ ਵਿਖੇ ਜਥੇ ਦਾ ਸੁਆਗਤ ਚੇਅਰਮੈਨ ਸਾਹਿਬ ਨੇ ਕੀਤਾ। ਰਾਤ ਦਾ ਲੰਗਰ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਪ੍ਰਉਪਕਾਰੀ ਸੰਤ ਬਾਬਾ ਹਰਬੰਸ ਸਿੰਘ ਵਲੋਂ ਛਕਾਇਆ ਗਿਆ।

ਦੂਸਰੇ ਦਿਨ ਚੇਅਰਮੈਨ ਸਾਹਿਬ ਦੇ ਘਰੋਂ ਨਾਸ਼ਤੇ ਤੋਂ ਬਾਅਦ ਆਗਰੇ ਜਾਣ ਦਾ ਪ੍ਰੋਗਰਾਮ ਸੀ। ਰਸਤੇ ਵਿਚ ਗੁਰਦੁਆਰਾ "ਗੁਰੂ ਦੇ ਤਾਲ" ਦੇ ਦਰਸ਼ਨ ਕਰਦੇ ਹੋਏ ਆਗਰੇ ਦਾ "ਤਾਜ ਮਹੱਲ" ਦੇਖ ਕੇ ਰਾਤ ਨੂੰ ਵਾਪਸ ਆ ਗਏ। ਤੀਸਰੇ ਦਿਨ ਸਵੇਰੇ ਹੀ ਸ੍ਰੀ ਹੇਮਕੁੰਟ ਸਾਹਿਬ ਦੇ ਦਰਸ਼ਨਾਂ ਲਈ ਰਵਾਨਾ ਹੋਏ। ਜਥੇ ਦਾ ਪਹਿਲਾ ਪੜਾਉ ਗੁਰਦੁਆਰਾ ਨਿਰਮਲਾ ਛਾਵਨੀ ਹਰਿਦੁਆਰ ਸੀ। ਸੰਤ ਬਾਬਾ ਰਾਮ ਸਿੰਘ ਜੀ ਝਾੜੂਵਾਲਿਆਂ ਨੇ ਸੰਗਤਾਂ ਨੂੰ ਜੀ ਆਇਆਂ ਕਿਹਾ। ਲੰਗਰ ਪ੍ਰਸ਼ਾਦਾ ਸੰਗਤਾਂ ਨੇ ਇਥੇ ਹੀ ਛਕਿਆ। ਇਥੇ ਹੀ ਸਾਡੇ ਨਾਲ ਕਾਨ੍ਹਪੁਰ ਤੋਂ ਆਇਆ ਜਥਾ ਮਿਲ ਗਿਆ। ਹਰਿਦੁਆਰ ਤੋਂ ਰਿਸ਼ੀਕੇਸ਼ 15 ਮੀਲ ਹੈ। ਜਥਾ ਜੈਕਾਰਿਆਂ ਦੀ ਗੂੰਜ ਵਿਚ ਰਿਸ਼ੀਕੇਸ ਪਹੁੰਚਿਆ। "ਜੀ ਆਇਆਂ ਨੂੰ" ਸ਼ਬਦ ਦੁਆਰਾ ਜਥੇ ਦਾ ਨਿੱਘਾ ਸੁਆਗਤ ਕੀਤਾ ਗਿਆ। ਸੰਗਤ ਵਿਚ ਤਕਰੀਬਨ 150 ਸਿੰਘ ਸਿੰਘਣੀਆਂ ਹੋ ਗਏ ਸਨ। ਰਿਸ਼ੀਕੇਸ ਗੰਗਾ ਦੇ ਕਿਨਾਰੇ ਹੈ। ਇਥੇ ਹਿੰਦੂਆਂ ਦੇ ਕਾਫੀ ਮੰਦਰ ਤੇ ਧਰਮਸ਼ਾਲਾ ਹਨ। ਸ਼ਾਮ ਨੂੰ ਗੁਰਦੁਆਰਾ ਸਾਹਿਬ ਵਿਚ ਦੀਵਾਨ ਸਜਿਆ। ਭਾਈ ਮੋਹਨ ਸਿੰਘ ਜੀ ਗੁਰੂ ਕੇ ਕੀਰਤਨੀਏ ਬੰਬਈ ਤੋਂ ਆਪਣੀ ਬਿਰਧ ਮਾਤਾ ਜੀ ਸਮੇਤ ਦਰਸ਼ਨਾਂ ਲਈ ਆਏ ਸਨ। ਮਾਸਟਰ ਸੁਰਜੀਤ ਸਿੰਘ ਦਰਦੀ ਦਾ ਜਥਾ ਵੀ ਕਾਨ੍ਹਪੁਰ ਤੋਂ ਪੁਜਿਆ ਸੀ। ਵਾਰੋ ਵਾਰੀ ਸਭ ਨੇ ਹਾਜ਼ਰੀ ਭਰੀ। ਥਾਈਲੈਂਡ ਦੀਆਂ ਬੀਬੀਆਂ ਨੇ ਬਹੁਤ ਸੁਰੀਲੀ ਅਵਾਜ ਵਿਚ ਕੀਰਤਨ ਕੀਤਾ। ਰਾਤ ਦਾ ਕੀਰਤਨ ਕਾਫੀ ਦੇਰ ਤਕ ਚਲਿਆ ਉਪਰੰਤ ਸੰਗਤਾਂ ਨੇ ਲੰਗਰ ਛਕਿਆ। ਲੰਗਰ ਦੀ ਦੇਖ ਭਾਲ ਵਾਸਤੇ ਸੰਤ ਸੁੰਦਰ ਸਿੰਘ ਜੀ ਕਾਨ੍ਹਪੁਰ ਤੋਂ ਉਚੇਚੇ ਤੌਰ ਤੇ ਆਏ ਹੋਏ ਸਨ। ਇਨ੍ਹਾਂ ਨੇ ਸੰਗਤਾਂ ਨੂੰ ਬਹੁਤ ਪਿਆਰ ਤੇ ਸਤਿਕਾਰ ਨਾਲ ਲੰਗਰ ਛਕਾਇਆ। ਸੰਗਤਾਂ ਨੇ ਦੋ ਦਿਨ ਰਿਸ਼ੀਕੇਸ਼ ਰਹਿ ਕੇ ਅਨੰਦ ਮਾਣਿਆ। 2 ਜੂਨ 1978 ਨੂੰ ਅਸੀਂ ਰਿਸ਼ੀਕੇਸ਼ ਤੋਂ ਸ੍ਰੀ ਨਗਰ ਨੂੰ ਰਵਾਨਾ ਹੋਏ। ਇਥੇ ਵੀ ਲੰਗਰ ਦਾ ਪ੍ਰਬੰਧ ਕੀਤਾ ਹੋਇਆ ਸੀ। ਅਸੀਂ ਇਥੇ ਹੀ ਰਾਤ ਵਿਸ਼ਰਾਮ ਕੀਤਾ। ਸਵੇਰ ਪੰਜ ਵਜੇ ਸੁਖਮਨੀ ਸਾਹਿਬ ਦਾ ਪਾਠ ਆਰੰਭ ਹੋ ਗਿਆ। ਇਥੇ ਦੋ ਪੁਰਾਤਨ ਬੀੜਾਂ ਸ੍ਰੀ ਗੁਰੂ

ਗੋਬਿੰਦ ਸਿੰਘ ਜ਼ੀ ਦੇ ਵੇਲੇ ਦੀਆਂ ਪਈਆਂ ਹਨ। ਰਾਤ ਨੂੰ ਹੀ ਪ੍ਰਬੰਧਕਾਂ ਨੇ ਦੱਸ ਦਿਤਾ ਸੀ ਕਿ ਸਵੇਰੇ ਪੁਰਾਤਨ ਬੀੜਾਂ ਦਾ ਪ੍ਰਕਾਸ਼ ਕੀਤਾ ਜਾਵੇਗਾ। "ਆਸਾ ਦੀ ਵਾਰ" ਦੀ ਸਮਾਪਤੀ ਪਿਛੋਂ ਸੰਗਤਾਂ ਨੇ ਇਹਨਾਂ ਬੀੜਾਂ ਦੇ ਖੁਲ੍ਹੇ ਦਰਸ਼ਨ ਕੀਤੇ ਅਤੇ ਅਰਦਾਸਾ ਸੋਧ ਕੇ ਅੱਗੇ ਨੂੰ ਚਾਲੇ ਪਾਏ। ਹੁਣ ਰਸਤਾ ਪਹਾੜ ਨੂੰ ਚੀਰਦਾ ਹੋਇਆ ਉਤੇ ਹੀ ਉਤੇ ਜਾ ਰਿਹਾ ਸੀ। ਸ੍ਰੀ ਨਗਰ ਕੇਵਲ 1500 ਫੁੱਟ ਦੀ ਉਚਾਈ ਤੇ ਹੈ। ਰਸਤੇ ਵਿਚ ਬਹੁਤ ਪਰਯਾਗ ਲੰਘੇ। ਪਿਪਲ ਕੋਟੀ, ਚਮੋਲੀ ਹੁੰਦੇ ਹੋਏ ਜੋਸ਼ੀਮਠ ਗੁਰਦੁਆਰੇ ਆ ਪਹੁੰਚੇ। ਇਥੇ ਕਾਫੀ ਠੰਢ ਹੋ ਗਈ ਸੀ। ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਕੇ ਸੰਗਤਾਂ ਗੋਬਿੰਦ ਘਾਟ ਲਈ ਤੁਰ ਪਈਆਂ। ਇਸ ਤੋਂ ਅੱਗੇ ਸੜਕ ਬਹੁਤ ਹੀ ਤੰਗ ਹੈ। ਗੋਬਿੰਦ ਘਾਟ ਪਹੁੰਚ ਕੇ ਜਿਥੇ ਗੁਰਦੁਆਰਾ ਹੈ ਉਥੋਂ ਅੱਗੋਂ ਪੈਦਲ ਚੱਲਣਾ ਪੈਂਦਾ ਹੈ। ਗੁਰਦੁਆਰਾ ਸੜਕ ਤੋਂ ਇਕ ਕਿਲੋਮੀਟਰ ਦੂਰ ਹੈ। ਇਥੇ ਨਿਸ਼ਾਨ ਸਾਹਿਬ ਦੀ ਸੇਵਾ ਹੋਈ। ਜਿੰਨਾ ਚਿਰ ਸੇਵਾ ਹੁੰਦੀ ਰਹੀ ਸੰਗਤਾਂ ਕੀਰਤਨ ਕਰਦੀਆਂ ਰਹੀਆਂ। ਜਦੋਂ ਚੋਲਾ ਸਾਹਿਬ ਪੂਰਾ ਚੜ੍ਹ ਗਿਆ ਤਾਂ ਅਕਾਸ਼ ਵਿਚ ਦੋ ਬਾਜ਼ ਉਡਦੇ ਸੰਗਤਾਂ ਨੂੰ ਦਿਖਾਈ ਦਿੱਤੇ। ਨਿਸ਼ਾਨ ਸਾਹਿਬ ਦੇ ਆਲੇ ਦੁਆਲੇ ਚੱਕਰ ਕੱਟ ਕੇ ਹੇਮਕੁੰਟ ਸਾਹਿਬ ਵਲ ਚਲੇ ਗਏ। ਸੰਗਤਾਂ ਦੇਖ ਕੇ ਬਹੁਤ ਖੁਸ਼ ਹੋਈਆਂ। ਸੰਗਤਾਂ ਨੇ "ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ" ਦੇ ਜੈਕਾਰਿਆਂ ਨਾਲ ਗੂੰਜਾਂ ਪਾ ਦਿਤੀਆਂ। ਜਿਸ ਨਾਲ ਸਾਰਾ ਵਾਯੂਮੰਡਲ ਗੂੰਜ ਉਠਿਆ। ਸ਼ਾਮ ਨੂੰ ਰਹਿਰਾਸ ਸਾਹਿਬ ਦੇ ਪਾਠ ਤੋਂ ਬਾਅਦ ਪ੍ਰਬੰਧਕਾਂ ਨੇ ਅਨਾਊਂਸ ਕੀਤਾ ਕਿ ਜੇ ਕਿਸੇ ਨੇ ਗੁਰੂ ਦੀ ਖੁਸ਼ੀ ਪ੍ਰਾਪਤ ਕਰਨੀ ਹੈ ਤਾਂ ਅੰਮ੍ਰਿਤ ਛਕ ਕੇ ਹੇਮਕੁੰਟ ਸਹਿਬ ਜਾਵੋ। ਕਲ੍ਹ ਸ਼ਾਮ ਨੂੰ ਅੰਮ੍ਰਿਤ ਸੰਚਾਰ ਹੋਵੇਗਾ। ਮੋਹਨ ਸਿੰਘ ਭੰਵਰਾ ਨੇ ਮੈਨੂੰ ਕਿਹਾ ਕਿ ਅੰਮ੍ਰਿਤ ਸੰਚਾਰ ਤੁਸੀਂ ਕਰਨਾ ਹੈ। ਇਸ ਵਿਚ ਦਾਸ, ਭਾਈ ਸੁਰਜੀਤ ਸਿੰਘ ਗਿੱਲ, ਭਾਈ ਹਰਭਜਨ ਸਿੰਘ ਸੱਗੂ, ਭਾਈ ਪ੍ਰਿਥੀਪਾਲ ਸਿੰਘ, ਭਗਤ ਹਰੀ ਸਿੰਘ, ਭਾਈ ਮੋਹਨ ਸਿੰਘ ਤੇ ਭਾਈ ਨਿਰਮਲ ਸਿੰਘ ਨੇ ਸੇਵਾ ਨਿਭਾਈ। 40 ਸਿੰਘ ਸਿੰਘਣੀਆਂ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣੇ। ਇਹ ਨਜ਼ਾਰਾ ਦੇਖਣ ਵਾਲਾ ਸੀ। ਸਾਰੀਆਂ ਬੀਬੀਆਂ ਨੇ ਦਸਤਾਰਾਂ ਸਜਾਈਆਂ। ਗੋਬਿੰਦ ਘਾਟ ਬਹੁਤ ਹੀ ਰਮਣੀਕ ਤੇ ਟਿਕਾਊ ਜਗ੍ਹਾ ਹੈ। ਗੁਰਦੁਆਰਾ ਅਲਕ ਨੰਦਾ ਦਰਿਆ ਦੇ ਕੰਢੇ 'ਤੇ ਹੈ। ਇਸ ਨਾਲ ਹੀ ਇਕ ਪੱਕਾ ਝੂਲਣਾ ਪੁਲ ਹੈ। ਜਿਸ ਨੂੰ ਪਾਰ ਕਰਕੇ ਹੇਮਕੁੰਟ ਸਾਹਿਬ ਨੂੰ ਪੈਦਲ ਰਸਤਾ ਸ਼ੁਰੂ ਹੋ ਜਾਂਦਾ ਹੈ ਅਤੇ ਨਾਲ ਹੀ ਹੇਮ ਗੰਗਾ ਹੈ ਜੋ ਹੇਮਕੁੰਟ ਸਾਹਿਬ ਤੋਂ ਨਿਕਲ ਕੇ ਅਲਕਨੰਦਾ ਵਿਚ ਆ ਮਿਲਦੀ ਹੈ। ਕਿੰਨਾ ਪਵਿਤਰ ਸੰਗਮ ਹੈ, ਗੋਬਿੰਦ ਘਾਟ ਦਾ ਇਹ ਨਜ਼ਾਰਾ ਬਹੁਤ ਹੀ ਸੁੰਦਰ ਹੈ। ਗੋਬਿੰਦ ਘਾਟ 6000 ਫੁੱਟ ਦੀ ਉਚਾਈ 'ਤੇ ਹੈ। ਗੋਬਿੰਦ ਘਾਟ ਤੋਂ ਗੋਬਿੰਦ ਧਾਮ 13 ਕਿਲੋਮੀਟਰ ਹੈ। ਹਰ ਇਕ ਦੇ ਚਿਹਰੇ 'ਤੇ ਉਤਸ਼ਾਹ ਸੀ। ਹਰੇਕ ਦੇ ਮੂੰਹ ਵਿਚ "ਵਾਹਿਗੁਰੂ" ਤੇ ਹਥ ਵਿਚ ਸੋਟੀ ਸੀ। ਜਿਹੜਾ ਵੀ ਰਸਤੇ ਵਿਚ ਮਿਲਦਾ ਇਕ ਦੂਜੇ ਨੂੰ ਹੱਥ ਜੋੜ ਕੇ "ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ" ਬੁਲਾਉਂਦੇ ਸਨ। ਰਸਤੇ ਵਿਚ ਥਾਂ-ਥਾਂ ਤੇ ਚਾਹ ਅਤੇ ਲੰਗਰ ਦਾ ਪ੍ਰਬੰਧ ਸੀ



ਅਮਰੀਕਾ ਵਿਚ ਭਾਂਈ ਜਗਦੀਸ਼ ਸਿੰਘ ਅਤੇ ਬੀਬੀ ਜਗਜੀਤ ਕੋਰ ਕੀਰਤਨ ਕਰਦੇ ਹੋਏ



ਕੈਨਡਾ ਦੇ ਸ਼ਹਿਰ ਟੋਰਟੋ ਵਿਖੇ ਸਿੱਖੀ ਪ੍ਰਚਾਰ ਸਮੇਂ ਬੱਚੇ ਕੀਰਤਨ ਕਰਦੇ ਹੋਏ ਬੀਬੀ ਰਵਿੰਦਰ ਕੋਰ, ਬੀਬੀ ਰੁਪਿੰਦਰ ਕੋਰ ਅਤੇ ਤਬਲੇ ਤੇ ਸੰਗਤ ਕਰ ਰਹੇ ਹਨ ਸੁਖਵੀਰ ਸਿੰਘ ਅਤੇ ਕੀਰਤਨ ਸਰਵਣ ਕਰ ਰਹੀਆਂ ਸੰਗਤਾਂ ।





ਮਲੇਸ਼ੀਆ ਵਿਚ ਸਿੱਖ ਨੌਜਵਾਨ ਸਭਾ ਮਲੇਸ਼ੀਆ ਵੱਲੋਂ ਉਥੋਂ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਕੱਢੇ ਗਏ ਨਗਰ ਕੀਰਤਨ ਦੇ ਅਲੌਕਿਕ ਦ੍ਰਿਸ਼ ਜਿਸ ਦੀ ਅਗਵਾਈ ਪੰਜ ਸਿੰਘ ਕਰ ਰਹੇ ਹਨ ।

ਫਿਜੀ ਵਿਚ ਅੰਮ੍ਰਿਤ ਪ੍ਰਚਾਰ ਦੌਰੇ ਦੌਰਾਨ ਅੰਮ੍ਰਿਤ ਪਾਨ ਕਰਨ ਵਾਲੀਆਂ ਸੰਗਤਾਂ ਦਾ ਦ੍ਰਿਸ਼, ਇਸ ਮੌਕੇ 80 ਤੋਂ ਵੀ ਵੱਧ ਸੰਗਤਾਂ ਨੇ ਅੰਮ੍ਰਿਤਪਾਨ ਕੀਤਾ ।



ਫਿਜੀ ਵਿਚ ਖਾਲਸਾ ਕਾਲਜ ਵਿਚ ਕਰਵਾਏ ਗਏ ਧਾਰਮਿਕ ਦੀਵਾਨ ਸਮੇਂ ਸੰਗਤਾਂ ਦਾ ਦ੍ਰਿਸ਼ । ਯਾਦ ਰਹੇ ਵਿਦੇਸ਼ਾ ਵਿਚ ਸਭ ਤੋਂ ਪਹਿਲਾਂ ਫਿਜੀ ਅਤੇ ਵੈਨਕੂਵਰ ਚ ਖਾਲਸਾ ਕਾਲਜਾਂ ਦੀ ਸਥਾਪਨਾ ਕੀਤੀ ਗਈ ।




ਵਿਦੇਸ਼ਾਂ ਵਿਚ ਰਹਿ ਰਹੇ ਸਿੱਖ ਬੱਚਿਆਂ ਚ ਕੀਰਤਨ ਸਿੱਖਣ ਦਾ ਬੜਾ ਉਤਸ਼ਾਹ ਹੈ । ਸਭ ਤੋਂ ਉਪਰ ਭਾਈ ਜੀਵਨ ਸਿੰਘ ਜੀ ਹੁਣਾ ਦੇ ਨਾਲ ਤਬਲੇ ਤੇ ਸੰਗਤ ਕਰ ਰਹੇ ਹਨ ਨੌਟਿੰਘਮ ਵਾਲੇ ਭਾਈ ਮਲਕੀਤ ਸਿੰਘ ਹੁਣਾ ਦੀ ਸਪੁੱਤਰੀ ਬੀਬੀ ਮਨਸੁੰਦਰ ਕੌਰ (ਸੁੰਦਰੀ)





ਛੋਟੇ-ਛੋਟੇ ਬੱਚੇ ਕੀਰਤਨ ਕਰਦੇ ਹੋਏ



ਸ੍ਰੀ ਗੁਰੂਸਿੰਘ ਸਭਾ ਹੰਸਲੌ ਵਿਖੇ ਬੀਬੀ ਨਵਲੀਨ ਕੌਰ ਅਤੇ ਜਥਾ ਸਿਮਰਨ ਕਰਦੇ ਹੋਏ ।



ਇਹ ਫੋਟੋ ਸਿੰਗਾਪੁਰ ਦੇ ਮਿਊਜੀਅਮ ਦੀਆਂ ਹਨ ਜਿਸ ਤਰ੍ਹਾਂ ਦਾਸ ਨੂੰ ਨਰਕ ਕੁੰਡ ਦਾ ਸੀਨ ਦਿਖਾਈ ਦਿੱਤਾ, ਉਸ ਦੇ ਨਾਲ ਬਿਲਕੁਲ ਮਿਲਦਾ ਜੁਲਦਾ ਹੈ । (Haw Par Villa) ਹੋ ਪਾਰ ਵਿਲਾ ।

ਪਗਡੰਡੀ ਹੇਮ ਗੰਗਾ ਦੇ ਕਿਨਾਰੇ-ਕਿਨਾਰੇ ਚਲਦੀ ਹੈ। ਬਹੁਤ ਹੀ ਸੁੰਦਰ ਦ੍ਰਿਸ਼ ਦੇਖਣ ਨੂੰ ਮਿਲਦੇ ਹਨ। ਦਸ ਗਿਆਰਾਂ ਘੰਟੇ ਪੈਦਲ ਚਲ ਕੇ ਅਸੀਂ ਗੋਬਿੰਦ ਧਾਮ ਪਹੁੰਚੇ। ਸਾਰੀ ਸੰਗਤ ਗੁਰਦੁਆਰੇ ਪਹੁੰਚ ਗਈ ਪਰ ਭਾਈ ਦੀਦਾਰ ਸਿੰਘ ਪਿੱਛੇ ਰਹਿ ਗਏ। ਭਾਈ ਸਾਹਿਬ ਰਸਤਾ ਭੁੱਲ ਗਏ ਸਨ। ਹਨ੍ਹੇਰਾ ਵੀ ਹੋ ਗਿਆ ਸੀ, ਦੋ ਤਿੰਨ ਰਸਤੇ ਇਕੋ ਜਗ੍ਹਾ ਤੋਂ ਨਿਕਲਦੇ ਸਨ ਤੇ ਸੋਚਣ ਲੱਗਾ ਕਿ ਕਿਧਰ ਜਾਵਾਂ ਕੁਝ ਪਤਾ ਨਾ ਲੱਗੇ। ਭਾਈ ਸਾਹਿਬ ਨੇ ਅਰਦਾਸ ਕੀਤੀ ਕਿ ਹੇ ਸੱਚੇ ਪਾਤਸ਼ਾਹ ਮੇਰੀ ਸਹਾਇਤਾ ਕਰੋ, ਇੰਨੇ ਨੂੰ ਦੋ ਸੁਨਹਿਰੀ ਬਾਜ ਆਏ ਜਿਥੇ ਉਹ ਤੁਰਦਾ ਸੀ ਉਸ ਦੇ ਅੱਗੇ-ਅੱਗੇ ਤੁਰਨ ਲੱਗੇ। ਉਸ ਨੂੰ ਥੋੜ੍ਹੀ ਸੋਝੀ ਆਈ ਕਿ ਇਹ ਕੋਈ ਕੌਤਕ ਹੈ ਤੇ ਮੈਨੂੰ ਰਸਤਾ ਦਿਖਾਉਣ ਵਾਸਤੇ ਆਏ ਹਨ। ਰਸਤਾ ਦਿਖਾ ਕੇ ਬਾਜ ਅਲੋਪ ਹੋ ਗਏ। ਅੱਗੇ ਸੰਗਤ ਜਾ ਰਹੀ ਸੀ ਤੇ ਉਹ ਸੰਗਤ ਨਾਲ ਰਲ ਕੇ ਗੁਰਦੁਆਰਾ ਸਾਹਿਬ ਪਹੁੰਚ ਗਿਆ। ਗੁਰਦੁਆਰੇ ਆ ਕੇ ਉਸ ਨੇ ਇਹ ਕੌਤਕ ਸਭ ਨੂੰ ਸੁਣਾਇਆ। ਅਜ ਕਲ੍ਹ ਕੋਈ ਰਸਤਾ ਭੁਲ ਜਾਵੇ ਤਾਂ ਕੁੱਤੇ ਲੱਭ ਕੇ ਲਿਆਉਂਦੇ ਹਨ। ਇਹ ਗੋਬਿੰਦ ਧਾਮ ਵਾਲਿਆਂ ਨੇ ਰੱਖੇ ਹੋਏ ਹਨ। ਜਿਹੜਾ ਕੋਈ ਥੱਕਿਆ ਹੋਇਆ ਜਾ ਕੇ ਸੇਵਾ ਕਰੇ ਤਾਂ ਸਾਰੀ ਥਕਾਨ ਦੂਰ ਹੋ ਜਾਂਦੀ ਹੈ। ਕੈਨੇਡਾ ਤੋਂ ਆਏ ਭਾਈ ਸੁਰਜੀਤ ਸਿੰਘ ਤੇ ਉਸ ਦੀ ਸਿੰਘਣੀ ਕੁਲਵੰਤ ਕੌਰ, ਭਾਈ ਪਾਖਰ ਸਿੰਘ, ਬੀਬੀ ਚੰਨਣ ਕੌਰ, ਦਾਸ ਤੇ ਹੋਰ ਕਈ ਸਿੰਘਾਂ ਨੇ ਜਾਂਦਿਆ ਹੀ ਲੰਗਰ ਦੀ ਸੇਵਾ ਕੀਤੀ। ਇੰਨੀ ਚੜ੍ਹਾਈ ਚੜ੍ਹਕੇ ਆਏ ਸੀ ਸੇਵਾ ਕਰਕੇ ਕੋਈ ਪਤਾ ਹੀ ਨਹੀਂ ਲਗਿਆ ਕਿ ਚੜ੍ਹਾਈ ਚੜ੍ਹ ਕੇ ਆਏ ਹਾਂ।

ਜਦੋਂ ਦਾਸ ਸੇਵਾ ਕਰਦਾ ਸੀ ਤਾਂ ਅਚਾਨਕ ਇੱਕ ਬੀਬੀ ਨੇ ਆ ਕੇ ਦਾਸ ਨੂੰ ਕਿਹਾ, "ਭਾਈ ਸਾਹਿਬ ਜੀ, ਜਦੋਂ ਤੁਸੀਂ ਅੰਮ੍ਰਿਤ ਵੇਲੇ ਸਿਮਰਨ ਕਰੋਗੇ ਤਾਂ ਮੈਨੂੰ ਜਰੂਰ ਜਗਾਉਣਾ।" ਬੀਬੀ ਦੇ ਬਚਨ ਸੁਣ ਕੇ ਦਾਸ ਬਹੁਤ ਹੈਰਾਨ ਹੋਇਆ ਕਿ ਇਸ ਨੂੰ ਕਿਸ ਤਰ੍ਹਾਂ ਪਤਾ ਹੈ ਕਿ ਮੈਂ ਅੰਮ੍ਰਿਤ ਵੇਲੇ ਸਿਮਰਨ ਕਰਦਾ ਹਾਂ। ਮੈਂ ਸੋਚੀ ਪੈ ਗਿਆ। ਉਸ ਬੀਬੀ ਨੇ ਫਿਰ ਕਿਹਾ, "ਮੈਂ ਉਸ ਜਗ੍ਹਾ ਸੌ ਰਹੀ ਹਾਂ ਮੈਨੂੰ ਜਰੂਰ ਜਗਾਉਣਾ।"

ਮੈਂ ਡਰਦਾ ਸੀ ਕਿ ਇਸ ਨੂੰ ਕਿਸ ਤਰ੍ਹਾਂ ਜਗਾਵਾਂ। ਮੈਨੂੰ ਇਸ ਦਾ ਨਾਮ ਨਹੀਂ ਪਤਾ ਮੈਂ ਜਾਣਦਾ ਨਹੀਂ ਕੌਣ ਹੈ, ਬਾਕੀ ਸੰਗਤ ਕੀ ਸੋਚੇਗੀ। ਫਿਰ ਵੀ ਅੰਮ੍ਰਿਤ ਵੇਲੇ ਹਿੰਮਤ ਕਰਕੇ ਮੈਂ ਅਵਾਜ਼ ਲਗਾਈ ਕਿ ਬੀਬੀ ਅੰਮ੍ਰਿਤ ਵੇਲਾ ਹੋ ਗਿਆ ਹੈ ਉਠ। ਮੇਰੇ ਅੰਦਰੋਂ ਅਵਾਜ਼ ਆਈ ਤੇ ਕਿਹਾ, ਬੀਬਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆ ਗਏ ਹਨ ਛੇਤੀ ਉਠ, ਇਸ਼ਨਾਨ ਕਰਕੇ ਸਿਮਰਨ ਕਰਨ ਲਈ ਮਹਾਰਾਜ ਦੇ ਕਮਰੇ 'ਚ ਆ ਜਾਈ।

ਦਾਸ ਨੇ ਸਿਮਰਨ ਕਰਦੇ ਕਰਦੇ ਕੀ ਦੇਖਿਆ ਕਿ ਬੀਬੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕ ਰਹੀ ਸੀ, ਤਾਂ ਮੇਰੀਆਂ ਅੱਖਾਂ ਇਕਦਮ ਬੰਦ ਹੋ ਗਈਆਂ। ਮਨ ਵਿੱਚ ਵੀਚਾਰ ਕੀਤੀ ਕਿ ਇਹ ਲੜਕੀ ਨਹੀਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਆਪ ਸਿਮਰਨ ਕਰਨ ਆਏ ਹਨ। ਸਿਮਰਨ ਕਰਦੇ-ਕਰਦੇ ਮੇਰੇ ਅੰਦਰ ਐਸੀ ਧੁੰਨ ਪੈਦਾ ਹੋਈ ਜਿਸ ਵਿੱਚ ਮੈਂ ਲੀਨ ਹੋ ਗਿਆ। ਇਤਨਾ ਰਸ ਆਇਆ ਦਿਲ ਕਰਦਾ ਸੀ

ਕਿ ਇਸ ਧੁੰਨੀ ਨੂੰ ਸੁਣਦਾ ਹੀ ਰਹਾਂ। ਇਸ ਤਰ੍ਹਾਂ ਅਨੁਭਵ ਹੋਇਆ ਕਿ ਹਰੇਕ ਪੱਤੇ ਵਿੱਚੋਂ ਵਾਹਿਗੁਰੂ ਦੀ ਧੁੰਨੀ ਦੀ ਅਵਾਜ ਆ ਰਹੀ ਹੈ। ਜਦ ਸੁਰਤੀ ਖੁਲ੍ਹੀ ਤਾਂ ਬੀਬੀ ਉਥੇ ਨਹੀਂ ਸੀ ਮੈਨੂੰ ਪਤਾ ਨਹੀਂ ਲੱਗਾ ਕਿਧਰ ਗਈ। ਮੈਨੂੰ ਇਸ ਤਰ੍ਹਾਂ ਮਹਿਸੂਸ ਹੋਇਆ ਕਿ ਮਹਾਰਾਜ ਜੀ ਨੇ ਇਹ ਕੋਈ ਕੌਤਕ ਹੀ ਵਰਤਾਇਆ ਹੈ। ਇਹ ਨਜ਼ਾਰਾ ਲਿਖਣਾ ਬਹੁਤ ਮੁਸ਼ਕਲ ਹੈ। ਮੈਂ ਉਸ ਬੀਬੀ ਨੂੰ ਜਾਣਦਾ ਤੇ ਪਛਾਣਦਾ ਨਹੀਂ ਸੀ, ਪਤਾ ਨਹੀਂ ਕਿਥੋਂ ਆਈ ਤੇ ਕਿਥੇ ਗਈ। ਸਾਡੇ ਨਾਲ ਨਹੀਂ ਸੀ ਆਈ।

ਹੇਮਕੁੰਟ ਸਾਹਿਬ ਪੁੱਜਣ ਵਾਸਤੇ 1160 ਪੱਥਰ ਦੀਆਂ ਪੌੜੀਆਂ ਚੜ੍ਹਨੀਆਂ ਪੈਂਦੀਆਂ ਹਨ। ਸਾਰੇ ਪਾਸੇ ਬਰਫ ਹੀ ਬਰਫ ਹੈ। ਬਰਫ ਕੱਟ ਕੇ ਰਸਤਾ ਤਿਆਰ ਕੀਤਾ ਹੋਇਆ ਹੈ। ਚੜ੍ਹਾਈ ਖਤਮ ਹੋਈ ਤਾਂ ਅਲੌਕਕ ਨਜ਼ਾਰਾ ਅੱਖਾਂ ਦੇ ਸਾਹਮਣੇ ਸੀ। ਸਪਤ ਸ੍ਰਿੰਗ ਦੀਆਂ ਚੋਟੀਆਂ ਬਰਫਾਂ ਨਾਲ ਭਰਪੂਰ ਲੱਦੀਆਂ ਹੋਈਆਂ ਸਨ, ਸਰੋਵਰ ਸਾਰਾ ਬਰਫ ਨਾਲ ਢਕਿਆ ਹੋਇਆ ਸੀ। ਗੁਰਦੁਆਰੇ ਦੀ ਅੱਧੀ ਇਮਾਰਤ ਬਰਫ ਵਿਚ ਸੀ। ਇਕ ਪਲ ਲਈ ਯਕੀਨ ਨਹੀਂ ਆਉਂਦਾ ਸੀ ਕਿ ਸੱਚੀਂ ਇਹ ਦ੍ਰਿਸ਼ ਅੱਖਾਂ ਦੇਖ ਰਹੀਆਂ ਹਨ ਜਾਂ ਇਕ ਸੁਪਨਾ ਹੈ। ਮਾਤਲੋਕ ਵਿਚ ਸਚਖੰਡ ਦਾ ਨਜ਼ਾਰਾ ਸੀ। ਜਿਉਂ ਜਿਉਂ ਅੱਗੇ ਵਧਦੇ ਗਏ ਮਨ ਵਧੇਰੇ ਟਿਕਾਉ ਵਿਚ ਆਉਂਦਾ ਗਿਆ। ਇਸ ਧਰਤੀ ਤੇ ਰਿਸ਼ੀਆਂ ਮੁਨੀਆਂ ਨੇ ਅਣਗਿਣਤ ਸਾਲਾਂ ਤਕ ਘੋਰ ਤੱਪਸਿਆ ਕੀਤੀ ਹੈ। ਦੁਸ਼ਟ ਦਮਨ ਪਿਤਾ ਨੇ ਇਥੇ ਹੀ ਬੈਠ ਕੇ ਅਧਿਕ ਤਪਸਿਆ ਸਾਧੀ ਸੀ। ਜਦ ਅਕਾਲ ਪੁਰਖ ਨੇ ਪ੍ਰਸੰਨ ਹੋ ਕੇ ਉਸ ਸ਼ਕਤੀ ਨੂੰ ਮਾਤਲੋਕ ਵਿਚ ਜਾਣ ਲਈ ਪ੍ਰੇਰਿਆ ਤਾਂ ਦਸਮਾ ਜਾਮਾ ਪਹਿਨ ਕੇ ਗੁਰੂ ਗੋਬਿੰਦ ਜੀ ਨੇ ਮਨੁਖਾ ਜਨਮ ਧਾਰਿਆ।

ਗੁਰਦੁਆਰੇ ਸਾਹਿਬ ਪਹੁੰਚ ਕੇ ਇਸ਼ਨਾਨ ਕੀਤਾ। ਸਰੋਵਰ ਵਿਚ ਪੈਰ ਰਖਦੇ ਹੀ ਮਾਨੋ ਸਰੀਰ ਦੀ ਸਾਰੀ ਥਕਾਨ ਤੇ ਭਾਰ ਲਹਿ ਗਿਆ। ਇਸ ਤਰ੍ਹਾਂ ਲਗਦਾ ਸੀ ਜਿਸ ਤਰ੍ਹਾਂ ਕਿਸੇ ਅਗੰਮੀ ਤੇ ਅਥਾਹ ਅੰਮ੍ਰਿਤ ਦੇ ਸਾਗਰ ਤੇ ਟੁੱਬੀ ਲਾ ਰਹੇ ਹੋਈਏ। ਕੜਾਕੇ ਦੀ ਠੰਢ ਵੀ ਮਹਿਸੂਸ ਨਹੀਂ ਹੋਈ। ਲੰਡਨ ਦੀ ਸੰਗਤ ਵਲੋਂ ਅਖੰਡਪਾਠ ਕਰਨ ਦਾ ਪ੍ਰੋਗਰਾਮ ਸੀ। ਦਾਸ ਤੇ ਕੁਝ ਸਿੰਘ ਪਹਿਲਾਂ ਚਲੇ ਗਏ ਅਤੇ ਅਖੰਡਪਾਠ ਅਰੰਭ ਕਰ ਦਿਤਾ। ਦਾਸ ਨੇ ਤਿੰਨੇ ਹੀ ਦਿਨ ਉਥੇ ਰਹਿ ਕੇ ਸੇਵਾ ਕੀਤੀ। ਰਾਤ ਨੂੰ ਇਕ ਦੋ ਵਜੇ ਐਸਾ ਲਗਿਆ ਕਿ ਆਕਸੀਜਨ ਖਤਮ ਹੋ ਗਈ। ਥੋੜ੍ਹੀ ਘਬਰਾਹਟ ਜਹੀ ਹੋਣ ਲੱਗੀ। ਕੋਈ ਐਸੀ ਕਲਾ ਵਰਤੀ ਜਿਹੜੇ ਪਾਠ ਕਰਦੇ ਸਨ ਉਹ ਠੀਕ ਸਨ ਦੂਸਰਿਆਂ ਨੂੰ ਥੋੜ੍ਹਾ ਮਹਿਸੂਸ ਹੋਇਆ। ਸਾਰਿਆਂ ਨੇ ਬਾਹਰ ਆ ਕੇ ਸਰੋਵਰ ਦਾ ਅੰਮ੍ਰਿਤ ਪੀਤਾ ਫਿਰ ਸਭ ਠੀਕ ਹੋ ਗਏ। ਹਰ ਪਾਠੀ ਇਸ਼ਨਾਨ ਕਰਕੇ ਡਿਊਟੀ 'ਤੇ ਬੈਠਦਾ ਸੀ। ਅਖੰਡਪਾਠ ਦਾ ਭੋਗ ਪਿਆ ਤੇ ਭਾਈ ਮਲਕੀਤ ਸਿੰਘ ਤੇ ਬੀਬੀ ਜਸਮਿੰਦਰ ਕੌਰ ਨੇ "ਆਸਾ ਦੀ ਵਾਰ" ਦਾ ਕੀਰਤਨ ਕੀਤਾ। ਜਥੇਦਾਰ ਸਾਹਿਬ ਨੇ ਅਰਦਾਸਾ ਸੋਧਿਆ ਤੇ ਜਥੇ ਨੇ ਵਾਪਸੀ ਦੀ ਤਿਆਰੀ ਕਰ ਲਈ। ਹੇਮਕੁੰਟ ਸਾਹਿਬ ਤੋਂ ਹੇਠਾਂ ਵਾਪਸ ਆਉਣ ਨੂੰ ਦਿਲ ਨਹੀਂ ਕਰਦਾ ਸੀ। ਰਾਤ ਨੂੰ ਗੋਬਿੰਦ ਧਾਮ ਪਹੁੰਚੇ ਤੇ ਅਗਲੇ ਹੀ ਦਿਨ ਗੋਬਿੰਦ ਘਾਟ

ਆ ਗਏ । ਸਾਡੀ ਵਾਪਸੀ ਤੇ ਗੋਬਿੰਦ ਘਾਟ ਹੋਰ ਵੀ ਜਥੇ ਆਏ ਹੋਏ ਸਨ । ਸੈਕਟਰੀ ਨੇ ਅਨਾਊਂਸ ਕੀਤਾ ਕਿ ਜੇ ਕਿਸੇ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੇ ਦਰਸ਼ਨ ਨਾ ਹੋਏ ਹੋਣ ਤਾਂ ਮਹਾਰਾਜ ਜੀ ਨੂੰ ਬੇਨਤੀ ਕਰਕੇ ਮੱਥਾ ਟੇਕ ਕੇ ਬਾਹਰ ਖੰਡੇ ਤੇ ਨਜ਼ਰ ਮਾਰੋ ਤਾਂ ਦਰਸ਼ਨ ਹੋ ਜਾਣਗੇ । ਸੰਗਤ ਨੇ ਇਸੇ ਤਰ੍ਹਾਂ ਕੀਤਾ । ਸਾਰਿਆਂ ਨੇ ਮਹਾਰਾਜ ਜੀ ਦੇ ਦਰਸ਼ਨ ਕੀਤੇ । ਗੋਬਿੰਦ ਘਾਟ ਰਾਤ ਦਾ ਵਿਦਾਇਗੀ ਦੀਵਾਨ ਹੋਇਆ । ਮਾਸਟਰ ਸੁਰਜੀਤ ਸਿੰਘ ਦਰਦੀ ਨੇ ਸ਼ਬਦ ਪੜ੍ਹਿਆ :-

ਨਦੀਆ ਵਾਹ ਵਿਛੁੰਨਿਆ, ਮੇਲਾ ਸੰਜੋਗੀ ਰਾਮ ॥
ਜੁਗੁ ਜੁਗੁ ਮੀਠਾ ਵਿਸੁ ਭਰੇ, ਕੋ ਜਾਣੈ ਜੋਗੀ ਰਾਮ ॥
ਕੋਈ ਸਹਜਿ ਜਾਣੈ ਹਰਿ ਪਛਾਣੈ, ਸਤਿਗੁਰੂ ਜਿਨਿ ਚੇਤਿਆ ॥
ਬਿਨੁ ਨਾਮ ਹਰਿ ਕੇ ਭਰਮਿ ਭੂਲੇ, ਪਚਹਿ ਮੁਗਧ ਅਚੇਤਿਆ ॥
ਹਰਿ ਨਾਮੁ ਭਗਤਿ ਨ ਰਿਦੈ ਸਾਚਾ, ਸੇ ਅੰਤਿ ਧਾਹੀ ਰੁੰਨਿਆ ॥
ਸਚੁ ਕਹੈ ਨਾਨਕੁ ਸਬਦਿ ਸਾਚੈ, ਮੇਲਿ ਚਿਰੀ ਵਿਛੁੰਨਿਆ ॥

*(ਆਸਾ ਮ: 1 ਪੰ:–439)*

ਇਸ ਵੈਰਾਗਮਈ ਸ਼ਬਦ ਨੇ ਸਾਰਿਆਂ ਦੇ ਹੰਝੂਆਂ ਦੀ ਝੜੀ ਲਾ ਦਿੱਤੀ । ਕਮੇਟੀ ਵਲੋਂ ਸਾਰੀਆਂ ਸੰਗਤਾਂ ਨੂੰ ਸਿਰੋਪਾਓ ਦਿਤੇ ਗਏ । ਰਿਸ਼ੀਕੇਸ਼ ਤੋਂ ਪਾਉਂਟਾ ਸਾਹਿਬ ਦੇ ਦਰਸ਼ਨ ਕਰਨ ਗਏ । ਪਾਉਂਟਾ ਸਾਹਿਬ ਰਿਸ਼ੀਕੇਸ਼ ਤੋਂ 50-60 ਕਲੋਮੀਟਰ ਹੈ । ਇਹ ਸਫਰ ਦੋ ਘੰਟਿਆਂ ਵਿਚ ਕੀਤਾ ਗਿਆ । ਸੰਗਤਾਂ ਸਾਰਾ ਰਸਤਾ ਚੌਪਈ ਸਾਹਿਬ ਦੇ ਪਾਠ ਕਰਦੀਆਂ ਗਈਆਂ । ਅਸੀਂ ਬਾਰਾਂ ਵਜੇ ਗੁਰਦੁਆਰੇ ਪਹੁੰਚੇ । ਸੰਗਤਾਂ ਗੁਰਦੁਆਰੇ ਦੇ ਦਰਸ਼ਨ ਕਰਕੇ ਨਿਹਾਲ ਹੋਈਆਂ । ਇਥੇ ਹੀ ਸੰਗਤਾਂ ਨੇ ਗੁਰੂ ਕਾ ਲੰਗਰ ਛਕਿਆ । ਪਾਉਂਟਾ ਸਾਹਿਬ ਤੋਂ ਚੱਲ ਕੇ ਸਰਹੰਦ ਤੋਂ ਹੁੰਦੇ ਹੋਏ ਅਨੰਦਪੁਰ ਸਾਹਿਬ ਪਹੁੰਚੇ । ਅਸੀਂ ਰਾਤ ਇਸ ਅਸਥਾਨ ਤੇ ਬਿਸ਼ਰਾਮ ਕੀਤਾ । ਅਨੰਦਪੁਰ ਸਾਹਿਬ ਤੋਂ ਅੰਮ੍ਰਿਤਸਰ ਦੇ ਦਰਸ਼ਨ ਕਰਕੇ ਵਾਪਸ ਇੰਗਲੈਂਡ ਆ ਗਏ ।

*****

# ਚਲਦਾ ਵਹੀਰ (ਅੰਮ੍ਰਿਤ ਪ੍ਰਚਾਰ)

ਗੁਰੂ ਜੀ ਦੀ ਕ੍ਰਿਪਾ ਨਾਲ ਦਾਸ ਨੇ ਪੰਜ ਛੇ ਸਾਲ ਅਖੰਡਪਾਠਾਂ ਦੀ ਸੇਵਾ ਕੀਤੀ ਤੇ ਨਾਲ-ਨਾਲ ਇੰਗਲੈਂਡ ਵਿਚ ਅੰਮ੍ਰਿਤ ਸੰਚਾਰ ਦੀ ਸੇਵਾ ਕਰਦੇ ਰਹੇ। ਫਿਰ ਜਥੇ ਸਮੇਤ ਯੂਰਪ ਦੇ ਦੇਸ਼ਾਂ ਵਿਚ ਜਾ ਕੇ ਅੰਮ੍ਰਿਤ ਸੰਚਾਰ ਦੀ ਸੇਵਾ ਕੀਤੀ। ਯੂਰਪ ਦੀ ਸੇਵਾ ਤਿੰਨ ਚਾਰ ਸਾਲ ਨਿਭਾਈ ਅਤੇ ਫਿਰ ਆਸਟਰੇਲੀਆ ਤੇ ਫਾਰ ਈਸਟ ਵਲ ਜਾਣ ਲੱਗ ਪਏ। 1977 ਵਿਚ ਭਾਈ ਜੀਵਨ ਸਿੰਘ ਨੇ ਕੈਨੇਡਾ ਬੁਲਾਇਆ।

ਭਾਈ ਰਾਜਿੰਦਰ ਸਿੰਘ ਡਡਲੀ ਵਾਲੇ ਹੌਲੈਂਡ ਬਿਜਨਸ ਵਾਸਤੇ ਗਏ। ਉਨ੍ਹਾਂ ਨੇ ਉਥੇ ਸਿੱਖੀ ਦਾ ਪ੍ਰਚਾਰ ਕੀਤਾ ਅਤੇ ਉਥੇ ਕਾਫ਼ੀ ਅੰਮ੍ਰਿਤ ਅਭਿਲਾਖੀ ਤਿਆਰ ਹੋ ਗਏ। ਭਾਈ ਰਾਜਿੰਦਰ ਸਿੰਘ ਦੇ ਨਾਲ ਜਥੇ ਦੇ ਸਿੰਘ ਕੀਰਤਨ ਕਰਨ ਵਾਸਤੇ ਹੌਲੈਂਡ ਆਉਂਦੇ ਜਾਂਦੇ ਸਨ। ਇਥੇ ਵੀ ਅੰਮ੍ਰਿਤ ਛਕਾਉਣ ਵਾਸਤੇ ਪੰਜ ਸਿੰਘ ਨਹੀਂ ਸਨ। ਭਾਈ ਰਾਜਿੰਦਰ ਸਿੰਘ ਨੇ ਇੰਗਲੈਂਡ ਤੋਂ ਸਿੰਘਾਂ ਨੂੰ ਲਿਜਾ ਕੇ ਅੰਮ੍ਰਿਤ ਸੰਚਾਰ ਦਾ ਪ੍ਰੋਗਰਾਮ ਬਣਾਇਆ। ਭਾਈ ਸੁੱਚਾ ਸਿੰਘ ਤੇ ਹੋਰ ਅਨੇਕਾਂ ਪ੍ਰਾਣੀ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣੇ। ਹੌਲੀ-ਹੌਲੀ ਸੰਗਤਾਂ ਦੀ ਆਬਾਦੀ ਵਧਣ ਲੱਗੀ। ਭਾਈ ਰਾਜਿੰਦਰ ਸਿੰਘ ਦੇ ਉਦਮ ਨਾਲ ਗੁਰਦੁਆਰਾ ਬਣਾਇਆ ਗਿਆ, ਜਿਥੇ ਸਿੰਘ ਕੀਰਤਨ ਲਈ ਆਉਂਦੇ ਜਾਂਦੇ ਰਹੇ। ਭਾਈ ਕੁਲਦੀਪ ਸਿੰਘ ਦੇ ਕਥਾ ਤੇ ਕੀਰਤਨ ਦੇ ਪ੍ਰਭਾਵ ਨਾਲ ਕਈ ਪ੍ਰੇਮੀਆਂ ਨੇ ਸਿੱਖੀ ਧਾਰਨ ਕੀਤੀ। ਭਾਈ ਕੁਲਦੀਪ ਸਿੰਘ ਨੇ ਕਈ ਮੁਲਖਾਂ ਵਿਚ ਜਾ ਕੇ ਸਿੱਖੀ ਦਾ ਪ੍ਰਚਾਰ ਕੀਤਾ। ਜਿਸ ਤਰ੍ਹਾਂ ਨੌਰਵੇ, ਸਵੀਡਨ, ਜਰਮਨੀ, ਡੈਨਮਾਰਕ ਤੇ ਹੋਰ ਦੇਸ਼ਾਂ ਵਿਚ ਜਾ ਕੇ ਕਥਾ ਤੇ ਕੀਰਤਨ ਕਰਦੇ ਸਨ, ਜਿਸ ਨੂੰ ਸੁਣ. ਕੇ ਕਾਫੀ ਸੰਗਤ ਅੰਮ੍ਰਿਤ ਛਕਣ ਵਾਸਤੇ ਤਿਆਰ ਹੋ ਗਈ।

ਇਸੇ ਤਰ੍ਹਾਂ ਭਾਈ ਸੁਬੇਗ ਸਿੰਘ ਆਸਟਰੇਲੀਆ ਵਿਖੇ ਸੇਵਾ ਕਰ ਰਹੇ ਹਨ। ਭਾਈ ਸਾਹਿਬ ਦੇ ਕਥਾ ਤੇ ਕੀਰਤਨ ਦੇ ਪ੍ਰਭਾਵ ਨਾਲ ਕਾਫੀ ਸੰਗਤ ਅੰਮ੍ਰਿਤ ਛਕਣ ਵਾਸਤੇ ਤਿਆਰ ਹੋ ਗਈ ਪਰ ਉਥੇ ਵੀ ਅੰਮ੍ਰਿਤ ਛਕਾਣ ਵਾਲੇ ਸਿੰਘ ਨਹੀਂ ਮਿਲੇ। ਇਸ ਕਰਕੇ ਭਾਈ ਸੁਬੇਗ ਸਿੰਘ ਨੇ ਭਾਈ ਰਜਿੰਦਰ ਸਿੰਘ ਨੂੰ ਚਿਠੀ ਲਿਖੀ ਕਿ ਇਥੇ ਆ ਕੇ ਅੰਮ੍ਰਿਤ ਸੰਚਾਰ ਕਰੋ। ਭਾਈ ਰਾਜਿੰਦਰ ਸਿੰਘ ਨੇ ਦਾਸ ਨਾਲ ਗੱਲਬਾਤ ਕਰਕੇ ਹੋਰ ਸਿੰਘਾਂ ਨੂੰ ਵੀ ਤਿਆਰ ਕੀਤਾ। ਭਾਈ ਹਰਦਿਆਲ ਸਿੰਘ, ਭਾਈ ਸਵਰਨ ਸਿੰਘ ਮੱਲ੍ਹੀ, ਭਾਈ ਪ੍ਰਿਥੀਪਾਲ ਸਿੰਘ, ਭਾਈ ਰਾਜਿੰਦਰ ਸਿੰਘ, ਬੀਬੀ ਮਨਜੀਤ ਕੌਰ ਹੌਲੈਂਡ, ਭਾਈ ਗੁਰਬਚਨ ਸਿੰਘ ਨੌਰਵੇ, ਭਾਈ ਪਾਖਰ ਸਿੰਘ ਤੇ ਭਾਈ ਗੁਰਦੀਪ ਸਿੰਘ ਸਨ। ਇਹ ਸਾਰਾ ਜਥਾ ਭਾਈ ਰਾਜਿੰਦਰ ਸਿੰਘ ਦੀ ਅਗਵਾਈ ਵਿਚ ਆਸਟਰੇਲੀਆ ਨੂੰ ਰਵਾਨਾ ਹੋਇਆ। ਇਸ ਜਥੇ ਦਾ ਨਾਮ "ਚਲਦਾ ਵਹੀਰ" ਰੱਖਿਆ ਗਿਆ ਕਿਉਂਕਿ ਇਹ ਦੇਸ਼ ਵਿਦੇਸ਼ ਵਿਚ ਜਾ ਕੇ ਪ੍ਰਚਾਰ ਕਰਦੇ ਸੀ। ਚਲਦਾ ਵਹੀਰ ਦੀ ਲਹਿਰ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਸ਼ੁਰੂ ਕੀਤੀ ਸੀ।

ਜਥਾ ਏਅਰਪੋਰਟ 'ਤੇ ਪੁੱਜਾ ਤਾਂ ਸੰਗਤਾਂ ਨੇ ਨਿੱਘਾ ਸੁਆਗਤ ਕੀਤਾ । ਭਾਈ ਸੁਬੇਗ ਸਿੰਘ ਨੇ ਸਾਰੇ ਜਥੇ ਦਾ ਇੰਤਜਾਮ ਗੁਰਦੁਆਰਾ ਸਾਹਿਬ ਵਿਖੇ ਕੀਤਾ ਹੋਇਆ ਸੀ । ਸਵੇਰੇ ਸ਼ਾਮ ਭਾਈ ਰਾਜਿੰਦਰ ਸਿੰਘ ਦੇ ਮਨੋਹਰ ਕੀਰਤਨ ਦੇ ਪ੍ਰਭਾਵ ਨਾਲ ਸੰਗਤਾਂ ਨੂੰ ਹੋਰ ਵੀ ਉਤਸ਼ਾਹ ਪੈਦਾ ਹੋਇਆ । ਭਾਈ ਰਘੁਜੀਤ ਸਿੰਘ ਵੂਲਗੂਲਗਾ ਰਹਿੰਦੇ ਸਨ । ਉਹ ਸਾਨੂੰ ਆਪਣੇ ਨਾਲ ਲੈ ਗਿਆ । ਅਸੀਂ ਸਾਰੇ ਜਥੇ ਸਮੇਤ ਉਥੇ ਰਹੇ । ਉਥੇ ਇਹ ਪਹਿਲਾ ਅੰਮ੍ਰਿਤ ਸੰਚਾਰ ਕੀਤਾ ਗਿਆ ਸੀ । ਇਸ ਦੇ ਸਾਰੇ ਪਰੀਵਾਰ ਨੇ ਅੰਮ੍ਰਿਤਪਾਨ ਕੀਤਾ । ਇਸ ਤੋਂ ਬਾਅਦ ਸਿਡਨੀ ਅੰਮ੍ਰਿਤ ਸੰਚਾਰ ਹੋਇਆ । ਜਥਾ ਸਿਡਨੀ ਤੋਂ ਹੁੰਦਾ ਹੋਇਆ ਮੈਲਬੋਰਨ ਅਖੰਡਪਾਠ ਤੇ ਅੰਮ੍ਰਿਤ ਸੰਚਾਰ ਦਾ ਪ੍ਰੋਗਰਾਮ ਕਰਕੇ ਐਡਲੇਂਡ ਪਹੁੰਚਾ । ਐਡਲੇਂਡ ਤੋਂ 300-400 ਮੀਲ ਦੂਰ ਗੁਲਸਮ ਪਿੰਡ ਵਿਖੇ ਅਖੰਡਪਾਠ ਕੀਤਾ ਗਿਆ । ਅਖੰਡਪਾਠ ਦੀ ਸਮਾਪਤੀ ਤੋਂ ਬਾਅਦ ਅੰਮ੍ਰਿਤ ਸੰਚਾਰ ਹੋਇਆ । ਇਥੇ ਦਾ ਪ੍ਰੋਗਰਾਮ ਨਿਭਾ ਕੇ ਜਥਾ ਵਾਪਸ ਸਿਡਨੀ ਆ ਗਿਆ । ਭਾਈ ਸੁਬੇਗ ਸਿੰਘ ਦੀ ਪ੍ਰੇਰਨਾ ਤੇ ਸੰਗਤ ਦੀ ਬੇਨਤੀ ਨੂੰ ਮੁਖ ਰਖਦੇ ਹੋਏ ਰੈਣ ਸਬਾਈ ਕੀਰਤਨ ਦਾ ਪ੍ਰੋਗਰਾਮ ਕੀਤਾ ਗਿਆ । ਨਿਊਜੀਲੈਂਡ ਗੁਰਦੁਆਰੇ ਦੇ ਪ੍ਰਧਾਨ ਭਾਈ ਜਸਵੀਰ ਸਿੰਘ ਨੇ ਬੇਨਤੀ ਕੀਤੀ ਕਿ ਇਥੇ ਆ ਕੇ ਵੀ ਅੰਮ੍ਰਿਤ ਸੰਚਾਰ ਕਰੋ । ਇਥੇ ਵੀ ਸੰਗਤਾਂ ਅੰਮ੍ਰਿਤ ਛਕਣ ਵਾਸਤੇ ਤਿਆਰ ਹਨ । ਜਥਾ 31 ਦਸੰਬਰ ਨੂੰ ਨਿਊਜੀਲੈਂਡ ਪੁੱਜਾ । ਸੰਗਤਾਂ ਨੇ ਜਥੇ ਦਾ ਨਿੱਘਾ ਸੁਆਗਤ ਕੀਤਾ । ਔਕਲੈਂਡ ਬਹੁਤ ਹੀ ਸੁੰਦਰ ਗੁਰਦੁਆਰਾ ਬਣਿਆ ਹੋਇਆ ਹੈ, ਇਥੇ ਹੀ ਜਥੇ ਦੀ ਰਿਹਾਇਸ਼ ਦਾ ਪ੍ਰੋਗਰਾਮ ਕੀਤਾ ਹੋਇਆ ਸੀ । ਬੀਬੀ ਮਨਜੀਤ ਕੌਰ ਨੇ ਬਹੁਤ ਹੀ ਸੁੰਦਰ ਕੀਰਤਨ ਕੀਤਾ । ਸੰਗਤਾਂ ਦੇਖ ਕੇ ਬਹੁਤ ਹੀ ਪ੍ਰਭਾਵਿਤ ਹੋਈਆਂ ਕਿਉਂਕਿ ਇਹ ਸਿੱਖੀ ਸਰੂਪ ਵਿਚ ਸੀ । ਇਸ ਮੁਲਕ ਵਿਚ ਇਹ ਪਹਿਲਾ ਅੰਮ੍ਰਿਤ ਸੰਚਾਰ ਸੀ ।

ਇਥੇ ਇਕ ਬੀਬੀ ਰਣਜੀਤ ਕੌਰ ਬੜੀ ਭਾਵਨਾ ਵਾਲੀ ਸੀ, ਇਸ ਨੇ ਸ੍ਰੀ ਹਜ਼ੂਰ ਸਾਹਿਬ ਤੋਂ ਅੰਮ੍ਰਿਤ ਛਕਿਆ ਸੀ । ਇਹ ਬਬੇਕੀ ਸਨ, ਰੋਜ਼ਾਨਾ ਅਰਦਾਸ ਕਰਦੀ ਕਿ ਹੇ ਸੱਚੇ ਪਾਤਸ਼ਾਹ, ਆਪ ਕ੍ਰਿਪਾ ਕਰੋ ਆਪਣੇ ਸਿੰਘ ਭੇਜੋ ਤਾਂ ਕਿ ਇਥੇ ਵੀ ਅੰਮ੍ਰਿਤਧਾਰੀ ਸਿੰਘ ਸਜਣ । ਜਥੇ ਨੇ ਅੰਮ੍ਰਿਤ ਸੰਚਾਰ ਕੀਤਾ, ਬੇਅੰਤ ਸਿੰਘ ਸਿੰਘਣੀਆਂ ਅੰਮ੍ਰਿਤਪਾਨ ਕਰਕੇ ਗੁਰੂ ਵਾਲੀਆਂ ਬਣੀਆ । ਇਸ ਬੀਬੀ ਨੇ ਬਹੁਤ ਹੀ ਪਿਆਰ ਵਿਚ ਆ ਕੇ ਸਾਨੂੰ ਦੱਸਿਆ ਕਿ ਸੱਚੇ ਪਾਤਸ਼ਾਹ ਨੇ ਅੱਜ ਇਸ ਦੀ ਅਰਦਾਸ ਪੂਰੀ ਕੀਤੀ ਹੈ । ਅੰਮ੍ਰਿਤ ਸੰਚਾਰ ਦੇ ਦੌਰਾਨ ਰੈਣ ਸਬਾਈ ਕੀਰਤਨ ਹੋ ਰਿਹਾ ਸੀ । ਜਦੋਂ ਪੰਜ ਪਿਆਰੇ ਅੰਮ੍ਰਿਤ ਅਭਿਲਾਖੀਆਂ ਸਮੇਤ ਸੰਗਤ ਵਿਚ ਆਏ ਤਾਂ ਇਸ ਨਜ਼ਾਰੇ ਨੂੰ ਦੇਖ ਕੇ ਸੰਗਤਾਂ 'ਤੇ ਬਹੁਤ ਅਸਰ ਹੋਇਆ । ਕਈ ਹੋਰ ਪ੍ਰੇਮੀਆਂ ਨੂੰ ਅੰਮ੍ਰਿਤ ਛਕਣ ਦਾ ਚਾਅ ਪੈਦਾ ਹੋਇਆ । ਇਕ ਬੀਬੀ ਨੂੰ ਭੂਤ ਪ੍ਰੇਤ ਜੈਸੀ ਛਾਇਆ ਬਹੁਤ ਤੰਗ ਕਰਦੀ ਆ ਰਹੀ ਸੀ, ਜਿਸ ਵੇਲੇ ਅੰਮ੍ਰਿਤ ਦੇ ਚੂਲੇ ਦਸਮੇ ਦੁਆਰ ਪਾਏ ਤਾਂ ਉਹ ਚੀਜ ਬੀਬੀ ਜੀ ਨੂੰ ਛੱਡ ਗਈ ਤੇ ਉਹ ਚੜ੍ਹਦੀ ਕਲਾ ਵਿਚ ਹੋ ਗਈ । ਦੂਸਰਾ ਅੰਮ੍ਰਿਤ ਸੰਚਾਰ ਹੈਮਿਲਟਨ ਵਿਖੇ ਕੀਤਾ

ਗਿਆ। ਇਹ ਗੁਰਦੁਆਰਾ ਖੇਤਾਂ ਦੇ ਦਰਮਿਆਨ ਬਣਿਆ ਹੋਇਆ ਹੈ। ਕੀਰਤਨ ਦੀ ਸਮਾਪਤੀ ਤੋਂ ਬਾਅਦ ਅੰਮ੍ਰਿਤ ਸੰਚਾਰ ਹੋਇਆ। ਬੇਅੰਤ ਪ੍ਰਾਣੀਆਂ ਨੇ ਅੰਮ੍ਰਿਤਪਾਨ ਕੀਤਾ।

### ਅਖੰਡ ਕੀਰਤਨੀ ਜਥਾ (ਚਲਦਾ ਵਹੀਰ ਇੰਟਰਨੈਸ਼ਨਲ) ਵਲੋਂ

ਸਿੰਘਾਪੁਰ, ਆਸਟਰੇਲੀਆ, ਫ਼ਿਜੀ, ਨਿਊਜ਼ੀਲੈਂਡ ਅਤੇ ਅਮਰੀਕਾ ਦੀ ਪਰਚਾਰ-ਯਾਤਰਾ—ਇਥੋਂ ਦੀਆਂ ਸੰਗਤਾਂ ਦੀ ਬੇਨਤੀ ਕਰਨ ਤੇ ਹੇਠ ਲਿਖੇ ਅਨੁਸਾਰ ਪ੍ਰੋਗਰਾਮ ਉਲੀਕੇ ਗਏ ਹਨ—

(1) 27 ਤੋਂ 31 ਮਾਰਚ ਸਿੰਘਾਪੁਰ ਵਿਖੇ ਗੁਰਮਤਿ ਪਰਚਾਰ। ਜਥੇ ਦਾ ਨਿਵਾਸ ਹੇਠ ਲਿਖੇ ਅਸਥਾਨ ਤੇ ਹੋਵੇਗਾ—
ਖਾਲਸਾ ਧਾਰਮਕ ਸਭਾ, 18-ਨਵੀਨ ਰੋਡ, ਸਿੰਘਾਪੁਰ-0922

(2) 31 ਮਾਰਚ ਤੋਂ 7 ਅਪ੍ਰੈਲ ਆਸਟਰੇਲੀਆ ਵਿਖੇ—ਸਿੰਘ ਸਭਾ ਗੁਰਦੁਆਰਾ, 14-16, ਦੀ ਰਿਵਰ ਰੋਡ, ਸਿਡਨੀ, N.S.W. 2122, ਅਟਸਟ੍ਰੇਲੀਆ। ਭਾਈ ਸੁਬੇਗ ਸਿੰਘ ਫ਼ੋਨ—02-776252

(3) 7 ਤੋਂ 21 ਅਪ੍ਰੈਲ ਨਿਊਜ਼ੀਲੈਂਡ ਵਿਖੇ—ਪੁਛ ਗਿਛ : ਭਾਈ ਜਸਬੀਰ ਸਿੰਘ ਕਾਲੀਕਟ,
11 Joeson Road, Otahuhu, AUCKLAND-6,New Zealand, Phone 0/68 508

(4) 21 ਤੋਂ 29 ਅਪ੍ਰੈਲ ਫ਼ਿਜੀ ਵਿਖੇ—ਪੁਛ ਗਿਛ ਭਾਈ ਨਿਰਮਲ ਸਿੰਘ, G.P.O. Box 150,
SUVA, Fiji ਫੋਨ 384051

(5) 29 ਅਪ੍ਰੈਲ ਤੋਂ 4-ਮਈ—ਲਾਸ ਐਂਜਲ (ਅਮਰੀਕਾ) ਵਿਖੇ—
ਪੁਛ ਗਿਛ—ਭਾਈ ਜੋਗਿੰਦਰ ਸਿੰਘ ਖਾਲਸਾ ਫੋਨ 0734-61891

ਸਮੁਚੀ ਪਰਚਾਰ ਯਾਤਰਾ ਬਾਰੇ ਵਧੇਰੇ ਜਾਣਕਾਰੀ ਲਈ ਭਾਈ ਰਾਜਿੰਦਰ ਸਿੰਘ ਡਡਲੀ ਫ਼ੋਨ 0384-237341

---

### ਅਖੰਡ ਕੀਰਤਨੀ ਜਥਾ (ਚਲਦਾ ਵਹੀਰ) ਵਲੋਂ ਥਾਈਲੈਂਡ, ਹਾਂਗ ਕਾਂਗ, ਫ਼ਿਲਪਾਈਨ ਪ੍ਰਚਾਰ-ਯਾਤਰਾ

ਸਤਿਗੁਰਾਂ ਦੀ ਰਹਿਤਮਤ ਸਦਕਾ ਅਖੰਡ ਕੀਰਤਨੀ ਜਥਾ (ਚਲਦਾ ਵਹੀਰ ਇੰਟਰਨੈਸ਼ਨਲ) ਦਾ ਅਗਲਾ ਪ੍ਰੋਗਰਾਮ ਪੂਰਬੀ ਏਸ਼ੀਆ ਵਿਚ ਹੇਠ ਲਿਖੇ ਅਨੁਸਾਰ ਹੋਵੇਗਾ—

(1) 22 ਸਤੰਬਰ ਤੋਂ 7 ਅਕਤੂਬਰ ਬੈਂਕਾਕ(ਥਾਈਲੈਂਡ)ਵਿਖੇ,ਪੁਛ ਗਿੱਛ : ਸ੍ਰੀ ਗੁਰੂ ਸਿੰਘ ਸਭਾ,565 ਚਕਰਾਫੇਟ ਰੋਡ,ਬੈਂਕਾਕ ਫੋਨ 2211011 ਜਾਂ 2212838

(2) 7 ਤੋਂ 21 ਅਕਤੂਬਰ ਹਾਂਗਕਾਂਗ ਵਿਖੇ, ਪੁਛ ਗਿਛ : ਖਾਲਸਾ ਦੀਵਾਨ ਗੁਰਦੁਆਰਾ, 371-ਕਿੰਗ ਰੋਡ ਈਸਟ, ਵਾਹਚੀ (Wahci) ਹਾਂਗਕਾਂਗ, ਫੋਨ ਗੁਰਦੁਆਰਾ 03-724459 ਜਾਂ ਭਾਈ ਚਰਨ ਸਿੰਘ 03-7437554

(3) 21 ਅਕਤੂਬਰ ਤੋਂ 2 ਨਵੰਬਰ ਮਨੀਲਾ (ਫ਼ਿਲਪਾਈਨ) ਵਿਖੇ, ਪੁਛ ਗਿਛ : ਖਾਲਸਾ ਦੀਵਾਨ ਗੁਰਦੁਆਰਾ
U.N. Ave Paco, Manila (Philippines) 1350

---

ਆਸਟਰੇਲੀਆ, ਨਿਊਜ਼ੀਲੈਂਡ ਅਤੇ ਸਿੰਘਾਪੁਰ ਦੀਆਂ ਸੰਗਤਾਂ ਦੀ ਬੇਨਤੀ ਤੇ ਯੂ. ਕੇ. ਦੇ ਅਖੰਡ ਕੀਰਤਨੀ ਜਥੇ ਵਲੋਂ ਦਸ ਸਿੰਘਾਂ ਦਾ ਜਥਾ 4 ਦਸੰਬਰ ਚਲ ਰਿਹਾ ਹੈ, ਜੋ ਹੇਠ ਲਿਖੇ ਅਨੁਸਾਰ ਗੁਰਬਾਣੀ ਕੀਰਤਨ ਤੇ ਅੰਮ੍ਰਿਤ ਸੰਚਾਰ ਕਰੇਗਾ।

**(ੳ) ਆਸਟਰੇਲੀਆ ਅਤੇ ਨਿਊਜ਼ੀਲੈਂਡ ਵਿਖੇ 5 ਦਸੰਬਰ 86 ਤੋਂ 3 ਜਨਵਰੀ 87 ਤਕ—**

ਇਨ੍ਹਾਂ ਮੁਲਕਾਂ ਦੇ ਕਈ ਸ਼ਹਿਰਾਂ, ਜਿਵੇਂ ਕਿ SYDNEY, MELBOURNE, WOOLGOOLGA ਅਤੇ AUWLAND ਆਦਿ ਵਿਚ ਗੁਰਮਤਿ ਪ੍ਰੋਗਰਾਮ ਹੋਣਗੇ। ਜਥੇ ਦਾ ਹੈਡ ਕੁਆਟਰ ਹੇਠ ਲਿਖੇ ਅਸਥਾਨ ਤੇ ਹੋਵੇਗਾ—
Siri Guru Singh Sabha, 16 The River Rd., Revesby. N. S. W--2122, Australia.

**(ਅ) ਸਿੰਘਾਪੁਰ ਵਿਖੇ 4 ਤੋਂ 15 ਜਨਵਰੀ ਤਕ**—ਸਿੰਘਾਪੁਰ ਦੇ ਕਈ ਗੁਰਦਵਾਰਿਆਂ ਵਿਚ ਪ੍ਰੋਗਰਾਮ ਹੋਣਗੇ।

ਇਸ ਪ੍ਰਚਾਰ-ਫੇਰੀ ਸੰਬੰਧੀ ਵਧੇਰੇ ਜਾਣਕਾਰੀ ਹੇਠ ਲਿਖੇ ਸਜਣਾਂ ਤੋਂ ਪ੍ਰਾਪਤ ਕਰੋ—
ਭਾ: ਸੁਬੇਗ ਸਿੰਘ (ਆਸਟਰੇਲੀਆ) ਫ਼ੋਨ : 02-776252, ਭਾ: ਰਾਜਿੰਦਰ ਸਿੰਘ (ਇੰਗਲੈਂਡ) 0384-237341

ਨਿਊਜੀਲੈਂਡ ਦੀਆਂ ਸੰਗਤਾਂ ਨੇ ਜਥੇ ਦੇ ਜੀਵਨ ਤੋਂ ਪ੍ਰਭਾਵਿਤ ਹੋ ਕੇ ਬੇਨਤੀ ਕੀਤੀ ਕਿ ਵਿਸਾਖੀ ਵਾਲੇ ਦਿਨ ਆ ਕੇ ਅੰਮ੍ਰਿਤ ਸੰਚਾਰ ਕਰੋ। ਜਥਾ ਦੁਬਾਰਾ ਵਿਸਾਖੀ ਵਾਲੇ ਦਿਨ ਨਿਊਜ਼ੀਲੈਂਡ ਪਹੁੰਚਾ। ਇਹ ਸਾਰੇ ਸਮਾਗਮ ਭਾਈ ਰਾਜਿੰਦਰ ਸਿੰਘ ਤੇ ਭਾਈ ਸੁਬੇਗ ਸਿੰਘ ਦੀ ਅਗਵਾਈ ਅਧੀਨ ਹੋਏ। ਨਿਊਜੀਲੈਂਡ ਦੀਆਂ ਸੰਗਤਾਂ ਨੇ ਦੋਨੋਂ ਸਮਾਗਮਾਂ ਦੌਰਾਨ ਬਹੁਤ ਹੀ ਸੇਵਾ ਕੀਤੀ।

## ਸਿੰਗਾਪੁਰ ਵਿਚ ਅੰਮ੍ਰਿਤ ਸੰਚਾਰ

ਸਿੰਗਾਪੁਰ ਦੀ ਨੌਜਵਾਨ ਸਭਾ ਨੂੰ ਪਤਾ ਲੱਗਾ ਕਿ ਇੰਗਲੈਂਡ ਤੋਂ ਅਖੰਡ ਕੀਰਤਨੀ ਜਥਾ ਅੰਮ੍ਰਿਤ ਸੰਚਾਰ ਦੀ ਸੇਵਾ ਵਾਸਤੇ ਨਿਊਜ਼ੀਲੈਂਡ ਤੇ ਆਸਟਰੇਲੀਆ ਪਹੁੰਚਿਆ ਹੈ। ਨੌਜਵਾਨਾਂ ਨੇ ਕਾਫੀ ਜ਼ੋਰ ਪਾਇਆ ਕਿ ਜਥਾ ਇਥੇ ਆ ਕੇ ਵੀ ਅੰਮ੍ਰਿਤ ਸੰਚਾਰ ਕਰੇ ਅਤੇ ਕੀਰਤਨ ਦੇ ਲਾਹੇ ਸੰਗਤਾਂ ਨੂੰ ਬਖਸ਼ੇ। ਅਸੀਂ ਸਿੰਗਾਪੁਰ ਏਅਰਪੋਰਟ 'ਤੇ ਰਾਤ ਤਕਰੀਬਨ ਬਾਰਾਂ ਵਜੇ ਪਹੁੰਚੇ। ਇੰਨੀ ਰਾਤ ਗਏ ਵੀ ਕਾਫੀ ਨੌਜਵਾਨ ਸਿੰਘ ਆਏ ਹੋਏ ਸਨ। ਉਨ੍ਹਾਂ ਨੇ ਨਿੱਘਾ ਸੁਆਗਤ ਕੀਤਾ। ਰਾਤ ਨੂੰ ਇਕ ਵਜੇ ਦੇ ਕਰੀਬ ਗੁਰਦੁਆਰਾ ਸਾਹਿਬ ਪਹੁੰਚੇ। ਨੌਜਵਾਨਾਂ ਨੇ ਲੰਗਰ ਦਾ ਪ੍ਰਬੰਧ ਕੀਤਾ ਹੋਇਆ ਸੀ। ਕੁਝ ਸਾਲ ਪਹਿਲੇ ਇੰਡੀਆ ਤੋਂ ਬਾਹਰ ਸਭ ਤੋਂ ਵੱਡਾ ਗੁਰਦੁਆਰਾ ਇਹੋ ਹੀ ਸੀ, ਦੂਸਰਾ ਗੁਰਦੁਆਰਾ ਤਰਾਨ ਵਿਚ ਤੇ ਤੀਸਰਾ ਥਾਈਲੈਂਡ ਵਿਚ ਬਣਿਆ ਹੋਇਆ ਹੈ। ਸਾਡੀ ਰਿਹਾਇਸ਼ ਦਾ ਪ੍ਰੋਗਰਾਮ ਵੀ ਗੁਰਦੁਆਰੇ ਹੀ ਸੀ। ਅੰਮ੍ਰਿਤ ਵੇਲੇ ਜਥੇ ਨੇ "ਆਸਾ ਦੀ ਵਾਰ" ਦਾ ਕੀਰਤਨ ਕੀਤਾ। ਹੌਲੀ-ਹੌਲੀ ਬਾਕੀ ਗੁਰਦੁਆਰੇ ਵਾਲਿਆਂ ਨੂੰ ਪਤਾ ਲੱਗਾ ਤਾਂ ਸਾਰਿਆਂ ਨੇ ਬੇਨਤੀ ਕੀਤੀ ਕਿ ਇਥੇ ਵੀ ਕੀਰਤਨ ਕਰੋ। ਜਥੇ ਦਾ ਪ੍ਰੋਗਰਾਮ ਤਿੰਨ ਚਾਰ ਦਿਨ ਦਾ ਸੀ ਪਰ ਸੰਗਤਾਂ ਦੇ ਪ੍ਰੇਮ ਕਰਕੇ ਦੋ ਹਫਤੇ ਠਹਿਰਨਾ ਪਿਆ। "ਧਾਰਮਿਕ ਸਭਾ" ਗੁਰਦੁਆਰੇ ਰੈਣ ਸਬਾਈ ਕੀਰਤਨ ਅਤੇ ਅੰਮ੍ਰਿਤ ਸੰਚਾਰ ਕੀਤਾ। ਇਥੇ 26 ਪ੍ਰਾਣੀਆਂ ਨੇ ਅੰਮ੍ਰਿਤ ਪਾਨ ਕੀਤਾ।

## ਮਲੇਸ਼ੀਆ ਵਿਚ ਅੰਮ੍ਰਿਤ ਸੰਚਾਰ

ਮਲੇਸ਼ੀਆ ਦੇ ਨੌਜਵਾਨ ਸਿੰਘਾਂ ਨੇ ਬੇਨਤੀ ਕੀਤੀ ਕਿ ਇਥੇ ਵੀ ਕਈ ਪ੍ਰਾਣੀ ਅੰਮ੍ਰਿਤ ਪਾਨ ਕਰਨ ਵਾਸਤੇ ਤਿਆਰ ਹਨ। ਉਨ੍ਹਾਂ ਦੀ ਬੇਨਤੀ ਸਵੀਕਾਰ ਕਰਦਾ ਹੋਇਆ ਜਥਾ ਮਲੇਸ਼ੀਆ ਕੋਆਲਾਲੰਮਪੁਰ ਪਹੁੰਚਿਆ। "ਤੱਤ ਖਾਲਸਾ" ਗੁਰਦੁਆਰੇ ਰਿਹਾਇਸ਼ ਦਾ ਪ੍ਰਬੰਧ ਕੀਤਾ ਗਿਆ। ਸੰਗਤਾਂ ਨੇ ਬਹੁਤ ਪ੍ਰੇਮ ਕੀਤਾ। ਗਿਆਨੀ ਅਤੇ ਨੌਜਵਾਨ ਸਿੰਘ ਸਿੰਘਣੀਆਂ ਨੇ ਅੰਮ੍ਰਿਤਪਾਨ ਕੀਤਾ। ਇਥੇ ਸੰਗਤਾਂ ਦੀ ਇੱਛਾ ਸੀ ਕਿ ਰੈਣ ਸਬਾਈ ਕੀਰਤਨ ਕੀਤਾ ਜਾਵੇ। ਜੋ ਕਿ ਬਹੁਤ ਹੀ ਚੜ੍ਹਦੀ ਕਲਾ ਵਿਚ ਹੋਇਆ। ਮਲੇਸ਼ੀਆ ਵਿਚ ਇਕ ਨਵਾਂ ਗੁਰਦੁਅਰਾ ਬਣਾਉਣਾ ਸੀ ਪਰ ਉਥੇ ਨੀਹ ਪੱਥਰ ਰੱਖਣ ਵਾਸਤੇ ਪੰਜ ਪਿਆਰੇ ਨਹੀਂ ਸਨ ਮਿਲ ਰਹੇ। ਉਹਨਾਂ ਨੇ ਜਥੇ ਨੂੰ ਬੇਨਤੀ ਕੀਤੀ ਕਿ ਆ

ਕੇ ਨੀਂਹ ਪੱਥਰ ਰੱਖੇ ਪੰਜਾਂ ਸਿੰਘਾਂ ਨੇ ਗੁਰਦੁਆਰੇ ਦਾ ਨੀਂਹ ਪੱਥਰ ਰੱਖਿਆ। ਸਿੱਖ ਨੌਜਵਾਨ ਸਭਾ ਮਲੇਸ਼ੀਆ ਨੇ ਉਦਮ ਕਰਕੇ ਗੁਰਬਾਣੀ ਦੇ ਗੁਟਕੇ ਪੰਜਾਬੀ ਤੇ ਅੰਗਰੇਜ਼ੀ ਵਿਚ ਛਪਵਾ ਕੇ ਮੁਫਤ ਵੰਡੇ।

ਜਥਾ ਸਿਰਫ ਇਕ ਮਹੀਨੇ ਲਈ ਗਿਆ ਸੀ ਪਰ ਸੰਗਤਾਂ ਦੇ ਪ੍ਰੇਮ ਨੇ ਹੌਲੀ-ਹੌਲੀ ਦੋ ਮਹੀਨੇ ਵਿਚ ਬਦਲ ਦਿੱਤਾ। ਸਾਰੇ ਅੰਮ੍ਰਿਤ ਸੰਚਾਰ ਗੁਰੂ ਦੀ ਕ੍ਰਿਪਾ ਨਾਲ ਚੜ੍ਹਦੀ ਕਲਾ ਵਿਚ ਹੋਏ। ਨਾਮ ਬਾਣੀ ਦਾ ਏਨਾ ਪ੍ਰਭਾਵ ਪਿਆ ਕਿ ਲੋਕਾਂ ਦੇ ਮਨ ਬਦਲ ਗਏ। ਉਹ ਵੀ ਅੰਮ੍ਰਿਤ ਛਕਣ ਵਾਸਤੇ ਤਿਆਰ ਹੋ ਗਏ। ਉਹਨਾਂ ਨੇ ਬੇਨਤੀ ਕੀਤੀ ਕਿ ਦੁਬਾਰਾ ਵਿਸਾਖੀ ਤੇ ਆ ਕੇ ਅੰਮ੍ਰਿਤ ਸੰਚਾਰ ਕਰੋ। ਜਥਾ ਫਰਵਰੀ ਨੂੰ ਇੰਗਲੈਂਡ ਪਹੁੰਚਿਆ। ਦੋ ਮਹੀਨੇ ਬਾਅਦ ਵਿਸਾਖੀ 'ਤੇ ਫਿਰ ਗਿਆ। ਸਿਡਨੀ, ਨਿਊਜ਼ੀਲੈਂਡ, ਫਿਜੀ, ਸਿੰਗਾਪੁਰ, ਮਲੇਸ਼ੀਆ ਹਰੇਕ ਥਾਵਾਂ 'ਤੇ ਅੰਮ੍ਰਿਤ ਸੰਚਾਰ ਦਾ ਪ੍ਰੋਗਰਾਮ ਗੁਰੂ ਦੀ ਕ੍ਰਿਪਾ ਨਾਲ ਚੜ੍ਹਦੀ ਕਲਾ ਵਿਚ ਹੁੰਦਾ ਰਿਹਾ। ਇਸ ਵਾਰ ਅੱਗੇ ਨਾਲੋਂ ਵੀ ਜਿਆਦਾ ਸੰਗਤ ਤਿਆਰ ਹੋਈ। ਸਭ ਤੋਂ ਜਿਆਦਾ ਪ੍ਰਾਣੀਆਂ ਨੇ ਅੰਮ੍ਰਿਤ ਫਿਜੀ ਵਿਚ ਛੱਕਿਆ। ਇਥੇ ਰਹਿਣ ਵਾਲੀ ਇਕ ਬੀਬੀ ਕਈ ਸਾਲਾਂ ਤੋਂ ਅਰਦਾਸ ਕਰਦੀ ਚਲੀ ਆ ਰਹੀ ਸੀ ਕਿ ਹੇ ਸੱਚੇ ਪਾਤਸ਼ਾਹ ਇਥੇ ਸਿੰਘ ਭੇਜੋ ਤੇ ਅੰਮ੍ਰਿਤ ਛਕਣ ਦਾ ਸੁਭਾਗਾ ਸਮਾਂ ਆਵੇ। 12 ਸਾਲਾਂ ਬਾਅਦ ਇਸ ਬੀਬੀ ਦੀ ਅਰਦਾਸ ਪੂਰੀ ਹੋਈ। 86 ਪ੍ਰਾਣੀਆਂ ਨੇ ਅੰਮ੍ਰਿਤ ਪਾਨ ਕੀਤਾ। ਇਸ ਬੀਬੀ 'ਤੇ ਬਹੁਤ ਕਲਾ ਵਰਤੀ। ਫਿਜੀ ਵਿਚ ਤਿੰਨ ਗੁਰਦੁਆਰੇ ਹਨ ਅਤੇ ਤਿੰਨਾਂ ਹੀ ਥਾਵਾਂ 'ਤੇ ਅੰਮ੍ਰਿਤ ਸੰਚਾਰ ਹੋਇਆ। ਇਥੋਂ ਜਥਾ ਫਿਲਪਾਇਨ ਗਿਆ। ਇਥੇ 91 ਸਾਲ ਪੁਰਾਣਾ ਗੁਰਦੁਆਰਾ ਹੈ। ਜਦੋਂ ਪਹਿਲਾਂ ਪਹਿਲਾਂ ਸਿੰਘ ਗਏ ਸਨ ਉਨ੍ਹਾਂ ਨੇ ਬਣਾਇਆ ਸੀ। 1905 ਵਿਚ ਇਹ ਗੁਰਦੁਆਰਾ ਬਣਿਆ ਸੀ। ਇਥੇ ਇਕ ਸਿੰਘ ਜਿਸ ਦੀ ਪਤਨੀ ਫਿਲਪਾਇਨ ਤੋਂ ਹੀ ਸੀ ਉਨ੍ਹਾਂ ਨੇ ਪਰਿਵਾਰ ਸਮੇਤ ਅੰਮ੍ਰਿਤ ਪਾਨ ਕੀਤਾ। ਇਸ ਪਰਿਵਾਰ ਤੇ ਬੜੀ ਕਲਾ ਵਰਤੀ। ਇਸ ਦੀ ਸਿੰਘਣੀ ਚੂਲੇ ਲੈਂਦੇ ਸਾਰ ਹੀ ਬੇਸੁੱਧ ਹੋ ਗਈ। ਇਸਦੇ ਪਿਛਲੇ ਕਰਮ ਜਾਗੇ ਤੇ ਸਿਮਰਨ ਜ਼ੋਰ ਜ਼ੋਰ ਦੀ ਚੱਲਣ ਲਗ ਪਿਆ। ਉਹ ਬਹੁਤ ਹੀ ਹੈਰਾਨ ਹੋਈ ਕਿ ਅੰਮ੍ਰਿਤ ਵਿਚ ਇਤਨੀ ਸ਼ਕਤੀ ਹੈ। ਫਿਲਪਾਇਨ ਤੋਂ ਜਥਾ ਵਾਪਸ ਇੰਗਲੈਂਡ ਆ ਗਿਆ।

## ਅਮਰੀਕਾ ਵਿਚ ਅੰਮ੍ਰਿਤ ਸੰਚਾਰ

ਭਾਈ ਰਾਜਿੰਦਰ ਸਿੰਘ ਨੂੰ ਅਮਰੀਕਾ ਤੋਂ ਡਾਕਟਰ ਜਸਪਾਲ ਸਿੰਘ ਦੀ ਚਿੱਠੀ ਆਈ ਕਿ ਅਸੀਂ ਕੁਝ ਪ੍ਰੇਮੀ ਅੰਮ੍ਰਿਤ ਛਕਣ ਵਾਸਤੇ ਤਿਆਰ ਹਾਂ, ਇਥੇ ਆ ਕੇ ਅੰਮ੍ਰਿਤ ਸੰਚਾਰ ਦਾ ਸਮਾਗਮ ਕਰੋ। ਇਸ ਵਿਚ ਦਾਸ, ਭਾਈ ਜੀਵਨ ਸਿੰਘ, ਤੇ ਭਾਈ ਰਾਜਿੰਦਰ ਸਿੰਘ ਨੇ ਪੰਜਾਂ ਪਿਆਰਿਆਂ ਦੀ ਸੇਵਾ ਕੀਤੀ। ਦੋ ਸਿੰਘ ਉਥੇ ਹੀ ਤਿਆਰ ਬਰ ਤਿਆਰ ਮਿਲ ਗਏ ਤੇ ਦੋ ਕੈਲੇਫੋਰਨੀਆ ਤੋਂ ਆਏ ਸਨ। ਇਹ ਅੰਮ੍ਰਿਤ ਸੰਚਾਰ ਦਾ ਪ੍ਰੋਗਰਾਮ ਫਲੋਰੀਡਾ ਵਿਖੇ ਹੋਇਆ। ਬੇਅੰਤ ਪ੍ਰਾਣੀਆਂ ਨੇ ਅੰਮ੍ਰਿਤ ਪਾਨ ਕੀਤਾ। ਇਸ ਡਾਕਟਰ

ਦੇ ਸਾਰੇ ਪਰਿਵਾਰ ਨੇ ਅੰਮ੍ਰਿਤ ਛਕਿਆ। ਉਸ ਦੇ ਗ੍ਰਿਹਿ ਵਿਖੇ ਇਕ 8-9 ਮਹੀਨੇ ਦਾ ਬੱਚਾ ਸੀ। ਕਈ ਵਾਰੀ ਪਰਿਵਾਰ ਵਿਚ ਵਡਭਾਗੀ ਜੀਵ ਆ ਜਾਵੇ ਤਾਂ ਪਰਿਵਾਰ ਦੀ ਕਾਇਆ ਪਲਟ ਜਾਂਦੀ ਹੈ। ਇਨ੍ਹਾਂ ਨਾਲ ਵੀ ਇਸੇ ਤਰ੍ਹਾਂ ਹੋਇਆ। ਜਦੋਂ ਉਨ੍ਹਾਂ ਦੇ ਗ੍ਰਿਹਿ ਵਿਖੇ ਭੁਝੰਗੀ ਨੇ ਜਨਮ ਲਿਆ ਤਾਂ ਇਨ੍ਹਾਂ ਦਾ ਮਨ ਸਿੱਖੀ ਵਲ ਪ੍ਰੇਰਤ ਹੋ ਗਿਆ ਤੇ ਅੰਮ੍ਰਿਤ ਛਕਣ ਦਾ ਮਨ ਬਣਾ ਲਿਆ। ਜਦੋਂ ਅੰਮ੍ਰਿਤ ਸੰਚਾਰ ਸਮਾਪਤ ਹੁੰਦਾ ਹੈ ਤਾਂ ਪੰਜ ਜੈਕਾਰੇ ਬੁਲਾਏ ਜਾਂਦੇ ਹਨ, ਪੰਜਵੇਂ ਜੈਕਾਰੇ ਨਾਲ ਇਸ ਬੱਚੇ ਨੇ ਬਹੁਤ ਜ਼ੋਰ ਦੀ ਜੈਕਾਰਾ ਬੁਲਾਇਆ, ਜਿਸ ਨੂੰ ਸੁਣਕੇ ਸੰਗਤ ਬਹੁਤ ਹੈਰਾਨ ਹੋਈ। ਇਸ ਬੱਚੇ ਵਿਚ ਇਹ ਖ਼ੂਬੀ ਸੀ ਕਿ ਅਗਰ ਕੋਈ ਸਿੰਘ ਹੋਵੇ ਤਾਂ ਉਸ ਕੋਲ ਬਹੁਤ ਹੀ ਪ੍ਰੇਮ ਨਾਲ ਜਾਣਾ, ਅਗਰ ਕਿਸੇ ਦੇ ਕੇਸ ਨਹੀਂ ਹੁੰਦੇ ਤਾਂ ਰੋਣ ਲਗ ਜਾਣਾ। ਜਿਸ ਵਕਤ ਇਸ ਬੱਚੇ ਨੂੰ ਚੂਲੇ ਦਿੱਤੇ ਗਏ ਤਾਂ ਇਸ ਦਾ ਸੁਆਸ ਸੁਆਸ ਸਿਮਰਨ ਆਪ ਮੁਹਾਰੇ ਚਲਣ ਲਗ ਪਿਆ। ਬੱਚੇ ਦੀ ਆਤਮਾ ਬਹੁਤ ਪਵਿੱਤਰ ਹੁੰਦੀ ਹੈ, ਇਨ੍ਹਾਂ ਦੇ ਮਨ ਵਿਚ ਵੈਰ ਵਿਰੋਧ ਨਹੀਂ ਹੁੰਦਾ। ਬੱਚੇ ਪੰਜਾਂ ਤੱਤਾਂ ਤੋਂ ਰਹਿਤ ਹੁੰਦੇ ਹਨ। ਇਸ ਬੱਚੇ ਦੇ ਪਿਛਲੇ ਜਨਮ ਦੀ ਕਮਾਈ ਕੀਤੀ ਹੋਣ ਕਰਕੇ ਇਸਦੇ ਮਾਂ ਬਾਪ ਦਾ ਜੀਵਨ ਹੀ ਬਦਲ ਗਿਆ।

ਇਸ ਅੰਮ੍ਰਿਤ ਸੰਚਾਰ ਤੋਂ ਬਾਅਦ ਅਸੀਂ ਕੈਲੇਫੋਰਨੀਆ ਪਹੁੰਚੇ। ਇਥੇ ਖੇਤਾਂ ਵਿਚ ਬਹੁਤ ਹੀ ਸੁੰਦਰ ਗੁਰਦੁਆਰਾ ਬਣਾਇਆ ਹੋਇਆ ਹੈ। ਆਲੇ ਦੁਆਲੇ ਫਲਾਂ ਦੇ ਬਾਗ ਹਨ। ਇਥੇ ਵੀ ਅੰਮ੍ਰਿਤ ਸੰਚਾਰ ਕੀਤਾ ਗਿਆ। 16 ਪ੍ਰਾਣੀਆਂ ਨੇ ਅੰਮ੍ਰਿਤ ਛਕਿਆ। ਅੰਮ੍ਰਿਤ ਸੰਚਾਰ ਬੜੀ ਚੜ੍ਹਦੀ ਕਲਾ ਵਿਚ ਹੋਇਆ। ਜਿਥੇ ਵੀ ਅੰਮ੍ਰਿਤ ਸੰਚਾਰ ਹੋਇਆ, ਸਾਰੀਆਂ ਬੀਬੀਆਂ ਨੇ ਦਸਤਾਰਾਂ ਸਜਾਈਆਂ।

ਇੱਕ ਵਾਰੀ ਅਸੀਂ ਪ੍ਰਚਾਰ ਕਰਦੇ-ਕਰਦੇ ਹੋਲੀਵੁਡ ਦੇ ਇੱਕ ਗੁਰਦੁਆਰੇ ਪਹੁੰਚੇ। ਗੁਰਦੁਆਰੇ ਕਾਫੀ ਸੰਗਤ ਜੁੜੀ ਹੋਈ ਸੀ ਤੇ ਸ਼ਾਮ ਦਾ ਦੀਵਾਨ ਸਜਿਆ ਹੋਇਆ ਸੀ। ਰਹਿਰਾਸ ਤੇ ਕੀਰਤਨ ਤੋਂ ਉਪਰੰਤ ਕਥਾ ਸ਼ੁਰੂ ਹੋਈ। ਕਥਾ ਕਰਨ ਵਾਲਾ ਗਿਆਨੀ ਨਵਾਂ-ਨਵਾਂ ਇੰਡੀਆ ਤੋਂ ਆਇਆ ਸੀ। ਕਥਾ ਕਰਦੇ ਕਰਦੇ ਦੀ ਨਿਗ੍ਹਾ ਗੋਰੀਆਂ ਬੀਬੀਆਂ 'ਤੇ ਪਈ ਤਾਂ ਉਸਨੇ ਕਿਹਾ, ਅੱਜਕੱਲ੍ਹ ਤਾਂ ਬੀਬੀਆਂ ਵੀ ਮਰਦਾਂ ਵਾਂਗੂ ਵੱਡੀਆਂ ਵੱਡੀਆਂ ਦਸਤਾਰਾਂ ਸਜਾਉਣ ਲੱਗ ਪਈਆਂ ਹਨ, ਜ਼ਮਾਨਾ ਹੀ ਬਦਲ ਗਿਆ। ਗੁਰਦੁਆਰੇ ਅੰਦਰ ਕਾਫੀ ਅਮਰੀਕਨ ਸਿੰਘਣੀਆਂ ਬੈਠੀਆਂ ਸਨ, ਜੋ ਕਿ ਪੂਰੀ ਰਹਿਤ ਵਿੱਚ ਸਨ। ਗਿਆਨੀ ਨੇ ਸਮਝਿਆ ਗੋਰਿਆਂ ਨੂੰ ਕਿਹੜਾ ਪੰਜਾਬੀ ਆਉਂਦੀ ਹੈ ਜੋ ਮਰਜ਼ੀ ਹੈ ਬੋਲ ਲਵੋ। ਬੀਬੀਆਂ ਦੀ ਦਸਤਾਰ ਦੇ ਖਿਲਾਫ ਕਾਫੀ ਬੋਲਿਆ। ਭਾਈ ਜਗਦੀਸ਼ ਸਿੰਘ ਨੇ ਗੋਰੀ ਸਿੰਘਣੀ ਨਾਲ ਸ਼ਾਦੀ ਕੀਤੀ ਹੈ। ਉਸ ਦਾ ਨਾਂ ਜਗਜੀਤ ਕੌਰ ਹੈ। ਜਗਦੀਸ਼ ਸਿੰਘ ਨੇ ਇਸ ਨੂੰ ਪੰਜਾਬੀ ਪੜ੍ਹਾਈ ਤੇ ਕੀਰਤਨ ਸਿਖਾਇਆ। ਇਹ ਅਖੰਡਪਾਠ ਦੀਆਂ ਰੌਲਾਂ ਵੀ ਲਾਉਂਦੀ ਹੈ ਅਤੇ ਕੀਰਤਨ ਵੀ ਬਹੁਤ ਸੁੰਦਰ ਕਰਦੀ ਹੈ। ਗਿਆਨੀ ਜੀ ਦੀ ਕਥਾ ਸੁਣ ਕੇ ਇਸਨੂੰ ਬਹੁਤ ਦੁੱਖ ਮਹਿਸੂਸ ਹੋਇਆ। ਦੀਵਾਨ ਦੀ ਸਮਾਪਤੀ ਮਗਰੋਂ ਗਿਆਨੀ ਜੀ ਨੂੰ ਜਾ ਘੇਰਿਆ ਤੇ ਪੁਛਿਆ, *"ਗਿਆਨੀ, ਜੀ ਕੀ*

ਤੁਸੀਂ ਮੈਨੂੰ ਦੱਸ ਸਕਦੇ ਹੋ ਕਿ ਗੁਰੂ ਗੋਬਿੰਦ ਸਿੰਘ ਜੀ ਨੂੰ ਕਿਹੜੀ ਚੀਜ਼ ਪਿਆਰੀ ਹੈ ?" ਗਿਆਨੀ ਇਤਨੇ ਬਚਨ ਸੁਣ ਕੇ ਹੈਰਾਨ ਹੋ ਗਿਆ ਕਿ ਇਸ ਨੂੰ ਪੰਜਾਬੀ ਆਉਂਦੀ ਹੈ ਤੇ ਕਿਹਾ, "ਗੁਰੂ ਗੋਬਿੰਦ ਸਿੰਘ ਜੀ ਨੂੰ ਰਹਿਤ ਪਿਆਰੀ ਹੈ।"

ਜਗਜੀਤ ਕੌਰ : ਕੀ ਤੁਸੀਂ ਮੈਨੂੰ ਦੱਸ ਸਕਦੇ ਹੋ ਉਹ ਕਿਹੜੀ ਰਹਿਤ ਹੈ ਜਿਹੜੀ ਗੁਰੂ ਜੀ ਨੂੰ ਪਿਆਰੀ ਹੈ ?

ਗਿਆਨੀ ਜੀ : ਜਿਹੜੀ ਤੁਸੀਂ ਰਹਿਤ ਰੱਖੀ ਹੋਈ ਹੈ ਇਹ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਪਿਆਰੀ ਹੈ।

ਜਗਜੀਤ ਕੌਰ : ਫਿਰ ਤੁਸੀਂ ਆਪਣੇ ਗੁਰੂ 'ਤੇ ਕਿੰਤੂ ਕਿਉਂ ਕੀਤਾ ਤੁਸੀਂ ਲੋਕਾਂ ਨੂੰ ਖੁਸ਼ ਕਰਨਾ ਹੈ ਕਿ ਗੁਰੂ ਜੀ ਨੂੰ। ਤੁਸੀਂ ਕੇਸਕੀ ਦੇ ਖਿਲਾਫ ਕਿਉਂ ਬੋਲੇ।

ਗਿਆਨੀ ਜੀ : ਮੁਆਫ ਕਰਨਾ ਮੈਂ ਤਾਂ ਭੁਲਿਆ ਹੀ ਰਿਹਾ ਅੱਜ ਤੋਂ ਬਾਅਦ ਮੈਂ ਪੂਰੀ ਰਹਿਤ ਮਰਿਆਦਾ ਬਾਰੇ ਪ੍ਰਚਾਰ ਕਰੂੰਗਾ।

*****

# ਜੀਵਨ ਜੁਗਤੀ

ਮਨੁੱਖ ਦੇ ਸਵਾਸ ਦਿਨੋਂ-ਦਿਨ ਖਤਮ ਹੋਂਦੇ ਜਾ ਰਹੇ ਹਨ। ਉਦੋਂ ਪਤਾ ਲਗਦਾ ਹੈ ਜਦੋਂ ਕਾਲ ਨੇੜੇ ਆ ਜਾਵੇ, ਇਸ ਕਰਕੇ ਜਿਹੜਾ ਸਮਾਂ ਬੀਤ ਗਿਆ ਉਸ ਨੇ ਹੱਥ ਨਹੀਂ ਆਉਣਾ, ਜਿਹੜਾ ਹਣ ਬਾਕੀ ਹੈ ਉਸ ਦਾ ਪੂਰਾ-ਪੂਰਾ ਲਾਭ ਉਠਾਉਣ ਦਾ ਯਤਨ ਕਰਨਾ ਚਾਹੀਦਾ ਹੈ। ਗੁਰੂ ਵਾਲੇ ਬਣਨਾ ਬਹੁਤ ਹੀ ਜਰੂਰੀ ਹੈ। ਅੰਮ੍ਰਿਤ ਪਾਨ ਕਰਕੇ ਗੁਰੂ ਵਾਲੇ ਜਰੂਰ ਬਣੋ।

ਹਰਿ ਸੱਚੇ ਤਖਤ ਰਚਾਇਆ, ਸਤਿ ਸੰਗਤਿ ਮੇਲਾ।
ਨਾਨਕ ਨਿਰਭਉ ਨਿਰੰਕਾਰ, ਵਿਚਿ ਸਿਧਾਂ ਖੇਲਾ।
ਗੁਰੁ ਸਿਮਰ ਮਨਾਈ ਕਾਲਕਾ, ਖੰਡੇ ਕੀ ਵੇਲਾ।
ਪੀਵਹੁ ਪਾਹੁਲ ਖੰਡੇਧਾਰ, ਹੁਇ ਜਨਮ ਸੁਹੇਲਾ।
ਗੁਰ ਸੰਗਤਿ ਕੀਨੀ ਖਾਲਸਾ, ਮਨਮੁਖੀ ਦੁਹੇਲਾ।
ਵਾਹੁ ਵਾਹੁ ਗੋਬਿੰਦ ਸਿੰਘ, ਆਪੇ ਗੁਰੁ ਚੇਲਾ।

*(ਵਾਰ 41 ਪਾਉੜੀ 1 ਭਾਈ ਗੁਰਦਾਸ ਜੀ)*

ਕਰਿ ਇਸਨਾਨੁ, ਸਿਮਰਿ ਪ੍ਰਭੁ ਅਪਨਾ, ਮਨ ਤਨ ਭਏ ਅਰੋਗਾ ॥
ਕੋਟਿ ਬਿਘਨ ਲਾਥੇ ਪ੍ਰਭ ਸਰਣਾ ਪ੍ਰਗਟੇ ਭਲੇ ਸੰਜੋਗਾ ॥ 1 ॥
ਪ੍ਰਭ ਬਾਣੀ ਸਬਦੁ ਸੁਭਾਖਿਆ ॥
ਗਾਵਹੁ ਸੁਣਹੁ ਪੜਹੁ ਨਿਤ ਭਾਈ ਗੁਰ ਪੂਰੈ ਤੂ ਰਾਖਿਆ ॥ ਰਹਾਉ ॥
ਸਾਚਾ ਸਾਹਿਬੁ ਅਮਿਤਿ ਵਡਾਈ, ਭਗਤਿ ਵਛਲ ਦਇਆਲਾ ॥
ਸੰਤਾ ਕੀ ਪੈਜ ਰਖਦਾ ਆਇਆ, ਆਦਿ ਬਿਰਦੁ ਪ੍ਰਤਿਪਾਲਾ ॥ 2 ॥
ਹਰਿ ਅੰਮ੍ਰਿਤ ਨਾਮੁ ਭੋਜਨੁ ਨਿਤ ਭੁੰਚਹੁ, ਸਰਬ ਵੇਲਾ ਮੁਖਿ ਪਾਵਹੁ ॥
ਜਰਾ ਮਰਾ ਤਾਪੁ ਸਭੁ ਨਾਠਾ, ਗੁਣ ਗੋਬਿੰਦ ਨਿਤ ਗਾਵਹੁ ॥ 3 ॥
ਸੁਣੀ ਅਰਦਾਸਿ ਸੁਆਮੀ ਮੇਰੈ, ਸਰਬ ਕਲਾ ਬਣਿ ਆਈ ॥
ਪ੍ਰਗਟ ਭਈ ਸਗਲੇ ਜੁਗ ਅੰਤਰਿ, ਗੁਰ ਨਾਨਕ ਦੀ ਵਡਿਆਈ ॥ 4 ॥

*(ਸੋਰਠਿ ਮ: 5 ਪੰ -611)*

ਸਿਮਰਨ ਕਰਨ ਵਾਸਤੇ ਢਿਲ ਨਹੀਂ ਕਰਨੀ ਚਾਹੀਦੀ। ਅੰਮ੍ਰਿਤ ਵੇਲੇ ਉਠ ਕੇ ਆਪਣੇ ਸਵਾਸ ਜਰੂਰ ਸਫਲ ਕਰਨੇ ਚਾਹੀਦੇ ਹਨ ਅਤੇ ਸੱਚਾ ਧਨ ਇਕੱਠਾ ਕਰਨਾ ਚਾਹੀਦਾ ਹੈ। ਦਰਗਾਹ ਨੂੰ ਜਾਣ ਵਾਸਤੇ ਮਨੁਖ ਕੋਲ ਸੱਚਾ ਧਨ ਚਾਹੀਦਾ ਹੈ, ਜਿਵੇਂ ਇਕ ਦੇਸ਼ ਤੋਂ ਦੂਸਰੇ ਦੇਸ਼ ਤਕ ਜਾਣਾ ਹੋਵੇ ਤਾਂ ਉਸ ਨੂੰ ਸਫਰ ਕਰਨ ਵਾਸਤੇ ਮਾਇਆ ਧਨ ਦੀ ਲੋੜ ਹੈ। ਇਸੇ ਤਰ੍ਹਾਂ ਨਿਰੰਕਾਰ ਦੇ ਦੇਸ਼ ਜਾਣ ਲਈ ਸੱਚੇ ਧਨ ਦੀ ਲੋੜ ਹੈ। ਇਹ ਧਨ ਕਿਵੇਂ ਇਕੱਠਾ ਕੀਤਾ ਜਾਵੇ। ਇਸ ਦਾ ਇਕੋ-ਇਕ ਤਰੀਕਾ ਹੈ ਕਿ ਜਦੋਂ

ਨਵੇਂ ਸਾਲ ਦੀ ਅਰੰਭਤਾ ਹੋਵੇ ਤਾਂ ਜੀਵਨ ਵਿਚ ਨਵੀਂ ਤਬਦੀਲੀ ਲਿਆਉਣੀ ਚਾਹੀਦੀ ਹੈ। ਹਰ ਇਕ ਜੀਵ ਨੂੰ ਹਰੇਕ ਸਾਲ ਘੱਟ ਤੋਂ ਘੱਟ ਇਕ ਸਹਿਜ ਪਾਠ ਤੇ ਸਵਾ ਲੱਖ ਮੂਲ ਮੰਤਰ ਦੇ ਪਾਠ ਜ਼ਰੂਰ ਕਰਨੇ ਚਾਹੀਦੇ ਹਨ। ਵੱਧ ਤੋਂ ਵੱਧ ਜਿੰਨੇ ਮਰਜ਼ੀ ਕਰ ਲਉ। ਅਗਰ ਕੋਈ ਜੀਵ ਆਪ ਪਾਠ ਨਹੀਂ ਕਰ ਸਕਦਾ ਤਾਂ ਕਿਸੇ ਕੋਲੋਂ ਪਾਠ ਕਰਵਾ ਲਵੇ ਅਤੇ ਆਪ ਧਿਆਨ ਨਾਲ ਸੁਣੇ, ਤਾਂ ਹੀ ਪਾਠ ਕਰਾਉਣ ਦਾ ਲਾਭ ਹੋਵੇਗਾ। ਸਤਿਗੁਰੂ ਸੱਚੇ ਪਾਤਸ਼ਾਹ ਨੇ ਇਹ ਮੌਕਾ ਭਾਈ ਪ੍ਰਿਥੀਪਾਲ ਸਿੰਘ ਨੂੰ ਦਿੱਤਾ। ਦਾਸ ਤੇ ਭਾਈ ਪ੍ਰਿਥੀਪਾਲ ਸਿੰਘ ਨੇ ਮਿਲਕੇ ਪ੍ਰੋਗਰਾਮ ਬਣਾਇਆ ਕਿ ਨਵਾਂ ਸਾਲ ਆ ਰਿਹਾ ਹੈ ਕੋਈ ਨਵਾਂ ਪ੍ਰੋਗਰਾਮ ਬਣਾਈਏ। ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਗੁਰਦੁਆਰੇ 31 ਦਸੰਬਰ ਨੂੰ ਬਾਰਾਂ ਵਜੇ ਤਕ ਕੀਰਤਨ ਦਾ ਪ੍ਰੋਗਰਾਮ ਹਰ ਸਾਲ ਹੁੰਦਾ ਹੈ ਅਤੇ ਨਵੇਂ ਸਾਲ ਦੀ ਅਰੰਭਤਾ ਦੀ ਅਰਦਾਸ ਹੁੰਦੀ ਹੈ। ਅਰਦਾਸ ਤੋਂ ਬਾਅਦ ਅਸੀਂ ਪ੍ਰਿਥੀਪਾਲ ਸਿੰਘ ਦੇ ਘਰ ਜਾ ਕੇ ਸਹਿਜ ਪਾਠ ਤੇ ਸਿਮਰਨ ਅਰੰਭ ਕੀਤਾ। ਭਾਈ ਸਾਹਿਬ ਪਾਠ ਕਰਦੇ ਤੇ ਦਾਸ ਸਿਮਰਨ ਕਰਦਾ ਸੀ। ਰੋਜ਼ਾਨਾ ਇਕ ਵਜੇ ਪਾਠ ਤੇ ਸਿਮਰਨ ਸ਼ੁਰੂ ਕਰ ਦਿੰਦੇ। ਭਾਈ ਸਾਹਿਬ ਬੜੇ ਪ੍ਰੇਮ ਤੇ ਸ਼ਰਧਾ ਨਾਲ ਪਾਠ ਕਰਦੇ। ਇਕ ਇਕ ਬਾਣੀ ਦੀ ਤੁਕ ਸਮਝ ਆਉਂਦੀ ਅਤੇ ਪਾਠ ਦਾ ਬਹੁਤ ਅਨੰਦ ਆਉਂਦਾ। ਪ੍ਰੇਮ ਤੇ ਰਹਾ ਵਿਚ ਬਾਣੀ ਪੜ੍ਹਦੇ। ਜਦੋਂ ਪਾਠ ਤੇ ਸਿਮਰਨ ਸ਼ੁਰੂ ਹੋ ਜਾਂਦਾ ਤਾਂ ਸੁਰਤ ਟਿਕਾ ਵਿਚ ਆ ਜਾਂਦੀ ਤਾਂ ਬਹੁਤ ਹੀ ਰਸ ਆਉਂਦਾ ਜਿਵੇਂ ਕਿ ਸਤਿਗੁਰੂ ਦਾ ਫੁਰਮਾਨ ਹੈ :-

ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ ॥
ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ ॥
ਜਿਨ ਕਉ ਨਦਰਿ ਕਰਮੁ ਹੋਵੈ ਹਿਰਦੈ ਤਿਨਾ ਸਮਾਣੀ ॥
ਪੀਵਹੁ ਅੰਮ੍ਰਿਤੁ ਸਦਾ ਰਹਹੁ ਹਰਿ ਰੰਗਿ ਜਪਿਹੁ ਸਾਰਿਗਪਾਣੀ ॥
ਕਹੈ ਨਾਨਕੁ ਸਦਾ ਗਾਵਹੁ ਏਹ ਸਚੀ ਬਾਣੀ ॥

*(ਅਨੰਦ ਸਾਹਿਬ)*

ਇਸ ਪਾਠ ਦਾ ਭੋਗ ਈਸਟਰ ਦੀਆਂ ਛੁੱਟੀਆਂ ਵਿੱਚ ਪਾਉਂਦੇ।

*****

# ਪਰਉਪਕਾਰ

ਪਰਉਪਕਾਰ ਬਹੁਤ ਸਾਰੇ ਪ੍ਰਾਣੀ ਕਰਦੇ ਹਨ ਪਰ ਦੇਖਣ ਵਿੱਚ ਆਇਆ ਹੈ ਕਈ ਲੋਕ ਸਿਰਫ ਆਪਣੀ ਵਡਿਆਈ ਵਾਸਤੇ ਹੀ ਕਰਦੇ ਹਨ ਕਿ ਮੇਰੀ ਜੈ ਜੈ ਕਾਰ ਹੋਵੇ। ਮੇਰਾ ਨਾਂ ਰੌਸ਼ਨ ਹੋਵੇ ਅਤੇ ਲੋਕ ਕਹਿਣ ਇਹ ਬੜਾ ਦਾਨੀ ਪੁਰਸ਼ ਹੈ। ਕਈ ਲੋਕ ਗੁਰਦੁਆਰੇ ਜਾ ਕੇ ਅਰਦਾਸ ਕਰਾਉਂਦੇ ਹਨ ਤਾਂ ਕਹਿੰਦੇ ਹਨ ਸਾਡਾ ਨਾਮ ਅਰਦਾਸ ਵਿੱਚ ਜ਼ਰੂਰ ਆਉਣਾ ਚਾਹੀਦਾ ਹੈ।

ਦਾਨ ਪੁੰਨ ਕਰਨਾ ਸਭ ਤੋਂ ਵੱਡਾ ਪ੍ਰਉਪਕਾਰ ਹੈ। ਜਿਸ ਤਰ੍ਹਾਂ ਕਿਸੇ ਜੀਵ ਦਾ ਭਲਾ ਕਰਨਾ, ਪੈਸਿਆਂ ਨਾਲ ਸਹਾਇਤਾ ਕਰਨੀ, ਗਰੀਬ ਬੱਚੀ ਦੀ ਸ਼ਾਦੀ ਕਰਨੀ ਅਤੇ ਹੋਰ ਕਈ ਤਰ੍ਹਾਂ ਦਾ ਦਾਨ ਪੁੰਨ ਕਰਨਾ। ਕਈ ਹੱਥਾਂ ਨਾਲ ਸੇਵਾ ਕਰਕੇ ਪ੍ਰਉਪਕਾਰ ਕਰਦੇ ਹਨ।

ਚਾਚਾ ਦਰਸ਼ਨ ਸਿੰਘ ਬੀਮਾਰ ਸੀ ਤਾਂ ਦਾਸ ਉਸਨੂੰ ਦੇਖਣ ਹਸਪਤਾਲ ਗਿਆ ਮੇਰੇ ਬੈਠੇ-ਬੈਠੇ ਦੋ ਗੋਰੇ ਆਏ ਤੇ ਚਾਚੇ ਦੇ ਪੈਰ ਦਬਾਉਣ ਲੱਗ ਪਏ। ਚਾਚਾ ਜੀ ਨੇ ਸੋਚਿਆ ਇਨ੍ਹਾਂ ਨੇ ਮੇਰੀ ਸੇਵਾ ਕੀਤੀ ਹੈ ਮੈਨੂੰ ਕੁੱਝ ਦੇਣਾ ਚਾਹੀਦਾ ਹੈ ਅਤੇ ਪੈਸੇ ਦੇਣ ਦੀ ਕੋਸ਼ਿਸ਼ ਕੀਤੀ। ਉਹਨਾਂ ਪੈਸੇ ਲੈਣ ਤੋਂ ਇਨਕਾਰ ਕਰ ਦਿੱਤਾ ਅਤੇ ਕਿਹਾ ਅਸੀਂ ਮੁਫਤ ਸੇਵਾ ਕਰਦੇ ਹਾਂ। ਤੁਸੀਂ ਸਾਡੇ ਵਾਸਤੇ ਪ੍ਰਮਾਤਮਾ ਅੱਗੇ ਅਰਦਾਸ ਕਰਨਾ। ਦਾਸ ਇਹ ਦੇਖ ਕੇ ਬੜਾ ਖੁਸ਼ ਹੋਇਆ ਕਿ ਇਹਨਾਂ ਦੇ ਦਿਲ ਵਿੱਚ ਕੋਈ ਈਰਖਾ ਨਹੀਂ ਹੈ ਕਿ ਇਹ ਆਪਣਾ ਹੈ ਜਾਂ ਪ੍ਰਾਇਆ। ਇਹ ਸਿਰਫ ਪ੍ਰਮਾਤਮਾ ਦੀ ਖੁਸ਼ੀ ਚਾਹੁੰਦੇ ਹਨ ਇਹ ਹੀ ਸੱਚਾ ਪ੍ਰਉਪਕਾਰ ਹੈ।

ਇੱਕ ਵਾਰ ਦਾਸ ਜਥੇ ਸਮੇਤ ਕਲੋਨ (ਜਰਮਨੀ) ਅੰਮ੍ਰਿਤ ਸੰਚਾਰ ਕਰਨ ਗਿਆ। ਉਥੇ ਦੀਆਂ ਸੰਗਤਾਂ ਹਾਲ ਕਿਰਾਏ ਤੇ ਲੈ ਕੇ ਐਤਵਾਰ ਨੂੰ ਦੀਵਾਨ ਸਜਾਉਂਦੀਆਂ ਸਨ ਅਤੇ ਕਾਫੀ ਖਰਚ ਆ ਜਾਂਦਾ ਸੀ। ਦਾਸ ਨੇ ਮੁੱਖੀ ਸੇਵਾਦਾਰ ਨਾਲ ਗੱਲ ਕੀਤੀ ਕਿ ਗੁਰਦੁਆਰਾ ਬਣਾਉਣ ਲਈ ਜਗ੍ਹਾ ਦੇਖੋ। ਉਸਨੇ ਕਿਹਾ, "ਭਾਈ ਸਾਹਿਬ ਜੀ, ਜਗ੍ਹਾ ਤਾਂ ਬਹੁਤ ਮਿਲਦੀਆਂ ਹਨ ਪਰ ਮਾਇਆ ਦੀ ਜ਼ਰੂਰਤ ਹੈ।" ਦਾਸ ਨੇ ਕਿਹਾ, ਇੰਗਲੈਂਡ ਦੀ ਸੰਗਤ ਤੁਹਾਡੀ ਸਹਾਇਤਾ ਕਰੇਗੀ।

ਗੁਰਦੁਆਰਾ ਬਣਨ ਤੋਂ ਬਾਅਦ ਜਥਾ ਦੁਬਾਰਾ ਅੰਮ੍ਰਿਤ ਪ੍ਰਚਾਰ ਵਾਸਤੇ ਗਿਆ ਤਾਂ ਦਾਸ ਨੇ ਦੇਖਿਆ, ਪਾਲਕੀ ਬਹੁਤ ਛੋਟੀ ਹੈ ਅਤੇ ਬਚਨ ਕੀਤਾ ਅਸੀਂ ਪਾਲਕੀ ਬਣਾ ਕੇ ਦਿਆਂਗੇ। ਜਰਮਨੀ ਤੋਂ ਵਾਪਸ ਆ ਕੇ ਦਾਸ ਨੇ ਭਾਈ ਗੁਰਸ਼ਰਨ ਸਿੰਘ ਨਾਲ ਗੱਲ ਕੀਤੀ। ਉਸਨੇ ਕਿਹਾ, ਭਾਈ ਜਗਤਾਰ ਸਿੰਘ ਤੇ ਭਾਈ ਅਵਤਾਰ ਸਿੰਘ ਨੂੰ ਪੁੱਛ ਕੇ ਦੱਸਾਂਗਾ। ਇਹਨਾਂ ਦਾ ਟਿੰਬਰ ਮਰਚੈਂਟ ਦਾ ਕਾਰੋਬਾਰ ਹੈ। ਦੂਸਰੇ ਦਿਨ ਜਗਤਾਰ ਸਿੰਘ ਤੇ ਅਵਤਾਰ ਸਿੰਘ ਆਏ ਤੇ ਖੁਸ਼ ਹੋ ਕੇ ਕਿਹਾ, ਸਾਡੇ ਵੱਡੇ ਭਾਗ ਹਨ ਜਿਸ ਤਖਤ ਉਪਰ ਮਹਾਰਾਜ ਜੀ ਬਿਰਾਜਮਾਨ ਹੋਣਗੇ ਉਸ ਤਖਤ ਦੀ ਸੇਵਾ ਕਰਨ ਦਾ ਮੌਕਾ

ਮਿਲਿਆ। ਉਹਨਾਂ ਨੇ ਕਿਹਾ, ਜਿੰਨਾਂ ਵੀ ਸਮਾਨ ਚਾਹੀਦਾ ਹੈ ਅਸੀਂ ਮੁਫਤ ਦਿਆਂਗੇ। ਸਾਡੀ ਇੱਕ ਦੁਕਾਨ ਖਾਲੀ ਪਈ ਹੈ ਉਥੇ ਪਾਲਕੀ ਬਣਵਾ ਲਉ।

ਫਿਰ ਦਾਸ ਨੇ ਮਿਸਤਰੀ ਭਾਈ ਰਤਨ ਸਿੰਘ ਨਾਲ ਗੱਲ ਕੀਤੀ। ਉਸਨੇ ਕਿਹਾ, ਭਾਈ ਫੁੰਮਣ ਸਿੰਘ ਤੇ ਭਾਈ ਅਜੀਤ ਸਿੰਘ ਨਾਲ ਸਲਾਹ ਕਰਕੇ ਦੱਸਾਂਗਾ। ਉਹ ਵੀ ਬਹੁਤ ਖੁਸ਼ ਹੋਏ। ਭਾਈ ਹਰਦੇਵ ਸਿੰਘ ਨੇ ਸਮਾਨ ਇੱਕ ਦੁਕਾਨ ਤੋਂ ਦੂਸਰੀ ਦੁਕਾਨ ਤੱਕ ਪਹੁੰਚਾਣ ਦੀ ਜ਼ੁੰਮੇਵਾਰੀ ਲਈ।

ਪਾਲਕੀ ਤਿਆਰ ਹੋਣ ਤੋਂ ਬਾਅਦ ਦਾਸ ਨੇ ਭਾਈ ਜਰਨੈਲ ਸਿੰਘ ਨੂੰ ਕਿਹਾ, ਤੁਸੀਂ ਜਰਮਨੀ ਛੱਡ ਕੇ ਆਉ। ਉਸਨੇ ਲੈਸਟਰ ਵਾਲੇ ਭਾਈ ਜਰਨੈਲ ਸਿੰਘ ਦੀ ਵੈਨ ਲਈ ਅਤੇ ਆਪਣੀ ਸਿੰਘਣੀ ਬੀਬੀ ਗੁਰਮੇਲ ਕੌਰ ਨੂੰ ਨਾਲ ਲੈ ਕੇ ਜਰਮਨੀ ਛੱਡ ਕੇ ਆਏ।

ਦੂਸਰੇ ਹਫਤੇ ਦਾਸ ਅਤੇ ਭਾਈ ਹਰਦੇਵ ਸਿੰਘ ਮਿਸਤਰੀਆਂ ਨੂੰ ਨਾਲ ਲੈ ਕੇ ਪਾਲਕੀ ਮੁਕੰਮਲ ਕਰਨ ਵਾਸਤੇ ਗਏ। ਇਹ ਸਭ ਸੇਵਾ ਨਿਸ਼ਕਾਮ ਕੀਤੀ ਗਈ। ਕਿਸੇ ਚੀਜ਼ ਦੀ ਆਸ ਨਹੀਂ ਰੱਖੀ। ਸਾਰਿਆਂ ਨੇ ਖੁਸ਼ ਹੋ ਕੇ ਸੇਵਾ ਕੀਤੀ। ਕਿਸੇ ਵੀ ਚੀਜ਼ ਦਾ ਲਾਲਚ ਨਹੀਂ ਸੀ। ਸਤਿਗੁਰੂ ਜੀ ਅੰਤਰਜਾਮੀ ਹਨ, ਜਿਹੜਾ ਗੁਪਤ ਸੇਵਾ ਕਰਦਾ ਹੈ ਉਸਨੂੰ ਕਈ ਗੁਣਾਂ ਜਿਆਦਾ ਫਲ ਦਿੰਦੇ ਹਨ।

ਸਭ ਤੋਂ ਵੱਡਾ ਪ੍ਰਉਪਕਾਰ ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕੀਤਾ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਹਿੰਦੂ ਧਰਮ ਬਚਾਉਣ ਲਈ ਕੁਰਬਾਨੀ ਦਿੱਤੀ। ਗੁਰੂ ਜੀ ਨੂੰ ਕੋਈ ਵਡਿਆਈ ਦਾ ਚਾਉ ਨਹੀਂ ਸੀ। ਇਹ ਨਿਸ਼ਕਾਮ ਸੇਵਾ ਸੀ ਦੂਸਰੇ ਧਰਮ ਨੂੰ ਬਚਾਉਣਾ।

ਇੰਡੀਆ ਦੇ ਲੋਕ ਸਤਿਗੁਰੂ ਜੀ ਦੇ ਪ੍ਰਉਪਕਾਰ ਨੂੰ ਭੁੱਲ ਗਏ ਹਨ। ਹੁਣ ਤਾਂ ਪੰਜਾਬ ਦੇ ਲੋਕ ਵੀ ਗੁਰੂ ਜੀ ਦਾ ਪ੍ਰਉਪਕਾਰ ਭੁਲਦੇ ਜਾ ਰਹੇ ਹਨ। ਗੁਰੂ ਜੀ ਦਾ ਹੁਕਮ ਹੈ ਅੰਮ੍ਰਿਤ ਛਕੋ, ਕਿਰਤ ਕਰੋ, ਨਾਮ ਜਪੋ, ਅਤੇ ਪਰਉਪਕਾਰ ਕਰੋ।

*****

ਭਾਗ = ਤੀਜਾ

*

*

# ਸੇਵਾ

## ਸੇਵਾ

ਕਰਿ ਕਿਰਪਾ ਜਿਸ ਕੈ ਹਿਰਦੈ ਗਰੀਬੀ ਬਸਾਵੈ ॥
ਨਾਨਕ ਈਹਾ ਮੁਕਤੁ ਆਗੈ ਸੁਖੁ ਪਾਵੈ ॥
*(ਸੁਖਮਨੀ ਸਾਹਿਬ)*

ਜਦੋਂ ਵੀ ਗੁਰਦੁਆਰੇ ਜਾਉ ਪਹਿਲਾਂ ਜੋੜੇ ਝਾੜਨ ਦੀ ਸੇਵਾ ਕਰੋ । ਜੋੜੇ ਝਾੜਨ ਨਾਲ ਮਨ ਵਿਚ ਨਿਮਰਤਾ ਆਉਂਦੀ ਹੈ ।

ਹਉਮੈ ਨਾਵੈ ਨਾਲਿ ਵਿਰੋਧੁ ਹੈ, ਦੁਇ ਨ ਵਸਹਿ ਇਕ ਠਾਇ ॥
ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ ॥
*(ਵਡਹੰਸ ਮ: 3 ਪੰ:–560)*

ਸਤਿਗੁਰ ਕੀ ਸੇਵਾ ਸਫਲੁ ਹੈ, ਜੇ ਕੋ ਕਰੇ ਚਿਤੁ ਲਾਇ ॥
ਮਨਿ ਚਿੰਦਿਆ ਫਲੁ ਪਾਵਣਾ, ਹਉਮੈ ਵਿਚਹੁ ਜਾਇ ॥
ਬੰਧਨ ਤੋੜੈ ਮੁਕਤਿ ਹੋਇ, ਸਚੇ ਰਹੈ ਸਮਾਇ ॥
ਇਸੁ ਜਗ ਮਹਿ ਨਾਮੁ ਅਲਭੁ ਹੈ, ਗੁਰਮੁਖਿ ਵਸੈ ਮਨਿ ਆਇ ॥
ਨਾਨਕ ਜੋ ਗੁਰੁ ਸੇਵਹਿ ਆਪਣਾ ਹਉ ਤਿਨ ਬਲਿਹਾਰੈ ਜਾਉ ॥
*(ਸਲੋਕ ਮ: 3 ਪੰ: – 644)*

ਗੁਰੂ ਘਰ ਜੋੜਿਆਂ ਦੀ ਸੇਵਾ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਸ਼ੁਰੂ ਕੀਤੀ । 700 ਸਿੰਘ ਕਾਬਲ ਕੰਧਾਰ ਤੋਂ ਆਏ ਤਾਂ ਸ਼੍ਰੀ ਗੁਰੂ ਅਰਜਨ ਦੇਵ ਸੱਚੇ ਪਾਤਸ਼ਾਹ ਜੀ ਨੇ ਆਪ ਆਟਾ ਪੀਸ ਕੇ ਮਾਤਾ ਗੰਗਾ ਜੀ ਨੂੰ ਕਿਹਾ, ਜਪੁਜੀ ਸਾਹਿਬ ਦਾ ਪਾਠ ਕਰਦੇ ਹੋਏ ਲੰਗਰ ਤਿਆਰ ਕਰੋ । ਕਾਬਲ ਦੀ ਸੰਗਤ ਪਿਪਲੀ ਸਾਹਿਬ ਵਿਖੇ ਠਹਿਰੀ ਹੋਈ ਸੀ । ਗੁਰੂ ਜੀ ਨੇ ਆਪ ਸੰਗਤਾਂ ਨੂੰ ਲੰਗਰ ਛਕਾਇਆ ਅਤੇ ਮਾਤਾ ਗੰਗਾ ਜੀ ਨੇ ਪੱਖਾ ਝੱਲਣ ਦੀ ਸੇਵਾ ਕੀਤੀ । ਸੰਗਤਾਂ ਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਹਰਿਮੰਦਰ ਸਾਹਿਬ ਜਾਣ ਲੱਗੀਆਂ ਤਾਂ ਜਥੇਦਾਰ ਨੇ ਕਿਹਾ ਕਿ ਤਿੰਨ ਚਾਰ ਜਣੇ ਇਥੇ ਜੋੜਿਆਂ ਦੀ ਰਾਖੀ ਲਈ ਠਹਿਰ ਜਾਵੋ, ਬਾਕੀ ਸਾਰੇ ਦਰਸ਼ਨ ਕਰ ਆਉਣ ਪਰ ਬਾਹਰ ਰਹਿਣ ਵਾਸਤੇ ਕੋਈ ਤਿਆਰ ਨਹੀਂ ਸੀ । ਸਾਰਿਆਂ ਨੂੰ ਚਾਅ ਸੀ ਕਿ ਇਕ ਦੂਜੇ ਤੋਂ ਪਹਿਲਾਂ ਅੰਦਰ ਜਾ ਕੇ ਮਹਾਰਾਜ ਜੀ ਦੇ ਦਰਸ਼ਨ ਕਰੀਏ । ਗੁਰੂ ਜੀ ਜਥੇਦਾਰ ਕੋਲ ਗਏ ਤੇ ਕਹਿਣ ਲੱਗੇ, ਤੁਸੀਂ ਅੰਦਰ ਦਰਸ਼ਨ ਕਰ ਆਵੋ ਤੇ ਮੈਂ ਤੁਹਾਡੇ ਜੋੜਿਆਂ ਦੀ ਰਾਖੀ ਕਰਦਾ ਹਾਂ । ਸਾਰੀਆਂ ਸੰਗਤਾਂ ਅੰਦਰ ਚਲੇ ਗਈਆਂ ਪਰ ਸਿੰਘਾਸਨ ਖ਼ਾਲੀ ਸੀ । ਜਥੇਦਾਰ ਨੇ ਬਾਬਾ ਬੁਢਾ ਜੀ ਨੂੰ ਆਉਂਦਿਆਂ ਦੇਖ ਕੇ ਪੁਛਿਆ, "ਬਾਬਾ ਜੀ, ਗੁਰੂ ਜੀ ਕਿੱਥੇ ਹਨ ?" ਬਾਬਾ ਬੁਢਾ ਜੀ ਨੇ ਦੱਖਿਆ ਗੁਰੂ ਜੀ ਜੋੜਿਆਂ ਦੀ ਸੇਵਾ ਕਰ ਰਹੇ ਹਨ । ਜੋੜੇ ਸਾਫ ਕਰ ਕਰ ਕੇ ਮਸਤਕ ਨੂੰ ਲਾ ਰਹੇ ਹਨ ਤੇ ਕਹਿ ਰਹੇ ਸਨ ;

ਸਤਿਗੁਰ ਪੁਰਖੁ ਹਰਿ ਧਿਆਇਦਾ ਸਤਸੰਗਤਿ ਸਤਿਗੁਰ ਭਾਇ ॥
ਸਤਸੰਗਤਿ ਸਤਿਗੁਰ ਸੇਵਦੇ, ਹਰਿ ਮੇਲੇ ਗੁਰੁ ਮੇਲਾਇ ॥
ਏਹੁ ਭਉਜਲੁ ਜਗਤੁ ਸੰਸਾਰੁ ਹੈ, ਗੁਰੁ ਬੋਹਿਥੁ ਨਾਮਿ ਤਰਾਇ ॥
ਗੁਰਸਿਖੀ ਭਾਣਾ ਮੰਨਿਆ, ਗੁਰੁ ਪੂਰਾ ਪਾਰਿ ਲੰਘਾਇ ॥
ਗੁਰਸਿਖਾਂ ਕੀ ਹਰਿ ਧੂੜਿ ਦੇਹਿ, ਹਮ ਪਾਪੀ ਭੀ ਗਤਿ ਪਾਂਹਿ ॥
ਧੁਰਿ ਮਸਤਕਿ ਹਰਿ ਪ੍ਰਭਿ ਲਿਖਿਆ, ਗੁਰ ਨਾਨਕ ਮਿਲਿਆ ਆਇ ॥
ਜਮਕੰਕਰ ਮਾਰਿ ਬਿਦਾਰਿਅਨੁ ਹਰਿ ਦਰਗਹ ਲਏ ਛਡਾਇ ॥
ਗੁਰਸਿਖਾ ਨੋ ਸਾਬਾਸਿ ਹੈ, ਹਰਿ ਤੁਠਾ ਮੇਲਿ ਮਿਲਾਇ ॥ 1424

*(ਸਲੋਕ ਮ: 4 ਪੰ:–1424)* ਅੰਗ

ਬਾਬਾ ਬੁੱਢਾ ਜੀ ਨੇ ਕਿਹਾ, ਗੁਰੂ ਜੀ ਤਾਂ ਤੁਹਾਡੇ ਜੋੜਿਆਂ ਦੀ ਸੇਵਾ ਕਰ ਰਹੇ ਹਨ। ਸਾਰੀ ਸੰਗਤ ਨੇ ਗੁਰੂ ਜੀ ਕੋਲੋਂ ਮਾਫੀ ਮੰਗੀ ਤੇ ਭੁਲਾਂ ਬਖਸ਼ਾਈਆਂ। ਇਹ ਸੇਵਾ ਸਭ ਤੋਂ ਕਠਨ ਹੈ ਇਸ ਨੂੰ ਕਰਨ ਲਈ ਕੋਈ ਵੀ ਤਿਆਰ ਨਹੀਂ। ਕਿਉਂਕਿ ਸਭ ਹੰਕਾਰ ਨਾਲ ਭਰੇ ਹੋਏ ਹਨ। ਅਗਰ ਇਹ ਕਠਨ ਹੈ ਤਾਂ ਇਸ ਦਾ ਫਲ ਵੀ ਸਭ ਤੋਂ ਉਤਮ ਹੈ। ਜੇ ਕੋਈ ਪ੍ਰਾਣੀ ਸੇਵਾ ਨੀਵਾਂ ਹੋ ਕੇ ਕਰੇ ਤਾਂ ਫਲ ਵੀ ਛੇਤੀ ਲਗਦਾ ਹੈ। ਜੋੜਿਆਂ ਦੀ ਸੇਵਾ ਸਭ ਤੋਂ ਉਤਮ ਹੈ, ਇਹ ਮਨ ਨੀਵਾਂ ਕਰਕੇ ਹੀ ਹੁੰਦੀ ਹੈ। ਆਮ ਲੋਕ ਇਹ ਹੀ ਸਮਝਦੇ ਹਨ ਕਿ ਇਹ ਸਭ ਤੋਂ ਨੀਵੀਂ ਸੇਵਾ ਹੈ, ਕਿਸੇ ਦੇ ਮਨ ਨੂੰ ਨਹੀ ਭਾਉਂਦੀ। ਆਦਮੀ ਇਹ ਹੀ ਸੋਚਦੇ ਹਨ ਕਿ ਲੋਕ ਕੀ ਕਹਿਣਗੇ ਕਿ ਇਹ ਜੋੜੇ ਸਾਫ ਕਰ ਰਿਹਾ ਹੈ। ਕਈ ਲੋਕ ਇਹ ਸੋਚਦੇ ਹੋਣਗੇ ਕਿ ਅੰਮ੍ਰਿਤ ਛਕ ਕੇ ਬਹੁਤ ਵੱਡੀ ਗਲਤੀ ਕੀਤੀ ਹੋਣੀ ਤਾਂ ਪੰਜ ਪਿਆਰਿਆਂ ਨੇ ਜੋੜੇ ਸਾਫ ਕਰਨ ਦਾ ਦੰਡ ਦਿੱਤਾ ਹੋਣਾ ਹੈ ਇਸ ਕਰਕੇ ਇਹ ਸੇਵਾ ਨਹੀਂ ਕਰਦੇ ਪਰ ਇਸ ਸੇਵਾ ਨਾਲ ਮਨ ਦੀ ਮੈਲ ਉਤਰ ਜਾਂਦੀ ਹੈ।

ਚਰਨ ਸਰਨ ਗੁਰ ਏਕ ਪੈਂਡਾ ਜਾਇ ਚਲ
ਸਤਿਗੁਰੂ ਕੋਟਿ ਪੈਂਡਾ ਆਗੇ ਹੋਇ ਲੇਤ ਹੈ ॥

*(ਭਾਈ ਗੁਰਦਾਸ ਜੀ)*

ਅਗਰ ਗੁਰਦੁਆਰੇ ਤੁਰ ਕੇ ਜਾਵੋ ਤਾਂ ਇੱਕ ਇੱਕ ਕਦਮ ਲੇਖੇ ਲੱਗਦਾ ਹੈ ਅਤੇ ਪੈਰ ਪਵਿਤਰ ਹੁੰਦੇ ਹਨ। ਗੁਰਦੁਆਰੇ ਜਾਂਦੇ ਸਮੇਂ ਵਾਹਿਗੁਰੂ ਦਾ ਸਿਮਰਨ ਕਰਦੇ ਰਹਿਣਾ ਚਾਹੀਦਾ ਹੈ ਜਾਂ ਮੂਲਮੰਤਰ ਦਾ ਪਾਠ ਕਰਨਾ ਚਾਹੀਦਾ ਹੈ। ਪਾਠ ਕਰਕੇ ਹਿਰਦੇ ਵਿਚ ਵਸਾਇਆ ਜਾਵੇ ਤਾਂ ਮਨੁੱਖ ਦੀ ਚੜ੍ਹਦੀ ਕਲਾ ਹੁੰਦੀ ਹੈ। ਪੰਛੀ ਦੇ ਦੋ ਖੰਭ ਹੁੰਦੇ ਹਨ। ਪੰਛੀ ਖੰਭਾ ਤੋਂ ਬਿਨ੍ਹਾਂ ਉਡ ਨਹੀਂ ਸਕਦਾ ਇਸ ਤਰ੍ਹਾਂ ਗੁਰਸਿੱਖਾਂ ਦੇ ਵੀ ਸਿਮਰਨ ਤੇ ਸੇਵਾ ਦੋ ਖੰਭ ਹਨ। ਸੇਵਾ ਤੇ ਸਿਮਰਨ ਤੋਂ ਬਿਨ੍ਹਾਂ ਮਨੁੱਖ ਦੀ ਚੜ੍ਹਦੀ ਕਲਾ ਨਹੀਂ ਹੋ

ਸਕਦੀ। ਸੇਵਾ ਕਰਨ ਨਾਲ ਹੱਥ, ਪੈਰ ਤੇ ਸਾਰਾ ਸਰੀਰ ਪਵਿੱਤਰ ਹੋ ਜਾਂਦਾ ਹੈ। ਸਿਮਰਨ ਕਰਨ ਨਾਲ ਰਸਨਾ ਤੇ ਮਨ ਪਵਿੱਤਰ ਹੋ ਜਾਂਦੀ ਹੈ।

ਨਾਮੁ ਅਮੋਲਕੁ ਰਤਨੁ ਹੈ ਪੂਰੇ ਸਤਿਗੁਰ ਪਾਸਿ ॥
ਸਤਿਗੁਰ ਸੇਵੈ ਲਗਿਆ ਕਢਿ ਰਤਨੁ ਦੇਵੈ ਪਰਗਾਸਿ ॥
ਧੰਨੁ ਵਡਭਾਗੀ ਵਡ ਭਾਗੀਆ ਜੋ ਆਇ ਮਿਲੇ ਗੁਰ ਪਾਸਿ ॥

*(ਸਿਰੀਰਾਗ ਮ: 4 ਪੰ:-40)*

ਭ੍ਰਮੁ ਭਉ ਕਾਟਿ ਕੀਏ ਨਿਹਕੇਵਲ ਜਬ ਤੇ ਹਉਮੈ ਮਾਰੀ ॥

*(ਗਉੜੀ ਮ: 5 ਪੰ:-207)*

ਹਉਮੈ ਜਾਈ, ਤਾ ਕੰਤ ਸਮਾਈ ॥
ਤਉ ਕਾਮਣਿ ਪਿਆਰੇ ਨਵ ਨਿਧਿ ਪਾਈ ॥

*(ਸੂਹੀ ਮ: 1 ਪੰ:-750)*

ਇਹ ਸਾਖੀ ਸਾਰਿਆਂ ਨੂੰ ਪਤਾ ਹੈ ਕਿ ਗੁਰੂ ਅਮਰਦਾਸ ਜੀ ਨੂੰ ਸੇਵਾ ਕਰਦਿਆਂ ਕਰਦਿਆਂ ਬਾਰਾਂ ਸਾਲ ਬੀਤ ਗਏ ਪਰ ਸ੍ਰੀ ਅੰਗਦ ਦੇਵ ਮਹਾਰਾਜ ਜੀ ਨੇ ਕਦੀ ਪ੍ਰਸੰਸਾ ਨਹੀਂ ਕੀਤੀ ਕਿ ਤੂੰ ਏਨੀ ਭਾਰੀ ਸੇਵਾ ਕਰ ਰਿਹਾ ਹੈ। ਮਹਾਰਾਜ ਜਾਣੀ ਜਾਣ ਸਨ ਕਿ ਜੇ ਇਸ ਦੀ ਪ੍ਰਸੰਸਾ ਕਰ ਦਿਤੀ ਤਾਂ ਹੋ ਸਕਦਾ ਕਿ ਇਹ ਗੱਦੀ ਦੇ ਲਾਇਕ ਨਹੀਂ ਰਹਿੰਦੇ। ਗੁਰੂ ਅੰਗਦ ਦੇਵ ਜੀ ਨੇ ਜਾਣ ਲਿਆ ਕਿ ਇਹ ਡੋਲਣ ਵਾਲੇ ਨਹੀਂ ਹਨ। ਮਹਾਰਾਜ ਜੀ ਨੇ ਇਨ੍ਹਾਂ ਦੀ ਪ੍ਰੀਖਿਆ ਲਈ, ਜਿਸ ਵਿਚ ਪਾਸ ਹੋ ਗਏ। ਜਦੋਂ ਆਤਮਾ ਨਿਰਮਲ ਹੋ ਗਈ ਤਾਂ ਮਹਾਰਾਜ ਜੀ ਨੇ ਕੌਤਕ ਵਰਤਾਇਆ। ਇਕ ਦਿਨ ਹਨ੍ਹੇਰੀ ਤੂਫਾਨ ਆ ਗਿਆ। ਆਪ ਇਸ ਵੇਲੇ ਬਿਆਸ ਦਰਿਆ ਤੋਂ ਪਾਣੀ ਲੈ ਕੇ ਆ ਰਹੇ ਸਨ। ਆਉਂਦੇ ਆਉਂਦੇ ਜੁਲਾਹੇ ਦੀ ਖੱਡੀ ਵਿਚ ਡਿਗ ਪਏ। ਜੁਲਾਹੇ ਨੇ ਖੜਾਕ ਸੁਣ ਕੇ ਕਿਹਾ, ਇਸ ਵੇਲੇ ਇੰਨੀ ਹਨ੍ਹੇਰੀ ਤੂਫਾਨ ਵਿਚ ਕੌਣ ਹੋ ਸਕਦਾ ਹੈ ਤਾਂ ਜੁਲਾਹੀ ਨੇ ਉਤਰ ਦਿਤਾ, ਹੋਰ ਕੌਣ ਹੋਣਾ ਹੈ ਅਮਰੂ ਨਿਥਾਵਾ ਹੀ ਹੋਵੇਗਾ। ਆਪ ਜੀ ਨੇ ਉਤਰ ਦਿਤਾ, ਕਮਲੀਏ ! ਮੈਂ ਨਿਥਾਵਾਂ ਨਹੀਂ, ਮੈਂ ਤਾਂ ਗੁਰੂ ਵਾਲਾ ਹਾਂ। ਇਤਨੇ ਬਚਨ ਸੁਣ ਕੇ ਜੁਲਾਹੀ ਝੱਲੀ ਹੋ ਗਈ। ਕਈ ਗੁਰਸਿੱਖ ਚੰਦ ਦਿਨ ਸੇਵਾ ਕਰਕੇ ਹਉਮੈ ਵਿਚ ਆ ਜਾਂਦੇ ਹਨ ਕਿ ਅਸੀਂ ਬਹੁਤ ਸੇਵਾ ਕਰਦੇ ਹਾਂ। ਲੋਕਾਂ ਕੋਲੋਂ ਆਪਣੀ ਵਡਿਆਈ ਸੁਣ ਕੇ ਬਹੁਤ ਖੁਸ਼ ਹੁੰਦੇ ਹਨ। ਕਈ ਗੁਰਸਿਖਾਂ ਦੀ ਸਾਰੀ ਉਮਰ ਸੇਵਾ ਕਰਕੇ ਵੀ ਹਉਮੈ ਨਹੀਂ ਜਾਂਦੀ। ਉਹ ਆਪਣੀ ਪੂਰੀ ਮੰਜਲ ਤੇ ਨਹੀਂ ਪਹੁੰਚ ਸਕਦੇ। ਜਦੋਂ ਕੋਈ ਤੁਹਾਡੀ ਵਡਿਆਈ ਕਰੇ ਕਿ ਤੂੰ ਬਹੁਤ ਸੇਵਾ ਕਰਦਾ ਹੈ ਤਾਂ ਹਉਮੈ ਤੋਂ ਬਚਣ ਲਈ ਮਹਾਰਾਜ ਅੱਗੇ ਅਰਦਾਸ ਕਰੋ।

ਗੁਰੂ ਮਹਾਰਾਜ ਜੀ ਦੀ ਵਡਿਆਈ ਹੈ ਕਿ ਆਪਣੇ ਸੇਵਕ ਨੂੰ ਹਉਮੈ ਤੋਂ ਬਚਾਈ ਰਖਿਆ। ਕਿਸੇ ਨੂੰ ਪਤਾ ਨਹੀਂ ਕਿੰਨਾ ਸੇਵਾ ਸਿਮਰਨ ਕਰਦਾ ਹਾਂ ਅਤੇ ਕਿੰਨੇ ਵਜੇ ਸੌਂਦਾ ਹਾਂ ਤੇ ਕਿੰਨੇ ਵਜੇ ਉਠਦਾ ਹਾਂ, ਇਹ ਸਾਰਾ ਗੁਪਤ ਹੀ ਰੱਖਿਆ ਹੈ।

ਜਦੋਂ ਦਾਸ ਦੀ ਵਡਿਆਈ ਹੋਵੇ ਤਾਂ ਦਾਸ ਦਾ ਸਿਰ ਮਹਾਰਾਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਵਿਚ ਝੁਕ ਜਾਂਦਾ ਹੈ। ਅੰਤਰ ਆਤਮਾ ਤੋਂ ਅਵਾਜ ਨਿਕਲਦੀ ਹੈ ਕਿ ਹੇ ਸੱਚੇ ਪਾਤਸ਼ਾਹ! ਇਹ ਦਾਸ ਦੀ ਵਡਿਆਈ ਨਹੀਂ ਹੋ ਰਹੀ! ਸਤਿਗੁਰੂ ਜੀਓ ਤੁਹਾਡੀ ਹੋ ਰਹੀ ਹੈ ਨਾਮ ਦੀ ਵਡਿਆਈ ਹੋ ਰਹੀ ਹੈ ਮੇਰੀ ਨਹੀਂ।

ਜੀਵ ਨੂੰ ਕਿਸ ਤਰ੍ਹਾਂ ਪਤਾ ਲੱਗੇ ਕਿ ਮੈਂ ਹਉਮੈ ਤੋਂ ਬਚ ਗਿਆ ਹਾਂ ਇਸ ਦਾ ਇਕ ਹੀ ਤਰੀਕਾ ਹੈ ਕਿ ਗੁਪਤ ਅਰਦਾਸ ਕਰੋ। ਉਸ ਵੇਲੇ ਤੁਹਾਨੂੰ ਵੈਰਾਗ ਆਵੇਗਾ। ਅੱਖਾਂ ਦੇ ਅੰਦਰ ਨੀਰ ਭਰ ਆਵੇ ਤਾਂ ਤੁਹਾਨੂੰ ਪਤਾ ਲੱਗੇਗਾ ਕਿ ਮੈਂ ਹਉਮੈ ਤੋਂ ਬਚ ਗਿਆ ਹਾਂ। ਕਈ ਜੀਵ ਹਉਮੈ ਨਹੀਂ ਛਡਦੇ ਉਹ ਚਾਹੁੰਦੇ ਹਨ ਕਿ ਮੇਰੀ ਜੈ ਜੈ ਕਾਰ ਹੋਵੇ।

ਹਉਮੈ ਨਾਵੈ ਨਾਲਿ ਵਿਰੋਧੁ ਹੈ, ਦੁਇ ਨ ਵਸਹਿ ਇਕ ਠਾਇ ॥
ਹਉਮੈ ਵਿਚਿ ਸੇਵਾ ਨ ਹੋਵਈ, ਤਾ ਮਨੁ ਬਿਰਥਾ ਜਾਇ ॥

*(ਵਡਹੰਸ ਮ: 3 ਪੰ:-560)*

ਕਈ ਜੀਵ ਕਿੰਨੀ ਘਾਲਣਾ ਘਾਲਦੇ ਹਨ ਫਿਰ ਵੀ ਕਿਸੇ ਮੰਜਲ ਤੇ ਨਹੀ ਪਹੁੰਚਦੇ, ਕਿਉਂਕਿ ਉਹ ਹਉਮੈ ਵਿੱਚ ਡੁਬੇ ਹੁੰਦੇ ਹਨ।

ਇੱਕ ਪ੍ਰੇਮੀ ਦੀ ਬਹੁਤ ਹੀ ਇੱਛਾ ਸੀ ਕਿ ਸਰੋਵਰ ਵਿਚ ਇਸਨਾਨ ਕਰਾਂ। ਉਸ ਨੇ ਅਰਦਾਸ ਕੀਤੀ, ਜੇ ਮੇਰੇ ਪੈਰ ਸਿੱਧੇ ਹੋ ਜਾਣ ਤਾਂ ਮੈਂ ਹਰ ਮਹੀਨੇ ਹਾਜਰੀ ਭਰਿਆ ਕਰਾਂਗਾ ਤੇ ਉਸਦੀ ਅਰਦਾਸ ਪਰਵਾਨ ਹੋਈ। ਜਿਸ ਭਾਵਨਾ ਨਾਲ ਕੋਈ ਅਰਦਾਸ ਕਰਦਾ ਹੈ ਉਸਦੀ ਭਾਵਨਾ ਪੂਰੀ ਹੋ ਜਾਂਦੀ ਹੈ। ਕੋਈ ਵੀ ਰੋਗ ਹੋਵੇ ਉਹ ਰਾਜ਼ੀ ਹੋ ਜਾਂਦਾ ਹੈ। ਇਸ ਲਈ ਗੁਰੂ ਉਪਰ ਭਰੋਸਾ ਤੇ ਭਾਵਨਾ ਹੋਣੀ ਚਾਹੀਦੀ ਹੈ।

ਸ੍ਰੀ ਹਰਿਮੰਦਰ ਸਾਹਿਬ ਇਕ ਵਜੇ ਅੰਮ੍ਰਿਤ ਵੇਲੇ ਸੇਵਾ ਸ਼ੁਰੂ ਹੋ ਜਾਂਦੀ ਹੈ। ਕਈ ਪ੍ਰੇਮੀ ਕਈਆਂ ਸਾਲਾਂ ਤੋਂ ਸੇਵਾ ਕਰਦੇ ਚਲੇ ਆ ਰਹੇ ਹਨ। ਕੁਝ ਪ੍ਰੇਮੀ ਝਾੜੂ ਦੇਣ ਦੀ ਸੇਵਾ ਬਿਨ੍ਹਾਂ ਨਾਗਾਂ ਕਰਦੇ ਹਨ। ਇਸੇ ਤਰ੍ਹਾਂ ਇਕ ਪ੍ਰੇਮੀ ਝਾੜੂ ਦੇਣ ਦੀ ਸੇਵਾ 15-20 ਸਾਲ ਤੋਂ ਕਰਦਾ ਚਲਿਆ ਆ ਰਿਹਾ ਸੀ। ਇਕ ਦਿਨ ਮਹਾਰਾਜ ਗੁਰੂ ਰਾਮਦਾਸ ਜੀ ਬਹੁਤ ਦਿਆਲ ਹੋਏ ਤੇ ਨਾਮ ਦੀ ਬਖਸ਼ਿਸ਼ ਕਰਨਾ ਚਾਹੁੰਦੇ ਸਨ ਅਤੇ ਉਨ੍ਹਾਂ ਨੇ ਪ੍ਰੀਖਿਆ ਲੈਣੀ ਚਾਹੀ। ਜਦੋਂ ਉਹ ਪ੍ਰੇਮੀ ਸੇਵਾ ਕਰ ਰਿਹਾ ਸੀ ਤਾਂ ਮਹਾਰਾਜ ਇਨਸਾਨ ਦੇ ਰੂਪ ਵਿਚ ਨਾਲ ਨਾਲ ਤੁਰਨ ਲੱਗੇ। ਉਸ ਗੁਰਸਿੱਖ ਨੇ ਕੂੜਾ ਇਕੱਠਾ ਕਰਕੇ ਢੇਰੀ ਲਗਾਈ ਹੋਈ ਸੀ। ਹਜ਼ੂਰ ਨੇ ਜਾਣ ਕੇ ਕੂੜਾ ਖਲਾਰ ਦਿੱਤਾ। ਉਸ ਨੇ ਦੇਖਿਆ ਕਿ ਸਾਰਾ ਕੂੜਾ ਖਿੱਲਰ ਗਿਆ ਹੈ। ਉਹ ਬਹੁਤ ਗੁੱਸੇ ਵਿਚ ਆਇਆ ਤੇ ਕਿਹਾ, ਜਿਹੜਾ

ਵੀ ਕੋਈ ਦਰਸ਼ਨ ਕਰਨ ਆਉਂਦਾ ਹੈ ਅੰਨ੍ਹਾਂ ਹੋ ਕੇ ਚਲਦਾ ਹੈ, ਮੈਂ ਸਵੇਰ ਦਾ ਕੂੜਾ ਇਕੱਠਾ ਕਰ ਰਿਹਾ ਹਾ ਤੇ ਤੂੰ ਖਲਾਰ ਦਿਤਾ ਹੈ। ਉਸ ਦੇ ਇਹ ਬਚਨ ਸੁਣਦੇ ਹੀ ਮਹਾਰਾਜ ਆਪਣੇ ਅਸਲੀ ਰੂਪ ਵਿਚ ਦਰਸ਼ਨ ਦੇ ਕੇ ਅਲੋਪ ਹੋ ਗਏ। ਉਹ ਸੇਵਾਦਾਰ ਬਹੁਤ ਵੈਰਾਗ ਵਿਚ ਆਇਆ ਤੇ ਪਛਤਾਉਣ ਲੱਗਾ। ਸੋਚਣ ਲੱਗਾ ਕਿ ਮੇਰੀ ਕਈ ਸਾਲ ਦੀ ਸੇਵਾ ਵਿਅਰਥ ਚਲੀ ਗਈ ਫਿਰ ਮਹਾਰਾਜ ਅੱਗੇ ਬੇਨਤੀਆਂ ਕਰਨ ਲੱਗਾ ਕਿ ਮੇਰੇ ਕੋਲੋਂ ਭੁੱਲ ਹੋ ਗਈ ਮੈਨੂੰ ਬਖਸ਼ ਦਿਉ।

ਦਾਸ ਦੀ ਬੇਨਤੀ ਹੈ ਕਿ ਜਿਹੜਾ ਵੀ ਪ੍ਰਾਣੀ ਸੇਵਾ ਕਰਦਾ ਹੈ ਉਸਨੂੰ ਨਿਮਰਤਾ ਵਿਚ ਆ ਕੇ ਸੇਵਾ ਕਰਨੀ ਚਾਹੀਦੀ ਹੈ ਹਉਮੈਂ ਵਿਚ ਨਹੀਂ ਆਉਣਾ ਚਾਹੀਦਾ। ਮਹਾਰਾਜ ਜੀ ਜਾਣੀ ਜਾਣ ਸਨ। ਇਸ ਸਿਖ ਨੂੰ ਸੋਝੀ ਬਖਸ਼ਣੀ ਸੀ ਕਿ ਸੇਵਾ ਨਿਮਰਤਾ ਵਿਚ ਆ ਕੇ ਕਰਨੀ ਚਾਹੀਦੀ ਹੈ। ਮਹਾਰਾਜ ਜੀ ਨੇ ਦਰਸ਼ਨ ਇਸੇ ਕਰਕੇ ਹੀ ਦਿਤੇ ਸਨ ਕਿ ਇਸ ਨੂੰ ਸੋਝੀ ਆ ਜਾਵੇ ਅਤੇ ਹਉਮੈ ਤਿਆਗ ਕੇ ਸੇਵਾ ਕਰੇ ਫਿਰ ਉਸ ਨੂੰ ਬਹੁਤ ਫਲ ਲਗਦਾ ਹੈ।

ਇਕ ਦਿਨ ਸ਼ਾਮ ਦੇ ਦੀਵਾਨ ਦੀ ਸਮਾਪਤੀ ਤੋਂ ਬਾਅਦ ਸਾਰੀ ਸੰਗਤ ਮਹਾਰਾਜ ਜੀ ਦੀ ਸਵਾਰੀ ਸ੍ਰੀ ਅਕਾਲ ਤਖਤ ਸਾਹਿਬ ਲੈ ਕੇ ਜਾ ਰਹੇ ਸਨ। ਇਕ ਸਿੰਘ ਸ੍ਰੀ ਹਰਿਮੰਦਰ ਸਾਹਿਬ ਉਪਰ ਜਾ ਕੇ ਲੁਕ ਗਿਆ। ਉਸ ਦਾ ਮਨ ਡੋਲ ਗਿਆ ਕਿ ਸ੍ਰੀ ਹਰਿਮੰਦਰ ਸਾਹਿਬ ਦਾ ਸੋਨਾ ਉਤਾਰ ਲਵਾਂ। ਜਦੋਂ ਉਹ ਚੋਰੀ ਕਰਨ ਲੱਗਾ ਤਾਂ ਮਹਾਰਾਜ ਜੀ ਨੇ ਇਕ ਸਿੰਘ ਦੇ ਰੂਪ ਵਿਚ ਆ ਕੇ ਕਿਹਾ, ਤੂੰ ਰੁਕ ਜਾ ਇਥੇ ਅਗੰਮੀ ਸ਼ਕਤੀ ਹੈ, ਇਹ ਮਾੜਾ ਕੰਮ ਨਾ ਕਰ। ਉਹ ਕਹਿਣ ਲੱਗਾ, ਜਾ-ਜਾ ਇਥੇ ਕਿਹੜਾ ਗੁਰੂ ਰਾਮਦਾਸ ਜੀ ਦੇਖਦੇ ਹਨ। ਸ਼ੋਰ ਨਾ ਮਚਾ, ਥੋੜ੍ਹਾ ਸੋਨਾ ਤੈਨੂੰ ਵੀ ਦੇ ਦੇਵਾਂਗਾ। ਜਦ ਉਹ ਨਾ ਮੰਨਿਆ ਤਾਂ ਮਹਾਰਾਜ ਨੇ ਸ਼ਕਤੀ ਵਰਤਾਈ ਅਤੇ ਇਕ ਦਮ ਥੱਲੇ ਡਿਗ ਪਿਆ ਤੇ ਲੱਤ ਟੁੱਟ ਗਈ। ਫਿਰ ਦੁਹਾਈ ਪਾਉਣ ਲੱਗਾ ਕਿ ਗੁਰੂ ਜੀ ਮੈਨੂੰ ਬਖਸ਼ ਲਉ। ਮੈਂ ਭੁੱਲ ਗਿਆ, ਮੈਂ ਜਾਣ ਬੁਝ ਕੇ ਗਲਤੀ ਕੀਤੀ। ਇੰਨੀ ਦੇਰ ਨੂੰ ਚੌਂਕੀਦਾਰ ਆ ਗਿਆ ਉਸਨੇ ਪੁਛਿਆ ਕਿ ਤੈਨੂੰ ਕੀ ਹੋ ਗਿਆ ਹੈ। ਸਾਰੀ ਸੰਗਤ ਵੀ ਆ ਗਈ। ਉਸ ਨੇ ਦੱਸਿਆ ਕਿ ਮੇਰਾ ਮਨ ਡੋਲ ਗਿਆ ਸੀ, ਮੈਂ ਸੋਨਾ ਚੋਰੀ ਕਰਨ ਲੱਗਾ ਸੀ ਹੁਣ ਮੈਨੂੰ ਪਤਾ ਲੱਗਾ ਕਿ ਸ੍ਰੀ ਗੁਰੂ ਰਾਮਦਾਸ ਜੀ ਹਾਜ਼ਰ ਨਾਜ਼ਰ ਹਨ ਤੇ ਸਾਰੇ ਜਗ੍ਹਾ ਹਨ।

*****

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ

ਸਤਿਗੁਰ ਕੀ ਸੇਵਾ ਸਫਲ ਹੈ
ਜੇ ਕੋ ਕਰੇ ਚਿਤੁ ਲਾਇ ॥

*(ਸਲੋਕ ਮ: 3 ਪੰ–552)*

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਬੜੀ ਉਤਮ ਹੈ ਅਗਰ ਪ੍ਰਾਣੀ ਹਾਜ਼ਰ ਨਾਜ਼ਰ ਸਮਝ ਕੇ ਕਰੇ ਕਿ ਗੁਰੂ ਜੀ ਸਾਡੇ ਘਰ ਬੈਠੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਜਾਗਤ ਜੋਤ ਸਮਝਣਾ ਚਾਹੀਦਾ ਹੈ। ਜਿਸ ਤਰ੍ਹਾਂ ਅਸੀਂ ਗੁਰੂਆਂ ਦਾ ਸਤਿਕਾਰ ਕਰਦੇ ਹਾਂ ਇਸੇ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਮਝਣਾ ਚਾਹੀਦਾ ਹੈ ਕਿ ਸਾਡੇ ਸਾਹਮਣੇ ਗੁਰੂ ਹੀ ਬੈਠੇ ਹਨ। ਉਹ ਗੁਰਸਿਖ ਬਹੁਤ ਵਡਭਾਗਾ ਹੈ ਜਿਹੜਾ ਘਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਕਰਦਾ ਹੈ।

ਕਬੀਰ ਭਾਂਗ ਮਾਛੁਲੀ ਸੁਰਾ ਪਾਨਿ ਜੋ ਜੋ ਪ੍ਰਾਨੀ ਖਾਂਹਿ ॥
ਤੀਰਥ ਬਰਤ ਨੇਮ ਕੀਏ ਤੇ ਸਭੈ ਰਸਾਤਲਿ ਜਾਂਹਿ ॥

*(ਸਲੋਕ ਭਗਤ ਕਬੀਰ ਜੀ ਪੰ:–1377)*

ਭਗਤ ਕਬੀਰ ਜੀ ਇਸ ਸਲੋਕ ਵਿਚ ਦਸਦੇ ਹਨ ਕਿ ਜਿਹੜਾ ਪ੍ਰਾਣੀ ਮਾਸ ਤੇ ਸ਼ਰਾਬ ਦੀ ਵਰਤੋਂ ਕਰਦਾ ਹੈ ਤੇ ਸੇਵਾ ਕਰਦਾ ਹੈ ਉਸ ਦਾ ਕੋਈ ਫਲ ਨਹੀਂ ਮਿਲਦਾ। ਜਿਹੜੇ ਲੋਕ ਮਹਾਰਾਜ ਜੀ ਦੀ ਸੇਵਾ ਕਰਦੇ ਹਨ ਉਸ ਦੀ ਸੇਵਾ ਵਿਅਰਥ ਜਾਂਦੀ ਹੈ। ਤੀਰਥ ਵਰਤ ਕੀਤੇ ਸਭ ਨਿਸਫਲ ਜਾਂਦੇ ਹਨ ਜਿਸ ਜਗ੍ਹਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ ਉਥੇ ਸ਼ਹੀਦ ਸਿੰਘਾਂ ਦਾ ਪਹਿਰਾ ਹੁੰਦਾ ਹੈ, ਜੇ ਚੰਗੀ ਤਰ੍ਹਾਂ ਸੇਵਾ ਨਾ ਹੋਵੇ ਤਾਂ ਪਰਿਵਾਰ ਵਿਚ ਦੁਖ ਤਕਲੀਫ ਆ ਜਾਂਦੇ ਹਨ। ਵਾਹਿਗੁਰੂ ਦੀ ਸੇਵਾ ਬਹੁਤ ਹੀ ਭਾਵਨਾ ਨਾਲ ਕਰਨੀ ਚਾਹੀਦੀ ਹੈ। ਰੋਜ਼ਾਨਾ ਦੇਗ ਤਿਆਰ ਕਰਕੇ ਗੁਰੂ ਜੀ ਨੂੰ ਪ੍ਰਵਾਨ ਕਰਵਾਉਣਾ ਚਾਹੀਦਾ ਹੈ। ਰੋਜ਼ਾਨਾ ਪ੍ਰਵਾਨ ਕਰਾਉਣ ਨਾਲ ਹਰ ਚੀਜ਼ ਵਿਚ ਬਰਕਤ ਆ ਜਾਂਦੀ ਹੈ। ਮਹਾਰਾਜ ਜੀ ਦੇ ਚਿੱਟੇ ਬਸਤਰ ਹਰ ਹਫਤੇ ਬਦਲਣੇ ਚਾਹੀਦੇ ਹਨ। ਚੰਗੀ ਤਰ੍ਹਾਂ ਧੋ ਕੇ ਪ੍ਰੈਸ ਕਰਨੇ ਚਾਹੀਦੇ ਹਨ। ਕਮਰੇ ਦੀ ਸਫਾਈ ਚੰਗੀ ਤਰ੍ਹਾਂ ਕਰਨੀ ਚਾਹੀਦੀ ਹੈ। ਰੰਗਦਾਰ ਰੁਮਾਲੇ ਹਰ ਹਫਤੇ ਪ੍ਰੈਸ ਕਰਨੇ ਚਾਹੀਦੇ ਹਨ। ਅਗਰ ਘਰ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਕਰਨੀ ਹੈ ਤਾਂ ਅਸੂਲ ਬਣਾ ਲੈਣਾ ਚਾਹੀਦਾ ਹੈ ਜਿਵੇਂ ਕਿ ਅੰਮ੍ਰਿਤ ਵੇਲੇ ਪੰਜ ਵਜੇ ਪ੍ਰਕਾਸ਼ ਕਰਨਾ ਅਤੇ 6–7 ਵਜੇ ਰਹਿਰਾਸ ਤੋਂ ਉਪਰੰਤ ਅਰਦਾਸ ਤੇ ਕੀਰਤਨ ਸੋਹਿਲਾ ਕਰ ਕੇ ਸੁਖਆਸਨ ਕਰਨਾ ਚਾਹੀਦਾ ਹੈ। ਕਈ ਪ੍ਰੇਮੀ ਮਹਾਰਾਜ ਜੀ ਦਾ ਸਰੂਪ ਘਰ ਰੱਖ ਲੈਂਦੇ ਹਨ ਪਰ ਸੇਵਾ ਚੰਗੀ ਤਰ੍ਹਾਂ ਨਹੀਂ ਕਰਦੇ। ਅਗਰ ਪ੍ਰਹੁਣੇ ਆ ਜਾਣ ਤਾਂ ਮਹਾਰਾਜ ਜੀ ਦੀ ਸੇਵਾ ਭੁਲ ਜਾਂਦੇ ਹਨ। ਗੱਲਾਂ ਗੱਲਾਂ ਵਿਚ ਟਾਇਮ ਦਾ ਚੇਤਾ ਹੀ ਭੁਲਾ ਦਿੰਦੇ ਹਨ। ਹਮੇਸ਼ਾ ਸਮੇਂ ਸਿਰ

ਮਹਾਰਾਜ ਜੀ ਦੀ ਸੇਵਾ ਕਰਨੀ ਚਾਹੀਦੀ ਹੈ। ਜੇ ਘਰ ਕੋਈ ਆਇਆ ਹੋਵੇ ਤਾਂ ਇਕ ਜਣਾ ਕੋਲ ਬੈਠ ਜਾਵੇ ਦੂਸਰਾ ਸੇਵਾ ਕਰ ਦੇਵੇ। ਆਪਣੇ ਬੱਚਿਆਂ ਨੂੰ ਵੀ ਪ੍ਰਕਾਸ਼ ਕਰਨਾ ਤੇ ਸੁਖਆਸਨ ਕਰਨਾ ਸਿਖਾਉਣਾ ਚਾਹੀਦਾ ਹੈ। ਸਵੇਰੇ ਸਾਰਾ ਪ੍ਰੀਵਾਰ ਇਕੱਠਾ ਹੋ ਕੇ ਮੱਥਾ ਟੇਕੇ ਤੇ ਇਕੱਠੇ ਬੈਠ ਕੇ ਨਿਤਨੇਮ ਕਰੇ ਤੇ ਫਿਰ ਆਪਣਾ ਹੋਰ ਕੰਮ ਸ਼ੁਰੂ ਕਰੇ। ਸ਼ਾਮ ਨੂੰ ਸਾਰਾ ਪਰਿਵਾਰ ਇਕੱਠੇ ਬੈਠ ਕੇ ਰਹਿਰਾਸ ਦਾ ਪਾਠ ਕਰੇ। ਬੱਚਿਆਂ ਨੂੰ ਜਰੂਰ ਸਾਥ ਬਿਠਾਉਣਾ ਚਾਹੀਦਾ ਹੈ। ਕਈ ਘਰਾਂ ਵਿਚ ਦੇਖਿਆ ਹੈ ਕਿ ਮਾਂ ਬਾਪ ਉਪਰ ਪਾਠ ਕਰਨ ਚਲੇ ਜਾਂਦੇ ਹਨ ਤੇ ਬੱਚੇ ਟੈਲੀਵੀਯਨ ਦੇਖਦੇ ਰਹਿੰਦੇ ਹਨ। ਬੱਚਿਆਂ ਨੂੰ ਵੀ ਪਾਠ ਕਰਨ ਦੀ ਆਦਤ ਪਾਉਣੀ ਚਾਹੀਦੀ ਹੈ।

ਦਾਸ ਜਦੋਂ ਇੰਡੋਨੇਸ਼ੀਆ ਰਹਿੰਦਾ ਸੀ, ਉਸ ਵੇਲੇ ਇੰਡੀਆ ਦਾ ਰਾਸ਼ਟਰਪਤੀ ਉਥੇ ਆਇਆ। ਮੈਨੂੰ ਉਸ ਨੂੰ ਦੇਖਣ ਦਾ ਬਹੁਤ ਚਾਅ ਸੀ। ਕਿਸੇ ਮਸ਼ਹੂਰ ਆਦਮੀ ਨੂੰ ਮਿਲਣਾ ਹੋਵੇ ਤਾਂ ਆਮ ਆਦਮੀ ਵਾਸਤੇ ਬਹੁਤ ਮੁਸ਼ਕਲ ਹੈ। ਗਰੀਬ ਤਾਂ ਇਨ੍ਹਾਂ ਨੂੰ ਮਿਲ ਹੀ ਨਹੀਂ ਸਕਦੇ। ਇੰਡੋਨੇਸ਼ੀਆ ਗਵਰਨਰ ਤੇ ਮੇਰੇ ਮਾਲਕ ਨੇ ਮੇਰੀ ਡਿਊਟੀ ਉਸ ਦੀ ਦੇਖਭਾਲ ਦੀ ਲਗਾ ਦਿੱਤੀ। ਦਾਸ ਨੂੰ ਖੁਸ਼ੀ ਹੋਈ ਕਿ ਮੈਨੂੰ ਰਾਸ਼ਟਰਪਤੀ ਦੇ ਕੋਲ ਰਹਿਣ ਦਾ ਮੌਕਾ ਮਿਲਿਆ ਹੈ। ਇਕ ਦੋ ਦਿਨ ਤਾਂ ਮੈਨੂੰ ਬਹੁਤ ਚਾਅ ਰਿਹਾ ਫਿਰ ਬਾਅਦ ਵਿਚ ਮੈਂ ਉਸ ਨੂੰ ਆਮ ਬੰਦਾ ਸਮਝਣ ਲਗ ਪਿਆ। ਹੌਲੀ ਹੌਲੀ ਸਤਿਕਾਰ ਘੱਟਦਾ ਗਿਆ।

ਜਦੋਂ ਮੈਂ ਅੰਦਰ ਜਾਂਦਾ ਤਾਂ ਵੱਡੇ ਵੱਡੇ ਵਪਾਰੀ ਬੰਦੇ ਮੇਰੀਆ ਮਿੰਨਤਾ ਕਰਦੇ ਕਿ ਰਾਸ਼ਟਰਪਤੀ ਦੇ ਔਟੋਗਰਾਫ ਕਰਾ ਦਿਉ। ਜਿਹੜੇ ਲੋਕ ਰਾਸ਼ਟਰਪਤੀ ਤੋਂ ਦੂਰ ਸਨ, ਉਨ੍ਹਾਂ ਨੂੰ ਮਿਲਣ ਦਾ ਚਾਅ ਸੀ, ਮੈਂ ਉਸ ਦੇ ਕੋਲ ਸੀ ਮੈਨੂੰ ਕੋਈ ਚਾਅ ਨਹੀਂ ਸੀ।

ਇਸੇ ਤਰ੍ਹਾਂ ਜਿਹੜੀ ਚੀਜ਼ ਕੋਲ ਹੋਵੇ ਉਸ ਦੀ ਕਦਰ ਨਹੀਂ ਹੁੰਦੀ, ਜਿਸ ਤਰ੍ਹਾਂ ਸਰੀਰ ਦੇ ਅੰਗ ਹਨ, ਇਨ੍ਹਾਂ ਦੀ ਕਦਰ ਉਦੋਂ ਹੀ ਹੁੰਦੀ ਹੈ ਜਦੋਂ ਕੰਮ ਦੇਣੋ ਹਟ ਜਾਣ। ਜਿਹੜਾ ਨੇਤਰਹੀਣ ਹੋਵੇ ਉਸ ਨੂੰ ਪਤਾ ਹੈ ਕਿ ਅੱਖਾਂ ਦੀ ਕੀ ਕੀਮਤ ਹੈ। ਇਸੇ ਤਰ੍ਹਾਂ ਪੰਜਾਬੀਆਂ ਨੂੰ ਦੇਖਿਆ ਗਿਆ ਹੈ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੱਦਵੀ ਨਹੀਂ ਸਮਝਦੇ।

**ਸਾਈ ਨਾਮੁ ਅਮੋਲੁ, ਕੀਮ ਨ ਕੋਈ ਜਾਣਦੋ ॥**
**ਜਿਨਾ ਭਾਗ ਮਥਾਹਿ, ਸੇ ਨਾਨਕ ਹਰਿ ਰੰਗੁ ਮਾਣਦੋ ॥**

*(ਸਿਰੀਰਾਗ ਮ: 5 ਪੰ:-81)*

ਕਈਆਂ ਨੂੰ ਇਤਨਾ ਗਿਆਨ ਨਹੀਂ, ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਇਕ ਪੁਸਤਕ ਹੀ ਸਮਝਦੇ ਹਨ, ਪੂਰਾ ਗੁਰੂ ਨਹੀਂ ਸਮਝਦੇ। ਮੱਥਾ ਵੀ ਟੇਕਦੇ ਹਨ ਪਰ ਭਾਵਨਾ ਨਾਲ ਨਹੀਂ, ਦੇਖਾ ਦੇਖੀ ਟੇਕੀ ਜਾਂਦੇ ਹਨ। ਜਿਹੜੇ ਗੁਰਸਿੱਖਾਂ ਨੂੰ ਸੋਝੀ ਹੈ ਕਿ ਸ੍ਰੀ ਗੁਰੂ ਗ੍ਰੰਥ. ਸਾਹਿਬ ਜੀ ਸੰਪੂਰਨ ਸਤਿਗੁਰੂ ਹਨ, ਉਹ ਆਪਣਾ ਤਨ ਮਨ ਧੰਨ ਗੁਰੂ ਜੀ ਨੂੰ ਅਰਪਨ

ਕਰਕੇ ਮੱਥਾ ਟੇਕਦੇ ਹਨ। ਜਦੋਂ ਉਹ ਆਪਣਾ ਸੀਸ ਸਤਿਗੁਰੂ ਅੱਗੇ ਸੱਚੇ ਮਨ ਨਾਲ ਨਿਵਾਉਂਦੇ ਹਨ ਤਾਂ ਉਨ੍ਹਾਂ ਦੇ ਮੱਥੇ ਤੇ ਲਿਖੇ ਜਨਮ ਜਨਮ ਦੇ ਲੇਖ ਮਿਟ ਜਾਂਦੇ ਹਨ। ਜਿਹੜੇ ਪ੍ਰਾਣੀਆਂ ਨੇ ਬਹੁਤ ਘਾਲਣਾ ਘਾਲ ਕੇ ਗੁਰਸਿੱਖੀ ਪ੍ਰਾਪਤ ਕੀਤੀ ਹੁੰਦੀ ਹੈ, ਉਨ੍ਹਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਸਲੀ ਪਛਾਣ ਹੈ। ਜਿਸ ਤਰ੍ਹਾਂ ਹੋਰ ਧਰਮਾਂ ਦੇ ਲੋਕਾਂ ਨੇ ਸਿਖ ਧਰਮ ਦੀ ਖੋਜ ਕੀਤੀ ਕਿ ਕਲਯੁਗ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਸੰਪੂਰਨ ਗੁਰੂ ਹਨ ਤੇ ਇਹ ਅੰਮ੍ਰਿਤਪਾਨ ਕਰਕੇ ਗੁਰੂ ਵਾਲੇ ਬਣੇ। ਇਸੇ ਤਰ੍ਹਾਂ ਗੋਰਿਆਂ ਨੇ ਸਿਖੀ ਅਪਣਾਈ। ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਵਾਸਤੇ ਆਪਣਾ ਸਭ ਕੁਝ ਤਿਆਗ ਕੇ ਗੁਰੂ ਦੇ ਲੜ ਲਗ ਗਏ। ਗੋਰੇ ਸਿੰਘ ਸਿੰਘਣੀਆਂ ਸਭ ਮਰਿਆਦਾ ਵਿਚ ਹਨ। ਇਨ੍ਹਾਂ ਨੂੰ ਦੇਖ ਕੇ ਆਪਾਂ ਨੂੰ ਕੁਝ ਸਿਖਣਾ ਚਾਹੀਦਾ ਹੈ ਇਨ੍ਹਾਂ ਨੇ ਖਾਲਸਾ ਰਾਜ ਦੀ ਸਥਾਪਨਾ ਵਿੱਚ ਕਾਫੀ ਹਿੱਸਾ ਪਾਉਣਾ ਹੈ।

*****

# ਸਿਮਰਨ

ਅਮਾਵਸ ਆਤਮ ਸੁਖੀ ਭਏ, ਸੰਤੋਖੁ ਦੀਆ ਗੁਰਦੇਵ ॥
ਮਨੁ ਤਨੁ ਸੀਤਲੁ ਸਾਂਤਿ ਸਹਜ, ਲਾਗਾ ਪ੍ਰਭ ਕੀ ਸੇਵ ॥
ਟੂਟੇ ਬੰਧਨ ਬਹੁ ਬਿਕਾਰ, ਸਫਲ ਪੂਰਨ ਤਾ ਕੇ ਕਾਮ ॥
ਦੁਰਮਤਿ ਮਿਟੀ ਹਾਉਮੈ ਛੁਟੀ, ਸਿਮਰਤ ਹਰਿ ਕੋ ਨਾਮ ॥
ਸਰਨਿ ਗਹੀ ਪਾਰਬ੍ਰਹਮ ਕੀ ਮਿਟਿਆ ਆਵਾ ਗਵਨ ॥
ਆਪਿ ਤਰਿਆ ਕੁਟੰਬ ਸਿਉ, ਗੁਣ ਗੁਬਿੰਦ ਪ੍ਰਭ ਰਵਨ ॥
ਹਰਿ ਕੀ ਟਹਲ ਕਮਾਵਣੀ, ਜਪੀਐ ਪ੍ਰਭ ਕਾ ਨਾਮੁ ॥
ਗੁਰ ਪੂਰੇ ਤੇ ਪਾਇਆ ਨਾਨਕ ਸੁਖ ਬਿਸ੍ਰਾਮੁ ॥

*(ਗਉੜੀ ਮ: 5 ਪੰ:–299)*

ਅਬ ਕਲੂ ਆਇਓ ਰੇ ॥ ਇਕੁ ਨਾਮੁ ਬੋਵਹੁ ਬੋਵਹੁ ॥
ਅਨ ਰੂਤਿ ਨਾਹੀ ਨਾਹੀ ॥ ਮਤੁ ਭਰਮਿ ਭੂਲਹੁ ਭੂਲਹੁ ॥
ਗੁਰ ਮਿਲੇ ਹਰਿ ਪਾਏ ॥ ਜਿਸੁ ਮਸਤਕਿ ਹੈ ਲੇਖਾ ॥
ਮਨ ਰੁਤਿ ਨਾਮ ਰੇ ॥ ਗੁਨ ਕਹੇ ਨਾਨਕ ਹਰਿ ਹਰੇ ਹਰਿ ਹਰੇ ॥

*(ਬਸੰਤੁ ਮ: 5–1185)*

*ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ :-*

ਪ੍ਰਭ ਕੈ ਸਿਮਰਨਿ ਗਰਭਿ ਨ ਬਸੈ ॥
ਪ੍ਰਭ ਕੈ ਸਿਮਰਨਿ ਦੂਖੁ ਜਮੁ ਨਸੈ ॥
ਪ੍ਰਭ ਕੈ ਸਿਮਰਨਿ ਕਾਲੁ ਪਰਹਰੈ ॥
ਪ੍ਰਭ ਕੈ ਸਿਮਰਨਿ ਦੁਸਮਨੁ ਟਰੈ ॥
ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ ॥
ਪ੍ਰਭ ਕੈ ਸਿਮਰਨਿ ਅਨਦਿਨੁ ਜਾਗੈ ॥
ਪ੍ਰਭ ਕੈ ਸਿਮਰਨਿ ਭਉ ਨ ਬਿਆਪੈ ॥
ਪ੍ਰਭ ਕੈ ਸਿਮਰਨਿ ਦੁਖੁ ਨ ਸੰਤਾਪੈ ॥

*(ਸੁਖਮਨੀ ਸਾਹਿਬ)*

ਪ੍ਰਭੂ ਦਾ ਸਿਮਰਨ ਕੀਤਿਆਂ ਇਨਸਾਨ ਦੁਬਾਰਾ ਗਰਭਿ ਵਿਚ ਨਹੀਂ ਆਉਂਦਾ ਅਤੇ ਸਾਰੇ ਸੁਖ ਮਿਲਦੇ ਹਨ, ਕਿਸੇ ਗਲ ਦਾ ਡਰ ਨਹੀਂ ਰਹਿੰਦਾ ।

ਜਿਹੜੇ ਸਿਮਰਨ ਨਹੀਂ ਕਰਦੇ ਉਨ੍ਹਾਂ ਬਾਰੇ ਗੁਰੂ ਅਰਜਨ ਦੇਵ ਮਹਾਰਾਜ ਜੀ ਇਸ ਅਸ਼ਟਪਦੀ ਵਿਚ ਫਰਮਾਉਂਦੇ ਹਨ :

ਬਿਨੁ ਸਿਮਰਨ ਜੈਸੇ ਸਰਪ ਆਰਜਾਰੀ ॥
ਤਿਉ ਜੀਵਹਿ ਸਾਕਤ ਨਾਮੁ ਬਿਸਾਰੀ ॥ 1 ॥
ਏਕ ਨਿਮਖ ਜੋ ਸਿਮਰਨ ਮਹਿ ਜੀਆ ॥
ਕੋਟਿ ਦਿਨਸ ਲਾਖ ਸਦਾ ਥਿਰੁ ਥੀਆ ॥ 1 ॥ ਰਹਾਉ ॥
ਬਿਨ ਸਿਮਰਨ ਧ੍ਰਿਗੁ ਕਰਮ ਕਰਾਸ ॥
ਕਾਗ ਬਤਨ ਬਿਸਟਾ ਮਹਿ ਵਾਸ ॥ 2 ॥
ਬਿਨੁ ਸਿਮਰਨ ਭਏ ਕੂਕਰ ਕਾਮ ॥
ਸਾਕਤ ਬੇਸੁਆ ਪੂਤ ਨਿਨਾਮ ॥ 3 ॥
ਬਿਨੁ ਸਿਮਰਨ ਜੈਸੇ ਸੀਙ ਛਤਾਰਾ ॥
ਬੋਲਹਿ ਕੂਰੁ ਸਾਕਤ ਮੁਖੁ ਕਾਰਾ ॥ 4 ॥
ਬਿਨ ਸਿਮਰਨ ਗਰਧਭ ਕੀ ਨਿਆਈ ॥
ਸਾਕਤ ਥਾਨ ਭਰਿਸਟ ਫਿਰਾਹੀ ॥ 5 ॥
ਬਿਨੁ ਸਿਮਰਨ ਕੂਕਰ ਹਰਕਾਇਆ ॥
ਸਾਕਤ ਲੋਭੀ ਬੰਧੁ ਨ ਪਾਇਆ ॥ 6 ॥
ਬਿਨੁ ਸਿਮਰਨ ਹੈ ਆਤਮ ਘਾਤੀ ॥
ਸਾਕਤ ਨੀਚ ਤਿਸੁ ਕੁਲੁ ਨਹੀ ਜਾਤੀ ॥ 7 ॥

*(ਗਉੜੀ ਮ: 5 ਪੰ:–239)*

ਅਗਰ ਕਿਸੇ ਜੀਵ ਨੇ ਆਪਣਾ ਉਧਾਰ ਕਰਨਾ ਹੈ ਤਾਂ ਉਸ ਨੂੰ ਅੰਮ੍ਰਿਤ ਛਕਣਾ ਬਹੁਤ ਹੀ ਜ਼ਰੂਰੀ ਹੈ। ਹਰ ਇਕ ਪ੍ਰਾਣੀ ਨੂੰ ਮੁਕਤੀ ਦੀ ਖੋਜ ਕਰਨੀ ਚਾਹੀਦੀ ਹੈ।

ਦੁਲਭ ਦੇਹ ਪਾਈ ਵਡਭਾਗੀ ॥
ਨਾਮੁ ਨ ਜਪਹਿ ਤੇ ਆਤਮ ਘਾਤੀ ॥ 1 ॥
ਮਰਿ ਨ ਜਾਹੀ ਜਿਨਾ ਬਿਸਰਤ ਰਾਮ ॥
ਨਾਮ ਬਿਹੂਨ ਜੀਵਨ ਕਉਨ ਕਾਮ ॥ 1 ॥ ਰਹਾਉ ॥
ਖਾਤ ਪੀਤ ਖੇਲਤ ਹਸਤ ਬਿਸਥਾਰ ॥
ਕਵਨ ਅਰਥ ਮਿਰਤਕ ਸੀਗਾਰ ॥ 2 ॥
ਜੋ ਨ ਸੁਨਹਿ ਜਸੁ ਪਰਮਾਨੰਦਾ ॥
ਪਸੁ ਪੰਖੀ ਤ੍ਰਿਗਦ ਜੋਨਿ ਤੇ ਮੰਦਾ ॥ 3 ॥
ਕਹੁ ਨਾਨਕ ਗੁਰ ਮੰਤ੍ਰੁ ਦ੍ਰਿੜਾਇਆ ॥
ਕੇਵਲ ਨਾਮੁ ਰਿਦ ਮਾਹਿ ਸਮਾਇਆ ॥ 4 ॥

*(ਗਉੜੀ ਮ: 5 ਪੰ:–188)*

'ਵਾਹਿਗੁਰੂ ਗੁਰਮੰਤਰ ਹੈ' ਇਸ ਦਾ ਜਾਪ ਹਿੰਦੂ, ਮੁਸਲਮ, ਸਿਖ ਅਤੇ ਈਸਾਈ ਕੋਈ ਵੀ ਕਰ ਸਕਦਾ ਹੈ। ਇਸ ਦਾ ਜਾਪ ਕਰਨ ਨਾਲ ਸਾਰੇ ਸੁਖ ਪ੍ਰਾਪਤ ਹੁੰਦੇ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਰਹਿਤ ਪਿਆਰੀ ਹੈ ;

'ਰਹਿਤ ਪਿਆਰੀ ਮੁਝ ਕਉ,
ਸਿਖ ਪਿਆਰਾ ਨਾਹਿ'

ਰਹਿਣੀ ਰਹੈ ਸੋਈ ਸਿਖ ਮੇਰਾ।
ਓਹੁ ਸਾਹਿਬ ਮੈ ਉਸ ਕਾ ਚੇਰਾ।
ਰਹਿਤ ਬਿਨਾਂ ਨਹਿ ਸਿਖ ਕਹਾਵੈ।
ਰਹਿਤ ਬਿਨਾਂ ਦਰ ਚੋਟਾਂ ਖਾਵੈ॥
ਰਹਿਤ ਬਿਨ ਸੁਖ ਕਬਹੁੰ ਨ ਲਹੇ।
ਤਾਂ ਤੇ ਰਹਿਤ ਸੁ ਦ੍ਰਿੜ ਕਰ ਰਹੈ।

*(ਰਹਿਤਨਾਮਾ ਭਾਈ ਦੇਸਾ ਸਿੰਘ ਜੀ)*

ਜਿਹੜੇ ਪੰਜ ਪਿਆਰੇ ਰਹਿਤ ਮਰਿਆਦਾ ਵਿਚ ਪੂਰੇ ਹੋਣ, ਤਿਆਰ ਬਰ ਤਿਆਰ ਸਿੰਘ ਅੰਮ੍ਰਿਤ ਵੇਲੇ ਸੁਆਸ-ਸੁਆਸ ਸਿਮਰਨ ਕਰਦੇ ਹੋਣ, ਉਨ੍ਹਾਂ ਕੋਲੋ ਅੰਮ੍ਰਿਤ ਛਕਣਾ ਚਾਹੀਦਾ ਹੈ।

ਸਾਸਿ ਸਾਸਿ ਸਿਮਰਹੁ ਗੋਬਿੰਦ॥
ਮਨ ਅੰਤਰ ਕੀ ਉਤਰੈ ਚਿੰਦ॥

*(ਸੁਖਮਨੀ ਸਾਹਿਬ)*

ਸਤਿਗੁਰੂ ਮਹਾਰਾਜ ਜੀ ਨੇ ਇਸਤਰੀ ਅਤੇ ਮਰਦ ਦਾ ਦਰਜਾ ਬਰਾਬਰ ਦਾ ਦਿੱਤਾ ਹੈ। ਦੋਨਾਂ ਨੂੰ ਰਹਿਤ ਮਰਿਆਦਾ ਬਰਾਬਰ ਦਿੱਤੀ ਹੈ। ਪੰਜ ਪਿਆਰੇ ਅੰਮ੍ਰਿਤ ਛਕਾ ਕੇ ਨਾਮ ਦ੍ਰਿੜਾਉਂਦੇ ਹਨ।

ਮੇਰੇ ਸਤਿਗੁਰਾ ਮੈ ਹਰਿ ਹਰਿ ਨਾਮੁ ਦ੍ਰਿੜਾਇ॥
ਮੇਰਾ ਮਾਤ ਪਿਤਾ ਸੁਤ ਬੰਧਪੋ ਮੈ ਹਰਿ ਬਿਨੁ ਅਵਰੁ ਨ ਮਾਇ॥

*(ਮਾਰੂ ਮ: 5 ਪੰ:-996)*

ਜਿਹੜੇ ਪੰਜ ਬਾਣੀਆਂ ਦਾ ਪਾਠ ਤੇ ਸਿਮਰਨ ਨਹੀਂ ਕਰਦੇ, ਉਨ੍ਹਾਂ ਨੂੰ ਪੰਜਾਂ ਪਿਆਰਿਆਂ ਦੀ ਸੇਵਾ ਨਹੀਂ ਕਰਨੀ ਚਾਹੀਦੀ। ਜਿਹੜੇ ਸੇਵਾ ਕਰਦੇ ਹਨ ਉਨ੍ਹਾਂ ਨੂੰ

ਆਪਣੀ ਕਮਾਈ ਵਿਚੋਂ ਹਿੱਸਾ ਦੇਣਾ ਪੈਂਦਾ ਹੈ। ਜਿਸਨੇ ਕਦੀ ਅੰਮ੍ਰਿਤ ਵੇਲੇ ਉਠ ਕੇ ਸਿਮਰਨ ਨਹੀਂ ਕੀਤਾ, ਉਹ ਆਪਣੀ ਕਮਾਈ ਵਿਚੋਂ ਕੀ ਹਿੱਸਾ ਦੇਵੇਗਾ, ਉਸ ਨੂੰ ਘਾਟਾ ਹੀ ਪਵੇਗਾ। ਬਹੁਤ ਲੋਕ ਅੰਮ੍ਰਿਤ ਛਕ ਲੈਂਦੇ ਹਨ ਪਰ ਨਾਮ ਦੀ ਕਮਾਈ ਨਹੀਂ ਕਰਦੇ। ਕੋਈ ਵਿਰਲੇ ਹੀ ਹਨ ਜਿਹੜੇ ਅੰਮ੍ਰਿਤ ਵੇਲੇ ਉਠ ਕੇ ਗੁਰੂ ਦੇ ਜਸ ਗਾਉਂਦੇ ਹਨ।

ਅੰਮ੍ਰਿਤ ਛਕ ਕੇ ਜੋ ਪੰਜ ਪਿਆਰੇ ਹੁਕਮ ਕਰਦੇ ਹਨ, ਜਿਸ ਤਰ੍ਹਾਂ ਸੁਆਸ-ਸੁਆਸ ਨਾਮ ਜਪਾਉਂਦੇ ਹਨ ਉਸੇ ਤਰ੍ਹਾਂ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਨਾਮ ਜਪਣਾ ਚਾਹੀਦਾ ਹੈ। ਅੰਮ੍ਰਿਤ ਵੇਲਾ ਇਕ ਵਜੇ ਸ਼ੁਰੂ ਹੋ ਜਾਂਦਾ ਹੈ।

ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ ॥
ਕੋਟਿ ਬਿਘਨ ਲਾਥੇ ਪ੍ਰਭ ਸਰਣਾ ਪ੍ਰਗਟੇ ਭਲੇ ਸੰਜੋਗਾ ॥ 1 ॥
ਪ੍ਰਭ ਬਾਣੀ ਸਬਦੁ ਸੁਭਾਖਿਆ ॥
ਗਾਵਹੁ ਸੁਣਹੁ ਪੜਹੁ ਨਿਤ ਭਾਈ ਗੁਰ ਪੂਰੈ ਤੂ ਰਾਖਿਆ ॥ ਰਹਾਉ ॥
ਸਾਚਾ ਸਾਹਿਬੁ ਅਮਿਤਿ ਵਡਾਈ ਭਗਤਿ ਵਛਲ ਦਇਆਲਾ ॥
ਸੰਤਾ ਕੀ ਪੈਜ ਰਖਦਾ ਆਇਆ ਆਦਿ ਬਿਰਦੁ ਪ੍ਰਤਿਪਾਲਾ ॥ 2 ॥
ਹਰਿ ਅੰਮ੍ਰਿਤ ਨਾਮੁ ਭੋਜਨੁ ਨਿਤ ਭੁੰਚਹੁ ਸਰਬ ਵੇਲਾ ਮੁਖਿ ਪਾਵਹੁ ॥
ਜਰਾ ਮਰਾ ਤਾਪੁ ਸਭੁ ਨਾਠਾ ਗੁਣ ਗੋਬਿੰਦ ਨਿਤ ਗਾਵਹੁ ॥ 3॥
ਸੁਣੀ ਅਰਦਾਸਿ ਸੁਆਮੀ ਮੇਰੈ ਸਰਬ ਕਲਾ ਬਣਿ ਆਈ ॥
ਪ੍ਰਗਟ ਭਈ ਸਗਲੇ ਜੁਗ ਅੰਤਰਿ ਗੁਰ ਨਾਨਕ ਕੀ ਵਡਿਆਈ ॥ 4 ॥

*(ਸੋਰਠਿ ਮ: 5 ਪੰ:-611)*

ਵਾਹਿਗੁਰੂ ਜਪਣ ਦੇ ਦੋ ਤਰੀਕੇ ਹਨ ਇੱਕ ਵਾਹਿਗੁਰੂ ਵਾਹਿਗੁਰੂ ਦੂਸਰਾ ਸੁਆਸ ਸੁਆਸ ਵਾਹਿਗੁਰੂ ਦਾ ਸਿਮਰਨ। ਵਾਹਿਗੁਰੂ ਵਾਹਿਗੁਰੂ ਜਪਣ ਨਾਲ ਰਿਧੀਆਂ ਸਿਧੀਆਂ ਪ੍ਰਾਪਤ ਹੋ ਜਾਂਦੀਆਂ ਹਨ ਪਰ ਮੰਜਲ 'ਤੇ ਪਹੁੰਚਣ ਲਈ ਬਹੁਤ ਸਮਾਂ ਲਗਦਾ ਹੈ ਅਗਰ ਅਕਾਲ ਪੁਰਖ ਆਪ ਹੀ ਕ੍ਰਿਪਾ ਕਰਨ ਜਾਂ ਕਿਸੇ ਦੇ ਪਿਛਲੇ ਜਨਮਾਂ ਦੀ ਭਗਤੀ ਕੀਤੀ ਹੋਵੇ ਤਾਂ ਸੁਆਸ ਸੁਆਸ ਸਿਮਰਨ ਆਪਣੇ ਆਪ ਚੱਲਣ ਲੱਗ ਪੈਂਦਾ ਹੈ।

ਸਾਸਿ ਸਾਸਿ ਸਿਮਰਹੁ ਗੋਬਿੰਦ ॥
ਮਨ ਅੰਤਰ ਕੀ ਉਤਰੈ ਚਿੰਦ ॥

*(ਸੁਖਮਨੀ ਸਾਹਿਬ)*

ਦੂਸਰੇ ਸੁਆਸ ਸੁਆਸ ਵਾਹਿਗੁਰੂ ਦਾ ਸਿਮਰਨ ਜੋ ਅੰਮ੍ਰਿਤ ਛਕਾਉਣ ਵੇਲੇ ਪੰਜ ਪਿਆਰੇ ਦ੍ਰਿੜ ਕਰਾਉਂਦੇ ਹਨ। ਪੰਜ ਪਿਆਰੇ ਹੁਕਮ ਕਰਦੇ ਹਨ ਅੰਮ੍ਰਿਤ ਵੇਲੇ ਸੁਆਸ-ਸੁਆਸ ਸਿਮਰਨ ਕਰਨਾ ਬਹੁਤ ਹੀ ਜ਼ਰੂਰੀ ਹੈ। ਸੁਆਸ-ਸੁਆਸ ਸਿਮਰਨ ਕਰਨ ਦਾ

ਮਤਲਬ ਹੈ ਕਿ ਵਾਹਿਗੁਰੂ ਨਾਮ ਨੂੰ ਆਪਣੇ ਸੁਆਸਾਂ ਦੇ ਅੰਦਰ ਵਸਾ ਲੈਣਾ । ਜਿਸ ਤਰ੍ਹਾਂ ਚਵੀ ਘੰਟੇ ਸਆਸ ਚਲਦੇ ਹਨ ਇਸੇ ਤਰ੍ਹਾਂ ਸੁਆਸਾਂ ਵਿੱਚ ਵਸਿਆ ਨਾਮ ਆਪਣੇ ਆਪ ਚਲਦਾ ਰਹਿੰਦਾ ਹੈ ਅਤੇ ਅੰਤ ਵੇਲੇ ਜਦੋਂ ਸੁਆਸ ਸਰੀਰ ਵਿੱਚੋਂ ਨਿਕਲਦੇ ਹਨ ਤਾਂ ਆਤਮਾ ਨੂੰ ਸਿੱਧਾ ਸੱਚਖੰਡ ਪਹੁੰਚਾ ਦਿੰਦੇ ਹਨ । ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ

ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥
ਕਲਿ ਕਲੇਸ ਤਨ ਮਾਹਿ ਮਿਟਾਵਉ ॥
ਸਿਮਰਉ ਜਾਸੁ ਬਿਸੁੰਭਰ ਏਕੈ ॥
ਨਾਮੁ ਜਪਤ ਅਗਨਤ ਅਨੇਕੈ ॥
ਬੇਦ ਪੁਰਾਨ ਸਿੰਮ੍ਰਿਤਿ ਸੁਧਾਖ੍ਯਰ ॥
ਕੀਨੇ ਰਾਮ ਨਾਮ ਇਕ ਆਖ੍ਯਰ ॥
ਕਿਨਕਾ ਏਕ ਜਿਸੁ ਜੀਅ ਬਸਾਵੈ ॥
ਤਾ ਕੀ ਮਹਿਮਾ ਗਨੀ ਨ ਆਵੈ ॥
ਕਾਂਖੀ ਏਕੈ ਦਰਸ ਤੁਹਾਰੋ ॥
ਨਾਨਕ ਉਨ ਸੰਗਿ ਮੋਹਿ ਉਧਾਰੋ ॥

*(ਸੁਖਮਨੀ ਸਾਹਿਬ)*

ਇਕ ਦਿਨ ਦਾਸ ਭਾਈ ਸੁਖਦੇਵ ਸਿੰਘ ਦੇ ਘਰ ਗਿਆ । ਉਹ ਮੈਨੂੰ ਆਪਣੀ ਗਾਰਡਨ ਦਿਖਾਉਣ ਲੈ ਗਿਆ । ਦਾਸ ਨੂੰ ਵੀ ਗਾਰਡਨਿੰਗ ਦਾ ਬਹੁਤ ਸ਼ੌਂਕ ਹੈ । ਉਸ ਨੇ ਕਿਹਾ ਭਾਈ ਸਾਹਿਬ ਜੀ, ਮੈਂ ਦੋ ਕੱਦੂ ਦੇ ਬੀਜ ਬੀਜੇ ਸੀ, ਦੋਨੋ ਇਕੋ ਦਿਨ ਬੀਜੇ ਸੀ । ਇਕ ਕਾਫੀ ਵੱਡਾ ਹੋ ਗਿਆ ਦੂਸਰਾ ਅਜੇ ਨਿਕਲਿਆ ਹੀ ਨਹੀਂ ਹੈ, ਇਸ ਦਾ ਕੀ ਕਾਰਨ ਹੋ ਸਕਦਾ ਹੈ ।

ਦਾਸ ਨੇ ਕਿਹਾ, ਹੋ ਸਕਦਾ ਤੁਸੀਂ ਸਹੀ ਤਰੀਕੇ ਨਾਲ ਨਾ ਲਗਾਇਆ ਹੋਵੇ, ਪੁੱਟ ਕੇ ਦੇਖ ਲੈਂਦੇ ਹਾਂ । ਜਦੋਂ ਪੁੱਟ ਕੇ ਦੇਖਿਆ ਤਾਂ ਬੀਜ ਟੇਡਾ ਸੀ, ਇਸ ਕਰਕੇ ਜਲਦੀ ਨਹੀਂ ਨਿਕਲਿਆ । ਜਿਸ ਤਰ੍ਹਾਂ ਸਿੱਧਾ ਬੀਜਿਆ ਹੋਇਆ ਬੀਜ ਛੇਤੀ ਉਗ ਪੈਂਦਾ ਹੈ, ਇਸੇ ਤਰ੍ਹਾ ਸੁਆਸ-ਸੁਆਸ ਜਪਿਆ ਨਾਮ ਹਿਰਦੇ ਵਿਚ ਜਲਦੀ ਵਸ ਜਾਦਾ ਹੈ ।

ਸਾਧ ਸੰਗਤ ਵਿਚ ਬੈਠ ਕੇ ਸਿਮਰਨ ਕਰਨ ਦਾ ਫਲ ਉਤਮ (ਬਹੁਤ ਜਿਆਦਾ) ਹੈ ।

ਸਾਧ ਸੰਗਤਿ ਅਸਥਾਨ ਜਗਮਗ ਨੂਰ ਹੈ ॥

*(ਵਾਰ 3 ਪਉੜੀ 10)*

ਸੋਈ ਸਾਜਨ ਮੀਤੁ ਪਿਆਰਾ ॥
ਰਾਮ ਨਾਮੁ ਸਾਧਸੰਗਿ ਬੀਚਾਰਾ ॥
ਸਾਧੂ ਸੰਗਿ ਤਰੀਜੈ ਸਾਗਰੁ,
ਕਟੀਐ ਜਮ ਕੀ ਫਾਸਾ ਜੀਉ ॥

*(ਮਾਂਝ ਮ: 5 ਪੰ: –108)*

ਅਗਰ ਇਕ ਬੰਦਾ ਘਰ ਬੈਠ ਕੇ ਸਿਮਰਨ ਕਰੇ ਤਾਂ ਉਸ ਦਾ ਫਲ, ਜੈਸੇ ਮੀਂਹ ਦਾ ਕਿਨਕਾ ਕਿਨਕਾ ਬਰਸ ਰਿਹਾ ਹੈ ਇਸ ਤਰ੍ਹਾਂ ਹੈ। ਅਗਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਸਾਧ ਸੰਗਤ ਨਾਲ ਮਿਲ ਕੇ ਨਾਮ ਜਪਿਆ ਜਾਵੇ ਤਾਂ ਇਸ ਦਾ ਫਲ ਇਸ ਤਰ੍ਹਾਂ ਹੈ ਜਿਸ ਤਰ੍ਹਾਂ ਮੀਂਹ ਦੀ ਬਾਛੜ ਜ਼ੋਰ ਦੀ ਆ ਜਾਵੇ, ਤਾਂ ਸਭ ਕੁਝ ਰੋੜ੍ਹ ਕੇ ਲੈ ਜਾਂਦੀ ਹੈ। ਇਸ ਤਰ੍ਹਾਂ ਜੀਵ ਦੇ ਜਨਮ ਜਨਮ ਦੇ ਪਾਪ ਧੋਤੇ ਜਾਂਦੇ ਹਨ।

ਕਈਆਂ ਪ੍ਰਾਣੀਆਂ ਨੂੰ ਇਕ ਵਾਰੀ 'ਰਾਮ ਨਾਮ' ਸੁਣਨ ਨਾਲ ਹਿਰਦੇ ਵਿਚ ਵਸ ਜਾਂਦਾ ਹੈ, ਜਿਸ ਤਰ੍ਹਾਂ ਭਗਤ ਕਬੀਰ ਜੀ ਨੂੰ ਨਾਮ ਪ੍ਰਾਪਤ ਹੋਇਆ।

## (ੳ)

ਕਬੀਰ ਜੀ ਦਾ ਇਕ ਦਿਨ ਸਿਆਣੇ ਬਜ਼ੁਰਗ ਨਾਲ ਮੇਲ ਹੋਇਆ। ਗਿਆਨ ਚਰਚਾ ਸ਼ੁਰੂ ਹੋਈ ਤਾਂ ਉਸ ਬਜ਼ੁਰਗ ਨੇ ਪੁਛਿਆ,

"ਇਹ ਦਸ ਤੇਰਾ ਗੁਰੂ ਕੌਣ ਹੈ ?"

ਕਬੀਰ ਜੀ ਨੇ ਕਿਹਾ,

"ਮੈਂ ਤਾਂ ਅਜੇ ਗੁਰੂ ਧਾਰਨ ਹੀ ਨਹੀਂ ਕੀਤਾ।"

ਬਜ਼ੁਰਗ ਨੇ ਕਿਹਾ,

"ਤੈਨੂੰ ਗੁਰੂ ਜ਼ਰੂਰ ਧਾਰਨ ਕਰਨਾ ਚਾਹੀਦਾ ਹੈ।"

ਕਬੀਰ ਨੇ ਕਿਹਾ,

"ਅੱਛਾ ਜੀ ਮੈਂ ਤਲਾਸ਼ ਕਰਾਂਗਾ।" ਕਬੀਰ ਨੇ ਸੋਚਿਆ ਕਿ ਮੈਂ ਨੀਚ ਜਾਤ ਦਾ ਹਾਂ ਕਿਸੇ ਨੇ ਮੈਨੂੰ ਚੇਲਾ ਨਹੀਂ ਬਣਾਉਣਾ। ਉਸ ਸਮੇਂ ਊਚ ਨੀਚ ਦਾ ਬਹੁਤ ਭੇਦ ਭਾਵ ਸੀ।

ਕਬੀਰ ਨੇ ਬਨਾਰਸ ਜਾ ਕੇ ਸਵਾਮੀ ਰਾਮਾਨੰਦ ਜੀ ਨੂੰ ਗੁਰੂ ਧਾਰਨ ਦਾ ਫੈਸਲਾ ਕੀਤਾ। ਉਸ ਨੇ ਸੋਚਿਆ ਕਿ ਮੈਨੂੰ ਰਾਮਾਨੰਦ ਤੋਂ ਪੁੱਜਾ ਹੋਇਆ ਹੋਰ ਕੋਈ ਗੁਰੂ ਨਹੀਂ ਮਿਲੇਗਾ, ਭਾਵੇਂ ਕਿੰਨੇ ਵੀ ਕਸ਼ਟ ਉਠਾਉਣੇ ਪੈਣ, ਰਾਮਾਨੰਦ ਨੂੰ ਹੀ ਗੁਰੂ ਧਾਰਨ ਕਰਾਂਗਾ।

ਇੱਕ ਦਿਨ ਕਬੀਰ ਨੂੰ ਤਰਕੀਬ ਸੁੱਝੀ। ਉਹ ਇਹ ਸੀ ਕਿ ਸਵਾਮੀ ਰਾਮਾਨੰਦ ਜੀ ਹਰ ਰੋਜ਼ ਅੰਮ੍ਰਿਤ ਵੇਲੇ ਗੰਗਾ ਤੇ ਇਸ਼ਨਾਨ ਕਰਨ ਜਾਇਆ ਕਰਦੇ ਸਨ। ਕਬੀਰ ਜੀ ਡੇਢ ਪਹਿਰ ਰਾਤ ਰਹਿੰਦੀ ਨਾਲ ਘਰੋਂ ਉਠ ਕੇ ਰਸਤੇ ਵਿਚ ਲੰਮੇ ਪੈ ਗਏ। ਸਵਾਮੀ

ਰਾਮਾਨੰਦ ਜੀ ਜਦੋਂ ਇਸ਼ਨਾਨ ਵਾਸਤੇ ਆਏ ਤਾਂ ਉਨ੍ਹਾਂ ਦਾ ਪੈਰ ਕਬੀਰ ਜੀ ਦੇ ਸਿਰ ਨੂੰ ਵੱਜਾ। ਪੈਰ ਦੀ ਛੋਹ ਨਾਲ ਸਵਾਮੀ ਜੀ ਨੇ ਮਹਿਸੂਸ ਕੀਤਾ ਕਿ ਕੋਈ ਸੁੱਤਾ ਪਿਆ ਹੈ। "ਇਸ਼ਨਾਨ ਦਾ ਵੇਲਾ ਹੋ ਗਿਆ ਹੈ," ਆਪਣੇ ਸੁਭਾਅ ਦੇ ਮੁਤਾਬਕ ਸਵਾਮੀ ਜੀ ਨੇ ਕਿਹਾ, "ਉਠੋ ਰਾਮ ਕੇ ਰਾਮ ਕਹੋ"।

ਜਦੋਂ ਕਬੀਰ ਜੀ ਨੇ ਇਹ ਸੁਣਿਆ ਤਾਂ ਅਨੰਦ ਹੋ ਗਏ ਕਿ ਨਾਮ ਦੀ ਪ੍ਰਾਪਤੀ ਹੋ ਗਈ, ਛੇਤੀ ਨਾਲ ਉਠ ਕੇ ਸਵਾਮੀ ਜੀ ਦੇ ਪੈਰ ਫੜ ਲਏ। ਇਸ ਤਰ੍ਹਾਂ ਕਬੀਰ ਜੀ ਨੇ ਗੁਰੂ ਧਾਰਨ ਕੀਤਾ ਤੇ ਨਾਮ ਹਿਰਦੇ ਵਿੱਚ ਵਸ ਗਿਆ।

(ਅ)

ਬਾਲਮੀਕ ਆਉਂਦੇ ਜਾਂਦੇ ਰਾਹੀਆਂ ਨੂੰ ਲੁਟ ਲੈਂਦਾ ਅਤੇ ਇਸੇ ਮਾਇਆ ਨਾਲ ਆਪਣਾ ਟੱਬਰ ਪਾਲਦਾ ਸੀ। ਇਸੇ ਤਰ੍ਹਾਂ ਲੁਟਦੇ ਲੁਟਦੇ ਉਸ ਦਾ ਮਨ ਕਠੋਰ ਹੋ ਚੁੱਕਾ ਸੀ। ਇਕ ਦਿਨ ਉਸ ਰਸਤੇ ਸੰਤਾਂ ਦੀ ਟੋਲੀ ਲੰਘੀ। ਬਾਲਮੀਕ ਨੇ ਆਪਣੇ ਸੁਭਾਅ ਮੁਤਾਬਕ ਉਨ੍ਹਾਂ ਕੋਲੋਂ ਸਭ ਕੁਝ ਖੋਹ ਲਿਆ। ਸੰਤਾਂ ਨੇ ਬਾਲਮੀਕ ਨੂੰ ਕਿਹਾ, ਭਾਈ ਇਹ ਕਰਮ ਤੂੰ ਕਿਸ ਵਾਸਤੇ ਕਰਦਾ ਹੈ। ਬਾਲਮੀਕ ਨੇ ਕਿਹਾ, ਆਪਣਾ ਟੱਬਰ ਪਾਲਣ ਵਾਸਤੇ ਕਰਦਾ ਹਾਂ। ਸੰਤਾਂ ਨੇ ਕਿਹਾ, ਜਦੋਂ ਤੈਨੂੰ ਇਸ ਖੋਟੇ ਕੰਮ ਦੀ ਸਜ਼ਾ ਮਿਲੇਗੀ ਤਾਂ ਉਹ ਤੇਰਾ ਸਾਥ ਦੇਣਗੇ। ਉਸ ਨੇ ਕਿਹਾ, "ਜਰੂਰ ਦੇਣਗੇ।" ਸੰਤਾਂ ਨੇ ਕਿਹਾ, ਜੇ ਤੈਨੂੰ ਏਨਾ ਭਰੋਸਾ ਹੈ ਤਾਂ ਅਸੀਂ ਇਥੇ ਬੈਠਦੇ ਹਾਂ ਤੂੰ ਆਪਣੇ ਪਰਿਵਾਰ ਕੋਲੋਂ ਪੁਛ ਕੇ ਆ ਕਿ ਉਹ ਤੇਰਾ ਭਾਰ ਵੰਡਾਉਣਗੇ। ਸੰਤਾਂ ਦੀ ਗਲ ਮੰਨ ਕੇ ਬਾਲਮੀਕ ਘਰ ਗਿਆ ਤੇ ਪਹਿਲਾਂ ਆਪਣੇ ਮਾਤਾ ਪਿਤਾ ਕੋਲੋਂ ਪੁਛਿਆ ਕਿ ਜਿਹੜਾ ਮੈਂ ਲੋਕਾਂ ਨੂੰ ਲੁੱਟ ਕੇ ਤੁਹਾਨੂੰ ਦਿੰਦਾ ਹਾਂ ਕੀ ਅੰਤ ਵੇਲੇ ਮੇਰੇ ਪਾਪਾ ਦਾ ਹਿਸਾ ਵੰਡਾਉਂਗੇ। ਮਾਤਾ ਪਿਤਾ ਨੇ ਉੱਤਰ ਦਿੱਤਾ ਕਿ ਅਸੀਂ ਤੈਨੂੰ ਪਾਲਿਆ ਪੋਸਿਆ ਤੇ ਵੱਡਾ ਕੀਤਾ ਹੈ ਹੁਣ ਤੇਰਾ ਫਰਜ ਹੈ ਕਿ ਤੂੰ ਸਾਡੀ ਸੇਵਾ ਕਰੇਂ ਅਸੀਂ ਤੈਨੂੰ ਕਦੋਂ ਕਹਿੰਦੇ ਹਾਂ ਕਿ ਡਾਕੇ ਮਾਰ। ਅਸੀਂ ਤਾਂ ਰੋਟੀ ਖਾਣੀ ਹੈ ਤੂੰ ਕੋਈ ਹੋਰ ਕਿਰਤ ਕਰ, ਜਿਸ ਵਿਚ ਪਾਪ ਨਾ ਹੋਵੇ ਤੇ ਸਾਨੂੰ ਰੋਟੀ ਕਪੜਾ ਮਿਲ ਜਾਵੇ, ਅਸੀਂ ਤੇਰੇ ਪਾਪਾਂ ਦੇ ਭਾਈਵਾਲ ਨਹੀਂ ਹੋ ਸਕਦੇ। ਫਿਰ ਉਸ ਨੇ ਘਰ ਵਾਲੀ ਨੂੰ ਪੁਛਿਆ ਤਾਂ ਉਸ ਨੇ ਕਿਹਾ, ਮੈਂ ਤੇਰੇ ਲੜ ਲੱਗੀ ਹੋਈ ਹਾਂ ਇਹ ਤੁਹਾਡਾ ਧਰਮ ਹੈ ਕਿ ਤੁਸੀਂ ਮੈਨੂੰ ਰੋਟੀ ਦਿਉ ਮੈਂ ਤੇਰੇ ਪਾਪਾਂ ਦੀ ਜੁੰਮੇਵਾਰ ਨਹੀਂ। ਫਿਰ ਪੁੱਤਰ ਨੂੰ ਪੁਛਿਆ, ਉਸ ਨੇ ਵੀ ਕੋਰਾ ਜਵਾਬ ਦਿੱਤਾ ਕਿ ਪਿਤਾ ਜੀ ਮੈਂ ਤੁਹਾਡੇ ਘਰ ਪੈਦਾ ਹੋਇਆ ਹਾਂ, ਤੁਹਾਡਾ ਫਰਜ ਹੈ ਤੁਸੀਂ ਮੈਨੂੰ ਪਾਲੋ। ਮੈਂ ਨਹੀਂ ਕਹਿੰਦਾ ਕਿ ਤੁਸੀਂ ਪਾਪ ਦੀ ਕਮਾਈ ਕਰੋ, ਨੇਕ ਕਮਾਈ ਕਰਕੇ ਆਪਣਾ ਫਰਜ਼ ਪੂਰਾ ਕਰੋ। ਇਸ ਤਰ੍ਹਾਂ ਦੇ ਕੋਰੇ ਜਵਾਬ ਸੁਣਕੇ ਬਾਲਮੀਕ ਉਦਾਸ ਹੋ ਕੇ ਸੰਤਾਂ ਕੋਲ ਵਾਪਸ ਆ ਪੁੱਜਾ ਅਤੇ ਸਾਰੀ ਵਾਰਤਾ ਸੁਣਾਈ ਕਿ ਕਿਸੇ ਨੇ ਵੀ ਹਾਂ ਨਹੀਂ ਕੀਤੀ, ਮੈਂ ਤਾਂ ਐਵੀਂ ਭੁਲੇਖੇ ਵਿਚ ਰਿਹਾ। ਮੈਂ ਅੱਜ ਤੋਂ ਇਹ ਖੋਟੇ ਕੰਮ ਛੱਡਦਾ ਹਾਂ, ਤੁਸੀਂ ਹੁਣ ਮੈਨੂੰ ਸਿੱਧੇ ਰਸਤੇ ਪਾਉ। ਮੇਰੀ

ਬਾਕੀ ਦੀ ਉਮਰ ਤਾਂ ਸਫਲ ਹੋ ਜਾਵੇ। ਬਾਲਮੀਕ ਨੇ ਉਨ੍ਹਾਂ ਦਾ ਸਾਰਾ ਕੁੱਝ ਵਾਪਸ ਕਰ ਦਿੱਤਾ ਤੇ ਕਿਹਾ, "ਮੇਰੀ ਭੁਲ ਬਖਸ਼ੋ।" ਸੰਤਾਂ ਨੇ ਸੋਚਿਆ, ਹੁਣ ਇਸ ਨੂੰ ਉਪਦੇਸ਼ ਦੇਣ ਦਾ ਠੀਕ ਸਮਾਂ ਹੈ। ਸਾਰੀ ਗੱਲ ਵਿਚਾਰ ਕੇ ਸੰਤਾਂ ਨੇ ਕਿਹਾ, 'ਮਰਾ ਮਰਾ' ਦੇ ਜਾਪ ਦਾ ਰਟਨ ਕਰੀ ਜਾ, ਜਦ ਤਕ ਅਸੀਂ ਵਾਪਸ ਨਾ ਆ ਜਾਈਏ, ਫਿਰ ਆਣ ਕੇ ਅਸੀਂ ਹੋਰ ਉਪਦੇਸ਼ ਦੇਵਾਂਗੇ। ਸੰਤਾਂ ਤੋਂ 'ਮਰਾ ਮਰਾ' ਦੇ ਉਪਦੇਸ਼ ਨੂੰ ਸੁਣ ਕੇ ਬਾਲਮੀਕ ਵਾਰ-ਵਾਰ ਜਪਦਾ ਰਿਹਾ ਜਿਸ ਨਾਲ ਇਸ ਦਾ ਉਚਾਰਨ 'ਰਾਮ ਰਾਮ' ਹੋ ਗਿਆ। ਇਸ ਨਾਮ ਜਪਣ ਕਰਕੇ ਬਾਲਮੀਕ ਨੇ ਜਗਤ ਵਿਚ ਆਦਰ ਸਤਿਕਾਰ ਪਾਇਆ ਤੇ ਪ੍ਰਸਿੱਧ ਹੋਏ। ਆਪ ਨੇ ਸ੍ਰੀ ਰਾਮ ਚੰਦਰ ਜੀ ਦਾ ਰਮਾਇਣ ਪ੍ਰਸੰਗ ਯੁੱਧ ਤੋਂ ਬਹੁਤ ਸਮਾਂ ਪਹਿਲਾਂ ਹੀ ਲਿਖ ਦਿੱਤਾ ਸੀ।

(ੲ)

ਇਸੇ ਤਰ੍ਹਾਂ ਗਨਕਾ ਦਾ ਵੀ ਨਾਮ ਆਉਂਦਾ ਹੈ। ਇੱਕ ਵਾਰ ਇਕ ਮਹਾਤਮਾ ਬਾਰਸ਼ ਹੋਣ ਕਾਰਨ ਇਸ ਦੇ ਬੂਹੇ ਅੱਗੇ ਖੜ੍ਹ ਗਏ ਕਿ ਜਦੋਂ ਬਾਰਸ਼ ਬੰਦ ਹੋਵੇਗੀ ਤਾਂ ਚਲੇ ਜਾਵਾਂਗਾ। ਗਨਕਾ ਨੇ ਦੇਖਿਆ ਕਿ ਕੋਈ ਮਹਾਪੁਰਸ਼ ਬਾਹਰ ਖੜ੍ਹਾ ਹੈ। ਉਸ ਨੇ ਬਹੁਤ ਆਦਰ ਨਾਲ ਅੰਦਰ ਲਿਜਾ ਕੇ ਸੇਵਾ ਕੀਤੀ। ਬਾਰਸ਼ ਬੰਦ ਹੋਣ ਤੇ ਮਹਾਤਮਾ ਜੀ ਜਾਣ ਲੱਗੇ ਤਾਂ ਇਸ ਨੇ ਹੱਥ ਜੋੜ ਕੇ ਬੇਨਤੀ ਕੀਤੀ, ਮੈਂ ਬਹੁਤ ਪਾਪਣ ਹਾਂ, ਮੇਰੀ ਸਾਰੀ ਉਮਰ ਵਿਸ਼ੇ ਵਿਕਾਰਾਂ ਵਿਚ ਹੀ ਮਲੀਨ ਹੋਈ ਹੈ, ਮੇਰੇ ਤੇ ਕ੍ਰਿਪਾ ਕਰੋ, ਮੇਰਾ ਉਧਾਰ ਹੋ ਜਾਵੇ। ਉਸਦੀ ਸ਼ਰਧਾ ਦੇਖ ਕੇ ਮਹਾਤਮਾ ਨੂੰ ਉਸ ਉੱਤੇ ਤਰਸ ਆ ਗਿਆ। ਮਹਾਤਮਾ ਜੀ ਨੇ ਗਨਕਾ ਨੂੰ ਤੋਤਾ ਦਿੰਦਿਆ ਕਿਹਾ ਇਸ ਨੂੰ ਅੰਮ੍ਰਿਤ ਵੇਲੇ 'ਰਾਮ ਰਾਮ' ਪੜ੍ਹਾਇਆ ਕਰ। ਉਹ ਹਰ ਰੋਜ਼ ਤੋਤੇ ਨੂੰ ਰਾਮ ਦਾ ਨਾਮ ਪੜ੍ਹਾਉਣ ਲੱਗੀ। ਪੜ੍ਹਾਉਂਦਿਆਂ ਪੜ੍ਹਾਉਂਦਿਆਂ ਉਸਦੀ ਬੁਧੀ ਪਾਪਾਂ ਤੋਂ ਸਾਫ ਹੋ ਗਈ ਅਤੇ ਅੰਤ ਸਮੇਂ ਸਵਰਗਾਂ ਨੂੰ ਚਲੀ ਗਈ। ਜਿਸ ਤਰ੍ਹਾਂ ਇਸ ਨੂੰ ਇਕ ਵਾਰੀ ਰਾਮ ਨਾਮ ਕਹਿਣ ਦੇ ਨਾਲ ਹਿਰਦੇ ਵਿਚ ਵਸ ਗਿਆ।

ਇਸੇ ਤਰ੍ਹਾਂ ਭਗਤ ਕਬੀਰ ਜੀ ਤੇ ਬਾਲਮੀਕ ਜੀ ਨੂੰ ਵੀ ਇਕ ਵਾਰੀ ਰਾਮ ਕਹਿਣ ਨਾਲ ਹਿਰਦੇ ਵਿਚ ਵਸ ਗਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਕਿੰਨੀ ਵਡਿਆਈ ਹੈ ਕਿ ਉਨ੍ਹਾਂ ਨੇ ਅੰਮ੍ਰਿਤ ਛਕਾਉਣ ਵੇਲੇ ਆਪਣੇ ਗੁਰਸਿਖਾਂ ਨੂੰ ਤੀਹ ਵਾਰੀ ਨਾਮ ਜਪਾਇਆ, ਫਿਰ ਵੀ ਕਿਸੇ ਦੇ ਹਿਰਦੇ ਵਿਚ ਨਾਮ ਨਾ ਵਸੇ ਤਾਂ ਮੰਦੇ ਭਾਗਾਂ ਦੀ ਨਿਸ਼ਾਨੀ ਹੈ। ਪੰਜ ਵਾਰੀ ਮੁੱਖ ਵਿਚ ਅੰਮ੍ਰਿਤ ਪਾਇਆ ਜਾਂਦਾ ਹੈ ਤੇ ਨਾਲ ਨਾਲ 'ਵਾਹਿਗੁਰੂ' ਮੰਤਰ ਦ੍ਰਿੜਾਇਆ ਜਾਂਦਾ ਹੈ, ਇਸ ਨਾਲ ਰਸਨਾ ਪਵਿੱਤਰ ਹੁੰਦੀ ਹੈ। ਪੰਜ ਵਾਰੀ ਦਸਵੇਂ ਦੁਆਰ (ਸਿਰ ਵਿਚ) ਚੂਲ੍ਹੇ ਪਾਏ ਜਾਂਦੇ ਹਨ। ਹਰ ਇਕ ਦੇ ਸਆਸ ਦਸਵੇਂ ਦੁਆਰ ਤੋਂ ਨਿਕਲਦੇ ਹਨ, ਇਸ ਦਾ ਭਾਵ ਇਹ ਹੈ ਕਿ ਅੰਤ ਵੇਲੇ ਸੁਆਸ ਸੋਖ ਨਿਕਲ ਜਾਣ। ਪੰਜ ਵਾਰੀ ਛਿੱਟੇ ਅੱਖਾਂ ਵਿਚ ਮਾਰੇ ਜਾਂਦੇ ਹਨ। ਇਸ ਨਾਲ ਅੱਖਾਂ

ਪਵਿੱਤਰ ਹੋਂਦੀਆਂ ਹਨ, ਇਸ ਕਰਕੇ ਕਿ ਪਰਾਇਆ ਤਨ ਤੇ ਧੰਨ ਇਨ੍ਹਾਂ ਅੱਖਾਂ ਨਾਲ ਨਾ ਦੇਖਿਆ ਜਾਵੇ ਤੇ ਗੁਰੂ ਮਹਾਰਾਜ ਜੀ ਦੇ ਦਰਸ਼ਨ ਹੋ ਸਕਣ । ਸਾਕਤ (ਪਾਪੀ) ਬੰਦਿਆਂ ਦੇ ਅੰਤ ਵੇਲੇ ਸੁਆਸ ਬਹੁਤ ਔਖੇ ਨਿਕਲਦੇ ਹਨ। ਪੈਰ ਦੇ ਅੰਗੂਠੇ ਤੋਂ ਲੈ ਕੇ ਸਿਰ ਦੀ ਚੋਟੀ ਤਕ ਜਾਨ ਨਿਕਲਣ ਵਾਸਤੇ ਜਮਦੂਤ ਬਹੁਤ ਕੁਟਦੇ ਮਾਰਦੇ ਹਨ । ਹਿੰਦੂ ਧਰਮ ਵਿਚ ਵੀ ਲਿਖਿਆ ਹੈ ਕਿ ਸੈ ਬਿਛੂ ਦੇ ਡੰਗ ਮਾਰਨ ਜਿੰਨਾਂ ਦੁਖ ਅੰਤ ਵੇਲੇ ਹੁੰਦਾ ਹੈ। ਕੋਈ ਵੀ ਜੀਵ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਬਚਨ ਹਿਰਦੇ ਵਿਚ ਵਸਾ ਲਵੇ ਤਾਂ ਜੀਵਨ ਮੁਕਤ ਹੋ ਜਾਵੇਗਾ । ਅੰਮ੍ਰਿਤ ਵੇਲੇ ਸੁਆਸ ਸੁਆਸ ਨਾਮ ਜਪਣਾ ਬਹੁਤ ਹੀ ਜ਼ਰੂਰੀ ਹੈ। ਸੁਆਸ ਸੁਆਸ ਨਾਮ ਜਪਣ ਕਰਕੇ ਨਾਮ ਸੁਆਸਾਂ ਦੇ ਅੰਦਰ ਵਸ ਜਾਂਦਾ ਹੈ। ਉਠਦੇ, ਬੈਠਦੇ ਅਤੇ ਸੌਂਦੇ ਨਾਮ ਆਪਣੇ ਆਪ ਚਲਦਾ ਰਹਿੰਦਾ ਹੈ, ਜਦੋਂ ਅੰਤ ਸਮਾਂ ਆਉਂਦਾ ਹੈ ਤਾਂ ਸੁਆਸ ਸੁਆਸ ਸਿਮਰਨ ਕਰਦੇ ਰਹਿਣ ਕਰਕੇ ਨਾਮ ਸੁਆਸਾਂ ਵਿਚ ਵਸਿਆ ਹੁੰਦਾ ਹੈ ਤੇ ਸਿੱਧਾ ਸਚਖੰਡ ਲੈ ਜਾਂਦਾ ਹੈ । ਸਿਮਰਨ ਕਰਦੇ ਕਰਦੇ ਕਈ ਪ੍ਰਾਣੀਆਂ ਨੂੰ ਰਸ ਨਹੀਂ ਆਉਂਦਾ, ਜਿਸ ਤਰ੍ਹਾਂ ਗਿੱਲੀ ਲਕੜੀ ਹੁੰਦੀ ਹੈ ਉਸ ਨੂੰ ਅੱਗ ਲਗਾਉ ਤਾਂ ਥੋੜ੍ਹਾ ਥੋੜ੍ਹਾ ਕਰਕੇ ਅੱਗ ਉਸ ਨੂੰ ਲਗਦੀ ਹੈ । ਉਸ ਨੂੰ ਟਾਇਮ ਲਗਦਾ ਹੈ, ਇਸੇ ਤਰ੍ਹਾਂ ਆਦਮੀ ਨੂੰ ਘਬਰਾਉਣਾ ਨਹੀਂ ਚਾਹੀਦਾ, ਗੁਰੂ ਦਾ ਬਚਨ ਮੰਨ ਕੇ ਸੇਵਾ ਤੇ ਸਿਮਰਨ ਵਿਚ ਲੱਗਾ ਰਹੇ, ਇੱਕ ਦਿਨ ਮਹਾਰਾਜ ਆਪ ਹੀ ਕ੍ਰਿਪਾ ਕਰ ਦੇਣਗੇ। ਜੋ ਸੇਵਾ ਤੇ ਸਿਮਰਨ ਕਰ ਰਹੇ ਹਨ, ਉਸ ਦਾ ਫਲ ਮਹਾਰਾਜ ਜੀ ਨੇ ਜ਼ਰੂਰ ਦੇਣਾ ਹੈ। ਦਾਸ ਨੂੰ 26 ਸਾਲ ਸੇਵਾ ਸਿਮਰਨ ਕਰਦੇ ਨੂੰ ਹੋ ਗਏ । 15-16 ਸਾਲ ਕੋਈ ਰਸ ਨਹੀਂ ਆਇਆ, ਐਸਾ ਸੋਚ ਕੇ ਸੇਵਾ ਕਰਦਾ ਰਿਹਾ ਕਿ ਪ੍ਰਮਾਤਮਾ ਕਦੀ ਨਾ ਕਦੀ ਜ਼ਰੂਰ ਮਿਹਰ ਕਰਨਗੇ। 25-26 ਸਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹਾਜ਼ਰ ਨਾਜ਼ਰ ਸਮਝ ਕੇ ਸੇਵਾ ਕੀਤੀ ਹੈ ਤੇ ਨਾਮ ਤੋਂ ਬਿਨ੍ਹਾਂ ਮੰਗ ਕਿਸੇ ਹੋਰ ਚੀਜ਼ ਦੀ ਨਹੀਂ ਕੀਤੀ। ਗੁਰਦੁਆਰੇ ਜਾ ਕੇ ਪ੍ਰਸ਼ਾਦੇ ਬਣਾਉਣ ਦੀ ਸੇਵਾ ਅਤੇ ਸਿਮਰਨ ਕਰਨਾ। ਇਕ ਪਾਸੇ ਦਾਸ ਬੋਲਦਾ ਸੀ, ਦੂਸਰੇ ਪਾਸੇ ਬੀਬੀਆਂ ਬੋਲਦੀਆਂ ਸਨ। ਸਤਿਨਾਮ ਵਾਹਿਗੁਰੂ ਦਾ ਸਿਮਰਨ ਕਰਦੇ ਰਹਿਣਾ।

ਇੱਕ ਦਿਨ ਗਿਆਨੀ ਅਮੋਲਕ ਸਿੰਘ ਕੈਂਪ ਵਿਚ ਮਿਲੇ । ਬੱਚੇ ਖੇਲਣ ਚਲੇ ਗਏ। ਅਸੀਂ ਦੋਨੋ ਗੁਰਮਤ ਦੀ ਵਿਚਾਰ ਕਰਨ ਲੱਗੇ। ਮੈਂ ਗਿਆਨੀ ਜੀ ਨੂੰ ਦੱਸਿਆ, ਜਦੋਂ ਸਿਮਰਨ ਕਰਦਾ ਹਾਂ, ਕਈ ਕੁਦਰਤੀ ਨਜ਼ਾਰੇ ਅੱਖਾਂ ਸਾਹਮਣੇ ਆ ਜਾਂਦੇ ਹਨ । ਸ਼ਹੀਦ ਸਿੰਘ ਕਾਫੀ ਸਹਾਇਤਾ ਕਰਦੇ ਹਨ। ਜਦੋਂ ਕਦੀ ਮੈਂ ਸਮੇਂ ਸਿਰ ਨਾ ਉਠਾਂ ਤਾਂ ਕੋਈ ਆ ਕੇ ਘੰਟੀ ਖੜਕਾਉਂਦਾ ਹੈ, ਬਾਹਰ ਦੇਖਦਾ ਹਾਂ ਤਾਂ ਕੋਈ ਵੀ ਨਹੀਂ ਹੁੰਦਾ । ਕਦੀ ਕਦੀ ਕਹਿੰਦੇ ਹਨ "ਚਲ ਉਠ ਨਾਮ ਸਿਮਰ" ਕਈ ਚੀਜ਼ਾਂ ਦਾ ਆਪ ਹੀ ਪਤਾ ਲੱਗ ਜਾਂਦਾ ਹੈ, ਕਿ ਕਲ੍ਹ ਨੂੰ ਕੀ ਹੋਣ ਵਾਲਾ ਹੈ।

ਗਿਆਨੀ ਜੀ ਨੇ ਇੰਨੀ ਗਲ ਸੁਣ ਕੇ ਮੈਨੂੰ ਸਮਝਾਇਆ ਕਿ ਤੇਰੇ ਉਪਰ ਗੁਰੂ ਦੀ ਕ੍ਰਿਪਾ ਹੈ, ਇਹ ਆਮ ਬੰਦੇ ਨੂੰ ਨਹੀਂ ਦੱਸਣਾ ਅਤੇ ਆਪ ਬੀਤੀ ਦਸਦਿਆਂ ਕਿਹਾ,

ਇੱਕ ਦਿਨ ਭਾਈ ਅਮਰੀਕ ਸਿੰਘ ਸਾਡੇ ਘਰ ਆਏ। ਉਸ ਨੇ ਕਿਹਾ, ਅੱਜ ਮੈਂ ਚਾਰ ਸੁਖਮਨੀ ਸਾਹਿਬ ਦੇ ਪਾਠ ਕੀਤੇ ਹਨ। ਮੈਂ ਜਵਾਬ ਦਿੱਤਾ, "ਤੈਨੂੰ ਕੀ ਪਤਾ ਮੈਂ ਸਾਰੀ ਰਾਤ ਹੀ ਸੁਖਮਨੀ ਸਾਹਿਬ ਦਾ ਪਾਠ ਕਰਦਾ ਰਹਿੰਦਾ ਹਾਂ। ਮੈਂ ਨਾਲੇ ਕੰਮ ਕਰਦਾ ਹਾਂ ਤੇ ਨਾਲੇ ਪਾਠ ਕਰਦਾ ਰਹਿੰਦਾ ਹਾਂ, ਮੇਰੇ ਰੋਜ਼ਾਨਾ 6-7 ਪਾਠ ਹੋ ਜਾਂਦੇ ਹਨ। (ਗਿਆਨੀ ਜੀ ਉਸ ਵੇਲੇ ਰਾਤਾਂ ਨੂੰ ਕੰਮ ਕਰਦੇ ਸਨ) ਇਨ੍ਹਾਂ ਦੱਸਣ ਦੇ ਨਾਲ ਦੁਬਾਰਾ ਕਦੀ ਵੀ ਇੰਨੇ ਪਾਠ ਨਹੀਂ ਹੋਏ।

ਮੈਂ ਗਿਆਨੀ ਜੀ ਨੂੰ ਦੱਸਿਆ, ਮੇਰੇ ਨਾਲ ਵੀ ਐਸਾ ਹੀ ਹੋਇਆ। ਜਦੋਂ ਸ਼ੁਰੂ ਸੁਰੂ ਵਿਚ ਮੂਲਮੰਤਰ ਦੇ ਪਾਠ 12-13 ਘੰਟੇ ਕਰਦਾ ਸੀ ਤੇ ਮੈਂ ਦੱਸ ਦਿੱਤਾ ਤਾਂ ਫਿਰ ਇੰਨੇ ਘੰਟੇ ਕਦੀ ਨਹੀਂ ਹੋਏ। ਗਿਆਨੀ ਜੀ ਨੇ ਸਮਝਾਇਆ, ਜਿਸ ਤਰ੍ਹਾਂ ਬੈਂਕ ਵਿਚ ਪੈਸੇ ਹਨ ਕਿਸੇ ਨੂੰ ਨਾ ਦੱਸੇ ਤਾਂ ਚੰਗਾ ਹੈ, ਇਸੇ ਤਰ੍ਹਾਂ ਹੀ ਨਾਮ ਧੰਨ ਹੈ, ਜਿੰਨੀ ਇਸ ਦੀ ਸੰਭਾਲ ਕੀਤੀ ਜਾਵੇ, ਉਤਨਾ ਚੰਗਾ ਹੈ। ਗਿਆਨੀ ਜੀ ਨੇ ਕਿਹਾ ਕਿ ਮੈਂ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਸੰਗਤ ਕੀਤੀ ਹੈ। ਬਾਬਾ ਈਸ਼ਰ ਸਿੰਘ ਤੇ ਬਾਬਾ ਪੂਰਨ ਸਿੰਘ ਕਰੀਚੋ ਵਾਲਿਆਂ ਦੀ ਸੰਗਤ ਵੀ ਕੀਤੀ ਹੈ। ਇਨ੍ਹਾਂ ਤੋਂ ਪਤਾ ਲਗਦਾ ਹੈ ਕਿ ਇਨ੍ਹਾਂ ਨੇ ਨਾਮ ਧੰਨ ਕਿਸ ਤਰ੍ਹਾਂ ਛੁਪਾ ਕੇ ਰੱਖਿਆ। ਕਈ ਗੁਰਸਿੱਖ ਭਾਈ ਸਾਹਿਬ ਜੀ ਨੂੰ ਕਹਿੰਦੇ ਸਨ ਕਿ ਸਾਡੇ ਤੇ ਵੀ ਕ੍ਰਿਪਾ ਕਰੋ। ਭਾਈ ਸਾਹਿਬ ਉਨ੍ਹਾਂ ਨੂੰ ਕਹਿੰਦੇ ਸਨ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਦਰ ਸਭ ਵਾਸਤੇ ਖੁੱਲ੍ਹਾ ਹੈ, ਜਿਸ ਤਰ੍ਹਾਂ ਮੈਂ ਸਿਮਰਨ ਕਰਦਾ ਹਾਂ ਤੁਸੀਂ ਵੀ ਕਰੋ। ਤੁਹਾਡੀ ਵੀ ਚੜ੍ਹਦੀ ਕਲਾ ਹੋ ਜਾਵੇਗੀ। ਮੇਰੇ ਮੰਗਤੇ ਕੋਲੋਂ ਕੀ ਮੰਗਣਾ। ਸ੍ਰੀ ਗੁਰੂ ਨਾਨਕ ਦੇਵ ਜੀ ਕੋਲੋਂ ਮੰਗੋ ਜਿਸ ਕੋਲ ਸਾਰਾ ਖਜ਼ਾਨਾ ਪਿਆ ਹੈ, ਗਿਆਨੀ ਜੀ ਦੇ ਬਚਨ ਸੁਣ ਕੇ ਮੇਰੇ 'ਤੇ ਬਹੁਤ ਅਸਰ ਹੋਇਆ ਅਤੇ ਸੋਝੀ ਆ ਗਈ। ਉਸ ਤੋਂ ਬਾਅਦ ਮੈਂ ਕਿਸੇ ਨਾਲ ਰਿਧੀਆਂ ਸਿਧੀਆਂ ਦੀ ਗੱਲ ਨਹੀਂ ਕੀਤੀ ਕਿਉਂਕਿ ਜੋ ਵੀ ਫਲ ਬੀਜਦੇ ਹਾਂ, ਉਸ ਦਾ ਫਲ ਚੱਖਣ ਵਾਸਤੇ ਉਡੀਕ ਕਰਨੀ ਪੈਂਦੀ ਹੈ। ਜਿਸ ਤਰ੍ਹਾਂ ਅੰਬ ਤੇ ਸੰਤਰੇ ਦਾ ਬੂਟਾ ਆਦਿਕ ਇਨ੍ਹਾਂ ਨੂੰ ਫਲ ਲਗਣ ਵਾਸਤੇ 15-20 ਸਾਲ ਲਗ ਜਾਂਦੇ ਹਨ। ਇੱਕ ਵਾਰ ਦਾਸ ਮਲੇਸ਼ੀਆ ਭਾਈ ਬਲਵੀਰ ਸਿੰਘ ਤੇ ਬੀਬੀ ਹਰਵਿੰਦਰ ਕੌਰ ਨੂੰ ਮਿਲਣ ਗਿਆ। ਇਨ੍ਹਾਂ ਦਾ ਇੱਕ ਦੋਸਤ ਡਾਕਟਰ ਹਰਚਰਨ ਸਿੰਘ ਮਿਲਣ ਆਇਆ ਤੇ ਉਸਨੇ ਬੇਨਤੀ ਕੀਤੀ, ਮੈਂ ਭਾਈ ਸਾਹਿਬ ਨੂੰ ਪ੍ਰਸ਼ਾਦਾ ਛਕਾਉਣਾ ਹੈ। ਅਸੀਂ ਉਨ੍ਹਾਂ ਦੇ ਘਰ ਗਏ। ਖਾਣਾ ਖਾਣ ਤੋਂ ਬਾਅਦ ਮੈਂ ਗਾਰਡਨ ਦੇਖਣ ਚਲਾ ਗਿਆ। ਗਾਰਡਨ ਵਿੱਚ ਅੰਬਾਂ ਦਾ ਬੂਟਾ ਵੱਡੇ ਵੱਡੇ ਅੰਬਾਂ ਨਾਲ ਲੱਦਿਆ ਪਿਆ ਸੀ। ਦਾਸ ਨੇ ਡਾਕਟਰ ਨੂੰ ਕਿਹਾ, ਅੰਬ ਤਾਂ ਬਹੁਤ ਮਿੱਠੇ ਲੱਗਦੇ ਹਨ। ਉਸਨੇ ਜਵਾਬ ਦਿੱਤਾ, "ਭਾਈ ਸਾਹਿਬ ਜੀ, ਇਹ ਪਹਿਲਾ ਫਲ ਲੱਗਿਆ ਹੈ। ਸਾਡੇ ਪਿਤਾ ਜੀ ਨੇ 20 ਸਾਲ ਪਹਿਲਾਂ ਲਗਾਇਆ ਸੀ। ਉਨ੍ਹਾਂ ਨੇ ਸਵਾਦ ਨਹੀਂ ਦੇਖਿਆ। ਸਾਡੀ ਕਿਸਮਤ ਵਿੱਚ ਵੀ ਨਹੀਂ ਲੱਗਦਾ। ਅਸੀਂ ਵੱਡਾ ਘਰ ਖਰੀਦਿਆ ਹੈ ਤੇ ਇਥੋਂ ਜਾ ਰਹੇ ਹਾਂ।" ਜਿਸ ਤਰ੍ਹਾਂ ਅੰਬ ਦਾ ਮਿੱਠਾ ਫਲ ਖਾਣ ਵਾਸਤੇ ਉਡੀਕ ਕਰਨੀ ਪੈਂਦੀ ਹੈ ਇਸੇ ਤਰ੍ਹਾਂ

ਨਾਮ ਦਾ ਮਿਠਾ ਰਸ ਮਿਲਣ ਲਈ ਸਮਾਂ ਲਗ ਜਾਂਦਾ ਹੈ । ਨਾਮ ਦਾ ਰਸ ਵਾਹਿਗੁਰੂ ਨੇ ਡੂੰਘਾ ਰੱਖਿਆ ਹੈ, ਹਿਰਦੇ ਦੇ ਬਹੁਤ ਅੰਦਰ ਵਸਾਇਆ ਹੈ । ਦੁਨੀਆ ਦੇ ਰਸ, ਖੇਲ ਤਮਾਸ਼ੇ, ਟੈਲੀਵੀਜ਼ਨ, ਭੋਜਨ ਦੇ ਰਸ, ਕਾਮ ਰਸ ਤੇ ਹੋਰ ਦੁਨੀਆਂ ਦੇ ਰਸ ਬਹੁਤ ਛੇਤੀ ਆ ਜਾਂਦੇ ਹਨ, ਪਰ ਨਾਮ ਦਾ ਰਸ ਜਦੋਂ ਗੁਰੂ ਕ੍ਰਿਪਾ ਕਰੇ ਉਸ ਵੇਲੇ ਹੀ ਆਉਂਦਾ ਹੈ । ਫਿਰ ਤੁਹਾਡੀ ਆਤਮਾ ਨਾਮ ਵਿਚ ਰਸੀ ਜਾਵੇਗੀ । ਹਰੇਕ ਗੁਰਸਿਖ ਇਹ ਹੀ ਚਾਹੁੰਦਾ ਹੈ ਕਿ ਮੈਂ ਅੱਜ ਹੀ ਅੰਮ੍ਰਿਤ ਛਕਿਆ ਹੈ, ਅੱਜ ਹੀ ਰਸ ਆ ਜਾਵੇ, ਇਸ ਵਾਸਤੇ ਬਹੁਤ ਹੀ ਘਾਲਣਾ ਘਾਲਣੀ ਪੈਂਦੀ ਹੈ । ਕਈ ਪ੍ਰਾਣੀ ਹਾਰ ਜਾਂਦੇ ਹਨ ਕਿ ਰਸ ਨਹੀਂ ਆਇਆ, ਉਹ ਸੋਚਦੇ ਹਨ ਕਿ ਕਦੀ ਵੀ ਨਹੀਂ ਆਵੇਗਾ ਅਤੇ ਗੁਰਸਿੱਖੀ ਛੱਡ ਜਾਂਦੇ ਹਨ । ਮੈਂ ਵੀ ਕਾਫੀ ਸਿਮਰਨ ਕੀਤਾ ਪਰ ਡੋਲਿਆ ਨਹੀਂ, ਗੁਰੂ ਦਾ ਹੁਕਮ ਮੰਨ ਕੇ ਸਿਮਰਨ ਵਿਚ ਲੱਗਾ ਰਿਹਾ । ਸਿਮਰਨ ਕਰਦਿਆਂ ਕਰਦਿਆਂ ਇਕ ਦਿਨ ਐਸਾ ਆਇਆ ਕਿ ਜਿਸ ਤਰ੍ਹਾਂ ਇਹ ਸ਼ਬਦ ਹੈ :

ਰੀ ਕਲਵਾਰਿ ਗਵਾਰਿ ਮੂਢ ਮਤਿ ਉਲਟੋ ਪਵਨੁ ਫਿਰਾਵਉ ॥
ਮਨ ਮਤਵਾਰ, ਮੇਰ ਸਰ ਭਾਠੀ ਅੰਮ੍ਰਿਤ ਧਾਰ ਚੁਆਵਉ ॥ 1 ॥
ਬੋਲਹੁ ਭਈਆ ਰਾਮ ਕੀ ਦੁਹਾਈ ॥
ਪੀਵਹੁ ਸੰਤ ਸਦਾ ਮਤਿ ਦੁਰਲਭ ਸਹਜੇ ਪਿਆਸ ਬੁਝਾਈ ॥ 1 ॥ ਰਹਾਉ ॥
ਭੈ ਬਿਚਿ ਭਾਉ ਭਾਇ ਕੋਊ ਬੂਝਹਿ, ਹਰਿ ਰਸੁ ਪਾਵੈ ਭਾਈ ॥
ਜੇਤੇ ਘਟ ਅੰਮ੍ਰਿਤੁ ਸਭ ਹੀ ਮਹਿ, ਭਾਵੈ ਤਿਸਹਿ ਪੀਆਈ ॥ 2 ॥
ਨਗਰੀ ਏਕੈ ਨਉ ਦਰਵਾਜੇ, ਧਾਵਤੁ ਬਰਜਿ ਰਹਾਈ ॥
ਤ੍ਰਿਕੁਟੀ ਛੂਟੈ, ਦਸਵਾ ਦਰੁ ਖੂਲੈ, ਤਾ ਮੁਨ ਖੀਵਾ ਭਾਈ ॥ 3 ॥
ਅਭੈ ਪਦ ਪੂਰਿ ਤਾਪ ਤਹ ਨਾਸੇ, ਕਹਿ ਕਬੀਰ ਬੀਚਾਰੀ ॥
ਉਬਟ ਚਲੰਤੇ ਇਹੁ ਮਦੁ ਪਾਇਆ, ਜੈਸੇ ਖੋਂਦ ਖੁਮਾਰੀ ॥ 4 ॥ 3 ॥

*(ਰਾਗੁ ਕੇਦਾਰਾ ਬਾਣੀ ਕਬੀਰ ਜੀਉ ਕੀ ਪੰ:-1123)*

ਇਕ ਦਮ ਇਸੇ ਤਰ੍ਹਾਂ ਸੁਆਸ ਦਸਮੇਂ ਦੁਆਰ ਚੜ੍ਹਨ ਲੱਗੇ, ਜਿਸ ਤਰ੍ਹਾਂ ਜੋਗੀਆਂ ਨੂੰ 30–40 ਸਾਲ ਅਭਿਆਸ ਕਰਨ ਤੋਂ ਬਾਅਦ ਪ੍ਰਾਪਤ ਹੁੰਦੇ ਹਨ । ਜੋਗੀ ਆਪਣੇ ਸੁਆਸ (ਦਸਵੇ ਦੁਆਰ) ਚੜ੍ਹਾ ਲੈਂਦੇ ਹਨ, ਪਰ ਇਨ੍ਹਾਂ ਦੇ ਸੁਆਸ ਫੋਕੇ ਹੁੰਦੇ ਹਨ । ਜਿਹੜੇ ਗੁਰਸਿਖ ਅੰਮ੍ਰਿਤ ਛਕ ਕੇ ਸੁਆਸ ਸੁਆਸ ਵਾਹਿਗੁਰੂ ਦਾ ਸਿਮਰਨ ਸੁਆਸਾਂ ਦੇ ਅੰਦਰ ਵਸਾ ਲੈਂਦੇ ਹਨ, ਉਨ੍ਹਾਂ ਦਾ ਸਿਮਰਨ ਆਪਣੇ ਆਪ ਚਲਦਾ ਰਹਿੰਦਾ ਹੈ । ਸੁਆਸਾਂ ਦੇ ਅੰਦਰ ਵਸਿਆ ਨਾਮ ਸਿੱਧਾ ਸਚਖੰਡ ਲੈ ਜਾਂਦਾ ਹੈ । ਸੁਆਸ ਉਪਰ ਚੜ੍ਹਾਉਣ ਦਾ ਤਰੀਕਾ ਮੈਨੂੰ ਕਿਸੇ ਨੇ ਦੱਸਿਆ ਨਹੀਂ, ਵਾਹਿਗੁਰੂ ਨੇ ਆਪ ਹੀ ਮਿਹਰ ਕਰ ਦਿਤੀ । ਸਿਮਰਨ ਕਰਦਿਆਂ ਕਰਦਿਆਂ 15–20 ਸਾਲਾਂ ਬਾਅਦ ਅਚਾਨਕ ਇਕ ਦਿਨ 'ਉਲਟੋ ਪਵਨ ਫਿਰਾਵਉ' ਦੇ ਵਾਂਗ ਸੁਆਸ ਉਪਰ ਨੂੰ ਚਲਣ ਲਗੇ । ਮੇਰੀ

ਤ੍ਰਿਕੁਟੀ ਤੇ ਖਾਰਸ਼ ਆਉਣ ਲੱਗੀ ਮੈਂ ਵਾਰ ਵਾਰ ਮੱਥੇ ਤੇ ਹੱਥ ਫੇਰਨ ਲੱਗਾ । ਜਦੋਂ ਸੁਆਸ ਇਥੇ ਪਹੁੰਚਦੇ ਹਨ ਤਾਂ ਫੁਰਨੇ ਬਿਲਕੁਲ ਬੰਦ ਹੋ ਜਾਂਦੇ ਹਨ । ਮਨ ਟਿਕਾਉ ਵਿਚ ਆ ਜਾਂਦਾ ਹੈ, ਤੇ ਇਸ ਤਰ੍ਹਾਂ ਲਗਦਾ ਹੈ ਕਿ ਸਿਮਰਨ ਕਰਦੇ ਹੀ ਰਹੀਏ । ਸਰੀਰ ਸੁੰਨ ਹੋ ਜਾਂਦਾ ਹੈ । ਸਭ ਤੋਂ ਪਹਿਲਾਂ ਪੈਰ ਸੁੰਨ ਹੁੰਦੇ ਹਨ । । ਸਰੀਰ ਦਾ ਕੋਈ ਪਤਾ ਨਹੀਂ ਲਗਦਾ, ਹੈ ਕਿ ਨਹੀਂ । ਮੈਨੂੰ ਇਸ ਮੰਜ਼ਿਲ ਤੇ ਪਹੁੰਚਣ ਲਈ ਕਈ-ਕਈ ਘੰਟੇ ਗੁਰਦੁਆਰੇ ਜਾ ਕੇ ਸਿਮਰਨ ਤੇ ਸੇਵਾ ਕਰਨੀ ਪਈ, ਗੱਲਾਂ ਬਾਤਾਂ ਨਾਲ ਕੋਈ ਗੱਲ ਨਹੀਂ ਬਣੇਗੀ, ਨਾ ਰਸ ਆਵੇਗਾ ।

**ਇਕਿ ਫਿਰਹਿ ਘਨੇਰੇ ਕਰਹਿ ਗਲਾ ਗਲੀ ਕਿਨੈ ਨ ਪਾਇਆ ॥**

*(ਅਨੰਦ ਸਾਹਿਬ)*

*****

# ਲੰਗਰ ਅਤੇ ਪੰਗਤ ਦੀ ਮਰਿਆਦਾ

ਅੰਮ੍ਰਿਤ ਸੰਚਾਰ ਲਈ ਭਾਈ ਸੁਬੇਗ ਸਿੰਘ ਨੇ ਜਥੇ ਨੂੰ ਆਸਟਰੇਲੀਆਂ ਅਤੇ ਨਿਊਜ਼ੀਲੈਂਡ ਬੁਲਾਇਆ। ਪਹਿਲਾ ਅੰਮ੍ਰਿਤ ਸੰਚਾਰ ਸਿਡਨੀ ਅਤੇ ਦੂਸਰਾ ਔਕਲੈਂਡ ਵਿਖੇ ਹੋਇਆ। ਜਥੇ ਦੀ ਰਹਾਇਸ਼ ਦਾ ਪ੍ਰੋਗਰਾਮ ਗੁਰਦੁਆਰਾ ਸਾਹਿਬ ਵਿਖੇ ਹੀ ਸੀ। ਗੁਰਦੁਆਰਾ ਸਾਹਿਬ ਦੇ ਜਨਰਲ ਸੈਕਟਰੀ ਪਿਆਰਾ ਸਿੰਘ ਨੇ ਸਾਡੀ ਮੁਲਾਕਾਤ ਡਾਕਟਰ ਪ੍ਰੀਤਮ ਸਿੰਘ ਨਾਲ ਕਰਵਾਈ ਅਤੇ ਦੱਸਿਆ ਕਿ ਦੁਨੀਆਂ ਵਿਚ ਇਹ ਕਾਫੀ ਮਸ਼ਹੂਰ ਡਾਕਟਰ ਹੈ। ਗੁਰੂ ਦੀ ਵਡਿਆਈ ਹੈ ਕਿ ਇਹ ਇਤਨੀ ਵਿਦਿਆ ਪ੍ਰਾਪਤ ਕਰਕੇ ਵੀ ਸਿੱਖੀ ਰਹਿਤ ਵਿਚ ਪੂਰੇ ਹਨ। ਇਨ੍ਹਾਂ ਨੂੰ ਕੀਰਤਨ ਸੁਣਨ ਦਾ ਬਹੁਤ ਸ਼ੌਂਕ ਹੈ। ਜਿਹੜਾ ਵੀ ਰਾਗੀ ਜਥਾ ਕੀਰਤਨ ਕਰਨ ਆਉਂਦਾ ਹੈ ਇਹ ਉਨ੍ਹਾਂ ਦਾ ਕੀਰਤਨ ਰਿਕਾਰਡ ਕਰਕੇ ਸੰਗਤਾਂ ਵਿਚ ਵੰਡਦੇ ਹਨ। ਇਹ ਇਤਨੇ ਤਿਆਗੀ ਹਨ ਕਿ ਪ੍ਰਧਾਨ ਬਣਨ ਵਾਸਤੇ ਤਿਆਰ ਨਹੀਂ ਕਹਿੰਦੇ ਮੈਂ ਇਹ ਸੇਵਾ ਕਰਨ ਦੇ ਲਾਇਕ ਨਹੀਂ, ਕਈ ਐਸੇ ਸੱਜਣ ਹਨ ਜਿਹਨਾਂ ਨੂੰ ਗੁਰਬਾਣੀ ਦਾ ਕੋਈ ਗਿਆਨ ਨਹੀਂ ਪਰ ਕੁਰਸੀ ਵਾਸਤੇ ਪ੍ਰਧਾਨ ਬਣਨ ਨੂੰ ਤਿਆਰ ਰਹਿੰਦੇ ਹਨ।

ਗੁਰਦੁਆਰਾ ਸਾਹਿਬ ਅੰਦਰ ਦੋ ਪਾਰਟੀਆਂ ਦਾ ਝਗੜਾ ਹੋ ਰਿਹਾ ਸੀ। ਪਹਿਲੀ ਪਾਰਟੀ ਕਹਿੰਦੀ ਕਿ ਕੁਰਸੀਆਂ ਉਪਰ ਬੈਠ ਕੇ ਲੰਗਰ ਛਕਾਉਣਾ ਹੈ। ਨਵੀਂ ਪਾਰਟੀ ਦੇ ਪ੍ਰਧਾਨ ਭਾਈ ਜਸਵੀਰ ਸਿੰਘ ਨੇ ਕਿਹਾ ਕਿ ਅਸੀਂ ਗੁਰੂ ਘਰ ਦੀ ਮਰਿਆਦਾ ਸ਼ੁਰੂ ਕਰਨੀ ਹੈ। ਜਿਸ ਤਰ੍ਹਾਂ ਸ੍ਰੀ ਹਰਿਮੰਦਰ ਸਾਹਿਬ ਸੰਗਤ ਨੂੰ ਪੰਗਤ ਵਿਚ ਬਿਠਾ ਕੇ ਦਸ ਮਿੰਟ ਵਾਹਿਗੁਰੂ ਦਾ ਸਿਮਰਨ ਕਰਾਉਂਦੇ ਹਨ, ਉਸੇ ਤਰ੍ਹਾਂ ਇਥੇ ਵੀ ਸ਼ੁਰੂ ਕਰਨਾ ਚਾਹੁੰਦੇ ਹਾਂ। ਜਿਹੜਾ ਲੰਗਰ ਕਰਾਉਂਦਾ ਹੈ ਉਸਦਾ ਵੀ ਭਲਾ ਹੋਵੇਗਾ। ਅਖੀਰ ਦੋਨਾਂ ਪਾਰਟੀਆਂ ਨੇ ਸਲਾਹ ਕੀਤੀ ਜਿਸ ਤਰ੍ਹਾਂ ਡਾਕਟਰ ਪ੍ਰੀਤਮ ਸਿੰਘ ਫੈਸਲਾ ਕਰੇ, ਸਾਨੂੰ ਮਨਜ਼ੂਰ ਹੈ। ਡਾਕਟਰ ਨੇ ਸਲਾਹ ਦਿੱਤੀ, ਅਸੀਂ ਘਰ ਹਮੇਸ਼ਾ ਕੁਰਸੀਆਂ ਉਪਰ ਬੈਠ ਕੇ ਪ੍ਰਸ਼ਾਦਾ ਛਕਦੇ ਹਾਂ, ਅਗਰ ਗੁਰੂ ਘਰ ਦਸ ਮਿੰਟ ਥੱਲੇ ਬੈਠ ਕੇ ਲੰਗਰ ਛੱਕ ਵੀ ਲਿਆ ਤਾਂ ਕੀ ਹਰਜ ਹੈ। ਗੁਰੂ ਘਰ ਸਾਨੂੰ ਨੀਵੇਂ ਹੋ ਕੇ ਬੈਠਣਾ ਚਾਹੀਦਾ ਹੈ। ਇਹ ਹੀ ਗੁਰਮਰਿਆਦਾ ਹੈ। ਇਸ ਵਿਚ ਸਾਰਿਆਂ ਦਾ ਭਲਾ ਹੈ। ਇਕ ਤਾਂ ਸਿਮਰਨ ਹੋ ਜਾਂਦਾ ਹੈ, ਦੂਸਰਾ ਗੁਰੂ ਘਰ ਵਿਚ ਜਿਤਨਾ ਨਿਮਰਤਾ ਵਿਚ ਰਹੇ ਉਤਨਾ ਹੀ ਫਲ ਮਿਲਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਆਪ ਨੂੰ ਨੀਵਾਂ ਸਮਝਿਆ, ਤੁਸੀਂ ਸ੍ਰੀ ਗੁਰੂ ਨਾਨਕ ਦੇਵ ਜੀ ਨ਼ਾਲੋਂ ਵੱਡੇ ਨਹੀਂ ਹੋ। ਉਹਨਾਂ ਦਾ ਫੈਸਲਾ ਦੋਨਾਂ ਪਾਰਟੀਆਂ ਨੇ ਮਨਜ਼ੂਰ ਕਰ ਲਿਆ ਅਤੇ ਹੁਣ ਉਸ ਦਿਨ ਤੋਂ ਸੰਗਤ ਪੰਗਤ ਵਿਚ ਬੈਠ ਕੇ ਲੰਗਰ ਛਕਦੀ ਹੈ।

ਇਸੇ ਤਰ੍ਹਾਂ ਇੰਗਲੈਂਡ ਵਿਚ ਡਾਰਲਿੰਗਟਨ ਗੁਰਦੁਆਰੇ ਪੰਗਤ ਲਗਾ ਕੇ ਪਹਿਲਾਂ ਸਿਮਰਨ ਕਰਦੇ ਹਨ, ਫਿਰ ਲੰਗਰ ਛਕਾਉਂਦੇ ਹਨ। ਸ਼ੇਪਰਡਜ਼ਬੁਸ਼ ਅਤੇ ਡਰਬੀ ਗੁਰੂ ਅਰਜਨ ਦੇਵ ਜੀ ਗੁਰਦੁਆਰਾ ਸਾਹਿਬ ਵਿਖੇ ਵੀ ਇਹ ਹੀ ਮਰਿਆਦਾ ਹੈ। ਗੁਰੂ

ਕੇ ਲੰਗਰ ਵਿਚ ਕਿਸੇ ਵਿਅਕਤੀ ਨੂੰ ਖਾਸ ਮਾਣ ਦੇਣਾ, ਲੰਗਰ ਦੀ ਮਰਿਆਦਾ ਦੀ ਘੋਰ ਉਲੰਘਣਾ ਹੈ। ਭਾਵੇਂ ਉਹ ਕਿਸੇ ਸਿੱਖ ਸੰਪਰਦਾ ਦਾ ਹੀ ਆਗੂ ਕਿਉਂ ਨਾ ਹੋਵੇ। ਪਹਿਲਾਂ ਪੰਗਤ ਵਿਚ ਬੈਠੀ ਸੰਗਤ ਨੂੰ ਛੱਡ ਕੇ ਕਿਸੇ ਖਾਸ ਵਿਅਕਤੀ ਲਈ ਅਲੱਗ ਪੰਗਤ ਲਗਾ ਕੇ ਉਹਨਾਂ ਨੂੰ ਪਹਿਲਾਂ ਲੰਗਰ ਛਕਾਉਣਾ, ਗੁਰੂ ਕੀ ਸੰਗਤ ਦੀ ਭਾਰੀ ਬੇਅਦਬੀ ਹੈ। ਸੰਗਤ ਅਤੇ ਪੰਗਤ ਦੀ ਮਰਿਆਦਾ ਨੂੰ ਕਾਇਮ ਰੱਖਣ ਲਈ ਹਰ ਸਿੱਖ ਨੂੰ ਇਸ ਤਰ੍ਹਾਂ ਦੀ ਬੇਅਦਬੀ ਤੋਂ ਬਚਣਾ ਚਾਹੀਦਾ ਹੈ।

*****

# ਚੰਚਲ ਮਨ ਦੀ ਨਿਸ਼ਾਨੀ

(ੳ)

ਇੱਕ ਦਿਨ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਮਹਾਰਾਜ ਜੀ ਗੁਰਸਿੱਖਾਂ ਨਾਲ ਜੰਗਲ ਵਿਚ ਦੀ ਜਾ ਰਹੇ ਸਨ। ਜਾਣੀ ਜਾਣ ਸਤਿਗੁਰੂ ਇਕ ਦਰੱਖਤ ਥੱਲੇ ਖੜ੍ਹੇ ਹੋ ਗਏ। ਇਕ ਸਿੱਖ ਨੂੰ ਕਿਹਾ, "ਇਸ ਦਰੱਖਤ ਉਪਰ ਚੜ੍ਹ ਕੇ ਇੱਕ ਕਾਂ ਦੇ ਬੱਚੇ ਦਾ ਗਲਾ ਘੁਟ ਦੇ, ਉਸਦਾ ਉਧਾਰ ਕਰਨਾ ਹੈ।" ਸੇਵਾਦਾਰ ਦਰੱਖਤ ਉੱਤੇ ਚੜ੍ਹ ਗਿਆ ਤੇ ਕਿਹਾ, ਗੁਰੂ ਜੀ ਇਥੇ ਤਾਂ ਕਈ ਕਾਵਾਂ ਦੇ ਬੱਚੇ ਹਨ ਕਿਹੜੇ ਦਾ ਗਲਾ ਘੁਟਣਾ ਹੈ ? ਗੁਰੂ ਜੀ ਨੇ ਕਿਹਾ, ਉਹ ਆਪੇ ਹੀ ਸ਼ੋਰ ਮਚਾਏਗਾ।

ਇਸ ਤਰ੍ਹਾਂ ਮਹਾਰਾਜ ਜੀ ਨੇ ਉਸਦਾ ਉਧਾਰ ਕੀਤਾ। ਸਾਰੇ ਸਿੱਖ ਸੋਚਣ ਕਿ ਮਹਾਰਾਜ ਜੀ ਨੇ ਇਹ ਕੀ ਕੌਤਕ ਵਰਤਾਇਆ ! ਇਕ ਸੇਵਾਦਾਰ ਨੇ ਪੁਛਿਆ, ਮਹਾਰਾਜ ਜੀ ! ਇਸ ਦਾ ਕੀ ਕਸੂਰ ਸੀ। ਮਹਾਰਾਜ ਜੀ ਨੇ ਸੰਗਤਾਂ ਨੂੰ ਦੱਸਿਆ ਕਿ ਪਿਛਲੇ ਜਨਮ ਵਿਚ ਇਹ ਗੁਰੂ ਘਰ ਦਾ ਪ੍ਰੇਮੀ ਸੀ। ਗੁਰਦੁਆਰੇ ਰੋਜ਼ਾਨਾ ਹਾਜ਼ਰੀ ਭਰਦਾ ਸੀ। ਇਕ ਦਿਨ ਗੁਰਦੁਆਰੇ ਕਥਾ ਹੋ ਰਹੀ ਸੀ। ਸੰਗਤ ਕਥਾ ਦਾ ਅਨੰਦ ਮਾਣ ਰਹੀ ਸੀ। ਇਸ ਦਾ ਦੋਸਤ ਗੁਰਦੁਆਰੇ ਬੈਠਾ ਸੀ ਇਹ ਉਸ ਨਾਲ ਗੱਲਾਂ ਕਰਨ ਲੱਗ ਪਿਆ। ਸੰਗਤ ਵਿਚ ਕਈ ਐਸੇ ਪ੍ਰੇਮੀ ਬੈਠੇ ਹੁੰਦੇ ਹਨ, ਜਿਨ੍ਹਾਂ ਦੀ ਲਿਵ ਪ੍ਰਮਾਤਮਾ ਨਾਲ ਜੁੜ ਜਾਂਦੀ ਹੈ। ਇਸ ਦੀਆਂ ਗੱਲਾਂ ਸੁਣ ਕੇ ਇੱਕ ਸਿੱਖ ਦੀ ਬਿਰਤੀ ਉਖੜ ਗਈ ਉਸਦੇ ਮੂੰਹੋਂ ਅਚਾਨਕ ਨਿਕਲ ਗਿਆ, "ਕਿਉਂ ਕਾਵਾਂ ਵਾਂਗੂੰ ਕਾਂ-ਕਾਂ ਕਰੀ ਜਾਂਦਾ ਹੈ। ਇਸ ਕਰਕੇ ਇਸਨੂੰ ਕਾਂ ਦੀ ਜੂਨ ਮਿਲੀ ਹੈ।

ਗੁਰਦੁਆਰਿਆਂ ਵਿਚ ਪਾਠ, ਕੀਰਤਨ, ਜਾਂ ਕਥਾ ਹੁੰਦੀ ਹੋਵੇ ਤਾਂ ਕਈ ਸੱਜਣ ਤੇ ਬੀਬੀਆਂ ਆਮ ਹੀ ਗੱਲਾਂ ਕਰੀ ਜਾਂਦੇ ਹਨ। ਸੰਗਤ ਵਿਚ ਸ਼ਾਂਤਮਈ ਹੋ ਕੇ ਬੈਠਣਾ ਚਾਹੀਦਾ ਹੈ ਗੁਰੂ ਦੇ ਬਚਨ ਸੁਣਨੇ ਚਾਹੀਦੇ ਹਨ।

(ਅ)

ਇਕ ਵਾਰ ਕਾਫੀ ਸੰਗਤ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਦੇ ਦਰਸ਼ਨ ਕਰਨ ਜਾ ਰਹੀ ਸੀ। ਉਨ੍ਹਾਂ ਦਿਨਾਂ ਵਿਚ ਪੈਦਲ ਚਲ ਕੇ ਜਾਇਆ ਕਰਦੇ ਸਨ। ਤੁਰਦੇ ਤੁਰਦੇ ਇਕ ਸੱਪ ਨੇ ਉਹਨਾਂ ਦਾ ਰਸਤਾ ਰੋਕ ਲਿਆ। ਉਹ ਵਾਰ ਵਾਰ ਸੰਗਤ ਦੇ ਰਸਤੇ ਵਿਚ ਆਉਂਦਾ। ਸੰਗਤ ਨੇ ਸੋਚਿਆ, ਹੋ ਸਕਦਾ ਹੈ ਇਹ ਵੀ ਗੁਰੂ ਘਰ ਦੇ ਦਰਸ਼ਨ ਕਰਨਾ ਚਾਹੁੰਦਾ ਹੋਵੇ। ਉਹਨਾਂ ਦੇ ਕੋਲ ਘੜਾ ਸੀ ਅਤੇ ਕਿਹਾ, ਜੇ ਤੂੰ ਵੀ ਦਰਸ਼ਨ ਕਰਨੇ ਹਨ ਤਾਂ ਇਸ ਘੜੇ ਦੇ ਅੰਦਰ ਚਲਾ ਜਾ। ਸੱਪ ਘੜੇ ਦੇ ਅੰਦਰ ਚਲਾ ਗਿਆ।

ਗੁਰਦੁਆਰੇ ਪਹੁੰਚ ਕੇ ਸੰਗਤਾਂ ਮਹਾਰਾਜ ਜੀ ਦੇ ਦਰਸ਼ਨ ਕਰਨ ਲਈ ਚਲੇ ਗਈਆਂ। ਅੰਤਰਜਾਮੀ ਗੁਰੂ ਜੀ ਨੇ ਪੁਛਿਆ, ਸਾਡਾ ਇਕ ਸਿੰਘ ਕਿਥੇ ਹੈ ? ਉਸ ਨੂੰ ਕਿਉਂ ਨਹੀਂ ਲੈ ਕੇ ਆਏ। ਸੰਗਤ ਨੇ ਕਿਹਾ, ਸਾਡੇ ਨਾਲ ਹੋਰ ਕੋਈ ਸਿੰਘ ਨਹੀਂ ਹੈ, ਹਾਂ ਇਕ ਸੱਪ ਜ਼ਰੂਰ ਆਇਆ ਹੈ ਅਤੇ ਘੜਾ ਲਿਆ ਕੇ ਗੁਰੂ ਜੀ ਦੇ ਸਾਹਮਣੇ ਰੱਖ ਦਿੱਤਾ। ਸੱਪ ਨੇ ਘੜੇ ਵਿਚੋਂ ਨਿੱਕਲ ਕੇ ਗੁਰੂ ਜੀ ਨੂੰ ਨਮਸਕਾਰ ਕੀਤੀ। ਮਹਾਰਾਜ ਬਹੁਤ ਦਿਆਲੂ ਸਨ, ਉਹਦੇ ਔਗੁਣ ਨਹੀਂ ਚਿਤਾਰੇ। ਉਸ ਉਪਰ ਜਲ ਦੇ ਛਿੱਟੇ ਮਾਰ ਕੇ ਸੱਪ ਦੀ ਜੂਨ ਤੋਂ ਮੁਕਤ ਕਰ ਦਿੱਤਾ। ਸੰਗਤਾਂ ਨੇ ਪੁੱਛਿਆ ਕਿ ਗੁਰੂ ਜੀ ਇਹ ਕੀ ਕੌਤਕ ਹੈ ?

ਗੁਰੂ ਜੀ ਨੇ ਸੰਗਤਾਂ ਨੂੰ ਦੱਸਿਆ ਕਿ ਇਸ ਦੀ ਚੋਰੀ ਕਰਨ ਦੀ ਆਦਤ ਸੀ। ਇਹ ਗੁਰੂ ਘਰ ਵੀ ਚੋਰੀ ਕਰਨ ਤੋਂ ਨਹੀਂ ਹਟਿਆ। ਮੱਥਾ ਟੇਕਣ ਲੱਗਿਆਂ ਇੱਕ ਰੁਪਈਆ ਚੜ੍ਹਾ ਕੇ ਵੱਧ ਚੁੱਕ ਲੈਣੇ । ਇਹ ਸੰਗਤ ਵਿਚ ਰੋਜ਼ਾਨਾ ਹਾਜ਼ਰੀ ਭਰਦਾ ਸੀ। ਬਸ ਹਰ ਵੇਲੇ ਮਾਇਆ ਬਾਰੇ ਸੋਚਦੇ ਰਹਿਣਾ ਅਤੇ ਅੰਤ ਵੇਲੇ ਵੀ ਇਸ ਦਾ ਧਿਆਨ ਮਾਇਆ ਵਿੱਚ ਹੀ ਸੀ ਇਸ ਕਰਕੇ ਇਸ ਨੂੰ ਸੱਪ ਦੀ ਜੂਨ ਮਿਲੀ। ਪਿਛਲੇ ਚੰਗੇ ਕਰਮ ਹੋਣ ਕਰਕੇ ਇਸ ਨੂੰ ਸੱਪ ਦੀ ਜੂਨ ਵਿੱਚ ਵੀ ਇਤਨੀ ਸੋਝੀ ਸੀ ਕਿ ਮੈਂ ਮਾੜਾ ਕੰਮ ਕਰਦਾ ਰਿਹਾ ਹਾਂ ਤਾਂ ਹੀ ਇਹ ਸਤਿਗੁਰੂ ਜੀ ਦੀ ਸ਼ਰਨ ਵਿੱਚ ਆਇਆ ਕਿ ਮਹਾਰਾਜ ਕੋਲੋਂ ਭੁੱਲ ਬਖਸ਼ਾ ਲਵਾਂ। ਸਤਿਗੁਰੂ ਜੀ ਬੜੇ ਦਿਆਲੂ ਹਨ ਸ਼ਰਨ ਆਏ ਦੀ ਲਾਜ ਰੱਖੀ, ਇਸ ਦੇ ਔਗੁਣ ਨਹੀਂ ਚਿਤਾਰੇ ਅਤੇ ਸੱਪ ਦੀ ਜੂਨ ਤੋਂ ਮੁਕਤ ਕਰ ਦਿੱਤਾ।

**ਅੰਤਿ ਕਾਲਿ ਜੋ ਲਛਮੀ ਸਿਮਰੈ,**
**ਐਸੀ ਚਿੰਤਾ ਮਹਿ ਜੇ ਮਰੈ ॥**
**ਸਰਪ ਜੋਨਿ ਵਲਿ ਵਲਿ ਅਉਤਰੈ ॥**

*(ਰਾਗੁ ਗੂਜਰੀ ਪੰ:–526)*

**(ੲ)**

ਮਹਾਰਾਜ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਦਰਬਾਰ ਸਜਿਆ ਹੋਇਆ ਸੀ। ਇਸ ਸਮੇਂ ਇਕ ਕਲੰਦਰ (ਰਿੱਛ ਦਾ ਤਮਾਸ਼ਾ ਕਰਨ ਵਾਲਾ) ਬੜਾ ਭਾਰੀ ਰਿੱਛ ਲੈ ਕੇ ਆ ਗਿਆ। ਉਸਨੇ ਸਤਿਗੁਰੂ ਜੀ ਦੇ ਸਾਹਮਣੇ ਹੀ ਰਿੱਛ ਨਾਲ ਘੋਲ ਕਰਨਾ ਸ਼ੁਰੂ ਕਰ ਦਿੱਤਾ। ਕਲੰਦਰ ਰਿੱਛ ਨੂੰ ਨਚਾਉਣ ਲੱਗ ਪਿਆ। ਉਸਨੇ ਕਈ ਤਮਾਸ਼ੇ ਕੀਤੇ। ਭਾਈ ਕੀਰਤੀਆ ਸਤਿਗੁਰੂ ਜੀ ਨੂੰ ਚੌਰ ਕਰ ਰਿਹਾ ਸੀ। ਰਿੱਛ ਨੂੰ ਤਮਾਸ਼ੇ ਕਰਦਾ ਦੇਖ ਕੇ ਬੜਾ ਹੀ ਹੱਸਿਆ। ਸਤਿਗੁਰੂ ਜੀ ਨੇ ਕਿਹਾ, "ਕੀਰਤੀਆ ਇਹ ਰਿੱਛ ਪਿਛਲੇ ਜਨਮ ਵਿਚ ਤੇਰਾ ਪਿਤਾ ਸੀ।" ਸਤਿਗੁਰੂ ਜੀ ਦੇ ਬਚਨ ਸੁਣ ਕੇ ਭਾਈ ਕੀਰਤੀਆ ਅਤੇ ਸੰਗਤ ਬਹੁਤ ਹੈਰਾਨ ਹੋਈ। ਭਾਈ ਕੀਰਤੀਏ ਨੇ ਹੱਥ ਜੋੜ ਕੇ ਬੇਨਤੀ ਕੀਤੀ, ਕਿ ਸਤਿਗੁਰੂ ਜੀ ਮੇਰਾ ਪਿਤਾ ਤਾਂ ਹਮੇਸ਼ਾ ਹੀ ਆਪ ਜੀ ਦੇ ਦਰਬਾਰ ਵਿਚ ਸੇਵਾ ਕਰਦਾ ਸੀ

। ਨੌਵੇਂ ਪਾਤਸ਼ਾਹ ਜਿਨ੍ਹਾਂ ਦੇ ਦਰਸ਼ਨ ਕਰਕੇ ਹਜ਼ਾਰਾਂ ਸਿੱਖਾਂ ਦੀ ਕਲਿਆਣ ਹੋਈ, ਉਨ੍ਹਾਂ ਦੀ ਸੇਵਾ ਵੀ ਮੇਰੇ ਪਿਤਾ ਜੀ ਕਰਦੇ ਰਹੇ। ਜੇ ਮੇਰੇ ਪਿਤਾ ਜੀ ਨੂੰ ਗੁਰੂ ਘਰ ਦੀ ਸੇਵਾ ਦਾ ਇਹ ਫਲ ਮਿਲਿਆ, ਤਾਂ ਸੇਵਾ ਕਰਨ ਦਾ ਕੀ ਲਾਭ, ਮੈਨੂੰ ਪਤਾ ਨਹੀਂ ਕਿਹੜੀ ਜੂਨ ਮਿਲੇ ? ਸੇਵਾ ਤਾਂ ਮੁਕਤੀ ਪ੍ਰਾਪਤ ਕਰਨ ਵਾਸਤੇ ਕੀਤੀ ਜਾਂਦੀ ਹੈ ਜੇ ਇਸ ਦਾ ਉਲਟਾ ਹੀ ਫਲ ਮਿਲੇ ਤਾਂ ਕੋਈ ਵੀ ਸਿੱਖ ਸੇਵਾ ਨਹੀਂ ਕਰੇਗਾ।

"ਕ੍ਰਿਪਾ ਕਰਕੇ ਮੈਨੂੰ ਦੱਸੋ ਮੇਰੇ ਪਿਤਾ ਜੀ ਨੂੰ ਰਿੱਛ ਦੀ ਜੂਨ ਕਿਉਂ ਮਿਲੀ ?" ਸਤਿਗੁਰੂ ਜੀ ਨੇ ਫੁਰਮਾਇਆ ਕਿ ਸੁਣ ਭਾਈ ਕੀਰਤੀਆ ਇਕ ਦਿਨ ਤੇਰਾ ਪਿਤਾ ਸੰਗਤ ਵਿਚ ਦੇਗ ਦੀ ਸੇਵਾ ਕਰਦਾ ਸੀ। ਇਸ ਸਮੇਂ ਇਕ ਸਿੱਖ ਗੱਡਾ ਲੈ ਕੇ ਇਥੋਂ ਦੀ ਲੰਘ ਰਿਹਾ ਸੀ। ਉਹ ਦਰਬਾਰ ਵਿਚ ਮੱਥਾ ਟੇਕਣ ਆਇਆ ਅਤੇ ਪ੍ਰਸ਼ਾਦ ਵਰਤਦਾ ਦੇਖ ਕੇ ਅਤਿ ਸ਼ਰਧਾ ਅਤੇ ਪ੍ਰੇਮ ਨਾਲ ਤੇਰੇ ਪਿਤਾ ਕੋਲੋਂ ਪ੍ਰਸ਼ਾਦ ਮੰਗਿਆ। ਸਿੱਖ ਦੇ ਮੂੰਹ ਅਤੇ ਦਾੜ੍ਹੀ ਉਪਰ ਰਸਤੇ ਦੀ ਧੂੜ ਪਈ ਹੋਈ ਸੀ। ਤੇਰੇ ਪਿਤਾ ਨੇ ਉਸਦੀ ਦਸ਼ਾ ਦੇਖ ਕੇ ਪ੍ਰਸ਼ਾਦ ਨਾ ਦਿੱਤਾ, ਹੋਰ-ਹੋਰ ਪਾਸੇ ਵਰਤਾਉਂਦਾ ਰਿਹਾ। ਸਿੱਖ ਨੇ ਫੇਰ ਉਸ ਦੇ ਅੱਗੇ ਹੋ ਕੇ ਜਦ ਪ੍ਰਸ਼ਾਦ ਲੈਣ ਲਈ ਬੇਨਤੀ ਕੀਤੀ ਤਾਂ ਤੇਰੇ ਪਿਤਾ ਨੇ ਬੜੇ ਕਰੋਧ ਨਾਲ ਕਿਹਾ, ਕਿਉਂ ਰਿੱਛ ਵਾਂਗੂ ਟੱਪੀ ਜਾਂਦਾ ਪਿੱਛੇ ਹੋ ਕੇ ਬੈਠ ਜਾਹ, ਵਾਰੀ ਸਿਰ ਪ੍ਰਸ਼ਾਦ ਮਿਲ ਜਾਵੇਗਾ। ਇਹ ਗੱਲ ਸੁਣ ਕੇ ਉਸ ਸਿੱਖ ਨੇ ਥੱਲੇ ਡਿਗਿਆ ਪ੍ਰਸ਼ਾਦ ਦਾ ਕਿਣਕਾ ਚੁੱਕ ਕੇ ਬੜੀ ਸ਼ਰਧਾ ਨਾਲ ਵਹਿਗੁਰੂ ਕਹਿ ਕੇ ਮੂੰਹ ਵਿਚ ਪਾ ਲਿਆ ਅਤੇ ਕਿਹਾ ਕਿ ਰਿੱਛ ਤੂੰ ਹੋਵੇਂਗਾ।

ਜਦੋਂ ਆਪਣੀ ਉਮਰ ਬਤੀਤ ਕਰਕੇ ਤੇਰੇ ਪਿਤਾ ਜੀ ਨੇ ਸਰੀਰ ਛੱਡਿਆ ਤਾਂ ਉਸਨੂੰ ਰਿੱਛ ਦੀ ਜੂਨ ਮਿਲੀ। ਗੁਰਸਿੱਖ ਦੇ ਬਚਨ ਪੂਰੇ ਹੋਏ। ਭਾਈ ਕੀਰਤੀਏ ਨੇ ਗੁਰੂ ਜੀ ਨੂੰ ਬੇਨਤੀ ਕੀਤੀ, ਤੁਸੀਂ ਮੇਰੇ ਪਿਤਾ ਜੀ ਦੀ ਭੁੱਲ ਬਖਸ਼ ਦਿਉ। ਸਤਿਗੁਰੂ ਜੀ ਨੇ ਜਲ ਦੇ ਛਿੱਟੇ ਮਾਰ ਕੇ ਰਿੱਛ ਦੀ ਜੂਨ ਤੋਂ ਮੁਕਤ ਕਰ ਦਿੱਤਾ ਅਤੇ ਕਲੰਦਰ ਨੂੰ ਰਿੱਛ ਦੀ ਕੀਮਤ ਦਿੱਤੀ।

ਜਿਸਨੇ ਵੀ ਗੁਰੂ ਜੀ ਦਾ ਪੱਲਾ ਫੜਿਆ, ਗੁਰੂ ਘਰ ਦੀ ਸੇਵਾ ਕੀਤੀ, ਸਤਿਗੁਰੂ ਜੀ ਉਸ ਦਾ ਫਲ ਜ਼ਰੂਰ ਦਿੰਦੇ ਹਨ। ਸਤਿਗੁਰੂ ਜੀ ਬਹੁਤ ਦਿਆਲੂ ਹਨ। ਉਹ ਕਿਸੇ ਦੇ ਔਗੁਣ ਨਹੀਂ ਚਿਤਾਰਦੇ ਅਤੇ ਮੁਕਤ ਕਰ ਦਿੰਦੇ ਹਨ।

ਜੇ ਕੋਈ ਆਪਣਾ ਜੀਵਨ ਸਫਲ ਕਰਨਾ ਚਾਹੁੰਦਾ ਹੈ ਤਾਂ ਉਸ ਨੂੰ ਗੁਰਦੁਆਰੇ ਜਾ ਕੇ ਸੇਵਾ ਜਰੂਰ ਕਰਨੀ ਚਾਹੀਦੀ ਹੈ। ਸੇਵਾ ਕਰਨ ਨਾਲ ਹੱਥ ਪਵਿੱਤਰ ਹੁੰਦੇ ਹਨ।

ਅਗਰ ਕੋਈ ਅੰਮ੍ਰਿਤਧਾਰੀ ਗੁਰਸਿੱਖ ਸਿਮਰਨ ਕਰੇ ਅਤੇ ਬਾਣੀ ਵੀ ਪੜ੍ਹੇ ਜੇ ਉਸ ਨੂੰ ਇਸ ਜਨਮ ਵਿਚ ਮੁਕਤੀ ਨਹੀਂ ਮਿਲੀ ਤਾਂ ਅਗਲੇ ਜਨਮ ਵਿਚ ਮੁਕਤ ਹੋ ਜਾਵੇਗਾ। ਪਰ ਸੇਵਾ ਸਿਮਰਨ ਹਾਊਮੈ ਤਿਆਗ ਕੇ, ਨਿਮਰਤਾ ਵਿਚ ਆ ਕੇ ਕਰੇ, ਤਾਂ ਹੀ ਆਪਣੀ ਮੰਜਿਲ 'ਤੇ ਪਹੁੰਚ ਸਕੇਗਾ।

*****

# ਗੁਰਸਿਖੀ ਬਾਰੀਕ ਹੈ

ਹਮ ਅੰਧੁਲੇ ਅੰਧੁ ਬਿਖੈ ਬਿਖੁ ਰਾਤੇ, ਕਿਉ ਚਾਲਹ ਗੁਰ ਚਾਲੀ ॥
ਸਤਗੁਰੁ ਦਇਆ ਕਰੇ ਸੁਖਦਾਤਾ ਹਮ ਲਾਵੈ ਆਪਨ ਪਾਲੀ ॥1॥
ਗੁਰਸਿਖ ਮੀਤ ਚਲਹੁ ਗੁਰ ਚਾਲੀ ॥
ਜੋ ਗੁਰੁ ਕਹੈ ਸੋਈ ਭਲ ਮਾਨਹੁ ਹਰਿ ਹਰਿ ਕਥਾ ਨਿਰਾਲੀ ॥1॥ ਰਹਾਉ॥
ਹਰਿ ਕੇ ਸੰਤ ਸੁਣਹੁ ਜਨ ਭਾਈ ਗੁਰੁ ਸੇਵਿਹੁ ਬੇਗਿ ਬੇਗਾਲੀ ॥
ਸਤਗੁਰੁ ਸੇਵਿ ਖਰਚੁ ਹਰਿ ਬਾਧਹੁ ਮਤ ਜਾਣਹੁ ਆਜੁ ਕਿ ਕਾਲ੍ਹ ॥2॥
ਹਰਿ ਕੇ ਸੰਤ ਜਪਹੁ ਹਰਿ ਜਪਣਾ ਹਰਿ ਸੰਤੁ ਚਲੈ ਹਰਿ ਨਾਲੀ ॥
ਜਿਨ ਹਰਿ ਜਪਿਆ ਸੇ ਹਰਿ ਹੋਏ ਹਰਿ ਮਿਲਿਆ ਕੇਲ ਕੇਲਾਲੀ ॥3॥
ਹਰਿ ਹਰਿ ਜਪਨੁ ਜਪਿ ਲੋਚ ਲੋਚਾਨੀ ਹਰਿ ਕਿਰਪਾ ਕਰਿ ਬਨਵਾਲੀ ॥
ਜਨ ਨਾਨਕ ਸੰਗਤਿ ਸਾਧ ਹਰਿ ਮੇਲਹੁ ਹਮ ਸਾਧ ਜਨਾ ਪਗਰਾਲੀ ॥4॥4॥

*(ਧਨਾਸਰੀ ਮਹਲਾ 4, – ਪੰ: 667–68)*

ਸਤਿਗੁਰੂ ਜੀਉ ! ਉਂਜ ਮੈਂ ਵੀ ਤੇਰਾ ਸਿੱਖ ਅਖਵਾਉਂਦਾ ਹਾਂ। ਮੇਰੀ ਤਾਂ ਸਾਰੀ ਰਾਤ ਵਿਚ ਨੀਂਦ ਹੀ ਪੂਰੀ ਨਹੀਂ ਹੁੰਦੀ, ਲੱਗਦੀ ਵਾਹ ਦਿਨੇ ਵੀ ਸੁੱਤਾ ਹੀ ਰਹਿੰਦਾ ਹਾਂ, ਤੜਕੇ ਉਠਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ। ਗਰਮੀਆਂ ਨੂੰ ਤਾਂ ਸਵੇਰੇ ਨਹਾ ਹੀ ਲਈਦਾ ਹੈ ਪਰ ਸਰਦੀਆਂ ਨੂੰ ਨਹੀਂ ਨਹਾਤਾ ਜਾਂਦਾ। ਗਰਮੀਆਂ ਨੂੰ ਵੀ ਸ਼ਾਮੀ ਨਹਾਉਣ ਵੇਲੇ ਕੰਨੀ ਕਤਰਾਈ ਦੀ ਹੈ। ਕਿਉਂ ਜੋ ਫਿਕਸੋ ਲੱਗੀ ਦਾੜੀ ਦੇ ਭਿੱਜਣ ਦਾ ਖਤਰਾ ਰਹਿੰਦਾ ਹੈ। ਜੇ ਇਕ ਵਾਰੀ ਦਾੜ੍ਹੀ ਵਿਚ ਪਾਣੀ ਪੈ ਜਾਵੇ ਤਾਂ ਮੁੜ ਫਿਕਸੋ ਲਗਾ ਕੇ ਬੰਨਣ ਦਾ ਟੰਟਾ ਖੜ੍ਹਾ ਹੋ ਜਾਂਦਾ ਹੈ। ਸਵੇਰ ਨੂੰ ਪਾਠ ਕਰਨ ਦੀ ਤਾਂ ਵਿਹਲ ਹੀ ਨਹੀਂ ਲੱਗਦੀ, ਮੂੰਹ ਹੱਥ ਧੋਂਦਿਆਂ ਅਤੇ ਦਾੜ੍ਹੀ ਬੰਨਦਿਆਂ ਹੀ ਦਫਤਰ ਜਾਣ ਦਾ ਸਮਾਂ ਹੋ ਜਾਂਦਾ ਹੈ। ਹਫਤੇ ਵਾਸਤੇ ਪੱਗ ਇਕ ਵਾਰ ਹੀ ਛੁੱਟੀ ਵਾਲੇ ਦਿਨ ਬੰਨ੍ਹ ਕੇ ਰੱਖ ਲਈਦੀ ਹੈ। ਜੇ ਕਿਤੇ ਰੋਜ਼ ਬੰਨ੍ਹਣੀ ਪੈ ਜਾਵੇ ਤਾਂ ਕਦੇ ਵੀ ਸਮੇਂ ਸਿਰ ਦਫਤਰ ਨਾ ਪੁੱਜ ਸਕੀਏ। ਕਿਸੇ ਦਿਨ ਤਾਂ ਉਠਦਿਆਂ ਕਰਦਿਆਂ ਨੂੰ ਹੀ ਏਨੀ ਦੇਰ ਹੋ ਜਾਂਦੀ ਹੈ ਕਿ

ਚਾਹ ਵੀ ਦਫਤਰ ਦੀ ਕੰਨਟੀਨ ਤੋਂ ਹੀ ਪੀਣੀ ਪੈਂਦੀ ਹੈ। ਵੈਸੇ ਵੀ ਜਦੋਂ ਕਿਤੇ ਛੋਟਾ ਕਾਕਾ ਸਵੇਰ ਨੂੰ ਅੜੀ ਕਰ ਬੈਠੇ ਅਤੇ ਆਪਣੀ ਮੰਮੀ ਨੂੰ ਬਿਸਤਰੇ 'ਚੋਂ ਉਠਣ ਨਾ ਦੇਵੇ ਤਾਂ ਸਵੇਰ ਦੀ ਚਾਹ ਕੰਨਟੀਨ ਜਾ ਕੇ ਹੀ ਪੀਈਦੀ ਹੈ।

ਐਤਵਾਰ ਦੀ ਹਫਤੇ ਵਿਚ ਮਸਾਂ ਕਿਤੇ ਜਾ ਕੇ ਛੁੱਟੀ ਆਉਂਦੀ ਹੈ, ਉਹ ਨਹਾਉਣ ਧੋਣ ਵਿਚ ਬੀਤ ਜਾਂਦੀ ਹੈ। ਸ਼ਾਮ ਨੂੰ ਮਸਾਂ ਮੁਸ਼ਕਲ ਨਾਲ ਸਿਨਮੇ ਜਾਣ ਦਾ ਸਮਾਂ ਕੱਢੀਦਾ ਹੈ। ਕਈ ਵਾਰ ਸੋਚੀਦਾ ਕਿ ਐਤਵਾਰ ਨੂੰ ਗੁਰਦੁਆਰੇ ਜਾਇਆ ਜਾਵੇ ਪਰ ਉਸ ਦਿਨ ਤਾਂ ਸਵੇਰ ਨੂੰ ਜਾਗ ਹੀ ਨਹੀਂ ਖੁਲ੍ਹਦੀ। ਨਾਲੇ ਮਸੀਂ ਤਾਂ ਕਿਤੇ ਛੇਆਂ ਦਿਨਾਂ ਬਾਅਦ ਇਕ ਐਤਵਾਰ ਦੀ ਛੁੱਟੀ ਆਉਂਦੀ ਹੈ। ਉਸ ਦਿਨ ਸਾਰੇ ਹਫਤੇ ਦਾ ਥਕੇਵਾਂ ਦੂਰ ਕਰਨਾ ਹੀ ਹੋਇਆ ਨਾ।

ਸਾਰਾ ਦਿਨ ਦਫਤਰ ਵਿਚ ਕਾਗਜ਼ਾਂ ਨਾਲ ਮੱਥਾ ਮਾਰਦੇ ਰਹੀਦਾ ਹੈ ਸ਼ਾਮ ਨੂੰ ਘਰ ਆ ਕੇ ਮਸਾਂ ਹੀ ਰੇਡੀਉ ਤੋਂ ਚੋਂਦੇ-ਚੋਂਦੇ ਗਾਣੇ ਸੁਣਨ ਦਾ ਸਮਾਂ ਮਿਲਦਾ ਹੈ। ਗਾਣਿਆਂ ਤੇ ਫਰਮਾਇਸ਼ੀ ਪ੍ਰੋਗਰਾਮ ਦਾ ਸਮਾਂ ਉਡੀਕਾਂ ਉਡੀਕਦਿਆਂ ਨੂੰ ਆਉਂਦਾ ਹੈ। ਜਦੋਂ ਪ੍ਰੋਗਰਾਮ ਸ਼ੁਰੂ ਹੁੰਦਾ ਹੈ ਫਿਰ ਤਾਂ ਕਹੀਦਾ ਕਿ ਸਾਰੀ ਰਾਤ ਹੀ ਫਰਮਾਇਸ਼ੀ ਪ੍ਰੋਗਰਾਮ ਚਲਦਾ ਰਹੇ।

ਅੱਜ ਕੱਲ ਮਹਿੰਗਾਈ ਦਾ ਸਮਾਂ ਹੈ, ਤਨਖਾਹ ਵਿਚ ਤਾਂ ਪੂਰੀ ਹੀ ਨਹੀਂ ਵੱਟਦੀ। ਜਿੰਨੀ ਦੇਰ ਮਹੀਨੇ ਵਿਚ ਪੰਜ ਸੱਤ ਮੋਟੇ ਮੋਟੇ ਮੁਰਗੇ ਨਾ ਫਸਾਏ ਜਾਣ, ਮਹੀਨੇ ਦਾ ਖਰਚ ਹੀ ਨਹੀਂ ਪੂਰਾ ਹੁੰਦਾ। ਰਹਿਤਨਾਮੇ ਵਿਚ ਤਾਂ ਲਿਖਿਆ ਹੈ ਕਿ ਦਸਵੰਧ ਦੇਣਾ ਚਾਹੀਦਾ ਹੈ, ਪਰ ਜੇ ਆਪਣੇ ਘਰ ਦੇ ਖਰਚ ਪੂਰੇ ਹੋਣ ਤ਼ਾਹੀਉਂ ਤੇ ਧਰਮ ਅਰਥ ਦਸਵੰਧ ਕੱਢਿਆ ਜਾਏ। ਕਾਕੇ ਦੀ ਮੰਮੀ ਤਾਂ ਹਰ ਵੇਲੇ ਕੋਈ ਨਾ ਕੋਈ ਫਰਮਾਇਸ਼ ਖੜ੍ਹੀ ਹੀ ਰੱਖਦੀ ਹੈ। "ਜੀ ਨਾਈਲੈਕਸ ਦੀ ਸਾੜ੍ਹੀ ਲੈ ਦਿਉ, ਵਧੀਆ ਬਨਾਰਸੀ ਸੂਟ ਲੈ ਦਿਉ, ਉਚੀ ਅੱਡੀ ਦੀ ਗੁਰਗਾਬੀ ਲੈ ਦਿਉ, ਲਿਪਸਟਿਕ, ਕਰੀਮ ਖਤਮ ਹੋ ਗਈ ਹੈ। ਇਕ ਵਧੀਆ ਜਿਹਾ ਸ਼ਿੰਗਾਰਦਾਨ ਲੈ ਦਿਉ। ਕੰਨਾਂ ਨੂੰ ਵਾਲੀਆਂ ਕਰਵਾ ਦਿਉ, ਅੱਜ ਕੱਲ ਝੁਬਕੀ ਵਾਲੇ ਕਾਂਟਿਆਂ ਦਾ ਰਿਵਾਜ ਨਹੀਂ ਜੇ ਰਿਹਾ। ਮੇਰੇ ਹੱਥ ਬੁਸੇ ਬੁਸੇ ਨਜ਼ਰ ਆਉਂਦੇ ਹਨ। ਜਗਦੀਸ਼ ਬਾਬੂ ਦੀ ਜਨਾਨੀ ਤਾਂ ਗਹਿਣਿਆਂ ਨਾਲ ਲੱਦੀ ਪਈ ਹੈ। ਉਸ ਦਾ ਆਦਮੀ ਵੀ ਤਾਂ ਕਲਰਕੀ ਹੀ ਕਰਦਾ ਹੈ। ਜਦੋਂ ਉਹ ਕਦੀ ਬਾਹਰ ਅੰਦਰ ਜਾਂਦੀ ਹੈ ਤਾਂ ਲੋਕੀ ਉਸ ਨੂੰ ਅੱਡੀਆਂ ਚੁੱਕ ਚੁੱਕ ਕੇ ਦੇਖਦੇ ਹਨ, ਨਿਰੀ ਪਰੀ ਲਗਦੀ ਹੈ। ਇਕ ਦਿਨ ਜਦੋਂ ਮੈਂ ਵੀ ਦੋ ਤਰੀਖ ਨੂੰ ਨਵੀਂ ਸਾੜ੍ਹੀ ਲਾ ਕੇ ਸਿਨਮਾ ਦੇਖਣ ਗਈ ਸੀ ਤਾਂ ਮੇਰੇ ਵੱਲ ਇਕ ਸਰਦਾਰ ਨੇ ਉਂਗਲ ਕਰਕੇ ਮਲਕੜੇ ਜਿਹੇ ਆਪਣੇ ਨਾਲ ਦੇ ਬਾਬੂ ਨੂੰ ਕਿਹਾ ਸੀ ਕਿ ਦੇਖ ਉਏ ਫਲਾਣੇ ਦੀ ਤੀਵੀਂ ਦੀ ਕਿੰਨੀ ਟੌਹਰ ਏ, ਹੈ ਜੇ ਹੂਰਾਂ ਪਰੀ ਕਿ ਨਹੀਂ ? ਉਸ ਦਿਨ ਮੈਨੂੰ ਕੁਝ ਮਲੂਮ ਹੋਇਆ ਸੀ ਕਿ ਅਸੀਂ ਵੀ ਕਿਸੇ ਨਾਲੋਂ ਘੱਟ ਨਹੀਂ ਹਾਂ। ਦੁਨੀਆਂ ਵਿਚ ਰਹਿਣ ਲਈ ਸੁਸਾਇਟੀ ਮੂਜਬ ਹੀ ਰਹਿਣਾ ਪੈਂਦਾ ਹੈ। ਕਹਿੰਦੇ ਨੇ ਖਾਈਏ ਮਨ ਭਾਉਂਦਾ, ਪਹਿਨੀਏ ਜੱਗ ਭਾਉਂਦਾ। ਸੁਸਾਇਟੀ ਮੂਜਬ ਹੀ

ਆਪਣਾ ਸਟੈਂਡਰਡ ਰੱਖਣਾ ਪੈਂਦਾ ਹੈ ਅਤੇ ਬੰਦਾ ਜਿਹੋ ਜਿਹੀ ਸੁਸਾਇਟੀ ਵਿਚ ਰਹਿੰਦਾ ਹੋਵੇ ਤਿਹੋ ਜਿਹੇ ਰਸਮੋ ਰਿਵਾਜ ਕਰਨੇ ਪੈਂਦੇ ਹਨ।" ਪਿਛਲੇ ਸਾਲ ਸਾਡੇ ਨਿੱਕੇ ਨੂੰ ਮਾਤਾ ਨਿਕਲ ਆਈ ਸੀ, ਸਾਡੇ ਗੁਆਂਢੀ ਮਦਨ ਲਾਲ ਦੀ ਵਹੁਟੀ ਕਹਿਣ ਲੱਗੀ, "ਭਰਾ ਜੀ ਕਾਕੇ ਨੂੰ ਮਾਤਾ ਦੇ ਮੰਦਰ ਲੈ ਜਾਵੋ। ਐਤਵਾਰ ਵਾਲੇ ਦਿਨ ਉਥੇ ਸੁਖਣਾ ਲਾਹੁਣ ਆਉਂਦੇ ਹਨ। ਤੁਸੀਂ ਵੀ ਮਾਤਾ ਨੂੰ ਪ੍ਰਸ਼ਾਦ ਚੜ੍ਹਾ ਆਉਣਾ ਅਤੇ ਕਾਕੇ ਦਾ ਮੱਥਾ ਟਿਕਾ ਲਿਆਉਣਾ। ਮਾਤਾ ਦੇਵੀ ਪ੍ਰਸੰਨ ਹੋ ਜਾਵੇਗੀ ਅਤੇ ਕਾਕੇ ਨੂੰ ਅਰਾਮ ਆ ਜਾਵੇਗਾ।" ਮੈਂ ਤਾਂ ਹਾਲੇ ਦੁਚਿੱਤੀ ਵਿਚ ਹੀ ਫਸਿਆ ਰਿਹਾਂ ਪਰ ਕਾਕੇ ਦੀ ਮੰਮੀ ਐਤਵਾਰ ਸਵੇਰੇ ਹੀ ਮਾਤਾ ਦੇ ਮੰਦਿਰ ਕਾਕੇ ਦਾ ਮੱਥਾ ਟਿਕਾ ਲਿਆਈ।

*(ਰਹਿਣੀ ਰਹੇ ਸੋਈ ਸਿੱਖ ਮੇਰਾ ਵਿਚੋਂ)*

ਸਿੱਖ ਕੌਮ ਦਾ ਵਾਤਾਵਰਣ ਕਿਉਂ ਬਦਲ ਗਿਆ। ਬੜੀ ਹੈਰਾਨੀ ਦੀ ਗੱਲ ਹੈ ਕਿ ਖਾਲਸੇ ਸਜੇ ਨੂੰ ਤਿੰਨ ਸੌ ਸਾਲ ਹੋਣ ਵਾਲੇ ਹਨ। ਹਾਲੇ ਤੱਕ ਖਾਲਸੇ ਨੂੰ ਰਾਜ ਕਿਉਂ ਨਹੀਂ ਮਿਲਿਆ। ਇਸ ਦਾ ਕੋਈ ਕਾਰਨ ਜਰੂਰ ਹੈ। ਸਿੱਖ ਧਰਮ ਦੇ ਅੰਦਰ ਵੱਡੇ ਵੱਡੇ ਵਿਦਵਾਨ, ਗਿਆਨੀ, ਕੀਰਤਨੀਏ, ਤੇ ਕਥਾਵਾਚਕ ਹਨ। ਪਰ ਇਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਬਚਨਾਂ ਬਾਰੇ ਪ੍ਰਚਾਰ ਨਹੀਂ ਕੀਤਾ। ਗੁਰੂ ਜੀ ਦੇ ਬਚਨ ਹਨ :-

**ਰਹਿਤ ਪਿਆਰੀ ਮੁਝ ਕਉ ਸਿਖ ਪਿਆਰਾ ਨਾਹਿ**

ਸਿੱਖਾਂ ਵਿਚ ਇਤਨੀ ਕਮਜ਼ੋਰੀ ਆ ਗਈ ਕਿ ਰਹਿਤ ਵੱਲ ਕੋਈ ਧਿਆਨ ਹੀ ਨਹੀਂ ਦਿੰਦਾ। ਅੰਮ੍ਰਿਤ ਛੱਡ ਕੇ ਸ਼ਰਾਬ ਪੀਣ ਲੱਗ ਪਏ, ਸੱਚ ਛੱਡ ਕੇ ਝੂਠ ਬੋਲਣ ਲੱਗ ਪਏ ਹਨ। ਬੀਬੀਆਂ ਨੇ ਚੁੰਨੀ ਵੀ ਲਾਹ ਦਿੱਤੀ ਹੈ। ਅੱਜ ਕਲ ਬੀਬੀਆਂ ਬੱਚੇ ਕੰਮ ਜਾਂ ਸਕੂਲ ਜਾਣ ਤੋਂ ਪਹਿਲਾਂ ਗੁਰਦੁਆਰੇ ਮੱਥਾ ਟੇਕਣ ਜਰੂਰ ਜਾਂਦੇ ਹਨ ਪਰ ਚੁੰਨੀ ਗੁਰਦੁਆਰੇ ਤੋਂ ਲੈ ਕੇ ਉਥੇ ਹੀ ਵਾਪਸ ਕਰ ਦਿੰਦੇ ਹਨ। ਚੁੰਨੀ ਦਾ ਰਿਵਾਜ ਤਾਂ ਖਤਮ ਹੀ ਹੋ ਰਿਹਾ ਹੈ। ਮਹਾਰਾਜ ਜੀ ਨੇ **ਕੇਸਕੀ** ਬਖਸ਼ੀ ਸੀ ਪਰ ਹੁਣ ਤਾਂ ਚੁੰਨੀ ਵੀ ਜਾਂਦੀ ਲੱਗੀ। ਅੱਜ ਕਲ ਸਿੰਘਾਂ ਦੇ ਬੱਚੇ ਵੀ ਇੰਨਾ ਫੈਸ਼ਨ ਕਰਨ ਲੱਗ ਪਏ ਹਨ ਕਿ ਮੁੰਡੇ ਤੇ ਕੁੜੀ ਦਾ ਪਤਾ ਹੀ ਨਹੀਂ ਲੱਗਦਾ।

ਇੱਕ ਦਿਨ ਸਾਡੇ ਘਰ ਇਕ ਬੱਚੇ ਨੇ ਘੰਟੀ ਬਜਾਈ। ਮੈਂ ਦਰਵਾਜ਼ਾ ਖੋਲਿਆ ਤਾਂ ਉਸ ਨੇ ਪੁਛਿਆ, ਜੱਸੀ ਘਰ ਹੈ। ਮੈਂ ਕਿਹਾ ਕਿ ਭੈਣ ਜੀ ਉਹ ਬਾਹਰ ਗਿਆ ਹੋਇਆ। ਉਸ ਦੇ ਲੰਮੇ ਲੰਮੇ ਵਾਲ ਸਨ, ਕੰਨਾਂ ਵਿਚ ਦੋ ਦੋ ਮੁੰਦਰੀਆਂ ਪਾਈਆਂ ਹੋਈਆਂ ਸਨ। ਉਸ ਦੀ ਉਮਰ 16-17 ਸਾਲ ਦੀ ਲੱਗਦੀ ਸੀ। ਜਦੋਂ ਜੱਸੀ ਘਰ ਆਇਆ ਤਾਂ ਮੈਂ ਦੱਸਿਆ, ਅੱਜ ਇਕ ਲੜਕੀ ਤੈਨੂੰ ਮਿਲਣ ਆਈ ਸੀ, ਤੇਰੇ ਡੈਡੀ ਨੂੰ ਦੱਸਣਾ ਕਿ ਤੂੰ ਲੜਕੀ ਦੋਸਤ ਬਣਾ ਲਈ ਹੈ। ਜੱਸੀ ਕਹਿੰਦਾ, ਅੰਕਲ ਜੀ ਮੇਰੀ ਤਾਂ ਕੋਈ ਲੜਕੀ ਦੋਸਤ ਨਹੀਂ ਹੈ। ਤੁਸੀਂ ਕੀ ਕਹਿ ਰਹੇ ਹੋ ? ਮੈਂ ਕਿਹਾ, ਤੂੰ ਝੂਠ ਨਾ ਬੋਲ ਮੈਂ ਆਪ ਦੇਖੀ ਹੈ। ਜੱਸੀ ਨੂੰ ਚੇਤਾ ਆਇਆ ਕਿ ਮੇਰੇ ਦੋਸਤ ਨੇ ਫਿਲਮ ਦੇਣ ਆਉਣਾ

ਸੀ, ਉਹ ਹੀ ਹੋਵੇਗਾ। ਉਸਨੇ ਹੁਲੀਆਂ ਦੱਸਿਆ ਤਾਂ ਮੈਂ ਕਿਹਾ ਠੀਕ ਉਹੀ ਸੀ। ਜੱਸੀ ਕਹਿੰਦਾ, ਉਹ ਤਲਵਿੰਦਰ ਮੇਰਾ ਦੋਸਤ ਹੈ। ਉਹ ਲੜਕੀ ਨਹੀਂ, ਲੜਕਾ ਹੈ। ਮੈਂ ਜੱਸੀ ਨੂੰ ਸਮਝਾਇਆਂ ਜਦੋਂ ਅਸੀਂ ਅੰਮ੍ਰਿਤ ਛਕਾਉਂਦੇ ਹਾਂ ਤਾਂ ਬੀਬੀਆਂ ਨੂੰ ਨੱਕ ਤੇ ਕੰਨ੍ਹ ਵਿੰਨ੍ਹਣ ਦੀ ਮਨਾਹੀ ਕਰਦੇ ਹਾਂ ਪਰ ਅੱਜ ਕਲ ਤਾਂ ਲੜਕੇ ਹੀ ਵਿੰਨ੍ਹਣ ਲੱਗ ਪਏ ਹਨ। ਜੱਸੀ ਨੇ ਕਿਹਾ ਕਿ ਅੰਕਲ ਜੀ ਅੱਜ ਕਲ ਫੈਸ਼ਨ ਹੀ ਐਸਾ ਹੈ। ਮੈਂ ਹੈਰਾਨ ਰਹਿ ਗਿਆ ਤੇ ਸੋਚਿਆ ਕਿ ਇਹ ਮਾਪਿਆਂ ਦੀ ਹੀ ਕਮਜ਼ੋਰੀ ਹੈ।

ਅਗਰ ਮਾਂ ਬਾਪ ਸਿਆਣੇ ਹੁੰਦੇ ਤਾਂ ਆਪਣੇ ਬੱਚਿਆਂ ਨੂੰ ਗੁਰੂਆਂ ਦਾ ਇਤਿਹਾਸ ਦੱਸਦੇ ਕਿ ਕਿਸ ਤਰ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਸਾਰਾ ਪਰਿਵਾਰ ਵਾਰਿਆ। ਬੀਬੀਓ, ਭੈਣੋ ਤੇ ਮਾਤਾਓ ! ਗੁਰਸਿੱਖੀ ਦਾ ਵਾਸਤਾ ਹੈ, ਸੰਭਾਲ ਕਰੋ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਲਾਈ ਹੋਈ ਇਸ ਫੁਲਵਾੜੀ ਦੀ, ਉਨ੍ਹਾਂ ਨੇ ਇਸ ਦੀਆਂ ਜੜ੍ਹਾਂ ਵਿਚ ਆਪਣੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ, ਮਾਤਾ ਗੁਜਰੀ ਜੀ, ਚਾਰੇ ਲਾਲਾਂ, ਪੰਜਾਂ ਪਿਆਰਿਆਂ, ਚਾਲੀ ਮੁਕਤਿਆਂ ਅਤੇ ਲੱਖਾਂ ਪਿਆਰੇ ਸਿੰਘਾਂ ਦੇ ਲਹੂ ਤੇ ਮਿਝ ਦੀ ਖਾਦ ਪਾ ਕੇ ਇਸ ਵਾੜੀ ਨੂੰ ਪ੍ਰਫੁੱਲਤ ਕੀਤਾ। ਇਸ ਦੀ ਸੰਭਾਲ ਦੀ ਖਾਤਰ ਅਨੇਕਾਂ ਬਹਾਦਰ ਸਿੰਘਣੀਆਂ ਨੇ ਆਪਣੇ ਮਸੂਮ ਬੱਚਿਆਂ ਦੇ ਟੋਟੇ ਟੋਟੇ ਕਰਵਾ ਕੇ ਝੋਲੀਆਂ ਵਿਚ ਪਵਾ ਲਏ ਸਨ ਪਰ ਇਸ ਵਾੜੀ ਨੂੰ ਆਂਚ ਨਹੀਂ ਲੱਗਣ ਦਿੱਤੀ। ਅਜੇ ਵੀ ਕੁਝ ਨਹੀਂ ਵਿਗੜਿਆ। ਸੰਭਾਲੋ ਆਪਣੇ ਬੱਚਿਆਂ ਨੂੰ, ਅਤੇ ਗੁਰਸਿੱਖੀ ਦੇ ਰਸਤੇ ਉਪਰ ਚਲਣ ਦਾ ਉਪਦੇਸ਼ ਦਿਓ, ਖਾਲਸਈ ਬਾਣਾ ਧਾਰਨ ਕਰੋ, ਖਾਲਸਈ ਰਹਿਣੀ ਰਹੋ।

## ਰਹਿਣੀ ਰਹੈ ਸੋਈ ਸਿਖ ਮੇਰਾ

*(ਰਹਿਤ ਨਾਮਾ ਭਾਈ ਦੇਸਾ ਸਿੰਘ)*

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਨਿਤਨੇਮ ਦੀਆਂ ਪੰਜ ਬਾਣੀਆਂ ਦਾ ਪਾਠ ਕਰਨ ਦਾ ਹੁਕਮ ਹੈ। ਪਰ ਅੱਜਕਲ ਸ਼੍ਰੋਮਣੀ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਵਲੋਂ ਛਪੀ ਸਿੱਖ ਰਹਿਤ ਮਰਿਆਦਾ ਦੇ ਸਫਾ 10 ਉਤੇ ਤਿੰਨ ਬਾਣੀਆਂ ਸਵੇਰੇ ਜਪੁਜੀ ਸਾਹਿਬ, ਜਾਪ ਸਾਹਿਬ ਤੇ ਸਵੱਯੇ ਅਤੇ ਦੋ ਬਾਣੀਆਂ ਸ਼ਾਮ ਨੂੰ ਪਾਠ ਕਰਨ ਬਾਰੇ ਦੱਸਿਆ ਹੈ। ਇਸ ਤਰ੍ਹਾਂ ਪੰਜ ਬਾਣੀਆਂ ਦੀ ਪੂਰੀ ਤਾਕਤ ਖਾਲਸੇ ਨੂੰ ਨਹੀਂ ਮਿਲ ਰਹੀ। ਖਾਲਸੇ ਨੂੰ ਪੰਜ ਪਿਆਰਿਆਂ ਦਾ ਹੁਕਮ ਸੀ ਕਿ ਅੰਮ੍ਰਿਤ ਵੇਲੇ ਪੰਜ ਬਾਣੀਆਂ ਦਾ ਪਾਠ ਕਰਨਾ ਜਰੂਰੀ ਹੈ।

ਜਿਹੜੇ ਪੰਜ ਬਾਣੀਆਂ ਦਾ ਪਾਠ ਨਹੀਂ ਕਰਦੇ, ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਉਨ੍ਹਾਂ ਉਪਰ ਖੁਸ਼ ਨਹੀਂ ਹੁੰਦੇ। ਇਕ ਵਾਰੀ ਦਾਸ (***ਸੇ ਕਿਨੇਹਿਆ***) ਜੀਵਨ ਗਾਬਾ ਸ੍ਰੀ ਮਾਨ ਬਾਬਾ ਹਰਨਾਮ ਸਿੰਘ ਜੀ ਰਾਮਪੁਰ ਖੇੜਾ ਵਾਲਿਆਂ ਦੀ ਪੜ੍ਹ ਰਿਹਾ ਸੀ ਜਿਸ ਵਿੱਚ ਦੱਸਿਆ ਹੈ ਕਿ ਇਕ ਦਿਨ ਜੇਠ ਦੇ ਮਹੀਨੇ ਵਿਚ ਕਾਫੀ ਗਰਮੀ ਪੈ ਰਹੀ ਸੀ। ਅਸੀਂ ਕਮਰੇ ਅੰਦਰ ਮੂਲ-ਮੰਤਰ ਦਾ ਜਾਪ ਕਰ ਰਹੇ ਸਾਂ। ਬੂਹਾ ਖੁੱਲ੍ਹਿਆ, ਇਕ ਬੜੇ ਰੂਹਾਨੀ ਚਿਹਰੇ ਵਾਲਾ ਗੁਰਸਿੱਖ ਅੰਦਰ ਆਇਆ। ਅਸਾਂ ਦੋਹਾਂ ਨੇ ਸਤਿਗੁਰੂ

ਜੀ ਦੀ ਬਖਸ਼ੀ ਫਤਹਿ ਸਾਂਝੀ ਕੀਤੀ, ਉਪਰੰਤ ਉਸ ਸਿੱਖ ਨੇ ਕਿਹਾ ਕਿ ਦਸਵੇਂ ਪਾਤਸ਼ਾਹ ਜੀ ਤੁਹਾਨੂੰ ਦਰਸ਼ਨ ਦੇਣ ਆ ਰਹੇ ਹਨ। ਮਨ ਵਿਚ ਬੜਾ ਚਾਉ ਪੈਦਾ ਹੋਇਆ। ਕਾਹਲੀ ਨਾਲ ਅਸੀਂ ਦੋਵੇਂ ਬੂਹੇ ਤੋਂ ਬਾਹਰ ਆ ਗਏ। ਪੱਛਮ ਦਿਸ਼ਾ ਵੱਲ ਥੋੜ੍ਹੀ ਦੂਰ ਕੀ ਦਿਸਿਆ ਕਿ ਸਤਿਗੁਰੂ ਜੀ ਘੋੜੇ ਉਪਰ ਸਵਾਰ ਹਨ ਅਤੇ ਨਾਲ ਚਾਰ ਸਿੰਘ ਹੋਰ ਹਨ। ਸਤਿਗੁਰੂ ਜੀ ਨੇੜੇ ਆ ਗਏ। ਘੋੜਾ ਖੜ੍ਹਾ ਹੋ ਗਿਆ। ਬੜੀ ਨਿਮਰਤਾ ਸਹਿਤ ਮੈਂ ਸਤਿਗੁਰੂ ਜੀ ਦੇ ਚਰਨਾਂ ਤੇ ਜੋ ਰਕਾਬ ਵਿਚ ਸਨ, ਨਮਸਕਾਰ ਕੀਤੀ। ਸਤਿਗੁਰੂ ਜੀ ਥੋੜ੍ਹਾ ਮੁਸਕਰਾਏ ਅਤੇ ਅਗਾਂਹ ਤੁਰ ਪਏ। ਥੋੜ੍ਹੀ ਦੂਰ ਹੀ ਗਏ ਕਿ ਦਰਸ਼ਨ ਅਲੋਪ ਹੋ ਗਏ। ਮਨ ਵਿਚ ਬੜੀ ਹੈਰਾਨੀ ਹੋਈ।

ਉਹ ਗੁਰਸਿਖ ਜੋ ਪਹਿਲੇ, ਗੁਰਦੇਵ ਜੀ ਦੇ ਆਉਣ ਦੀ ਖਬਰ ਦੇਣ ਆਇਆ ਸੀ, ਮੇਰੇ ਪਾਸ ਹੀ ਖੜ੍ਹਾ ਰਿਹਾ। ਉਸਨੇ ਕਿਹਾ ਕਿ ਭਾਈ ਹਰਨਾਮ ਸਿੰਘ ਜੀ ! ਤੁਹਾਨੂੰ ਤਾਂ ਅਤਿਅੰਤ ਖੁਸ਼ੀ ਹੋਣੀ ਚਾਹੀਦੀ ਸੀ ਪਰ ਤੁਸੀਂ ਹੈਰਾਨ ਤੇ ਦਿਲਗੀਰ ਹੋ, ਕੀ ਕਾਰਨ ਹੈ ? ਆਪ ਜੀ ਨੇ ਦੱਸਿਆ ਕਿ ਮੈਂ ਉਸ ਗੁਰਸਿਖ ਨੂੰ ਬੇਨਤੀ ਕੀਤੀ ਕਿ ਮੈਂ ਦਿਲਗੀਰ ਇਸ ਕਰਕੇ ਹਾਂ ਕਿ ਸਤਿਗੁਰੂ ਜੀ ਨੇ ਦਰਸ਼ਨ ਵੀ ਦਿੱਤੇ ਪਰ ਬਚਨ ਕੋਈ ਨਹੀਂ ਕੀਤਾ।

ਗੁਰਸਿਖ ਨੇ ਉੱਤਰ ਦਿੱਤਾ, ਸਤਿਗੁਰੂ ਜੀ ਤੁਹਾਡੀ ਭਜਨ ਬੰਦਗੀ ਉਪਰ ਪ੍ਰਸੰਨ ਹਨ, ਜਿਸ ਕਰਕੇ ਤੁਹਾਨੂੰ ਦਰਸ਼ਨ ਦਿੱਤੇ ਹਨ, ਬਚਨ ਇਸ ਕਰਕੇ ਨਹੀਂ ਹੋਏ ਕਿਉਂਕਿ ਤੁਸੀਂ ਨਿੱਤਨੇਮ ਵਿਚ **ਜਾਪੁ ਸਾਹਿਬ** ਜੀ ਦਾ ਪਾਠ ਨਹੀਂ ਕਰਦੇ। ਮੈਂ ਕਿਹਾ ਕਿ ਜਾਪੁ ਸਾਹਿਬ ਦਾ ਪਾਠ ਕਠਨ ਹੋਣ ਕਾਰਨ ਮੈਂ ਨਹੀਂ ਕਰਦਾ। ਸ੍ਰੀ ਸੁਖਮਨੀ ਸਾਹਿਬ, ਆਸਾ ਦੀ ਵਾਰ ਤਾਂ ਹਰ ਰੋਜ਼ ਕਰਦਾ ਹਾਂ। ਗੁਰਸਿਖ ਨੇ ਉੱਤਰ ਦਿੱਤਾ ਕਿ ਜੋ ਸਤਿਗੁਰੂ ਜੀ ਦਾ ਹੁਕਮ ਹੈ ਉਸ ਨੂੰ ਪੂਰਾ ਕਰਨਾ ਅਤਿਅੰਤ ਜਰੂਰੀ ਹੈ। ਕੋਈ ਸਿਖ ਨਿੱਤਨੇਮ ਦੀ ਬਾਣੀ ਨੂੰ ਛੱਡ ਕੇ ਹੋਰ ਜਿੰਨੀ ਮਰਜੀ ਬਾਣੀ ਪੜ੍ਹ ਲਵੇ, ਗੁਰੂ ਸਾਹਿਬ ਜੀ ਦੀ ਉਸ ਤੇ ਪੂਰੀ ਖੁਸ਼ੀ ਨਹੀਂ ਹੁੰਦੀ। ਜੋ ਪੰਜਾਂ ਪਿਆਰਿਆਂ ਦੁਆਰਾ ਦੱਸੇ ਸਤਿਗੁਰੂ ਜੀ ਦੇ ਹੁਕਮ ਨੂੰ ਪੂਰਾ ਕਰਕੇ ਫੇਰ ਹੋਰ ਭਜਨ ਸਿਮਰਨ ਕਰਦਾ ਹੈ, ਬਾਣੀ ਪੜ੍ਹਦਾ ਹੈ, ਸਤਿਗੁਰੂ ਜੀ ਦੀ ਉਸ ਤੇ ਬੇਅੰਤ ਖੁਸ਼ੀ ਹੁੰਦੀ ਹੈ। ਜੋ ਹੁਕਮ ਮੰਨਣ ਵਿਚ ਢਿੱਲ ਕਰਦਾ ਹੈ, ਗੁਰੂ ਸਾਹਿਬ ਜੀ ਦੀ ਪੂਰਨ ਬਖਸ਼ਿਸ਼ ਤੋਂ ਵਾਂਝਿਆ ਰਹਿ ਜਾਂਦਾ ਹੈ।

ਉਸੇ ਦਿਨ ਤੋਂ ਭਾਵੇਂ ਕਿੰਨਾ ਵੀ ਚਿਰ ਲੱਗੇ, ਸਹਿਜੇ ਸਹਿਜੇ ਹਰ ਰੋਜ਼ ਜਾਪੁ ਸਾਹਿਬ ਦਾ ਪਾਠ ਨਿੱਤਨੇਮ ਵਿਚ ਸ਼ਾਮਲ ਕਰ ਲਿਆ ਤੇ ਥੋੜ੍ਹਾ-ਥੋੜ੍ਹਾ ਕਰਕੇ ਜ਼ਬਾਨੀ ਕੰਠ ਕਰ ਲਿਆ। ਗੁਰਬਾਣੀ ਵੀ ਹੁਕਮ ਮੰਨਣ ਦੀ ਹੀ ਪ੍ਰੋੜਤਾ ਕਰਦੀ ਹੈ।

ਅੰਮ੍ਰਿਤਧਾਰੀ ਗੁਰਸਿੱਖਾਂ ਨੂੰ ਜੋ ਪੰਜ ਪਿਆਰੇ ਬਚਨ ਕਰਦੇ ਹਨ ਉਨ੍ਹਾਂ ਉਪਰ ਜਰੂਰ ਅਮਲ ਕਰਨਾ ਚਾਹੀਦਾ ਹੈ। ਪੰਜਾਂ ਬਾਣੀਆਂ ਦਾ ਪਾਠ ਕਰਨਾ ਅਤਿ ਜਰੂਰੀ ਹੈ।

# ਗੁਰਦੁਆਰੇ ਦੀਆਂ ਚੋਣਾਂ

ਕੋਈ ਵੀ ਇੱਕ ਦੂਜੇ ਦੀ ਗੱਲ ਸੁਣਨ ਵਾਸਤੇ ਤਿਆਰ ਨਹੀਂ ਹੈ। ਖਾਲਸਾ ਪੰਥ ਵਿਚ ਵੀ ਅਲੱਗ-ਅਲੱਗ ਜਥੇਬੰਦੀਆਂ ਬਣੀਆਂ ਹੋਈਆਂ ਹਨ। ਇਕ ਦੂਜੇ ਦੀ ਗੱਲ ਨਹੀਂ ਸੁਣਦੇ, ਸਾਰੇ ਇਹ ਹੀ ਕਹਿੰਦੇ ਹਨ ਜੋ ਅਸੀਂ ਕਰਦੇ ਹਾਂ ਉਹ ਹੀ ਠੀਕ ਹੈ। ਗੁਰਦੁਆਰਿਆਂ ਵਿਚ ਪ੍ਰਧਾਨਗੀ ਦੀ ਖਾਤਰ ਹੇਰਾ-ਫੇਰੀ ਕਰਦੇ ਹਨ। ਆਪਣੀ ਜਿੱਤ ਵਾਸਤੇ ਨਕਲੀ ਵੋਟਾਂ ਬਣਾ ਲੈਂਦੇ ਹਨ। ਗੁਰਦੁਆਰਿਆਂ ਵਿਚ ਲੜਾਈਆਂ ਹੁੰਦੀਆਂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪੂਰਾ ਸਤਿਕਾਰ ਨਹੀਂ ਕਰਦੇ। ਅਗਰ ਅਸੀਂ ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪੂਰਾ ਗੁਰੂ ਸਮਝਦੇ ਹਾਂ ਤਾਂ ਇਲੈਕਸ਼ਨ ਕਰਾਉਣ ਵਾਸਤੇ ਗੋਰਿਆਂ ਕੋਲ ਕਿਉਂ ਜਾਂਦੇ ਹਾਂ। ਜਦੋਂ ਅਸੀਂ ਕੁਛ ਮੰਗਣਾ ਹੋਵੇ ਤਾਂ ਗੁਰੂ ਜੀ ਕ੍ਰੋਲੋਂ ਮੰਗਦੇ ਹਾਂ। ਅਸੀਂ ਪਾਠ ਅਤੇ ਅਰਦਾਸਾਂ ਕਰਵਾਉਂਦੇ ਹਾਂ ਕਿ ਸਾਡੇ ਮਨ ਦੀ ਇੱਛਾ ਪੂਰੀ ਹੋਵੇ। ਸਤਿਗੁਰੂ ਮਹਾਰਾਜ ਜੀ ਮਿਹਰ ਕਰਦੇ ਹਨ ਅਤੇ ਪੂਰੀ ਵੀ ਹੁੰਦੀ ਹੈ, ਫਿਰ ਵੀ ਸਾਨੂੰ ਸਤਿਗੁਰੂ 'ਤੇ ਭਰੋਸਾ ਨਹੀਂ ਹੈ। ਅਸੀਂ ਬਾਹਰ ਭਟਕਦੇ ਫਿਰਦੇ ਹਾਂ।

ਫਰਾਂਸ ਦੀ ਇੱਕ ਜੰਮਪਲ ਬੀਬੀ ਜਗਜੀਤ ਕੌਰ (ਜੋ ਕਿ ਇਸ ਵੇਲੇ ਸਿੱਖੀ ਸਰੂਪ ਵਿੱਚ ਹੈ) ਨੇ ਦਾਸ ਨੂੰ ਦੱਸਿਆ ਕਿ ਇਸ ਕਲਜੁਗ ਵਿੱਚ ਪੂਰੇ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ ਅਤੇ ਮੈਨੂੰ ਪੂਰਾ ਵਿਸ਼ਵਾਸ ਹੈ। ਕੋਈ ਭਾਵਨਾ ਨਾਲ ਅਰਦਾਸ ਕਰੇ ਜਰੂਰ ਸੁਣਦੇ ਹਨ। ਹਰ ਇੱਕ ਜੀਵ ਦੀ ਘਟ-ਘਟ ਜਾਣਦੇ ਹਨ, ਤੇ ਦੱਸਿਆ ਕਿ ਮੇਰੀ ਕਾਰ ਕਿਸੇ ਕਾਰ ਨਾਲ ਟਕਰਾ ਗਈ। ਜਦੋਂ ਐਕਸੀਡੈਂਟ ਹੋਇਆ ਤਾਂ ਕਾਫੀ ਗਵਾਹ ਮੇਰੇ ਖਿਲਾਫ ਬਣ ਗਏ। ਮੈਨੂੰ ਬੜਾ ਫਿਕਰ ਲੱਗਿਆ। ਮੈਂ ਦੂਸਰੀ ਬੀਬੀ ਦੇ ਗਵਾਹਾਂ ਤੋਂ ਡਰਦੀ ਸੀ ਕਿ ਮੈਂ ਕੇਸ ਹਾਰ ਜਾਵਾਂਗੀ। ਜਦੋਂ ਤਰੀਖ ਆਈ ਜਾਣ ਤੋਂ ਪਹਿਲਾਂ ਮੈਂ ਸੱਚੇ ਪਾਤਸ਼ਾਹ ਅੱਗੇ ਅਰਦਾਸ ਕੀਤੀ ਕਿ ਤੁਸੀ ਜਾਣੀ ਜਾਣ ਹੋ ਮੈਨੂੰ ਪਤਾ ਨਹੀਂ ਕਸੂਰ ਕਿਸ ਦਾ ਹੈ। ਮੇਰਾ ਕੋਈ ਗਵਾਹ ਨਹੀਂ ਹੈ ਸੱਚ ਦੀ ਲਾਜ ਰੱਖਣਾ। ਅਰਦਾਸ ਕਰਕੇ ਹੁਕਮਨਾਵਾਂ ਲਿਆ। ਜਦੋਂ ਜੱਜ ਸਾਹਮਣੇ ਪੇਸ਼ ਹੋਏ ਤਾਂ ਦੂਸਰੀ ਬੀਬੀ ਦਾ ਕੋਈ ਗਵਾਹ ਹਾਜ਼ਰ ਨਾ ਹੋਇਆ। ਕੇਸ ਮੈਂ ਜਿੱਤ ਗਈ।

ਬੀਬੀ ਜਗਜੀਤ ਕੌਰ ਵੱਲੋਂ ਗੁਰੂ ਉੱਪਰ ਭਰੋਸੇ ਬਾਰੇ ਲਿਖੀ ਗਈ ਕਵਿਤਾ :

# THE TRANSFORMATION

**By JAGJIT KAUR KHALSA**

O Sweet Lord! I wander
in confusion;
Where is the path,
where the beacon?
I grope in the dark,
am weary and disillusioned:
The chains of sin enslaveme
I'm cold and lonely, Lord!
show me the way.
your Beloved Five have I sought
and they tell me;
"The Light is within you."
I believe and behold! ... The
door is unlocked!
I knock and it glides open,
I patiently kindle Your Light
and it shows the way.
Not looking back,
I gaze straight ahead
And lo! the path is clear
before me.
O Sweet Lord! the path is clear
kindly receive me,
(A pang of fear grasps my heart,
I call on you, Guru Gobind Singh;
You infuse me with courage;
My fears and doubts dissipate.)
They speak of beuty, truth,
duty, spirituality,
Rebirth, renewal and the love
of You, Lord.
As they speak, a flash of your
light brightens my life,
A load is lifted off my shoulders,
My heart rejoices: "I've found
the Truth."
My thirst is quenched,
my search is ended.
O Satguru! I embrace your
lotus-feet at least.
I sing your Holy Nam as I take
the Kande-Ki-Pahul.
Your nectar Name makes me
whole.
The Light in me is focused
to its Source
By the whisper of Your name,
The sleeping crysalis is
transformed
Into a carefree butterfly
O Waheguru!
I am Your lowly servant;
Nothing is mine, all is Yours;

Your Name do I take with
every breath,
I revel in Your wonderful
garden;
O Righteous Master! I am
Yours forever;
To do with as You wish;
An instrument through which to
work Your Will.
O Generous Master!
Your Name each moment do
I recite;
My cares flee like darkness
before the dawn;
In the flame of Your name
Do the dreaded five **
melt like butter.
O Waheguru!
The seed of the Khalsa grows in
the soil of faith;
Watered with Amrit, warmed
by the love of Nam;
Its roots take strong hold
Its graceful stalks stand tall
above the rest;
Its fragrant blooms are profuse,
The harvest promisesto be abundant.
If the seed can be assured
healthy growth.
O Sat guru! I am a sacrifice
Unto the lovers of Your Name;
The martyrs, the seekers od Truth,
The upholders of righteousness;
The magnanimous souls, the
innocent children
The compassionate servants of
humanity;
The pure,... the Satsangat ...
The Khalsa.

** Arogance, Anger, Lust, Greed and Attachment

*Jagjit Kaur Khalsa is a French Canadian lady who has recently initiated into Sikhism.

"Truth is higher than everything
**But higher still is truthful living."**

ਜਦੋਂ ਕਮੇਟੀ ਬਦਲਣ ਦਾ ਸਮਾਂ ਹੁੰਦਾ ਹੈ ਤਾਂ ਅਸੀਂ ਸਤਿਗੁਰੂ ਜੀ ਦੀ ਕੋਈ ਆਗਿਆ ਨਹੀਂ ਮੰਨਦੇ। ਕਈ ਐਸੇ ਗੁਰਦੁਆਰੇ ਹਨ ਜਿਹੜੇ ਗੁਰੂ ਜੀ ਦੀ ਆਗਿਆ ਮੰਨਦੇ ਹਨ। ਨਵੀਂ ਕਮੇਟੀ ਚੁਣਨ ਦੇ ਸਮੇਂ ਅਰਦਾਸ ਕਰਕੇ ਪਰਚੀਆਂ ਪਾ ਦਿੰਦੇ ਹਨ ਅਤੇ ਜਿਸ ਦਾ ਵੀ ਨਾਂ ਆਵੇ ਉਸਨੂੰ ਮੈਂਬਰ ਬਣਾ ਦਿੰਦੇ ਹਨ। ਸ੍ਰੀ ਗੁਰੂ ਸਿੰਘ ਸਭਾ ਸਲੋਹ ਵਿਚ ਵੀ ਇਸੇ ਤਰ੍ਹਾਂ ਹੁੰਦਾ ਹੈ।

ਗਿਆਨੀ ਪ੍ਰੀਤਮ ਸਿੰਘ ਜੀ ਪਟਨਾ ਸਾਹਿਬ ਜੀ ਦੇ ਹੈੱਡ ਗ੍ਰੰਥੀ ਇਕ ਦਿਨ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰੇ ਕਥਾ ਕਰ ਰਹੇ ਸਨ, ਕਿ ਗੁਰੂ ਜੀ ਕਹਿੰਦੇ ਹਨ ਖਾਲਸਾ ਇਕ ਦਿਨ ਇਤਨਾ ਕਮਜ਼ੋਰ ਹੋ ਜਾਵੇਗਾ ਕਿ ਆਪਣੇ ਗੁਰੂ ਦੀ ਵੀ ਪ੍ਰਵਾਹ ਨਹੀਂ ਕਰੇਗਾ। ਆਪਣੀ ਪ੍ਰਧਾਨਗੀ ਦੇ ਲਈ ਗੁਰੂ ਤੋਂ ਬੇਮੁਖ ਹੋ ਜਾਵੇਗਾ। ਗਿਆਨੀ ਜੀ ਨੇ ਕਿਹਾ, ਮਹਾਰਾਜ ਜੀ ਦੇ ਸਮੇਂ ਵੀ ਖਾਲਸਾ ਰਾਜ ਦੀ ਚਰਚਾ ਚੱਲ ਰਹੀ ਸੀ। ਸਿੰਘਾਂ ਨੇ ਬੇਨਤੀ ਕੀਤੀ ਕਿ ਤੁਸੀਂ ਖਾਲਸੇ ਨੂੰ ਰਾਜ ਕਿਉਂ ਨਹੀਂ ਦਿੰਦੇ। ਜਾਣੀ-ਜਾਣ ਮਹਾਰਾਜ ਜੀ ਨੇ ਕੌਤਕ ਵਰਤਾਇਆ। ਉਨ੍ਹਾਂ ਨੇ ਦੇਸੀ ਘਿਉ ਵਿਚ ਬਦਾਮ, ਪਿਸਤਾ ਆਦਿਕ ਪਾ ਕੇ ਚੌਲ ਬਣਵਾਏ। ਚਿੱਟੀ ਚਾਦਰ ਵਿਛਾ ਕੇ ਉਤੇ ਚੌਲ ਪਾ ਦਿੱਤੇ ਅਤੇ ਹੁਕਮ ਕੀਤਾ ਕਿ 10-12 ਕੁੱਤੇ ਲੈ ਆਉ। ਜਦੋਂ ਕੁਤਿਆਂ ਨੇ ਚੌਲ ਦੇਖੇ ਤਾਂ ਆਪਸ ਵਿਚ ਭੌਂਕਣ ਲੱਗੇ। ਚਾਵਲ ਤਾਂ ਕਿਸੇ ਨੇ ਖਾਧੇ ਨਹੀਂ ਸਾਰੇ ਖਲਾਰ ਦਿੱਤੇ ਅਤੇ ਆਪਸ ਵਿਚ ਲੜਦੇ ਰਹੇ।

ਇਸੇ ਤਰ੍ਹਾਂ ਸਿੰਘ ਵੀ ਬਾਣੀ ਦੀ ਕੋਈ ਕਦਰ ਨਹੀਂ ਕਰ ਰਹੇ। ਚੌਧਰ ਲਈ ਆਪਸ ਵਿਚ ਝਗੜ ਰਹੇ ਹਨ। ਜਦ ਤੱਕ ਖਾਲਸਾ ਰਹਿਤ ਵਿਚ ਪੱਕਾ ਨਹੀਂ, ਬਾਣੀ ਨਹੀਂ ਪੜ੍ਹਦਾ, ਸਿਮਰਨ ਨਹੀਂ ਕਰਦਾ, ਉਦੋਂ ਤੱਕ ਖਾਲਸੇ ਨੂੰ ਰਾਜ ਨਹੀਂ ਮਿਲੇਗਾ।

ਲੰਡਨ ਵਿਚ ਇਕ ਵਾਰੀ ਇਕ ਪ੍ਰੇਮੀ ਨੇ ਅਖੰਡ ਪਾਠ ਰਖਵਾਇਆ। ਉਨ੍ਹਾਂ ਨੇ ਪਾਠ ਦੀ ਵੀਡੀਉ ਫਿਲਮ ਬਣਾਉਣ ਵਾਸਤੇ ਕੈਮਰਾ ਲਗਾਇਆ ਹੋਇਆ ਸੀ। ਉਹ ਟੈਲੀਵੀਯਨ ਤੇ ਦੇਖ ਰਹੇ ਸਨ, ਨਾਲੇ ਲੰਗਰ ਦੀ ਸੇਵਾ ਕਰ ਰਹੇ ਸਨ। ਜਿਸ ਕਮਰੇ ਵਿਚ ਪਾਠ ਰੱਖਿਆ ਹੋਇਆ ਸੀ ਉਥੇ ਹੋਰ ਕੋਈ ਨਹੀਂ ਸੀ, ਇਕੱਲਾ ਪਾਠੀ ਹੀ ਪਾਠ ਕਰਦਾ ਸੀ। ਪਾਠੀ ਦਾ ਮਨ ਡੋਲ ਗਿਆ। ਪਾਠ ਕਰਦੇ ਕਰਦੇ ਨੇ ਉੱਠ ਕੇ ਮਹਾਰਾਜ ਦੇ ਅਗਿਉਂ ਪੈਸੇ ਚੁੱਕ ਲਏ। ਜਦੋਂ ਘਰ ਵਾਲਿਆਂ ਨੇ ਦੇਖਿਆ ਤਾਂ ਆ ਕੇ ਗਿਆਨੀ ਜੀ ਨੂੰ ਕਿਹਾ ਕਿ ਪਾਠ ਬੰਦ ਕਰ ਦਿਉ ਅਤੇ ਜਾਉ। ਗਿਆਨੀ ਹੈਰਾਨ ਹੋ ਗਿਆ ਕਿ ਉਹ ਕੀ ਕਹਿ ਰਹੇ ਹਨ। ਉਸਨੇ ਕਿਹਾ ਕਿ ਤੁਸੀਂ ਤਾਂ ਅਖੰਡ ਪਾਠ ਰੱਖਿਆ ਹੋਇਆ ਹੈ, ਵਿਘਨ ਪੈ ਜਾਵੇਗਾ। ਘਰ ਵਾਲਿਆਂ ਨੇ ਕਿਹਾ ਕਿ ਜਿਹੜਾ ਵਿਘਨ ਪੈਣਾ ਸੀ, ਉਹ ਤਾਂ ਪੈ ਗਿਆ। ਹੁਣ ਤੂੰ ਚਲਾ ਜਾਹ ਤੇਰੇ ਵਾਸਤੇ ਚੰਗਾ ਨਹੀਂ ਹੈ, ਤੂੰ ਮਹਾਰਾਜ ਦੇ ਅੱਗਿਉਂ ਪਾਠ ਕਰਦੇ-ਕਰਦੇ ਨੇ ਪੈਸੇ ਚੁੱਕੇ ਹਨ। ਉਹ ਮੰਨੇ ਹੀ ਨਾ, ਤਾਂ ਉਨ੍ਹਾਂ ਨੇ ਕਿਹਾ ਕਿ ਵੀਡੀਉ ਬਣੀ ਹੋਈ ਹੈ ਆ ਕੇ ਦੇਖ ਲੈ। ਫਿਰ ਉਹ ਬਹੁਤ ਹੀ ਸ਼ਰਮਿੰਦਾ ਹੋਇਆ ਤੇ ਉਥੋਂ ਚਲਾ ਗਿਆ। ਰਾਤ ਦਾ ਵੇਲਾ ਸੀ ਕੋਈ ਛੱਡਣ ਵੀ ਨਾ ਗਿਆ।

ਇੱਕ ਪੇਪਰ ਦੀ ਖਬਰ ਹੈ ਕਿ ਇੰਡੀਆ, ਇੱਕ ਪਿੰਡ ਵਿਖੇ ਗੁਰਸਿੱਖ ਪਰਿਵਾਰ ਨੇ ਅਖੰਡ ਪਾਠ ਰਖਾਇਆ। ਪੰਜ ਪਾਠੀਆਂ ਦਾ ਜਥਾ ਸੀ। ਉਨ੍ਹਾਂ ਵਿਚ ਇਕ 17-18 ਸਾਲ ਦਾ ਲੜਕਾ ਸੀ। ਉਹ ਰਾਤ ਨੂੰ ਪਾਠ ਕਰ ਰਿਹਾ ਸੀ। ਘਰ ਵਾਲਿਆਂ ਦੀ ਲੜਕੀ ਜਿਹੜੀ ਕਿ ਬਹੁਤ ਹੀ ਸੁੰਦਰ ਸੀ, ਇਕੱਲੀ ਪਾਠ ਸੁਣ ਰਹੀ ਸੀ। ਲੜਕੇ ਦਾ ਮਨ ਡੋਲ ਗਿਆ। ਪਾਠ ਕਰਦੇ ਕਰਦੇ ਉਲਟਾ ਹੀ ਪੜ੍ਹਨ ਲੱਗ ਪਿਆ,

"ਮਹੱਲਾ ਪੰਜਵਾਂ, ਕੁੜੀਏ ਤੂੰ ਸਾਨੂੰ ਗਰਮ ਗਰਮ ਚਾਹ ਪਿਲਾਈ।" ਕੁੜੀ ਸੁਣ ਕੇ ਹੈਰਾਨ ਹੋ ਗਈ ਅਤੇ ਆਪਣੀ ਮਾਂ ਨੂੰ ਜਾ ਕੇ ਪੁਛਣ ਲੱਗੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਤਰ੍ਹਾਂ ਲਿਖਿਆ ਹੈ ਕਿ ਕੁੜੀਏ ਸਾਨੂੰ ਗਰਮ ਗਰਮ ਚਾਹ ਪਿਲਾਈ। ਉਸ ਦੀ ਮਾਤਾ ਨੇ ਆਪਣੇ ਸਿੰਘ ਨੂੰ ਦੱਸਿਆ। ਉਸ ਨੇ ਜਾ ਕੇ ਲੜਕੇ ਨੂੰ ਕਿਹਾ ਕਿ ਤੂੰ ਪਾਠ ਬੰਦ ਕਰ ਦੇ। ਆਪਣੇ ਕਪੜੇ ਚੁੱਕ ਕੇ ਦੌੜ ਜਾਹ, ਨਹੀਂ ਤਾਂ ਤੇਰੇ ਕੁਟਾਪਾ ਪਵੇਗਾ। ਲੜਕਾ ਦੌੜ ਗਿਆ ਉਸ ਨੇ ਪਿਛੇ ਮੁੜ ਕੇ ਨਹੀਂ ਦੇਖਿਆ।

ਕਈ ਜੀਵਾਂ ਨੂੰ ਗੁਰੂ ਦਾ ਜ਼ਰਾ ਵੀ ਡਰ ਨਹੀਂ, ਰੱਬ ਨੂੰ ਤਾਂ ਭੁਲਾ ਹੀ ਬੈਠੇ ਹਨ। ਬੰਦਾ ਤਾਂ ਸਮਝਦਾ ਹੈ ਕਿ ਕੋਈ ਦੇਖਦਾ ਨਹੀਂ। ਪਰ ਸਤਿਗੁਰ ਜੀ ਤਾਂ ਅੰਤਰਜਾਮੀ ਹਨ। ਉਹ ਘੱਟ ਘੱਟ ਦੇ ਜਾਨਣਹਾਰ ਹਨ। ਤੁਸੀਂ ਬੰਦੇ ਤੋਂ ਕੁਛ ਛਿਪਾ ਸਕਦੇ ਹੋ ਪਰ ਰੱਬ ਕੋਲੋਂ ਕੁਛ ਨਹੀਂ ਛਿਪਾ ਸਕਦੇ। ਇਨ੍ਹਾਂ ਵਿਚਾਰਿਆਂ ਨੇ ਕਿਸ ਭਾਵਨਾ ਨਾਲ ਪਾਠ ਕਰਵਾਇਆ ਸੀ ਪਰ ਝੂਠੀ ਮਾਇਆ ਦੇ ਲਾਲਚ ਵਿਚ ਆ ਕੇ ਅਖੰਡ ਪਾਠ ਵਿਚ ਵਿਘਨ ਪਾ ਦਿੱਤਾ।

ਅੱਜਕੱਲ ਸਿੱਖ ਰਹਿਤ ਤੋਂ ਬਹੁਤ ਦੂਰ ਹੋ ਗਏ ਹਨ, ਇਸ ਕਰਕੇ ਇਹ ਘੱਲੂਘਾਰੇ ਦੀ ਸੱਟ ਵੱਜੀ ਹੈ। ਇਹ ਮਾਇਆ ਦੇ ਚੱਕਰ ਵਿਚ ਇਤਨੇ ਫਸ ਗਏ ਹਨ ਕਿ ਨਿਕਲਣਾ ਬਹੁਤ ਮੁਸ਼ਕਲ ਹੈ। ਅੰਮ੍ਰਿਤਧਾਰੀ ਸਿਖ ਵੀ ਮਾਇਆ ਦੇ ਚੱਕਰ ਵਿਚ ਫਸ ਗਏ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਨੂੰ ਰਹਿਤ ਪਿਆਰੀ ਹੈ। ਇਸ ਦਾ ਕੋਈ ਵੀ ਪ੍ਰਚਾਰ ਨਹੀਂ ਕਰਦਾ। ਸੰਗਤ ਨੂੰ ਇਤਨਾ ਗਿਆਨ ਨਹੀਂ ਇਸ ਕਰਕੇ ਭਟਕਦੀ ਫਿਰਦੀ ਹੈ। ਹਰ ਇਕ ਇਨਸਾਨ ਰੱਬ ਨੂੰ ਪਾਉਣ ਦਾ ਸੌਖਾ ਤਰੀਕਾ ਲੱਭਦਾ ਹੈ। ਕਿੰਨੇ ਹੀ ਲੋਕ ਰਾਧਾ ਸਵਾਮੀ ਅਤੇ ਨਿੰਰਕਾਰੀ ਬਣਦੇ ਜਾ ਰਹੇ ਹਨ। ਇਨ੍ਹਾਂ ਵਿਚ ਰਹਿਤ ਦੀ ਕੋਈ ਪਾਬੰਦੀ ਨਹੀਂ ਹੈ। ਅਗਰ ਕੋਈ ਮੁਕਤੀ ਚਾਹੁੰਦਾ ਹੈ ਤਾਂ ਰਹਿਤ ਰੱਖਣੀ ਬਹੁਤ ਜਰੂਰੀ ਹੈ।

ਇੱਕ ਵਾਰੀ ਦਾਸ ਭਾਈ ਅਮਰੀਕ ਸਿੰਘ ਨਾਲ ਇੰਡੀਆ ਗਿਆ। ਅਸੀਂ ਮੋਗਾ ਸ਼ਹਿਰ ਅਮਰੀਕ ਸਿੰਘ ਦੇ ਸਹੁਰਿਆਂ ਦੇ ਘਰ ਠਹਿਰੇ ਸੀ। ਨਿੱਤਨੇਮ ਤੋਂ ਬਾਅਦ ਅਸੀਂ ਮਹਾਰਾਜ ਜੀ ਦੇ ਦਰਸ਼ਨ ਕਰਨ ਗੁਰਦੁਆਰਾ ਸਾਹਿਬ ਗਏ। ਮਹਾਰਾਜ ਜੀ ਨੂੰ ਨਮਸਕਾਰ ਕਰਕੇ ਅਸੀਂ ਬਰਾਂਡੇ ਵਿਚ ਆ ਕੇ ਮੰਜੇ ਉਪਰ ਬੈਠ ਗਏ। ਦੂਸਰੇ ਮੰਜੇ ਉਪਰ ਗ੍ਰੰਥੀ ਜੀ ਆ ਕੇ ਬੈਠ ਗਏ। ਥੋੜ੍ਹੀ ਦੇਰ ਬਾਅਦ ਇਕ ਬੀਬੀ ਆਪਣੀ ਬੱਚੇ ਨੂੰ ਲੈ ਕੇ ਆਈ। ਬੱਚੇ ਦੀ ਸਿਹਤ ਕੁਝ ਢਿੱਲੀ ਸੀ। ਗ੍ਰੰਥੀ ਜੀ ਨੇ ਆਪਣੇ ਹੱਥ ਦਾ ਕੜਾ

ਉਤਾਰ ਕੇ ਬੱਚੇ ਦੇ ਮੂੰਹ 'ਤੇ ਇਸ ਤਰ੍ਹਾਂ ਉਪਰ ਤੋਂ ਹੇਠਾ ਫੇਰਿਆ, ਜਿਸ ਤਰ੍ਹਾਂ ਪੱਖਾ ਝੱਲੀਦਾ ਹੈ। ਮੂੰਹ ਵਿਚ ਪਤਾ ਨਹੀਂ ਕੀ ਮੰਤਰ ਪੜ੍ਹਦਾ ਰਿਹਾ। ਗ੍ਰੰਥੀ ਜੀ ਨੇ ਕਿਹਾ, ਜਾਹ ਬੀਬੀ ਤੇਰਾ ਬੱਚਾ ਠੀਕ ਹੋ ਜਾਵੇਗਾ। ਅਸੀਂ ਦੇਖ ਕੇ ਬਹੁਤ ਹੈਰਾਨ ਹੋਏ।

ਦਾਸ ਨੇ ਗ੍ਰੰਥੀ ਜੀ ਨੂੰ ਕਿਹਾ, ਤੁਸੀਂ ਤਾਂ ਮਹਾਰਾਜ ਜੀ ਦੇ ਵਜ਼ੀਰ ਹੋ। ਇਹ ਕੀ ਮਨਮਤ ਕਰ ਰਹੇ ਹੋ ? ਤੁਸੀਂ ਤਾਂ ਜਾਣਦੇ ਹੋ ਕਿ ਮਹਾਰਾਜ ਹਾਜ਼ਰ ਨਾਜ਼ਰ ਅੰਦਰ ਬੈਠੇ ਹਨ। ਤੁਹਾਡਾ ਫਰਜ਼ ਬਣਦਾ ਸੀ ਕਿ ਤੁਸੀਂ ਮਾਈ ਨੂੰ ਕਹਿੰਦੇ ਪਹਿਲਾਂ ਅੰਦਰ ਜੁਗੋ ਜੁਗ ਅਟੱਲ, ਜਾਗਦੀ ਜੋਤ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕ ਕੇ ਆਉ। ਫਿਰ ਉਸ ਨੂੰ ਵਾਹਿਗੁਰੂ ਜੀ ਦਾ ਸਿਮਰਨ, ਮੂਲ-ਮੰਤਰ ਦਾ ਪਾਠ, ਜਪੁਜੀ ਸਾਹਿਬ ਜਾਂ ਸੁਖਮਨੀ ਸਾਹਿਬ ਜੀ ਦਾ ਪਾਠ ਕਰਨ ਵਾਸਤੇ ਉਪਦੇਸ਼ ਦਿੰਦੇ।

**ਸਰਬ ਰੋਗ ਕਾ ਅਉਖਦੁ ਨਾਮੁ**

*(ਸੁਖਮਨੀ ਸਾਹਿਬ)*

ਤੁਸੀਂ ਉਸ ਨੂੰ ਬਾਣੀ ਨਾਲ ਜੋੜਦੇ। ਬਾਣੀ ਪੜ੍ਹਨ ਸੁਣਨ ਨਾਲ ਸਾਰੇ ਦੁੱਖ ਦੂਰ ਹੋ ਜਾਂਦੇ ਹਨ। ਬੀਬੀ ਨੂੰ ਤਾਂ ਇਤਨਾ ਗਿਆਨ ਨਹੀਂ ਸੀ। ਤੁਸੀਂ ਉਸ ਨੂੰ ਸਹੀ ਰਸਤਾ ਦੱਸਣ ਦੀ ਬਜਾਏ ਪੰਡਤਾਂ ਵਾਂਗੂੰ ਮੰਤਰ ਪੜ੍ਹਨ ਲੱਗ ਪਏ। ਸਾਨੂੰ ਕਦੋਂ ਸੋਝੀ ਆਵੇਗੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਕਿਸ ਤਰ੍ਹਾਂ ਸਤਿਕਾਰ ਕਰਨਾ ਚਾਹੀਦਾ ਹੈ। ਜੇ ਗ੍ਰੰਥੀ ਹੀ ਸੰਗਤ ਨੂੰ ਸਿੱਧੇ ਰਸਤੇ ਨਹੀਂ ਪਾਉਣਗੇ ਤਾਂ ਹੋਰ ਕੌਣ ਪਾਵੇਗਾ। ਗ੍ਰੰਥੀ ਜੀ ਸ਼ਰਮਿੰਦਾ ਹੋ ਗਿਆ ਅਤੇ ਉਸ ਨੇ ਆਪਣੀ ਗਲਤੀ ਮਹਿਸੂਸ ਕੀਤੀ।

ਇਕ ਵਾਰੀ ਬਾਬਾ ਨੰਦ ਸਿੰਘ ਜੀ ਕਲੇਰਾਂ ਵਾਲੇ ਤੁਰਦੇ ਫਿਰਦੇ ਇੱਕ ਖੂਹ ਤੇ ਚਲੇ ਗਏ। ਗਰਮੀ ਦੇ ਦਿਨ ਸਨ। ਖੂਹ ਚਲ ਰਿਹਾ ਸੀ। ਦੋ ਬਲਦ ਖੂਹ ਵਿਚੋਂ ਪਾਣੀ ਕੱਢ ਰਹੇ ਸਨ। ਗਰਮੀ ਨਾਲ ਇਨ੍ਹਾਂ ਬਲਦਾਂ ਦੀਆਂ ਜੀਭਾਂ ਬਾਹਰ ਨਿਕਲੀਆਂ ਹੋਈਆਂ ਸਨ। ਖੂਹ ਖਿਚਿਆ ਨਹੀਂ ਜਾਂਦਾ ਸੀ। ਰੱਬ ਅੱਗੇ ਅਰਦਾਸ ਕਰਦੇ ਸਨ ਕਿ ਇਸ ਦੁੱਖ ਨਾਲੋਂ ਸਾਨੂੰ ਮੌਤ ਦੇ ਦੇਹ। ਬਾਬਾ ਜੀ ਉਨ੍ਹਾਂ ਪਾਸ ਜਾ ਖੜ੍ਹੇ ਹੋਏ ਅਤੇ ਬਚਨ ਕੀਤਾ ਕਿ ਕਿਉਂ ਭਾਈ ਸੇਵਾ ਸਿਮਰਨ ਤੋਂ ਬਿਨਾ ਇਹ ਹਾਲ ਹੁੰਦਾ ਹੈ। ਤੁਹਾਨੂੰ ਹੁਣ ਇਹ ਸਜ਼ਾ ਮਿਲ ਰਹੀ ਹੈ। ਇਹ ਸੁਣ ਕੇ ਦੋਨਾਂ ਨੇ ਸਿਰ ਧਰਤੀ ਨਾਲ ਲਾ ਦਿੱਤੇ ਅਤੇ ਅੱਖਾਂ ਵਿਚੋਂ ਪਾਣੀ ਵੱਗਣ ਲੱਗਾ। ਬਾਬਾ ਜੀ ਨੇ ਜ਼ਿਮੀਦਾਰ ਨੂੰ ਕਿਹਾ ਕਿ ਇਹਨਾਂ ਨੂੰ ਛੱਡ ਦੇਹ, ਰਾਤ ਪੈਲੀ ਨੂੰ ਪਾਣੀ ਦੇ ਦੇਣਾ।

ਇਹ ਸੁਣ ਕੇ ਜ਼ਿਮੀਦਾਰ ਨੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਬਾਬਾ ਜੀ ਅਸੀਂ ਤਾਂ ਕਾਮੇ ਹਾਂ। ਕਪਾਹ ਅਤੇ ਨਰਮਾ ਸੁੱਕ ਰਿਹਾ ਹੈ। ਰਾਤ ਦਿਨ ਚਲਾਉਣ ਨਾਲ ਵੀ ਪਾਣੀ ਪੂਰਾ ਨਹੀਂ ਹੋ ਰਿਹਾ। ਬਾਰਸ਼ ਇਸ ਵਾਰ ਪਈ ਨਹੀਂ, ਜੇ ਖੂਹ ਬੰਦ ਕਰ ਦਈਏ ਤਾਂ ਫਸਲ ਮਾਰੀ ਜਾਵੇਗੀ। ਇਹ ਸੁਣ ਕੇ ਬਾਬਾ ਜੀ ਨੇ ਕਿਹਾ, ਕਿ ਭਲਿਆ ਲੋਕਾ ਕਹੀ ਚੱਕ ਲੈ ਤੇ ਸਾਡੇ ਨਾਲ ਤੁਰ। ਇਹ ਬਚਨ ਸੁਣ ਕੇ ਨੌਕਰ ਨੇ ਬਲਦ ਛੱਡ ਦਿੱਤੇ ਅਤੇ ਬਾਬਾ ਜੀ ਦੇ ਨਾਲ ਤੁਰ ਪਿਆ। ਬਾਬਾ ਜੀ ਦੇ ਨਾਲ ਹੋਰ ਸਿੰਘ ਵੀ ਸਨ। ਇਕ ਨੇ

ਪੁਛਿਆ ਕਿ ਬਾਬਾ ਜੀ ਇਹ ਕੌਣ ਹਨ ? ਜਿਹੜੇ ਬਲਦਾਂ ਦੀ ਜੂਨ ਵਿਚ ਦੁੱਖ ਭੋਗ ਰਹੇ ਹਨ। ਬਾਬਾ ਜੀ ਨੇ ਕਿਹਾ, ਇਹ ਪਿਛਲੇ ਜਨਮ ਵਿਚ ਗ੍ਰੰਥੀ ਸਨ। ਇੱਕ ਗ੍ਰੰਥੀ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਬਾਰੀ ਵਿਚ ਬੰਦ ਕਰ ਦਿੰਦਾ ਸੀ। ਤੰਗ ਬਾਰੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਰੱਖ ਕੇ ਬਾਰੀ ਜ਼ੋਰ ਨਾਲ ਬੰਦ ਕਰ ਦੇਣੀ ਅਤੇ ਆਪ ਪਲੰਘ ਤੇ ਅਰਾਮ ਕਰਨਾ। ਗੁਰੂ ਮਹਾਰਾਜ ਜੀ ਨੂੰ ਇੱਕ ਪੁਸਤਕ ਸਮਝਦਾ ਸੀ। ਇਸ ਵਾਸਤੇ ਭਾਵਨਾ ਤੋਂ ਹੀਣ ਹੋਣ ਕਾਰਨ ਇਹ ਦੁੱਖ ਇਸ ਨੂੰ ਮਿਲਿਆ ਹੈ।

ਸਿੰਘਾਂ ਨੇ ਬੇਨਤੀ ਕੀਤੀ ਕਿ ਦੂਜੇ ਗ੍ਰੰਥੀ ਨੇ ਵੀ ਬੇਅਦਬੀ ਕੀਤੀ ਹੋਵੇਗੀ। ਬਾਬਾ ਜੀ ਨੇ ਕਿਹਾ ਕਿ ਜਦੋਂ ਅਸੀਂ ਹਜ਼ੂਰ ਸਾਹਿਬ ਸੇਵਾ ਕਰਦੇ ਸੀ। ਇਕ ਦਿਨ ਸਚਖੰਡ ਦੀ ਪ੍ਰਕਰਮਾ ਵਿਚ ਸ਼ਹੀਦ ਸਿੰਘ ਨੇ ਇਸ ਆਦਮੀ ਨੂੰ ਲੰਮਾ ਪਾ ਲਿਆ। ਇਹ ਆਦਮੀ ਦੁਹਾਈ ਪਾਵੇ ਕਿ ਮੈਂ ਗ੍ਰੰਥੀ ਹਾਂ। ਮੈਂ ਸੇਵਾ ਕਰਦਾ ਰਿਹਾ ਹਾਂ। ਮੈਨੂੰ ਛੱਡ ਦੇਵੋ। ਮੈਨੂੰ ਕੁਝ ਨਾ ਆਖੋ।

ਸ਼ਹੀਦ ਸਿੰਘ ਨੇ ਜਵਾਬ ਦਿੱਤਾ ਕਿ ਤੂੰ ਸੇਵਾ ਕਰਦਾ ਸੀ ਜਾਂ ਸਜ਼ਾ ਦਿੰਦਾ ਸੀ। ਤੈਨੂੰ ਸਜ਼ਾ ਮਿਲਣੀ ਚਾਹੀਦੀ ਹੈ। ਇਹ ਕਹਿ ਕੇ ਉਸਦੇ ਮੂੰਹ ਵਿਚ ਮਿੱਟੀ ਦਾ ਤੇਲ ਪਾਉਣਾ ਸ਼ੁਰੂ ਕਰ ਦਿੱਤਾ। ਉਹ ਗ੍ਰੰਥੀ ਵਿਚਾਰਾ ਦੁਹਾਈ ਪਾ ਰਿਹਾ ਸੀ ਪਰ ਉਥੋਂ ਛੁਡਾਏ ਕੌਣ। ਉਸਦੀ ਬੁਰੀ ਹਾਲਤ ਕੀਤੀ। ਇਕ ਤਾਂ ਤੇਲ ਪਿਆਇਆ, ਦੂਸਰਾ ਕੁੱਟ ਕੁੱਟ ਕੇ ਬੇਸੁਰਤ ਕਰਕੇ ਸੁੱਟ ਦਿੱਤਾ, ਦੇਖਣ ਵਾਲੇ ਹੈਰਾਨ ਸਨ। ਉਥੋਂ ਦੇ ਸੇਵਾਦਾਰ ਉਸ ਨੂੰ ਚੁੱਕ ਕੇ ਬਾਹਰ ਲੈ ਗਏ। ਜਦੋਂ ਇਸ ਨੂੰ ਹੋਸ਼ ਆਈ ਤਾਂ ਪੁਛਿਆ ਕਿ ਸ਼ਹੀਦ ਸਿੰਘਾਂ ਤੈਨੂੰ ਕਿਉਂ ਕੁੱਟਿਆ, ਤੇਰੇ ਪਾਸੋਂ ਕੀ ਭੁੱਲ ਹੋ ਗਈ। ਗ੍ਰੰਥੀ ਨੇ ਦੱਸਿਆ ਕਿ ਪਿੰਡ ਮੇਰੇ ਕੋਲ ਬਹੁਤ ਪਾਠ ਆ ਜਾਂਦੇ ਸਨ। ਮੇਰੇ ਪਾਸੋਂ ਹੋ ਨਹੀਂ ਸਕਦੇ ਸੀ ਅਤੇ ਘਰ ਵਾਲੇ ਪੂਰੀ ਸੇਵਾ ਨਹੀਂ ਕਰਦੇ ਸੀ। ਇਸ ਕਾਰਨ ਮੈਂ ਬਗੈਰ ਪੜ੍ਹੇ ਹੀ ਭੋਗ ਪਾ ਦਿੰਦਾ ਸੀ ਤੇ ਇਸ ਤਰ੍ਹਾਂ ਸਮਝ ਲੈਂਦਾ ਸੀ ਕਿ :-

ਆਦਿ ਪੜਿਆ ਅੰਤ ਪੜਿਆ। ਵਿਚੋਂ ਵਿਚੋਂ ਦਰਸ਼ਨ ਕਰਿਆ।<br>
ਦਿਨ ਚੜਦੇ ਨੂੰ ਸਾਰਾ ਪੜਿਆ। ਪਾਪ ਪੁੰਨ ਸਭ ਮਾਈ ਨੂੰ ਚੜਿਆ।

ਲੋਕਾਂ ਨੂੰ ਦਿਖਾਉਣ ਵਾਸਤੇ ਤੜਕੇ ਉੱਠ ਕੇ, ਬਗੈਰ ਇਸ਼ਨਾਨ ਕੀਤੇ, ਮਿੱਠੀ ਦੇ ਤੇਲ ਦੇ ਦੀਵੇ ਨਾਲ ਪਾਠ ਕਰਦਾ ਰਹਿੰਦਾ ਸਾਂ। ਕੋਲ ਹੀ ਤੇਲ ਦੀ ਬੋਤਲ ਰੱਖ ਲੈਂਦਾ, ਜਦੋਂ ਤੇਲ ਘੱਟ ਜਾਣਾ ਤਾਂ ਦੀਵੇ ਵਿਚ ਤੇਲ ਹੋਰ ਪਾ ਲੈਣਾ। ਉਹਨਾਂ ਹੱਥਾਂ ਨਾਲ ਪੱਤਰਿਆਂ ਨੂੰ ਹੱਥ ਲਾਉਣਾ। ਇਸ ਬੇਅਦਬੀ ਕਰਕੇ ਸ਼ਹੀਦਾਂ ਨੇ ਮੇਰੇ ਮੂੰਹ ਵਿਚ ਮਿੱਟੀ ਦਾ ਤੇਲ ਪਾਇਆ। ਬਾਬਾ ਜੀ ਨੇ ਦੱਸਿਆ ਕਿ ਇਹੋ ਜਿਹੇ ਕੌਤਕ ਦੇਖ ਕੇ ਲੋਕੀ ਡਰਦੇ ਹਜ਼ੂਰ ਸਾਹਿਬ ਜਾਣ ਤੋਂ ਘੱਟ ਗਏ ਸਨ। ਸੰਗਤ ਘੱਟ ਆਉਂਦੀ ਦੇਖ ਕੇ ਪੁਜਾਰੀ ਨੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅੱਗੇ ਬੇਨਤੀ ਕੀਤੀ ਕਿ ਹੇ ਸੱਚੇ ਪਾਤਸ਼ਾਹ ਇਤਨੀ ਕਰੜਾਈ ਨਾਲ ਲੋਕੀ ਇਥੇ ਆਉਣ ਤੋਂ ਹੱਟ ਜਾਣਗੇ। ਸੱਚੇ ਪਾਤਸ਼ਾਹ ਜਿਸ ਨੂੰ ਸਜ਼ਾ ਦੇਣੀ ਹੈ, ਗੁਪਤ ਦੇਹੁ। ਪਰਤੱਖ ਸਜ਼ਾ ਨਾ ਦਿਉ। ਥੋੜ੍ਹੀ ਬਹੁਤੀ

ਗਲਤੀ ਤਾਂ ਹਰ ਇਕ ਵਿਚ ਹੁੰਦੀ ਹੈ। ਉਸ ਅਰਦਾਸ ਕਰਨ ਤੋਂ ਬਾਅਦ ਉਥੇ ਸਜ਼ਾ ਦੇਣੋ ਹਟ ਗਏ ਪਰ ਗੁਪਤ ਸਜ਼ਾ ਹੁਣ ਵੀ ਮਿਲਦੀ ਹੈ।

ਕੁਝ ਸਮੇਂ ਬਾਅਦ ਗ੍ਰਿਥੀ ਮਰ ਗਏ ਤਾਂ ਬਲਦਾਂ ਦੀ ਜੂਨ ਮਿਲੀ ਅਤੇ ਇਹ ਹਾਲਤ ਹੋਈ। ਸਿੰਘਾਂ ਨੇ ਕਿਹਾ ਕਿ ਫਿਰ ਇਨ੍ਹਾਂ ਨੂੰ ਛੁਡਾਉਣ ਦੀ ਕੀ ਲੋੜ ਸੀ, ਸਜ਼ਾ ਭੋਗ ਲੈਣ ਦਿੰਦੇ। ਬਾਬਾ ਜੀ ਨੇ ਕਿਹਾ ਫਿਰ ਵੀ ਸੇਵਾ ਤਾਂ ਕਰਦੇ ਰਹੇ ਹਨ। ਪੁਤਰ ਕੁਪਤਰ ਹੋ ਜਾਂਦੇ ਹਨ, ਪਰ ਮਾਪੇ ਕੁਮਾਪੇ ਨਹੀਂ ਹੁੰਦੇ। ਇੰਨੇ ਚਿਰ ਵਿਚ ਬਾਬਾ ਜੀ ਆਪਣੇ ਅਸਥਾਨ ਤੇ ਪਹੁੰਚ ਗਏ। ਨਾਲ ਆਏ ਜ਼ਿਮੀਦਾਰ ਨੂੰ ਹੁਕਮ ਦਿੱਤਾ, ਇਸ ਕੁਟੀਆ ਦੇ ਚਾਰ ਚੁਫੇਰੇ ਵਟ ਮਾਰ ਦੇਹ। ਜ਼ਿਮੀਦਾਰ ਨੇ ਕਿਹਾ, ਬਾਬਾ ਜੀ ਕਿੰਨੀ ਕੁ ਉਚੀ ਵੱਟ ਮਾਰ ਦਿਆਂ। ਹਜ਼ੂਰ ਨੇ ਕਿਹਾ ਕਿ ਜਿਤਨਾ ਕੁ ਤੈਨੂੰ ਮੀਂਹ ਚਾਹੀਦਾ ਹੈ। ਜ਼ਿਮੀਦਾਰ ਬਹੁਤ ਹੀ ਖੁਸ਼ ਹੋਇਆ ਅਤੇ ਉਸ ਨੇ ਚਾਰੇ ਪਾਸੇ ਵੱਟ ਮਾਰ ਦਿੱਤੀ। ਵੱਟ ਮਾਰਨ ਦੀ ਦੇਰ ਸੀ ਕਿ ਅਕਾਸ਼ ਤੇ ਬੱਦਲ ਆ ਗਏ। ਜ਼ਿਮੀਦਾਰ ਵੱਟ ਮਾਰ ਕੇ ਬਾਬਾ ਜੀ ਦੇ ਚਰਨਾਂ ਵਿਚ ਮੱਥਾ ਟੇਕ ਕੇ ਖੂਹ 'ਤੇ ਪਹੁੰਚਿਆ ਤੇ ਵਰਖਾ ਸ਼ੁਰੂ ਹੋ ਗਈ। ਬਾਰਸ਼ ਇੰਨੀ ਹੋਈ ਜਿੰਨੀ ਜ਼ਿਮੀਦਾਰ ਨੇ ਵੱਟ ਉੱਚੀ ਕੀਤੀ ਸੀ। ਖੇਤ ਚੰਗੀ ਤਰ੍ਹਾਂ ਭਰ ਗਏ। ਪੈਲੀਆਂ ਦੀ ਖੁਸ਼ਕੀ ਚੁੱਕੀ ਗਈ।

*****

# ਭਾਈ ਸਰਵਣ ਸਿੰਘ ਫਲੇਵਾਲ

ਇਹ ਗੁਰਮੁਖ ਜਨ ਵੀ ਪਿੰਡ ਫਲੇਵਾਲ ਦੇ ਰਹਿਣ ਵਾਲੇ ਸਨ, ਕਰਣੀ ਕ੍ਰਿਤ ਕਮਾਈ ਦੇ ਪੂਰੇ ਭਾਂਡੇ ਹੁੰਦੇ ਹੋਏ ਆਪਣੇ ਆਪ ਨੂੰ ਬਹੁਤ ਛਿਪਾ ਕੇ ਰਖਦੇ ਸਨ। ਔਲੀ ਗੌਲੀ ਸਾਧਾਰਨ ਬਿਰਤੀ ਵਿਚ ਹੀ ਵਿਚਰਿਆ ਕਰਦੇ ਸਨ। ਸਾਨੂੰ ਇਨ੍ਹਾਂ ਦੀ ਦਸ਼ਾ ਦਾ ਕੁਛ ਪਤਾ ਨਹੀਂ ਸੀ। ਦਾਸ ਨੇ ਕਦੇ ਗੌਲਿਆ ਹੀ ਨਹੀਂ ਸੀ ਕਿ ਸਾਡੇ ਨਿਕਟ ਹੀ ਦੋ ਕੋਸ ਦੇ ਫ਼ਾਸਲੇ ਤੇ ਇਕ ਪੁਗ ਖਲੋਤੀ ਗੁਰਮੁਖ ਵਿਅਕਤੀ ਰਹਿੰਦਾ ਹੈ। ਸੰਜੋਗ ਮੇਲ ਦਾ ਅਵਸਰ ਜਦੋਂ ਜੁੜਨਾ ਹੁੰਦਾ ਹੈ, ਓਦੋਂ ਹੀ ਜੁੜਦਾ ਹੈ। ਤੇ ਇਹ ਕਿਵੇਂ ਜੁੜਿਆ, ਇਹ ਵੀ ਇਕ ਅਜੀਬ ਵਾਰਤਾ ਹੈ।

ਭਾਣੇ ਅੰਦਰ ਸਾਨੂੰ ਇਕ ਵਾਰ ਪੰਚਖੰਡ ਸਮਾਗਮ ਤੇ ਸਿਰੀ ਬਾਬੂ ਮੱਲ ਸਿੰਘ ਜੀ ਦੇ ਨਾਲ ਅਨਾਚੇਤ ਮੇਲ ਹੋਇਆ। ਉਹ ਮੈਨੂੰ ਨਹੀਂ ਜਾਣਦੇ ਸੀ, ਮੈਂ ਉਨ੍ਹਾਂ ਨੂੰ ਨਹੀਂ ਜਾਣਦਾ ਸੀ। ਰੈਣ ਸਮੇਂ ਇਕੋ ਕੋਠੇ ਅੰਦਰ ਭੂਮ-ਆਸਨ ਬਿਸਰਾਮ ਕਰਦੇ ਹੋਏ ਇਕ ਰਾਤ ਇਕੱਠੇ ਹੀ (ਮੈਂ ਤੇ ਬਾਬੂ ਮੱਲ ਸਿੰਘ ਜੀ) ਰਹੇ। ਸੁਤੇ ਹੀ ਉਨ੍ਹਾਂ ਨੇ ਗੱਲਾਂ ਛੇੜ ਦਿੱਤੀਆਂ। ਐਉਂ ਪ੍ਰਤੀਤ ਹੁੰਦਾ ਸੀ ਕਿ ਉਨ੍ਹਾਂ ਨੇ (ਬਾਬੂ ਮੱਲ ਸਿੰਘ ਜੀ ਨੇ) ਮੇਰਾ ਨਾਮ ਪਹਿਲਾਂ ਹੀ ਸੁਣਿਆ ਹੋਇਆ ਸੀ। ਜਦੋਂ ਮੈਂ ਉਨ੍ਹਾਂ ਪਾਸੋਂ ਪੁਛਿਆ ਕਿ ਤੁਸੀਂ ਮੇਰੇ ਨਾਮ ਤੋਂ ਕਿਵੇਂ ਵਾਕਫ਼ ਹੋ ? ਤਾਂ ਉਨ੍ਹਾਂ ਨੇ ਆਖਿਆ- "ਤੁਹਾਡੇ ਪਿੰਡ ਦੇ ਨੇੜੇ ਹੀ ਫਲੇਵਾਲ ਪਿੰਡ ਵਿਚ ਇਕ ਜੀਵਨ-ਵਿਅਕਤੀ ਗੁਪਤ ਦਸ਼ਾ ਵਿਚ ਰਹਿੰਦੀ ਹੈ, ਉਨ੍ਹਾਂ ਦਾ ਨਾਮ ਭਾਈ ਸਰਵਣ ਸਿੰਘ ਹੈ। ਉਹ ਚਿਰੋਕਣੇ ਸਮੇਂ ਤੋਂ ਤੁਹਾਨੂੰ ਜਾਣਦੇ ਹਨ, ਪਰ ਤੁਸੀਂ ਉਨ੍ਹਾਂ ਨੂੰ ਨਹੀਂ ਜਾਣਦੇ, ਚਾਹੇ ਉਨ੍ਹਾਂ ਨੇ ਤੁਹਾਡੇ ਜਥੇ ਪਾਸੋਂ ਹੀ ਅੰਮ੍ਰਿਤ ਛਕਿਆ ਹੈ। ਅੰਮ੍ਰਿਤ-ਛਕਣ ਸਾਰ ਹੀ ਗੁਟ ਹੋ ਗਏ ਹਨ ਅਤੇ ਓਦੋਂ ਦੇ ਗੁਪਤ ਹੀ ਵਰਤਦੇ ਹਨ। ਵੀਰ ਭਾਈ ਸਰਵਣ ਸਿੰਘ ਦੀ ਜ਼ਬਾਨੀ ਸਾਨੂੰ ਤੁਹਾਡੇ ਨਾਮ ਦਾ ਪਤਾ ਲਗਾ। ਜਦੋਂ ਦਾ, ਅਤੇ ਜਿਸ ਪ੍ਰਕਾਰ ਉਨ੍ਹਾਂ ਨੇ ਤੁਹਾਡਾ ਜ਼ਿਕਰ ਸਾਡੇ ਪਾਸ ਕੀਤਾ, ਸਾਨੂੰ ਓਦੋਂ ਦੀ ਹੀ ਤੁਹਾਡੇ ਮਿਲਣ ਦੀ ਤਾਂਘ ਲੱਗੀ ਹੋਈ ਸੀ।" ਸਿਰੀ ਬਾਬੂ ਮੱਲ ਸਿੰਘ ਜੀ ਦੀ ਉਸ ਅਚੇਤ-ਚੇਤਨੀ ਮੁਲਾਕਾਤ ਨੇ, ਜੋ ਕੁਛ ਭੀ ਉਨ੍ਹਾਂ ਨੇ ਦਾਸ ਨੂੰ ਵੀਰ ਸਰਵਣ ਸਿੰਘ ਬਾਰੇ ਦਸਿਆ, ਦਾਸ ਨੂੰ ਓਦੋਂ ਹੀ ਚੇਟਕ ਲਗ ਗਈ, ਕਿ ਕਦੋਂ ਵਾਪਸ ਪਿੰਡ ਜਾਈਏ ਅਤੇ ਜੀਵਨ-ਮੁਕਤ ਭਾਈ ਸਰਵਣ ਸਿੰਘ ਦੀ ਝਾਤੀ ਪਾਈਏ।

ਨਾਰੰਗਵਾਲ ਆਉਣ ਸਾਰ ਹੀ ਦਾਸ ਨੇ ਫਲੇਵਾਲ ਜਾਣ ਦੇ ਤਿਆਰੇ ਵਜਾ ਦਿਤੇ। ਖ਼ਾਲਸਈ ਸ਼ਸਤਰ ਬਸਤਰ ਸਜਾ ਕੇ ਫਲੇਵਾਲ ਪੈਦਲ ਧਾਈਆਂ ਹੋ ਗਈਆਂ। ਕੱਲ-ਮ-ਕੱਲੇ ਹੀ ਤੁਰ ਪਏ। ਇਸ ਤੋਂ ਪਹਿਲਾਂ ਦਾਸ ਕਦੇ ਵੀ ਫਲੇਵਾਲ ਨਹੀਂ ਗਿਆ ਸੀ। ਚਾਹੇ ਫਲੇਵਾਲ ਦੀ ਬਹੁਤ ਸਾਰੀ

ਸੰਗਤ ਮੈਨੂੰ ਜਾਣਦੀ ਸੀ, ਪਰ ਮੈਂ ਕਿਸੇ ਨੂੰ ਨਹੀਂ ਜਾਣਦਾ ਸੀ। ਅਸਾਡੇ ਪਿੰਡ ਦੇ ਇਕ ਜਥੇ ਦੇ ਸਿੰਘ ਮਾਸਟਰ ਨਿਰੰਜਨ ਸਿੰਘ ਜੀ ਫਲੇਵਾਲ ਖਾਲਸਾ ਪ੍ਰਾਇਮਰੀ ਸਕੂਲ ਵਿਚ ਮਾਸਟਰ ਲੱਗੇ ਹੋਏ ਸਨ। ਚਿਤ ਵਿਚ ਇਹ ਚਿਤਵਨੀ ਚਿਤਵ ਕੇ ਫਲੇਵਾਲ ਜਾ ਕੇ ਜੇ ਹੋਰ ਕਿਸੇ ਨੇ ਨਾ ਦਸਿਆ, ਤਾਂ ਮਾਸਟਰ ਨਿਰੰਜਨ ਸਿੰਘ ਤੋਂ ਹੀ ਭਾਈ ਸਰਵਣ ਸਿੰਘ ਦੀ ਸੂੰਹ ਕੱਢਾਂਗੇ। ਸਾਨੂੰ ਬਾਬੂ ਮੱਲ ਸਿੰਘ ਜੀ ਨੇ ਦਸਿਆ ਸੀ ਕਿ ਭਾਈ ਸਰਵਣ ਸਿੰਘ ਜੀ ਪਿੰਡ ਦੇ ਨੰਬਰਦਾਰ ਵੀ ਹਨ। ਗੁਜਰਵਾਲੋਂ ਟੱਪ ਕੇ ਜਦੋਂ ਫਲੇਵਾਲ ਦਾ ਪੈਂਡਾ ਨੇੜੇ ਹੀ ਰਹਿ ਗਿਆ ਤਾਂ ਦਾਸ ਦੇ ਚਿਤ ਵਿਚ ਇਹ ਭਾਵਨੀ ਸੁਫੁਰ ਹੋਈ ਕਿ ਜੇ ਉਹ (ਵੀਰ ਸਰਵਣ ਸਿੰਘ ਜੀ) ਸਚ ਮੁਚ ਉਸੇ ਬਿਰਤੀ ਦੇ ਮਾਲਕ ਹਨ ਜੈਸੀ ਕਿ ਬਾਬੂ ਮੱਲ ਸਿੰਘ ਜੀ ਦੀ ਜ਼ਬਾਨੀ ਪ੍ਰਗਟ ਹੋਈ ਹੈ, ਤਾਂ ਉਹ ਫਲੇਵਾਲ ਪਿੰਡ ਵੜਨ ਤੋਂ ਪਹਿਲਾਂ ਹੀ ਸਾਨੂੰ ਅਗਵਾਈ ਵਿਚ ਮਿਲਣ। ਪਿੰਡ ਨੇੜੇ ਆ ਗਿਆ, ਕਦਮ ਕਦਮ ਤੇ ਦਰਸ਼ਨ ਨਿਗਾਰ ਦੇ ਅਗੰਮੀ ਨਸ਼ੇ ਚੜ੍ਹਦੇ ਜਾਣ। ਸਾਨੂੰ (ਦਾਸ ਨੂੰ) ਚਿਤ-ਚਿਤਵਨੀ ਵੀ ਭੁਲ ਗਈ, ਜੋ ਆਉਂਦੇ ਆਉਂਦੇ ਚਿਤਾਰੀ ਸੀ। ਇਹ ਭੁਲ-ਭੁਲਾਉਣੀ ਵੀ ਭਾਣੇ ਅੰਦਰ ਵਰਤ ਗਈ। ਪਿੰਡ ਫਲੇਵਾਲ ਵੜਨ ਤੋਂ ਪਹਿਲਾਂ ਇਕ ਅਵਧੂਤ ਜਿਹੀ ਸ਼ਕਲ ਦਾ ਔਲਾ ਮੌਲਾ ਸਿੰਘ ਪਿੰਡੋਂ ਬਾਹਰ ਨੂੰ ਆਉਂਦਾ ਸੀ, ਤੇੜ ਕਛਹਿਰਾ, ਸੀਸ ਤੇ ਛੋਟੀ ਦਸਤਾਰ, ਪਿੰਡੇ ਤੋਂ ਨੰਗਾ, ਪਰ ਗਾਤਰੇ ਦੀ ਕ੍ਰਿਪਾਨ ਸਜਾਈ ਹੋਈ, ਮੇਰੇ ਕੋਲ ਦੀ ਫ਼ਤਹ ਗਜਾ ਕੇ ਲੰਘ ਗਿਆ ਭੈਂਸ ਨੂੰ ਹੱਕਦਾ ਹੱਕਦਾ, ਹੱਥ ਵਿਚ ਡੰਡਾ ਫੜਿਆ ਹੋਇਆ ਸੀ। ਦਾਸ ਨੇ ਗੁਮੇਂਹ ਨਾ ਕੀਤਾ ਕਿ ਇਹ ਕੌਣ ਹੈ।

ਪਿੰਡ ਦਾ ਦਰਵਾਜ਼ਾ ਵੜਨ ਸਾਰ ਪਹਿਲਾਂ ਸਾਹਮਣੇ ਇਕ ਧਰਮਸਾਲ ਆਈ, ਜਿਥੇ ਕੁਛ ਬ੍ਰਿਧ ਸਿੰਘ ਬੈਠੇ ਸਨ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਵੀ ਸੀ। ਮੈਂ ਉਥੇ ਜਾ ਕੇ ਮੱਥਾ ਟੇਕਿਆ ਅਤੇ ਫ਼ਤਹ ਗਜਾ ਕੇ ਬ੍ਰਿਧ ਸਿੰਘਾਂ ਦੇ ਪਾਸ ਹੀ ਬੈਠ ਗਿਆ। ਸਿੰਘ ਸਾਰੇ ਮੈਨੂੰ ਜਾਣਦੇ ਸਨ, ਦੇਖ ਕੇ ਹੈਰਾਨ ਰਹਿ ਗਏ ਅਤੇ ਪੁਛਣ ਲੱਗੇ, "ਅੱਜ ਤੁਸਾਡਾ ਆਉਣਾ ਇਥੇ ਕਿਵੇਂ ਹੋਇਆ?" ਮੈਂ ਆਖਿਆ, "ਭਾਈ ਸਾਹਿਬਾਨ, ਮੈਂ ਤਾਂ ਇਕ ਸਿੰਘ ਦੀ ਸੋਇ ਸੁਣ ਕੇ ਖਿਚਿਆ ਆਇਆ ਹਾਂ, ਦਸੋ ਕੋਈ ਸਰਵਣ ਸਿੰਘ ਨਾਮੇ ਨੰਬਰਦਾਰ ਵੀ ਹੈ?" ਉਹ ਕਹਿਣ ਲਗੇ- "ਜੀ ਹਾਂ, ਹੁਣੇ ਹੀ ਉਹ ਮੱਝ ਲੈ ਕੇ ਬਾਹਰ ਗਿਆ ਹੈ, ਚਾਹੇ ਆਪ ਨੂੰ ਰਾਹ ਵਿਚ ਹੀ ਮਿਲਿਆ ਹੋਵੇ।" ਮੈਂ ਆਖਿਆ, "ਉਹੀ ਸੀ ਜੋ ਪਿੰਡੇ ਤੋਂ ਨੰਗਾ ਅਤੇ ਤੇੜ ਕਛਹਿਰਾ?" ਕਹਿਣ ਲਗੇ, "ਹਾਂ ਜੀ, ਉਹ ਹੀ ਹੈ, ਬੜੀ ਅਵਧੂਤ ਬਿਰਤੀ ਵਿਚ ਰਹਿੰਦੇ ਹਨ।" ਇਹ ਗੱਲ ਕਰਦੇ ਹੀ ਸਾਂ ਕਿ ਓਹੀ ਔਲੇ ਮੌਲੇ ਸਿੰਘ ਭੈਂਸ ਨੂੰ ਬਾਹਰ ਛਡ ਕੇ ਆ ਕੇ ਮੇਰੇ ਪਾਸ ਆ ਬੈਠੇ। ਨੇਤ੍ਰ ਦੇ ਨੇਤ੍ਰ ਮਿਲਣ ਦੀ ਦੇਰ ਸੀ ਕਿ ਇਕ-ਮਿਕ ਹੋ ਗਏ। ਪਰ ਇਕ ਛਿਨ ਵਿਚ ਹੀ ਉਹ ਮੈਨੂੰ ਉਥੋਂ ਉਠ ਕੇ ਲੈ ਤੁਰੇ, ਇਹ ਆਖ ਕੇ ਕਿ ਚਲੋ ਮਾਸਟਰ ਨਿਰੰਜਨ ਸਿੰਘ ਜੀ ਦੇ ਪਾਸ ਸਕੂਲੇ ਚਲੀਏ। ਅਗੇ ਅਗੇ ਉਹ ਅਤੇ ਪਿਛੇ ਮੈਂ, ਗੁੰਗੁਸ਼ਟ ਦਸ਼ਾ ਵਿਚ ਹੀ ਤੁਰਦੇ ਤੁਰਦੇ ਪ੍ਰਾਇਮਰੀ ਸਕੂਲ ਦੇ ਹਾਤੇ ਵਿਚ ਜਾ ਵੜੇ। ਅਗੋਂ ਮੈਨੂੰ ਦੇਖ ਕੇ ਭਾਈ ਨਿਰੰਜਨ ਸਿੰਘ ਜੀ ਬੜੀ ਹੈਰਾਨਗੀ ਵਿਚ ਧਾ ਕੇ, ਆ ਕੇ, ਮੈਨੂੰ ਮਿਲੇ। ਹੈਰਾਨਗੀ ਵਿਚ ਪੁਛਦੇ ਹਨ, "ਤੁਹਾਡਾ ਇਥੇ ਕਿਵੇਂ ਆਉਣਾ ਹੋਇਆ ਹੈ?" ਮੈਂ ਆਖਿਆ, "ਇਨ੍ਹਾਂ ਪਿਆਰਿਆਂ ਪਾਸੋਂ ਹੀ ਪੁਛੋ।" ਪਿਆਰੇ ਹੱਸ ਕੇ, ਵੀਰ ਨਿਰੰਜਨ ਸਿੰਘ ਜੀ ਦੇ ਸਨਮੁਖ

ਬੋਲ ਕੇ ਆਖਣ ਲਗੇ, "ਚਲੋ ਸਕੂਲ ਨੂੰ ਛੁਟੀ ਦਿਓ, ਹੁਣ ਆਥਣ ਹੋ ਚਲਿਆ ਹੈ, ਚਲ ਕੇ ਕੁਟੀਆ ਵਿਚ ਕੀਰਤਨ ਕਰੀਏ।" ਇਸ਼ਾਰਾ ਹੋਣਾ ਹੀ ਸੀ ਕਿ ਭਾਈ ਨਿਰੰਜਨ ਸਿੰਘ ਨੇ ਮੁੰਡਿਆਂ ਕੁੜੀਆ ਨੂੰ ਛੁਟੀ ਦੇ ਕੇ ਸਕੂਲ ਬੰਦ ਕਰ ਦਿੱਤਾ (ਮੁੰਡੇ ਕੁੜੀਆਂ ਇਕੱਠੇ ਹੀ ਪੜ੍ਹਦੇ ਸੀ)।

ਅਸੀਂ ਤਿੰਨੇ ਜਣੇ, ਭਾਈ ਸਰਵਣ ਸਿੰਘ ਜੀ ਦੀ ਕੁਟੀਆ ਨੂੰ ਸਿਧੇ ਹੋ ਗਏ, ਜੋ ਪਿੰਡ ਤੋਂ ਬਾਹਰਵਾਰ ਇਕ ਇਕਾਂਤ ਬੜੇ ਖੇਤ ਵਿਚ ਛੱਪਰ ਪਾ ਕੇ ਸਜਾਈ ਹੋਈ ਸੀ। ਅਗੇ ਵਾਜਾ, ਢੋਲਕੀ ਅਤੇ ਛੈਣੇ ਉਥੇ ਪਏ ਹੋਏ ਸਨ। ਭਾਈ ਸਰਵਣ ਸਿੰਘ ਜੀ ਨੇ ਵਾਜਾ ਮੈਨੂੰ ਫੜਾ ਦਿਤਾ, ਆਪ ਢੋਲਕੀ ਲੈ ਲਈ, ਛੈਣੇ ਮਾਸਟਰ ਨਿਰੰਜਨ ਸਿੰਘ ਨੂੰ ਫੜਾ ਦਿਤੇ। ਅਗੰਮੀ ਤਰੰਗਾਂ ਉਠੀਆਂ ਅਤੇ ਕੀਰਤਨ ਆਰੰਭ ਹੋ ਗਿਆ। ਭਾਈ ਸਰਵਣ ਸਿੰਘ ਜੀ ਕੀਰਤਨ ਦੇ ਧਨੀ ਸਨ, ਢੋਲਕੀ ਵਾਜਾ ਵਜਾਉਣ ਵਿਚ ਵੀ ਖ਼ੂਬ ਪ੍ਰਬੀਨ ਸਨ। ਪਹਿਲੇ ਸ਼ਬਦ ਵਿਚ ਹੀ ਮਸਤੁਲ ਮਸਤ ਹੋ ਗਏ। ਕੀਰਤਨ ਕਰਦਿਆਂ ਆਪਣੇ ਆਪ ਦੀ ਸੁਧ ਬੁਧ ਹੀ ਨਾ ਰਹੀ। ਮੇਰੀਆਂ ਅੱਖਾਂ ਖੁਲ੍ਹੀਆਂ ਤਾਂ ਕੀ ਦੇਖਦਾ ਹਾਂ ਕਿ ਸਾਡੇ ਤਿੰਨਾਂ ਦੇ ਨਾਲ ਓਸੇ ਪਿੰਡ ਦੇ ਇਕ ਭਾਈ ਵਰਿਆਮ ਸਿੰਘ ਜੀ ਵੀ ਬੈਠੇ ਹਨ ਅਤੇ ਬੜੇ ਹਲੋਰਿਆਂ ਨਾਲ ਕੀਰਤਨ ਕਰ ਰਹੇ ਹਨ। ਚਹੁੰਆਂ ਦਾ ਕੀਰਤਨ ਉਸ ਇਕਾਂਤ-ਕੁਟੀਆ ਵਿਖੇ ਘੰਟਿਆ ਬੱਧੀ ਹੁੰਦਾ ਰਿਹਾ ਕਿ ਅਚਾਨਕ ਹੀ ਇਕ ਅਵਾਜ਼ ਆਈ, ਕਿ ਰਹਿਰਾਸ ਦਾ ਸਮਾਂ ਹੋ ਗਿਆ ਹੈ, ਰਹਿਰਾਸ ਸਾਹਿਬ ਦਾ ਪਾਠ ਕਰੋ, ਸੋਦਰ ਲਾਵੋ। ਸੋਦਰ ਕੀਰਤਨ ਹੋ ਕੇ ਰਹਿਰਾਸ ਸਾਹਿਬ ਦਾ ਪਾਠ ਹੋਇਆ। ਅਰਦਾਸ ਕਰ ਕੇ ਗੁਰੂ ਮਹਾਰਾਜ ਦਾ ਵਾਕ ਲਿਆ। ਵਾਕ ਦੇ ਛੰਦ ਦੀ ਪਿਛਲੀ ਤੁਕ ਮੈਨੂੰ ਯਾਦ ਹੈ-

## "ਸਾਜਨ ਆਇ ਵੁਠੇ ਘਰ ਮਾਹੀ"*

ਗੁਰੂ ਮਹਾਰਾਜ ਦਾ ਸੁਖਾਸਨ ਕਰਾ ਦਿਤਾ। ਫੇਰ ਅਸੀਂ ਵਾਜਾ ਵੀਰ ਸਰਵਣ ਸਿੰਘ ਅਗੇ ਰਖ ਦਿਤਾ ਕਿ ਕੀਰ੍ਤਨ ਕਰੋ। ਢੋਲਕੀ ਭਾਈ ਨਿਰੰਜਨ ਸਿੰਘ ਨੂੰ ਫੜਾ ਦਿਤੀ। ਛੈਣੇ ਭਾਈ ਵਰਿਆਮ ਸਿੰਘ ਜੀ ਨੂੰ ਫੜਾਏ ਅਤੇ ਕੀਰਤਨ ਫੇਰ ਆਰੰਭ ਹੋ ਗਿਆ। ਮੈਨੂੰ ਹੁਣ ਤਾਈਂ ਯਾਦ ਹੈ ਕਿ ਭਾਈ ਸਰਵਣ ਸਿੰਘ ਨੇ "ਸਾਜਨ ਆਇ ਵੁਠੇ ਘਰ ਮਾਹੀ" ਵਾਲਾ ਸ਼ਬਦ ਹੀ ਪਹਿਲੇ ਲਿਆ। ਖ਼ੂਬ ਕੀਰਤਨ-ਗੁੰਜਾਰ ਉਠੀ। ਦੋ ਘੰਟੇ ਲਗਾਤਾਰ ਅਖੰਡ ਕੀਰਤਨ ਹੁੰਦਾ ਰਿਹਾ। ਯਕਾ ਯਕ ਨਾਰੰਗਵਾਲ ਤੋਂ ਵਾਇਰਲੈੱਸ ਆਈ, ਜਿਸ ਨੇ ਐਸੀ ਖਿਚ ਪਾਈ ਕਿ ਅਸੀਂ ਤੁਰੰਤ ਹੀ ਤੁਰ ਪਏ। ਨਾਲ ਹੀ ਮੇਰੇ ਤਿੰਨੇ ਵੀਰ ਮੈਨੂੰ ਛਡਣ ਲਈ ਚਲੇ ਆਉਣ।

ਗੁਜਰਵਾਲ ਢਾਬ ਦਾ ਨਜ਼ਾਰਾ ਤੱਕ ਕੇ ਐਸੀ ਤਰੰਗ ਉਠੀ ਕਿ ਢਾਬ ਤੇ ਜਾ ਬੈਠੇ, ਜੋ ਨਾਰੰਗਵਾਲ ਤੇ ਗੁਜਰਵਾਲ ਦੇ ਵਿਚਕਾਰ ਉਦਿਆਨ-ਇਕਾਂਤ ਵਿਚ ਵਾਕਿਆ ਹੈ। ਇਸ ਚੋਜ-ਵਿਡਾਣੀ ਢਾਬ ਦੀ ਭੀ ਬੜੀ ਅਸਚਰਜ ਕਥਾ ਹੈ। ਇਥੇ ਕਿਸੇ ਸਮੇਂ ਨਦੀ ਵਹਿੰਦੀ ਹੁੰਦੀ ਸੀ। ਕਈ

*ਸੂਹੀ ਛੰਤ ਮ:੩, ਪੰਨਾ ੭੬੮

ਵਾਰ ਆਪਣੀ ਵਜਦ-ਸਮਾਧੀ ਤੋਂ ਸਾਵਧਾਨ ਹੋ ਕੇ ਵੀਰ ਸਰਵਣ ਸਿੰਘ ਜੀ ਦਸਿਆ ਕਰਦੇ ਸਨ ਕਿ ਇਥੋਂ ਦੀ ਢਾਬ-ਕਿਨਾਰੇ ਉਪਰ ਦੀ ਨੀਲੇ ਘੋੜੇ ਦੀਆਂ ਟਾਪਾਂ ਸੁਣੀਦੀਆਂ ਹੁੰਦੀਆਂ ਸਨ ਅਤੇ ਨੀਲੇ ਘੋੜੇ ਦੇ ਸ਼ਾਹ-ਸਵਾਰ ਦੀਆਂ ਅਗੰਮੀ ਫੇਰੀਆਂ ਅਕਸਰ ਇਸ ਰਸਤੇ ਪਈਆਂ ਹਨ। ਸਮੇਂ ਦੇ ਫੇਰ ਵਿਚ ਐਸਾ ਗੇੜ ਬੱਝਾ ਕਿ ਇਥੇ ਸੁੱਕੀ ਢਾਬ ਹੀ ਰਹਿ ਗਈ । ਇਸ ਢਾਬ ਦੇ ਸਮੀਪ ਹੀ ਇਕ ਪਿਪਲੀ ਹੋਇਆ ਕਰਦੀ ਸੀ, ਜੋ ਅਸੀਂ ਆਪਣੀ ਅਖੀਂ ਦੇਖੀ ਹੈ । ਸਾਡੇ ਦਾਦੇ ਪੜਦਾਦੇ ਦੇ ਵਕਤ ਇਥੇ ਨਾਰੰਗਵਾਲ ਤੇ ਗੁਜਰਵਾਲ ਦੋਹਾਂ ਪਿੰਡਾਂ ਦੀਆਂ ਹਦਬੰਦੀ ਦੇ ਝਗੜੇ ਕਾਰਨ ਲੜਾਈਆਂ ਭੀ ਹੋਈਆਂ । ਖਾਸਾ ਚਿਰ ਹੁੰਦੀਆਂ ਰਹੀਆਂ । ਦੋਹਾਂ ਧਿਰਾਂ ਦੇ ਗੱਭਰੂ ਜੋਧੇ ਮਾਰ ਮਾਰ ਕਰਦੇ ਸ਼ਹੀਦ ਭੀ ਹੋ ਗਏ । ਓੜਕ ਇਸ ਢਾਬ ਦੇ ਪਾਸ ਹੀ ਹਦ-ਬੰਨਾ ਦੋਹਾਂ ਪਿੰਡਾਂ ਦਾ ਬੱਝ ਗਿਆ । ਇਹ ਢਾਬ ਗੁਜਰਵਾਲ ਦੀ ਜੂਹ ਵਿਚ ਰਹਿ ਗਈ । ਇਹ ਢਾਬ ਅਤੇ ਪਿਪਲੀ ਦੇ ਨੇੜੇ ਨੇੜੇ ਖ਼ਾਸੀ ਦੂਰ ਤਾਈਂ, ਨਾ ਦਿਨੇ ਨਾ ਰਾਤ ਕੋਈ ਪਾਂਧੀ ਲੰਘਿਆ ਕਰਦਾ ਸੀ । ਅਕਸਰ ਲੋਕ ਇਸ ਜਗ੍ਹਾ 'ਹਾੜ' ਬੋਲਿਆ ਸੁਣਿਆ ਕਰਦੇ ਸਨ । ਏਵੇਂ ਅਵਾਜ਼ਾਂ ਆਵਣੀਆਂ ਕਿ ਮਾਰੋ ਮਾਰੋ, ਸੋਧੋ, ਫੜੋ ਫੜੋ, ਸਿਰ ਲਾਹ ਦਿਓ, ਆਦਿਕ । ਇਹੋ ਜਿਹੀਆਂ ਭਿਅੰਕਰ ਅਵਾਜ਼ਾਂ ਆਉਂਦੀਆਂ ਸਨ । ਇਸ ਜਗ੍ਹਾ ਤੋਂ ਡਰਦੇ ਹੋਏ ਲੋਕ ਏਥੋਂ ਨਹੀਂ ਲੰਘਿਆ ਕਰਦੇ ਸਨ ।

ਅਸੀਂ ਆਪਣੀ ਅੱਖੀਂ ਪਿਪਲੀ ਦੇਖੀ ਹੈ ਤੇ ਆਪਣੇ ਕੰਨੀ ਹਾੜ ਬੋਲਦਾ ਸੁਣਿਆ ਹੈ । ਅੰਮ੍ਰਿਤ ਛਕਣ ਸਾਰ ਸਾਡੇ ਡਰ ਭੌ ਸਭ ਲਥ ਗਏ ਸਨ । ਪ੍ਰਮਾਰਥੀ ਪ੍ਰੇਮ ਦੇ ਪ੍ਰਬਲ ਹੋਣ ਕਾਰਨ ਨਾਮ ਅਭਿਆਸ ਲਈ ਇਕਾਂਤ ਜਗ੍ਹਾ ਢੂੰਡਦੇ ਢੂੰਡਦੇ ਸਾਨੂੰ ਇਹੋ ਹੀ ਜਗ੍ਹਾ ਪਸੰਦ ਆਈ । ਇਥੇ ਆ ਕੇ ਸਾਰੀ ਸਾਰੀ ਰਾਤ ਉੱਚੀ ਉੱਚੀ ਨਾਮ ਦਾ ਖੰਡਾ ਖੜਕਾਣਾ, ਲੋਕੀ ਸਮਝਣ ਕਿ ਹਾੜ ਬੋਲਦਾ ਹੈ, ਕਿਸੇ ਨੇ ਨੇੜੇ ਨਾ ਢੁਕਣਾ ।

ਇਸ ਢਾਬ ਉਤੇ ਬੜੀਆਂ ਹੀ ਅਭਿਆਸ ਕਮਾਈਆਂ ਹੋਈਆਂ, ਕੀਰਤਨ ਬਿਹਬਲਤਾ ਦੀਆਂ ਰਾਮ ਦੁਹਾਈਆਂ ਹੋਈਆਂ । ਹਾੜ ਬੋਲਣਾ ਤਾਂ ਦੋ ਰਾਤਾਂ ਵਿਚ ਬੰਦ ਹੋ ਗਿਆ ਸੀ । ਫੇਰ ਤਾਂ ਨਾਮ ਦੀ ਖੰਡਾ-ਖੜਕਾਈ-ਛਿੰਜ ਹੀ ਪੈਂਦੀ ਰਹੀ । ਉਹ ਪਿਪਲੀ ਸੁਕ ਗਈ ਸੀ, ਢੇਰ ਚਿਰ ਤੋਂ ਲਕੜੀ ਦਾ ਨਿਸ਼ਾਨ ਭੀ ਨਹੀਂ ਰਿਹਾ ਸੀ । ਦਿਨੇ ਭੀ ਏਥੇ, ਰਾਤ ਨੂੰ ਭੀ ਏਥੇ ਨਾਮ ਅਭਿਆਸ ਦੀਆਂ ਨੌਬਤਾਂ ਵਜਦੀਆਂ ਰਹਿਣ । ਅਕਸਰ ਦਾਸ ਇਕੱਲਾ ਹੀ ਏਥੇ ਗਜਿਆ ਸਜਿਆ ਕਰਦਾ ਸੀ ।

ਇਸ ਢਾਬ ਦੇ ਲਾਗੇ ਛਾਗੇ ਗੁਜਰਵਾਲ ਦੇ ਇਕ ਪੁਰਾਤਨ ਪ੍ਰੇਮੀ ਬਾਬਾ ਜੈਮਲ ਸਿੰਘ ਜੀ ਦੀ ਮਲਕੀਅਤ ਜ਼ਮੀਨ ਸੀ । ਇਹ ਬਾਬਾ ਦੂਰੋਂ ਨੇੜਿਓਂ ਮੈਨੂੰ ਏਥੇ ਬੈਠਿਆਂ ਨੂੰ ਦੇਖਦਾ ਸੀ । ਇਹ ਇਕ ਬੜੀ ਉਦਾਰ-ਚਿਤ ਧਰਮੀ ਮੂਰਤੀ ਸੀ । ਭਜਨ ਦਾ ਪਰਤਾਪ ਦੇਖ ਕੇ ਇਸ ਬਾਬੇ ਜੈਮਲ ਸਿੰਘ ਨੇ ਇਸ ਢਾਬ ਨੂੰ ਪੁਟਵਾ ਕੇ ਪਾਣੀ ਹਾਂਡੇ ਕਰ ਦਿਤਾ । ਹੇਠੋਂ ਕੂੰਗੂੰ ਵਰਗਾ ਪਾਣੀ ਨਿਕਲ ਆਇਆ । ਉਪਰੋਂ ਵਰਖਾ ਸਮੇਂ ਸਾਵਣ ਭਾਦਰੋਂ ਦੀਆਂ ਝੜੀਆਂ ਵਿਚ ਰੋਹੀ ਦੇ ਖੇਤਾਂ ਦਾ ਮੀਂਹ ਦਾ ਪਾਣੀ ਸਾਰਾ ਏਥੇ ਆ ਕੇ ਜਮ੍ਹਾ ਹੋ ਜਾਣਾ । ਸਰਦੀਆਂ ਵਿਚ ਇਸ ਪਾਣੀ ਨੇ ਕੁੰਗੂ ਵਰਗਾ ਸਾਫ਼ ਸੁਥਰਾ ਨਿਤਰ

ਆਉਣਾ। ਇਕ ਵਿਘੇ ਦੇ ਵਿਸਥਾਰ ਵਿਚ ਇਥੇ ਡੱਲ ਡੱਲ ਕਰਦੀ ਨਿਖਰਵੇਂ ਅਤੇ ਨਿਤਰਵੇਂ ਪਾਣੀ ਦੀ ਚੌੜੀ ਜਿਹੀ ਝੀਲ ਬਣੀ ਰਹਿੰਦੀ ਸੀ। ਹੁਨਾਲੇ ਸਿਆਲੇ ਕਦੇ ਭੀ ਪਾਣੀ ਸੁਕਣਾ ਨਹੀਂ ਪੈਂਦਾ ਸੀ। ਇਸ ਬਾਬੇ ਨੇ ਮਹਿਜ਼ ਭਜਨ ਪਰਤਾਪੀ ਭਜਨੀਕ ਜਨਾਂ ਦੀ ਖ਼ਾਤਰ ਇਸ ਢਾਬ ਦੇ ਦੁਆਲੇ ਚਾਰ ਚੁਫੇਰੇ ਤ੍ਰਿਬੈਣੀਆਂ* ਲਾ ਦਿੱਤੀਆਂ ਸਨ, ਜਿਨ੍ਹਾਂ ਦੀ ਖ਼ਾਸੀ ਘਣੀ ਛਾਉਂ ਹੋ ਗਈ। ਪਰ ਜੇਲ੍ਹ ਨੂੰ-ਯਾਤਰਾ ਦੇ ਲੰਮੇ ਅਰਸੇ ਅੰਦਰ ਤ੍ਰਿਬੈਣੀਆਂ ਸੁਕ ਸਕ ਗਈਆਂ। ਉਹ ਉਪਕਾਰੀ ਬਾਬਾ ਵੀ ਚੜ੍ਹਾਈਆਂ ਕਰ ਚੁਕਾ ਸੀ। ਉਸ ਦੇ ਪਿਛੋਂ ਕੋਈ ਰਾਖਾ, ਬਾੜ ਕਰਨੇ ਵਾਲਾ ਅਤੇ ਪਾਣੀ ਦੀ ਆੜ ਲਾਉਣ ਵਾਲਾ ਨ ਰਿਹਾ। ਸੁੰਨੀ ਉਜਾੜ ਦੇਖ ਕੇ ਊਠਾਂ ਵਾਲਿਆਂ ਨੇ ਊਠਾਂ ਨੂੰ ਪਾ ਕੇ ਖਾ ਚਰਾ ਕੇ ਤ੍ਰਿਬੈਣੀਆਂ ਖ਼ਰਾਬ ਕਰ ਦਿਤੀਆਂ।

ਉਸ ਉਪਕਾਰੀ ਬਾਬੇ ਦੀਆਂ ਬੜੀਆਂ ਉੱਚੀਆਂ ਦਲੀਲਾਂ ਸਨ, ਜੋ ਮਨ ਦੀਆਂ ਉਸ ਦੇ ਮਨ ਵਿਚ ਹੀ ਰਹਿ ਗਈਆਂ। ਖ਼ੈਰ ! ਜਿਸ ਸਮੇਂ ਦਾ ਅਸੀਂ ਜ਼ਿਕਰ ਕਰਦੇ ਹਾਂ (ਜਿਸ ਜ਼ਿਕਰ ਅੰਦਰ ਇਸ ਢਾਬ-ਅਸਥਾਨ ਦਾ ਕੁਝ ਟੂਕ ਮਾਤਰ ਬਿਰਤਾਂਤ ਕਰਨਾ ਅਰੰਭ ਹੋ ਗਿਆ ਹੈ) ਓਦੋਂ ਵੀ ਇਥੇ ਖ਼ਾਸੀ ਰੌਣਕ ਸੀ।

## ਭਾਈ ਸਰਵਣ ਸਿੰਘ ਦੀ ਆਤਮ-ਬਿਰਤੀ-

ਅਸੀਂ ਚਾਰੇ ਨਵਲ ਬੇਲੀ, ਨਾਮ ਕੀਰਤਨ ਦੇ ਬੇਲੀ ਜਨ, ਇਥੇ ਆ ਜੰਮੇ ਅਰ ਵੇਹਲੇ ਨਹੀਂ ਬੈਠੇ। ਆਉਂਦੇ ਹੀ ਫਿਰ ਕੀਰਤਨ ਅਰੰਭ ਦਿਤਾ (ਸਾਜ ਸਾਡੇ ਪਾਸ ਹੈ ਹੀ ਸਨ)। ਕੀਰਤਨ ਕਰਦੇ ਕਰਦੇ ਸਾਜ ਹੱਥਾਂ ਵਿਚ ਹੀ ਰਹਿ ਗਏ ਅਤੇ ਨਾਮ-ਸਮਾਧੀਆਂ ਵਿਚ ਜੁੜ ਗਏ। ਤਕੜੀ ਰਾਤ ਗਈ ਪਿਛੋਂ ਦਾਸ ਦੀ ਸੁਪਤਨੀ ਕਰਤਾਰ ਕੌਰ ਨੂੰ, ਆਸ-ਉਡੀਣੀ ਬੈਠੀ ਨੂੰ, ਆਤਮ-ਵਾਇਰਲੈੱਸ ਦਾ ਹਲੂਣਾ ਵਜਿਆ, ਉਹ ਤੁਰੰਤ ਹੀ ਪਰਸ਼ਾਦੇ ਸਜਾ ਕੇ ਢਾਬ ਤੇ ਲੈ ਆਈ। ਅੱਧੀ ਰਾਤੋਂ ਸਾਨੂੰ ਆ ਹਲੂਣਿਆ। ਜਲ ਪਰਸ਼ਾਦ ਦਾ ਸਰਬ ਲੋਹੀ ਗਡਵਾ ਭਰਿਆ ਹੋਇਆ ਉਨ੍ਹਾਂ ਦੇ ਪਾਸ ਸੀ। ਚਾਰ ਸਰਬਲੋਹੀ ਬਾਟੇ ਲੈ ਆਈ ਸੀ, ਹੱਥ ਧੁਆ ਕੇ ਸਾਡੇ ਅਗੇ ਪਰਸ਼ਾਦੇ ਪਰੋਸ ਦਿਤੇ। ਅਧਮੀਟੀਆਂ ਪ੍ਰੇਮ-ਕਸਾਈਆਂ ਅੱਖੀਆਂ ਨਾਲ ਪ੍ਰੇਮ ਮੂਰਤੀ ਵਲ ਤਕਦੇ ਹੋਏ, ਅਸੀਂ ਗਫੇ ਲਾਵਣ ਲਗ ਪਏ। ਭਾਈ ਸਰਵਣ ਸਿੰਘ ਜੀ ਦੀ ਤਾਂ ਉਨ੍ਹਾਂ ਨੂੰ ਤਕ ਕੇ ਪ੍ਰੇਮ-ਕਿਲਕਾਰਨੀ-ਡਾਡ ਨਿਕਲ ਗਈ। ਨਿਰਬਲ ਹੋ ਕੇ ਉਨ੍ਹਾਂ ਦੇ ਚਰਨਾਂ ਤੇ ਢਹਿ ਪਏ ਅਤੇ ਸਨਮੁਖ ਹੋ ਕੇ ਇਹ ਸ਼ਬਦ ਉਚਾਰਨ ਲਗੇ, "ਏਸ ਪੂਜਨੀਕ ਪ੍ਰੇਮ-ਨਿਧ ਬੇਬੇ ਜੀ ਦੇ ਇਸ ਸਮੇਂ ਅਨੂਪਮ ਦਰਸ਼ਨ ਦੇਣ ਦੇ ਕਾਰਨ ਮੇਰੀ ਸੂਖਸ਼ਮ ਹਉਮੈ ਦੇ ਕੜ ਟੁਟ ਗਏ ਹਨ। ਮੈਨੂੰ ਕਈ ਵਾਰ ਇਸ ਸੂਖਸ਼ਮ ਹਉਮੈ ਦੇ ਫੁਰਨੇ ਫੁਰਿਆ ਕਰਦੇ ਸਨ ਕਿ ਮੇਰੇ ਹੀ ਕਪਾਟ ਖੁਲ੍ਹੇ ਹੋਏ ਹਨ। ਮੈਨੂੰ ਇਹੋ ਜਿਹੀਆਂ ਸੋਝੀਆਂ ਸੁਤੇ ਸਿਧ ਹੀ ਪੈਂਦੀਆਂ ਰਹਿੰਦੀਆਂ ਹਨ, ਇਸ

---

**_*ਪਿੱਪਲ, ਬਰੋਟੇ ਅਤੇ ਨਿੰਮ ਦੇ ਬ੍ਰਿਛਾਂ ਦੇ ਇਕੱਠੇ ਜਮਾਉ ਅਤੇ ਉਗਵਾਉ ਨੂੰ ਤ੍ਰਿਬੈਣੀ ਆਖਿਆ ਕਰਦੇ ਹਨ।_**

ਸੂਖਸ਼ਮਤਾ ਦਾ ਮੈਨੂੰ ਸੂਖਮ ਜਿਹਾ ਹੰਕਾਰ ਸੀ, ਜੋ ਮੇਰਾ ਅੱਜ ਪਾਸ਼ੋਂ ਪਾਸ਼ ਹੋ ਗਿਆ ਹੈ। ਮੈਂ ਹੈਰਾਨ ਹਾਂ, ਅਤਿ ਅਸਚਰਜ ਹਾਂ ਕਿ ਕਿਵੇਂ ਬੇਬੇ ਜੀ ਨੂੰ, ਸਾਡੇ ਏਥੇ ਬੈਠਿਆਂ ਦੀ ਸੂਝ ਬੂਝ, ਇਕ ਮੀਲ ਤੋਂ ਘਰ ਬੈਠੀ ਨੂੰ ਹੋ ਗਈ ! ਫੇਰ ਦੂਰ ਬੈਠੀ ਨੇ ਇਹ ਗੱਲ ਜਾਂਚ ਲਈ ਕਿ ਅਸੀਂ ਪਰਸ਼ਾਦਾ ਛਕਣ ਵਾਲੇ ਚਾਰ ਪੁਰਸ਼ ਹਾਂ ! ਚਾਰੇ ਬਾਟੇ ਲੈ ਆਈ ਅਤੇ ਚੌਵਾਂ ਦੇ ਰੱਜਣ ਜੋਗੇ ਗਫੇ ਲੈ ਆਈ !"

ਮੇਰੇ ਬਾਟੇ ਵਿਚ ਗਫਿਆਂ ਦਾ ਛਾਂਦਾ ਜੋ ਰਹਿ ਗਿਆ ਸੀ, ਉਹ ਉਨ੍ਹਾਂ ਨੇ (ਕਰਤਾਰ ਕੌਰ ਨੇ) ਛਕਿਆ ਭੁੰਚਿਆ। ਉਹ ਅਜੇ ਤਾਈਂ ਕੜਾਕੇ ਤੇ ਹੀ ਸਨ। ਸਾਨੂੰ ਛਕਾਏ ਤੋਂ ਬਿਨਾਂ ਪਹਿਲੇ ਨਹੀਂ ਛਕਦੇ ਸਨ।

ਅੱਧੀ ਰਾਤ ਟਪ ਚੁਕੀ ਸੀ, ਖਿਤੀਆਂ ਸਿਖਰ ਤੋਂ ਢਲ ਕੇ ਲਹਿੰਦੇ ਵਲ ਨੂੰ ਆ ਚੁਕੀਆਂ ਸਨ। ਭਾਈ ਸਰਵਣ ਸਿੰਘ ਜੀ ਆਪਣੇ ਢਿਡ ਤੇ ਹੱਥ ਫੇਰ ਕੇ ਕਹਿਣ ਲੱਗੇ, "ਹੁਣ ਤਾਂ ਬੈਠਿਆਂ ਨਹੀਂ ਜਾਂਦਾ। ਅਸੀਂ ਵਾਪਸ ਫਲੇਵਾਲ ਮੁੜਦੇ ਹਾਂ, ਅਤੇ ਜਾ ਕੇ ਬਿਸਰਾਮ ਕਰਦੇ ਹਾਂ, ਤੁਸੀਂ ਭੀ ਬੇਬੇ ਜੀ ਨਾਲ ਨਾਰੰਗਵਾਲ ਜਾਉ।" ਓਦੋਂ ਤਾਂ ਅਸੀਂ ਮੁੜ ਗਏ, ਪਰੰਤੂ ਕਈ ਵਾਰ ਅਜਿਹੀਆਂ ਨੌਬਤਾਂ ਆਈਆਂ, ਕਿ ਮੈਂ ਤੇ ਭਾਈ ਸਰਵਣ ਸਿੰਘ ਜੀ ਨੇ ਸਾਰੀ ਰਾਤ ਦੋਹਾਂ ਪਿੰਡਾਂ ਦੇ ਵਿਚਕਾਰ ਹੀ ਘੁੰਮਦੇ ਰਹਿਣਾ। ਪ੍ਰੇਮ-ਬਾਹੁੜੀਆਂ ਉਵਲਾਇ ਕੇ, ਅਤੇ ਕੰਘੀਆਂ ਪਾ ਕੇ, ਨਾਮ-ਅਭਿਆਸਣੀ-ਲਟਕ ਵਿਚ ਉਦਿਆਨ ਫਿਰੇਂਦਿਆਂ ਘੁਮੇਂਦਿਆਂ ਹੀ ਸਾਰੀ ਸਾਰੀ ਰੈਣ ਬਿਤਾ ਦੇਣੀ।

ਵੀਰ ਭਾਈ ਸਰਵਣ ਸਿੰਘ ਜੀ ਬੜੇ ਅਥੱਕ ਕੀਰਤਨੀਏ ਸਨ, ਪੰਚਮ ਦੀ ਸੁਰ ਤੋਂ ਹੇਠਾਂ ਕਦੇ ਕੀਰਤਨ ਨਹੀਂ ਕਰਦੇ ਸਨ। ਪ੍ਰੇਮ ਦੀ ਗੁੰਜਾਰ ਵਿਚ ਕੀਰਤਨ ਦੀ ਧੁੰਨਕਾਰ ਕਦੇ ਮੁਕਣੀ ਹੀ ਨਹੀਂ ਪਾਉਂਦੀ ਸੀ, ਚੜ੍ਹਦੀ ਤੋਂ ਚੜ੍ਹਦੀ ਕਲਾ ਵਿਚ ਕੀਰਤਨ ਕਰਨਾ। ਢੋਲਕੀ ਵਜਾਉਣੀ, ਤਦ ਵੀ ਹੱਦ ਮੁਕਾ ਦੇਣੀ। ਇਨ੍ਹਾਂ ਦੀਆਂ ਬਾਹਵਾਂ ਕਦੇ ਨਹੀਂ ਥਕਦੀਆਂ ਸਨ, ਹੱਥ ਕਦੇ ਨਹੀਂ ਹੰਬਦੇ ਸਨ। ਕੀਰਤਨ ਕਰਦੇ ਕਰਦੇ, ਅਭਿਆਸ ਵਿਚ ਮਸਤ ਹੋ ਕੇ ਦਸਵੇਂ ਦੁਆਰਾ ਜਾ ਚੜ੍ਹਨਾ। ਦਸਵੇਂ ਦੁਆਰ ਜਾ ਚੜ੍ਹਨ ਦੀ ਕੜੱਕ ਕਰ ਕੇ ਅਵਾਜ਼ ਆਉਣੀ। ਫੇਰ ਤਾਂ ਉਨ੍ਹਾਂ ਦਾ ਸਰੀਰ ਘੰਟਿਆਂ ਬੱਧੀ ਬੇ-ਹਿਸੋ-ਹਰਕਤ ਹੀ ਰਹਿਣਾ। ਇਸ ਅਵਸਥਾ ਵਿਚ ਉਨ੍ਹਾਂ ਦਾ ਸਾਰਾ ਸਰੀਰ ਲੋਹੇ ਦੀ ਲਠ ਵਾਂਗੂ ਕਰੜਾ ਤੇ ਸਖ਼ਤ ਹੋ ਜਾਣਾ। ਹਿਲਣਾ ਜੁਲਣਾ ਤਾਂ ਕੀ ਸੀ, ਸਾਹ ਸਤ ਵੀ ਆਵਣਾ ਬੰਦ ਹੋ ਜਾਣਾ। ਕਈ ਵਾਰ ਅਜ਼ਮਾ ਕੇ ਦੇਖਿਆ ਗਿਆ ਕਿ ਇਸ ਦਸ਼ਾ ਵਿਚ ਉਨ੍ਹਾ ਦੀ ਲੋਹੇ-ਲਠ ਹੋਈ ਬਾਂਹ ਨੂੰ ਦਸ ਦਸ ਆਦਮੀ ਵੀ ਮੋੜ ਮਚੋੜ ਨਹੀਂ ਸਕਦੇ ਸਨ। ਬਾਹਵਾਂ ਨੇ ਸਿਧੀਆਂ ਸਤੋਰ ਹੀ ਰਹਿਣਾ। ਜਿਨ੍ਹਾਂ ਸ਼ਬਦ-ਮਾਰਗੀ ਗੁਰਮੁਖ ਜਨਾਂ ਨੇ ਉਨ੍ਹਾਂ ਦੀ ਇਸ ਦਸ਼ਾ ਦਾ ਭੇਤ ਪਾ ਲਿਆ ਸੀ, ਉਨ੍ਹਾਂ ਨੇ ਤਾਂ ਭਾਈ ਸਰਵਣ ਸਿੰਘ ਜੀ ਨੂੰ ਹਮੇਸ਼ਾ ਆਪਣੇ ਰੰਗਾਂ ਵਿਚ ਹੀ ਰਹਿਣ ਦੇਣਾ, ਕਦੇ ਹਿਲਾਵਣਾ ਚਲਾਉਣਾ ਬੁਲਾਉਣਾ ਨਹੀਂ। ਆਤਮ-ਤਰੰਗ ਮੁੜਵੀਂ ਵੇਗ ਵਿਚ ਜਦੋਂ ਉਨ੍ਹਾਂ ਦੇ ਸੁਆਸ ਦਸਮੇ ਦੁਆਰ ਤੋਂ ਉਤਰ ਆਉਣੇ, ਤਦੋਂ ਉਨ੍ਹਾਂ ਦਾ ਸਾਰਾ ਸਰੀਰ ਹਲਕਾ ਫੁਲਕਾ ਅਤੇ ਲਿਸ਼ਕਵਾਂ ਨਿਕਲ ਆਉਣਾ, ਇਹ ਸਾਡੀ ਅੱਖੀਂ ਦੇਖੀ ਸ਼ਹਾਦਤ ਹੈ।

ਇਸ ਬਿਸਮਾਦੀ ਖੇਡ ਤੋਂ ਅਸੂਝ ਅਤੇ ਅਮੂੜ ਪ੍ਰਾਣੀ ਤਾਂ ਅਕਸਰ ਇਹੋ ਬਕਵਾਸ ਕਰਿਆ

ਕਰਦੇ ਸਨ ਕਿ ਇਨ੍ਹਾਂ ਨੂੰ ਮਿਰਗੀ ਦੀ ਬੀਮਾਰੀ ਹੈ। ਸੋਵਤ-ਜਾਗਤ, ਚਲਤ-ਫਿਰਤ, ਮਾਰਗੀ ਧਾਵਤ ਇਨ੍ਹਾਂ ਦਾ ਸੁਆਸ-ਅਭਿਆਸੀ-ਖੰਡਾ ਹਮੇਸ਼ਾ ਜ਼ੋਰੋ-ਜ਼ੋਰ ਖੜਕਦਾ ਰਹਿੰਦਾ ਸੀ। ਕਈ ਸਮੇਂ ਐਸੇ ਆਏ ਕਿ ਰਾਹੀਂ ਪਾਂਧੀਂ ਤੁਰਿਆ ਜਾਂਦਿਆਂ ਭਾਈ ਸਰਵਣ ਸਿੰਘ ਜੀ ਨੇ ਬਿਸਮਾਦ ਮੂਰਛਤ ਹੋ ਕੇ ਡਿਗ ਪੈਣਾ ਤੇ ਘੰਟਿਆਂ ਬਧੀ ਇਕੱਲਿਆਂ ਨੇ ਡਿਗੇ ਹੀ ਪਏ ਰਹਿਣਾ। ਰਾਹੀਆਂ ਪਾਂਧੀਆਂ ਨੇ ਇਨ੍ਹਾਂ ਨੂੰ ਮੁਰਦਾ ਸਮਝ ਕੇ ਡਰ ਕੇ ਨਸ ਜਾਣਾ। ਕਈ ਵਾਰ ਲਾਗ ਦੀ ਵਸੋਂ ਵਿਚੋਂ ਆ ਕੇ ਦੁਹਾਈਆਂ ਪਾਣੀਆਂ ਕਿ ਫਲਾਣੀ ਜਗ੍ਹਾ ਤੇ ਇਕ ਸਿੰਘ ਮਰਿਆ ਪਿਆ ਹੈ, ਉਸਨੂੰ ਜਾ ਕੇ ਚੁਕ ਲਿਆਓ ? ਜਾਣ ਵਾਲਿਆਂ ਹਮਦਰਦੀਆਂ ਨੇ ਜਾਣਾ, ਜਾ ਕੇ ਕੀ ਵੇਖਣਾ, ਸਿੰਘ ਹੋਰੀਂ ਸਮਾਧ-ਸਥਿਤ ਹੋਏ ਬੈਠੇ ਖੰਡਾ ਖੜਕਾ ਰਹੇ ਹਨ।

ਬੈਰਾਗੀ ਤਿਆਗੀ ਐਸੇ ਸਨ ਕਿ 'ਨਾ ਘਰ ਘਾਮ ਦੀ ਨਾ ਧਨ ਧਾਮ ਦੀ' ਇਹਨਾਂ ਨੂੰ ਕਦੇ ਫਿਕਰ ਚਿੰਤਾ ਦੀ ਸੂਝ ਰਹਿਣੀ ਹੀ ਨਹੀਂ, ਗੁਰੂ ਆਸਰੇ ਨੰਬਰਦਾਰੀ ਦੀ ਕ੍ਰਿਤ ਕਮਾਉਣੀ, ਲਟਬਉਰੀ ਦਸ਼ਾ ਵਿਚ ਢਾਲ ਉਗਰਾਹੁਣੀ ਅਤੇ ਲਟਬਉਰੀ ਦਸ਼ਾ ਵਿਚ ਖ਼ਜ਼ਾਨੇ ਤਾਰਨ ਲਈ ਲੁਧਿਆਣੇ ਲੈ ਜਾਵਣੀ। ਇਕ ਦੋ ਐਸੇ ਸਮੇਂ ਭੀ ਹੋਏ ਕਿ ਇਸ ਬਿਧ ਇਕੱਠੀ ਹੋਈ ਢਾਲ ਦੇ ਪੰਜ ਪੰਜ ਸੌ ਦਮੜੇ ਉਚੱਕਿਆਂ ਨੇ ਚੱਕ ਕੇ ਇਨ੍ਹਾਂ ਦੇ ਪਾਸ ਤੋਂ ਲੈ ਜਾਵਣੇ ਅਤੇ ਹਸੂੰ ਹਸੂੰ ਕਰਦਿਆਂ ਇਨ੍ਹਾਂ ਨੇ ਮੁੜ ਆਉਣਾ। ਪਿੰਡ ਫਲੇਵਾਲ ਨਹੀਂ ਜਾਣਾ, ਕਿ ਲੋਕੀ ਢਾਲ ਦੇ ਰੁਪਏ ਦਾ ਤਕਾਜ਼ਾ ਕਰਨਗੇ। ਮੈਨੂੰ ਆ ਕੇ ਨਾਰੰਗਵਾਲ ਦਸਣਾ, "ਬਾਈ, ਢਾਲ ਤਾਂ ਅੱਜ ਕੋਈ ਚੁਕ ਕੇ ਲੈ ਗਿਆ ਹੈ।" ਅਸੀਂ ਆਖਣਾ, "ਹੱਛਾ ਭਾਈ, ਗੁਰੂ ਰਾਖਾ ਹੈ।" ਇਹ ਸੁਣ ਕੇ ਕੱਛਾਂ ਬਜਾਉਂਦਿਆਂ ਅਤੇ ਚਾਂਭੜਾਂ ਪਾਉਂਦਿਆਂ ਇਹ ਕਹਿੰਦਿਆਂ ਚਲੇ ਜਾਣਾ ਕਿ ਜੇ ਗੁਰੂ ਰਾਖਾ ਹੈ ਤਾਂ ਆਪੇ ਲਭ ਪਵੇਗੀ। ਐਸੀ ਨੇਤ ਹੋਣੀ ਕਿ ਮੁੜ ਕੇ ਫਲੇਵਾਲ ਵਲ ਜਾਂਦਿਆਂ ਨੂੰ ਢਾਲ ਦੇ ਦਮੜੇ ਲਭ ਪੈਣੇ। ਢਾਲ ਦੇ ਉਚੱਕਿਆਂ ਨੂੰ ਪੁਲਸ ਨੇ ਫੜ ਕੇ ਉਨ੍ਹਾਂ ਦੇ ਪਾਸ ਲੈ ਜਾਣਾ। ਭਾਈ ਸਰਵਣ ਸਿੰਘ ਜੀ ਨੂੰ ਆਖਣਾ, "ਦਸੋ ਭਾਈ ਸਾਹਿਬ ਜੀ, ਇਨ੍ਹਾਂ ਨੂੰ ਕੀ ਸਜ਼ਾ ਦਿਵਾਈਏ ?" ਭਾਈ ਸਰਵਣ ਸਿੰਘ ਨੇ ਉਲਟੇ ਪੁਲਸ ਦੇ ਪੈਰੀਂ ਪੈ ਕੇ ਉਨ੍ਹਾਂ ਚੋਰਾਂ ਉਚੱਕਿਆਂ ਨੂੰ ਛੁਡਾ ਦੇਣਾ, ਅਤੇ ਉਚੱਕਿਆਂ ਤੇ ਤਰਸ ਖਾ ਕੇ ਉਨ੍ਹਾਂ ਨੂੰ ਕਹਿਣਾ- "ਭਾਈ, ਤੁਹਾਨੂੰ ਲੋੜ ਹੈ ਤਾਂ ਲੈ ਜਾਓ, ਸਾਨੂੰ ਗੁਰੂ ਹੋਰ ਦੇਵੇਗਾ।" ਕਈ ਚੋਰ ਉਚੱਕੇ ਧਾੜਵੀ ਭਾਈ ਸਰਵਣ ਸਿੰਘ ਜੀ ਦੀ ਇਸ ਦਸ਼ਾ ਤੋਂ ਮੁਤਅੱਸਰ ਹੋ ਕੇ ਸਿੱਖ ਸਜ ਗਏ ਅਤੇ ਅਗੇ ਨੂੰ ਪਵਿੱਤਰ ਜੀਵਨ ਬਤੀਤ ਕਰਨ ਲਗੇ। ਭਾਈ ਸਰਵਣ ਸਿੰਘ ਜੀ ਨੂੰ ਕਦੇ ਗੁੱਸਾ ਆਉਂਦਾ ਹੀ ਨਹੀਂ ਸੀ।

## ਅੰਬਾਲੇ ਸਟੇਸ਼ਨ ਦਾ ਕੌਤਕ-

ਇਕ ਵਾਰ ਦਾ ਜ਼ਿਕਰ ਹੈ ਕਿ ਅਸੀਂ ਜਥੇ ਸਮੇਤ ਸਣੇ ਭਾਈ ਸਰਵਣ ਸਿੰਘ ਜੀ ਦੇ ਅੰਬਾਲੇ ਛਾਉਣੀ ਨੂੰ ਸਿਰੀ ਬਾਬੂ ਮੱਲ ਸਿੰਘ ਅਤੇ ਪਿਆਰਾ ਸਿੰਘ ਜੀ ਦੇ ਪਿਆਰੇ ਪਿਆਰੇ ਦਰਸ਼ਨਾਂ ਨੂੰ ਜਾ ਰਹੇ ਹਾਂ। ਓਦੋਂ ਇਹ ਦੋਵੇਂ ਸਜਣ ਫੌਜ ਵਿਚ ਮੁਲਾਜ਼ਮ ਹੋਇਆ ਕਰਦੇ ਸਨ। ਇਨ੍ਹਾਂ ਦੀਆਂ ਫ਼ੌਜਾਂ

ਨੇ ਬਦਲ ਕੇ ਕਿਸੇ ਹੋਰ ਦੂਰ ਦੁਰੇਡੇ ਛਾਉਣੀ ਤੇ ਚਲੇ ਜਾਣਾ ਸੀ, ਇਸ ਲਈ ਅਸੀਂ ਉਨ੍ਹਾਂ ਦੇ ਚੱਲਣ ਤੋਂ ਪਹਿਲਾਂ ਮੁਲਾਕਾਤ ਕਰਨ ਲਈ ਅੰਬਾਲੇ ਛਾਉਣੀ ਆ ਰਹੇ ਸਾਂ। ਅੰਬਾਲੇ ਦੇ ਸਟੇਸ਼ਨ ਤੇ ਪੁਜੇ ਤਾਂ ਉਥੇ ਹੋਰ ਬਹੁਤ ਸਾਰੇ ਸੱਜਣ ਤਾਂ ਹੋਰ ਰੁਝਣੀ ਰੁਝ ਗਏ। ਭਾਈ ਸਰਵਣ ਸਿੰਘ ਜੀ ਇਕੱਲੇ ਸਮਾਧ-ਸਥਿਤ ਖਲੋਤੇ ਹੀ ਰਹਿ ਗਏ ਅਤੇ ਇਕ ਐਸੀ ਜਗ੍ਹਾ ਉਨ੍ਹਾਂ ਦੀ ਖਲੋਤਿਆਂ ਦੀ ਸਮਾਧੀ ਲਗ ਗਈ ਜਿਥੇ ਕਿ ਰੇਲ ਗੱਡੀ ਆਈ ਤੇ, ਟਿਕਟ ਬਟਿਆ ਕਰਦੇ ਸਨ। ਜਦੋਂ ਉਹ ਖਲੋਤੇ ਸੀ ਓਦੋਂ ਟਿਕਟ ਨਹੀਂ ਬਟਦੇ ਸੀ, ਉਥੇ ਕੋਈ ਆਦਮੀ ਵੀ ਨਹੀਂ ਸੀ, ਅਸੀਂ ਜ਼ਰਾ ਕੁ ਦੁਰੇਡੇ ਛਾਉਣੀ ਨੂੰ ਪੈਦਲ ਜਾਣ ਲਈ ਤਿਆਰੀ ਵਿਚ ਰੁਝੇ ਹੋਏ ਸੀ। ਇਤਨੇ ਨੂੰ ਗਡੀ ਕਿਸੇ ਪਾਸਿਓਂ ਆ ਗਈ, ਅਤੇ ਟਿਕਟ ਬਟਣ ਲਗ ਪਏ। ਟਿਕਟ ਬਟਣ ਵਾਲੀ ਤਾਕੀ ਦੇ ਪਾਸ ਖ਼ਾਸਾ ਇਕੱਠ ਹੋ ਗਿਆ ਟਿਕਟ ਖ਼ਰੀਦਣ ਵਾਲਿਆਂ ਦਾ। ਪੁਲਸ ਦਾ ਇਕ ਹੱਟਾ ਕੱਟਾ ਸਿਪਾਹੀ ਆਪਦੀ ਡਿਊਟੀ ਤੇ ਉਥੇ ਆ ਗਿਆ। ਪਰ ਭਾਈ ਸਰਵਣ ਸਿੰਘ ਜੀ ਨੂੰ ਕੋਈ ਪਤਾ ਨਹੀਂ ਕਿ ਕੌਣ ਆਇਆ ਹੈ ਕੌਣ ਗਿਆ ਹੈ, ਉਹ ਸਮਾਧ-ਸਥਿਤ ਹੀ ਇਕੋ ਜਗ੍ਹਾ ਟਿਕੇ ਖਲੋਤੇ ਰਹੇ। ਪੁਲਸ ਦੇ ਸਿਪਾਹੀ ਨੇ ਬੁੱਤ ਵਾਂਗੂੰ ਅਹਿਲ ਖੜੋਤੇ ਭਾਈ ਸਰਵਣ ਸਿੰਘ ਜੀ ਨੂੰ ਦੋ ਚਾਰ ਵਾਰ ਹਲੂਣਿਆ ਅਤੇ ਬੁਲਾਇਆ, ਪਰ ਉਹ ਬੋਲੇ ਕੁਸਕੇ ਨਹੀਂ। ਕ੍ਰੋਧ-ਆਤਰ ਹੋ ਕੇ ਸਿਪਾਹੀ ਨੇ ਬੜੇ ਜ਼ੋਰ ਨਾਲ ਵੱਟ ਕੇ ਚਪੇੜ ਮਾਰੀ ਭਾਈ ਜੀ ਦੇ ਮੁਖਾਰਬਿੰਦ ਤੇ। ਭਾਈ ਸਰਵਣ ਸਿੰਘ ਜੀ ਦੀ ਅੱਖ ਉੱਘੜੀ ਤਾਂ ਸਿਪਾਹੀ ਨੇ ਡਾਂਟ ਕੇ ਆਖਿਆ, "ਤੈਨੂੰ ਪਤਾ ਨਹੀਂ ਕਿ ਇਥੇ ਟਿਕਟ ਬਟਦੇ ਹਨ ? ਤੈਨੂੰ ਕਈ ਵਾਰ ਬੁਲਾਇਆ ਅਤੇ ਕਿਹਾ ਹੈ ਕਿ ਏਥੇ ਟਿਕਟ ਬਟਦੇ ਹਨ, ਇਸ ਜਗ੍ਹਾ ਖਲੋਣ ਦਾ ਹੁਕਮ ਨਹੀਂ। ਹੁਣ ਚਪੇੜ ਮਾਰੀ ਤੇ ਸੁਚੇਤ ਹੋਇਆ ਹੀ ਹੈਂ, ਜੇ ਪਹਿਲੇ ਹੀ ਹੋ ਜਾਂਦਾ ?" ਦੇਖੋ ਅਗੇ ਕੀ ਕੌਤਕ ਵਰਤਦਾ ਹੈ।

ਭਾਈ ਸਰਵਣ ਸਿੰਘ ਨੂੰ ਇਸ ਚਪੇੜ ਮਾਰੀ ਦਾ ਰੰਚਕ ਭੀ ਰੋਸ-ਗੁਸਾ ਨਹੀਂ ਆਇਆ, ਉਲਟੇ ਉਸ ਸਿਪਾਹੀ ਦੇ ਧੜੰਮ ਦੇ ਕੇ ਪੈਰਾਂ ਤੇ ਡਿਗ ਪਏ ਅਤੇ ਆਖਿਆ, "ਭਾਈ ! ਮੈਥੋਂ ਭੁਲ ਹੋ ਗਈ ਹੈ।" ਭਾਈ ਸਰਵਣ ਸਿੰਘ ਜੀ ਸਿਪਾਹੀ ਦੇ ਪੈਰਾਂ ਤੇ ਡਿਗੇ ਹੀ ਸਨ ਕਿ ਉਨ੍ਹਾਂ ਦੇ ਪੈਰੀਂ ਪੈਣ ਸਾਰ, ਸਿਪਾਹੀ ਤਾਂ ਛਪਾਲ ਪਿਛਲ ਪੈਰੀਂ ਖੜਾ ਹੀ ਧੜੰਮ ਦੇ ਕੇ ਜ਼ਮੀਨ ਤੇ ਜਾ ਡਿਗਿਆ। ਉਸ (ਸਿਪਾਹੀ) ਦੀਆਂ ਆਪ-ਮੁਹਾਰੀਆਂ ਕਿਲਕਾਰੀਆਂ ਨਿਕਲ ਗਈਆਂ ਤੇ ਦੁਹਾਈਆਂ ਦੇਣ ਲਗਾ, "ਬਹੁੜੀ ਓ ਲੋਕੋ ! ਮੈਨੂੰ ਇਸ ਸਿੱਖ ਤੋ ਬਖ਼ਸ਼ਾ ਲਵੋ।" ਸਿਪਾਹੀ ਦੀਆਂ ਦੁਹਾਈਆਂ ਕਿਲਕਾਰੀਆਂ ਸੁਣ ਕੇ ਉਸ ਜਗ੍ਹਾ ਤੇ ਤਕੜਾ ਇਕੱਠ ਹੋ ਗਿਆ, ਅਸੀਂ ਭੀ ਉਥੇ ਆ ਗਏ। ਜ਼ਮੀਨ ਤੇ ਬਿਹਬਲ ਹੋਏ ਲਿਟਦੇ ਸਿਪਾਹੀ ਤੋਂ ਪੁਛਿਆ, "ਤੈਨੂੰ ਕੀ ਹੋਇਆ ਹੈ ?" ਸਿਪਾਹੀ ਕਹਿਣ ਲੱਗਾ, "ਮੈਨੂੰ ਇਸ ਸਿੱਖ ਨੇ ਮਾਰ ਛਡਿਆ ਹੈ।" ਅਸੀਂ ਕਿਹਾ, "ਤੈਨੂੰ ਇਸ ਨੇ ਕੀ ਮਾਰਿਆ ਹੈ ?" ਸਿਪਾਹੀ ਨੇ ਕਿਹਾ, "ਮਾਰਿਆ ਨਹੀਂ, ਮੇਰਾ ਕੁਛ ਛਡਿਆ ਹੀ ਨਹੀਂ। ਮੇਰੇ ਪੈਰਾਂ ਤੇ ਡਿਗ ਕੇ ਇਸ ਸਿੱਖ ਨੇ ਮੇਰੀ ਸਾਰੀ ਕਲਾ ਸੂਤ ਲਈ। ਖ਼ਬਰ ਨਹੀਂ ਮੈਨੂੰ ਇਸ ਨੇ ਕੀ ਕਰ ਦਿਤਾ ਹੈ। ਹੁਣ ਮੈਂ ਬਚਦਾ ਤਾਂ ਹਾਂ, ਜੇ ਇਸ ਤੋਂ ਬਖ਼ਸ਼ਾ ਦਿਓ।" ਸਾਰੀ ਗੱਲ ਜਦ ਉਸ ਸਿਪਾਹੀ ਨੇ ਦਸੀ ਕਿ ਮੈਂ ਇਸ ਸਿੱਖ ਦੇ ਚਪੇੜ ਵੱਟ ਕੇ ਮਾਰੀ ਸੀ ਅਤੇ ਇਹ ਪੈਰੀਂ ਪੈ ਗਿਆ, ਮੈਨੂੰ ਪਤਾ ਨਹੀਂ ਸੀ ਕਿ ਇਹ ਰੱਬੀ ਰੰਗਾਂ ਵਿਚ ਖੜੇ ਹਨ। ਉਥੇ ਇਕ

ਈਸਾਈ ਖੜਾ ਸੀ, ਉਹ ਇਹ ਵਾਰਤਾ ਸੁਣ ਕੇ ਇਉਂ ਭਾਖ ਉਠਿਆ, "ਕਮਾਲ ਹੋ ਗਈ ! ਸਾਡੇ ਹਜ਼ਰਤ ਈਸਾ ਮਸੀਹ ਨੇ ਤਾਂ ਸਾਨੂੰ ਇਉਂ ਉਪਦੇਸ਼ ਦਿਤਾ ਹੈ- 'ਹੇ ਈਸਾਈ, ਜੇ ਤੇਰੀ ਇਕ ਗਲ੍ਹ ਤੇ ਕੋਈ ਚਪੇੜ ਮਾਰੇ, ਤਾਂ ਤੂੰ ਦੂਜੀ ਗਲ੍ਹ ਵੀ ਅਗਾਂਹ ਕਰ ਦੇ, ਕਿ ਹੋਰ ਮਾਰ ਲੈ' । ਇਹ ਸਿੱਖ ਤਾਂ ਚਪੇੜ ਮਾਰਨ ਵਾਲੇ ਦੇ ਉਲਟਾ ਪੈਰੀਂ ਪੈ ਗਿਆ ਹੈ । ਇਸ ਤੋਂ ਵਧ ਹੋਰ ਕਮਾਲ ਕੀ ਹੋ ਸਕਦਾ ਹੈ !" ਦਾਸ ਨੇ ਉਸ ਈਸਾਈ ਸਜਣ ਦੇ ਸਾਹਵੇਂ ਮੁਖਾਤਬ ਹੋ ਕੇ ਉਸ ਨੂੰ ਇਹ ਦਸਿਆ, ਕਿ ਅਸਾਡੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਇਹ ਹੁਕਮ ਹੈ ਕਿ:

*ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨ੍ਹਾਂ ਨ ਮਾਰੇ ਘੁੰਮਿ ॥*
*ਆਪਨੜੈ ਘਰਿ ਜਾਈਐ ਪੈਰ ਤਿਨਾਂ ਦੇ ਚੁੰਮਿ ॥ ੭ ॥**

ਤਿਸ ਪਰ ਪਾਸ ਖਲੋਤਾ ਇਕ ਆਰੀਆ ਮਹਾਸ਼ਾ ਇਉਂ ਝੁੰਜਲਾ ਉਠਿਆ, "ਇਸ ਸਿਖ ਡਰਦੇ ਮਾਰੇ ਨੇ ਸਿਪਾਹੀ ਦੇ ਪੈਰ ਫੜੇ ਹਨ । ਇਸ ਨੂੰ ਚਾਹੀਦਾ ਸੀ ਕਿ ਸਿਪਾਹੀ ਨੂੰ ਅਗੋਂ ਸੋਧਦਾ, ਪਰ ਇਹ ਕਮਜ਼ੋਰੀ ਦੇ ਕਾਰਨ ਉਸ ਦੇ ਅਗੇ ਹੀਣਾ-ਝੀਣਾ ਹੋ ਗਿਆ ।" ਅਸੀਂ ਆਖਿਆ, "ਏਵੇਂ ਹੀ ਸਹੀ, ਤੇਰੀ ਅਕਲ ਏਵੇਂ ਹੀ ਕੰਮ ਕਰਦੀ ਹੈ । ਅਸੀਂ ਤੇਰੇ ਨਾਲ ਝਗੜਨਾ ਥੋੜਾ ਹੈ ।"

ਇਹ ਗੱਲ ਕਹਿ ਕੇ ਸਾਰਾ ਜਥਾ ਭਾਈ ਸਰਵਣ ਸਿੰਘ ਜੀ ਨੂੰ ਨਾਲ ਲੈ ਕੇ ਅੰਬਾਲਾ ਛਾਉਣੀ ਦੇ ਰਸਤੇ ਵਲ ਤੁਰ ਪਏ । ਗੁਰੂ ਦੀ ਨੇਤ ਐਸੀ ਹੋਈ ਕਿ ਉਸ ਮਹਾਸ਼ਾ ਜਨ ਨੇ ਭੀ ਸਦਰ ਛਾਉਣੀ ਜਾਣਾ ਸੀ, ਉਹ ਭੀ ਸਾਡੇ ਨਾਲ ਹੋ ਗਿਆ । ਰਸਤੇ ਵਿਚ ਜਾਂਦੇ ਜਾਂਦੇ ਅਧਵਾਟੇ ਰਹਿਰਾਸ ਸਾਹਿਬ ਦੇ ਪਾਠ ਦਾ ਸਮਾਂ ਹੋ ਗਿਆ । ਪਾਸ ਹੀ ਕੂਆਂ ਸੀ । ਉਥੇ ਹੀ ਪੰਜ-ਇਸ਼ਨਾਨਾ ਕਰ ਕੇ ਰਹਿਰਾਸ ਸਾਹਿਬ ਦਾ ਪਾਠ ਕਰ ਕੇ ਅਗੇ ਜਾਣਾ ਮਿਥਿਆ । ਅਸੀਂ ਮੈਦਾਨ ਵੀ ਜਾਣਾ ਸੀ । ਪਾਸ ਹੀ ਇਕ ਗੂੜ੍ਹੇ ਬਿਰਛਾਂ ਦੀ ਝਿੜੀ ਸੀ, ਮੈਂ ਤੇ ਭਾਈ ਸਰਵਣ ਸਿੰਘ ਜੀ ਉਸ ਝਿੜੀ ਵਿਚ ਮੈਦਾਨ ਹੋਣ ਲਈ ਗਏ । ਭਾਈ ਜੀ ਤਾਂ ਧੁਸਦੇ ਧੁਸਦੇ ਅਗਾਂਹ ਦੁਰੇਡੇ ਚਲੇ ਗਏ, ਮੈਂ ਉਰੇਡੇ ਹੀ ਰਹਿ ਗਿਆ ਅਤੇ ਮੈਦਾਨ ਹੋਣ ਬਹਿ ਗਿਆ । ਮੈਦਾਨ ਹੋ ਕੇ ਅਜੇ ਹੱਥ ਹੀ ਧੋਤੇ ਸਨ ਕਿ ਇਕ ਅਬਲਾ ਦੇ ਰੋਣ ਦੀ ਅਤੇ ਚੀਖ ਪੁਕਾਰ ਕਰਨ ਦੀ ਅਵਾਜ਼ ਕੰਨੀਂ ਪਈ ।

ਭਾਈ ਜੀ ਉਸ ਅਵਾਜ਼-ਅਸਥਾਨ ਦੇ ਨੇੜੇ ਹੀ ਢੁਕ ਚੁਕੇ ਸਨ । ਉਕਤ ਚੀਖ-ਪੁਕਾਰਨੀ ਅਵਾਜ਼ ਸੁਣ ਕੇ ਉਹ ਝਟ ਹੀ ਓਥੇ ਪਹੁੰਚ ਗਏ, ਇਕੱਲੇ ਹੀ । ਅਗੇ ਕੀ ਦੇਖਦੇ ਹਨ ਕਿ ਚਾਰ ਮੁਸ਼ਟੰਡੇ ਸ਼ਰਾਬੀ ਗੋਰੇ ਸਿਪਾਹੀ ਇਕ ਲਕੜਹਾਰੀ (ਲਕੜਾਂ ਚੁਗਣ ਵਾਲੀ) ਲੜਕੀ ਨੂੰ, ਉਸ ਦੀ ਇੱਜ਼ਤ ਖ਼ਰਾਬ ਕਰਨ ਲਈ ਦਬਾਈ ਪਏ ਹਨ । ਭਾਈ ਸਰਵਣ ਸਿੰਘ ਜੀ ਨੇ ਹੀਲ ਹੁਜਤ ਕੀਤੇ ਬਿਨਾਂ ਹੀ ਉਨ੍ਹਾਂ ਚਹੁੰਆਂ ਸਿਪਾਹੀਆਂ ਪਾਸੋਂ 'ਬਲਮ' ਖੋਹ ਲਏ ਅਤੇ ਉਨ੍ਹਾਂ ਚਹੁੰਆਂ ਸਿਪਾਹੀਆਂ ਨੂੰ ਐਸਾ ਕੁਟਿਆ ਕਿ ਕੁਟ ਕੁਟ ਕੇ ਲੰਮੇ ਪਾ ਦਿਤੇ ਅਤੇ ਨਰੜ ਕੇ ਲਾਗੇ ਖੜੇ ਇਕੇ ਟਾਂਗੇ ਤੇ ਲਦ ਦਿਤੇ, ਜਿਸ ਟਾਂਗੇ ਤੇ ਉਹ ਆਏ ਸਨ । ਇਤਨੇ ਨੂੰ ਮੈਂ ਭੀ ਓਥੇ ਪਹੁੰਚ ਗਿਆ। ਇਹ ਨਜ਼ਾਰਾ ਦੇਖ ਕੇ ਮੈਂ ਪਿਛਲੇ

***ਸਲੋਕ ਸੇਖ ਫਰੀਦ ਕੇ, ਪੰਨਾ ੧੩੭੮**

ਸਾਰਿਆ ਸੱਜਣਾਂ ਨੂੰ ਆਵਾਜ਼ਾਂ ਦੇ ਕੇ ਨਾਲ ਬੁਲਾ ਲਿਆ । ਉਹ ਮਹਾਸ਼ਾ ਗਣ ਵੀ ਨਾਲ ਹੀ ਆਇਆ । ਅਸੀਂ ਮਹਾਸ਼ਾ ਗਣ ਨੂੰ ਇਹ ਨਜ਼ਾਰਾ ਦਿਖਾਇਆ, ਕਿ ਦੇਖੋ ਸਵਾ ਲਖ ਸੂਰਮੇ ਦਾ ਇਹ ਕਰਤੱਵ । ਜਿਥੇ ਇਸ ਨੂੰ ਆਪਣੇ ਮੂੰਹ ਤੇ ਇਕ ਚਪੇੜ ਲਗੀ ਸੀ ਸਿਪਾਹੀ ਵਲੋਂ, ਉਥੇ ਤਾਂ ਸਹਿਨਸ਼ੀਲਤਾ ਦਾ ਉਹ ਧੁਰਵਾ ਬੰਨ੍ਹਿਆ, ਜਿਸ ਨੂੰ ਦੇਖ ਕੇ ਇਕ ਈਸਾਈ ਅਸ਼ ਅਸ਼ ਕਰਦਾ ਸੀ । ਪਰ ਹੁਣ ਏਥੇ ਇਹ ਅਬਲਾ ਦੇ ਉਪਕਾਰ-ਬਚਾਉ ਦੀ ਔਖੀ ਘੜੀ ਦੇਖ ਕੇ ਇਸ ਸਿੱਖ ਦੇ ਅੰਦਰ ਉਹ ਬਲ-ਬੀਰਤਾ ਸੰਪੂਰਤ ਹੋਈ ਕਿ ਇਕੱਲੇ ਨੇ ਹੀ ਇਨ੍ਹਾਂ ਚੌਵਾਂ ਹਟੇ ਕਟੇ ਗੋਰੇ ਸਿਪਾਹੀਆਂ ਨੂੰ ਮਾਰ ਕੁਟ ਕੇ ਟਾਂਗੇ ਤੇ ਨੂੜ ਛਡਿਆ ਹੈ ।

ਬਸ, ਇਤਨੀ ਗੱਲ ਉਸ ਮਹਾਸ਼ਾ ਨੂੰ ਕਹਿਣ ਦੀ ਦੇਰ ਹੀ ਸੀ ਕਿ ਉਹ ਮਹਾਸ਼ਾ ਜ਼ਾਰੋ ਜ਼ਾਰ ਰੋਣ ਲਗ ਪਿਆ ਅਤੇ ਪੁਕਾਰਨ ਲਗਾ, "ਖਾਲਸਾ ਜੀ, ਮੈਨੂੰ ਬਖ਼ਸ਼ੋ । ਮੈਨੂੰ ਇਕ ਸਿੱਖ ਦੀ ਸਹਿਨ-ਸ਼ੀਲਤਾ ਅਤੇ ਸੂਰਬੀਰਤਾ ਦੇ ਵਖੋ ਵਖ ਜੁਸਿਆਂ ਦਾ ਉੱਕਾ ਹੀ ਪਤਾ ਨਹੀਂ ਸੀ । ਹੁਣ ਪਤਾ ਲਗ ਗਿਆ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਿੰਘ ਸਰਬ ਗੁਣਾਂ ਸੰਪੂਰਨ ਹੁੰਦੇ ਹਨ । ਸਹਿਨ-ਸ਼ੀਲਤਾ ਅਤੇ ਸ਼ਾਂਤੀ ਦੀ ਹਦ ਵੀ ਇਸ ਨੇ ਟਪਾ ਦਿਤੀ ਤੇ ਸੂਰਬੀਰਤਾ ਦੀ ਭੀ ਹਦ ਮੁਕ ਗਈ ।"

ਅਸੀਂ ਉਸ ਮਹਾਸ਼ੇ ਨਾਲ ਇਧਰ ਇਹ ਗੱਲ ਕਰ ਰਹੇ ਸੀ, ਓਧਰ ਨਰੜੇ ਹੋਏ ਗੋਰੇ, ਟਾਂਗੇ ਤੇ ਪਏ ਹੋਏ ਇਉਂ ਚਿੱਲਾ ਰਹੇ ਸਨ, "ਸਾਹਿਬਾਨ, ਹਮ ਕੋ ਛੁਡਾਓ, ਹਮ ਐਸੀ ਹਰਕਤ ਆਗੇ ਸੇ ਨਹੀਂ ਕਰੇਂਗੇ । ਹਮ ਕੋ ਕਿਉਂ ਨਰੜ ਕਰ ਬਾਂਧਾ ਹੈ, ਔਰ ਕਹਾਂ ਲੇ ਜਾਓਗੇ ?" ਅਸੀਂ ਆਖਿਆ, "ਤੁਹਾਨੂੰ ਪਕੜ ਕੇ ਤੁਹਾਡੇ ਅਫ਼ਸਰਾਂ ਦੇ ਕੋਲ ਲੈ ਜਾ ਕੇ ਤੁਹਾਨੂੰ ਸਜ਼ਾ ਦਿਵਾਵਾਂਗੇ ।" ਗੋਰੇ ਬੋਲੇ, "ਹਮ ਕੋ ਕਾਫ਼ੀ ਬਦਨੀ ਸਜ਼ਾ ਮਿਲ ਚੁਕੀ ਹੈ । ਦੇਖੋ ਸਾਡੇ ਸਰੀਰ ਸੁੱਜੇ ਪਏ ਹਨ, ਸੱਟਾਂ ਦੇ ਨਾਲ ਹੱਡਾਂ ਤੇ ਨੀਲ ਪਏ ਹੋਏ ਹਨ । ਹੋਰ ਸਾਨੂੰ ਕੀ ਸਜ਼ਾ ਦੇਣੀ ਹੈ ? ਹੁਣ ਸਾਨੂੰ ਮਾਫ਼ ਕਰ ਦਿਓ ਅਤੇ ਪੰਜਾਹ ਦਮੜੇ ਸਾਡੇ ਪਾਸੋਂ ਲੈ ਲਵੋ ।" ਅਸੀਂ ਕਿਹਾ ਕਿ ਮਾਫ਼ੀ ਇਸ ਗਰੀਬ ਤੋਂ ਮੰਗੋ, ਅਤੇ ਇਹ ਦਮੜੇ ਭੀ ਇਸ ਨੂੰ ਦਿਓ । ਅਗੇ ਲਈ ਤੌਂਬਾਂ ਕਰੋ ਕਿ ਐਸਾ ਅਨਰਥ ਨਹੀਂ ਕਰਾਂਗੇ । ਇਸ ਤਰ੍ਹਾਂ ਇਥੋਂ ਛੁਟਕਾਰਾ ਪਾ ਕੇ ਅਗੇ ਤੁਰੇ ਅਤੇ ਤੁਰੇ ਜਾਂਦਿਆਂ ਹੀ ਪਾਠ ਕੀਤਾ ।

ਭਾਈ ਸਰਵਣ ਸਿੰਘ ਜੀ ਦੀ ਨਮੂਨੇ ਮਾਤਰ ਇਹ ਮਿਸਾਲ ਪੇਸ਼ ਕੀਤੀ ਗਈ ਹੈ । ਇਹ ਜਜ਼ਬਾ ਨਾਮ-ਅਭਿਆਸੀ ਜਨਾਂ ਵਿਚ ਕੁਟ ਕੁਟ ਕੇ ਭਰਿਆ ਹੋਇਆ ਹੁੰਦਾ ਹੈ ।

ਭਾਈ ਸਰਵਣ ਸਿੰਘ ਜੀ ਦਾ ਜੀਵਨ ਇਕ ਅਲੌਕਿਕ ਸਿੱਖੀ ਜੀਵਨ ਹੋ ਗੁਜ਼ਰਿਆ ਹੈ । ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠੀ ਵੀ ਸਨ । ਲਗਾਤਾਰ ਸਤ ਸਤ ਘੰਟੇ ਪਾਠ ਕਰੀ ਜਾਣਾ ਅਤੇ ਪੰਚਮ ਸੁਰ ਦੀ ਉਚੀ ਧੁਨ ਵਿਚ ਪਾਠ ਕਰਨਾ । ਉਨ੍ਹਾਂ ਦਾ ਪਾਠ ਪਿੰਡ ਵਿਚ ਬੜੀ ਦੂਰ ਦੂਰ ਤਾਈਂ ਸੁਣਿਆ ਜਾਂਦਾ ਸੀ । ਲਊਡ ਸਪੀਕਰ ਇਸ ਧੁਨੀ ਦੇ ਨਜ਼ਦੀਕ ਕਿਆ ਚੀਜ਼ ਹਨ ! ਓਦੋਂ ਲਊਡ ਸਪੀਕਰ ਹੈ ਭੀ ਨਹੀਂ ਸਨ । ਉਨ੍ਹਾਂ ਦੇ ਅਖੰਡ ਪਾਠ ਦੇ ਵੇਗ ਦੀ ਇਕ ਵਿਸਮਾਦ-ਜਨਕ ਅਲੌਕਿਕਤਾ ਇਹ ਸੀ ਕਿ ਮੁਖਾਰਬਿੰਦ ਤੋਂ ਸਾਰੇ ਜ਼ੋਰ ਨਾਲ ਬੈਖਰੀ ਬਾਣੀ ਦਵਾਰਾ ਰਸਨਾ ਰਾਹੀਂ

ਅਖੰਡ ਪਾਠ ਉਚੀ ਧੁਨੀ ਵਿਚ ਕਰਨਾ ਅਤੇ ਨਾਲ ਦੇ ਨਾਲ ਹੀ ਸਵਾਸ-ਅਭਿਆਸੀ-ਸ਼ਬਦ ਸੁਰਤਾਸੀ-ਨਾਮ ਦਾ ਖੰਡਾ ਭੀ ਖੜਕਾਈ ਚਲੇ ਜਾਣਾ ।

ਇਸ ਅਲੌਕਿਕ ਕਲਾ ਦੇ ਪ੍ਰਤਾਪ ਕਰਕੇ ਨਾਭੀ ਵਿਚ ਸਵਾਸ ਦਬ ਕੇ ਇਕੋ ਸਾਹ ਦੋ ਦੋ ਪਤਰੇ ਪਾਠ ਕਰ ਜਾਣੇ । ਉਸ ਸਮੇਂ ਉਨ੍ਹਾਂ ਦੇ ਨੂਰਾਨੀ ਚੇਹਰੇ ਤੇ ਓਹ ਕਮਾਲ ਜਮਾਲੀ ਜਲਾਲ ਆਉਣਾ ਜਿਸ ਨੂੰ ਦੇਖਣ ਵਾਲੇ ਦੰਗ ਰਹਿ ਜਾਂਦੇ ਸਨ । ਉਨ੍ਹਾਂ ਦੀ ਜੁਲਾਲ ਮਸਤ ਰੰਗ ਚਲੂਲੀ ਆਤਮ-ਅਵਸਥਾ ਉਨ੍ਹਾਂ ਨੂੰ ਅਜਿਹਾ ਹਾਲੋਂ ਬੇਹਾਲ ਕਰ ਦਿੰਦੀ ਸੀ ਕਿ ਉਨ੍ਹਾਂ ਨੂੰ ਆਪਣੇ ਸਰੀਰ ਦੀ ਸੁਧ ਬੁਧ ਭੁਲ ਜਾਣੀ ।

ਏਸ ਕਮਲੀ ਰਮਲੀ ਦਸ਼ਾ ਵਿਚ ਦੇਖ ਕੇ ਉਨ੍ਹਾਂ ਦੇ ਨਿਕਟ ਕੁਟੰਬੀਆਂ ਨੂੰ ਇਕ ਵਾਰ ਇਹ ਵਹਿਮ ਹੋ ਗਿਆ ਕਿ ਭਾਈ ਸਰਵਣ ਸਿੰਘ ਜੀ ਪਾਗਲ ਹੋ ਗਏ ਹਨ । ਇਉਂ ਅਤੇ ਇਸ ਪ੍ਰਕਾਰ ਦੇ ਵਹਿਮਾਂ ਵਿਚ ਆ ਕੇ ਮੂਰਖ ਮਤ ਵਾਲਿਆਂ ਸੰਸਾਰੀ ਸੰਬੰਧੀਆਂ ਨੇ ਭਾਈ ਜੀ ਨੂੰ ਇਕ ਤਕੜੇ ਮੋਟੇ ਸੰਗਲ ਨਾਲ ਨਰੜ ਕੇ ਥੰਮ੍ਹ ਨਾਲ ਬੰਨ੍ਹ ਦਿਤਾ । ਅਠ ਪਹਿਰ ਬੰਨ੍ਹੀ ਰਖਿਆ । ਸਿੰਘ ਹਮੈਤੀ ਉਨ੍ਹਾਂ ਦੇ ਨੇੜੇ ਕੋਈ ਹੈ ਨਹੀਂ ਸੀ । ਸਿਆਲ ਦਾ ਮੌਸਮ ਸੀ । ਤਕੜਾ ਬੁਖ਼ਾਰ ਭੀ ਕੋਈ 106 ਡਿਗਰੀ ਦਾ ਆ ਕੇ ਸੇਵਾ ਕਰਨ ਲਗ ਪਿਆ । ਏਸ ਦਸ਼ਾ ਵਿਚ ਵੀ ਉਹ ਘਬਰਾਏ ਨਹੀਂ, ਆਪਣੇ ਇਸ਼ਕ-ਮਸਤੇਵੇਂ ਵਿਚ ਆ ਕੇ ਉਚੀ ਉਚੀ ਸ਼ਬਦ ਪੜ੍ਹਨ ਲਗੇ । ਅੰਮ੍ਰਿਤ ਵੇਲੇ ਦਾ ਵਕਤ ਹੈ, ਭਾਈ ਜੀ ਥੰਮ੍ਹ ਨਾਲ ਨਰੜੇ ਹੋਏ, ਸੰਗਲਾਂ ਵਿਚ ਜਕੜੇ ਹੋਏ ਉਚੀ ਧੁਨ ਵਿਚ ਸ੍ਰੀ ਦਸਮੇਸ਼ ਜੀ ਦਾ ਧਿਆਨ ਧਰ ਕੇ ਇਹ ਸ਼ਬਦ ਅਲਾਪ ਰਹੇ ਹਨ:

## ਨ੍ਰਿਪ ਕੰਨਿਆ ਕੇ--

ਨ੍ਰਿਪ ਕੰਨਿਆ ਕੇ ਕਾਰਨੈ ਇਕੁ ਭਇਆ ਭੇਖ ਧਾਰੀ ॥
ਕਾਮਾਰਥੀ ਸੁਆਰਥੀ ਵਾ ਕੀ ਪੈਜ ਸਵਾਰੀ ॥ ੧ ॥
ਤਵ ਗੁਨ ਕਹਾ ਜਗਤ ਗੁਰਾ ਜਉ ਕਰਮੁ ਨ ਨਾਸੈ ॥
ਸਿੰਘ ਸਰਨ ਕਤ ਜਾਈਐ ਜਉ ਜੰਬੁਕੁ ਗ੍ਰਾਸੈ ॥ ੧ ॥ ਰਹਾਉ ॥
ਏਕ ਬੂੰਦ ਜਲ ਕਾਰਨੇ ਚਾਤ੍ਰਿਕੁ ਦੁਖੁ ਪਾਵੈ ॥
ਪ੍ਰਾਨ ਗਏ ਸਾਗਰੁ ਮਿਲੈ ਫੁਨਿ ਕਾਮਿ ਨ ਆਵੈ ॥ ੨ ॥
ਪ੍ਰਾਨ ਜੁ ਥਾਕੇ ਥਿਰੁ ਨਹੀ ਕੈਸੇ ਬਿਰਮਾਵਉ ॥
ਬੂਡਿ ਮੂਏ ਨਉਕਾ ਮਿਲੈ ਕਹੁ ਕਾਹਿ ਚਢਾਵਉ ॥ ੩ ॥
ਮੈ ਨਾਹੀ ਕਛੁ ਹਉ ਨਹੀ ਕਿਛੁ ਆਹਿ ਨ ਮੋਰਾ ॥
ਅਉਸਰ ਲਜਾ ਰਾਖਿ ਲੇਹੁ ਸਧਨਾ ਜਨੁ ਤੋਰਾ ॥ ੪ ॥

(ਬਾਣੀ ਸਧਨੇ ਕੀ ਬਿਲਾਵਲੁ, ਪੰਨਾ ੮੫੮)

"ਅਉਸਰ ਲਜਾ ਰਾਖਿ ਲੇਹੁ" ਦੀ ਤੁਕ ਬਾਰੰਬਾਰ ਪੜ੍ਹਦੇ ਪੜ੍ਹਦੇ ਮੂਰਛਤ ਹੋ ਗਏ। ਪਿੰਡ ਦੇ ਕੋਠਿਆਂ ਉਪਰ ਦੀ ਸਿਰ-ਪਟ ਦੌੜੇ ਆਉਂਦੇ ਘੋੜੇ ਦੀਆਂ ਕੜਕਾਟ ਟਾਪਾਂ ਪਿੰਡ ਵਾਲਿਆਂ ਨੇ ਸੁਣੀਆਂ। ਕਈਆਂ ਕੋਠਿਆਂ ਦੀਆਂ ਛੱਤਾਂ ਡਿਗ ਪਈਆਂ। ਓਧਰ ਭਾਈ ਸਰਵਣ ਸਿੰਘ ਦੇ ਸੰਗਲ ਟੁਟ ਗਏ। ਬੁਖ਼ਾਰ ਲਥ ਗਿਆ। ਸ੍ਰੀ ਦਸ਼ਮੇਸ਼ ਜੀ ਦੇ ਬਿਸਮਾਦੀ ਦਰਸ਼ਨਾਂ ਦੀਆਂ ਝਲਕਾਂ ਪਈਆਂ, ਸਾਰੇ ਦੁਖ ਵਿਸੂਰੇ ਲਾਹ ਗਈਆਂ।

ਇਹ ਪਰਤੱਖ ਬੀਤਿਆ ਬ੍ਰਿਤਾਂਤ ਦਾਸ ਨੂੰ ਉਨ੍ਹਾਂ ਦੇ ਪਿੰਡ ਫਲੇਵਾਲ ਦੇ ਮਾਸਟਰ ਧਰਮ ਸਿੰਘ ਜੀ ਨੇ (ਜੋ ਖਾਲਸਾ ਹਾਈ ਸਕੂਲ ਲੁਧਿਆਣਾ ਦੇ ਰੀਟਾਇਰਡ ਹੈਡਮਾਸਟਰ ਹਨ) ਆਪਣੀ ਜ਼ਬਾਨੀ ਸੁਣਾਇਆ ਹੈ। ਗੁਜਰਵਾਲ ਦੇ ਕਈ ਮਹਾਜਨਾਂ ਨੇ ਉਸ ਸਮੇਂ ਢਾਬ ਵਲੋਂ ਪਿੰਡ ਗੁਜਰਵਾਲ ਦੇ ਵਿਚ ਦੀ ਲੰਘਦੇ ਘੋੜੇ ਦੀਆਂ ਟਾਪਾਂ ਵੀ ਸੁਣੀਆਂ ਹਨ। ਇਕ ਵਡਭਾਗਾ ਮਹਾਜਨ ਹਰਨਾਮ ਦਾਸ ਨਾਮ ਦਾ ਬ੍ਰਾਹਮਣ ਇਹ ਵੀ ਦਸਿਆ ਕਰਦਾ ਸੀ ਕਿ ਨੀਲੇ ਘੋੜੇ ਦੇ ਸ਼ਾਹ-ਸਵਾਰ ਦੇ ਝਲਕਾਰੀ ਦਰਸ਼ਨ ਵੀ ਉਸ ਕੀਤੇ ਹਨ। ਗੁਰੂ ਜਾਣੇ ਇਹ ਬ੍ਰਿਤਾਂਤ ਉਸ ਬ੍ਰਾਹਮਣ ਦਾ ਕਿਥੋਂ ਤਕ ਠੀਕ ਹੈ, ਪਰ ਇਸ ਵਿਚ ਰੰਚਕ ਸੰਦੇਹ ਨਹੀਂ ਕਿ ਸ੍ਰੀ ਸਤਿਗੁਰੂ ਸਾਹਿਬ ਜੀ ਨੇ ਉਸ ਅਵਸਰ ਤੇ ਇਹ ਕਉਤਕੀ ਚਮਤਕਾਰ ਪਰਗਟ ਪਾਹਾਰੇ ਆਸ਼ਕਾਰ ਕੀਤੇ।

ਭਾਈ ਧਰਮ ਸਿੰਘ ਜੀ, ਫਲੇਵਾਲ ਦੇ ਸਿੰਘਾਂ ਵਿਚੋਂ ਜਥੇ ਦੇ ਗੁਹਜ ਰਤਨ ਗੁਰਮਤਿ ਸ਼ਰਧਾ ਭਾਵਨੀ ਦੇ ਅਦੁਤੀ ਨਮੂਨੇ ਰਹੇ ਹਨ। ਇਹਨਾਂ ਦੀ ਭਾਈ ਸਰਵਣ ਸਿੰਘ ਜੀ ਪ੍ਰਤੀ ਬੜੀ ਹੀ ਸਤਿਕਾਰ ਭਰੀ ਅੰਤ੍ਰੀਵਨੀ ਸ਼ਰਧਾ ਰਹੀ ਹੈ। ਚਾਹੇ ਬਾਹਰੋਂ ਬੋਲਣ ਵਿਚ ਬੜੇ ਭੀਹਾਵਲ ਅਤੇ ਖਰ੍ਹਵੇ ਪ੍ਰਤੀਤ ਹੁੰਦੇ ਹਨ, ਪਰ ਅੰਤਰਗਤਿ "ਸਗਲ ਚਰਨ ਕੀ ਇਹੁ ਮਨੁ ਰਾਲਾ"* ਵਾਲੇ ਭਾਵ ਦੀ ਬਿਰਤੀ ਜੁਗਤੀ ਰਹੀ ਹੈ ਉਹਨਾਂ ਦੀ।

ਭਾਈ ਸਰਵਣ ਸਿੰਘ ਜੀ ਦੀ ਲਟਬਉਰੀ ਦਸ਼ਾ ਨੂੰ ਦੇਖ ਕੇ ਭਾਈ ਧਰਮ ਸਿੰਘ ਜੀ ਕਈ ਵਾਰੀ ਕ੍ਰੋਪ ਭੀ ਹੋ ਜਾਇਆ ਕਰਦੇ ਸਨ ਅਤੇ ਲਟਬਉਰੇ ਦੀ ਲਟਬਉਰਤਾ ਦੀਆਂ ਵਧੀਕੀਆਂ ਦੇਖ ਕੇ ਉਸਨੂੰ ਘੂਰ ਧਮਕਾ ਭੀ ਲਿਆ ਕਰਦੇ ਸਨ। ਪਰ ਰੀਝਦੇ ਭੀ ਐਸੇ ਸਨ ਕਿ ਭਾਈ ਸਰਵਣ ਸਿੰਘ ਜੀ ਦੇ ਸੁਥਰਾਪਨ ਤੇ ਪਰਦਾ ਭੀ ਪਾ ਦਿੰਦੇ ਸਨ, ਕਈ ਗ਼ਲਤੀਆਂ ਦੇਖ ਕੇ ਅਣਡਿਠ ਭੀ ਕਰ ਲਿਆ ਕਰਦੇ ਸਨ। ਪਰ ਭਰੋਸਾ ਐਸਾ ਸੀ ਕਿ ਭਾਈ ਸਰਵਣ ਸਿੰਘ ਜੀ ਦੇ ਸੁਤੇ ਸੁਭਾਵ ਹੀ ਮੂੰਹ ਤੋਂ ਨਿਕਲੇ ਬਚਨਾਂ ਉਪਰ ਪੱਕਾ ਪਹਿਰਾ ਦਿਤਾ ਕਰਦੇ ਸਨ। ਇਕ ਵਾਰ ਦਾ ਜ਼ਿਕਰ ਹੈ ਕਿ ਅਵਾਇਲ ਅਵਸਥਾ ਵਿਚ ਹੀ ਬੀ.ਏ. ਦੀ ਪੜ੍ਹਾਈ ਪੜ੍ਹਦਿਆਂ ਹੋਇਆਂ ਪੁਜ ਕੇ ਬਹੁਤੀ ਮਿਹਨਤ ਕਰਨ ਦੇ ਕਾਰਨ ਅਤੇ ਗਰੀਬੀ ਕਰਕੇ ਖ਼ੁਰਾਕ ਚੰਗੀ ਨਾ ਮਿਲਦੀ ਰਹਿਣ ਦੇ ਕਾਰਨ, ਅਚਣਚੇਤ ਭਾਈ ਧਰਮ ਸਿੰਘ ਜੀ ਸਰੀਰ ਕਰਕੇ ਤਕੜੇ ਢਿਲੇ ਹੋ ਗਏ। ਡਾਕਟਰਾਂ ਹਕੀਮਾਂ ਨੇ ਫ਼ਤਵਾ ਲਾ ਦਿਤਾ ਕਿ ਬੀਮਾਰੀ ਟੀ.ਬੀ. (ਤਪਦਿਕ) ਦੀ ਹੈ। ਭਾਈ ਧਰਮ ਸਿੰਘ ਜੀ ਨੇ ਸੁਤੇ ਸੁਭਾਵ ਹੀ ਭਾਈ ਸਰਵਣ ਸਿੰਘ

---

*ਆਸਾ ਮ: ੫ ਪੰਨਾ ੩੮੪

ਦੇ ਪਾਸ ਜ਼ਿਕਰ ਕਰ ਦਿਤਾ ਕਿ ਡਾਕਟਰ ਹਕੀਮ ਟੀ. ਬੀ. ਦਾ ਫ਼ਤਵਾ ਲਾਉਂਦੇ ਹਨ। ਸਹਿਜ ਸੁਭਾਵ ਹੀ ਭਾਈ ਸਰਵਣ ਸਿੰਘ ਦੇ ਮੂੰਹੋਂ ਨਿਕਲ ਗਿਆ, ਤੈਨੂੰ ਟੀ.ਬੀ. ਟਾਬੀ ਕੋਈ ਨਹੀਂ, ਕਹਿਣ ਵਾਲਿਆਂ ਨੂੰ ਹੋਊਗੀ।" ਇਹ ਕਹਿ ਕੇ ਮੇਰੇ ਪਾਸ ਨਾਰੰਗਵਾਲ ਭਾਈ ਸਰਵਣ ਸਿੰਘ ਜੀ ਆਏ ਤੇ ਕਹਿਣ ਲਗੇ, "ਬਾਈ! ਆਪਾਂ ਇਕ ਅਖੰਡ ਪਾਠ ਆਪਣੇ ਭਾਈ ਧਰਮ ਸਿੰਘ ਜੀ ਨਮਿਤ ਕਰ ਦੇਈਏ। ਸਹੁਰੇ ਡਾਕਟਰ ਹਕੀਮ ਤਪਦਿਕ ਹੋ ਜਾਣ ਦਾ ਸ਼ਕ ਭਾਈ ਧਰਮ ਸਿੰਘ ਨੂੰ ਪਾਉਂਦੇ ਹਨ।" ਅਸੀ ਸਾਰੇ (ਸਾਰੀ ਸੰਗਤ ਜਨ) ਹੀ ਸਹਿਮਤ ਹੋ ਗਏ। ਪਰ ਨਾਲ ਇਹ ਵੀ ਕਹਿਆ ਕਿ ਸਾਰਾ ਅਖੰਡ ਪਾਠ ਸੁਣਨ ਲਈ ਭਾਈ ਧਰਮ ਸਿੰਘ ਜੀ ਤਤਪਰ ਹੋ ਜਾਣ। ਗੱਲ ਕੀ, ਅਖੰਡ ਪਾਠ ਅਰੰਭ ਹੋ ਗਿਆ ਅਤੇ ਭਾਈ ਧਰਮ ਸਿੰਘ ਜੀ ਬੜੇ ਸਿਦਕ ਨਾਲ ਸਰਵਣ ਕਰਨ ਲਈ ਚਉਕੜਾ ਮਾਰ ਬੈਠੇ, ਜਿਥੋਂ ਤਾਈਂ ਹੋ ਸਕਿਆ, ਸਾਰਾ ਪਾਠ ਸੁਣਿਆ। ਰੰਗ ਕਰਤਾਰ ਦੇ ਐਸੇ ਹੋਏ ਕਿ ਉਹ ਨੌ-ਬਰ-ਨੌ ਹੋ ਗਏ। ਓਦੋਂ ਦੇ ਹੁਣ ਤਾਈਂ ਨੌ-ਬਰ-ਨੌ ਹਨ। ਸਾਰਾ ਫਲ ਸਿਦਕ ਭਰੋਸੇ ਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਉਤੇ ਅਗਾਧ ਭਰੋਸਾ ਰਖਣ ਵਾਲਿਆਂ ਦਾ ਕਦੇ ਵਾਲ ਵਿੰਗਾ ਨਹੀਂ ਹੋਇਆ। ਖ਼ਾਸ ਕਰ ਪੜ੍ਹਿਆਂ ਲਿਖਿਆਂ ਨੌਜਵਾਨਾਂ ਵਿਚੋਂ ਇਹ ਪਹਿਲੀ ਮਿਸਾਲ ਹੈ ਅਨਿੰਨ ਭਰੋਸੇ ਦੀ, ਬਹੁਤਾ ਇਸ ਕਰਕੇ ਕਿ ਉਹ (ਭਾਈ ਧਰਮ ਸਿੰਘ ਜੀ) ਜਥੇ ਅੰਦਰ ਅਜਿਹੀਆ ਖੇਡਾਂ ਵਰਤਦੀਆਂ ਦੇਖ ਚੁਕੇ ਸਨ ਅਤੇ ਉਨ੍ਹਾਂ ਨੂੰ ਭਾਈ ਸਰਵਣ ਸਿੰਘ ਜੀ ਦੇ ਆਉਲੇ-ਮਉਲੇ ਬਚਨਾਂ ਤੇ ਦ੍ਰਿੜ੍ਹ ਵਿਸ਼ਵਾਸ ਰਿਹਾ ਹੈ।

ਭਾਈ ਸਰਵਣ ਸਿੰਘ ਜੀ ਦੇ ਉੱਚ ਗੁਰਮੁਖੀ ਜੀਵਨ ਦੇ ਅਨੇਕ ਨਿਤ ਵਰਤਦੇ ਕਉਤਕ ਉਨ੍ਹਾਂ ਦੇ ਨਿਕਟ-ਵਾਸੀ ਅੱਖੀਂ ਦੇਖ ਚੁਕੇ ਸਨ। ਅਜਿਹੀ ਜੀਵਨ ਵਾਲੀ ਜੀਵਨੀ ਦੇ ਹੁੰਦਿਆਂ ਹੋਇਆ ਅੰਤੀ ਔਸਰ ਕਈ ਖ਼ਾਮੀਆਂ ਤਰੁਟੀਆਂ ਭੀ ਆ ਪਈਆਂ। ਖ਼ਾਸ ਕਰ ਛਿਪੀ ਛਿਪੀ ਹੀ ਸੂਖਮ ਹਉਮੈ ਦੀ ਵਾਉ ਵਗ ਗਈ। ਬਹੁਤ ਸ਼ਲਾਘਾ ਹੋਣ ਕਰਕੇ ਇਹ ਗੁਪਤ ਰੋਗ ਸਣੇ ਸਣੇ ਉਹਨਾਂ ਦੀ ਕਰਾਂਤੀ ਵਿਚ ਆ ਘੁਸੜਿਆ। ਭਾਈ ਸਰਵਣ ਸਿੰਘ ਦੇ ਅਨਿੰਨ ਸ਼ਰਧਾਲੂਆਂ ਨੂੰ ਦਾਸ ਨੇ ਕਈ ਵਾਰ ਵੰਗਾਰ ਵੰਗਾਰ ਕੇ ਆਖਿਆ ਕਿ ਤੁਸੀਂ ਏਹਨਾਂ ਦੇ ਸਨਮੁਖ (ਮੂੰਹ ਤੇ) 'ਜੀਵਨ ਮੁਕਤ' ਨਾ ਆਖਿਆ ਕਰੋ। ਗੁਰਮਤਿ ਅਨੁਸਾਰ ਸਨਮੁਖ ਉਸਤਤਿ ਅਤੇ ਪਿਛੇ ਨਿੰਦਾ ਕਰਨੀ ਬਹੁਤ ਹੀ ਬਿਬਰਜਤ ਹੈ। ਕਹਿੰਦਿਆਂ ਕਹਿੰਦਿਆਂ ਭੀ ਨ ਟਲਣ ਵਾਲੇ ਨਾ ਹੀ ਟਲੇ, ਜਿਸ ਦਾ ਸਿੱਟਾ ਇਹ ਹੋਇਆ ਕਿ ਸੂਖਮ ਹਉਮੈ ਭਾਈ ਸਰਵਣ ਸਿੰਘ ਜੀ ਦੇ ਅੰਦਰ ਆ ਵੜੀ ਤੇ ਇਹ ਬੀਮਾਰੀ ਓਹਨਾਂ ਦੀ ਇਕ ਦਿਨ ਹੰਭਲਾ ਮਾਰ ਕੇ ਨਸ਼ਰ ਆ ਹੋਈ।

## ਅੰਬਾਲੇ ਛਾਉਣੀ ਦੇ ਗੁਰਦੁਆਰੇ

ਅੰਬਾਲੇ ਛਾਉਣੀ ਦੇ ਗੁਰਦੁਆਰੇ ਵਿਖੇ ਸ੍ਰੀ ਆਸਾ ਜੀ ਦੀ ਵਾਰ ਦਾ ਅਖੰਡ ਕੀਰਤਨ ਕਈ ਦਿਨ ਹੁੰਦਾ ਰਿਹਾ। ਇਕ ਦਿਨ ਕੀਰਤਨ ਵਿਚ ਭਾਈ ਸਰਵਣ ਸਿੰਘ ਜੀ ਨਾ ਆਏ। ਆਪਣੇ ਕੁਝ

ਸਾਥੀਆਂ ਨਾਲ ਉਤਾਰੇ ਵਾਲੀ ਥਾਂ ਦੇ ਸਿਖਰ ਛਤੇ ਲੰਮੇ ਪਏ ਰਹੇ। ਪਿਆਰਿਆਂ ਅਨਿੰਨ ਕੀਰਤਨੀਆਂ ਬਿਨਾਂ ਸਾਨੂੰ ਕੁਝ ਤਰੁਟੀ ਜਿਹੀ ਪ੍ਰਤੀਤ ਹੋਵੇ, ਸਾਡਾ ਜੀਅ ਨਾ ਲਗੇ। ਓੜਕ ਅਸੀਂ ਉਹਨਾਂ ਦੇ ਅਨਿੰਨ ਪਿਆਰੇ ਬਾਬੂ ਮੱਲ ਸਿੰਘ ਜੀ ਨੂੰ ਝੂਮ ਉਠਾਇਆ ਕੀਰਤਨ-ਮੰਡਲ ਵਿਚੋਂ, ਕਿ ਜਾਓ ਜਾ ਕੇ ਭਾਈ ਸਰਵਣ ਸਿੰਘ ਹੋਰਾਂ ਨੂੰ ਲੈ ਆਓ। ਬਾਬੂ ਮੱਲ ਸਿੰਘ ਜੀ ਨੇ ਲੰਮੇ ਪਏ ਸਰਵਣ ਸਿੰਘ ਹੋਰੀਂ ਜਾਂ ਹਲੂਣੇ ਅਤੇ ਆਖਿਆ, "ਸਾਰੀ ਸੰਗਤ ਯਾਦ ਕਰਦੀ ਹੈ, ਬੇਹਬਲਤਾ ਸਹਿਤ। ਸ੍ਰੀ ਆਸਾ ਜੀ ਦੀ ਵਾਰ ਦੇ ਕੀਰਤਨ ਹੋ ਰਹੇ ਹਨ। ਦੀਵਾਨ ਲਗਾ ਹੋਇਆ ਹੈ। ਦੀਵਾਨ ਵਿਚ ਤੁਹਾਨੂੰ ਹਾਜ਼ਰ ਨਾ ਦੇਖ ਕੇ ਬੜੀ ਹੈਰਾਨਗੀ ਭਰੀ ਬਿਹਬਲਤਾ ਹੋ ਰਹੀ ਹੈ।" ਅਗੋਂ ਆਖਣ ਲਗੇ ਭਾਈ ਸਰਵਣ ਸਿੰਘ ਜੀ, ਲੰਮੇ ਪਏ ਪਏ ਹੀ (ਅੱਖੀਆਂ ਮੀਟੀਆਂ ਮਿਟਾਈਆਂ), "ਸਾਡੇ ਤਾਂ ਅੰਦਰ ਹੀ ਆਸਾ ਜੀ ਦੀ ਵਾਰ ਲਗ ਰਹੀ ਹੈ।" ਹੈਰਾਨ ਪ੍ਰੇਸ਼ਾਨ ਹੋ ਕੇ, ਬੜੇ ਭੁਝੱਕੇ ਜਿਹੇ ਵਿਚ ਹੈਰਾਨ ਹੋ ਕੇ ਬਾਬੂ ਮੱਲ ਸਿੰਘ ਜੀ ਵਾਪਸ ਮੁੜ ਆਏ। ਓਹੀ ਗੱਲ ਆਖ ਸੁਣਾਈ, ਜੋ ਭਾਈ ਸਰਵਣ ਸਿੰਘ ਜੀ ਦੇ ਮੂੰਹੋਂ ਨਿਕਲੀ ਸੀ। ਅਸੀਂ ਫੇਰ ਦੂਜੀ ਵਾਰ ਬਾਬੂ ਮੱਲ ਸਿੰਘ ਜੀ ਅਤੇ ਭਾਈ ਪਿਆਰਾ ਸਿੰਘ ਜੀ ਦੋਹਾਂ ਨੂੰ ਭੇਜਿਆ। (ਭਾਈ ਪਿਆਰਾ ਸਿੰਘ ਜੀ ਨਾਲ ਤਾਂ ਓਹਨਾਂ ਦਾ ਬੜਾ ਹੀ ਸਤਿਕਾਰ ਭਰਿਆ ਪਿਆਰ ਸੀ) ਓਹਨਾਂ ਦੋਹਾਂ ਪਿਆਰਿਆਂ ਨੂੰ ਭੀ ਏਵੇਂ ਹੀ ਆਖਿਆ, "ਸਾਡੇ ਤਾਂ ਅੰਦਰ ਹੀ ਵਾਰ ਲਗੀ ਹੋਈ ਹੈ, ਅੰਦਰੇ ਹੀ ਦੀਵਾਨ ਲਗਾ ਹੋਇਆ ਹੈ।" ਤਿਸ ਪਰ ਬਾਬੂ ਮੱਲ ਸਿੰਘ ਜੀ ਹੋਰਾਂ ਨੇ ਸਵਾਲ ਕੀਤਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਬਿਨਾਂ ਦੀਵਾਨ ਕਾਹਦਾ? ਇਸ ਸਵਾਲ ਕਰਨ ਪਰ ਉਸਦੀ ਸੂਖਮ ਹਉਮੈ ਸਥੂਲ ਰੂਪ ਧਾਰਨ ਕਰਕੇ ਬਾਹਰ ਭੜਕ ਉਠੀ, ਜਿਸ ਦਾ ਮੁਜੱਸਮ ਸਰੂਪ ਹੋ ਕੇ ਹਉਮੈ-ਗ੍ਰਸਿਆ ਸਰਵਣ ਸਿੰਘ ਇਉਂ ਬਰੜਾ ਉਠਿਆ, ਪਰਤੱਖ ਬੋਲ ਉਠਿਆ, "ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕੀ ਲੋੜ ਹੈ?" ਦੋਹਾਂ ਵੀਰਾਂ ਨੇ ਮਿਲਵੀਂ ਬੋਲੀ ਵਿਚ ਆਖਿਆ ਕਿ ਤੁਸੀਂ ਫਲੇਵਾਲ ਆਪਣੀ ਕੁਟੀਆ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਦੇ ਹੋ ਅਤੇ ਆਖਿਆ ਕਰਦੇ ਹੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਕਰਕੇ ਇਹ ਕੁਟੀਆ, ਕੁਟੀਆ ਹੀ ਨਹੀਂ, ਬਲਕਿ ਗੁਰਦਵਾਰਾ ਹੈ। ਫੇਰ ਤਾਂ ਇਕ-ਦਮ ਵਾਹੀ ਤਬਾਹੀ ਬਕਵਾਸ ਕਰਨ ਲਗ ਪਿਆ। ਹਉਮੈ ਦਾ ਕਮਲਾ ਹੋਇਆ (ਕਮਲਾ ਕੀਤਾ ਹੋਇਆ) ਸਰਵਣ ਸਿੰਘ ਬੋਲ ਉਠਿਆ, "ਮੇਰੇ ਭਾ ਦਾ ਦੇਹੁਰਾ, ਮਸੀਤ ਤੇ ਗੁਰਦਵਾਰੇ ਇਕੋ ਜਿਹੇ ਹਨ। ਮੈਂ ਫਲੇਵਾਲ ਜਾ ਕੇ ਕੁਟੀਆ ਨੂੰ ਢਾਹ ਦੇਵਾਂਗਾ ਅਤੇ ਥੋਡੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਬਾਹਰ ਕਢ ਦਿਆਂਗਾ।"

ਅਜਿਹੇ ਊਲ ਜਲੂਲ ਹਉਮੈ ਜਨੂੰਨ ਭਰਿਆ ਬਕਵਾਸ ਸੁਣ ਕੇ ਬੜੀ ਨਫਰਤ ਖਾ ਕੇ ਦੋਈ ਸਜਣ ਵਾਪਸ ਦੀਵਾਨ ਵਿਚ ਆ ਗਏ। ਦੀਵਾਨ ਦੀ ਸਮਾਪਤੀ ਪਰ ਉਨ੍ਹਾਂ ਨੇ ਭਰੀ ਸੰਗਤ ਵਿਚ ਬਿਰਤਾਂਤ ਦਸਿਆ ਤਾਂ ਸਾਰੀ ਸੰਗਤ ਨੇ ਇਕ-ਜ਼ਬਾਨ ਹੋ ਕੇ ਉਚਰਿਆ ਕਿ ਜੋ ਕੁਛ ਉਸ ਨੇ ਬੋਲਿਆ ਹੈ, ਮਹਾਂ ਕੁਫ਼ਰ ਤੋਲਿਆ ਹੈ। ਸਰਵਣ ਸਿੰਘ ਤਾਂ ਹੁਣ ਫਿਟ ਨਿਕਲਿਆ ਹੈ। ਹਉਮੈ ਉਸ ਨੂੰ ਖਾ ਗਈ। ਉਸ ਨੂੰ ਬਚਾਉਣ ਦਾ ਇਕੋ ਇਕ ਇਲਾਜ ਇਹ ਹੈ ਕਿ ਉਸ ਨੂੰ ਜਥੇ ਵਲੋਂ ਛੇਕਿਆ ਜਾਵੇ। ਮੁਕੰਮਲ ਬਾਈਕਾਟ ਉਸ ਦਾ ਕੀਤਾ ਜਾਵੇ। ਜਥੇ ਦਾ ਕੋਈ ਸਿੰਘ ਉਸ ਨਾਲ ਤੁਅੱਲਕ ਨਾ ਰਖੇ।

ਗੁਰਮਤਾ ਪਾਸ ਹੋ ਗਿਆ। ਟੀਸੀ-ਚੜ੍ਹੇ ਸਰਵਣ ਸਿੰਘ ਨੂੰ ਧੜੰਮ ਹੇਠਾਂ ਸੱਟਿਆ ਦੇਖਣਾ ਪਿਆ। ਸਭ ਸਜਣਾਂ ਨੇ ਉਹਨਾਂ ਦਾ ਮੁਕੰਮਲ ਬਾਈਕਾਟ ਕਰ ਦਿਤਾ। ਪਤਾ ਲਗਾ ਕਿ ਉਸ ਨਾਲ ਇਕ ਦੋ ਸੱਜਣ ਲੁਕਵਾਂ ਛਿਪਵਾਂ ਤੁਅੱਲਕ ਰਖਦੇ ਹਨ, ਉਨ੍ਹਾਂ ਦੇ ਨਾਲ ਉਸ ਦਾ ਬਹੁਤਾ ਪਿਆਰ ਸੀ। ਉਨ੍ਹਾਂ ਦੋਹਾਂ ਸੱਜਣਾਂ ਨੂੰ ਸੰਗਤ ਵਿਚ ਬੁਲਾ ਕੇ ਤਾੜਨਾ ਕੀਤੀ ਗਈ ਕਿ ਜਾਂ ਤਾਂ ਸੰਗਤ ਦਾ ਹੁਕਮ ਮੰਨੋ, ਛੇਕੇ ਹੋਏ ਸਰਵਣ ਸਿੰਘ ਨਾਲੋਂ ਤੁਅੱਲਕ ਤੋੜੋ, ਨਹੀਂ ਤਾਂ ਤੁਹਾਨੂੰ ਦੋਹਾਂ ਨੂੰ ਛੇਕਿਆ ਜਾਵੇਗਾ, ਉਨ੍ਹਾਂ ਦੋਹਾਂ ਨੇ ਸੰਗਤਾਂ ਦੀ ਆਗਿਆ ਮੰਨ ਕੇ ਛੇਕੇ ਹੋਏ ਸਰਵਣ ਸਿੰਘ ਦਾ ਸਾਥ ਛੱਡ ਦਿੱਤਾ।

ਫੇਰ ਤਾਂ ਦਿਨਾਂ ਵਿਚ ਹੀ ਉਸ ਦੀ ਹਉਮੈ ਦਾ ਅੜਾਟ ਨਿਕਲ ਗਿਆ, ਕੱਲ-ਮ-ਕੱਲਾ ਰਹਿ ਗਿਆ ਸਮਝ ਕੇ ਉਸ ਦੀਆਂ ਅੱਖਾਂ ਖੁਲ੍ਹ ਗਈਆਂ। ਸੰਗਤ ਦੀ ਸ਼ਰਨੀ ਆ ਪਿਆ। ਹਰੇਕ ਸਮਾਗਮ ਵਿਚ ਆਵੇ ਤੇ ਜੋੜਿਆਂ ਵਿਚ ਲੇਟਿਆ ਰਹੇ ਧੁੱਪ ਵਿਚ ਭੁਜਦਾ ਰਹੇ। ਮਹੀਨਾ ਭਰ ਤਲਮਲਾਉਂਦਾ ਰਿਹਾ, ਕਿਸੇ ਨੇ ਉਸ ਦਾ ਖ਼ਿਆਲ ਹੀ ਨਹੀਂ ਕੀਤਾ। ਓੜਕ ਡਡਿਆ ਉਠਿਆ, ਦੁਹਾਈ ਦਿਤੀ ਕਿ ਮੇਰੀ ਬਾਹੁੜੀ ਕਰੋ, ਜੋ ਤਨਖ਼ਾਹ ਲਾਉਣੀ ਹੈ, ਸੰਗਤ ਲਾ ਦੇਵੇ, ਪਰ ਮੈਨੂੰ ਬਖ਼ਸ਼ ਲਵੇ। ਸਾਰੀ ਸੰਗਤ ਨੇ ਸਰਬ ਸੰਮਤੀ ਨਾਲ ਹੁਕਮ ਦਿਤਾ ਕਿ ਸਰਵਣ ਸਿੰਘ ਮੂੰਹ ਕਾਲਾ ਕਰ ਕੇ, ਛਿੱਤਰਾਂ ਦੀ ਮਾਲਾ ਗਲ ਵਿਚ ਪਾ ਕੇ ਗਧੇ ਤੇ ਚੜ੍ਹੇ। ਪੰਜਾਂ ਪਿੰਡਾਂ ਵਿਚ ਏਵੇਂ ਫਿਰੇ ਤੇ ਪੁਕਾਰ ਪੁਕਾਰ ਕੇ ਦਸਦਾ ਫਿਰੇ ਕਿ ਆਹ ਅਵੱਗਿਆ ਮੇਰੇ ਪਾਸੋਂ ਹੋਈ, ਜਿਸ ਕਾਰਨ ਇਹ ਤਨਖ਼ਾਹ ਸੰਗਤ ਵਲੋਂ ਲਾਈ ਗਈ। ਤਦ ਬਖ਼ਸ਼ਿਆ ਜਾ ਸਕਦਾ ਹੈ, ਐਵੇਂ ਨਹੀਂ। ਉਸ ਨੇ ਇਹ ਤਨਖ਼ਾਹ ਖ਼ੁਸ਼ੀ ਖ਼ੁਸ਼ੀ ਕਬੂਲ ਕੀਤੀ। ਉਸ ਦੇ ਪੂਰਬਲੇ ਚੰਗੇ ਅੰਕੂਰ ਜਾਗ ਆਏ, ਉਸ ਨੇ ਸੰਗਤ ਦਾ ਹੁਕਮ ਮੰਨ ਕੇ ਤਨਖ਼ਾਹ ਪੂਰੀ ਇਸ ਤਰ੍ਹਾਂ ਕੀਤੀ:

ਫਲੇਵਾਲ ਜਾ ਕੇ ਘੁਮਾਰਾਂ ਤੋਂ ਗਧਾ ਲਿਆ ਤੇ ਤਵੇ ਦੀ ਕਾਲਖ ਨਾਲ ਤੇਲ ਰਲਾ ਕੇ ਮੂੰਹ ਕਾਲਾ ਕੀਤਾ, ਗਲ ਵਿਚ ਛਿਤਰਾਂ ਦੀ ਮਾਲਾ ਪਾਈ ਤੇ ਗਧੇ ਤੇ ਸਵਾਰ ਹੋ ਗਿਆ। ਇਸ ਤਰ੍ਹਾਂ ਉਹ ਫਲੇਵਾਲ, ਗੁਜਰਵਾਲ, ਨਾਰੰਗਵਾਲ, ਲੋਹਗੜ੍ਹ ਅਤੇ ਮਹਿਮਾ ਸਿੰਘ ਵਾਲਾ, ਪੰਜਾਂ ਪਿੰਡਾਂ ਵਿਚ ਗਧੇ ਤੇ ਚੜ੍ਹਿਆ ਚੜ੍ਹਾਇਆ ਫਿਰਿਆ। ਉਹ ਕੁਲ ਦੀ ਕਾਣ-ਕਣੌਡ ਛਡ ਕੇ ਆਪਣੀ ਅਵੱਗਿਆ ਆਪਣੇ ਮੂੰਹੋਂ ਥਾਂ ਥਾਂ ਖੜਾ ਹੋ ਕੇ ਦਸਦਾ ਰਿਹਾ। ਜਦ ਨਾਰੰਗਵਾਲ ਆਇਆ ਤਾਂ ਸਾਡੇ ਗ੍ਰਿਹਿ ਵਿਖੇ ਜਥੇ ਦਾ ਇਕੱਠ ਸੀ ਤੇ ਦੀਵਾਨ ਸਜਿਆ ਹੋਇਆ ਸੀ। ਸਾਡੀ ਮਾਤਾ ਨੇ ਹੰਝੂਆਂ ਨਾਲ ਪੁਲਕ੍ਰਿਤ ਹੋ ਕੇ ਤੇ ਗਲਵਕੜੀ ਪਾ ਕੇ ਉਸ ਨੂੰ ਗਧੇ ਤੋਂ ਉਤਾਰਿਆ ਤੇ ਭਰੇ ਦੀਵਾਨ ਵਿਚ ਸੰਗਤ ਦੇ ਆਣ ਪੇਸ਼ ਕੀਤਾ। ਸਾਰੀ ਸੰਗਤ ਦੇਖ ਕੇ ਦ੍ਰਵੀ-ਭੂਤ ਹੋ ਗਈ। ਦਾਸ ਨੂੰ ਹੁਕਮ ਹੋਇਆ ਕਿ ਇਸ ਦੀ ਕਾਲਖ ਲਾਹ ਕੇ ਮੁੜ ਸੰਗਤ ਵਿਚ ਬਿਠਾਵੇ। ਮਸਾਂ ਇਕ ਘੰਟੇ ਵਿਚ ਕਾਲਖ ਲੱਥੀ, ਪਰਮ ਨਿਰਮਲ ਚੇਹਰਾ ਹੋ ਗਿਆ। ਚੇਹਰੇ ਤੇ ਉਹ ਰੱਬੀ ਜਲਾਲ ਆਇਆ, ਜਿਸ ਦਾ ਜਮਾਲ ਕਿਸੇ ਤੋਂ ਝਲਿਆ ਨਾ ਜਾਵੇ। ਕਮਾਲ ਦੀ ਗਰੀਬੀ ਅਜ ਭਾਈ ਸਰਵਣ ਸਿੰਘ ਜੀ ਦੇ ਰਗੋ ਰੇਸ਼ੇ ਵਿਚ ਛਾ ਗਈ, ਸਿੱਖੀ ਸਿਦਕ ਦੇ ਜਾਹੋ ਜਲਾਲ ਵਾਲੇ ਕਮਾਲ ਵਿਚ ਸਾਵਧਾਨ ਹੋਇਆ।

ਬਿਬੇਕ ਸਰਬ ਲੋਹ ਦੀ ਰਹਿਤ ਰਹਿਣੀ ਵਿਚ ਸਾਵਧਾਨ ਹੁੰਦਾ ਹੋਇਆ, ਰਹਿੰਦੀ ਆਯੂ ਬਤੀਤ ਕਰਨ ਲਗਾ। ਅਗੇ ਨਾਲੋਂ ਭੀ ਦਸ ਗੁਣੀ ਕਾਰ ਸੁਕ੍ਰਿਤ ਕਰਣੀ ਗੁਰੂ ਘਰ ਦੀ ਕਮਾਵਣ ਲੱਗਾ। ਅਗੇ ਨਾਲੋਂ ਭੀ ਸੌ ਗੁਣਾ ਵਧੇਰੇ ਸਤਿਕਾਰ ਭਾਈ ਸਰਵਣ ਸਿੰਘ ਜੀ ਦਾ ਸੰਗਤ ਵਿਚ ਹੋਣ ਲਗਾ, ਪਰੰਤੂ ਅਤਿ ਦਰਜੇ ਦੀ ਨਿਮ੍ਰਤਾ ਵਿਚ ਲੀਨ ਹੋ ਕੇ ਅਜਰ ਨੂੰ ਜਰਨ ਵਾਲੀ ਅਤੇ ਉਚ ਆਤਮ-ਅਵਸਥਾ ਨੂੰ ਪ੍ਰਾਪਤ ਹੁੰਦੇ ਹੋਏ ਹਰਿ-ਰੰਗ-ਰੰਗੀ-ਜੀਵਨੀ ਬਤੀਤ ਕਰਨ ਲਗਾ। ਇਤਨੇ ਨੂੰ ਹੁਕਮ ਅੰਦਰ ਜੇਲ੍ਹ-ਯਾਤਰਾ ਭੁਗਤਣ ਲਈ ਅਸੀਂ ਉਮਰ-ਕੈਦ ਹੋ ਕੇ ਜੇਲ੍ਹਾਂ ਵਿਚ ਚਲੇ ਗਏ, ਸਾਡੇ ਪਿਛੋਂ ਹੀ ਸਾਡੇ ਪਰਮ ਪਿਆਰੇ ਵੀਰ ਭਾਈ ਸਰਵਣ ਸਿੰਘ ਗੁਰਪੁਰੀ ਪਧਾਰ ਗਏ। ਕੁਛ ਪਤਾ ਨਹੀਂ ਕਿਵੇਂ ਪਧਾਰੇ ਤੇ ਕਿਵੇਂ ਚੜ੍ਹਾਈਆਂ ਹੋਈਆਂ। ਵੰਨਗੀ ਮਾਤਰ ਪ੍ਰੇਮ-ਯਾਦ ਵਿਚ ਇਤਨੀ ਕੁ ਪ੍ਰੇਮ-ਵਾਰਤਾ ਭਾਈ ਸਰਵਣ ਸਿੰਘ ਜੀ ਦੀ ਅੰਕਤ ਕੀਤੀ ਗਈ ਹੈ।

## ਬਾਬਾ ਰਾਮ ਸਿੰਘ ਅਤੇ ਮਾਈ ਪ੍ਰੇਮ ਕੌਰ ਜੀ ਫੱਲੇਵਾਲ (ਲੁਧਿਆਣਾ)

ਇਹ ਦੋਵੇਂ ਗੁਰਮੁਖ ਪਿਆਰੜੀਆਂ ਰੂਹੜੀਆਂ ਜਿੰਦਾਂ ਪਿੰਡ ਫੱਲੇਵਾਲ ਦੇ ਵਸਨੀਕ ਸਨ, ਜੋ ਨਾਰੰਗਵਾਲ ਤੋਂ ਤਿੰਨ ਮੀਲ ਦੇ ਫਾਸਲੇ ਤੇ ਦੱਖਣ ਵਲ ਹੈ। ਸਿਰੀ ਬਾਬਾ ਰਾਮ ਸਿੰਘ ਜੀ ਫੌਜ ਵਿਚ ਮੁਲਾਜ਼ਮ ਸਨ। 33 ਸਾਲ ਦੀ ਉਮਰ ਵਿਚ ਹੀ ਮੁਲਾਜ਼ਮਤ ਛੱਡ ਆਏ। ਉਹਨਾਂ ਨੂੰ ਮੁਢ ਤੋਂ ਹੀ ਪ੍ਰਮਾਰਥ ਦਾ ਪ੍ਰੇਮ-ਵੈਰਾਗ ਬੜੀ ਪ੍ਰਬਲ ਦਸ਼ਾ ਵਿਚ ਰਹਿੰਦਾ ਸੀ। ਚਿਰ ਤੋਂ ਇਨ੍ਹਾਂ ਦਾ ਖ਼ਿਆਲ ਸੀ ਕਿ ਕਿਸੇ ਨਾਮ ਬਾਣੀ ਦੇ ਰਸੀਏ, ਗੁਰਮੁਖ ਪੰਜਾਂ ਪਿਆਰਿਆਂ ਦੇ ਜੱਥੇ ਤੋਂ, ਜੋ ਗੁਰਮਤਿ ਰਹਿਣੀ ਬਹਿਣੀ ਦੇ ਪੂਰੇ ਸੂਰੇ ਹੋਣ, ਅੰਮ੍ਰਿਤ ਪਾਨ ਕੀਤਾ ਜਾਵੇ ਅਤੇ ਗੁਰਮੰਤ੍ਰ ਗੁਰਦੀਖਿਆ ਲੈ ਕੇ ਨਾਮ ਅਭਿਆਸ ਵਿਚ ਹਮਾਤਨ ਹੋ ਕੇ ਜੁਟਿਆ ਜਾਵੇ। ਮੁਲਾਜ਼ਮਤ ਛੱਡਣ ਤੋਂ ਕੁਛ ਦਿਨ ਪਹਿਲਾਂ ਇਨ੍ਹਾਂ ਨੂੰ ਸੁਪਨ-ਸਾਰਖਾ ਚਮਤਕਾਰ (VISION) ਹੋਇਆ ਕਿ "ਜਿਸ ਲੋਚਾ ਨੂੰ ਤੁਸੀਂ ਲੋਚਦੇ ਹੋ, ਉਹ ਤੁਹਾਡੀ ਲੋਚਾ (ਇੱਛਾ) ਨਿਰਬਾਣ ਕੀਰਤਨੀ, ਨਾਮ ਅਭਿਆਸੀ ਜਥੇ ਵਿਚ ਪੂਰੀ ਹੋਵੇਗੀ। ਉਥੇ ਖ਼ੂਬ ਗਹਿਗਹੇ ਰੰਗ ਚੜ੍ਹਨਗੇ। ਓਥੇ ਜਾਓ! ਖ਼ੂਬ ਸੇਵ ਕਮਾਓ!! ਜਥੇ ਵਿਚ ਰਲ ਕੇ ਘੁਲ ਮਿਲ ਘਿੱਚ ਹੋ ਜਾਓ।"

ਸਿਰੀ ਬਾਬਾ ਰਾਮ ਸਿੰਘ ਜੀ ਨੂੰ ਇਸ ਚਮਤਕਾਰ ਖੇਡ ਦਾ ਵਰਤਣਾ ਹੀ ਸੀ ਕਿ ਇਹ ਫੌਰਨ ਸਰਕਾਰੀ ਨੌਕਰੀ ਨੂੰ ਤਲਾਂਜਲੀ ਦੇ ਕੇ ਘਰ ਆ ਗਏ। ਘਰ ਵੀ ਇਹ ਪਿੰਡ ਵਿਚ ਗੁਜ਼ਾਰੇ ਜੋਗੀ ਜ਼ਮੀਨ ਦੇ ਮਾਲਕ ਸਨ। ਇਨ੍ਹਾਂ ਦੀ ਇਕੋ ਇਕ ਪਤਨੀ ਹੀ ਇਨ੍ਹਾਂ ਦਾ ਪਰਵਾਰ ਸੀ। ਪਤਨੀ ਬੜੀ ਆਗਿਆਕਾਰ ਸੀ। ਦੋਵਾਂ ਨੇ ਪ੍ਰਸਪਰ ਸਹਿਮਤ ਹੋ ਕੇ ਜਹਾਜ਼ੇ ਚੜ੍ਹਨਾ ਮਿਥ ਲਿਆ। ਸੋ ਸ਼ੁਭ ਅਵਸਰ ਜੁੜਨ ਪਰ, ਇਨ੍ਹਾਂ ਦੋਹਾਂ ਨੇ ਖੰਡੇ ਦਾ ਅੰਮ੍ਰਿਤ ਛਕ ਲਿਆ। ਸਿਰੀ ਬਾਬਾ ਰਾਮ ਸਿੰਘ ਦਾ ਨਾਉਂ ਤਾਂ ਪਹਿਲਾਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਰਖਿਆ ਹੋਇਆ ਸੀ, ਇਸ ਲਈ ਇਨ੍ਹਾਂ ਦਾ ਨਾਉਂ ਇਹੀ ਰਹਿਆ। ਇਨ੍ਹਾਂ ਦੀ ਪਤਨੀ ਦਾ ਨਾਉਂ ਮਾਈ ਪ੍ਰੇਮ ਕੌਰ ਹੋ ਗਿਆ। ਫੇਰ ਆਯੂ ਪਰਜੰਤ ਮਾਈ ਪ੍ਰੇਮ

ਕੌਰ ਨਾਮ ਨਾਲ ਪ੍ਰਸਿੱਧ ਰਹੇ। ਜੱਥੇ ਦੇ ਅਸੂਲਾਂ ਅਨੁਸਾਰ ਇਨ੍ਹਾਂ ਦੇ ਫੇਰੇ ਘੇਰੇ ਉਧੇੜ ਕੇ ਗੁਰਮਤਿ ਅਨੁਸਾਰ ਪੁਨਰ ਆਨੰਦ-ਵਿਵਾਹ ਦੋਹਾਂ ਦਾ ਕੀਤਾ ਗਿਆ। ਇਸ ਸਮੇਂ ਤੋਂ ਲੈ ਕੇ ਇਹ ਦੰਪਤਿ ਜੋੜੀ, ਸੰਗਤਾਂ ਦੀ ਸੇਵਾ-ਭਾਵ ਆਨੰਦ ਵਿਚ ਸਦੀਵੀ ਹੀ ਤਤਪਰ ਰਹੀ। ਨਾਮ ਜਪਣ, ਹੱਥੀਂ ਸੇਵਾ ਕਰਨ, ਵੰਡ ਛਕਣ, ਲੰਗਰ ਚਲਾਵਣ ਵਿਚ ਇਹ ਜੋੜੀ ਆਪਣੀ ਮਿਸਾਲ ਆਪ ਹੀ ਸਨ। ਦੋਹਾਂ ਦਾ ਸ਼ਾਂਤ-ਸਤੋ-ਗੁਣੀ ਸੁਭਾਵ, ਸਤ ਸੰਤੋਖ ਵਿਚ ਨਿਪੁੰਨ, ਪੂਰੀ ਭਾਉ ਭਾਵਨੀ ਸਹਿਤ ਸੰਗਤਾਂ ਦੀ ਹਥੀਂ ਸੇਵਾ ਕਰਨ ਵਿਚ ਆਯੂ ਪ੍ਰਜੰਤ ਜੁਟੇ ਰਹੇ। ਕਦੇ ਅੱਕਣ ਨਹੀਂ, ਕਦੇ ਥੱਕਣ ਨਹੀਂ, ਸੀਲ ਸੁਭਾਵ ਐਸਾ ਕਿ ਸਭਨਾਂ ਦੇ ਬੋਲ ਕੁਬੋਲ ਝਲਣੇ, ਅਗੋਂ ਉਫ਼ ਨਹੀਂ ਕਰਨੀ। ਬਰਸਾਂ ਬੱਧੀ ਅਖੰਡ ਪਾਠ ਸਮਾਗਮਾਂ ਤੇ ਅਤੁੱਟ ਲੰਗਰ ਸਜਾਉਣਾ, ਵਰਤਾਉਣਾ, ਸੰਗਤਾਂ ਨੂੰ ਛਕਾਉਣਾ ਇਨ੍ਹਾਂ ਦਾ ਪ੍ਰੇਮ-ਭੂਸ਼ਨੀ-ਆਹਰ ਰਿਹਾ। ਕਦੇ ਵੀ ਲੰਗਰ ਵਿਚ ਤੋਟ ਨਾ ਆਈ, ਚਾਹੇ ਕਿਤਨੀਆਂ ਸੰਗਤਾਂ ਫ਼ੌਜਾਂ ਆ ਕੇ ਗਫੇ ਲਾਵਣ। ਇਨ੍ਹਾਂ ਦੇ ਨਿਮਰੀ ਸੁਭਾ ਦਾ ਸਦਕਾ ਛਕਣਹਾਰਿਆਂ ਦੇ ਅੰਦਰ ਇਕ ਆਕਰਸ਼ਣ ਸ਼ਕਤੀ ਨਾਲ ਨਿਮ੍ਰਤਾ ਪ੍ਰਵੇਸ਼ ਹੋ ਜਾਂਦੀ ਸੀ। ਅੰਮ੍ਰਿਤ ਬਚਨ ਵਾਲਿਆਂ ਦੇ ਹੱਥੋਂ ਅੰਮ੍ਰਿਤ ਭੋਜਨ ਛਕਣ ਦਾ ਅੰਮ੍ਰਿਤੀ ਪ੍ਰਭਾਵ ਹੀ ਪ੍ਰਭਾਵਤ ਹੁੰਦਾ ਰਿਹਾ। ਇਕ ਛਿਨ ਵੀ ਇਨ੍ਹਾਂ ਦੀ ਨਾਮ ਅਭਿਆਸ ਸਿਮਰਨ ਤੋਂ ਖ਼ਾਲੀ ਨਹੀਂ ਜਾਂਦੀ ਸੀ। ਲੰਗਰ ਦੀ ਸੇਵਾ ਨਿਭਾਉਂਦੇ ਹੋਏ, ਨਾਲ ਨਾਲ ਨਾਮ ਦਾ ਖੰਡਾ ਵੀ ਖੜਕਾਉਂਦੇ ਰਹਿੰਦੇ ਸਨ। ਕਈ ਸਮੇਂ ਐਸੇ ਦੇਖੇ ਗਏ ਕਿ ਲੰਗਰ ਵਿਚ ਬੈਠੇ ਬਿਠਾਇਆਂ ਇਨ੍ਹਾਂ ਦੇ ਸਮਾਧ-ਸਥਿਤ ਹੋ ਜਾਣਾ। ਹਮੇਸ਼ਾ ਖ਼ਾਸ ਖ਼ਿਆਲ ਰੱਖ ਕੇ ਅਖੰਡ ਪਾਠ ਅਤੇ ਅਖੰਡ-ਕੀਰਤਨ-ਮੰਡਲ ਦੇ ਨਿਕਟ ਹੀ ਇਨ੍ਹਾਂ ਦਾ ਲੰਗਰ-ਅਸਥਾਨ ਹੋਇਆ ਕਰਦਾ ਸੀ। ਅੰਮ੍ਰਿਤ ਬਾਣੀ ਸੇਵਾ ਕਰਦਿਆਂ ਹੋਇਆਂ ਇਨ੍ਹਾਂ ਦੀ ਕੰਨੀਂ ਪੈਂਦੀ ਰਹਿਣੀ, ਜਿਸ ਕਰਕੇ ਅੰਮ੍ਰਿਤ-ਕਲਾ ਐਸੀ ਵਰਤਣੀ ਕਿ ਇਨ੍ਹਾਂ ਦੇ ਅੰਮ੍ਰਿਤ ਬੁਰੱਕੜੇ ਨੂਰਾਨੀ ਚੇਹਰੇ ਤਕ ਤਕ ਹੀ ਦ੍ਰਿਸ਼ਟੇ ਜਨਾਂ ਦੀ ਰੁਮਾਵਲੀ ਅੰਦਰ ਜੀਵਨ-ਅਨੰਦ ਦੀ ਲਹਿਰ ਫਿਰ ਜਾਂਦੀ ਸੀ। ਵਾਧਾ ਇਹ ਕਿ ਇਹ "ਏਕ ਜੋਤਿ ਦੁਇ ਮੂਰਤੀ"* ਵਾਲੀ ਧੰਨ-ਪਿਰੀ ਜੋੜੀ ਅਖਰਾਂ ਵਲੋਂ ਅਨਪੜ੍ਹ ਹੀ ਸੀ, ਗੁਰਬਾਣੀ ਦਾ ਪਾਠ ਗੁਟਕੇ ਤੋਂ ਵੀ ਨਹੀਂ ਕਰ ਸਕਦੇ ਸੀ। ਪ੍ਰੰਤੂ:

ਜੋ ਪ੍ਰਾਣੀ ਗੋਵਿੰਦੁ ਧਿਆਵੈ ॥
ਪੜਿਆ ਅਣਪੜਿਆ ਪਰਮ ਗਤਿ ਪਾਵੈ ॥ ੧ ॥**

ਗੁਰਵਾਕ ਦੇ ਭਾਵ ਅਨੁਸਾਰ, ਅਨਪੜ੍ਹ-ਪੜ੍ਹਿਆਂ ਦੀ ਇਹ ਨਾਮ ਅਭਿਆਸੀ ਜੋੜੀ ਅਨੇਕਾਂ ਪੜ੍ਹਿਆਂ ਨਾਲੋਂ ਅਧਿਕ ਗੁਰ-ਗੰਮਿਤ ਤੱਤ ਵਾਲਾ ਆਤਮ-ਪਰਮਾਤਮੀ ਗਿਆਨ ਰਖਦੀ ਸੀ, ਹਰ ਵਕਤ ਹੀ ਮਗਨ-ਅਨੰਦ ਰਹਿਣਾ, ਜਿਸ ਕਿਸੇ ਨੇ ਲੰਗਰ ਦੇ ਵਿਚ ਆ ਕੇ ਇਨ੍ਹਾਂ ਦੇ ਪਾਸੋਂ ਕਾਈ ਸ਼ੈ ਤਲਬ ਕਰਨੀ, ਇਨ੍ਹਾਂ ਨੇ ਬੜੀ ਮਿੱਠੀ ਧੁਨੀ ਵਿਚ ਸਵੀਕਾਰਤਾ ਸਹਿਤ ਆਗਿਆ ਪਾਲਨ ਕਰਨੀ, ਐਸਾ ਸਬਰ ਸੰਤੋਖ ਅਤੇ ਸਹਿਨ-ਸ਼ੀਲਤਾ ਵਾਲਾ ਗੁਣ ਵਿਰਲੇ ਗੁਰਸਿੱਖਾਂ ਵਿਚ ਹੀ ਅਜ ਤਾਈਂ ਦੇਖਨ ਵਿਚ ਆਇਆ ਹੈ। ਘਰ ਦੀ ਕਮਾਈ, ਖੇਤੀ ਬਾੜੀ ਸਭ ਜੋਖੋਂ, ਇਨ੍ਹਾਂ ਨੇ ਸੁਲੇਖੇ (ਗੁਰੂ ਲੇਖੇ) ਲਾ

*ਮ: ੩, ਵਾਰ ਸੂਹੀ, ਪੰਨਾ ੭੮੮ **ਗਉੜੀ ਮ: ੫, ਪੰਨਾ ੧੯੭

ਕੇ ਸੰਗਤਾਂ ਨੂੰ ਸਮਰਪਨ ਕਰ ਦੇਣੀ। ਇਨ੍ਹਾਂ ਨੂੰ ਸਤਿਗੁਰੂ ਨੇ ਇਕ ਐਸੀ ਲਵੇਰੀ ਗਊ ਬਖ਼ਸ਼ੀ ਹੋਈ ਸੀ ਜਿਸ ਨੇ ਸਾਰਾ ਸਾਲ ਸਮੁੰਦਰ (ਦੁੱਧ) ਦੇਂਦੇ ਰਹਿਣਾ; ਜਦੋਂ ਚਾਹੋ ਅਤੇ ਜਿਸ ਵੇਲੇ ਲੋੜ ਪਵੇ ਧਾਰ ਚੋ ਲੈਣੀ, ਚਾਹੇ ਅੱਧੀ ਰਾਤ ਗਈ ਤੇ ਘਰ ਪ੍ਰਾਹੁਣੇ ਆ ਜਾਣ ਓਦੋਂ ਹੀ ਇਸ ਗਊ ਨੇ ਮਿਲ ਪੈਣਾ ਅਤੇ ਦੁੱਧ ਦੇ ਦੇਣਾ। ਇਸ ਗਊ ਦਾ ਨਾਉਂ ਅਸੀਂ ਸਾਰਿਆਂ ਜਥੇ ਵਾਲਿਆਂ 'ਸੁਰਾ ਗਊ' ਰਖਿਆ ਹੋਇਆ ਸੀ। ਨਾਮ ਜਪਦੇ ਜਪਦੇ ਮਾੜੀਆਂ ਜਿਹੀਆਂ-ਕਣੀਆਂ ਪੈਣ ਤੇ ਹੀ ਆਪਣੀ (ਧਰਤੀ ਵਿਚ) ਜਿਸ ਫ਼ਸਲ ਦਾ ਬੀਜ ਬੋਣਾ, ਨਾਲ ਦੇ ਖੇਤਾਂ ਵਾਲਿਆਂ ਨਾਲੋਂ ਦੂਗਣਾ ਚੌਗਣਾ ਹੋ ਕੇ ਉਗਣਾ, ਐਸੀ ਬਰਕਤ ਸੀ-ਇਨ੍ਹਾਂ ਦੀ ਕਮਾਈ ਵਿਚ। ਇਨ੍ਹਾਂ ਦੀ ਖੇਤੀ-ਬਾੜੀ ਤੋਂ ਉਗਵੇ ਹੋਏ ਸਾਬਤ ਮਾਂਹ ਸੰਗਤ ਵਿਚ ਮਸ਼ਹੂਰ ਸਨ। ਸਾਬਤੇ ਮਾਂਹ ਦਾ ਦਾਲਾ ਸਰਬ ਲੋਹ ਦੇ ਕੜਾਹਿਆਂ ਵਿਚ ਰਿੰਨ੍ਹ ਕੇ ਨਾਮ ਅਭਿਆਸੀ ਸੁਰਤੀ ਬਿਰਤੀ ਨਾਲ ਰਿੰਨ੍ਹ ਕੇ ਤਿਆਰ ਕਰ ਕੇ ਸੰਗਤਾਂ ਨੂੰ ਪ੍ਰਸ਼ਾਦੇ ਨਾਲ ਛਕਾਉਣਾ, ਦਾਲਾ ਮੂੰਹੋਂ ਨਾ ਲਹਿਣਾ। ਬੜਾ ਹੀ ਸਵਾਦਲਾ, ਰਸ ਬਿਸਮਾਦ ਚਖਾਉਣਾ ਇਹ ਮਾਂਹ ਦਾ ਦਾਲਾ ਹੋਇਆ ਕਰਦਾ ਸੀ। ਰੱਜ ਰੱਜ ਕੇ ਸੰਗਤਾਂ ਨੇ ਛਕਣਾ, ਕਦੇ ਤੋਟ ਨਾ ਆਉਣੀ, ਚਾਹੇ ਪੂਰਾਂ ਦੇ ਪੂਰ ਸੰਗਤਾਂ ਦੇ ਆ ਜਾਣ।

ਮਾਈ ਪ੍ਰੇਮ ਕੌਰ ਜੀ ਤਾ ਸਧਾਰਨ ਬਿਰਤੀ ਵਾਲੀ, ਐਸੀ ਨਾਮ ਅਭਿਆਸਣੀ ਗੁਰਮੁਖ ਮਾਈ ਸੀ ਕਿ ਲਗਾਤਾਰ ਇਸ ਬਿਧ ਸੇਵਾ ਨਿਬਾਹੁੰਦਿਆਂ ਨਿਬਾਹੁੰਦਿਆਂ ਇਸ ਮਾਈ ਜੀ ਨੂੰ ਆਗਮ ਨਿਗਮ ਦੀ ਸੋਝੀ ਹੋ ਗਈ ਸੀ। ਉਹ ਅਸਾਨੂੰ ਇਸ ਤਰ੍ਹਾਂ ਪਤਾ ਲਗਾ ਕਿ ਅਸੀਂ ਜਦੋਂ ਭੀ, ਜਿਸ ਦਿਨ ਨਾਰੰਗਵਾਲ ਤੋਂ ਫੱਲੇਵਾਲ ਜਾਣਾ, ਚਾਹੇ ਕਿਸੇ ਵੇਲੇ ਜਾਈਏ, ਅਗੋਂ ਮਾਈ ਜੀ ਨੇ ਸਾਡੇ ਛਕਣ ਲਈ ਲੱਸੀ ਅਤੇ ਮਿਸੇ ਪ੍ਰਸ਼ਾਦੇ ਤਿਆਰ ਕਰ ਦੇਣੇ। ਇਸੇ ਪ੍ਰਕਾਰ ਅਨੇਕਾਂ ਵਾਰ ਐਸਾ ਹੀ ਹੋਇਆ! ਇਕ ਵਾਰ ਅਸੀਂ ਪ੍ਰੇਮ ਗੁਫ਼ਤਾਰ ਕਰਦੇ ਕਰਦੇ ਮਾਈ ਜੀ ਤੋਂ ਪੁਛ ਬੈਠੇ ਕਿ ਜਦੋਂ ਵੀ ਅਸੀਂ ਏਥੇ ਆਉਂਦੇ ਹਾਂ, ਚਾਹੇ ਕਿਸੇ ਵੇਲੇ ਆਈਏ, ਤੁਸੀਂ ਸਾਡੇ ਆਇਆ ਨੂੰ ਸੱਜਰਾ ਆਹਾਰ ਰੱਖਦੇ ਹੋ, ਤੁਹਾਨੂੰ ਇਹ ਕਿਵੇਂ ਪਤਾ ਲਗਦਾ ਹੈ। ਤਾਂ ਮਾਈ ਜੀ ਨੇ ਹਸਦੇ ਹਸਦੇ ਭਾਈ ਸਰਵਣ ਸਿੰਘ ਜੀ ਦੇ ਉਪਰ ਗੱਲ ਟਾਲ ਦਿਤੀ ਅਤੇ ਉਨ੍ਹਾਂ ਦੇ ਹੀ ਮੱਥੇ ਮੜ੍ਹ ਦਿਤੀ। (ਭਾਈ ਸਰਵਣ ਸਿੰਘ ਜੀ ਪਾਸ ਹੀ ਬੈਠੇ ਸਨ)। ਮਾਈ ਕਹਿਣ ਲੱਗੀ, "ਬਾਈ, ਮੈਨੂੰ ਤਾਂ ਸਰਵਣ ਸਿੰਘ ਹੀ ਦਸ ਦਿੰਦੇ ਹਨ ਕਿ ਮਾਈ ਪ੍ਰਸ਼ਾਦੇ ਆਦਿ ਤਿਆਰ ਕਰੋ, ਬਾਈ ਜੀ ਆ ਰਹੇ ਹਨ (ਓਦੋਂ ਮੈਨੂੰ ਸਾਰੇ ਜਥੇ ਵਾਲੇ ਸਿੰਘ ਪ੍ਰਸਪਰ ਬਾਈ ਜੀ ਦੇ ਨਾਮ ਨਾਲ ਮੁਖ਼ਾਤਬ ਕਰਕੇ ਪੁਕਾਰਿਆ ਕਰਦੇ ਸਨ) ਓਦੋਂ ਹੀ ਮੈਨੂੰ ਭਾਈ ਸਰਵਣ ਸਿੰਘ ਹੋਰੀਂ ਦਸ ਦਿੰਦੇ ਸਨ ਕਿ ਹੁਣ ਬਾਈ ਜੀ ਨਾਰੰਗਵਾਲ ਤੋਂ ਤੁਰ ਪਏ ਹਨ। ਇਤਨੇ ਸਿੰਘ ਉਹਨਾਂ ਦੇ ਨਾਲ ਹਨ। ਉਨ੍ਹਾਂ ਦੇ ਮੋਢੇ ਤੇ ਸਫ਼ਾਜੰਗ ਹੈ ਅਤੇ ਇਸ ਪ੍ਰਕਾਰ ਖ਼ਾਲਸਈ ਬਾਣਾ ਉਨ੍ਹਾਂ ਨੇ ਸਜਾਇਆ ਹੋਇਆ ਹੈ। ਇਹਨਾਂ ਦੇ ਦੱਸਣ ਸਾਰ ਹੀ ਮੈਂ ਓਦੋਂ ਹੀ ਆਹਰ ਵਿਚ ਜੁਟ ਜਾਂਦੀ ਹਾਂ।" ਮੈਂ ਭਾਈ ਸਰਵਣ ਸਿੰਘ ਜੀ ਨੂੰ ਕੈਰੀ ਨਿਗ੍ਹਾ ਨਾਲ ਡਾਂਟ ਕੇ ਆਖਿਆ ਕਿ ਤੈਨੂੰ ਰਿਧੀ ਸਿਧੀ ਫੁਰਨ ਲਗ ਪਈ ਹੈ, ਹਜ਼ਮ ਨਹੀਂ ਹੁੰਦੀ, ਅਜਰ ਨੂੰ ਜਰਨਾ ਚਾਹੀਦਾ ਹੈ। ਅਗੋਂ ਭਾਈ ਸਰਵਣ ਸਿੰਘ ਜੀ ਹੱਸ ਕੇ ਬੋਲੇ: "ਕਾਹਨੂੰ ਜੀ, ਮੈਂ ਕਦੇ ਕਾਹਨੂੰ ਮਾਈ ਜੀ ਨੂੰ ਦਸਿਆ ਹੈ, ਇਹ ਸਭ ਕੁਛ ਮਾਈ ਜੀ ਨੂੰ ਆਪੇ

ਹੀ ਸੁਫੁਰਨ ਹੁੰਦਾ ਹੈ। ਹੁਣ ਮੇਰੇ ਤੇ ਗੱਲ ਟਾਲਦੇ ਹਨ।"

ਇਸ ਪ੍ਰਕਾਰ ਕਈ ਵਾਰ ਐਸੀ ਵਾਰਤਾ-ਲਾਪ ਹੋਈ। ਇਹ ਸਭ ਨਿਸ਼ਕਾਮ ਸੇਵਾ ਦਾ ਸਿੱਟਾ ਸੀ। ਅੱਜ ਦੀ ਡਾਂਟ ਫਾਂਟ ਪਿਛੋਂ ਫੇਰ ਕਦੇ ਘਟ ਵਧ ਹੀ ਮਾਈ ਜੀ ਵਲੋਂ ਆਪਣੀ ਅਵੱਸਥਾ ਦਾ ਜਣਾਵਣਾ ਹੋਇਆ। ਅਜਰ ਨੂੰ ਵਿਚੇ ਵਿਚ ਹੀ ਜਰਦੇ ਰਹੇ। ਫੇਰ ਵੀ ਸਾਡੀ ਜੇਲ੍ਹ-ਯਾਤਰਾ ਤੋਂ ਥੋੜਾ ਚਿਰ ਪਹਿਲਾਂ ਕਈ ਵਾਰ ਆਪ-ਮੁਹਾਰੇ ਇਉਂ ਆਖਿਆ ਭਾਖਿਆ ਕਰਦੇ ਸਨ: "ਬਾਈ, ਲੰਮੇ ਵਿਛੋੜੇ ਪੈਣੇ ਹਨ, ਸੁਖ ਹੋਵੇ।" ਦਾਸ ਨੇ ਇਹ ਕਹਿ ਕੇ ਉਹਨਾਂ ਨੂੰ ਚੁਪ ਕਰਾ ਦੇਣਾ ਕਿ ਜੋ ਭਾਣਾ ਕਰਤਾਰ ਦਾ ਹੈ ਸੋ ਹੋ ਕੇ ਰਹਿਣਾ ਹੈ। 1914 ਤਾਈਂ ਇਸ ਦੰਪਤਿ ਜੋੜੀ ਨੇ ਖ਼ੂਬ ਸੇਵਾ-ਸੁਰਤ ਨਿਭਾਈ। ਦਿਨੋ ਦਿਨ ਚੜ੍ਹਦੀ ਕਲਾ ਵਿਚ ਨਿਭਾਈ।

ਬਾਬਾ ਰਾਮ ਸਿੰਘ ਜੀ ਦੀ ਗੰਭੀਰਤਾ ਤੇ ਸਹਿਨ-ਸ਼ੀਲਤਾ ਤਾਂ ਹਦ ਦਰਦੇ ਦੀ ਪੁਜੀ ਹੋਈ ਸੀ। ਮੇਰੇ ਨਾਲ ਉਨ੍ਹਾਂ ਦਾ ਐਸਾ ਗੂੜ੍ਹਾ ਪਿਆਰ ਸੀ ਕਿ ਇਕ ਦਿਨ ਵੀ, ਛਿਨ ਮਾਤਰ, ਮੇਰੇ ਬਾਝੋਂ ਨ ਰਹਿ ਸਕਣ। ਜੋੜ-ਮੇਲਾ, ਸਤਿਸੰਗ, ਅਖੰਡ ਕੀਰਤਨ ਸਮਾਗਮ ਅਕਸਰ ਹੁੰਦੇ ਹੀ ਰਹਿੰਦੇ ਸਨ। ਜਦੋਂ ਕਦੀ ਇਨ੍ਹਾਂ ਸਮਾਗਮਾਂ ਵਿਚ ਨਾਗਾ ਪੈ ਜਾਣਾ ਅਤੇ ਸਮਾਗਮ ਨਾ ਹੋਵੇ ਤਾਂ ਝਟ ਭਾਈ ਸਰਵਣ ਸਿੰਘ ਹੋਰਾਂ ਨੂੰ ਲੈ ਨਾਰੰਗਵਾਲ ਪੁਜ ਜਾਣਾ। ਨਾਮ ਸਿਮਰਨ ਦੇ ਖੰਡੇ ਖੜਕਾਉਣੇ। ਸਭ ਨੇ ਮਿਲ ਕੇ ਕੀਰਤਨ ਆਰੰਭ ਕਰ ਦੇਣੇ। ਕੀਰਤਨ ਕਰਨ ਸੁਣਨ ਦੇ ਬੜੇ ਧਨੀ ਸਨ, ਚਾਹੇ ਸਾਜ ਕੋਈ ਭੀ ਨਹੀਂ ਵਜਾ ਸਕਦੇ ਸਨ।

ਸਿਰੀ ਬਾਬੂ ਮੱਲ ਸਿੰਘ ਜੀ ਦੇ ਪਿੰਡ ਸਰਲੀ ਜ਼ਿਲਾ ਅੰਮ੍ਰਿਤਸਰ ਵਿਖੇ ਇਕ ਵਾਰ ਸਾਰਾ ਜੱਥਾ ਗਿਆ ਅਤੇ ਕੀਰਤਨ ਕਰਦਾ ਹੀ ਗਿਆ। ਬਾਬਾ ਰਾਮ ਸਿੰਘ ਜੀ ਦੀ, ਕੀਰਤਨ ਕਰਦਿਆਂ ਤੁਰਿਆਂ ਜਾਂਦਿਆਂ ਹੀ, ਲੋਟ-ਪੋਟ ਦਸ਼ਾ ਹੋ ਗਈ। ਸਿਰੀ ਬਾਬੂ ਜੀ ਦੇ ਗ੍ਰਹਿ ਜਾਣ ਸਾਰ ਹੀ ਅਖੰਡ ਪਾਠ ਸਮਾਗਮ ਦੇ ਤਿਆਰੇ ਆਰੰਭ ਕਰ ਦਿਤੇ। ਇਸ ਦੰਪਤਿ ਜੋੜੀ ਨੇ ਲੰਗਰ ਦੀ ਸੇਵਾ ਸਾਂਭ ਲਈ। ਪਾਸ ਹੀ ਉਧਰ ਅਖੰਡ ਪਾਠ ਹੋਵੇ ਤੇ ਇਧਰ ਇਹ ਸੇਵਾ ਵਿਚ ਮਗਨ-ਅਨੰਦ ਜੁਟੇ ਰਹਿਣ। ਸਿਰੀ ਬਾਬੂ ਜੀ ਦੇ ਵਡੇ ਭਰਾਤਾ ਸਿਰੀ ਭਾਈ ਵਰਿਆਮ ਸਿੰਘ ਜੀ ਨੇ ਜਦੋਂ ਵੀ ਲੰਗਰ ਵਿਚ ਆ ਕੇ ਪੁਛਣਾ ਕਿ ਕਿਸੇ ਸ਼ੈ ਦੀ ਲੋੜ ਤਾਂ ਨਹੀਂ, ਰਸਦ ਆਦਿ ਦੀ ਥੁੜ ਤਾਂ ਨਹੀਂ ? ਤਾਂ ਅਗੋਂ ਸਿਰੀ ਬਾਬਾ ਰਾਮ ਸਿੰਘ ਜੀ ਨੇ ਇਹ ਉਤਰ ਦੇਣਾ, "ਸਭ ਬਿਅੰਤ ਗਫੇ ਹਨ, ਕਿਸੇ ਸ਼ੈ ਦੀ ਕੋਈ ਕਮੀ ਨਹੀਂ।" ਸਚ-ਮੁਚ ਇਨ੍ਹਾਂ ਸੰਤੋਖੀਆਂ ਦੇ ਹੁੰਦਿਆਂ ਲੰਗਰ ਵਿਚ ਥੁੜ ਆਉਂਦੀ ਹੀ ਨਹੀਂ ਸੀ।

ਭਾਣੇ ਦੇ ਚੱਕਰ ਅੰਦਰ ਅਸੀਂ ਹੋਰ ਸਜਣਾਂ ਸਮੇਤ ਲੁਧਿਆਣੇ ਜੇਲ੍ਹ ਵਿਚ ਆ ਨਜ਼ਰਬੰਦ ਹੋਏ, ਪਿਛੋਂ ਜਰਵਾਣਿਆਂ ਨੇ ਭਾਈ ਰਾਮ ਸਿੰਘ ਨੂੰ ਭੀ ਫੜ ਕੇ ਲਿਆਂਦਾ, ਉਹ ਅਗੋਂ ਹੀ ਅਰਦਾਸਾ ਸੋਧੀ ਬੈਠੇ ਸਨ। ਜੇਲ੍ਹ ਵਿਚ ਆਉਣ ਕਰਕੇ ਉਨ੍ਹਾਂ ਦੇ ਸਰੀਰ ਨੂੰ ਬੜੀ ਕਠਨਾਈ ਹੋਈ, ਕਿਉਂਕਿ ਇਕ ਤਾਂ ਉਨ੍ਹਾਂ ਦੀ ਅਵੱਸਥਾ ਬ੍ਰਿਧ ਸੀ, ਦੂਜੇ ਬਿਬੇਕ ਸਰਬ ਲੋਹ ਦਾ ਪਹਿਰਾ ਸੀ ਉਨ੍ਹਾਂ ਦਾ। ਅਨਿਆਈਂ ਗੋਰਾ ਗੌਰਮਿੰਟ ਦੀ ਜ਼ਾਲਮ ਅਦਾਲਤ ਨੇ ਇਕ ਵਾਰ ਤਾਂ ਸਾਰੇ ਜਥੇ ਨੂੰ ਉਮਰ ਕੈਦਾਂ ਸੁਣਾ ਦਿੱਤੀਆਂ।

ਪਿਛੋਂ ਬਾਬਾ ਰਾਮ ਸਿੰਘ ਜੀ ਦੀ ਸਿਰਫ਼ ਦੋ ਸਾਲ ਦੀ ਹੀ ਕੈਦ ਰਹਿ ਗਈ, ਉਹ ਕੱਟ ਕੇ ਸਾਥੋਂ ਬਹੁਤ ਚਿਰ ਪਹਿਲਾਂ ਬਾਹਰ ਆ ਗਏ। ਬਾਹਰ ਆਉਣ ਪਰ ਇਨ੍ਹਾਂ ਨੂੰ ਪਰਮ ਬੈਰਾਗ ਉਪਰਾਮਤਾ ਉਪਜੀ ਅਤੇ ਹਮੇਸ਼ਾ ਉਪਜਦੀ ਰਹੀ।

ਸਾਡੀਆਂ ਉਡੀਕਾਂ ਸਿੱਕਾਂ ਭਰੀਆਂ ਸਦਾ ਹੀ ਕਰਦੇ ਰਹੇ। ਉਡੀਕਾਂ ਕਰਦੇ ਕਰਦੇ ਹੀ ਅਸਾਡੇ ਰਿਹਾ ਹੋ ਕੇ ਬਾਹਰ ਆਵਣ ਤੋਂ ਚਾਰ ਮਹੀਨੇ ਪਹਿਲੇ ਪਰਲੋਕ ਨੂੰ ਪਿਆਨੇ ਕਰ ਗਏ। ਪਿਆਨੇ ਕਰਦਿਆਂ ਕਰਦਿਆਂ ਇਨ੍ਹਾਂ ਦੀ ਰੂਹ ਇਨ੍ਹਾਂ ਦੇ ਜਿਸਮ ਵਿਚੋਂ ਪਰਵਾਜ਼ ਕਰ ਕੇ ਸਾਨੂੰ ਜੇਲ੍ਹ ਵਿਚ ਬੈਠਿਆਂ ਨੂੰ ਫ਼ਤਹ ਬੁਲਾ ਕੇ ਗੁਰਪੁਰੀ ਸਿਧਾਰ ਗਈ।

ਭਾਣੇ ਦੀ ਕਾਰ ਹੀ ਐਸੀ ਸੀ, ਪਰ ਬੜੀ ਖ਼ੁਸ਼ੀ ਵਾਲੀ ਗੱਲ ਇਹ ਹੈ ਕਿ ਸਾਰੀ ਉਮਰ ਹੀ ਕਰਤਾਰ ਦੇ ਰੰਗਾਂ ਵਿਚ ਇਨ੍ਹਾਂ ਦੀ ਵਿਹਾਈ। ਪਿਛੋਂ ਮਾਈ ਪ੍ਰੇਮ ਕੌਰ ਜੀ ਆਪਣੇ ਪੂਜ-ਪਤੀ ਦੇ ਬੈਰਾਗ ਵਿਚ ਹਾਲੋਂ ਬੇਹਾਲ ਹੋ ਗਏ। ਅਸਾਡੇ ਰਿਹਾ ਹੋ ਕੇ ਬਾਹਰ ਆਉਂਦਿਆਂ ਨੂੰ ਚਾਹੇ ਮਾਈ ਪ੍ਰੇਮ ਕੌਰ ਜੀ ਜੀਉਂਦੇ ਸਨ, ਪਰ ਹੋਸ਼ ਹਵਾਸ ਉਨ੍ਹਾਂ ਦੇ ਇਸ ਸੰਸਾਰ ਵਿਚ ਰਹਿੰਦਿਆਂ ਹੋਇਆਂ ਭੀ ਕਿਸੇ ਹੋਰ ਅਰੂਪ ਰੂਪੀ ਮੰਡਲ (sphere) ਵਿਚ ਮਜਜ਼ੂਬ ਰਹਿੰਦੇ ਸਨ। ਸਾਨੂੰ ਜੇਲ੍ਹ ਵਿਚੋਂ ਰਿਹਾ ਹੋ ਕੇ ਆਉਂਦਿਆਂ ਨੂੰ ਬਿਹਬਲ ਹੋ ਕੇ ਮਿਲੇ, ਪ੍ਰਸਪਰ ਪ੍ਰੇਮ-ਕਹਾਣੀਆਂ ਕੀਤੀਆਂ। ਔਰ ਤਿੰਨਾਂ ਸਾਲਾਂ ਪਿਛੋਂ ਉਹ ਵੀ ਚਲ ਬਸੇ। ਉਸ ਗੁਰਪੁਰੀ ਵਿਚ ਹੀ ਜਾਇ ਵਸੇ, ਜਿਥੇ ਬਾਬਾ ਰਾਮ ਸਿੰਘ ਜੀ ਸਿਧਾਰੇ ਸਨ।

ਬਾਬਾ ਰਾਮ ਸਿੰਘ ਜੀ ਦੀ ਉਪਕਾਰ-ਉਦਾਰਤਾ ਅਤੇ ਕਰਣਾ ਰਸ ਦੀ ਵਾਰਤਾ ਦਾ ਇਕ ਉਦਾਹਰਣ ਏਥੇ ਵਰਨਣ ਕਰਨ ਯੋਗ ਹੈ। ਸ੍ਰਿੀ ਬਾਬਾ ਰਾਮ ਸਿੰਘ ਦੇ ਸ਼ਰੀਕ ਭਾਈਆਂ ਵਿਚੋਂ ਇਕ ਸ਼ਰੀਕ ਪਰਵਾਰ ਮੁਢ ਤੋਂ ਹੀ ਸਿਰੀ ਬਾਬਾ ਜੀ ਦੇ ਨਾਲ ਅਣਹੋਇਆ ਵੈਰ ਵਿਰੋਧ ਰਖਦਾ ਆਇਆ ਸੀ। ਐਸੀ ਨੌਤ ਹੋਈ ਕਿ ਨਿਕਟੀ ਪਰਵਾਰ ਦਾ ਇਕ ਮਾਇਆ-ਖੱਟੂ ਨੌਜਵਾਨ ਚੀਨ, ਮਲਾਇਆ ਟਾਪੂਆਂ ਵਲੋਂ ਮਾਇਆ ਦੇ ਬੋਹਲ ਖਟ ਕੇ ਕਈਆਂ ਬਰਸਾਂ ਪਿਛੋਂ ਵਾਪਸ ਪਿੰਡ ਫੱਲੇਵਾਲ ਆਇਆ, ਤੇ ਬੜੀ ਭਿਆਨਕ ਬੀਮਾਰੀ ਨਾਲ ਬੀਮਾਰ ਹੋ ਕੇ ਆਇਆ। ਉਸ ਦਾ ਸਾਰਾ ਸਰੀਰ ਬੜਾ ਰਿਸ਼ਟ ਪੁਸ਼ਟ ਸੀ, ਛੇ ਫ਼ੁਟ ਲੰਮਾ ਜਵਾਨ, ਡੇਢ ਫ਼ੁਟ ਚੌੜੀ ਛਾਤੀ। ਉਸ ਨੂੰ ਅਨਾਚਿਤ ਐਸੀ ਬੀਮਾਰੀ ਲਗੀ ਕਿ ਉਸ ਦਾ ਸਰੀਰ ਤਖ਼ਤੇ ਵਾਂਗੂੰ ਹੋ ਗਿਆ; ਨਾ ਹਿਲ ਸਕੇ, ਨਾ ਸਿੱਧਾ ਬੈਠ ਸਕੇ, ਨਾ ਤੁਰ ਫਿਰ ਸਕੇ, ਨਾ ਉਸ ਦੇ ਅੰਗ ਮੁੜ ਸਕਣ; ਸਿੱਧਾ ਸਤੋਰ ਪਿਆ ਰਹੇ ਤਾਂ ਪਿਆ ਰਹੇ, ਜੇ ਖੜਾ ਹੈ ਤਾਂ ਖੜਾ ਰਹੇ। ਬੜਾ ਭਾਰੀ ਜਵਾਨ ਸੀ, ਇਸ ਨੂੰ ਤਿੰਨ ਤਿੰਨ ਚਾਰ ਚਾਰ ਆਦਮੀ ਸਾਂਭ ਸਕਦੇ ਸੀ। ਚੀਨ ਮਲਾਇਆ ਦੇ ਨੇੜੇ ਤੇੜੇ ਡਾਕਟਰਾਂ ਹਕੀਮਾਂ ਪਾਸੋਂ ਇਲਾਜ ਕਰਾਏ, ਪਰ ਉਸ ਦੀ ਇਹ ਬੀਮਾਰੀ ਨਾ ਹਟੀ। ਬੜਾ ਪਰਮ ਦੁਖੀ ਹੋ ਕੇ, ਡਾਕਟਰਾਂ ਹਕੀਮਾਂ ਦੇ ਇਲਾਜਾਂ ਤੋਂ ਨਿਰਾਸ ਹੋ ਕੇ ਟਾਪੂਆਂ ਤੋਂ ਮੁੜ ਕੇ ਘਰ (ਫੱਲੇਵਾਲ) ਆ ਗਿਆ। ਆਉਂਦੇ ਨੇ ਹੀ ਬਾਬਾ ਰਾਮ ਸਿੰਘ ਨੂੰ ਯਾਦ ਕੀਤਾ ਕਿ ਮੈਨੂੰ ਦਰਸ਼ਨ ਦੇ ਜਾਣ, ਖ਼ੁਦ ਚਲ ਕੇ ਨਹੀਂ ਆ ਸਕਦਾ ਸੀ। ਜਦ ਉਸ ਦੀ ਭਿਅੰਕਰ ਬੀਮਾਰੀ ਦਾ ਹਾਲ ਬਾਬਾ ਜੀ ਨੇ ਸੁਣਿਆ ਤਾਂ ਕਰਣਾ ਰਸ ਨਾਲ ਢਲ ਕੇ ਐਸੇ ਨਰਮ ਹੋਏ ਕਿ ਸਭ ਘਰੋਗੀ

ਖ਼ਾਨਦਾਨੀ ਵੈਰ ਵਿਰੋਧ ਭੁਲ ਗਏ। ਐਸਾ ਮੌਕਾ ਹੋਇਆ ਕਿ ਓਦੋਂ ਸਾਰੀ ਸੰਗਤ ਕੀਰਤਨੀ ਬੈਰਾਗੀ ਜਥਾ ਸਿਰੀ ਬਾਬਾ ਜੀ ਦੇ ਘਰ ਆ ਜੁੜਿਆ ਹੋਇਆ ਸੀ। ਜਥੇ ਤੋਂ ਆਗਿਆ ਲੈ ਕੇ ਚਲੇ ਗਏ। ਬਾਬਾ ਰਾਮ ਸਿੰਘ ਜੀ ਦੇ ਪਾਸ ਪਰਮ ਰੋਗੀ ਵੀਰ ਰੋ ਰੋ ਕੇ ਬੇਨਤੀ ਕਰਨ ਲੱਗਾ, ਉਹਨੇ ਸਾਰੀ ਬੀਮਾਰੀ ਦੀ ਪਿਛਲੀ ਹਾਲਤ ਦਸੀ ਅਤੇ ਆਖਿਆ:

"ਮੈਨੂੰ ਸਾਰੇ ਡਾਕਟਰ ਹਕੀਮ, ਜਵਾਬ ਦੇ ਚੁਕੇ ਹਨ ਅਤੇ ਕਹਿ ਚੁਕੇ ਹਨ ਕਿ ਇਹ ਲਾ-ਇਲਾਜ ਬੀਮਾਰੀ ਹੈ। ਸੋ ਮੈਂ ਹੁਣ ਮਰ ਤਾਂ ਜਾਣਾ ਹੀ ਹੈ, ਐਸਾ ਉਪਕਾਰ ਕਰੋ ਕਿ ਮੇਰੇ ਨਮਿਤ ਇਕ ਅਖੰਡ ਪਾਠ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਕਰਨਾ ਅਰੰਭ ਕਰਾ ਦਿਉ। ਮੇਰੇ ਭਾਗਾਂ ਨੂੰ ਸਾਰਾ ਜਥਾ ਤੁਹਾਡੇ ਘਰ ਆਇਆ ਹੋਇਆ ਹੈ, ਰੋਗ ਬਿਦਾਰਨੀ ਸਚੇ ਵੈਦਾਂ ਸੰਦਾ ਸੰਗ ਇਕੱਠਾ ਹੋਇਆ ਹੋਇਆ ਹੈ। ਸ੍ਰੀ ਅਖੰਡ ਪਾਠ ਦੀ ਇਹ ਦਾਰੂ ਹਰ ਸੂਰਤ ਵਿਚ ਮੇਰੇ ਰਾਸ ਆਵੇਗੀ। ਮੈਨੂੰ ਇਸ ਗੱਲ ਦਾ ਭਰੋਸਾ ਹੈ ਕਿ ਜੇ ਸਰੀਰ ਚਲ ਗਿਆ ਤਾਂ ਕਲਿਆਣ ਹੋ ਜਾਏਗੀ, ਜੇ ਬਚ ਗਿਆ ਤਾਂ ਮੈਂ ਸਣੇ ਪਰਵਾਰ ਖੰਡੇ ਦਾ ਅੰਮ੍ਰਿਤ ਛਕ ਕੇ ਤਿਆਰ ਬਰ ਤਿਆਰ ਹੋ ਜਾਵਾਂਗਾ ਅਤੇ ਆਪਣਾ ਜਨਮ ਸਫਲਾ ਕਰਾਂਗਾ।"

ਸਿਰੀ ਬਾਬਾ ਜੀ ਉਸ ਤੋਂ ਇਹ ਗੱਲ ਸੁਣ ਕੇ ਸਜਲ ਨੇਤਰੀਂ ਹੁੰਦੇ ਹੋਏ ਸੰਗਤ ਪਾਸ ਆਏ ਤੇ ਬਿਰਹੋਂ-ਬੇਧਵੀਂ ਬੇਨਤੀ ਕੀਤੀ ਕਿ ਉਸ ਦਾ ਭਲਾ ਕਰੋ, ਸੰਗਤ ਸਭਨੀ ਗੱਲੀਂ ਸਮਰੱਥ ਹੈ। ਭਲਾ ਬਾਬਾ ਜੀ ਦੇ ਬਚਨਾਂ ਨੂੰ ਕੌਣ ਮੋੜੇ। ਅਖੰਡ ਪਾਠ ਦੇ ਤਿਆਰੇ ਬਜਾਉਣ ਲਈ ਦੂਸਰੇ ਦਿਨ ਹੀ ਸਭ ਸਰੰਜਾਮ ਹੋ ਗਿਆ। ਸਾਰੇ ਪਰਵਾਰ ਨੇ ਹਾਵ ਭਾਵ ਨਾਲ ਅਖੰਡ ਪਾਠ ਮੰਡਪ ਸਜਾਇਆ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ, ਉਸ ਅਸਾਧ ਰੋਗ ਦੇ ਰੋਗੀ ਸਜਣ ਨੂੰ ਚਹੁੰ ਜਣਿਆਂ ਨੇ ਫੜ ਕੇ ਪੇਸ਼ ਹੋਣ ਲਈ ਖੜਾ ਕੀਤਾ। ਬਾਬਾ ਰਾਮ ਸਿੰਘ ਜੀ ਖੜੇ ਚੌਰ ਕਰ ਰਹੇ ਸਨ। ਅਭਿਆਸ-ਖਿੜਾਉ ਵਿਚ ਚੌਰ ਕਰਦੇ ਕਰਦੇ ਉਸ ਨੂੰ ਮੁਖ਼ਾਤਬ ਹੋ ਕੇ ਬੋਲੇ, "ਤੈਥੋਂ ਇਕ ਭਾਰੀ ਅਵੱਗਿਆ ਹੋਈ ਹੈ, ਪਰ ਤੈਨੂੰ ਹੁਣ ਚਿਤ ਚੇਤੇ ਵੀ ਨਹੀਂ। ਤੂੰ ਦਸ ਕਿ ਜਦੋਂ ਮਾਇਆ ਖੱਟਣ ਲਈ ਦੇਸੀਂ ਪ੍ਰਦੇਸ਼ੀਂ ਇਥੋਂ ਅਰਦਾਸਾ ਸੋਧ ਕੇ ਤੁਰਿਆ ਸੀ, ਓਦਣ ਕੋਈ ਪ੍ਰਣ-ਪ੍ਰਤੱਗਿਆ ਵੀ ਕੀਤੀ ਸੀ?" ਬਾਬਾ ਜੀ ਦੇ ਇਹ ਬਚਨ ਸੁਣ ਕੇ ਓਹ ਬੋਲ ਉਠਿਆ, "ਹਾਂ ਜੀ! ਮੈਂ ਪ੍ਰਤੱਗਿਆ ਜ਼ਰੂਰ ਕੀਤੀ ਸੀ ਅਤੇ ਇਹ ਕੀਤੀ ਸੀ ਕਿ ਮੈਂ ਆਪਣੀ ਖੱਟੀ ਕਮਾਈ ਵਿਚੋਂ ਗੁਰੂ ਕਾ ਦਸਵੰਧ ਦਿਆ ਕਰਾਂਗਾ, ਪਰ ਮੈਂ ਪਾਪੀ ਤੋਂ ਅਜ ਤਾਈਂ ਦੇ ਨਹੀਂ ਹੋਇਆ। ਦਸਾਂ ਬਾਰ੍ਹਾਂ ਵਰ੍ਹਿਆਂ ਵਿਚ ਹਜ਼ਾਰਾਂ ਰੁਪਏ ਮੈਂ ਕਮਾਏ। ਦਸਵੰਧ ਮੇਰੇ ਸਿਰ ਚੜ੍ਹਦਾ ਗਿਆ, ਮਾਇਆ ਵੀ ਐਸ਼-ਪ੍ਰਸਤੀ ਵਿਚ ਮੈਨੂੰ ਦਸਵੰਧ ਦੇਣ ਦਾ ਖ਼ਿਆਲ ਉੱਕਾ ਹੀ ਵਿਸਰ ਗਿਆ। ਇਹ ਬੜੀ ਭਾਰੀ ਅਵੱਗਿਆ ਹੋ ਗਈ ਹੈ। ਇਸੇ ਅਵੱਗਿਆ ਦੇ ਕਾਰਨ ਇਹ ਅਸਾਧ ਰੋਗ ਮੈਨੂੰ ਲਗਿਆ ਹੈ।" ਸੁਣ ਕੇ ਸੰਗਤ ਨੇ ਹੁਕਮ ਦਿਤਾ ਕਿ ਪਹਿਲਾਂ ਸਾਰਾ ਦਸਵੰਧ ਕੌਡੀ ਕੌਡੀ ਗਿਣ ਕੇ (ਜੋ ਦਮੜੇ ਬਣਦੇ ਹਨ) ਸ੍ਰੀ ਹਜ਼ੂਰ ਸਾਹਿਬ ਨੂੰ ਭੇਜ ਦਿਓ। ਫੇਰ ਤੇਰੇ ਨਮਿਤ ਸ੍ਰੀ ਅਖੰਡ ਪਾਠ ਆਰੰਭ ਕੀਤਾ ਜਾਵੇਗਾ। ਉਸਨੇ ਉਸੇ ਵਕਤ ਹੀ ਦਸਵੰਧ ਦੇ ਰੁਪਏ ਕਢ ਕੇ, ਆਪਣੇ ਇਕ

ਸਕੇ ਭਾਈ ਦੇ ਹੱਥ ਸ੍ਰੀ ਹਜ਼ੂਰ ਸਾਹਿਬ ਭੇਜ ਦਿਤੇ। ਫਿਰ ਉਸ ਦੇ ਨਮਿਤ ਸ੍ਰੀ ਅਖੰਡ ਪਾਠ ਦਾ ਉਦਮ-ਉਪਕਾਰ ਆਰੰਭ ਹੋਇਆ। ਸਿਰੀ ਬਾਬਾ ਜੀ ਨੇ ਹੁਕਮ ਦਿਤਾ ਕਿ ਸਾਰਾ ਅਖੰਡ ਪਾਠ ਅਤੇ ਅਖੰਡ ਕੀਰਤਨ ਆਰੰਭ ਤੋਂ ਅੰਤ ਤਾਈਂ ਸੁਣਨਾ ਹੋਵੇਗਾ। ਉਸ ਨੇ ਸਾਰੀਆਂ ਗੱਲਾਂ ਕਬੂਲ ਕੀਤੀਆਂ। ਨਾਲੇ ਇਹ ਬੇਨਤੀ ਵੀ ਕੀਤੀ ਕਿ ਮੈਥੋਂ ਬੈਠ ਤੇ ਹੋਣਾ ਨਹੀਂ, ਲੰਮਾ ਪੈ ਕੇ ਸੁਣ ਸਕਾਂਗਾ, ਭੂਮ-ਆਸਣ ਕਰਨ ਦੀ ਆਗਿਆ ਦੇ ਦਿਤੀ ਜਾਵੇ। ਸੰਗਤ ਨੇ ਖ਼ੁਸ਼ੀ ਨਾਲ ਆਗਿਆ ਦੇ ਦਿਤੀ। ਬਾਬਾ ਰਾਮ ਸਿੰਘ ਜੀ ਕਹਿਣ ਲਗੇ, "ਤਕੜੇ ਹੋਵੋ, ਦੇਖ ਕੀ ਭਾਣਾ ਵਰਤਦਾ ਹੈ!" ਅੰਮ੍ਰਿਤ ਵੇਲੇ ਹੀ ਚਾਰ ਬਜੇ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਆਰੰਭ ਹੋ ਗਿਆ। ਗਿਆਰਾਂ ਬਜੇ ਅਖੰਡ ਕੀਰਤਨ ਦਾ ਭੋਗ ਪਿਆ। ਕੀਰਤਨ ਦੇ ਭੋਗ ਤੇ ਅਖੰਡ ਪਾਠ ਆਰੰਭ ਕਰਨ ਲਈ ਅਰਦਾਸਾ ਹੋਣ ਲਗਾ, ਤਾਂ ਉਸ ਨੂੰ ਚਹੁੰ ਜਣਿਆਂ ਨੇ ਫੜ ਕੇ ਅਰਦਾਸੇ ਵਿਚ ਖੜਾ ਕੀਤਾ, ਤਖ਼ਤੇ ਵਾਂਗੂੰ ਆਕੜਿਆ ਹੋਇਆ ਤੇ ਫੜਿਆ ਹੋਇਆ ਖੜਾ ਹੋ ਗਿਆ। ਅਰਦਾਸੇ ਵਿਚ ਐਸੀ ਕਲਾ ਵਰਤੀ ਕਿ ਅਰਦਾਸੇ ਦੀ ਸਮਾਪਤੀ ਤੇ ਓਹ ਸਿੱਧਾ ਸਤੋਰ ਡੰਡੌਤ ਬੰਦਨਾ ਵਿਚ ਮੂਧੇ ਮੂੰਹ ਛਪਾਲ ਲੰਮਾ ਪੈ ਗਿਆ, ਪਰ ਆਪ ਹੀ ਉਠ ਕੇ ਬੈਠ ਗਿਆ, ਹੁਕਮ ਲਿਆ ਗਿਆ ਤੇ ਅਖੰਡ ਪਾਠ ਆਰੰਭ ਹੋ ਗਿਆ। ਸ੍ਰੀ ਜਪੁਜੀ ਦੇ ਪਾਠ ਦੇ ਭੋਗ ਤੇ ਦੇਗ ਵਰਤਾਈ ਗਈ। ਦੇਗ ਕੜਾਹ ਪ੍ਰਸ਼ਾਦ ਦੀ ਬਾਬਾ ਰਾਮ ਸਿੰਘ ਜੀ ਨੇ ਆਪਣੀ ਹੱਥੀਂ ਸਜਾਈ ਸੀ ਅਤੇ ਵਰਤਾਈ ਵੀ ਉਨ੍ਹਾਂ ਨੇ। ਪੰਜਾਂ ਪਿਆਰਿਆਂ ਨੂੰ ਛਾਂਦਾ ਦੇ ਕੇ ਪਹਿਲਾਂ ਉਸ ਦੇ ਹੱਥਾਂ ਤੇ ਕੜਾਹ ਪ੍ਰਸ਼ਾਦ ਦਾ ਗੱਫਾ ਧਰ ਕੇ ਬਾਬਾ ਜੀ ਨੇ ਆਖਿਆ, "ਇਹ ਪੰਚਾ-ਅੰਮ੍ਰਿਤ ਹੈ, ਔਖਧੀਆਂ ਸਿਰ ਸੱਚੀ ਔਖਧੀ ਹੈ, ਇਸ ਨੂੰ ਛਕੋ।" ਛਕਣ ਦੀ ਦੇਰ ਹੀ ਸੀ ਕਿ ਉਸ ਦੇ ਸਰੀਰ ਵਿਚ ਸਾਵਧਾਨਤਾ ਹੋ ਗਈ ਅਤੇ ਕਹਿਣ ਲਗਾ ਕਿ ਮੈਨੂੰ ਹੁਣ ਪਕੜੋ ਨਹੀਂ, ਮੈਂ ਆਪ ਬੈਠ ਸਕਦਾ ਹਾਂ। ਸਤਿਗੁਰੂ ਜੀ ਦੀ ਐਸੀ ਅਪਾਰ ਕਿਰਪਾ ਹੋਈ ਕਿ ਅਖੰਡ ਪਾਠ ਦੇ ਭੋਗ ਉਪਰ ਬਿਲਕੁਲ ਨਵਾਂ ਨਰੋਆ ਹੋ ਗਿਆ ਅਤੇ ਤੁਰਨ ਫਿਰਨ ਲਗ ਪਿਆ। ਲੋਕੀ ਦੇਖ ਕੇ ਦੰਗ ਰਹਿ ਗਏ। ਡਾਕਟਰ ਹਕੀਮ ਵੀ ਸੁਣ ਕੇ ਦੰਗ ਹੋ ਗਏ। ਗੱਲ ਕੀ, ਸਾਰੇ ਪਰਵਾਰ ਨੇ ਮਿਲ ਕੇ ਅੰਮ੍ਰਿਤ ਛਕਿਆ।

"ਦੀਨ ਦਇਆਲ ਭਰੋਸੇ ਤੇਰੇ ॥ ਸਭੁ ਪਰਵਾਰੁ ਚੜਾਇਆ ਬੇੜੇ ॥"★

ਇਸ ਸ਼ਬਦ ਦਾ ਕੀਰਤਨ ਉਨ੍ਹਾਂ ਸਾਰਿਆਂ ਨੇ ਮਿਲ ਕੇ ਕੀਤਾ। ਇਸ ਖ਼ੁਸ਼ੀ ਵਿਚ ਉਸ ਨੇ ਲੰਗਰ ਚਲਾਏ ਅਤੇ ਰਾਜ਼ੀ ਬਾਜ਼ੀ ਹੋ ਮੁੜ ਟਾਪੂਆਂ ਨੂੰ ਚਲਾ ਗਿਆ, ਤੇ ਬਾਬਾ ਰਾਮ ਸਿੰਘ ਜੀ ਦੀ, ਖ਼ਾਸ ਕਰ ਸਾਰੇ ਜਥੇ ਦੀ ਆਮ ਤੌਰ ਤੇ ਧੰਨ ਧੰਨ ਹੋਣ ਲਗ ਪਈ। ਬਾਬਾ ਜੀ ਨੇ ਸਲਾਹ ਦਿਤੀ ਕਿ ਚਲੋ ਅਸੀਂ ਏਥੋਂ ਹੁਣ ਚਲੀਏ, ਇਹ ਧੰਨ ਧੰਨ ਕੰਨੀਂ ਨਹੀਂ ਸੁਣਨੀ। ਇਹ ਇਕ ਵੰਨਗੀ ਹੈ, ਉਨ੍ਹਾਂ ਦੇ ਉਦਾਰ-ਚਿਤ ਦੀ ਤੇ ਉਸਤਤ ਨਿੰਦਾ ਤੋਂ ਅਲੇਪ ਰਹਿਣ ਦੇ ਜੀਵਨ ਦੀ।

(ਧੰਨਵਾਦ ਸਹਿਤ ਪੁਸਤਕ ਰੰਗਲੇ ਸੱਜਣ ਵਿਚੋਂ)

---

★ ਗਉੜੀ ਕਬੀਰ ਜੀ, ਪੰਨਾ ੩੩੭

# ਆਪਣੇ ਆਪਣੇ ਧਰਮ ਵਿਚ ਵਾਧਾ

**ਘਰਿ ਘਰਿ ਬਾਬਾ ਪੂਜੀਐ, ਹਿੰਦੂ ਮੁਸਲਮਾਨ ਗੁਆਈ**
*(ਭਾਈ ਗੁਰਦਾਸ ਜੀ)*

ਆਪਣਾ ਆਪਣਾ ਧਰਮ ਸਭ ਨੂੰ ਪਿਆਰਾ ਹੁੰਦਾ ਹੈ। ਸਾਰੇ ਆਪਣਾ ਧਰਮ ਵਧਾਉਣ ਦੀ ਵੱਧ ਤੋਂ ਵੱਧ ਕੋਸ਼ਿਸ਼ ਕਰਦੇ ਹਨ। ਜਿਸ ਤਰ੍ਹਾਂ ਮੁਸਲਮਾਨਾਂ ਨੇ ਤਲਵਾਰ ਦੇ ਜ਼ੋਰ ਨਾਲ ਧਰਮ ਦਾ ਵਾਧਾ ਕੀਤਾ। ਜ਼ਬਰਦਸਤੀ ਹਿੰਦੂਆਂ ਨੂੰ ਮੁਸਲਮਾਨ ਬਣਾਇਆ, ਬਹੁਤ ਲੋਕ ਡਰ ਕੇ ਹੀ ਮੁਸਲਮਾਨ ਬਣ ਗਏ। ਈਸਾਈਆਂ ਨੇ ਆਪਣੇ ਧਰਮ ਨੂੰ ਵਧਾਉਣ ਵਾਸਤੇ ਲੋਕ ਸੇਵਾ ਕੀਤੀ, ਜਿਥੇ ਵੀ ਜ਼ਰੂਰਤ ਹੁੰਦੀ ਹੈ ਇਹ ਸਹਾਇਤਾ ਕਰਦੇ ਹਨ। ਜਿਸ ਤਰ੍ਹਾਂ ਕਿਤੇ ਭੁਚਾਲ ਆਇਆ ਹੋਵੇ ਜਾਂ ਕੋਈ ਬਿਮਾਰੀ ਫੈਲੀ ਹੋਵੇ ਤਾਂ ਇਹ ਸਹਾਇਤਾ ਕਰਨ ਜਾਂਦੇ ਹਨ। ਜਿਸ ਚੀਜ ਦੀ ਜ਼ਰੂਰਤ ਹੋਵੇ ਸਹਾਇਤਾ ਕਰਦੇ ਹਨ। ਗਰੀਬਾਂ ਦੀ ਮਦਦ ਕਰਦੇ ਹਨ। ਇਸ ਤਰ੍ਹਾਂ ਲੋਕ ਖੁਸ਼ ਹੋ ਕੇ ਈਸਾਈ ਧਰਮ ਵਿਚ ਸ਼ਾਮਲ ਹੋ ਗਏ। ਹਿੰਦੂ ਧਰਮ ਸਭ ਤੋਂ ਸੌਖਾ ਹੈ ਇਹ ਹਰੇਕ ਦੀ ਪੂਜਾ ਕਰਦੇ ਹਨ। ਤੇਤੀ ਕਰੋੜ ਦੇਵਤਿਆਂ ਨੂੰ ਮੰਨਦੇ ਹਨ। ਇਸ ਕਰਕੇ ਇਨ੍ਹਾਂ ਦਾ ਵਾਧਾ ਹੋਇਆ ਹੈ। ਸਿੱਖ ਧਰਮ ਪ੍ਰੇਮ ਦਾ ਰਸਤਾ ਹੈ ਅਤੇ ਇਹ ਸੱਚ ਦੇ ਆਸਰੇ ਅਤੇ ਨਾਮ ਦੀ ਸ਼ਕਤੀ ਨਾਲ ਵਧੇਗਾ। ਸਾਰਾ ਸੰਸਾਰ ਸੁਖ ਦੀ ਭਾਲ ਵਿਚ ਹੈ। ਮਗਰ :-

ਸੁਖੁ ਨਾਹੀ ਰੇ ਹਰਿ ਭਗਤਿ ਬਿਨਾ ॥
ਜੀਤਿ ਜਨਮੁ ਇਹੁ ਰਤਨੁ ਅਮੋਲਕੁ,
ਸਾਧਸੰਗਤਿ ਜਪਿ ਇਕ ਖਿਨਾ ॥ 1 ॥ ਰਹਾਉ ॥
ਸੁਤ ਸੰਪਤਿ ਬਨਿਤਾ ਬਿਨੋਦ ॥
ਛੋਡਿ ਗਏ ਬਹੁ ਲੋਗ ਭੋਗ ॥ 1॥
ਹੈਵਰ ਗੈਵਰ ਰਾਜ ਰੰਗ ॥
ਤਿਆਗਿ ਚਲਿਓ ਹੈ ਮੂੜ ਨੰਗ ॥ 2 ॥
ਚੋਆ ਚੰਦਨ ਦੇਹ ਫੂਲਿਆ ॥
ਸੋ ਤਨੁ ਧਰ ਸੰਗਿ ਰੂਲਿਆ ॥ 3 ॥
ਮੋਹਿ ਮੋਹਿਆ ਜਾਨੈ ਦੂਰਿ ਹੈ ॥
ਕਹੁ ਨਾਨਕ ਸਦਾ ਹਦੂਰਿ ਹੈ ॥ 4 ॥
*(ਗਉੜੀ ਮ 5 ਪੰ - 210)*

ਪ੍ਰਮਾਤਮਾ ਦਾ ਨਾਮ ਲੈਣ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਸਿੱਧਾ ਰਸਤਾ ਦੱਸਿਆ ਹੈ। ਨਾਮ ਜਪੋ, ਕਿਰਤ ਕਰੋ ਤੇ ਵੰਡ ਕੇ ਛਕੋ। ਇਹ ਗੁਰੂ ਜੀ ਦਾ ਫੁਰਮਾਨ ਹੈ।

ਨਾਨਕ ਸਤਿਗੁਰਿ ਭੇਟਿਐ, ਪੂਰੀ ਹੋਵੈ ਜੁਗਤਿ ॥
ਹਸੰਦਿਆ ਖੇਲੰਦਿਆ ਪੈਨੰਦਿਆ, ਖਾਵੰਦਿਆ ਵਿਚੇ ਹੋਵੈ ਮੁਕਤਿ ॥ 2 ॥

*(ਗੂਜਰੀ ਮ: 5 ਪੰ:-522)*

ਸਿੱਖ ਧਰਮ ਨਾਮ ਦੀ ਕਲਾ ਨਾਲ ਵਧਿਆ ਹੈ ਅਤੇ ਵਧਦਾ ਜਾਏਗਾ। ਜਿਸ ਤਰ੍ਹਾਂ ਹਰਭਜਨ ਸਿੰਘ ਯੋਗੀ ਨੇ ਅਮਰੀਕਾ ਅਤੇ ਯੂਰਪ ਵਿਚ ਲੱਖ ਤੋਂ ਉਪਰ ਗੋਰੇ ਸਿੰਘ ਸਜਾਏ, ਜਿਹੜੇ ਕਿ ਰਹਿਤ ਮਰਿਆਦਾ ਵਿਚ ਰਹਿੰਦੇ ਹਨ। ਜਿਸ ਤਰ੍ਹਾਂ ਯੋਗੀ ਨੇ ਸਿੱਖ ਧਰਮ ਦਾ ਪ੍ਰਚਾਰ ਦੂਸਰੇ ਧਰਮਾਂ ਵਿਚ ਕੀਤਾ ਹੈ, ਅਗਰ ਇਸੇ ਤਰ੍ਹਾਂ ਪੰਥ ਦੇ ਹੁਕਮ ਨਾਲ ਪ੍ਰਚਾਰ ਕੀਤਾ ਜਾਵੇ ਤਾਂ 96 ਕਰੋੜ ਖਾਲਸਾ ਬਹੁਤ ਜਲਦੀ ਸਜੇਗਾ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਬਚਨ ਜਲਦੀ ਪੂਰਾ ਹੋ ਜਾਵੇਗਾ। ਖਾਲਸਾ ਰਾਜ ਛੇਤੀ ਆ ਜਾਵੇਗਾ। ਜਿਸ ਤਰ੍ਹਾਂ ਯੋਗੀ ਜੀ ਦੇ ਪ੍ਰਚਾਰ ਕਰਨ ਦਾ ਤਰੀਕਾ ਕਿਰਤ ਕਰੋ ਤੇ ਨਾਮ ਜਪੋ ਦੇ ਅਨੁਸਾਰ ਉਸਨੇ ਅਮਰੀਕਾ, ਏਸ਼ੀਆ, ਯੂਰਪ ਦੇ ਵੱਡੇ-ਵੱਡੇ ਸ਼ਹਿਰਾਂ ਵਿਚ ਹੋਟਲ ਬਣਾਏ। ਉਥੇ ਸਿਰਫ ਵੈਸ਼ਨੂੰ ਖਾਣਾ ਬਣਦਾ ਹੈ ਅਤੇ ਪ੍ਰਚਾਰ ਕਰਨ ਵਾਸਤੇ ਰਸਾਲੇ ਹੋਟਲਾਂ ਵਿਚ ਵੰਡੇ ਜਾਂਦੇ ਹਨ। ਜਦੋਂ ਗਾਹਕ ਆਉਂਦੇ ਹਨ ਤਾਂ ਉਨ੍ਹਾਂ ਨੂੰ ਖਾਣੇ ਦੇ ਨਾਲ-ਨਾਲ ਯੋਗਾ ਦੇ ਅਸੂਲ ਦੱਸਦੇ ਹਨ ਤੇ ਸਿੱਖ ਧਰਮ ਬਾਰੇ ਵੀ ਚਾਨਣਾ ਪਾਉਂਦੇ ਹਨ ਕਿ ਮਨ ਦੇ ਟਿਕਾਊ ਵਾਸਤੇ ਬਾਣੀ ਪੜ੍ਹਨੀ ਜ਼ਰੂਰੀ ਹੈ। ਗੋਰੇ ਬਹੁਤ ਪੜ੍ਹੇ ਲਿਖੇ ਹਨ ਤੇ ਆਪਣੇ ਲੀਡਰ ਦਾ ਕਹਿਣਾ ਮੰਨਦੇ ਹਨ। ਯੋਗੀ ਜੀ ਨੇ ਹਜ਼ਾਰਾਂ ਪ੍ਰਾਣੀਆਂ ਨੂੰ ਸਿੱਖ ਧਰਮ ਨਾਲ ਜੋੜਿਆ। ਸਾਰੇ ਸਿੰਘ ਸਿੰਘਣੀਆਂ ਉਸ ਦਾ ਕਹਿਣਾ ਮੰਨਦੇ ਹਨ। ਇਸ ਨੇ ਛੋਟੇ-ਛੋਟੇ ਜਥੇ ਬਣਾਏ ਤੇ ਉਨ੍ਹਾਂ ਦਾ ਇੱਕ ਮੁਖੀ ਸੇਵਾਦਾਰ ਰੱਖਿਆ। ਸਾਰੇ ਉਸ ਮੁਖੀ ਸੇਵਾਦਾਰ ਦੇ ਕਹਿਣੇ ਤੇ ਚਲਦੇ ਹਨ। ਯੋਗੀ ਜੀ ਨੇ ਸਿੱਖ ਧਰਮ ਨੂੰ ਫੈਲਾਉਣ ਵਾਸਤੇ ਉਦਮ ਕੀਤਾ ਹੈ। ਪਰ ਕਲਾ ਮੂਲ ਮੰਤਰ ਦੇ ਪਾਠ ਦੀ ਹੀ ਵਰਤੀ ਹੈ। ਇਸ ਨਾਮ ਦੀ ਕਲਾ ਦੇ ਨਾਲ ਧਰਮ ਵਿਚ ਵਾਧਾ ਹੋਇਆ ਹੈ ਤੇ ਹੁੰਦਾ ਰਹੇਗਾ। ਯੋਗੀ ਆਪ ਤਾਂ ਘਾਟੇ ਵਿਚ ਚਲਾ ਗਿਆ ਹੋਵੇਗਾ ਪਰ ਸਿੱਖ ਧਰਮ ਦਾ ਉਸਨੇ ਵਾਧਾ ਹੀ ਕੀਤਾ ਹੈ।

ਸਿੱਖ ਧਰਮ ਵਿਚ ਪੈਦਾ ਹੋਏ ਬੱਚੇ ਬੱਚੀਆਂ ਸਿੱਖੀ ਤੋਂ ਬਹੁਤ ਦੂਰ ਚਲੇ ਗਏ ਹਨ। ਸਿੱਖੀ ਨਾਲ ਉਨ੍ਹਾਂ ਦਾ ਅੰਦਰੋਂ ਕੋਈ ਪਿਆਰ ਨਹੀਂ ਹੈ। ਮਾਂ ਬਾਪ ਦੇ ਕਹਿਣੇ ਅਨੁਸਾਰ ਉਹ ਗੁਰਦੁਆਰੇ ਮੱਥਾ ਟੇਕਣ ਜ਼ਰੂਰ ਜਾਂਦੇ ਹਨ ਪਰ ਉਨ੍ਹਾਂ ਨੂੰ ਕੋਈ ਗਿਆਨ ਨਹੀਂ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕਿੰਨੀ ਸ਼ਕਤੀ ਵਾਲੇ ਹਨ। ਉਹ ਸਿਰਫ ਇੱਕ ਪੁਸਤਕ ਜੈਸੀ ਸਮਝਦੇ ਹਨ। ਅਗਰ ਬੱਚੇ ਪੰਜਾਬੀ ਪੜ੍ਹਨਾ ਜਾਣਦੇ ਹੋਣ ਤਾਂ ਹੀ ਉਨ੍ਹਾਂ ਨੂੰ ਬਾਣੀ ਦਾ ਗਿਆਨ ਹੋਵੇਗਾ। ਇਹ ਅੱਜਕਲ ਸਿੱਖ ਧਰਮ ਦੇ ਬੱਚਿਆਂ ਦੀ ਹਾਲਤ ਹੈ।

ਯੋਗੀ ਨੇ ਮੂਲ ਮੰਤਰ ਦੇ ਆਸਰੇ ਲੱਖ ਦੇ ਕਰੀਬ ਸਿੰਘ ਸਜਾਏ, ਜੋ ਦੂਸਰੇ ਮਤ ਦੇ ਲੋਕਾਂ ਵਿਚੋਂ ਹਨ। ਇਹਨਾਂ ਨੂੰ ਸਿੱਖ ਧਰਮ ਦੇ ਬਾਰੇ ਕੋਈ ਗਿਆਨ ਨਹੀਂ ਸੀ। ਇਹ

ਲੋਕ ਮੀਟ ਸ਼ਰਾਬ ਖਾਂਦੇ ਪੀਂਦੇ ਸਨ। ਜਦੋਂ ਇਨ੍ਹਾਂ ਨੂੰ ਪਤਾ ਲੱਗ ਗਿਆ ਕਿ ਸਿੱਖ ਧਰਮ ਵਿਚ ਮੀਟ ਸ਼ਰਾਬ ਦੀ ਬੰਧਸ਼ ਹੈ ਤਾਂ ਗੁਰੂ ਦੀ ਆਗਿਆ ਮੰਨ ਕੇ ਪਹਿਲਾਂ ਇਸ ਦਾ ਤਿਆਗ ਕੀਤਾ। ਫਿਰ ਇਹਨਾਂ ਨੂੰ ਪਤਾ ਲੱਗਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਰਹਿਤ ਪਿਆਰੀ ਹੈ ਤਾਂ ਰਹਿਤ ਰੱਖਣੀ ਸ਼ੁਰੂ ਕਰ ਦਿੱਤੀ। ਜਿਹੜੀ ਚੀਜ ਗੁਰੂ ਜੀ ਨੂੰ ਪਿਆਰੀ ਸੀ ਉਸ ਉਪਰ ਅਮਲ ਕੀਤਾ। ਇਹਨਾਂ ਨੇ ਸਿੱਖ ਧਰਮ ਦਾ ਪਹਿਰਾਵਾ ਅਪਣਾਇਆ ਅਤੇ ਬਾਣੇ ਵਿਚ ਪੂਰੇ ਹਨ। ਸਾਰੇ ਸਿੰਘ ਸਿੰਘਣੀਆਂ ਦਸਤਾਰ (ਕੇਸਕੀ) ਸਜਾਉਂਦੇ ਹਨ।

ਯੋਗੀ ਹੁਣ ਇੰਡੀਆ ਜਾ ਕੇ ਵੀ ਸਿਖ ਧਰਮ ਦਾ ਪ੍ਰਚਾਰ ਕਰ ਰਿਹਾ ਹੈ। ਦਸ ਹਜ਼ਾਰ ਗੋਰੇ ਸਿੰਘ ਸਿੰਘਣੀਆਂ ਦਾ ਜਥਾ ਪ੍ਰਚਾਰ ਵਾਸਤੇ ਇੰਡੀਆ ਭੇਜਣ ਦਾ ਉਪਰਾਲਾ ਕਰ ਰਿਹਾ ਹੈ। ਜਿਹੜੇ ਕਿ ਪਿੰਡ-ਪਿੰਡ ਜਾ ਕੇ ਸਿੱਖੀ ਦਾ ਪ੍ਰਚਾਰ ਕਰਨਗੇ।

ਜਿਹੜਾ ਕੰਮ ਅਸੀਂ ਨਹੀਂ ਕਰ ਸਕੇ ਉਹ ਯੋਗੀ ਨੇ ਕਰ ਦਿਖਾਇਆ ਹੈ। ਅਸੀਂ ਕਿਸੇ ਹੋਰ ਧਰਮ ਵਿਚ ਕਿੰਨੇ ਕੁ ਸਿੰਘ ਸਜਾਏ ਹਨ। ਇਹ ਕੋਈ ਵਡਿਆਈ ਦੀ ਗੱਲ ਨਹੀਂ ਹੈ, ਅੱਖੀਂ ਦੇਖਿਆ ਹੈ। ਅੱਜਕਲ ਆਪਣੇ ਬੱਚਿਆਂ ਨੂੰ ਸਿੱਖ ਬਣਾਉਣਾ ਔਖਾ ਹੈ, ਇਹ ਤਾਂ ਹੋਰ ਧਰਮਾਂ ਦੇ ਲੋਕਾਂ ਨੂੰ ਸਿਖ ਬਣਾ ਰਿਹਾ ਹੈ।

*****

# ਬੈਰਾਗ

ਪਰਿਵਾਰ ਦਾ ਕੋਈ ਜੀਵ ਵਿਛੜ ਜਾਵੇ ਤਾਂ ਮੱਲੋਮੱਲੀ ਉਸ ਦੀ ਯਾਦ ਕਰਕੇ ਬੈਰਾਗ ਆ ਜਾਂਦਾ ਹੈ। ਘਰ ਵਿਚ ਉਠਦੇ ਬੈਠਦੇ ਉਸ ਦੀ ਯਾਦ ਆਉਂਦੀ ਰਹਿੰਦੀ ਹੈ ਕਿ ਪਰਿਵਾਰ ਵਿਚ ਇਕੱਠੇ ਉਠਦੇ ਬੈਠਦੇ ਸੀ। ਦੂਸਰਾ ਕਿਸੇ ਦੇ ਨਾਲ ਪਿਆਰ ਹੋ ਜਾਵੇ। ਇਨਸਾਨ ਜਿੰਨਾ ਕਿਸੇ ਦੇ ਨਜਦੀਕ ਹੁੰਦਾ ਹੈ ਉਨਾ ਹੀ ਉਸ ਦੇ ਨਾਲ ਪਿਆਰ ਜਿਆਦਾ ਹੁੰਦਾ ਹੈ।

ਇਸੇ ਤਰ੍ਹਾਂ ਮੈਨੂੰ ਸਿੰਗਾਪੁਰ ਵਿਚ ਇਕ ਨੌਜਵਾਨ ਮਿਲਿਆ। ਉਸਨੇ ਕਿਹਾ, ਬਾਬਾ ਜੀ ਮੈਨੂੰ ਬਹੁਤ ਬੈਰਾਗ ਆਉਂਦਾ ਹੈ। ਮੈਂ ਉਸਦੀ ਗੱਲ ਸੁਣ ਕੇ ਬਹੁਤ ਖੁਸ਼ ਹੋਇਆ ਕਿ ਤੂੰ ਬਹੁਤ ਹੀ ਕਿਸਮਤ ਵਾਲਾ ਹੈ। ਵੱਡੇ ਭਾਗ ਹੋਣ ਤਾਂ ਬੈਰਾਗ ਆਉਂਦਾ ਹੈ। ਉਸਨੇ ਕਿਹਾ, ਨਹੀਂ ਬਾਬਾ ਜੀ, ਮੈਨੂੰ ਕਿਸੇ ਲੜਕੀ ਨਾਲ ਪਿਆਰ ਹੋ ਗਿਆ ਹੈ। ਹਰ ਵੇਲੇ ਮੈਨੂੰ ਉਸ ਦੀ ਯਾਦ ਸਤਾਉਂਦੀ ਹੈ। ਮੈਨੂੰ ਹੋਰ ਕੋਈ ਚੀਜ ਚੰਗੀ ਨਹੀਂ ਲੱਗਦੀ। ਮੈਂ ਉਸ ਨੂੰ ਦੇਖੇ ਬਗੈਰ ਰਹਿ ਨਹੀਂ ਸਕਦਾ। ਉਹ ਮੈਨੂੰ ਛੱਡ ਕੇ ਚਲੀ ਗਈ। ਮੇਰੇ ਨਾਲ ਰਿਸ਼ਤਾ ਤੋੜ ਕੇ ਚਲੀ ਗਈ ਅਤੇ ਕਹਿੰਦੀ ਕਿ ਮੇਰਾ ਰਸਤਾ ਅਲੱਗ ਹੈ ਤੇ ਤੇਰਾ ਅਲੱਗ ਹੈ। ਮੈਂ ਉਸ ਦੇ ਬਗੈਰ ਰਹਿ ਨਹੀਂ ਸਕਦਾ, ਮੇਰੇ ਲਈ ਅਰਦਾਸ ਕਰੋ। ਮੈਂ ਉਸ ਨੂੰ ਕਿਹਾ, ਜੇ ਤੈਨੂੰ ਪ੍ਰਭੂ ਦੇ ਮਿਲਣ ਦਾ ਚਾਅ ਹੈ ਤਾਂ ਮੈਂ ਜ਼ਰੂਰ ਅਰਦਾਸ ਕਰੂੰਗਾ। ਦੁਨਿਆਵੀ ਕੰਮਾਂ ਵਾਸਤੇ ਮੈਂ ਅਰਦਾਸ ਨਹੀਂ ਕਰਦਾ। ਮੈਂ ਉਸ ਨੂੰ ਬੇਨਤੀ ਕੀਤੀ ਕਿ ਤੂੰ ਸੱਚਾ ਪ੍ਰੇਮ ਵਾਹਿਗੁਰੂ ਨਾਲ ਜੋੜ ਜਿਸ ਨੇ ਅੰਤ ਵੇਲੇ ਸਹਾਈ ਹੋਣਾ ਹੈ।

## ਪ੍ਰਮਾਤਮਾ ਨੂੰ ਮਿਲਣ ਦਾ ਬੈਰਾਗ

ਹਉ ਰਹਿ ਨਾ ਸਕਾ ਬਿਨੁ ਦੇਖੇ ਪ੍ਰੀਤਮਾ
ਮੈ ਨੀਰੁ ਵਹੇ ਵਹਿ ਚਲੈ ਜੀਉ ॥

*(ਮਾਝ ਮ: 4 ਪੰ:–94)*

ਪ੍ਰਮਾਤਮਾ ਸਾਰਿਆਂ ਜੀਵਾਂ ਦੇ ਅੰਦਰ ਵਸਦਾ ਹੈ, ਪਰ ਦਿਖਾਈ ਨਹੀਂ ਦਿੰਦਾ। ਇਸ ਦੇ ਨਾਲ ਪਿਆਰ ਪਾਉਣਾ ਬਹੁਤ ਕਠਿਨ ਹੈ। ਜਿਹੜੇ ਇਨਸਾਨ ਪ੍ਰਮਾਤਮਾ ਦੀ ਭਗਤੀ ਕਰਦੇ ਹਨ। ਉਨ੍ਹਾਂ ਦੇ ਹਿਰਦੇ ਅੰਦਰ ਪ੍ਰਕਾਸ਼ ਹੋ ਜਾਂਦਾ ਹੈ। ਜਿਵੇਂ ਕਿ ਗੁਰਬਾਣੀ ਬਿਆਨ ਕਰਦੀ ਹੈ :-

ਅਦ੍ਰਿਸਟੁ ਅਗੋਚਰੁ ਪਕੜਿਆ ਗੁਰ ਸਬਦੀ
ਹਉ ਸਤਿਗੁਰ ਕੈ ਬਲਿਹਾਰੀਐ ॥

ਸੱਤਿਗੁਰ ਆਗੈ ਸੀਸੁ ਭੇਟ ਦੇਉ ਜੇ ਸਤਿਗੁਰ ਸਾਚੇ ਭਾਵੈ ॥
ਆਪੇ ਦਇਆ ਕਰਹੁ ਪ੍ਰਭ ਦਾਤੇ ਨਾਨਕ ਅੰਕਿ ਸਮਾਵੈ ॥
(ਤੁਖਾਰੀ ਮ: 4 ਪੰ:–1114)

ਸਿਮਰਨ ਕਰਦਿਆਂ ਕਰਦਿਆਂ ਪਹਿਲਾਂ ਉਨ੍ਹਾਂ ਦੀ ਆਤਮਾ ਨਿਰਮਲ ਹੁੰਦੀ ਹੈ । ਹੌਲੀ-ਹੌਲੀ ਬੈਰਾਗ ਆਉਣਾ ਸ਼ੁਰੂ ਹੋ ਜਾਂਦਾ ਹੈ । ਇਸ ਬੈਰਾਗ ਕਰਕੇ ਜੀਵ ਦੇ ਜਨਮ ਜਨਮ ਦੇ ਪਾਪ ਧੋਤੇ ਜਾਂਦੇ ਹਨ । ਐਸੇ ਬੈਰਾਗ ਕਰਕੇ ਜੀਵਨ ਮੁਕਤ ਹੁੰਦਾ ਹੈ ਅਤੇ ਪ੍ਰਮਾਤਮਾ ਆਪਣੇ ਆਪ ਵਿਚ ਲੀਨ ਕਰ ਲੈਂਦਾ ਹੈ ।

*****

# ਮੰਤਰ

ਕਈ ਲੋਕ ਕਿਸੇ ਚੀਜ਼ ਨੂੰ ਵਸ ਕਰਨ ਵਾਸਤੇ ਮੰਤਰ ਦਾ ਅਭਿਆਸ ਕਰਦੇ ਹਨ। ਜਿਸ ਤਰ੍ਹਾਂ ਕਾਲਾ ਮੰਤਰ ਪੜ੍ਹ ਕੇ ਭੂਤਾਂ ਪ੍ਰੇਤਾਂ ਨੂੰ ਵਸ ਕਰਨਾ। ਇਸ ਤਰ੍ਹਾਂ ਵਸ ਕਰਕੇ ਲੋਕਾਂ ਨੂੰ ਦੁਖੀ ਕਰਨਾ। ਇਹ ਸੌਖਾ ਤਰੀਕਾ ਹੈ, ਕਿਸੇ ਸਿਆਣੇ ਨੂੰ ਪੈਸੇ ਦੇ ਕੇ ਕਿਸੇ ਦਾ ਘਰ ਬਰਬਾਦ ਕਰ ਦੇਣਾ। ਕਈ ਜੀਵਾਂ ਦੀ ਜਾਨ ਵੀ ਚਲੀ ਜਾਂਦੀ ਹੈ। ਅੱਜ ਕਲ ਇਹ ਬਹੁਤ ਪ੍ਰਚੱਲਤ ਹੈ।

ਇਕ ਵਾਰੀ ਮੇਰੇ ਪਾਸ ਤਿੰਨ ਬੀਬੀਆਂ ਆਈਆਂ ਤੇ ਉਨ੍ਹਾਂ ਵਿੱਚੋਂ ਇੱਕ ਨੇ ਬੇਨਤੀ ਕੀਤੀ ਕਿ ਇਸ ਬੀਬੀ ਵਾਸਤੇ ਅਰਦਾਸ ਕਰੋ। ਇਸ ਦੀ ਸਿਹਤ ਠੀਕ ਨਹੀਂ ਰਹਿੰਦੀ। ਮੈਂ ਬੀਬੀ ਨੂੰ ਪੁਛਿਆ, ਕੀ ਗੱਲ ਹੈ। ਉਸ ਦੀ ਭੈਣ ਨੇ ਦੁਖ ਭਰੀ ਕਹਾਣੀ ਸੁਣਾਈ ਕਿ ਇਸ ਦੀ ਸ਼ਾਦੀ ਇੰਡੀਆ ਵਿਚ ਹੋਈ ਸੀ। ਲੜਕਾ ਇੰਗਲੈਂਡ ਤੋਂ ਗਿਆ ਤੇ ਉਸ ਨੂੰ ਇਹ ਪਸੰਦ ਆ ਗਈ। ਸ਼ਾਦੀ ਕਰਵਾ ਕੇ ਉਹ ਇਸ ਨੂੰ ਆਪਣੇ ਨਾਲ ਲੈ ਆਇਆ। ਇਸ ਦੇ ਇਕ ਲੜਕੀ ਵੀ ਹੈ। ਇਸ ਦੀ ਸੱਸ ਨੇ ਇਸ ਨੂੰ ਇੰਨਾ ਤੰਗ ਕੀਤਾ ਕਿ ਘਰ ਵਸਣ ਯੋਗੀ ਨਹੀਂ ਰਹੀ। ਦਿਨੋ ਦਿਨ ਵਿਚਾਰੀ ਕਮਜ਼ੋਰ ਹੋ ਰਹੀ ਹੈ। ਇਸ ਤਰ੍ਹਾਂ ਲੱਗਦਾ ਹੈ ਕਿ ਕਿਸੇ ਨੇ ਕੁਝ ਕੀਤਾ ਹੋਵੇ। ਰਾਤ ਨੂੰ ਇਸ ਨੂੰ ਕੋਈ ਐਸੀ ਚੀਜ਼ ਨਜ਼ਰ ਆਉਂਦੀ ਹੈ, ਕਿ ਇਹ ਘਰ ਤੋਂ ਬਾਹਰ ਦੌੜ ਜਾਂਦੀ ਹੈ।

ਇਸ ਤਰ੍ਹਾਂ ਨਾਲ ਬਹੁਤ ਸਾਰੇ ਪਰਿਵਾਰ ਦੁਖੀ ਹਨ। ਦਾਸ ਨੇ ਉਸ ਨੂੰ ਕਿਹਾ ਕਿ ਤੂੰ ਮੂਲਮੰਤਰ ਦਾ ਪਾਠ ਕਰਿਆ ਕਰ। ਜਿਹੜਾ ਪ੍ਰਮਾਤਮਾ ਦਾ ਨਾਮ ਲੈਂਦਾ ਹੈ ਇਸ ਤਰ੍ਹਾਂ ਦੀਆਂ ਚੀਜ਼ਾਂ ਉਸ ਦੇ ਨੇੜੇ ਨਹੀਂ ਆਉਂਦੀਆਂ। ਇਸ ਤਰ੍ਹਾਂ ਦੇ ਮੰਤਰ ਕਰਨ ਨਾਲ ਆਪ ਵੀ ਦੁਖੀ ਹੁੰਦਾ ਹੈ ਤੇ ਜਿਸ 'ਤੇ ਕਰਦੇ ਹਨ ਉਹ ਵੀ ਦੁਖੀ ਹੁੰਦੇ ਹਨ। ਇਸ ਤਰ੍ਹਾਂ ਕਰਨ ਕਰਾਉਣ ਵਾਲੇ ਨੂੰ ਬਹੁਤ ਦੁਖ ਭੋਗਣੇ ਪੈਂਦੇ ਹਨ। ਉਹ ਜੀਵ ਚੌਰਾਸੀ ਲੱਖ ਜੂਨਾਂ ਵਿਚ ਭਟਕਦਾ ਹੈ। ਗੁਰਮੱਤ ਵਿਚ ਇਹ ਸਭ ਮਨਮਤ ਹੈ। ਜਿਹੜਾ ਇਹ ਮੰਤਰ ਕਰਾਉਂਦਾ ਹੈ, ਉਸ ਨੂੰ ਤਿੰਨ ਗੁਣਾਂ ਸਜ਼ਾ ਭੁਗਤਣੀ ਪੈਂਦੀ ਹੈ। 1-ਜਿਸ ਕੋਲੋਂ ਕਰਵਾਈ 2-ਜਿਸ ਉਤੇ ਕੀਤੀ 3-ਜਿਸ ਸਿਆਣੇ ਨੇ ਕੀਤੀ ਹੈ। ਇਹ ਸਾਰਾ ਕਰਾਉਣ ਵਾਲੇ ਨੂੰ (ਸੱਸ) ਨੂੰ ਭੁਗਤਣਾ ਪਵੇਗਾ। ਹੇ ਇਨਸਾਨ ! ਤੂੰ ਚਾਰ ਦਿਨ ਦੇ ਸੁਖ ਵਾਸਤੇ ਏਨਾ ਜ਼ੁਲਮ ਕਿਉਂ ਕਰ ਰਿਹਾ ਹੈ। ਜ਼ੁਲਮ ਕਰਨ ਤੋਂ ਪਹਿਲਾਂ ਕੁਝ ਸੋਚਣਾ ਚਾਹੀਦਾ ਹੈ ਕਿ ਇਸ ਦਾ ਦੁੱਖ ਤਿੰਨ ਗੁਣਾ ਮਿਲੇਗਾ।

*****

# ਜਾਦੂ ਟੂਣਾ

ਇੱਕ ਦਿਨ ਮੇਰੇ ਘਰ ਦੋ ਨੌਜਵਾਨ ਲੜਕੇ ਆਏ । ਇੱਕ ਲੜਕਾ ਕਹਿਣ ਲੱਗਾ ਕਿ ਮੈਂ ਠੀਕ ਨਹੀਂ ਰਹਿੰਦਾ, ਸਾਰੇ ਘਰ ਵਾਲੇ ਮੈਨੂੰ ਪਾਗਲ ਸਮਝਦੇ ਹਨ । ਮੈਂ ਹਰ ਵੇਲੇ ਫਿਕਰ ਕਰਦਾ ਰਹਿੰਦਾ ਹਾਂ, ਕੋਈ ਵੀ ਕੰਮ ਕਰਨ ਨੂੰ ਦਿਲ ਨਹੀਂ ਕਰਦਾ । ਘਰਵਾਲੀ ਦੇ ਨਾਲ ਝਗੜਾ ਰਹਿੰਦਾ ਹੈ । ਮੇਰਾ ਸਿਰ ਭਾਰਾ ਭਾਰਾ ਰਹਿੰਦਾ ਹੈ । ਮੇਰੇ ਸਿਰ ਵਿੱਚ ਕੋਈ ਐਸੀ ਚੀਜ਼ ਹੈ ਜਿਹੜੀ ਕਹਿੰਦੀ ਹੈ ਜਾ ਕੇ ਕੇਸ ਕਟਾ ਲੈ, ਅਗਰ ਸਿੰਘ ਸਜਿਆ ਤਾਂ ਤੈਨੂੰ ਮਾਰ ਦੇਵਾਂਗੀ । ਦਾਸ ਨੇ ਉਸ ਨੂੰ ਸਮਝਾਇਆ ਜਿਊਣਾ ਮਰਨਾ ਪ੍ਰਮਾਤਮਾ ਦੇ ਹੱਥ ਹੈ, ਕੋਈ ਕਿਸੇ ਨੂੰ ਮਾਰ ਨਹੀਂ ਸਕਦਾ ।

ਜਿਸ ਦਾ ਸਾਹਿਬੁ ਡਾਢਾ ਹੋਇ ॥
ਤਿਸ ਨੋ ਮਾਰਿ ਨ ਸਾਕੈ ਕੋਇ ॥
*(ਬਿਲਾਵਲੁ ਮ: 3 ਪੰ:–842)*

ਤੂੰ ਗੁਰਦੁਆਰੇ ਜਾ ਕੇ ਸੰਗਤ ਦੀ ਸੇਵਾ ਕਰਿਆ ਕਰ । ਉਹ ਗੁਰਦੁਆਰੇ ਜਾ ਕੇ ਸੇਵਾ ਕਰਨ ਲੱਗ ਪਿਆ ਤੇ ਦਸਤਾਰ ਸਜਾ ਲਈ । ਉਸ ਚੀਜ਼ ਦਾ ਅਸਰ ਘੱਟ ਗਿਆ । ਕੁਦਰਤੀ ਦੋ ਤਿੰਨ ਹਫਤੇ ਲਈ ਬਾਹਰ ਚਲਾ ਗਿਆ, ਉਹ ਚੀਜ਼ ਦੁਬਾਰਾ ਆ ਗਈ ਤੇ ਕਹਿਣ ਲੱਗੀ ਕਿ ਜੇ ਤੂੰ ਕੇਸ ਨਹੀਂ ਕਟਾਏ ਤਾਂ ਦਸੰਬਰ 1995 ਵਿੱਚ ਤੇਰੀ ਮੌਤ ਹੋ ਜਾਵੇਗੀ । ਉਹ ਵਿਚਾਰਾ ਫਿਰ ਮੇਰੇ ਕੋਲ ਆਇਆ ਤੇ ਕਿਹਾ, ਮੈਂ ਬਹੁਤ ਡਰਦਾ ਹਾਂ । ਦਾਸ ਨੇ ਉਸ ਨੂੰ ਕਿਹਾ, "ਜਦੋਂ ਤੈਨੂੰ ਚੀਜ਼ ਦਿਸੇ ਤਾਂ ਜ਼ੋਰ ਜ਼ੋਰ ਦੀ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਦਾ ਸਿਮਰਨ ਕਰਿਆ ਕਰ ।

ਗੁਰੂ ਮਹਾਰਾਜ ਦੀ ਕ੍ਰਿਪਾ ਨਾਲ 1996 ਦਾ ਸਾਲ ਚੜ੍ਹ ਗਿਆ, ਉਸ ਨੂੰ ਹੌਸਲਾ ਹੋ ਗਿਆ ਕਿ ਜੋ ਚੀਜ਼ ਡਰਾਉਂਦੀ ਸੀ, ਉਹ ਖਤਮ ਨਹੀਂ ਕਰ ਸਕਦੀ । ਸਿਮਰਨ 'ਤੇ ਉਸਨੂੰ ਇਤਨਾ ਯਕੀਨ ਹੋ ਗਿਆ, ਉਹ ਕਹਿੰਦਾ ਗੁਰੂ ਜੀ ਕ੍ਰਿਪਾ ਕਰਨ ਤਾਂ ਮੈਂ ਅੰਮ੍ਰਿਤ ਜ਼ਰੂਰ ਛਕਾਂਗਾ ।

*****

# ਗੁਰਮੰਤਰ

## ਵਾਹਿਗੁਰੂ ਗੁਰਮੰਤ੍ਰ ਹੈ, ਜਪਿ ਹਉਮੈ ਖੋਈ

ਵਾਹਿਗੁਰੂ ਜਪਣ ਦੇ ਦੋ ਤਰੀਕੇ ਹਨ । ਇਕ ਵਾਹਿਗੁਰੂ ਵਾਹਿਗੁਰੂ ਅਤੇ ਦੂਸਰਾ ਜਦੋਂ ਅੰਮ੍ਰਿਤ ਛਕਾਉਂਦੇ ਹਨ ਤਾਂ ਪੰਜ ਪਿਆਰੇ ਸੁਆਸ-ਸੁਆਸ ਸਿਮਰਨ ਕਰਨ ਦੀ ਵਿਧੀ ਦੱਸਦੇ ਹਨ । ਸੁਆਸ-ਸੁਆਸ ਸਿਮਰਨ ਅੰਮ੍ਰਿਤ ਛਕਾਉਣ ਵੇਲੇ ਪੰਜ ਪਿਆਰੇ ਦ੍ਰਿੜਾਉਂਦੇ ਹਨ । ਸੁਆਸ-ਸੁਆਸ ਸਿਮਰਨ ਕਰਨ ਦਾ ਫਲ ਕਿ ਵਾਹਿਗੁਰੂ ਸਿਮਰਨ ਦੀ ਧੁੰਨੀ ਨੂੰ ਆਪਣੇ ਸੁਆਸਾਂ ਦੇ ਅੰਦਰ ਵਸਾ ਲੈਣਾ । ਇਨਸਾਨ ਦੇ ਸੁਆਸ ਚੌਵੀ ਘੰਟੇ ਚਲਦੇ ਹਨ, ਜਿਸ ਤਰ੍ਹਾਂ ਘੜੀ ਨੂੰ ਚਾਬੀ ਲਗਾ ਦੇਵੇ ਤੇ 24 ਘੰਟੇ ਚਲਦੀ ਰਹਿੰਦੀ ਹੈ ਇਸੇ ਤਰ੍ਹਾਂ ਗੁਰਸਿਖ ਅੰਮ੍ਰਿਤ ਵੇਲੇ ਸੁਆਸ-ਸੁਆਸ ਨਾਮ ਜਪੇ ਤਾਂ ਸਾਰੀ ਦਿਹਾੜੀ ਚਲਦਾ ਰਹਿੰਦਾ ਹੈ । ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਸੁਖਮਨੀ ਸਾਹਿਬ ਜੀ ਵਿਚ ਫੁਰਮਾਉਂਦੇ ਹਨ :-

ਪੂਰੇ ਗੁਰ ਕਾ ਸੁਨਿ ਉਪਦੇਸੁ ॥<br>
ਪਾਰਬ੍ਰਹਮੁ ਨਿਕਟਿ ਕਰਿ ਪੇਖੁ ॥<br>
ਸਾਸਿ ਸਾਸਿ ਸਿਮਰਹੁ ਗੋਬਿੰਦ ॥<br>
ਮਨ ਅੰਤਰ ਕੀ ਉਤਰੈ ਚਿੰਦ ॥

*(ਸੁਖਮਨੀ ਸਾਹਿਬ)*

ਸੁਆਸ ਸੁਆਸ ਸਿਮਰਨ ਕਰਦਿਆਂ ਮਹਾਰਾਜ ਆਪ ਕਲਾ ਵਰਤਾ ਦਿੰਦੇ ਹਨ । ਇਕ ਦਿਨ ਐਸਾ ਆ ਜਾਂਦਾ ਹੈ ਕਿ ਸਤਿਗੁਰੂ ਆਪ ਹੀ ਦਸਵੇਂ ਦੁਆਰ ਦੀ ਖੇਲ ਵਰਤਾ ਦਿੰਦੇ ਹਨ । ਫਿਰ ਇਹ ਅਵਸਥਾ ਆ ਜਾਂਦੀ ਹੈ:-

ਰੀ ਕਲਵਾਰਿ ਗਵਾਰਿ ਮੂਢ ਮਤਿ ਉਲਟੋ ਪਵਨੁ ਫਿਰਾਵਉ ॥<br>
ਮਨੁ ਮਤਵਾਰ, ਮੇਰ ਸਰ ਭਾਠੀ ਅੰਮ੍ਰਿਤ ਧਾਰ ਚੁਆਵਉ ॥

*(ਰਾਗੁ ਕੇਦਾਰਾ ਬਾਣੀ ਕਬੀਰ ਜੀ ਪੰ:-1123)*

ਇਸ ਮਹਾਂਵਾਕ ਅਨੁਸਾਰ ਜਦੋਂ ਇਹ ਅਵਸਥਾ ਆਉਂਦੀ ਹੈ ਤਾਂ ਸਿਮਰਨ ਸੁਆਸਾਂ ਦੇ ਅੰਦਰ ਵਸ ਜਾਂਦਾ ਹੈ ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜੁਗਤੀ ਦੱਸੀ ਕਿ ਕਿਸ ਤਰ੍ਹਾਂ ਗੁਰਸਿਖ ਨੇ ਜੀਵਨ ਬਿਤਾਉਣਾ ਹੈ । ਅੰਮ੍ਰਿਤ ਵੇਲੇ ਉਠ ਕੇ ਸੁਆਸ ਸੁਆਸ ਨਾਮ ਜਪਣਾ ਬਹੁਤ ਹੀ ਜਰੂਰੀ ਹੈ । ਇਹ ਗੁਰਸਿਖੀ ਦਾ ਸਭ ਤੋਂ ਪਹਿਲਾ ਅਸੂਲ ਹੈ । ਜਿੰਨੇ ਵੀ ਮਹਾਂਪੁਰਸ਼ ਹੋਏ ਉਨ੍ਹਾਂ ਸਾਰਿਆਂ ਨੇ ਅੰਮ੍ਰਿਤ ਵੇਲੇ ਨਾਮ ਜਪਿਆ । ਕਲਯੁਗ ਵਿਚ ਸ੍ਰੀ ਗੁਰੂ ਨਾਨਕ

ਦੇਵ ਜੀ ਦਾ ਰਾਜ ਹੈ। ਭਾਈ ਗੁਰਦਾਸ ਜੀ ਨੇ ਸਪੱਸ਼ਟ ਕਰ ਦਿੱਤਾ ਹੈ ਕਿ 'ਵਾਹਿਗੁਰੂ' ਗੁਰਮੰਤਰ ਹੈ।

ਸਤਿਜੁਗਿ ਸਤਿਗੁਰ ਵਾਸਦੇਵ ਵਵਾ ਵਿਸਨਾ ਨਾਮ ਜਪਾਵੈ ॥
ਦੁਆਪਰਿ ਸਤਿਗੁਰ ਹਰੀਕ੍ਰਿਸਨ ਹਾਹਾ ਹਰਿ ਹਰਿ ਨਾਮੁ ਜਪਾਵੈ।
ਤ੍ਰੇਤੇ ਸਤਿਗੁਰ ਰਾਮ ਜੀ ਰਾਰਾ ਰਾਮ ਜਪੇ ਸੁਖ ਪਾਵੈ।
ਕਲਿਜੁਗਿ ਨਾਨਕ ਗੁਰ ਗੋਬਿੰਦ ਗਗਾ ਗੋਬਿੰਦ ਨਾਮ ਅਲਾਵੈ।
ਚਾਰੇ ਜਾਗੇ ਚਹੁ ਜੁਗੀ ਪੰਚਾਇਣ ਵਿਚਿ ਜਾਇ ਸਮਾਵੈ।
ਚਾਰੋ ਅਛਰ ਇਕ ਕਰਿ ਵਾਹਿਗੁਰੁ ਜਪੁ ਮੰਤ੍ਰ ਜਪਾਵੈ।
ਜਹਾਂ ਤੇ ਉਪਜਿਆ ਫਿਰਿ ਤਹਾਂ ਸਮਾਵੈ ॥ 1 ॥

*(ਭਾਈ ਗੁਰਦਾਸ ਜੀ)*

ਭਾਈ ਗੁਰਦਾਸ ਜੀ ਆਪਣੀ ਇਸ ਵਾਰ ਵਿਚ ਫੁਰਮਾਉਂਦੇ ਹਨ ਕਿ ਸਤਿਜੁਗਿ ਵਿਚ ਵਾਸਦੇਵ ਅਵਤਾਰ ਸਨ ਅਤੇ 'ਵਿਸ਼ਨੂੰ' ਨਾਮ ਜਪਾਉਂਦੇ ਸਨ। ਦੁਆਪਰਿ ਵਿਚ ਹਰੀ ਕ੍ਰਿਸ਼ਨ ਅਵਤਾਰ ਸਨ ਅਤੇ ਹਰਿ ਹਰਿ ਨਾਮ ਜਪਾਉਂਦੇ ਸਨ। ਤ੍ਰੇਤੇ ਵਿਚ ਰਾਮ ਜੀ ਅਵਤਾਰ ਸਨ ਅਤੇ ਰਾਮ ਰਾਮ ਜਪਾਉਂਦੇ ਸਨ। ਕਲਜੁਗਿ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗੋਬਿੰਦ ਦਾ ਨਾਮ ਜਪਾਇਆ। ਇਸ ਤਰ੍ਹਾਂ ਚੌਹਾਂ ਜੁਗਾਂ ਦੇ ਮੰਤਰਾਂ ਵਿਚੋਂ ਇਕ ਇਕ ਸ਼ਬਦ ਲੈ ਕੇ ਵਾਹਿਗੁਰੂ ਗੁਰਮੰਤਰ ਬਣਾਇਆ ਹੈ। ਇਸ ਗੁਰਮੰਤਰ ਦਾ ਫਲ ਸਭ ਤੋਂ ਉਤਮ ਹੈ। ਇੱਕ ਇੱਕ ਅੱਖਰ ਉਪਰ ਪੂਰੇ ਇੱਕ ਜੁਗ ਦੀ ਤਪੱਸਿਆ ਹੋਈ ਹੈ।

ਜਿਸ ਤਰ੍ਹਾਂ ਇੱਕੋ ਸਿੱਕਾ ਇੱਕ ਰਾਜ ਵਿਚ ਚਲਦਾ ਹੈ। ਪੁਰਾਣੇ ਸਿੱਕਿਆਂ ਦੀ ਕੋਈ ਮਿਆਦ ਨਹੀਂ ਰਹਿੰਦੀ। ਇਸੇ ਤਰ੍ਹਾਂ ਪਿਛਲੇ ਜੁਗਾਂ ਦੇ ਮੰਤਰ ਹਨ। ਇਹਨਾਂ ਦਾ ਜਪ ਕਰਨ ਦੇ ਨਾਲ ਇਸ ਜੁਗ ਵਿਚ ਇੰਨਾ ਫਲ ਨਹੀਂ ਮਿਲ ਸਕਦਾ। ਇਸ ਜੁਗ ਵਿਚ 'ਵਾਹਿਗੁਰੂ' ਗੁਰਮੰਤਰ ਹੈ। ਇਸ ਕਲਜੁਗ ਵਿਚ ਵਾਹਿਗੁਰੂ ਜਪਣ ਦਾ ਸਭ ਤੋਂ ਉਤਮ ਫਲ ਹੈ।

*****

# ਲੋਗਨ ਰਾਮ ਖਿਲੌਨਾ ਜਾਨਾ

ਇੱਕ ਦਿਨ ਦਾਸ ਸਿੰਘ ਸਭਾ ਗੁਰਦੁਆਰੇ 10 ਤੋਂ 11 ਸਵੇਰੇ ਸਿਮਰਨ ਵੇਲੇ ਹਾਜ਼ਰੀ ਭਰ ਰਿਹਾ ਸੀ। ਦਾਸ ਜਿਥੇ ਰਸੀਦਾਂ ਕੱਟਦੇ ਹਨ ਉਥੇ ਨਜਦੀਕ ਹੀ ਬੈਠਾ ਸੀ। ਸੰਗਰਾਂਦ ਦਾ ਦਿਨ ਸੀ ਅਤੇ ਸੰਗਤ ਬਹੁਤ ਜੁੜੀ ਹੋਈ ਸੀ। ਬਹੁਤ ਸਾਰੇ ਗੁਰਸਿਖਾਂ ਨੇ ਆਪਣੀ ਆਪਣੀ ਭਾਵਨਾ ਅਨੁਸਾਰ ਅਰਦਾਸ ਵਾਸਤੇ ਮਾਇਆ ਭੇਂਟ ਕੀਤੀ। ਲਿਸਟ ਕਾਫੀ ਵੱਡੀ ਹੋ ਗਈ। ਅਖੀਰ ਵਿਚ ਇਕ ਬੀਬੀ ਆਈ। ਉਸ ਨੇ ਗਿਆਨੀ ਜੀ ਨੂੰ ਸਵਾ ਪੌਂਡ ਦਿੱਤਾ ਤੇ ਕਿਹਾ ਕਿ ਪਿਛਲੇ ਸਾਲ ਮੇਰਾ ਪਤੀ ਗੁਜ਼ਰ ਗਿਆ ਸੀ, ਉਸ ਦੀ ਰੂਹ ਦੀ ਸ਼ਾਂਤੀ ਵਾਸਤੇ ਅਰਦਾਸ ਕਰਾਉਣੀ ਹੈ। ਦੂਸਰਾ ਮੇਰੇ ਛੋਟੇ ਕਾਕੇ ਦੀ ਤੰਦਰੁਸਤੀ ਅਤੇ ਪਰਿਵਾਰ ਵਿਚ ਸੁੱਖ ਸ਼ਾਂਤੀ ਲਈ ਅਰਦਾਸ ਕਰਨਾ। ਫਿਰ ਬੋਲੀ ਮੇਰੀ ਨੂੰਹ ਕੱਲ੍ਹ ਨੂੰ ਇੰਡੀਆ ਜਾ ਰਹੀ ਹੈ, ਉਹ ਰਾਜੀ ਖੁਸ਼ੀ ਵਾਪਸ ਆਏ। ਕਾਕੇ ਦੇ ਇਮਤਿਹਾਨ ਹਨ, ਉਹ ਪਾਸ ਹੋ ਜਾਵੇ। ਲੜਕੀ ਨੇ ਗੱਡੀ ਦਾ ਟੈਸਟ ਦੇਣਾ ਹੈ, ਪਾਸ ਹੋ ਜਾਣ ਵਾਸਤੇ ਅਰਦਾਸ ਕਰਾਉਣੀ ਹੈ। ਮੇਰੇ ਛੋਟੇ ਲੜਕੇ ਦੇ ਸੰਤਾਨ ਨਹੀਂ ਹੈ, ਪ੍ਰਮਾਤਮਾ ਅੱਗੇ ਅਰਦਾਸ ਕਰਨੀ ਕਿ ਬੱਚੇ ਦੀ ਦਾਤ ਬਖਸ਼ੇ। ਸਾਰੇ ਪਰਿਵਾਰ ਨੇ ਖਜ਼ਾਨਚੀ ਦੇ ਆਲੇ ਦੁਆਲੇ ਘੇਰਾ ਪਾਇਆ ਹੋਇਆ ਸੀ। ਦਾਸ ਉਨ੍ਹਾਂ ਦੀ ਗੱਲ ਸੁਣ ਕੇ ਬਹੁਤ ਹੀ ਹੈਰਾਨ ਹੋਇਆ ਕਿ ਸਭ ਦੁਨਿਆਵੀ ਚੀਜ਼ਾਂ ਦੀ ਮੰਗ, ਨਾਮ ਦੀ ਤਾਂ ਕੋਈ ਗੱਲ ਹੀ ਨਹੀਂ ਹੈ। ਗਿਆਨੀ ਨੇ ਰਸੀਦ ਕੱਟ ਕੇ ਫੜਾ ਦਿੱਤੀ ਤੇ ਬੀਬੀ ਦਾ ਨਾਮ ਲਿਸਟ ਉਤੇ ਲਿਖ ਦਿੱਤਾ। ਉਹ ਸਾਰਾ ਪਰਿਵਾਰ ਸੰਗਤ ਵਿਚ ਬੈਠ ਗਿਆ। ਥੋੜ੍ਹੀ ਦੇਰ ਬਾਅਦ ਸਿਮਰਨ ਦੀ ਸਮਾਪਤੀ ਹੋ ਗਈ ਤੇ ਗਿਆਨੀ ਜੀ ਅਰਦਾਸ ਕਰਨ ਲੱਗੇ। ਗਿਆਨੀ ਜੀ ਨੇ ਸੋਚਿਆ ਕਿ ਲਿਸਟ ਬਹੁਤ ਲੰਬੀ ਹੈ। ਸਾਰਿਆਂ ਦੇ ਨਾਮ ਅਰਦਾਸ ਵਿਚ ਬੋਲਣ ਲਈ ਬਹੁਤ ਸਮਾਂ ਲੱਗੇਗਾ। ਮੈਂ ਹੁਕਮਨਾਮੇ ਤੋਂ ਬਾਅਦ ਵਿਚ ਸੁਣਾ ਦੇਵਾਂਗਾ। ਹੁਕਮਨਾਮਾ ਸ਼ੁਰੂ ਕਰਦਿਆਂ ਹੀ ਬੀਬੀ ਬੇਚੈਨ ਹੋ ਗਈ, ਉਠ ਕੇ ਖਜ਼ਾਨਚੀ ਕੋਲ ਗਈ ਤੇ ਕਿਹਾ, "ਗਿਆਨੀ ਜੀ ਨੇ ਸਾਡਾ ਨਾਮ ਤਾਂ ਅਰਦਾਸ ਵਿਚ ਬੋਲਿਆ ਹੀ ਨਹੀਂ ਹੈ। ਤੁਸੀਂ ਗੁਰਦੁਆਰੇ ਬੈਠ ਕੇ ਵੀ ਹੇਰਾਫੇਰੀ ਕਰਨੀ ਨਹੀਂ ਛੱਡਦੇ।"

ਖਜ਼ਾਨਚੀ ਨੇ ਉਸਨੂੰ ਕਿਹਾ, ਤੁਹਾਡੀ ਅਰਦਾਸ ਜ਼ਰੂਰ ਹੋਵੇਗੀ। ਹੁਕਮਨਾਮੇ ਤੋਂ ਬਾਅਦ ਗਿਆਨੀ ਜੀ ਨੇ ਲਿਸਟ ਪੜ੍ਹਨੀ ਸ਼ੁਰੂ ਕੀਤੀ ਤੇ ਉਹ ਬੀਬੀ ਖਜ਼ਾਨਚੀ ਦੇ ਕੋਲ ਹੀ ਬੈਠੀ ਰਹੀ, ਜਿੰਨੀ ਦੇਰ ਉਸ ਦਾ ਨਾਮ ਨਹੀਂ ਆਇਆ। ਅਖੀਰ ਵਿਚ ਉਸ ਦਾ ਨਾਮ ਲਿਆ ਗਿਆ। ਫਿਰ ਉਹ ਕਹਿਣ ਲੱਗੀ, "ਅਸੀਂ ਤਾਂ ਬਹੁਤ ਕੁਝ ਲਿਖਵਾਇਆ ਸੀ ਗਿਆਨੀ ਜੀ ਨੇ ਇਕੱਲਾ ਮੇਰਾ ਨਾਮ ਬੋਲ ਕੇ ਭੋਗ ਪਾ ਦਿੱਤਾ।"

ਖਜ਼ਾਨਚੀ ਨੇ ਕਿਹਾ ਕਿ ਬੀਬੀ ਜੀ ਅੱਜ ਤਾਂ ਬਹੁਤ ਸੰਗਤ ਸੀ। ਤੁਸੀਂ ਕੱਲ੍ਹ ਨੂੰ ਆ ਜਾਣਾ। ਅਸੀਂ ਪਰੇਮ ਨਾਲ ਅਰਦਾਸ ਕਰ ਦੇਵਾਂਗੇ। ਬੀਬੀ ਨੇ ਕਿਹਾ, ਮੈਨੂੰ ਕੱਲ੍ਹ ਨੂੰ ਫਿਰ ਆਉਣਾ ਪਊ ਤੇ ਸਵਾ ਪੌਂਡ ਹੋਰ ਖਰਚਣਾ ਪਊ।

ਦਾਸ ਨੇ ਸੋਚਿਆ ਲੋਕਾਂ ਨੇ ਰੱਬ ਨੂੰ ਖਿਲੌਣਾ ਮੰਨਿਆ ਹੋਇਆ ਹੈ ਕਿ ਪੈਸੇ ਦੇ ਕੇ ਖਰੀਦ ਲਿਆ। ਨਾਮ ਬਾਣੀ ਦੀ ਤਾਂ ਕੋਈ ਗੱਲ ਹੀ ਨਹੀਂ। ਲੋਕੀਂ ਸਮਝਦੇ ਹਨ ਕਿ ਰੱਬ ਨੂੰ ਪੈਸਿਆਂ ਦੇ ਨਾਲ ਖੁਸ਼ ਕਰ ਲਈਏ। ਪਰ ਇਸ ਤਰ੍ਹਾਂ ਇਨਸਾਨ ਪ੍ਰਮਾਤਮਾ ਨੂੰ ਨਹੀਂ ਪਾ ਸਕਦਾ। ਨਾਮ ਤੋਂ ਬਗੈਰ ਕਿਸੇ ਦਾ ਛੁਟਕਾਰਾ ਨਹੀਂ ਹੈ।

ਮਨੁ ਮਾਇਆ ਮੈ ਫਧਿ ਰਹਿਓ, ਬਿਸਰਿਓ ਗੋਬਿੰਦ ਨਾਮੁ ॥
ਕਹੁ ਨਾਨਕ ਬਿਨੁ ਹਰਿ ਭਜਨ, ਜੀਵਨ ਕਉਨੇ ਕਾਮ ॥

*(ਸਲੋਕ ਮ: 9 ਪੰ:-1428)*

*****

# ਜਾਨਵਰਾਂ ਨਾਲ ਪਿਆਰ

(ੳ)

ਭਾਈ ਸਾਹਿਬ ਜਗਦੀਸ਼ ਸਿੰਘ ਦੀ ਚਿੱਠੀ ਆਈ ਕਿ ਹੋਲੀਵੁਡ (ਅਮਰੀਕਾ) ਵਿਚ ਕਾਫੀ ਪ੍ਰਾਣੀ ਅੰਮ੍ਰਿਤ ਛਕਣ ਵਾਸਤੇ ਤਿਆਰ ਹਨ। ਭਾਈ ਰਜਿੰਦਰ ਸਿੰਘ ਜਥੇ ਸ਼ਮੇਤ ਉਥੇ ਪਹੁੰਚ ਗਏ। ਸਾਡੇ ਨਾਲ ਭਾਈ ਹਰਦਿਆਲ ਸਿੰਘ ਤੇ ਕਈ ਹੋਰ ਵੀ ਸਿੰਘ ਸਨ। ਗੁਰਦੁਆਰੇ ਕੀਰਤਨ ਦਾ ਪ੍ਰੋਗਰਾਮ ਸੀ। ਉਥੇ ਸਾਨੂੰ ਇਕ ਬਹੁਤ ਅਮੀਰ ਆਦਮੀ ਅਤੇ ਉਸ ਦਾ ਪਰਿਵਾਰ ਮਿਲਿਆ। ਉਹ ਜਥੇ ਨੂੰ ਦੇਖ ਕੇ ਬਹੁਤ ਖੁਸ਼ ਹੋਏ। ਉਸ ਨੂੰ ਕੀਰਤਨ ਸੁਣਨ ਵਿਚ ਬਹੁਤ ਅਨੰਦ ਆਇਆ। ਉਸ ਨੇ ਬੇਨਤੀ ਕੀਤੀ, ਭਾਈ ਸਾਹਿਬ ਜੀ ਕੱਲ੍ਹ ਨੂੰ ਪ੍ਰਸ਼ਾਦਾ ਸਾਡੇ ਘਰ ਛਕਣਾ। ਅਸੀਂ ਕਿਹਾ ਕਿ ਭਾਈ ਜਗਦੀਸ਼ ਨੂੰ ਪੁਛ ਲਵੋ। ਉਸ ਨੇ ਕਿਹਾ, ਠੀਕ ਹੈ। ਮੈਨੂੰ ਯਾਦ ਨਹੀਂ ਰਿਹਾ ਕਿ ਬਾਕੀ ਸਾਰਿਆਂ ਨੇ ਤਾਂ ਵਾਪਸ ਲੰਡਨ ਚਲੇ ਜਾਣਾ ਹੈ।

ਦੂਸਰੇ ਦਿਨ ਦੁਪਹਿਰ ਦਾ ਟਾਇਮ ਦੇ ਦਿੱਤਾ। ਉਹ ਸਮੇਂ ਸਿਰ ਆ ਕੇ ਲੈ ਗਏ। ਦਾਸ ਉਨ੍ਹਾਂ ਦੇ ਘਰ ਗਏ ਤਾਂ ਬੈਠਦਿਆਂ ਹੀ ਬੀਬੀ ਜੀ ਕਹਿਣ ਲੱਗੇ ਕਿ ਤੁਹਾਡੇ ਨਾਲ ਉਪਰ ਗੱਲ ਕਰਨੀ ਹੈ। ਮੈਂ ਸੋਚਿਆ ਕਿ ਸ਼ਾਇਦ ਨਾਮ ਬਾਣੀ ਦੀ ਗੱਲ ਕਰਨੀ ਹੋਵੇਗੀ, ਪਈ ਨਾਮ ਕਿਸ ਤਰ੍ਹਾਂ ਜਪੀਦਾ ਹੈ। ਮਨ ਬਾਣੀ ਵਿਚ ਕਿਸ ਤਰ੍ਹਾਂ ਜੁੜੇ। ਉਪਰ ਜਾ ਕੇ ਕਹਿਣ ਲੱਗੀ, ਬਾਬਾ ਜੀ ਅੱਜ ਚਮਨ ਲਾਲ ਦੀ ਬਰਸੀ ਹੈ। ਜਦੋਂ ਚਮਨ ਲਾਲ ਨੇ ਇਸ ਘਰ ਵਿਚ ਪੈਰ ਰੱਖੇ ਤਾਂ ਸਾਡੀ ਬਿਜਨੈਸ ਵਿਚ ਵਾਧਾ ਹੁੰਦਾ ਗਿਆ। ਚਮਨ ਲਾਲ ਇਤਨਾ ਕਿਸਮਤ ਵਾਲਾ ਸੀ ਕਿ ਅਸੀਂ ਮਿੱਟੀ ਨੂੰ ਹੱਥ ਪਾਉਂਦੇ ਸੋਨਾ ਬਣ ਜਾਂਦਾ। ਹੁਣ ਸੋਨੇ ਨੂੰ ਹੱਥ ਪਾਉਂਦੇ ਹਾਂ ਤਾਂ ਮਿੱਟੀ ਬਣ ਜਾਂਦੀ ਹੈ। ਜਦੋਂ ਮੈਂ ਚਮਨ ਲਾਲ ਦਾ ਨਾਮ ਸੁਣਿਆ ਤਾਂ ਸੋਚਿਆ ਕਿ ਇਹ ਚਮਨ ਲਾਲ ਕੌਣ ਹੋਇਆ। ਇਹ ਤਾਂ ਸਿੱਖ ਪਰਿਵਾਰ ਹੈ। ਬੀਬੀ ਨੇ ਕਿਹਾ ਕਿ ਉਹ ਮੇਰੇ ਕੋਲ ਆ ਕੇ ਬੈਠ ਜਾਂਦਾ ਸੀ ਤੇ ਬਹੁਤ ਹੀ ਪਿਆਰ ਕਰਦਾ ਸੀ। ਮੈਂ ਅੱਧਾ ਅੱਧਾ ਘੰਟਾ ਉਸ ਉਪਰ ਹੱਥ ਫੇਰਦੀ ਰਹਿੰਦੀ। ਗੇਂਦ ਇਕ ਸੈਕਿੰਡ ਵਿਚ ਵਾਪਸ ਲੈ ਆਉਂਦਾ। ਇਹ ਸੁਣ ਕੇ ਮੈਂ ਹੈਰਾਨ ਹੋ ਗਿਆ ਕਿ ਉਹ ਕੌਣ ਹੈ। ਬੀਬੀ ਕਹਿੰਦੀ ਕਿ ਚਮਨ ਲਾਲ ਦੇ ਨਾਲ ਸਾਡਾ ਸਾਰਾ ਪਰਿਵਰ ਖੁਸ਼ ਰਹਿੰਦਾ ਸੀ। ਬੱਚੇ ਵੀ ਉਸ ਨਾਲ ਖੁਸ਼ ਰਹਿੰਦੇ ਸਨ। ਸਾਡੇ ਘਰ ਦੀ ਰੌਣਕ ਸੀ। ਸਾਨੂੰ ਇਸ ਤਰ੍ਹਾਂ ਲੱਗਦਾ ਕਿ ਸਾਡਾ ਹੀਰਾ ਗੁਆਚ ਗਿਆ ਹੈ। ਉਹਦੇ ਦੱਸਦੀ-ਦੱਸਦੀ ਦੇ ਅੱਖਾਂ ਵਿਚ ਹੰਝੂ ਆ ਗਏ। ਇਹ ਸੁਣ ਕੇ ਮੈਨੂੰ ਲੱਗਿਆ ਕਿ ਉਹ ਕਿਸੇ ਬੰਦੇ ਦੀ ਗੱਲ ਨਹੀਂ ਕਰ ਰਹੀ। ਫਿਰ ਮੈਂ ਉਸ ਨੂੰ ਪੁਛਿਆ ਕਿ ਚਮਨ ਲਾਲ ਕੌਣ ਸੀ। ਬੀਬੀ ਨੇ ਦੱਸਿਆ ਕਿ ਚਮਨ ਲਾਲ ਸਾਡਾ ਕੁੱਤਾ ਸੀ। ਉਹ ਬੀਬੀ ਰੋਵੇ ਤੇ ਮੈਂ ਆਪਣੇ ਹਾਸੇ ਨੂੰ ਮਸੀਂ ਰੋਕਿਆ। ਬਾਰ ਬਾਰ ਸਤਿਗੁਰੂ ਜੀ ਨੂੰ ਚੇਤੇ ਕਰਾਂ ਕਿ ਮੈਂ ਕਿਥੇ ਆ ਕੇ ਫਸ ਗਿਆ। ਇਨ੍ਹਾਂ ਦੇ ਕੋਲ ਪ੍ਰਮਾਤਮਾ ਦੇ ਨਾਮ ਦੀ ਕੋਈ ਗੱਲ ਹੀ ਨਹੀਂ ਹੈ। ਬੀਬੀ ਨੇ ਕਿਹਾ ਕਿ

ਸਾਡੇ ਲਈ ਅਰਦਾਸ ਕਰੋ। ਮੈਂ ਉਸ ਨੂੰ ਪੁੱਛਿਆ ਕਿ ਇਹ ਕਮਰਾ ਕਿਸ ਦਾ ਹੈ। ਇਸ ਤਰ੍ਹਾਂ ਲੱਗਦਾ ਹੈ ਕਿ ਇਥੇ ਕਿਸੇ ਨੇ ਬਾਣੀ ਪੜ੍ਹੀ ਹੋਵੇ ਤੇ ਨਾਮ ਜਪਿਆ ਹੋਵੇ। ਬੀਬੀ ਨੇ ਕਿਹਾ ਕਿ ਇਹ ਮੇਰੇ ਸਹੁਰੇ ਦਾ ਕਮਰਾ ਸੀ। ਉਹ ਇੰਡੀਆ ਤੋਂ ਮਹਾਰਾਜ ਜੀ ਦਾ ਸਰੂਪ ਲੈ ਕੇ ਆਇਆ ਸੀ। ਉਹ ਬੜੀ ਭਾਵਨਾ ਨਾਲ ਸੁਖਮਨੀ ਸਾਹਿਬ ਜੀ ਤੇ ਸਹਿਜ ਪਾਠ ਕਰਦਾ ਰਹਿੰਦਾ ਸੀ। ਨਾਮ ਵੀ ਬਹੁਤ ਜਪਦਾ ਸੀ। ਅਚਾਨਕ ਉਸ ਦੀ ਮੌਤ ਹੋ ਗਈ। ਸਾਨੂੰ ਸੇਵਾ ਦਾ ਚਾਅ ਨਹੀਂ ਸੀ। ਅਸੀਂ ਮਹਾਰਾਜ ਸਾਹਿਬ ਜੀ ਦਾ ਸਰੂਪ ਅਲਮਾਰੀ ਵਿਚ ਰੱਖ ਦਿੱਤਾ। ਪਿਤਾ ਜੀ ਦੇ ਆਉਣ ਤੋਂ ਥੋੜ੍ਹੀ ਦੇਰ ਬਾਅਦ ਅਸੀਂ ਛੋਟਾ ਜਿਹਾ ਕਤੂਰਾ ਲੈ ਆਂਦਾ ਤੇ ਉਸ ਦਾ ਨਾਮ ਚਮਨ ਲਾਲ ਰੱਖਿਆ। ਪਿਤਾ ਜੀ ਦੇ ਗੁਜ਼ਰ ਜਾਣ ਤੋਂ ਥੋੜ੍ਹੀ ਦੇਰ ਬਾਅਦ ਕੁੱਤਾ ਵੀ ਗੁਜਰ ਗਿਆ। ਇੰਨੇ ਚਿਰ ਨੂੰ ਉਹਨਾਂ ਦੀ ਲੜਕੀ ਆ ਗਈ। ਜਿਸ ਦਾ ਪਹਿਰਾਵਾ ਦੇਖ ਕੇ ਮੈਂ ਬਹੁਤ ਹੈਰਾਨ ਹੋਇਆ। ਮੈਂ ਸੋਚਿਆ ਕਿ ਦੋ ਚਾਰ ਬੀਬੀਆਂ ਨੇ ਐਸੇ ਕੱਪੜੇ ਪਾਏ ਹੋਣ ਤਾਂ ਸੜਕ ਆਪੇ ਸਾਫ ਹੋ ਜਾਵੇਗੀ। ਉਸ ਦੀ ਮਾਂ ਨੇ ਕਿਹਾ, ਬਾਬਾ ਜੀ ਨੂੰ ਸਤਿ ਸ੍ਰੀ ਅਕਾਲ ਬੁਲਾਉ। ਸਤਿ ਸ੍ਰੀ ਅਕਾਲ ਦੀ ਬਜਾਏ ਉਸਨੇ ਕਿਹਾ, ਹੈਲੋ, ਅਤੇ ਕਪੜੇ ਬਦਲਣ ਚਲੇ ਗਈ। ਜਦੋਂ ਉਹ ਵਾਪਸ ਆਈ ਤਾਂ ਮੈਂ ਪੁਛਿਆ, ਤੂੰ ਕੁਝ ਨਿੱਤਨੇਮ, ਸਿਮਰਨ ਜਾਂ ਮੂਲਮੰਤਰ ਦਾ ਪਾਠ ਕਰਦੀ ਹੁੰਦੀ ਹੈ। ਲੜਕੀ ਨੇ ਆਪਣੀ ਮਾਂ ਨੂੰ ਅੰਗਰੇਜ਼ੀ ਵਿਚ ਕਿਹਾ, ਬਾਬਾ ਜੀ ਕੀ ਕਹਿ ਰਹੇ ਹਨ। ਮਾਂ ਨੇ ਉਸ ਨੂੰ ਸਮਝਾਇਆ ਕਿ ਬਾਬਾ ਜੀ ਪੁਛ ਰਹੇ ਹਨ ਕਿ ਤੂੰ ਕੋਈ ਪਾਠ ਕਰਦੀ ਹੁੰਦੀ ਹੈਂ। ਮੈਂ ਉਸ ਨੂੰ ਸਮਝਾਇਆ ਕਿ ਸਾਨੂੰ ਮਾਣਸ ਦੇਹੀ ਮਿਲੀ ਹੈ। ਨਾਮ ਜਪ ਕੇ ਫਾਇਦਾ ਉਠਾਉਣਾ ਚਾਹੀਦਾ ਹੈ। ਉਸ ਨੇ ਫਿਰ ਕਿਹਾ 'ਵਟ ਇਜ਼ ਹੀ ਸੇਇੰਗ' ਉਸ ਨੂੰ ਪੰਜਾਬੀ ਸਮਝ ਨਹੀਂ ਆਉਂਦੀ ਸੀ। ਜਿਹੜੀ ਗੱਲ ਮੈਂ ਉਸ ਨੂੰ ਕਹਿੰਦਾ ਉਸ ਦੀ ਮਾਂ ਹੀ ਉਸ ਨੂੰ ਸਮਝਾਉਂਦੀ। ਮੈਂ ਸਮਝਾਇਆ ਕਿ ਪਾਠ ਕਰਨ ਨਾਲ ਸਾਨੂੰ ਦਰਗਾਹ ਵਿਚ ਸੁਖ ਮਿਲਦਾ ਹੈ। ਜਿਹੜੇ ਨਾਮ ਜਪਦੇ ਹਨ ਉਹ ਨਰਕ ਕੁੰਡ ਵਿਚ ਨਹੀਂ ਜਾਂਦੇ। ਉਸ ਨੇ ਕਿਹਾ ਕਿ ਮੈਂ ਤਾਂ ਯਕੀਨ ਨਹੀਂ ਕਰਦੀ। ਦਾਸ ਨੇ ਦੱਸਿਆ ਕਿ ਬਾਣੀ ਵਿਚ ਇਸ ਤਰ੍ਹਾਂ ਆਉਂਦਾ ਹੈ।

ਭਈ ਪਰਾਪਤਿ ਮਾਨੁਖ ਦੇਹੁਰੀਆ ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥
ਅਵਰਿ ਕਾਜ ਤੇਰੈ ਕਿਤੈ ਨਾ ਕਾਮ ॥
ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ 1 ॥

*(ਆਸਾ ਮ: 5 ਪੰ: –378)*

ਦਾਸ ਨੇ ਕਿਹਾ ਕਿ ਤੂੰ ਪੰਜ ਮਿੰਟ ਹਰ ਰੋਜ਼ ਮੂਲਮੰਤਰ ਦਾ ਪਾਠ ਕਰਿਆ ਕਰ। ਫਿਰ ਦਾਸ ਨੇ ਉਨ੍ਹਾਂ ਨੂੰ ਸਮਝਾਇਆ ਕਿ ਚਮਨ ਲਾਲ ਦੇ ਕਰਕੇ ਕੁਝ ਨਹੀਂ ਹੋਇਆ ਸੀ। ਇਹ ਸਾਰਾ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਤਾਪ ਸੀ। ਭਾਈ ਸਾਹਿਬ ਜੀ ਜੋ ਕਿ ਨਾਮ

ਬਾਣੀ ਦੇ ਰਸੀਏ ਸਨ ਅਤੇ ਪਾਠ ਵੀ ਰੋਜ਼ਾਨਾ ਕਰਦੇ ਸਨ, ਉਹ ਨਾਮ ਅਤੇ ਬਾਣੀ ਦੀ ਬਰਕਤ ਨਾਲ ਤੁਹਾਡੀ ਬਿਜਨਸ ਵਿਚ ਵਾਧਾ ਹੋਇਆ ਸੀ। ਤੁਸੀਂ ਮਹਾਰਾਜ ਜੀ ਦੀ ਸੇਵਾ ਕਰਨੀ ਛੱਡ ਦਿੱਤੀ, ਇਸ ਕਰਕੇ ਤੁਹਾਡੇ ਬਿਜਨਸ ਵਿਚ ਘਾਟਾ ਹੋਣ ਲੱਗ ਪਿਆ ਹੈ। ਮੈਂ ਉਨ੍ਹਾਂ ਨੂੰ ਸਾਫ ਕਹਿ ਦਿੱਤਾ ਕਿ ਭੈਣ ਜੀ, ਮੈਂ ਪ੍ਰਸ਼ਾਦਾ ਤਾਂ ਛਕੂੰਗਾ, ਅਗਰ ਤੁਸੀਂ ਪਹਿਲਾਂ ਮਹਾਰਾਜ ਜੀ ਦਾ ਪ੍ਰਕਾਸ਼ ਕਰੋਗੇ। ਉਨ੍ਹਾਂ ਨੇ ਇਸੇ ਤਰ੍ਹਾਂ ਕੀਤਾ। ਮਹਾਰਾਜ ਜੀ ਦਾ ਪ੍ਰਕਾਸ਼ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਇੰਨੇ ਦਿਆਲੂ ਸਨ ਕਿ ਉਨ੍ਹਾਂ ਦੇ ਔਗੁਣ ਨਹੀਂ ਚਿਤਾਰੇ, ਖੁਸ਼ੀ ਭਰਿਆ ਹੁਕਮਨਾਮਾ ਆਇਆ। ਦਾਸ ਨੇ ਕਿਹਾ ਕਿ ਜੋ ਹੁਕਮਨਾਮਾ ਆਇਆ ਹੈ ਰੋਜ਼ਾਨਾ ਸਾਰਾ ਪਰਿਵਾਰ ਬੈਠ ਕੇ ਇਸ ਦਾ ਪਾਠ ਕਰੇ। ਮਹਾਰਾਜ ਜੀ ਆਪ ਹੀ ਬਰਕਤ ਪਾਉਣਗੇ।

ਕੁਝ ਸਮੇਂ ਬਾਅਦ ਉਨ੍ਹਾਂ ਦੀ ਚਿੱਠੀ ਆਈ ਤੇ ਉਨ੍ਹਾਂ ਨੇ ਬਹੁਤ ਧੰਨਵਾਦ ਕੀਤਾ ਕਿ ਸਾਡਾ ਸਾਰਾ ਪਰਿਵਾਰ ਹੀ ਪਾਠ ਕਰਨ ਲੱਗ ਪਿਆ ਹੈ। ਗੁਰੂ ਜੀ ਦੀ ਐਸੀ ਕ੍ਰਿਪਾ ਹੋਈ ਕਿ ਬਿਜਨੈਸ ਵਿਚ ਵੀ ਵਾਧਾ ਹੋਣ ਲੱਗ ਪਿਆ। ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਦੀ ਲੜਕੀ ਵੀ ਪਾਠ ਕਰਨ ਲੱਗ ਪਈ ਹੈ।

ਦਾਸ ਦੀ ਸਾਰਿਆਂ ਅੱਗੇ ਬੇਨਤੀ ਹੈ ਕਿ ਆਪਣੇ ਬੱਚਿਆਂ ਨੂੰ ਗੁਰਮੁਖੀ ਜ਼ਰੂਰ ਪੜ੍ਹਾਓ ਅਤੇ ਬੱਚਿਆਂ ਨਾਲ ਪੰਜਾਬੀ ਵਿਚ ਹੀ ਗੱਲਬਾਤ ਕਰਿਆ ਕਰੋ।

(ਅ)

ਜਦੋਂ ਅਸੀਂ ਸਿਡਨੀ ਆਸਟਰੇਲੀਆ ਗੁਰਦੁਆਰੇ ਠਹਿਰੇ ਹੋਏ ਸੀ ਤਾਂ ਇਕ ਬੀਬੀ ਗੁਰਦੁਆਰੇ ਆਈ। ਹੈੱਡ ਗ੍ਰੰਥੀ ਭਾਈ ਸੁਬੇਗ ਸਿੰਘ ਜੀ ਨੂੰ ਕਹਿਣ ਲੱਗੀ, ਭਾਈ ਸਾਹਿਬ ਜੀ ਮੈਂ ਸਿੰਘਾਂ ਨੂੰ ਪ੍ਰਸ਼ਾਦਾ ਛਕਾਉਣਾ ਚਾਹੁੰਦੀ ਹਾਂ। ਦੂਸਰੇ ਦਿਨ ਭਾਈ ਸੁਬੇਗ ਸਿੰਘ ਜੀ ਨੇ ਪ੍ਰਸ਼ਾਦਾ ਛਕਣ ਦਾ ਪ੍ਰੋਗਰਾਮ ਬਣਾ ਲਿਆ। ਜਦੋਂ ਅਸੀਂ ਬੀਬੀ ਦੇ ਘਰ ਅੰਦਰ ਜਾਣ ਲੱਗੇ ਤਾਂ ਉਸ ਨੇ ਸਾਨੂੰ ਰਾਣੀ ਦੀ ਮੜ੍ਹੀ ਦਿਖਾਈ। ਉਸ ਉਤੇ ਲਿਖਿਆ ਹੋਇਆ ਸੀ ਕਿ ਰਾਣੀ ਦਾ ਜਨਮ ਕਦੋਂ ਹੋਇਆ ਤੇ ਕਦੋਂ ਮਰੀ। ਬੀਬੀ ਨੇ ਕਿਹਾ, ਮੇਰਾ ਰਾਣੀ ਨਾਲ ਬਹੁਤ ਹੀ ਪਿਆਰ ਸੀ। ਅੱਜ ਉਸ ਦੀ ਬਰਸੀ ਹੈ। ਤੁਸੀਂ ਬੈਰਾਗਮਈ ਕੀਰਤਨ ਕਰਨਾ। ਕੀਰਤਨ ਸੁਣਦਿਆਂ ਉਸ ਬੀਬੀ ਨੂੰ ਬਹੁਤ ਹੀ ਬੈਰਾਗ ਆਇਆ। ਫਿਰ ਉਸ ਨੇ ਸਾਨੂੰ ਪ੍ਰਸ਼ਾਦਾ ਛਕਾਇਆ। ਪ੍ਰਸ਼ਾਦਾ ਛਕਾ ਕੇ ਉਹ ਫੋਟੋ ਐਲਬੰਮ ਲੈ ਆਈ ਅਤੇ ਕਹਿਣ ਲੱਗੀ ਕਿ ਤੁਸੀਂ ਰਾਣੀ ਦੀਆਂ ਫੋਟੋ ਦੇਖ ਲਵੋ। ਫੋਟੋ ਦੇਖ ਕੇ ਅਸੀਂ ਬਹੁਤ ਹੈਰਾਨ ਹੋਏ ਕਿ ਜਾਨਵਰ ਨਾਲ ਇਸ ਦਾ ਇੰਨਾ ਪਿਆਰ। ਉਸ ਨੇ ਆਪਣੀ ਕੁੱਤੀ ਦਾ ਨਾਮ ਰਾਣੀ ਰੱਖਿਆ ਹੋਇਆ ਸੀ। ਉਹ ਇਕੱਲੀ ਸੀ। ਉਸ ਨੇ ਇਕੱਲਾਪਨ ਦੂਰ ਕਰਨ ਵਾਸਤੇ ਇਸ ਜਾਨਵਰ ਦਾ ਸਹਾਰਾ ਲਿਆ।

ਸੋਚਿਆ ਹੇ ਇਨਸਾਨ ! ਤੂੰ ਕਿਤਨਾ ਭੁੱਲ ਗਿਆ ਹੈ ਕਿ ਤੂੰ ਪਿਆਰ ਪ੍ਰਮਾਤਮਾ ਨਾਲ ਪਾਉਣਾ ਸੀ। ਪਰ ਦੁਨਿਆਵੀ ਚੀਜ਼ਾਂ ਨਾਲ ਪਾ ਬੈਠਾ। ਪ੍ਰਮਾਤਮਾ ਤੇਰਾ ਇੱਥੇ ਵੀ

ਸਹਾਈ ਹੋਵੇਂਗਾ ਅਤੇ ਦਰਗਾਹ ਵਿਚ ਵੀ ਸਹਾਈ ਹੋਵੇਂਗਾ। ਜਿਸ ਨਾਲ ਇਨਸਾਨ ਪਿਆਰ ਕਰਦਾ ਹੈ, ਅੰਤ ਵੇਲੇ ਉਹੀ ਯਾਦ ਆਉਂਦਾ ਹੈ। ਜਿਸ ਤਰ੍ਹਾਂ ਭਗਤ ਤਰਲੋਚਨ ਜੀ ਸ਼ਬਦ ਵਿਚ ਫੁਰਮਾ ਰਹੇ ਹਨ :-

ਅੰਤਿ ਕਾਲਿ ਜੋ ਲਛਮੀ ਸਿਮਰੈ,
ਐਸੀ ਚਿੰਤਾ ਮਹਿ ਜੇ ਮਰੈ ॥
ਸਰਪ ਜੋਨਿ ਵਲਿ ਵਲਿ ਅਉਤਰੈ ॥ 1 ॥
ਅਰੀ ਬਾਈ ਗੋਬਿਦ ਨਾਮੁ ਮਤਿ ਬੀਸਰੈ ॥ ਰਹਾਉ ॥

*(ਰਾਗੁ ਗੂਜਰੀ ਪੰ:-526)*

(ੲ)

ਦਾਸ ਸਿੰਘ ਸਭਾ ਗੁਰਦੁਆਰੇ ਬਰਤਨ ਧੋਣ ਦੀ ਸੇਵਾ ਰੋਜ਼ਾਨਾ ਕਰਦੇ ਸਨ। ਕਦੀ ਕਦੀ ਇਕ ਮਾਈ ਵੀ ਸੇਵਾ ਕਰਨ ਆਉਂਦੀ ਸੀ। ਉਸ ਵਿਚਾਰੀ ਦੀ ਕੋਈ ਔਲਾਦ ਨਹੀਂ ਸੀ ਜਾਂ ਤੁਸੀਂ ਕਹੋ ਕਿ ਪਿਛਲੇ ਕਰਮਾਂ ਕਰਕੇ ਔਲਾਦ ਨਹੀਂ ਹੋ ਸਕੀ। ਉਸ ਨੂੰ ਚਾਅ ਬਹੁਤ ਸੀ ਕਿ ਮੇਰੀ ਵੀ ਸੰਤਾਨ ਹੋਵੇ।

ਕੁਝ ਸਮੇਂ ਬਾਅਦ ਉਹ ਮੈਨੂੰ ਫਿਰ ਗੁਰਦੁਆਰੇ ਮਿਲੀ। ਦਾਸ ਨੇ ਫ਼ਤਹ ਬੁਲਾਈ ਤੇ ਉਸ ਨੇ ਫ਼ਤਹ ਦਾ ਉਤਰ ਦੇ ਕੇ ਕਿਹਾ, ਭਾਈ ਸਾਹਿਬ ਜੀ, ਸਾਡੇ ਪਰਿਵਾਰ ਵਿਚ ਵੀ ਵਾਧਾ ਹੋ ਗਿਆ। ਮੈਂ ਮਹਾਰਾਜ ਜੀ ਦਾ ਬਹੁਤ ਧੰਨਵਾਦ ਕੀਤਾ ਕਿ ਸੱਚੇ ਪਾਤਸ਼ਾਹ ਤੇਰਾ ਸ਼ੁਕਰ ਹੈ ਕਾਫੀ ਦੇਰ ਬਾਅਦ ਤੇਰੀ ਬਖਸ਼ਿਸ਼ ਹੋਈ। ਉਸ ਨੇ ਕਿਹਾ, ਤੁਸੀਂ ਸਾਨੂੰ ਘਰ ਆ ਕੇ ਦਰਸ਼ਨ ਦੇਣੇ। ਮੈਂ ਕਿਹਾ, ਵੀਕਐਂਡ ਤੇ ਜ਼ਰੂਰ ਆਵਾਂਗਾ।

ਮੈਂ ਸੋਚਿਆ ਕਿ ਖੁਸ਼ੀ ਦਾ ਮੌਕਾ ਹੈ, ਬੱਚੇ ਲਈ ਸੂਟ ਲੈ ਜਾਵਾਂ। ਮੈਂ ਦੁਕਾਨ ਤੇ ਗਿਆ ਤੇ ਦੁਕਾਨਦਾਰ ਨੇ ਪੁਛਿਆ ਕਿ ਤੁਹਾਨੂੰ ਲੜਕੇ ਵਾਸਤੇ ਸੂਟ ਚਾਹੀਦੇ ਜਾਂ ਲੜਕੀ ਵਾਸਤੇ। ਮੈਂ ਉਸ ਨੂੰ ਕਿਹਾ, ਐਸਾ ਸੂਟ ਦਿਉ ਜੋ ਦੋਨੋ ਪਾ ਸਕਣ। ਉਨ੍ਹਾਂ ਦੇ ਘਰ ਪਹੁੰਚਦਿਆਂ, ਮੈਂ ਜੋੜੇ ਉਤਾਰ ਕੇ ਉਪਰ ਹੱਥ ਧੋਣ ਚਲਾ ਗਿਆ। ਬੱਚੇ ਦੀ ਕੋਈ ਅਵਾਜ ਨਹੀਂ ਸੀ ਆ ਰਹੀ। ਮੈਂ ਸੋਚਿਆ ਕਿ ਸ਼ਾਇਦ ਸੌਂ ਰਿਹਾ ਹੋਵੇਗਾ ਜਾਂ ਪੜੋਸਨ ਲੈ ਗਈ ਹੋਵੇਗੀ। ਮੈਂ ਥੱਲੇ ਆ ਕੇ ਭਾਈ ਸਾਹਿਬ ਜੀ ਨੂੰ ਫ਼ਤਹ ਬੁਲਾਈ ਤੇ ਵਧਾਈਆਂ ਦਿੱਤੀਆਂ। ਅਸੀਂ ਬੈਠ ਗਏ ਤੇ ਥੋੜ੍ਹੀ ਦੇਰ ਬਾਅਦ ਉਹ ਗੈਰਜ ਵਿਚ ਗਿਆ ਤੇ ਬਿੱਲੀ ਦਾ ਬੱਚਾ ਲੈ ਆਇਆ। ਫਿਰ ਮੈਂ ਸੋਚਿਆ, ਬੀਬੀ ਜੀ ਬਿੱਲੀ ਦੇ ਬੱਚੇ ਬਾਰੇ ਗੱਲ ਕਰ ਰਹੀ ਸੀ। ਭਾਈ ਸਾਹਿਬ ਜੀ ਨੇ ਕਿਹਾ, ਇਸ ਦਾ ਤੁਸੀਂ ਨਾਮ ਰੱਖਣਾ ਹੈ। ਮੈਂ ਕਿਹਾ, ਇਸ ਨੇ ਇੰਗਲੈਂਡ ਵਿਚ ਜਨਮ ਲਿਆ ਹੈ, ਇਸ ਦਾ ਨਾਮ ਪੀਟਰ ਰੱਖ ਲਵੋ। ਉਹ ਦੋਨੋ ਬਹੁਤ ਖੁਸ਼ ਹੋਏ ਤੇ ਕਿਹਾ ਕਿ ਸਾਡੇ ਪਰਿਵਾਰ ਵਿਚ ਕਿਸੇ ਦਾ ਇਹ ਨਾਂ ਨਹੀਂ ਹੈ। ਫਿਰ ਉਸ ਨੂੰ ਟਰੇਨਿੰਗ ਦੇਣ ਲੱਗ ਪਏ। ਕੰਮ ਹੇਅਰ, ਗੋ ਦੇਅਰ। ਫਿਰ ਪੀਟਰ ਅੱਗੇ ਪਿਛੇ ਘੁੰਮਣ ਲੱਗਾ। ਉਸ ਨੇ ਕਿਹਾ ਕਿ ਭਾਈ ਸਾਹਿਬ ਜੀ ਹਾਲੇ ਇਹ ਨਿਆਣਾ ਹੈ,

ਵੱਡਾ ਹੋ ਕੇ ਸਭ ਕੁਝ ਸਿੱਖ ਜਾਵੇਗਾ। ਇੰਨੇ ਵਿਚ ਪੀਟਰ ਦੀ ਮਾਂ ਮਧੂ ਆ ਗਈ। ਮਧੂ ਬਾਹਰੋਂ ਆਈ ਹੋਣ ਕਰਕੇ ਉਸ ਦੇ ਪੈਰ ਗੰਦੇ ਸਨ। ਬੀਬੀ ਨੇ ਉਸ ਨੂੰ ਕਿਹਾ ਕਿ ਤੈਨੂੰ ਇੰਨੀ ਵਾਰ ਕਿਹਾ ਕਿ ਗੰਦੇ ਪੈਰ ਲੈ ਕੇ ਅੰਦਰ ਨਾ ਆਇਆ ਕਰ। ਮਧੂ ਗੁਸੇ ਹੋ ਕੇ ਥੱਲੇ ਬੈਠ ਗਈ। ਬੀਬੀ ਮੈਨੂੰ ਕਹਿਣ ਲੱਗੀ, ਦੇਖਿਆ ਭਾਈ ਸਾਹਿਬ ਜੀ ਕਿੰਨੀ ਗੁੱਸੇ ਖੋਰ ਹੈ। ਉਸ ਨੇ ਮਧੂ ਨੂੰ ਬਿੱਲੀਆਂ ਦਾ ਖਾਣਾ ਬਿਸਕੁਟ ਦਿੱਤੇ। ਉਸ ਨੂੰ ਜ਼ਰਾ ਕੁ ਵੀ ਡਾਂਟ ਦਿਉ ਤਾਂ ਗੁੱਸੇ ਹੋ ਜਾਂਦੀ ਹੈ। ਬੀਬੀ ਦੀ ਆਦਤ ਇਸ ਤਰ੍ਹਾਂ ਜਾਪਦੀ ਸੀ, ਜਿਸ ਤਰ੍ਹਾਂ ਬੱਚੇ ਦੀ ਘਾਟ ਇਨ੍ਹਾਂ ਰਾਹੀਂ ਪੂਰੀ ਕਰ ਰਹੀ ਹੋਵੇ। ਅਸੀਂ ਗੱਲਾਂਬਾਤਾਂ ਕਰਨ ਲੱਗ ਪਏ। ਮੈਂ ਕਿਹਾ, ਭਾਈ ਸਾਹਿਬ ਜੀ ਕਈ ਸਾਲ ਹੋ ਗਏ, ਤੁਹਾਨੂੰ ਕਦੀ ਗੁਰਦੁਆਰੇ ਨਹੀਂ ਦੇਖਿਆ। ਉਸ ਨੇ ਕਿਹਾ, ਗੁਰਦੁਆਰੇ ਕੀ ਰੱਖਿਆ ਹੈ। ਦਾਸ ਸੋਚਿਆ ਕਿ ਜੇ ਕਿਸੇ ਦੀ ਇੱਛਾ ਪੂਰੀ ਨਾ ਹੋਈ ਹੋਵੇ ਤਾਂ ਉਹ ਇਹ ਹੀ ਕਹਿੰਦੇ ਹਨ ਕਿ ਗੁਰਦੁਆਰੇ ਕੀ ਰੱਖਿਆ ਹੈ। ਗੁਰਦੁਆਰਾ ਲੜਾਈ ਦਾ ਘਰ ਹੈ। ਸਾਰੇ ਇੱਕ ਦੂਜੇ ਨਾਲ ਝਗੜਾ ਕਰਦੇ ਰਹਿੰਦੇ ਹਨ। ਮੈਨੂੰ ਇਹ ਸੁਣ ਕੇ ਬਹੁਤ ਹੀ ਦੁੱਖ ਹੋਇਆ ਕਿ ਜਿਥੇ ਮਨ ਨੂੰ ਸ਼ਾਂਤੀ ਮਿਲਦੀ ਹੈ, ਉਸ ਨੂੰ ਇਸ ਤਰ੍ਹਾਂ ਕਹਿੰਦਾ ਹੈ। ਫਿਰ ਵੀ ਮੈਂ ਸੋਚਿਆ ਬੁਰੇ ਦਾ ਭਲਾ ਕਰਨਾ ਚਾਹੀਦਾ ਹੈ ਤੇ ਬੇਨਤੀ ਕੀਤੀ ਕਿ ਦਸ ਤੋਂ ਗਿਆਰਾਂ ਵਜੇ ਰੋਜ਼ਾਨਾ ਸਿੰਘ ਸਭਾ ਗੁਰਦੁਆਰੇ ਸਿਮਰਨ ਹੁੰਦਾ ਹੈ, ਤੁਸੀਂ ਸੇਵਾ ਕਰਕੇ ਆਪਣਾ ਜੀਵਨ ਸਫਲ ਕਰ ਸਕਦੇ ਹੋ। ਹੋਰ ਕੁਝ ਨਹੀਂ ਕਰ ਸਕਦੇ ਤਾਂ ਪ੍ਰਸ਼ਾਦੇ ਵਰਤਾਇਆ ਕਰੋ। ਉਸ ਨੇ ਬਹਾਨਾ ਕਰਕੇ ਟਾਲ ਦਿੱਤਾ, ਅਸੀਂ ਸੋਚਾਂਗੇ।

ਕਈ ਮਹੀਨਿਆਂ ਬਾਅਦ ਉਹ ਗੁਰਦੁਆਰੇ ਆਇਆ ਤੇ ਉਸ ਵੇਲੇ ਵਾਹਿਗੁਰੂ ਦਾ ਸਿਮਰਨ ਹੋ ਰਿਹਾ ਸੀ। ਮੈਂ ਪ੍ਰਮਾਤਮਾ ਦਾ ਧੰਨਵਾਦ ਕੀਤਾ ਕਿ ਤੁਸੀਂ ਇਸ ਨੂੰ ਸੁਮੱਤ ਬਖਸ਼ੀ ਕਿ ਇਹ ਵੀ ਗੁਰਦੁਆਰੇ ਆਇਆ ਹੈ। ਜਦੋਂ ਸਿਮਰਨ ਹੋ ਰਿਹਾ ਸੀ, ਉਸ ਦੇ ਪਿਛਲੇ ਕਰਮ ਜਾਗੇ, ਉਹਦੇ ਨੈਣਾਂ ਵਿਚ ਹੰਝੂ ਆ ਗਏ। ਬੈਰਾਗ ਆ ਗਿਆ। ਸਿਮਰਨ ਤੋਂ ਬਾਅਦ ਮੈਨੂੰ ਮਿਲਿਆ ਤਾਂ ਮੈਂ ਉਸ ਨੂੰ ਕਿਹਾ ਕਿ ਲੰਗਰ ਛਕ ਲਵੋ ਅਤੇ ਨਾਲੇ ਬਰਤਨਾਂ ਦੀ ਸੇਵਾ ਕਰ ਲਵੋ। ਉਸ ਨੇ ਕਿਹਾ, ਭਾਈ ਸਾਹਿਬ ਜੀ ਤੁਹਾਡਾ ਬਹੁਤ-ਬਹੁਤ ਧੰਨਵਾਦ। ਮੈਨੂੰ ਸਿਮਰਨ ਵਿਚ ਐਨਾ ਅਨੰਦ ਆਇਆ ਕਿ ਮੈਂ ਤੁਹਾਨੂੰ ਦੱਸ ਨਹੀਂ ਸਕਦਾ। ਤੁਸੀਂ ਮੈਨੂੰ ਚੰਗੇ ਰਸਤੇ ਲਾਇਆ ਹੈ। ਦਾਸ ਨੇ ਕਿਹਾ, ਭਾਈ ਸਾਹਿਬ ਜੀ ਇਥੇ ਅਨੰਦ ਹੀ ਅਨੰਦ ਹੈ। ਇਥੇ ਕਿੰਨੇ ਬਜ਼ੁਰਗ ਮੇਰੇ ਵਰਗੇ ਮਿਲ ਜਾਂਦੇ ਹਨ। ਸਿਮਰਨ ਤੇ ਸੇਵਾ ਹੋ ਜਾਂਦੀ ਹੈ। ਹੋਰ ਕੀ ਚਾਹੀਦਾ ਹੈ। ਡਟ ਕੇ ਸੇਵਾ ਕਰੋ। ਫਿਰ ਜਦੋਂ ਉਹ ਦੁਬਾਰਾ ਗੁਰਦੁਆਰੇ ਮਿਲਿਆ ਤਾਂ ਉਸ ਨੇ ਕਿਹਾ ਕਿ ਮੈਂ ਬਿੱਲੀ RSPCA ਵਾਲਿਆਂ ਨੂੰ ਦੇ ਦਿੱਤੀ ਹੈ। ਅਸੀਂ ਹੁਣ ਆਪਣਾ ਜੀਵਨ ਗੁਰੂ ਵਾਲੇ ਪਾਸੇ ਲਾ ਕੇ ਸਫਲ ਕਰਨਾ ਚਾਹੁੰਦੇ ਹਾਂ।

ਭੂਲੇ ਮਾਰਗੁ ਜਿਨਹਿ ਬਤਾਇਆ ॥
ਐਸਾ ਗੁਰੁ ਵਡਭਾਗੀ ਪਾਇਆ ॥

ਸਿਮਰਿ ਮਨਾ ਰਾਮ ਨਾਮੁ ਚਿਤਾਰੇ ॥
ਬਸਿ ਰਹੇ ਹਿਰਦੈ ਗੁਰ ਚਰਨ ਪਿਆਰੇ ॥ 1 ॥ ਰਹਾਉ ॥
ਕਾਮਿ ਕ੍ਰੋਧਿ ਲੋਭਿ ਮੋਹਿ ਮਨੁ ਲੀਨਾ ॥
ਬੰਧਨ ਕਾਟਿ ਮੁਕਤਿ ਗੁਰਿ ਕੀਨਾ ॥ 2 ॥
ਦੁਖ ਸੁਖ ਕਰਤ ਜਨਮਿ ਫੁਨਿ ਮੂਆ ॥
ਚਰਨ ਕਮਲ ਗੁਰਿ ਆਸ੍ਰਮੁ ਦੀਆ ॥ 3 ॥
ਅਗਨਿ ਸਾਗਰ ਬੂਡਤ ਸੰਸਾਰਾ ॥
ਨਾਨਕ ਬਾਹ ਪਕਰਿ ਸਤਿਗੁਰਿ ਨਿਸਤਾਰਾ ॥

*(ਬਿਲਾਵਲੁ ਮ: 5 ਪੰ:-803)*

ਮਨੁੱਖ ਦੀ ਜੂਨ ਚੌਰਾਸੀ ਲੱਖ ਜੂਨਾਂ ਤੋਂ ਉੱਤਮ ਹੈ। ਪਰ ਇਨਸਾਨ ਜਾਨਵਰਾਂ ਨਾਲ ਜਿਆਦਾ ਪਿਆਰ ਕਰ ਰਿਹਾ ਹੈ। ਕਿਉਂਕਿ ਇਨਸਾਨ ਹੀ ਇਨਸਾਨ ਨੂੰ ਧੋਖਾ ਦੇ ਰਿਹਾ ਹੈ। ਇਸੇ ਕਰਕੇ ਬੰਦੇ ਕੁੱਤੇ ਬਿੱਲੀਆਂ ਨਾਲ ਜਿਆਦਾ ਪਿਆਰ ਕਰਦੇ ਹਨ। ਹੇ ਇਨਸਾਨ ! ਤੇਰੇ ਨਾਲੋਂ ਜਿਆਦਾ ਚੰਗਾ ਜਾਨਵਰਾਂ ਨੂੰ ਸਮਝ ਰਹੇ ਹਨ। ਮੈਂ ਇਕ ਅਖਬਾਰ ਵਿਚ ਪੜ੍ਹਿਆ ਕਿ ਪੈਰਸ ਵਿਚ ਇੱਕ ਗਵਾਂਢੀ ਕੋਲੋਂ ਕੁੱਤਾ ਕਾਰ ਥੱਲੇ ਆ ਗਿਆ ਤੇ ਉਸ ਦੀ ਲੱਤ ਟੁਟ ਗਈ। ਕੁੱਤੇ ਵਾਲੀ ਬੀਬੀ ਨੂੰ ਇੰਨਾ ਗੁੱਸਾ ਆਇਆ ਕਿ ਉਸ ਨੇ ਆਪਣੇ ਗਵਾਂਢੀ ਨੂੰ ਗੋਲੀ ਮਾਰ ਦਿੱਤੀ। ਐਸਾ ਜਾਪਦਾ ਹੈ ਕਿ ਅੱਜਕੱਲ ਇਨਸਾਨ ਦੀ ਕੋਈ ਕਦਰ ਨਹੀਂ ਹੈ। ਜਾਨਵਰ ਦੀ ਇਨਸਾਨ ਨਾਲੋਂ ਜਿਆਦਾ ਕਦਰ ਹੈ। ਇਸ ਕਰਕੇ ਉਸ ਨੂੰ ਗੋਲੀ ਮਾਰੀ। ਹੇ ਇਨਸਾਨ ! ਅਜੇ ਵੀ ਤੇਰੇ ਕੋਲ ਸਮਾਂ ਹੈ। ਪ੍ਰਮਾਤਮਾ ਦੀ ਭਗਤੀ ਕਰਕੇ ਆਪਣਾ ਜੀਵਨ ਸਫਲ ਕਰ ਲੈ।

ਪੰਜਾਬ ਟਾਇਮਜ਼ ਅਖਬਾਰ ਵਿਚ ਇਕ ਅਨੋਖੀ ਸ਼ਾਦੀ ਦੀ ਖਬਰ ਪੜ੍ਹਨ ਨੂੰ ਮਿਲੀ। ਜਿਸ ਵਿਚ ਲਿਖਿਆ ਹੋਇਆ ਸੀ ਇੱਕ ਬੀਬੀ ਨੇ ਆਪਣੀ ਮੁਕਤੀ ਵਾਸਤੇ ਇਕ ਵੱਛੇ ਅਤੇ ਵੱਛੀ ਦੀ ਸ਼ਾਦੀ ਕਰਵਾਈ ਕਿਉਂਕਿ ਉਸ ਦੇ ਕੋਈ ਔਲਾਦ ਨਹੀਂ ਸੀ। ਇਹ ਸ਼ਾਦੀ ਮੰਦਿਰ ਵਿਚ ਹਿੰਦੂ ਰਸਮਾਂ ਮੁਤਾਬਕ ਹੋਈ। ਵੱਛੇ ਅਤੇ ਵੱਛੀ ਦੇ ਗਲਾਂ ਵਿਚ ਫੁਲਾਂ ਦੇ ਹਾਰ ਪਾਏ ਗਏ ਅਤੇ ਪੰਡਿਤ ਨੇ ਮੰਤਰ ਪੜ੍ਹਦਿਆਂ, ਉਨ੍ਹਾਂ ਦੇ ਅਗਨੀ ਦੁਆਲੇ ਫੇਰੇ ਦੁਆਏ। ਇਸ ਸ਼ਾਦੀ ਵਿਚ ਕਈ ਵੱਡੇ-ਵੱਡੇ ਬੰਦਿਆਂ ਨੇ ਹਿੱਸਾ ਲਿਆ। ਲੱਡੂ ਵੀ ਵੰਡੇ ਗਏ ਅਤੇ ਬਾਅਦ ਵਿਚ ਉਨ੍ਹਾਂ ਨੂੰ ਦਹੇਜ ਸਮੇਤ ਗਊਸ਼ਾਲਾ ਵਿਚ ਭੇਜਿਆ ਗਿਆ। ਇਹ ਪੜ੍ਹ ਕੇ ਦਾਸ ਨੂੰ ਬਹੁਤ ਹੈਰਾਨੀ ਹੋਈ ਕਿ ਇਸ ਬੀਬੀ ਨੇ ਆਪਣੀ ਮੁਕਤੀ ਵਾਸਤੇ ਇਹ ਵਿਆਹ ਕੀਤਾ। ਸੋਚਣ ਵਾਲੀ ਗੱਲ ਹੈ ਇਸ ਬੀਬੀ ਨੂੰ ਮੁਕਤੀ ਕਿਵੇਂ ਮਿਲ ਸਕਦੀ ਹੈ ? ਇਨਸਾਨ ਜਿੰਨਾਂ ਚਿਰ ਪ੍ਰਮਾਤਮਾ ਦਾ ਨਾਮ ਨਹੀਂ ਲੈਂਦਾ, ਉਤਨਾ ਚਿਰ ਮੁਕਤੀ ਮਿਲਣੀ ਅਸੰਭਵ ਹੈ। ਪ੍ਰਮਾਤਮਾ ਦਾ ਨਾਮ ਜਪਦਿਆਂ ਹੀ ਇਨਸਾਨ ਮੁਕਤ ਹੋ ਜਾਂਦਾ ਹੈ।

*****

# ਜਨਮ ਮਰਨ ਦਾ ਚੱਕਰ

ਅਸਥਾਵਰ ਜੰਗਮ ਕੀਟ ਪਤੰਗਾ ॥
ਅਨਿਕ ਜਨਮ ਕੀਏ ਬਹੁ ਰੰਗਾ ॥ 1 ॥
ਐਸੇ ਘਰ ਹਮ ਬਹੁਤੁ ਬਸਾਏ ॥
ਜਬ ਹਮ ਰਾਮ ਗਰਭ ਹੋਇ ਆਏ ॥ 1 ॥ ਰਹਾਉ ॥
ਜੋਗੀ ਜਤੀ ਤਪੀ ਬ੍ਰਹਮਚਾਰੀ ॥
ਕਬਹੂ ਰਾਜਾ ਛਤ੍ਰਪਤਿ ਕਬਹੂ ਭੇਖਾਰੀ ॥ ੨ ॥
ਸਾਕਤ ਮਰਹਿ ਸੰਤ ਸਭਿ ਜੀਵਹਿ ॥
ਰਾਮ ਰਸਾਇਨੁ ਰਸਨਾ ਪੀਵਹਿ ॥ 3 ॥
ਕਹੁ ਕਬੀਰ ਪ੍ਰਭ ਕਿਰਪਾ ਕੀਜੈ ॥
ਹਾਰਿ ਪਰੇ ਅਬ ਪੂਰਾ ਦੀਜੈ ॥ 4 ॥

*(ਗਉੜੀ ਕਬੀਰ ਜੀ ਪੰ -325)*

ਭਗਤ ਕਬੀਰ ਜੀ ਇਸ ਸ਼ਬਦ ਵਿਚ ਫੁਰਮਾ ਰਹੇ ਹਨ ਕਿ ਅਸੀਂ ਅਨੇਕਾਂ ਜਨਮ ਧਾਰੇ । ਅਸਥਾਵਰ (ਇਕੋ ਥਾਂ ਖੜ੍ਹੇ ਰੁੱਖ) ਜੰਗਮ (ਤੁਰਨ ਫਿਰਨ ਵਾਲੇ) ਕੀੜੇ ਅਤੇ ਪਤੰਗੇ । ਮੈਂ ਅਨੇਕਾਂ ਜਨਮ ਧਾਰੇ ਅਤੇ ਇਹੋ ਜਿਹੇ ਸਰੀਰਾਂ ਵਿਚ ਵਾਸਾ ਕਰ ਆਇਆ ਹਾਂ । ਪ੍ਰਮਾਤਮਾ ਤੋਂ ਭੁੱਲ ਕੇ ਕਦੀ ਜੋਗੀ, ਕਦੀ ਜਤੀ, ਕਦੀ ਤਪੀ, ਕਦੀ ਬ੍ਰਹਮਚਾਰੀ, ਕਦੀ ਛਤਰਪਤੀ ਰਾਜੇ ਅਤੇ ਕਦੀ ਮੰਗਤੇ । ਹੁਣ ਪਤਾ ਲੱਗਾ ਕਿ ਸਾਕਤ ਹਮੇਸ਼ਾ ਜੰਮਦੇ ਮਰਦੇ ਰਹਿੰਦੇ ਹਨ ਅਤੇ ਸੰਤ ਜਿਹੜੇ ਆਪਣੀ ਰਸਨਾ ਦੁਆਰਾ ਪ੍ਰਮਾਤਮਾ ਦਾ ਨਾਮ ਧਿਆਉਂਦੇ ਹਨ, ਉਹ ਹਮੇਸ਼ਾ ਜਿਊਂਦੇ ਰਹਿੰਦੇ ਹਨ । ਭਗਤ ਕਬੀਰ ਜੀ ਕਹਿੰਦੇ ਹਨ ਕਿ ਹੇ ਪ੍ਰਭੂ ! ਮੇਰੇ ਤੇ ਕ੍ਰਿਪਾ ਕਰੋ । ਚੌਰਾਸੀ ਲੱਖ ਜੂਨਾਂ ਵਿਚੋਂ ਹਾਰ ਕੇ ਤੇਰੀ ਸ਼ਰਨ ਪਿਆ ਹਾਂ, ਹੁਣ ਸੋਝੀ ਬਖਸ਼ੋ । ਭਗਤ ਕਬੀਰ ਜੀ ਨੇ ਪ੍ਰਮਾਤਮਾ ਦਾ ਨਾਮ ਜਪ ਕੇ ਮੁਕਤੀ ਪ੍ਰਾਪਤ ਕੀਤੀ ।

ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ

ਭਗਤ ਰਵੀਦਾਸ ਜੀ ਵੀ ਇਸ ਸ਼ਬਦ ਵਿਚ ਦੱਸ ਰਹੇ ਹਨ ਕਿ ਮੈਂ ਤੁਹਾਡੇ ਤੋਂ ਬਹੁਤ ਜਨਮਾਂ ਦਾ ਵਿੱਛੜਿਆ ਹੋਇਆ ਹਾਂ ਹੁਣ ਇਹ ਜਨਮ ਨਾਮ ਜਪ ਕੇ ਤੁਹਾਡੇ ਲੇਖੇ ਲੱਗ ਗਿਆ ਹੈ । ਭਗਤ ਰਵੀਦਾਸ ਜੀ ਆਪਣੇ ਪਿਛਲੇ ਜਨਮ ਬਾਰੇ ਦੱਸ ਰਹੇ ਹਨ ਕਿ ਪਿਛਲੇ ਜਨਮ ਵਿਚ ਮੈਂ ਬ੍ਰਹਮਚਾਰੀ ਸੀ ਤੇ ਰਾਮਾਨੰਦ ਜੀ ਦੀ ਸੇਵਾ ਕਰਦਾ ਸੀ । ਰੋਜ਼ਾਨਾ ਭਿਖਿਆ ਮੰਗ ਕੇ ਪ੍ਰਸ਼ਾਦਾ ਤਿਆਰ ਕਰਦਾ ਸੀ । ਇੱਕ ਦਿਨ ਬਾਰਸ਼ ਹੋ ਰਹੀ ਸੀ, ਜਦੋਂ ਇਹ ਭਿਖਿਆ ਮੰਗਣ ਵਾਸਤੇ ਮੰਦਿਰ ਵਿਚੋਂ ਨਿਕਲੇ । ਬਾਰਸ਼ ਹੋਣ ਕਾਰਨ

ਥੋੜ੍ਹੀ ਦੂਰ ਬਾਣੀਏ ਦੇ ਘਰ ਮੋਹਰੇ ਭਿੱਗ ਪਏ। ਉਥੇ ਬਾਣੀਏ ਦਾ ਪੁੱਤਰ ਖੜ੍ਹਾ ਸੀ। ਉਸ ਨੇ ਬ੍ਰਹਮਚਾਰੀ ਜੀ ਨੂੰ ਉਠਾਇਆ ਅਤੇ ਜਿੰਨੀ ਰਸਦ ਡੇਰੇ ਵਾਸਤੇ ਚਾਹੀਦੀ ਸੀ ਆਪਣੇ ਘਰੋਂ ਦੇ ਦਿੱਤੀ। ਬ੍ਰਹਮਚਾਰੀ ਨੇ ਪ੍ਰਸ਼ਾਦਾ ਤਿਆਰ ਕਰਕੇ ਛਕਾਇਆ। ਉਸ ਦਿਨ ਰਾਮਾਨੰਦ ਜੀ ਦੀ ਸੁਰਤ ਨਾਮ ਵਿਚ ਨਾ ਜੁੜੀ। ਉਨ੍ਹਾਂ ਨੇ ਬ੍ਰਹਮਚਾਰੀ ਨੂੰ ਪੁਛਿਆ ਕਿ ਭਿਖਿਆ ਕਿਹੜੇ ਕਿਹੜੇ ਘਰੋਂ ਲੈ ਕੇ ਆਇਆ ਹੈ। ਬ੍ਰਹਮਚਾਰੀ ਨੇ ਉਤਰ ਦਿੱਤਾ ਕਿ ਬਾਰਸ਼ ਹੋਣ ਕਰਕੇ ਸਿਰਫ ਬਾਣੀਏ ਦੇ ਘਰੋਂ ਲੈ ਕੇ ਮੁੜ ਆਇਆ ਹਾਂ। ਇਹ ਸੁਣ ਕੇ ਰਾਮਾਨੰਦ ਜੀ ਕਰੋਧ ਵਿਚ ਆ ਗਏ ਤੇ ਸਰਾਪ ਦੇ ਦਿੱਤਾ ਕਿ ਜਾਹ ਨੀਚ, ਤੇਰੀ ਸੁਰਤ ਨੀਵੀਂ ਹੈ। ਤੂੰ ਭੈੜੇ ਪੁਰਸ਼ਾਂ ਦੀ ਕਮਾਈ ਦਾ ਭੋਜਨ ਸਾਨੂੰ ਛਕਾ ਕੇ ਬਹੁਤ ਪਾਪ ਕੀਤਾ ਹੈ ਤੇਰਾ ਅਗਲਾ ਜਨਮ ਚਮਾਰਾਂ ਦੇ ਘਰ ਹੋਵੇਗਾ। ਇਸ ਕਰਕੇ ਬ੍ਰਹਮਚਾਰੀ ਨੂੰ ਚਮਾਰਾਂ ਦੇ ਘਰ ਦੁਬਾਰਾ ਜਨਮ ਲੈਣਾ ਪਿਆ।

ਇਸੇ ਤਰ੍ਹਾਂ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਆਪਣੀਆ ਜੇਹਲ ਚਿੱਠੀਆਂ ਵਿਚ ਆਪਣੇ ਪਿਛਲੇ ਜਨਮ ਬਾਰੇ ਲਿਖ ਰਹੇ ਹਨ ਕਿ ਦਾਸ ਰਾਜ ਘਰਾਣੇ ਵਿਚ ਇਕ ਰਾਜਕੁਮਾਰ ਹੈ। ਅਜੇ ਛੋਟੀ ਉਮਰ ਹੈ। ਬਹੁਤ ਸੁੰਦਰ ਪਹਾੜੀ ਇਲਾਕਾ ਹੈ। ਇਕਾਂਤ ਗੁਫਾ ਵਿਚ ਕਿਤੇ ਕਿਤੇ ਸਾਧੂ ਬੈਠੇ ਤਪੱਸਿਆ ਕਰ ਰਹੇ ਹਨ। ਦਾਸ ਨੂੰ ਸਾਧੂਆਂ ਦੀ ਸੇਵਾ ਕਰਨ ਦਾ ਬਹੁਤ ਸ਼ੌਂਕ ਸੀ। ਆਪਣੇ ਸੇਵਾਦਾਰ ਅਤੇ ਸਿਪਾਹੀਆਂ ਦੇ ਸਿਰਾਂ 'ਤੇ ਫਲ ਫਰੂਟ ਅਤੇ ਸਮੁੰਦਰ (ਦੁੱਧ) ਦੇ ਮਟਕੇ ਲੈ ਕੇ ਜਾਇਆ ਕਰਦਾ ਸੀ ਅਤੇ ਉਨ੍ਹਾਂ ਸਾਧੂਆਂ ਨੂੰ ਛਕਾਇਆ ਕਰਦੇ ਸਨ।

ਇੱਕ ਦਿਨ ਇਸੇ ਤਰ੍ਹਾਂ ਹੌਲੀ ਖੇਡਦਾ ਖੇਡਦਾ ਬਹੁਤ ਅੱਗੇ ਲੰਘ ਗਿਆ। ਫਲ ਅਤੇ ਦੁੱਧ ਵੀ ਕੋਲ ਹੀ ਸੀ। ਰਸਤੇ ਵਿਚ ਇਕ ਗੁਫਾ ਅੰਦਰ ਸਾਧੂ ਬੈਠਾ ਸੀ, ਜਿਸ ਦਾ ਸਰੀਰ ਬਹੁਤ ਪਤਲਾ ਜਿਹਾ ਤੇ ਹੱਡੀਆਂ ਦਾ ਢਾਂਚਾ ਹੀ ਰਹਿ ਗਿਆ ਸੀ। ਇਸ ਤਰ੍ਹਾਂ ਲੱਗਦਾ ਸੀ ਕਿ ਉਸ ਨੂੰ ਕੋਈ ਸਾਹ ਨਹੀਂ ਆ ਰਿਹਾ।

ਦਾਸ ਉਸ ਨੂੰ ਦੇਖ ਕੇ ਡਰ ਗਿਆ। ਦਾਸ ਨੂੰ ਉਸ ਉਪਰ ਬਹੁਤ ਤਰਸ ਆਇਆ ਕਿ ਕਿਸੇ ਤਰ੍ਹਾਂ ਇਸ ਨੂੰ ਸਾਹ ਆਉਣ ਲੱਗ ਪਵੇ। ਦਾਸ ਨੇ ਸੋਚਿਆ ਕਿ ਇਥੇ ਕਦੀ ਕੋਈ ਆਦਮੀ ਆਇਆ ਹੀ ਨਹੀਂ ਤਾਂ ਇਸ ਨੂੰ ਖਾਣਪੀਣ ਵਾਸਤੇ ਕਿਸ਼ ਤਰ੍ਹਾਂ ਮਿਲਦਾ। ਮਨ ਵਿਚ ਇਕ ਫੁਰਨਾ ਆਇਆ ਕਿ ਜੋ ਅੱਜ ਇਧਰ ਤੇਰਾ ਫੇਰਾ ਪਵਾਇਆ ਹੈ, ਇਹ ਇਸ ਨੂੰ ਸੁਰਜੀਤ ਕਰਨ ਹਿੱਤ ਪਵਾਇਆ ਹੈ। ਅਜੇ ਇਸ ਵਿਚ ਜਿੰਦ ਜਾਨ ਹੈ। ਆਸ ਬੱਝ ਗਈ ਕਿ ਜੇ ਇਸ ਦੇ ਅੰਦਰ ਕਿਸੇ ਤਰ੍ਹਾਂ ਦੁੱਧ ਦਾ ਅਹਾਰ ਪਾਇਆ ਜਾਵੇ ਤਾਂ ਇਹ ਜਰੂਰ ਨੌ-ਬਰ-ਨੌ ਹੋ ਜਾਵੇਗਾ।

ਇਸ ਫੁਰਨੇ ਤੋਂ ਬਾਅਦ ਇੱਕ ਦਮ ਦੁੱਧ ਦੀ ਪਿਚਕਾਰੀ ਭਰ ਕੇ ਦਾਸ ਨੇ ਇਸ ਦੇ ਮੂੰਹ ਅੰਦਰ ਮਾਰਨੀ ਚਾਹੀ। ਅੱਗੋਂ ਦੰਦ ਜੁੜੇ ਹੋਏ ਸਨ। ਅਜਿਹੀ ਦੰਦਲ ਪਈ ਹੋਈ ਸੀ ਕਿ ਦੁੱਧ ਅੰਦਰ ਜਾਣ ਦਾ ਰਾਹ ਹੀ ਨਾ ਦਿੱਸੇ।

ਦਾਸ ਨੇ ਨਾਲ ਦੇ ਸਿਪਾਹੀਆਂ ਨੂੰ ਇਸ਼ਾਰਾ ਕੀਤਾ ਕਿ ਇਸ ਨੂੰ ਪਕੜੋ, ਫੜੋ । ਉਸ ਦਾ ਸਰੀਰ ਪੱਥਰ ਵਾਂਗੂ ਆਕੜਿਆ ਹੋਇਆ ਸੀ । ਸਿਪਾਹੀਆਂ ਨੇ ਪਕੜ ਮਾਰ ਕੇ ਉਸ ਦੇ ਸਾਹਮਣੇ ਦੇ ਦੰਦ ਤੋੜ ਦਿੱਤੇ ਅਤੇ ਦਾਸ ਨੇ ਥੋੜ੍ਹੀ ਜਿਹੀ ਖਿਚੜੀ ਉਸ ਦੇ ਮੂੰਹ ਵਿਚ ਪਾ ਦਿੱਤੀ । ਥੋੜ੍ਹਾ ਮੂੰਹ ਵਿਚ ਪਾਉਣ ਨਾਲ, ਅਤੇ ਦੰਦ ਤੋੜ ਦੇਣ ਨਾਲ ਕੇ ਉਸ ਦੇ ਦਿਮਾਗ ਵਿਚ ਚੜ੍ਹੇ ਹੋਏ ਸੁਆਸ, ਪਰਾਣ ਹੇਠਾਂ ਆ ਜਾਣ । ਸਮਾਧੀ ਖੁੱਲ੍ਹਣ ਸਾਰ ਉਸ ਨੇ ਸਰਾਪ ਦੇਣੇ ਸ਼ੁਰੂ ਕਰ ਦਿੱਤੇ ਕਿ ਮੈਂ ਤੇਰੇ ਬਾਪ ਦਾ ਰਾਜ ਭਾਗ ਮੇਟਣ ਵਾਸਤੇ ਇਹ ਘੋਰ ਤਪੱਸਿਆ ਕੀਤੀ ਹੈ । ਜਾਹ ਤੂੰ ਮੇਰੀ ਤਪੱਸਿਆ ਵਿਚ ਭੰਗ ਪਾਇਆ ਹੈ । ਜੇ ਮੇਰੀ ਮਨੋਕਾਮਨਾ ਪੂਰੀ ਨਾ ਹੋਈ ਤਾਂ ਤੇਰਾ ਰਾਜ ਭਾਗ ਵਿਰਸਾ ਵੀ ਨਸ਼ਟ ਹੋ ਜਾਵੇਗਾ ਅਤੇ ਮੈਂ ਤੇਰਾ ਬਦਲਾ ਅਗਲੇ ਜਨਮ ਵਿਚ ਲਵਾਂਗਾ ।

ਇਸ ਪ੍ਰਕਾਰ ਦੇ ਕਰੋਧ ਭਰੇ ਕਥਨ ਬੋਲ ਕੇ ਉਸ ਨੇ ਮੇਰੀ ਵੱਲ ਰੋਹ ਵਿਚ ਆ ਕੇ ਤ੍ਰਿਸ਼ੂਲ ਚਲਾਈ, ਜੋ ਪਤਾ ਨਹੀਂ ਉਸ ਪਾਸ ਕਿਥੋਂ ਆ ਗਈ । ਮੇਰੀ ਤਾਂ ਸੁੱਤੇ ਹੀ ਰੱਖਿਆ ਹੋ ਗਈ ਪਰ ਉਹ ਤਿਰਸ਼ੂਲ ਇਕ ਸਿਪਾਹੀ ਦੀ ਲੱਤ ਤੇ ਜਾ ਲੱਗਾ ਅਤੇ ਪੱਟ ਕੋਲੋਂ ਉਸ ਦੀ ਲੱਤ ਲਹਿ ਗਈ । ਫਿਰ ਇਹ ਸੀਨ ਤਾਂ ਅਲੋਪ ਹੋ ਗਿਆ ਪਰ ਇਸ ਸੀਨ ਤੋਂ ਬਾਅਦ ਦੂਸਰਾ ਸੀਨ ਸਾਹਮਣੇ ਆ ਗਿਆ ਜੋ ਇਸ ਜਨਮ ਦਾ ਵਰਤਨਹਾਰ ਪ੍ਰਤੀਤ ਹੁੰਦਾ ਸੀ ।

ਉਹੋ ਤਪੱਸਵੀ ਲੱਤੋਂ ਲੰਗੜਾ ਹੋਇਆ ਪਰ ਬਹੁਤ ਹੀ ਰਿਸ਼ਟ ਪੁਸ਼ਟ, ਹੰਕੜ ਵਿਚ ਹੰਕੜਿਆ ਹੋਇਆ, ਆਪਣੇ ਲਾਓ ਲਸ਼ਕਰ ਨੂੰ ਲਈ ਮੇਰੇ ਸਾਹਮਣੇ ਆ ਖਲੋਤਾ । ਮੈਂ ਉਸ ਨੂੰ ਆਖਿਆ ਕਿ ਬੱਸ ਤੇਰੀ ਤਪੱਸਿਆ ਦਾ ਫਲ ਤੈਨੂੰ ਇਹੋ ਹੰਕੜਬਾਜ਼ੀ ਹੀ ਮਿਲੀ ਹੈ ? ਇਹ ਲੱਤ ਕਿਸ ਤੋਂ ਕਟਵਾਈ ਹੈ ? ਉਸ ਨੇ ਆਖਿਆ, ਜਿਸ ਦੀ ਮੈਂ ਕੱਟੀ ਸੀ, ਉਸ ਨੇ ਹੁਣ ਮੇਰੀ ਕੱਟ ਦਿੱਤੀ । ਫਰਕ ਸਿਰਫ ਇੰਨਾ ਹੈ ਕਿ ਮੈਂ ਉਸ ਦੀ ਤ੍ਰਿਸ਼ੂਲ ਨਾਲ ਕੱਟੀ ਸੀ, ਉਸ ਨੇ ਗੋਲੀ ਮਾਰ ਕੇ ਆਰੀ ਕਰ ਦਿੱਤੀ ਤੇ ਮੈਨੂੰ ਕਟਵਾਉਣੀ ਪਈ । ਇਹ ਤਾਂ ਅਦਲੇ ਦਾ ਬਦਲਾ ਹੈ । ਹੁਣ ਤੂੰ ਵੀ ਤਿਆਰ ਹੋ ਜਾ । ਤੇਰੇ ਕੋਲੋਂ ਵੀ ਹੁਣ ਮੈਂ ਪੂਰਬ ਜਨਮ ਦਾ ਬਦਲਾ ਲੈਣਾ ਹੈ । ਮੈਂ ਕਿਹਾ, ਅੱਛਾ ਭਾਈ ਤੂੰ ਵੀ ਆਪਣਾ ਰਿਣ ਲਾਹ ਲੈ । ਏਨਾ ਸੁਣ ਉਸ ਨੇ ਮੈਨੂੰ ਜਕੜ ਲਿਆ ਅਤੇ ਮੇਰੇ ਮੂੰਹ ਵਿਚ ਮੱਲੋਮੱਲੀ ਕੋਈ ਲੰਮਾ ਲੰਮਾ ਸੰਦ ਪਾ ਕੇ ਅਜੇ ਮੇਰੇ ਹਲਕ ਤਾਈਂ ਹੀ ਉਤਾਰਿਆ ਸੀ ਕਿ ਮੇਰੀ ਜਾਗ ਖੁੱਲ੍ਹ ਗਈ । ਸੀਨ ਸਮਾਧੀ ਤੋਂ ਸਾਵਧਾਨਤਾ ਹੋਈ ਤਾਂ ਦਾਸ ਨੂੰ ਇਉਂ ਪ੍ਰਤੀਤ ਹੋਇਆ ਕਿ ਮਾਨੋ ਇਹ ਵਰਤਾਰਾਂ ਪ੍ਰਤੱਖ ਵਰਤੰਗਾ ਤੇ ਵਰਤਿਆ ।

ਜਿਵੇਂ ਪਹਿਲਾਂ ਦੱਸ ਚੁੱਕੇ ਹਾਂ ਕਿ ਦਾਸ ਮਹਾਰਾਜ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਗੁਰੂ ਘਰ ਸੇਵਾ ਕਰਦੇ ਸਨ । ਮਹਾਰਾਜ ਜੀ ਦੀ ਫੌਜ ਵਿਚ ਸਨ । ਮਹਾਰਾਜ ਜੀ ਦੇ ਸਮੇਂ ਤੋਂ ਪਹਿਲਾਂ ਵੀ ਕਈ ਮਨੁੱਖਾ ਜਨਮ ਧਾਰ ਚੁੱਕਾ ਹਾਂ । ਪਿਛਲੇ ਇਨ੍ਹਾਂ ਜਨਮਾਂ ਦੀ ਭਗਤੀ ਕੀਤੀ ਹੋਣ ਕਰਕੇ, ਮਹਾਰਾਜ ਜੀ ਦੀ ਸੇਵਾ ਕਰਨ ਦਾ ਮੌਕਾ ਮਿਲਿਆ । ਇਸ ਸੇਵਾ ਦੇ ਫਲ ਕਰਕੇ ਪਿਛਲੇ ਜਨਮ ਤੱਕ ਗੁਰਸਿੱਖਾਂ ਦੇ ਘਰ ਜਨਮ ਮਿਲਦਾ

ਰਿਹਾ ਪਰ ਮੁਕਤੀ ਨਹੀਂ ਮਿਲੀ ਕਿਉਂਕਿ ਪਿਛਲੇ ਜਨਮਾਂ ਵਿਚ ਬਾਣੀ ਪੜ੍ਹੀ ਸੀ ਪਰ ਨਾਮ ਨਹੀਂ ਜਪਿਆ ।

ਪਿਛਲੇ ਜਨਮ ਵਿਚ ਦਾਸ ਰਾਗੀ ਸੀ । ਸਾਡਾ ਆਪਣਾ ਜਥਾ ਸੀ । ਦਾਸ ਸੂਰਮਾ (ਨੇਤਰਹੀਣ) ਸਿੰਘ ਅਤੇ ਇਕ ਹੋਰ ਸਿੰਘ ਤਬਲੇ ਦੀ ਸੇਵਾ ਕਰਦਾ ਸੀ । ਰਾਗੀ ਹੁੰਦਿਆਂ ਹੋਇਆਂ ਵੀ ਮੇਰੇ ਵਿਚ ਬਹੁਤ ਕਮਜ਼ੋਰੀਆਂ ਸਨ ।

ਮੈਂ ਗੁਰਦੁਆਰੇ ਰਹਿੰਦਿਆਂ ਹੋਇਆਂ ਵੀ ਅੰਮ੍ਰਿਤ ਵੇਲੇ ਜਾਂ ਸ਼ਾਮ ਦੇ ਦੀਵਾਨ ਵਿਚ ਹਾਜ਼ਰੀ ਨਹੀਂ ਭਰੀ । ਜਦੋਂ ਅਸੀਂ ਕਿਸੇ ਸਮਾਗਮ 'ਤੇ ਕੀਰਤਨ ਕਰਨ ਜਾਣਾ ਤਾਂ ਸਮੇਂ ਦੇ ਸਮੇਂ ਜਾਂਦੇ ਤੇ ਕੀਰਤਨ ਕਰਕੇ ਵਾਪਸ ਆ ਜਾਂਦੇ । ਮੇਰੇ ਮਨ ਵਿੱਚ ਇੰਨੀ ਹਉਮੈਂ ਸੀ ਕਿ ਮੈਂ ਕਦੀ ਕਿਸੇ ਦਾ ਕੀਰਤਨ ਨਹੀਂ ਸੁਣਦਾ ਸੀ । ਐਨੀ ਸੋਝੀ ਹੁੰਦਿਆਂ ਹੋਇਆਂ ਵੀ ਅੰਮ੍ਰਿਤ ਵੇਲੇ ਸਿਮਰਨ ਨਹੀਂ ਕੀਤਾ ।

ਗੁਰਸਿਖ ਭਲਕੇ ਉਠ ਕਰਿ, ਅੰਮ੍ਰਿਤ ਵੇਲੇ ਸਰੁ ਨਾਵੰਦਾ ॥
ਗੁਰੁ ਕੇ ਬਚਨ ਉਚਾਰਿ ਕੈ ਧ੍ਰਮਸਾਲਾ ਦੀ ਸੁਰਤਿ ਕਰੰਦਾ ॥
ਸਾਧ ਸੰਗਤਿ ਵਿਚਿ ਜਾਇ ਕੈ, ਗੁਰਬਾਣੀ ਦੇ ਪ੍ਰੀਤਿ ਸੁਣੰਦਾ ॥
ਸੰਕਾ ਮਨਹੁ ਮਿਟਾਇ ਕੇ, ਗੁਰਸਿਖਾਂ ਦੀ ਸੇਵ ਕਰੰਦਾ ॥
ਕਿਰਤ ਵਿਰਤ ਕਰਿ ਧਰਮੁ ਦੀ, ਲੈ ਪਰਸਾਦ ਆਣਿ ਵਰਤੰਦਾ ॥
ਗੁਰਸਿਖਾਂ ਨੋ ਦੇਇ ਕਰਿ, ਪਿਛੋਂ ਬਚਿਆ ਆਪ ਖਵੰਦਾ ॥
ਕਲੀਕਾਲ ਪਰਗਾਸ ਕਰਿ, ਗੁਰੁ ਚੇਲਾ ਚੇਲਾ ਗੁਰ ਸੰਦਾ ॥
ਗੁਰਮੁਖ ਗਾਡੀ ਰਾਹੁ ਚਲੰਦਾ ॥

*(ਭਾਈ ਗੁਰਦਾਸ ਜੀ)*

ਜਿਸ ਤਰ੍ਹਾਂ ਭਾਈ ਗੁਰਦਾਸ ਜੀ ਇਸ ਵਾਰ ਵਿਚ ਫੁਰਮਾ ਰਹੇ ਹਨ ਕਿ ਗੁਰਸਿੱਖ ਦਾ ਜੀਵਨ ਇਸ ਤਰ੍ਹਾਂ ਹੋਣਾ ਚਾਹੀਦਾ ਹੈ, ਉਸ 'ਤੇ ਅਮਲ ਨਹੀਂ ਕੀਤਾ ।

ਜਿਸ ਤਰ੍ਹਾਂ ਗੁਰੂ ਜੀ ਦਾ ਹੁਕਮ ਸੀ, ਉਸ ਤਰ੍ਹਾਂ ਪ੍ਰਚਾਰ ਨਹੀਂ ਕੀਤਾ । ਮਾਇਆ ਦੇ ਚੱਕਰ ਵਿਚ ਮਨ ਡੋਲ ਗਿਆ । ਕੀਰਤਨ ਦੀ ਮਾਇਆ ਵੰਡਣ ਵਿਚ ਹੇਰਾਫੇਰੀ ਕਰਨੀ । ਸੂਰਮੇ ਨੇਤਰਹੀਨ ਸਿੰਘ ਨੂੰ ਮਾਇਆ ਘੱਟ ਦੇਣੀ । ਇਕ ਦਿਨ ਉਸ ਨੂੰ ਪਤਾ ਲੱਗ ਗਿਆ । ਉਸ ਨੇ ਮੈਨੂੰ ਸਮਝਾਇਆ ਕਿ ਇਸ ਤਰ੍ਹਾਂ ਕਰਨਾ ਠੀਕ ਨਹੀਂ ਪਰ ਮਨ ਤੇ ਕੋਈ ਅਸਰ ਨਾ ਹੋਇਆ ਕਿਉਂਕਿ ਮੇਰੀ ਆਦਤ ਬਣ ਚੁੱਕੀ ਸੀ । ਸੂਰਮੇ ਸਿੰਘ ਨੂੰ ਬਾਣੀ ਕਾਫੀ ਕੰਠ ਸੀ ਅਤੇ ਨਾਮ ਅਭਿਆਸੀ ਵੀ ਸੀ । ਉਸ ਨੇ ਗੁੱਸੇ ਵਿਚ ਆ ਕੇ ਮੈਨੂੰ ਕਿਹਾ, "ਕਿਉਂ ਮਾਇਆ ਦੇ ਚੱਕਰ ਵਿਚ ਆ ਕੇ ਪੰਡਤਾਂ ਵਾਂਗੂ ਕਰਦਾ ਹੈ । ਪੂਜਾ ਦੇ ਧੰਨ ਤੇ ਪੰਡਿਤ ਹੇਰਾਫੇਰੀ ਕਰਦੇ ਹਨ । ਜਾਹ ਤੇਰਾ ਅਗਲਾ ਜਨਮ ਪੰਡਿਤਾਂ ਦੇ ਘਰ ਹੀ ਹੋਵੇਗਾ ।" ਇਹ ਸੁਣ ਕੇ ਮੈਂ ਡਰ ਗਿਆ ।

ਜਬ ਇਹ ਗਹੈ ਬਿਪਰਨ ਕੀ ਰੀਤ ॥

## ਮੈਂ ਨ ਕਰੋਂ ਇਨ ਕੀ ਪ੍ਰਤੀਤ ॥

(ਸਰਬ ਲੋਹ ਗ੍ਰੰਥ)

ਇਹ ਸ਼ਬਦ ਮੇਰੇ ਮਨ 'ਤੇ ਬੈਠ ਗਿਆ ਕਿ ਜੇ ਪੰਡਿਤਾਂ ਦੇ ਘਰ ਜਨਮ ਮਿਲ ਗਿਆ ਤਾਂ ਸਿੱਖੀ ਤੋਂ ਦੂਰ ਚਲਾ ਜਾਵਾਂਗਾ । ਮਹਾਰਾਜ ਜੀ ਦੇ ਦਰਸ਼ਨ ਕਿਸ ਤਰ੍ਹਾਂ ਹੋਣਗੇ । ਬਾਣੀ ਨਹੀਂ ਪੜ੍ਹ ਸਕਾਂਗਾ ਤਾਂ ਆਪਣਾ ਜਨਮ ਕਿਸ ਤਰ੍ਹਾਂ ਸਫਲ ਕਰਾਂਗਾ । ਮੈਂ ਬਹੁਤ ਪਛਤਾਇਆ ਅਤੇ ਉਸਨੂੰ ਬੇਨਤੀ ਕੀਤੀ ਕਿ ਤੁਸੀਂ ਆਪਣਾ ਬਚਨ ਵਾਪਸ ਲੈ ਲਉ । ਉਸਨੇ ਜਵਾਬ ਦਿੱਤਾ, ਜਿਹੜਾ ਬਚਨ ਹੋ ਗਿਆ ਹੋ ਕੇ ਰਹੇਗਾ ।

ਅੱਜ ਤੋਂ ਸੌ ਸਾਲ ਪਹਿਲੇ ਬਹੁਤ ਸਾਰੇ ਗੁਰਸਿੱਖਾਂ ਦਾ ਜੀਵਨ ਬਹੁਤ ਹੀ ਉੱਚਾ ਸੀ । ਸੂਰਮੇ ਸਿੰਘ ਦਾ ਜੀਵਨ ਵੀ ਬਹੁਤ ਉੱਚਾ ਸੀ ਤੇ ਕਾਫੀ ਦਿਆਲੂ ਵੀ ਸੀ । ਮੇਰੀ ਬੇਨਤੀ ਸੁਣ ਕੇ ਉਸ ਨੇ ਕਿਹਾ, ਤੈਨੂੰ ਜਨਮ ਪੰਡਿਤਾਂ ਦੇ ਘਰ ਹੀ ਲੈਣਾ ਪਵੇਗਾ ਪਰ ਮੈਂ ਤੇਰੇ ਵਾਸਤੇ ਅਰਦਾਸ ਕਰ ਦਿੰਦਾ ਹਾਂ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤੈਨੂੰ ਸਿੱਖੀ ਖੁਦ ਬਖਸ਼ਣਗੇ । ਇਸ ਕਰਕੇ ਮੇਰਾ ਪੰਡਿਤਾਂ ਦੇ ਘਰ ਜਨਮ ਹੋਇਆ । ਇਸ ਘਟਨਾ ਤੋਂ ਡਰ ਕੇ ਮੈਂ ਡਟ ਕੇ ਸਿਮਰਨ ਕਰਨਾ ਸ਼ੁਰੂ ਕਰ ਦਿੱਤਾ । ਕਈ ਕਈ ਘੰਟ ਸਿਮਰਨ ਕਰਨ ਲੱਗ ਪਿਆ । ਮੇਰਾ ਜੀਵਨ ਬਦਲ ਗਿਆ । ਅੱਜ ਕਲ੍ਹ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਜਰੂਰ ਕਰਦੇ ਹਨ ਪਰ ਨਾਮ ਜਪਣ ਦਾ ਉਪਰਾਲਾ ਨਹੀਂ ਕਰਦੇ । ਨਾਮ ਜਪਣਾ ਅਤਿ ਜਰੂਰੀ ਹੈ । ਨਾਮ ਜਪਿਆਂ ਹੀ ਮੁਕਤੀ ਮਿਲੇਗੀ ।

ਜਪਿ ਮਨ ਰਾਮ ਨਾਮੁ ਨਿਸਤਾਰਾ ॥
ਕੋਟ ਕੋਟੰਤਰ ਕੇ ਪਾਪ ਸਭਿ ਖੋਵੈ,
ਹਰਿ ਭਵਜਲੁ ਪਾਰਿ ਉਤਾਰਾ ॥ ਰਹਾਉ ॥
ਕਾਇਆ ਨਗਰਿ ਬਸਤ ਹਰਿ ਸੁਆਮੀ,
ਹਰਿ ਨਿਰਭਉ ਨਿਰਵੈਰੁ ਨਿਰੰਕਾਰਾ ॥
ਹਰਿ ਨਿਕਟਿ ਬਸਤ ਕਛੁ ਨਦਰਿ ਨ ਆਵੈ,
ਹਰਿ ਲਾਧਾ ਗੁਰ ਵੀਚਾਰਾ ॥ 1 ॥
ਹਰਿ ਆਪੇ ਸਾਹੁ ਸਰਾਫੁ ਰਤਨੁ ਹੀਰਾ,
ਹਰਿ ਆਪਿ ਕੀਆ ਪਸਾਰਾ ॥
ਨਾਨਕ ਜਿਸੁ ਕ੍ਰਿਪਾ ਕਰੇ ਸੁ ਹਰਿ ਨਾਮੁ ਵਿਹਾਝੇ,
ਸੋ ਸਾਹੁ ਸਚਾ ਵਣਜਾਰਾ ॥ 2 ॥

(ਬੈਰਾੜੀ ਮ 4 ਪੰ -720)

*****

# ਰਿਸ਼ਵਤ ਦਾ ਫਲ

ਇੱਕ ਦਿਨ ਮੇਰੇ ਦੋਸਤ ਨੇ ਦੱਸਿਆ ਕਿ ਪੰਜਾਬ ਵਿੱਚ ਇੱਕ ਆਦਮੀ ਵੱਡਾ ਅਫਸਰ ਬਣ ਗਿਆ। ਉਹ ਸੋਚਦਾ ਕਿ ਮੈਂ ਲੋਕਾਂ ਦੀਆਂ ਨਜ਼ਰਾਂ ਵਿੱਚ ਚੰਗਾ ਵੀ ਬਣਿਆ ਰਹਾਂ ਅਤੇ ਰਿਸ਼ਵਤ ਵੀ ਮਿਲਦੀ ਰਹੇ। ਉਸਨੂੰ ਇੱਕ ਤਰਕੀਬ ਸੁੱਝੀ, ਉਸਨੇ ਆਪਣੇ ਘਰ ਮਹਾਰਾਜ ਜੀ ਦਾ ਪ੍ਰਕਾਸ਼ ਕਰ ਲਿਆ। ਜਦੋਂ ਵੀ ਕੋਈ ਆਦਮੀ ਆਪਣਾ ਕੰਮ ਕਰਾਉਣ ਆਉਂਦਾ ਤਾਂ ਅਫਸਰ ਦੀ ਪਤਨੀ ਕਹਿੰਦੀ, ਭਰਾ ਜੀ ਉਪਰ ਜਾ ਕੇ ਮਹਾਰਾਜ ਜੀ ਨੂੰ ਮੱਥਾ ਟੇਕ ਆਉ। ਜਿਹੜਾ ਜਿਆਦਾ ਪੈਸੇ ਰੱਖ ਕੇ ਮੱਥਾ ਟੇਕਦਾ, ਉਸਦਾ ਕੰਮ ਛੇਤੀ ਕਰ ਦਿੰਦੇ। ਹੌਲੀ ਹੌਲੀ ਕਈਆਂ ਨੂੰ ਪਤਾ ਲੱਗ ਗਿਆ ਕਿ ਜਿਆਦਾ ਪੈਸੇ ਰੱਖ ਕੇ ਮੱਥਾ ਟੇਕੋ ਤਾਂ ਜਲਦੀ ਕੰਮ ਬਣ ਜਾਂਦਾ ਹੈ ਜੇ ਥੋੜ੍ਹੇ ਪੈਸੇ ਰੱਖ ਕੇ ਮੱਥਾ ਟੇਕੋ ਤਾਂ ਉਹਨਾਂ ਨੂੰ ਬਹਾਨੇ ਬਣਾਉਣੇ ਕਿ ਤੁਹਾਡਾ ਕੰਮ ਹੋ ਜਾਏਗਾ। ਉਸਦੀ ਘਰਵਾਲੀ ਬਹੁਤ ਚਾਲਾਕ ਸੀ ਉਹ ਦੇਖ ਕੇ ਆਉਂਦੀ ਤਾਂ ਪਰਚੀ ਤੇ ਲਿਖ ਕੇ ਦੱਸ ਦਿੰਦੀ ਕਿ ਇਸਨੇ ਕਿੰਨੇ ਪੈਸੇ ਚੜ੍ਹਾਏ ਹਨ। ਜਿਸ ਦਾ ਕੰਮ ਕਰਨਾ ਹੁੰਦਾ ਕਰ ਦਿੰਦੇ ਨਹੀਂ ਤਾਂ ਬਹਾਨੇ ਬਣਾਉਂਦੇ। ਕਾਫੀ ਦੇਰ ਇਹਨਾਂ ਦਾ ਇਸ ਤਰ੍ਹਾਂ ਲੈਣ ਦੇਣ ਚਲਦਾ ਰਿਹਾ।

ਧਨੁ ਧਰਨੀ ਅਰੁ ਸੰਪਤਿ ਸਗਰੀ ਸੋ ਮਾਨਿਓ ਅਪਨਾਈ ॥
ਤਨ ਛੂਟੈ ਕਛੁ ਸੰਗਿ ਨ ਚਾਲੈ ਕਹਾ ਤਾਹਿ ਲਪਟਾਈ ॥

*(ਸਾਰੰਗ ਮ: 9 ਪੰ:-1231)*

ਅਚਾਨਕ ਦੋਨੋਂ ਬੀਮਾਰ ਹੋ ਗਏ। ਐਸੀ ਬਿਮਾਰੀ ਲੱਗੀ ਜਿਸ ਦਾ ਕੋਈ ਇਲਾਜ ਨਹੀਂ ਸੀ। ਡਾਕਟਰ ਨੇ ਕਿਹਾ, ਤੁਹਾਡੇ ਰੋਜ਼ਾਨਾ ਟੀਕਾ ਲਗਾਉਣਾ ਪਵੇਗਾ। ਟੀਕਾ ਕਾਫੀ ਮਹਿੰਗਾ ਸੀ। ਜਿੰਨਾਂ ਧੰਨ ਇਕੱਠਾ ਕੀਤਾ ਸੀ ਉਹ ਸਾਰਾ ਬੀਮਾਰੀ ਉਪਰ ਲੱਗ ਗਿਆ ਤਾਂ ਉਨ੍ਹਾਂ ਨੂੰ ਸੋਝੀ ਆਈ ਕਿ ਜਿਹੜੀ ਮਾਇਆ ਮਹਾਰਾਜ ਜੀ ਨੂੰ ਵਰਤ ਕੇ ਇਕੱਠੀ ਕੀਤੀ ਉਸ ਦਾ ਕੋਈ ਸੁੱਖ ਪ੍ਰਾਪਤ ਨਹੀਂ ਹੋਇਆ ਦੁੱਖ ਹੀ ਦੁੱਖ ਪ੍ਰਾਪਤ ਹੋਇਆ।

ਕਈ ਐਸੇ ਬੰਦੇ ਹਨ ਜਿਨ੍ਹਾਂ ਨੂੰ ਕੋਈ ਸੋਝੀ ਨਹੀਂ ਆਉਂਦੀ ਭਾਵੇਂ ਕਿੰਨੇ ਵੀ ਸੰਕਟ ਵਿੱਚ ਹੋਣ, ਉਨ੍ਹਾਂ ਨੂੰ ਚੇਤੇ ਨਹੀਂ ਆਉਂਦਾ ਕਿ ਮੈਂ ਕਿੰਨੇ ਬੰਦਿਆ ਦਾ ਦਿਲ ਦੁਖਾ ਕੇ ਪੈਸੇ ਇਕੱਠੇ ਕੀਤੇ ਹਨ। ਉਸਨੇ ਆਪਣੇ ਦੋਸਤ ਨੂੰ ਦੱਸਿਆ, ਮੈਂ ਗਲਤੀ ਕਰ ਬੈਠਾ ਹਾਂ ਹੁਣ ਪਤਾ ਲੱਗਦਾ ਹੈ ਕਿ ਰਿਸ਼ਵਤ ਲੈਣਾ ਬਹੁਤ ਮਾੜਾ ਹੈ। ਅਸੀਂ ਹੁਣ ਇਸ ਦਾ ਨਤੀਜਾ ਭੋਗ ਰਹੇ ਹਾਂ।

ਮੇਰੇ ਨਾਲ ਪ੍ਰੇਮ ਨਾਥ ਨਾਮ ਦਾ ਇਕ ਪੰਜਾਬੀ ਭਾਈ ਕੰਮ ਕਰਦਾ ਸੀ। ਅਸੀਂ ਕੰਨਟੀਨ ਵਿਚ ਬੈਠੇ ਗੱਲਾਂ ਕਰਦੇ ਸੀ। ਮੈਂ ਉਸਨੂੰ ਪੁਛਿਆ, ਕੀ ਗੱਲ ਹੋਈ ਤੁਹਾਡਾ

ਸਾਰਾ ਮੂੰਹ ਸੁਜਿਆ ਹੋਇਆ ਹੈ। ਉਸ ਨੇ ਦੱਸਿਆ, ਭਾਈ ਸਾਹਿਬ ਜੀ, 'ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨਾ ਦੀਜੈ ਅਵਰ ਜਨਾਂ' ਇੰਡੀਆ ਵਿੱਚ ਮੇਰੇ ਸਹੁਰੇ ਦਾ ਕਾਰੋਬਾਰ ਸੀ। ਉਸ ਦੀ ਮੁਲਾਕਾਤ ਵੱਡੇ-ਵੱਡੇ ਅਫਸਰਾਂ ਨਾਲ ਸੀ। ਉਸ ਨੇ ਕਹਿ ਸੁਣ ਕੇ ਮੈਨੂੰ ਥਾਣੇਦਾਰ ਬਣਾ ਦਿੱਤਾ। ਮੈਂ ਛੋਟੇ ਛੋਟੇ ਕੰਮਾਂ ਵਾਸਤੇ ਵੀ ਰਿਸ਼ਵਤ ਲੈਣ ਲੱਗਾ। ਉਨ੍ਹਾਂ ਪੈਸਿਆਂ ਨਾਲ ਮੈ ਆਪਣੇ ਬੱਚਿਆਂ ਨੂੰ ਪਾਲਿਆ। ਕੁਦਰਤੀ ਸਾਡਾ ਪ੍ਰੋਗਰਾਮ ਇੰਗਲੈਂਡ ਆਉਣ ਦਾ ਬਣ ਗਿਆ ਤੇ ਸਾਰਾ ਪਰਿਵਾਰ ਇਥੇ ਆ ਗਿਆ। ਇਥੇ ਆ ਕੇ ਮੇਰਾ ਲੜਕਾ ਅਵਾਰਾ ਹੋ ਗਿਆ। ਕੰਮ ਕਾਰ ਕੋਈ ਕਰਨਾ ਨਹੀਂ, ਬਸ ਸ਼ਰਾਬ ਪੀਣ ਲਈ ਮੇਰੇ ਕੋਲੋਂ ਪੈਸੇ ਮੰਗਦਾ ਰਹਿੰਦਾ ਹੈ, ਜੇ ਨਹੀਂ ਦਿੰਦਾ ਤਾਂ ਮੈਨੂੰ ਕੁਟਦਾ ਮਾਰਦਾ ਰਹਿੰਦਾ ਹੈ, ਇਸੇ ਕਰਕੇ ਮੇਰਾ ਮੂੰਹ ਸੁੱਜਾ ਹੋਇਆ ਹੈ। ਮੈਂ ਲੋਕਾਂ ਨੂੰ ਤੰਗ ਕਰਕੇ ਪੈਸੇ ਲੈਂਦਾ ਸੀ, ਉਸ ਦਾ ਫਲ ਹੁਣ ਮੈਨੂੰ ਮਿਲ ਰਿਹਾ ਹੈ। ਮੇਰੇ ਹੀ ਲੜਕੇ ਨੇ ਮੈਨੂੰ ਕੁਟਿਆ। ਐਸੀ ਉਲਾਦ ਤੋਂ ਮੈਨੂੰ ਕੀ ਸੁਖ ਮਿਲਿਆ, ਮੈਂ ਲੋਕਾਂ ਦੀਆਂ ਬਦ ਅਸੀਸਾਂ ਲੈਂਦਾ ਰਿਹਾ। ਮੈਨੂੰ ਹੁਣ ਪਤਾ ਲੱਗਾ ਹੈ ਕਿ ਰਿਸ਼ਵਤ ਲੈਣੀ ਕਿੰਨਾ ਪਾਪ ਹੈ।

ਮਹਾਰਾਜ ਜੀ ਕਹਿੰਦੇ ਹਨ, ਦਸਾਂ ਨਹੁੰਆਂ ਦੀ ਕਿਰਤ ਕਰੋ ਅਤੇ ਵੰਡ ਕੇ ਛਕੋ। ਕਿਸੇ ਨੂੰ ਤੰਗ ਨਹੀਂ ਕਰਨਾ ਚਾਹੀਦਾ ਤੇ ਆਪਣੀ ਕਮਾਈ ਵਿਚੋਂ ਦਸਵੰਧ ਕੱਢਣਾ ਚਾਹੀਦਾ ਹੈ।

*****

# ਕਾਚਾ ਧੰਨ ਸੰਚਹਿ ਮੂਰਖ ਗਾਵਾਰ

**ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ ॥**
**ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ ॥**

*(ਭਗਤ ਰਵਿਦਾਸ ਜੀ ਪੰ:-657)*

ਸੁਪਨੇ ਹਰ ਇਕ ਬੰਦੇ ਨੂੰ ਆਉਂਦੇ ਹਨ। ਸੁਪਨੇ ਦੇ ਅੰਦਰ ਸਰੀਰ ਸੌਂ ਜਾਂਦਾ ਹੈ ਤੇ ਸੁਰਤੀ ਦੌੜੀ ਫਿਰਦੀ ਹੈ। ਸੌਣ ਵੇਲੇ ਜੈਸਾ ਸੁਰਤੀ ਵਿਚ ਖਿਆਲ ਵੱਸਿਆ ਰਹੇ, ਉਸੇ ਤਰ੍ਹਾਂ ਦੇ ਸੁਪਨੇ ਆਉਂਦੇ ਹਨ।

ਇੱਕ ਵਾਰੀ ਇਕ ਰਾਜਾ ਸੁਪਨੇ ਵਿਚ ਭਿਖਾਰੀ ਹੋ ਗਿਆ। ਸੁਪਨੇ ਵਿਚ ਉਸ ਦਾ ਰਾਜ ਭਾਗ ਸਭ ਖਤਮ ਹੋ ਗਿਆ ਤਾਂ ਉਸ ਨੂੰ ਬਹੁਤ ਦੁੱਖ ਹੋਇਆ। ਇਸੇ ਤਰ੍ਹਾਂ ਸੰਸਾਰ ਵੀ ਇਕ ਸੁਪਨੇ ਵਾਂਗ ਹੈ। ਦੁਨਿਆਵੀ ਧੰਨ ਇਥੇ ਹੀ ਰਹਿ ਜਾਂਦਾ ਹੈ। ਨਾਮ ਤੋਂ ਬਗੈਰ ਕੋਈ ਚੀਜ਼ ਨਾਲ ਨਹੀਂ ਜਾਂਦੀ। ਜੀਵ ਦੇ ਮੰਦੇ ਖਿਆਲ ਹੋਣ ਤਾਂ ਮੰਦੇ ਸੁਪਨੇ ਆਉਂਦੇ ਹਨ। ਚੰਗੇ ਖਿਆਲ ਹੋਣ ਤਾਂ ਚੰਗੇ ਸੁਪਨੇ ਆਉਂਦੇ ਹਨ। ਜਿਸ ਤਰ੍ਹਾਂ ਦਿਨ ਨੂੰ ਬਾਣੀ ਕੰਠ ਕਰੇ ਤੇ ਕੀਰਤਨ ਕਰੇ ਤਾਂ ਉਸੇ ਤਰ੍ਹਾਂ ਰਾਤ ਨੂੰ ਸੁਣਾਈ ਦਿੰਦਾ ਹੈ। ਕਈ ਐਸੇ ਬੰਦੇ ਹਨ ਜਿਨ੍ਹਾਂ ਕੋਲ ਧੰਨ ਬਹੁਤ ਹੁੰਦਾ ਹੈ ਪਰ ਉਨ੍ਹਾਂ ਦਾ ਖਰਚਣ ਨੂੰ ਦਿਲ ਨਹੀਂ ਕਰਦਾ। ਹਰ ਵੇਲੇ ਮਾਇਆ ਵਿਚ ਧਿਆਨ ਰਹਿੰਦਾ ਹੈ।

ਇੱਕ ਧਨੀ ਆਦਮੀ ਮੇਰੇ ਪਾਸ ਆਇਆ ਤੇ ਕਹਿਣ ਲੱਗਾ ਕਿ ਰਾਤ ਨੂੰ ਸੁਪਨੇ ਵਿਚ ਇਕ ਬਹੁਤ ਵੱਡਾ ਸੱਪ ਮੇਰੀ ਛਾਤੀ ਤੇ ਆ ਕੇ ਬੈਠ ਜਾਂਦਾ ਹੈ। ਕੋਈ ਐਸਾ ਉਪਾਅ ਦੱਸੋ ਜਿਸ ਨਾਲ ਇਸ ਤੋਂ ਮੇਰਾ ਛੁਟਕਾਰਾ ਹੋ ਜਾਵੇ। ਮੈਂ ਉਸ ਨੂੰ ਪੁਛਿਆ, ਤੂੰ ਕਦੀ ਪੁੰਨ ਦਾਨ ਕੀਤਾ ਹੈ। ਉਸਨੇ ਉੱਤਰ ਦਿੱਤਾ ਕਿ ਨਹੀਂ ਮੈਨੂੰ ਤਾਂ ਸਿਰਫ ਪੈਸੇ ਜੋੜਨ ਦੀ ਆਦਤ ਹੈ, ਖਰਚਣ ਦੀ ਨਹੀਂ। ਮੈਂ ਉਸ ਨੂੰ ਗੁਰਬਾਣੀ ਦੀ ਇਹ ਤੁਕ ਸੁਣਾਈ :-

ਅੰਤਿ ਕਾਲਿ ਜੋ ਲਛਮੀ ਸਿਮਰੈ
ਐਸੀ ਚਿੰਤਾ ਮਹਿ ਜੇ ਮਰੈ ॥
ਸਰਪ ਜੋਨਿ ਵਲਿ ਵਲਿ ਅਉਤਰੈ ॥

*(ਰਾਗੁ ਗੂਜਰੀ ਪੰ -526)*

ਮੈਂ ਕਿਹਾ, ਤੇਰਾ ਹਰ ਵੇਲੇ ਖਿਆਲ ਮਾਇਆ ਵਿਚ ਰਹਿੰਦਾ ਹੈ ਸੋ ਅੰਤ ਵੇਲੇ ਵੀ ਮਾਇਆ ਹੀ ਧਿਆਨ ਵਿਚ ਰਹੇਗੀ। ਅੰਤ ਵੇਲੇ ਜਿਸ ਦਾ ਧਿਆਨ ਮਾਇਆ ਵੱਲ ਹੋਵੇਗਾ, ਉਸ ਨੂੰ ਸਰਪ ਜੂਨ ਮਿਲੇਗੀ। ਤੇਰੇ ਕੋਲ ਅਜੇ ਵੀ ਵਕਤ ਹੈ, ਤੂੰ ਆਪਣੀ ਮਾਇਆ ਸਫਲ ਕਰ। ਗੁਰਦੁਆਰੇ ਜਾ ਕੇ ਲੰਗਰ ਲਵਾ। ਗਰੀਬਾਂ ਨੂੰ ਦਾਨ ਕਰ, ਤੇਰਾ

ਭਲਾ ਹੋਵੇਗਾ ਅਤੇ ਵਾਹਿਗੁਰੂ ਦਾ ਨਾਮ ਜਪਿਆ ਕਰ। ਉਸ ਨੇ ਜਵਾਬ ਦਿੱਤਾ ਕਿ ਤੁਸੀਂ ਚੰਗੀ ਸਲਾਹ ਦਿੰਦੇ ਹੋ, ਮੈਂ ਕੋਸ਼ਿਸ਼ ਕਰਾਂਗਾ।

ਸਾਥ ਨਾ ਚਾਲੈ ਬਿਨੁ ਭਜਨ ਬਿਖਿਆ ਸਗਲੀ ਛਾਰੁ ॥
ਹਰਿ ਹਰਿ ਨਾਮੁ ਕਮਾਵਨਾ ਨਾਨਕ ਇਹੁ ਧਨੁ ਸਾਰੁ ॥
*(ਗਾਉੜੀ ਮ: 5 ਪੰ:–288)*

ਜਿਥੇ ਵੀ ਕਿਸੇ ਪ੍ਰਾਣੀ ਦਾ ਅਨਜਲ ਹੋਵੇ ਤਾਂ ਉਹ ਉਥੇ ਪਹੁੰਚ ਹੀ ਜਾਂਦਾ ਹੈ। ਇਸੇ ਤਰ੍ਹਾਂ ਬੀਬੀ ਬਸੰਤ ਕੌਰ ਨੂੰ ਇੰਗਲੈਂਡ ਦਾ ਵੀਜ਼ਾ ਮਿਲ ਗਿਆ। ਉਸ ਦੀ ਲੜਕੀ ਨੇ ਆਪਣੇ ਦਿਉਰ ਦੇ ਵਿਆਹ ਤੇ ਬੁਲਾਇਆ ਸੀ। ਇਸ ਗੱਲ ਦਾ ਪਿੰਡ ਦੇ ਲੋਕਾਂ ਨੂੰ ਪਤਾ ਲੱਗ ਗਿਆ। ਆਂਢੀ ਗੁਆਂਢੀ ਬਹੁਤ ਖੁਸ਼ ਹੋਏ ਕਿ ਸਾਡੇ ਲਈ ਕੁਝ ਨਾ ਕੁਝ ਲੈ ਕੇ ਆਵੇਗੀ। ਉਸ ਦੀ ਇਕ ਰਿਸ਼ਤੇਦਾਰ ਇੰਗਲੈਂਡ ਆਪਣੇ ਲੜਕੇ ਕੋਲ ਰਹਿ ਕੇ ਆਈ ਸੀ। ਉਹ ਬਸੰਤ ਕੌਰ ਨੂੰ ਦੱਸਣ ਲੱਗੀ ਕਿ ਮੇਰੇ ਲੜਕੇ ਨੇ ਮੈਨੂੰ ਕਈ ਥਾਂਵਾਂ ਦਿਖਾਈਆਂ ਜੋ ਬਹੁਤ ਹੀ ਸੁੰਦਰ ਸਨ। ਤੂੰ ਵੀ ਜਰੂਰ ਦੇਖ ਕੇ ਆਵੀਂ। ਮੈਂ ਰਾਣੀ ਦਾ ਮਹਿਲ ਦੇਖਿਆ, ਬਹੁਤ ਵੱਡਾ ਹੈ। ਫਿਰ ਮੇਰਾ ਲੜਕਾ ਮੈਨੂੰ ਪਿਕਾਡਲੀ ਲੈ ਗਿਆ। ਉਥੇ ਵੀ ਬਹੁਤ ਵੱਡੀਆਂ ਵੱਡੀਆਂ ਦੁਕਾਨਾਂ ਦੇਖਣ ਨੂੰ ਮਿਲੀਆਂ। ਦੁਨੀਆਂ ਦੀ ਸਭ ਤੋਂ ਵੱਡੀ ਘੜੀ ਦੇਖੀ। ਇਕ ਐਸੀ ਜਗ੍ਹਾ ਦਿਖਾਈ ਜਿਥੇ ਬਹੁਤ ਹੀ ਕਬੂਤਰ ਸਨ। ਅਸੀਂ ਕਬੂਤਰਾਂ ਨੂੰ ਦਾਣਾ ਖਿਲਾਇਆ। ਸਾਰੇ ਕਬੂਤਰਾਂ ਨੇ ਮੱਖੀਆਂ ਵਾਂਗੂੰ ਸਾਡੇ ਆਲੇ ਦੁਆਲੇ ਘੇਰਾ ਪਾ ਲਿਆ। ਉਥੇ ਇਕ ਪੁਲ ਬਣਿਆ ਹੋਇਆ ਸੀ, ਜਿਹੜਾ ਉਪਰ ਨੂੰ ਚੁੱਕ ਹੋ ਜਾਂਦਾ ਹੈ। ਉਹ ਪੁਲ ਦੁਨੀਆਂ ਵਿਚ ਸਭ ਤੋਂ ਮਸ਼ਹੂਰ ਹੈ। ਲੰਡਨ ਵਿਚ ਧਰਤੀ ਦੇ ਥੱਲੇ ਰੇਲ ਗੱਡੀਆਂ ਚਲਦੀਆਂ ਹਨ। ਗੱਡੀ ਤੋਂ ਉਤਰ ਕੇ ਬਾਹਰ ਆਉਣ ਵਾਸਤੇ ਕਿੰਨੀਆਂ ਹੀ ਪੌੜੀਆਂ ਹਨ। ਪੌੜੀਆਂ ਆਪਣੇ ਆਪ ਉਪਰ ਥੱਲੇ ਜਾਂਦੀਆਂ ਹਨ। ਜੇ ਤੁਸੀਂ ਥੱਲੇ ਖੜ੍ਹੇ ਹੋਵੋ ਤਾਂ ਪੌੜੀਆਂ ਦਾ ਉਪਰਲਾ ਸਿਰਾ ਨਹੀਂ ਦਿਸਦਾ। ਏਨੀਆਂ ਉਚੀਆਂ ਪੌੜੀਆਂ! ਮੈਂ ਤਾਂ ਦੇਖ ਕੇ ਡਰ ਗਈ। ਮੈਂ ਕਿਹਾ, ਮੈਨੂੰ ਤਾਂ ਬਹੁਤ ਡਰ ਲੱਗਦਾ, ਕਿਤੇ ਡਿੰਗ ਹੀ ਨਾ ਪਵਾਂ। ਫਿਰ ਇਕ ਅਜਿਹੀ ਜਗ੍ਹਾ ਦੇਖੀ ਜਿਥੇ ਚੰਨ ਤਾਰੇ ਬਣਾਏ ਹੋਏ ਸਨ ਤੇ ਨਾਲ ਹੀ ਮਸ਼ਹੂਰ ਬੰਦਿਆਂ ਦੇ ਬੁੱਤ ਬਣਾਏ ਹੋਏ ਸਨ। ਉਹ ਤਾਂ ਦੇਖਣ ਹੀ ਵਾਲੇ ਹਨ ਇਸ ਤਰ੍ਹਾਂ ਲੱਗਦਾ ਹੈ ਜਿਵੇਂ ਸੱਚੀ ਬੰਦਾ ਖੜ੍ਹਾ ਹੋਵੇ। ਹੋਰ ਬਹੁਤ ਸਾਰੀਆਂ ਚੀਜ਼ਾਂ ਦੇਖਣ ਵਾਲੀਆਂ ਹਨ, ਤੂੰ ਜ਼ਰੂਰ ਸਾਰਾ ਘੁੰਮ ਫਿਰ ਕੇ ਦੇਖ ਕੇ ਆਵੀਂ। ਕਿਹੜਾ ਏਡੀ ਦੂਰ ਵਾਰ-ਵਾਰ ਜਾ ਹੁੰਦਾ ਹੈ।

ਬਸੰਤ ਕੌਰ ਇੰਗਲੈਂਡ ਪਹੁੰਚ ਗਈ। ਵਿਆਹ 'ਤੇ ਆਈ ਹੋਈ ਇਕ ਰਿਸ਼ਤੇਦਾਰ ਨੇ ਕਿਹਾ, ਤੂੰ ਇਥੇ ਆਈ ਹੈ ਕਿਉਂ ਨਹੀਂ ਚਾਰ ਪੈਸੇ ਕਮਾ ਲੈਂਦੀ। ਮੈਂ ਖੇਤਾਂ ਵਿਚ ਕੰਮ ਕਰਦੀ ਹਾਂ। 1200 ਰੁਪਏ ਇਕ ਦਿਨ ਦੇ ਮਿਲ ਜਾਂਦੇ ਹਨ। 6000 ਰੁਪਏ ਹਫਤੇ ਦੇ ਬਣ ਜਾਂਦੇ ਹਨ। ਇਹ ਸੁਣ ਕੇ ਬਸੰਤ ਕੌਰ ਫੁਲੀ ਨਾ ਸਮਾਵੇ। ਉਸ ਨੂੰ ਰਾਤ

ਨੂੰ ਨੀਂਦ ਨਾ ਆਵੇ। ਪੈਸੇ ਕਮਾਉਣ ਦਾ ਚਾਅ ਪੈਦਾ ਹੋ ਗਿਆ। ਇਹ ਹੀ ਸੋਚੇ ਕਿ ਕਦੋਂ ਦਿਨ ਚੜ੍ਹੇ ਤਾਂ ਕੰਮ 'ਤੇ ਜਾਵਾਂ। ਬੜੇ ਚਾਅ ਨਾਲ ਇਥੇ ਆਈ ਸੀ ਕਿ ਆਹ ਦੇਖਾਂਗੀ, ਉਹ ਦੇਖਾਂਗੀ। ਪੈਸੇ ਦੇ ਲਾਲਚ ਵਿਚ ਸਭ ਕੁਝ ਭੁਲ ਗਈ। ਬਸ ਹਰ ਵੇਲੇ ਕੰਮ 'ਤੇ ਹੀ ਤੁਰੀ ਰਿਹਾ ਕਰੇ। ਕੰਮ ਵਿਚ ਇੰਨੀ ਬਿਜੀ ਰਹਿਣ ਲੱਗੀ ਕਿ ਸਵੇਰੇ ਪਰਾਉਂਠੇ ਬਣਾਉਣ ਦੀ ਬਜਾਏ, ਬਰੈਡ ਹੀ ਖਾ ਲਿਆ ਕਰੇ ਤੇ ਕੰਮ 'ਤੇ ਵੀ ਬਰੈਡ ਹੀ ਖਾ ਲੈਣੀ ਤੇ ਕੋਕ ਪੀ ਲੈਣਾ। ਸੰਗਤ ਦਾ ਇੰਨਾ ਅਸਰ ਹੋਇਆ ਕਿ ਬਾਣਾ ਵੀ ਬਦਲ ਗਿਆ। ਪੈਸੇ ਦਾ ਲਾਲਚ ਇੰਨਾ ਕਿ ਖਰਚਣ ਨੂੰ ਦਿਲ ਹੀ ਨਾ ਕਰੇ। ਐਤਵਾਰ ਨੂੰ ਕਦੇ ਕਦੇ ਗੁਰਦੁਆਰੇ ਜਾਵੇ ਤਾਂ ਇੱਕ ਪੈਨੀ ਰੱਖ ਕੇ ਮੱਥਾ ਟੇਕ ਦੇਵੇ। ਮਨ ਇੰਨਾ ਲਾਲਚੀ ਹੋ ਗਿਆ ਕਿ ਹਰ ਵੇਲੇ ਸੁਰਤ ਪੈਸੇ ਵਿਚ ਹੀ ਰਹਿਣੀ। ਪੈਸਿਆਂ ਦੇ ਲਾਲਚ ਵਿਚ ਥੱਕਦੀ ਵੀ ਨਹੀਂ ਸੀ। ਓਵਰ ਟਾਇਮ ਮਿਲ ਜਾਵੇ ਤਾਂ ਆਪਣੇ ਚੰਗੇ ਭਾਗ ਸਮਝਣਾ। ਫਿਰ ਸੋਚਣ ਲੱਗੀ ਕਿ ਐਨੇ ਪੈਸੇ ਮੈਂ ਕੀ ਕਰਾਂਗੀ। ਛੇ ਮਹੀਨੇ ਬਾਅਦ ਬਸੰਤ ਕੌਰ ਇੰਡੀਆ ਵਾਪਸ ਚਲੇ ਗਈ। ਓਵਰ ਟਾਇਮ ਲਗਾ ਕੇ ਢਾਈ ਲੱਖ ਰੁਪਏ ਕਮਾ ਕੇ ਲੈ ਗਈ। ਥੋੜ੍ਹੇ ਪੈਸੇ ਹੋਰ ਪਾ ਕੇ ਜਲੰਧਰ ਕੋਠੀ ਖਰੀਦ ਲਈ ਅਤੇ ਕਿਰਾਏ 'ਤੇ ਦੇ ਦਿੱਤੀ। ਆਪ ਤਾਂ ਉਨ੍ਹਾਂ ਨੇ ਪਿੰਡ ਹੀ ਰਹਿਣਾ ਸੀ। ਛੇ ਕੁ ਮਹੀਨੇ ਕਿਰਾਇਆ ਆਉਂਦਾ ਰਿਹਾ ਤੇ ਉਸ ਤੋਂ ਬਾਅਦ ਕਿਰਾਇਆ ਆਉਣਾ ਬੰਦ ਹੋ ਗਿਆ।

ਬਸੰਤ ਕੌਰ ਤੇ ਉਸ ਦਾ ਲੜਕਾ ਕਿਰਾਇਆ ਲੈਣ ਗਏ ਤਾਂ ਕਿਰਾਏਦਾਰਾਂ ਨੇ ਕਿਹਾ, ਫਿਕਰ ਨਾ ਕਰੋ ਤੁਹਾਨੂੰ ਕਿਰਾਇਆ ਮਿਲ ਜਾਵੇਗਾ। ਇਸ ਤਰ੍ਹਾਂ ਪੰਜ ਛੇ ਮਹੀਨੇ ਹੋਰ ਬੀਤ ਗਏ। ਉਨ੍ਹਾਂ ਨੂੰ ਫਿਕਰ ਹੋ ਗਿਆ ਕਿ ਕਿਰਾਇਆ ਨਹੀਂ ਮਿਲਿਆ। ਲੜਕੇ ਨੇ ਸੋਚਿਆ ਕਿ ਅਸੀਂ ਜਾ ਕੇ ਧਮਕੀ ਨਾਲ ਕਿਰਾਇਆ ਲਈਏ। ਜਦੋਂ ਧਮਕੀ ਦਿੱਤੀ ਤਾਂ ਕਿਰਾਏਦਾਰ ਕਹਿਣ ਲੱਗਾ, ਤੈਨੂੰ ਪਤਾ ਨਹੀਂ ਕਿ ਮੈਂ ਠਾਣੇਦਾਰ ਦਾ ਸਾਲਾ ਹਾਂ। ਇਹ ਕੋਠੀ ਤੁਸੀਂ ਬਲੈਕ ਵਿਚ ਖਰੀਦੀ ਹੈ। ਮੈਂ ਤੁਹਾਨੂੰ ਅੰਦਰ ਕਰਾ ਦੇਣਾ ਹੈ। ਕਿਰਾਏਦਾਰ ਨੇ ਸਾਰੀ ਗੱਲ ਆਪਣੇ ਭਣੋਈਏ ਨਾਲ ਕੀਤੀ। ਠਾਣੇਦਾਰ ਨੇ ਕਿਹਾ, ਜਦੋਂ ਫਿਰ ਆਵੇ ਤਾਂ ਮੈਨੂੰ ਦੱਸਣਾ। ਜਦੋਂ ਬਸੰਤ ਕੌਰ ਤੇ ਉਸ ਦਾ ਲੜਕਾ ਦੁਬਾਰਾ ਕਿਰਾਇਆ ਲੈਣ ਗਏ ਤਾਂ ਉਸ ਨੇ ਠਾਣੇਦਾਰ ਨੂੰ ਸੱਦ ਲਿਆ। ਉਨ੍ਹਾਂ ਨੇ ਲੜਕੇ ਨੂੰ ਠਾਣੇ ਲਿਜਾ ਕੇ ਕੁੱਟਿਆ ਤੇ ਕਿਹਾ ਜੇ ਦੁਬਾਰਾ ਕਿਰਾਇਆ ਮੰਗਿਆ ਤਾਂ ਗੋਲੀ ਮਾਰ ਦੇਵਾਂਗਾ। ਬਸੰਤ ਕੌਰ ਇਸੇ ਫਿਕਰ ਨਾਲ ਬਿਮਾਰ ਹੋ ਗਈ। ਖੇਤਾਂ ਵਿਚ ਕੰਮ ਕਰਨ ਕਰਕੇ ਉਸ ਦੀ ਕਮਰ ਵਿੱਚ ਵੀ ਦਰਦ ਰਹਿਣ ਲੱਗ ਪਿਆ। ਬਸੰਤ ਕੌਰ ਬਹੁਤ ਪਛਤਾਈ ਕਿ ਮੈਂ ਪੈਸੇ ਐਵੇਂ ਬਰਬਾਦ ਕੀਤੇ। ਕਿਤੇ ਗਈ ਨਹੀਂ, ਇੰਗਲੈਂਡ ਵਿਚ ਕੁਝ ਦੇਖਿਆ ਨਹੀਂ। ਦਾਨ ਪੁੰਨ ਕਰਦੀ ਤਾਂ ਦਰਗਾਹ ਵਿਚ ਸਹਾਈ ਹੁੰਦਾ।

ਇੰਡੀਆ ਵਿਚ ਜੇ ਕੋਈ ਆਪਣੇ ਰਹਿਣ ਵਾਸਤੇ ਮਕਾਨ ਬਣਾਵੇ ਤੇ ਜੇ ਉਸ ਵਿਚ ਨਾ ਰਹੇ ਤਾਂ ਕਿਰਾਏ 'ਤੇ ਦੇਣਾ ਪੈਂਦਾ ਹੈ। ਕਿਰਾਏਦਾਰ ਆਪ ਹੀ ਮਾਲਕ ਬਣ ਕੇ ਬੈਠ ਜਾਂਦੇ ਹਨ। ਉਥੇ ਕੋਈ ਕਨੂੰਨ ਨਹੀਂ ਹੈ। ਪੈਸੇ ਦੇ ਕੇ ਕੋਈ ਵੀ ਕੰਮ ਕਰਵਾ ਲਵੋ

। ਐਸੀ ਜਾਇਦਾਦ ਬਣਾਈ ਦਾ ਕੀ ਫਾਇਦਾ, ਜਿਹੜੀ ਵਰਤਣ ਵਿਚ ਹੀ ਨਾ ਆਵੇ ਅਤੇ ਲੋਕ ਜ਼ਬਰਦਸਤੀ ਹੀ ਕਬਜ਼ਾ ਕਰ ਲੈਣ। ਦਿਨ ਰਾਤ ਮਿਹਨਤ ਕਰਕੇ ਇਨਸਾਨ ਪੈਸੇ ਕਮਾਉਂਦਾ ਹੈ, ਉਸ ਦਾ ਸੁਖ ਕੋਈ ਹੋਰ ਹੀ ਭੋਗਦਾ ਹੈ। ਆਪਣੇ ਬੱਚੇ ਲੋਕਾਂ ਕੋਲ ਛੱਡ ਕੇ ਇੰਨੀ ਸਖਤ ਮਿਹਨਤ ਕਰਕੇ ਲੋਕ ਜਾਇਦਾਦ ਬਣਾਉਂਦੇ ਹਨ। ਜੇ ਇਨਸਾਨ ਥੋੜ੍ਹਾ ਜਿਹਾ ਸੋਚੇ, ਰੱਬ ਦਾ ਨਾਮ ਲੈ ਕੇ ਆਪਣਾ ਜੀਵਨ ਸਫਲ ਕਰੇ ਤਾਂ ਉਹ ਇਸ ਦੁਨੀਆਂ ਵਿਚ ਤੇ ਦਰਗਾਹ ਵਿਚ ਸਹਾਈ ਹੋਵੇਗਾ। ਜਿਹੜਾ ਦੁਨਿਆਵੀ ਧੰਨ ਇਕੱਠਾ ਕਰਦੇ ਹਨ ਉਹ ਇਥੇ ਹੀ ਰਹਿ ਜਾਣਾ ਹੈ। ਕਿਰਤ ਵੀ ਕਰੋ ਤੇ ਨਾਮ ਵੀ ਜਪੋ। ਸੱਚਾ ਧੰਨ ਇਥੇ ਵੀ ਸੁੱਖ ਪਹੁੰਚਾਉਦਾ ਹੈ ਤੇ ਅੱਗੇ ਜਾ ਕੇ ਵੀ ਜੈ ਜੈ ਕਾਰ ਹੁੰਦੀ ਹੈ। ਦਰਗਾਹ ਵਿਚ ਮਾਨ ਪ੍ਰਾਪਤ ਹੁੰਦਾ ਹੈ। ਸੱਚਾ ਧੰਨ ਅੰਮ੍ਰਿਤ ਛਕ ਕੇ ਪੰਜ ਪਿਆਰੇ ਨਾਮ ਦੀ ਦਾਤ ਬਖਸ਼ਿਸ਼ ਕਰਦੇ ਹਨ। ਇਸ ਦੀ ਕਮਾਈ ਕਰਕੇ ਤੁਸੀਂ ਜੀਵਨ ਮੁਕਤ ਕਰ ਸਕਦੇ ਹੋ।

ਐਸਾ ਹਰਿ ਧਨੁ ਸੰਚੀਐ ਭਾਈ ॥
ਭਾਹਿ ਨ ਜਾਲੈ ਜਲਿ ਨਹੀ ਡੂਬੈ,
ਸੰਗੁ ਛੋਡਿ ਕਰਿ ਕਤਹੁ ਨ ਜਾਈ ॥
*(ਆਸਾ ਮ: 5 ਪੰ:–375)*

ਕਾਚਾ ਧਨੁ ਸੰਚਹਿ ਮੂਰਖ ਗਾਵਾਰ ॥
ਮਨਮੁਖ ਭੂਲੇ ਅੰਧ ਗਾਵਾਰ ॥
ਬਿਖਿਆ ਕੈ ਧਨਿ ਸਦਾ ਦੁਖੁ ਹੋਇ ॥
ਨਾ ਸਾਥਿ ਜਾਇ, ਨ ਪਰਾਪਤਿ ਹੋਇ ॥
*(ਧਨਾਸਰੀ ਮ: 3 ਪੰ:–665)*

ਇੱਕ ਦਿਨ ਗਿਆਨੀ ਗੁਰਦੁਆਰੇ ਕਥਾ ਕਰ ਰਿਹਾ ਸੀ। ਉਸ ਨੇ ਦੱਸਿਆ, 60–70 ਸਾਲ ਪੁਰਾਣੀ ਗੱਲ ਹੈ ਕਿ ਇੱਕ ਪਿੰਡ ਵਿਚ ਇੱਕ ਗ੍ਰੰਥੀ ਗੁਰਦੁਆਰੇ ਮਹਾਰਾਜ ਜੀ ਦੀ ਸੇਵਾ ਕਰਦਾ ਸੀ। ਗੁਰਦੁਆਰੇ ਜਿਹੜਾ ਵੀ ਕੋਈ ਮੱਥਾ ਟੇਕਣ ਆਉਂਦਾ, ਕੁਝ ਨਾ ਕੁਝ ਚੜ੍ਹਾ ਜਾਂਦਾ। ਉਹ ਵਸਤੂ ਅਤੇ ਪੈਸੇ ਉਸ ਨੂੰ ਗੁਰਦੁਆਰੇ ਵਾਸਤੇ ਖਰਚਣੇ ਚਾਹੀਦੇ ਸਨ ਪਰ ਇਸ ਨੇ ਮਾਇਆ ਜੋੜਨ ਵੱਲ ਜਿਆਦਾ ਖਿਆਲ ਰੱਖਿਆ।

ਹਰਿਦੁਆਰ ਬਾਰਾਂ ਸਾਲ ਬਾਅਦ ਕੁੰਭ ਦਾ ਮੇਲਾ ਲੱਗਦਾ ਹੈ। ਉਸ ਨੇ ਸੋਚਿਆ ਕਿ ਇਸ ਸਾਲ ਕੁੰਭ ਦਾ ਮੇਲਾ ਲੱਗਣਾ ਹੈ ਚਲੋ ਮੈਂ ਵੀ ਜਾ ਆਉਂਦਾ ਹਾਂ। ਜਦੋਂ ਹਰਿਦੁਆਰ ਜਾਣ ਲੱਗਾ ਤਾਂ ਉਸ ਨੇ ਖਰਚਣ ਜੋਗੇ ਪੈਸੇ ਲੈ ਲਏ। ਬਾਕੀ ਟਰੰਕ ਵਿਚ ਬੰਦ ਕਰਕੇ ਜੰਦਰਾ ਮਾਰ ਦਿੱਤਾ। ਕੁੰਭ ਦੇ ਮੇਲੇ ਵਿਚ ਭੀੜ ਬਹੁਤ ਹੁੰਦੀ ਹੈ। ਭੀੜ ਵਿਚ ਆ ਕੇ ਇਸ ਦੀ ਮੌਤ ਹੋ ਗਈ। ਜਦੋਂ ਇਸ ਦੇ ਪ੍ਰਾਣ ਨਿਕਲੇ ਤਾਂ ਸੁਰਤੀ ਮਾਇਆ ਵਿਚ ਸੀ ਤਾਂ ਇਸ ਕਰਕੇ ਉਸ ਨੂੰ ਸੱਪ ਦੀ ਜੂਨ ਮਿਲੀ। ਜਦੋਂ ਕੁਝ ਸਮੇਂ

ਬਾਅਦ ਗਿਆਨੀ ਵਾਪਸ ਨਾ ਮੁੜਿਆ ਤਾਂ ਲੋਕਾਂ ਨੇ ਸੋਚਿਆ, ਦੇਖੀਏ ਕਿ ਅੰਦਰ ਕੀ ਕਰ ਪਿਆ ਹੈ। ਕਮਰੇ ਨੂੰ ਤਾਲਾ ਲੱਗਾ ਹੋਇਆ ਸੀ। ਜਿੰਦਰਾ ਤੋੜ ਕੇ ਦੇਖਿਆ ਤਾਂ ਅੰਦਰ ਟਰੰਕ ਉਪਰ ਸੱਪ ਬੈਠਾ ਹੋਇਆ ਸੀ। ਅੰਤ ਸਮੇਂ ਇਸ ਦੀ ਸੁਰਤੀ ਮਾਇਆ ਵਿਚ ਸੀ। ਜਿਸ ਪ੍ਰਾਣੀ ਨੇ ਦਾਨ ਪੁੰਨ ਨਹੀਂ ਕੀਤਾ, ਹਮੇਸ਼ਾ ਮਾਇਆ ਦੇ ਚੱਕਰ ਵਿਚ ਰਹੇ, ਉਸ ਦਾ ਧਿਆਨ ਅੰਤ ਵੇਲੇ ਵੀ ਮਾਇਆ ਵਿਚ ਹੀ ਰਹੇਗਾ ਤੇ ਉਸ ਨੂੰ ਸੱਪ ਦੀ ਜੂਨ ਮਿਲੇਗੀ।

ਅੰਤਿ ਕਾਲਿ ਜੋ ਲਛਮੀ ਸਿਮਰੈ
ਐਸੀ ਚਿੰਤਾ ਮਹਿ ਜੇ ਮਰੈ ॥
ਸਰਪ ਜੋਨਿ ਵਲਿ ਵਲਿ ਅਉਤਰੈ ॥

*(ਰਾਗੁ ਗੂਜਰੀ ਪੰ -526)*

ਜਦੋਂ ਬਾਬਾ ਸੇਵਾ ਸਿੰਘ ਜੀ 1976 ਵਿਚ ਉਗਰਾਹੀ ਕਰਨ ਵਾਸਤੇ ਹੋਲੀਵੁਡ (ਅਮਰੀਕਾ) ਗਏ ਤਾਂ ਅਸੀਂ ਗੁਰਦੁਆਰਾ ਸਾਹਿਬ ਠਹਿਰੇ। ਉਥੇ ਦਾ ਪ੍ਰਧਾਨ ਇੱਕ ਡਾਕਟਰ ਸੀ। ਇਹ ਬਹੁਤ ਧਨੀ ਆਦਮੀ ਸੀ। ਇਸ ਕਰਕੇ ਇਸ ਨੂੰ ਗੁਰਦੁਆਰੇ ਦਾ ਪ੍ਰਧਾਨ ਬਣਾਇਆ। ਦਾਸ ਨੇ ਇਸ ਨੂੰ ਬਾਬਾ ਜੀ ਬਾਰੇ ਜਾਣਕਾਰੀ ਦਿੱਤੀ ਅਤੇ ਦੱਸਿਆ ਕਿ ਬਾਬਾ ਜੀ ਅਨੰਦਪੁਰ ਸਾਹਿਬ ਲੰਗਰ ਅਤੇ ਗੁਰਦੁਆਰਿਆਂ ਦੀ ਸੇਵਾ ਕਰ ਰਹੇ ਹਨ। ਇਹ ਉਗਰਾਹੀ ਕਰਨ ਇਥੇ ਆਏ ਹਨ। ਉਸ ਦਿਨ ਐਤਵਾਰ ਸੀ। ਮੈਂ ਬੇਨਤੀ ਕੀਤੀ ਕਿ ਤੁਸੀਂ ਸੰਗਤ ਨੂੰ ਵੀ ਦੱਸ ਦੇਣਾ। ਜੇ ਕਿਸੇ ਨੇ ਮਾਇਆ ਸਫਲ ਕਰਨੀ ਹੋਵੇ ਤਾਂ ਕਰ ਲੈਣ। ਇਸ ਨੇ ਕੋਈ ਧਿਆਨ ਨਾ ਦਿੱਤਾ ਅਤੇ ਸਾਨੂੰ ਕਹਿਣ ਲੱਗਾ ਕਿ ਸ਼ਾਮ ਦਾ ਪ੍ਰਸ਼ਾਦਾ ਸਾਡੇ ਘਰ ਛਕਣਾ। ਆਪਣੇ ਡਰਾਈਵਰ ਨੂੰ ਕਿਹਾ ਕਿ ਰਾਤ ਨੂੰ ਇਨ੍ਹਾਂ ਨੂੰ ਸਾਡੇ ਘਰ ਲੈ ਆਉਣਾ। ਡਰਾਈਵਰ ਸ਼ਾਮ ਨੂੰ ਆ ਕੇ ਸਾਨੂੰ ਲੈ ਗਿਆ।

ਇਸ ਦਾ ਸਮੁੰਦਰ ਦੇ ਕਿਨਾਰੇ ਬਹੁਤ ਵੱਡਾ ਘਰ ਸੀ। ਡਾਕਟਰ ਨੇ ਦੱਸਿਆ ਕਿ ਇਹ ਇਲਾਕਾ ਬਹੁਤ ਮਹਿੰਗਾ ਹੈ। ਇਥੇ ਵੱਡੇ-ਵੱਡੇ ਐਕਟਰਾਂ ਦੇ ਘਰ ਹਨ। ਆਪਣੀ ਵਡਿਆਈ ਆਪ ਹੀ ਕਰਨ ਲੱਗਾ। ਇਸ ਨੇ ਕਈ ਹੋਰ ਮਸ਼ਹੂਰ ਵਿਅਕਤੀ ਵੀ ਖਾਣੇ 'ਤੇ ਸੱਦੇ ਹੋਏ ਸਨ। ਥੋੜ੍ਹੀ ਦੇਰ ਸਾਡੇ ਕੋਲ ਬੈਠਿਆ ਤਾਂ ਨੌਕਰ ਆ ਗਿਆ, ਜਿਹੜਾ ਘੋੜਿਆਂ ਦੀ ਦੇਖਭਾਲ ਕਰਦਾ ਸੀ। ਡਾਕਟਰ ਨੇ ਦੱਸਿਆ ਕਿ ਮੈਂ ਇਸ ਨੂੰ 16 ਡਾਲਰ ਘੰਟੇ ਦੇ ਦਿੰਦਾ ਹਾਂ। ਹੁਣ ਇਹ ਕਹਿੰਦਾ ਹੈ ਕਿ ਮੇਰੇ ਪੈਸੇ ਵਧਾ ਦਿਉ। ਮੈਂ ਬਹੁਤ ਸਖਤ ਮਿਹਨਤ ਕਰਦਾ ਹਾਂ ਅਤੇ 20 ਡਾਲਰ ਮੰਗਦਾ ਹੈ।

ਇੰਨੇ ਚਿਰ ਵਿਚ ਹੋਰ ਮਹਿਮਾਨ ਆ ਗਏ। ਇਹ ਉਨ੍ਹਾਂ ਦੇ ਪਾਸ ਹੀ ਬੈਠਾ ਰਿਹਾ। ਸਾਨੂੰ ਨੌਕਰ ਨੇ ਪ੍ਰਸ਼ਾਦਾ ਛਕਾਇਆ। ਅਸੀਂ ਉਡੀਕਦੇ ਸੀ ਕਿ ਇਹ ਆਪਣੀ ਮਾਇਆ ਸਫਲ ਕਰੇਗਾ। ਇਸ ਨੂੰ ਪਤਾ ਸੀ ਕਿ ਅਸੀਂ ਉਗਰਾਹੀ ਕਰਨ ਵਾਸਤੇ ਆਏ ਹਾਂ। ਇਸ ਕਰਕੇ ਇਹ ਪਿਛੇ ਹੀ ਰਿਹਾ ਅਤੇ ਡਰਾਈਵਰ ਨੂੰ ਹੀ ਕਹਿ ਦਿੱਤਾ ਕਿ ਪ੍ਰਸ਼ਾਦਾ ਛਕਾ ਕੇ ਗੁਰਦੁਆਰਾ ਸਾਹਿਬ ਛੱਡ ਆਉਣਾ। ਇਹ ਮਾਇਆ ਵਿਚ ਇੰਨਾ

ਲੀਨ ਕਿ ਇਸ ਨੂੰ ਕੋਈ ਸੋਝੀ ਹੀ ਨਹੀਂ ਕਿ ਅੱਗੇ ਵਾਸਤੇ ਵੀ ਕੁਝ ਪੁੰਨ ਦਾਨ ਕਰ ਲਵੇ। ਇਸਨੇ ਮਾਇਆ ਦੇ ਹੰਕਾਰ ਵਿਚ ਆ ਕੇ ਆਪਣਾ ਘਰ ਦਿਖਾਉਣ ਵਾਸਤੇ ਸਾਨੂੰ ਸੱਦਿਆ ਸੀ। ਉਸ ਨੇ ਨਾ ਆਪਣੇ ਹੱਥੀਂ ਬਾਬਾ ਜੀ ਦੀ ਸੇਵਾ ਕੀਤੀ ਅਤੇ ਨਾ ਹੀ ਆਪਣੀ ਮਾਇਆ ਸਫਲ ਕੀਤੀ।

ਇਸ ਤੋਂ ਬਾਅਦ ਅਸੀਂ ਕੈਨੇਡਾ ਟੋਰਾਂਟੋ ਆ ਗਏ। ਇਥੇ ਉਗਰਾਹੀ ਕਰਦਿਆਂ ਕਰਦਿਆਂ ਸੰਗਤਾਂ ਨੇ ਦੱਸਿਆ ਕਿ ਬਾਬਾ ਜੀ ਵਾਸ਼ਿੰਗਟਨ ਗੁਰਦੁਆਰੇ ਦਾ ਪ੍ਰਧਾਨ ਬਹੁਤ ਹੀ ਅਮੀਰ ਆਦਮੀ ਹੈ। ਉਸ ਕੋਲ ਜ਼ਰੂਰ ਜਾਣਾ, ਉਹ ਬਹੁਤ ਪੈਸੇ ਦੇਵੇਗਾ। ਇਹ ਸੁਣ ਕੇ ਅਸੀਂ ਵਾਸ਼ਿੰਗਟਨ, ਸਾਊਥਾਲ ਗੁਰਦੁਆਰੇ ਦੇ ਸਾਬਕਾ ਹੈਡ ਗ੍ਰੰਥੀ ਗਿਆਨੀ ਗੁਰਦੀਪ ਸਿੰਘ ਜੀ ਪਾਸ ਚਲੇ ਗਏ। ਗਿਆਨੀ ਜੀ ਨੂੰ ਵੀ ਆਸ ਸੀ ਕਿ ਇਹ ਅਮੀਰ ਆਦਮੀ ਹੈ, ਆਪਣੀ ਮਾਇਆ ਜਰੂਰ ਸਫਲ ਕਰੇਗਾ। ਦਾਸ, ਬਾਬਾ ਜੀ ਤੇ ਗਿਆਨੀ ਗੁਰਦੀਪ ਸਿੰਘ ਅਸੀਂ ਤਿੰਨੇ ਉਸ ਦੇ ਘਰ ਚਲੇ ਗਏ। ਉਸ ਨੇ ਚੰਗੀ ਤਰ੍ਹਾਂ ਆਉ ਭਗਤ ਕੀਤੀ।

ਗਿਆਨੀ ਜੀ ਨੇ ਪ੍ਰਧਾਨ ਨੂੰ ਦੱਸਿਆ ਕਿ ਬਾਬਾ ਜੀ ਉਗਰਾਹੀ ਕਰਨ ਵਾਸਤੇ ਆਏ ਹਨ। ਇਹ ਅਨੰਦਪੁਰ ਸਾਹਿਬ ਸੇਵਾ ਕਰਦੇ ਹਨ। ਇਹ ਸੁਣਦਿਆਂ ਸਾਰ ਹੀ ਉਸ ਨੇ ਦੱਸਣਾ ਸ਼ੁਰੂ ਕਰ ਦਿੱਤਾ ਕਿ ਜਦੋਂ ਮੇਰੇ ਲੜਕਾ ਹੋਇਆ ਸੀ ਤਾਂ ਮੈਂ ਹੋਲੇ ਮਹੱਲੇ ਤੇ ਅਨੰਦਪੁਰ ਸਾਹਿਬ ਖੰਡ ਦੀ ਬੋਰੀ ਭੇਜੀ ਸੀ ਅਤੇ ਕਹਿੰਦਾ ਮੈਂ ਸੋਚਦਾ ਹਾਂ ਕਿ ਸਾਡੇ ਕੋਲ ਮਾਇਆ ਬਹੁਤ ਹੈ, ਕੋਈ ਪ੍ਰਉਪਕਾਰ ਕਰੀਏ। ਅਨੰਦਪੁਰ ਸਾਹਿਬ ਹਸਪਤਾਲ ਬਣਾਇਆ ਜਾਵੇ। ਇਥੇ 10-12 ਡਾਕਟਰ ਹਨ ਅਤੇ ਮੁਫਤ ਸੇਵਾ ਕਰਨਗੇ ਦੋ-ਦੋ ਮਹੀਨੇ ਉਥੇ ਜਾ ਕੇ ਰਹਿਣਗੇ।

ਇਹ ਸਭ ਕੁਝ ਬਾਬਾ ਜੀ ਸੁਣਦੇ ਰਹੇ। ਇੰਨੇ ਚਿਰ ਵਿਚ ਖਾਣੇ ਦਾ ਟਾਇਮ ਹੋ ਗਿਆ। ਖਾਣਾ ਖਾਣ ਬਾਅਦ ਦਾਸ ਅਤੇ ਗਿਆਨੀ ਜੀ ਬਾਹਰ ਆ ਗਏ। ਬਾਬਾ ਜੀ ਉਸ ਨਾਲ ਗੱਲਾਂ ਬਾਤਾਂ ਕਰਦੇ ਰਹੇ। ਪ੍ਰਧਾਨ ਦਾ ਕੋਈ ਹੌਸਲਾ ਨਾ ਪਿਆ ਕਿ ਕੁਝ ਦਾਨ ਕਰੇ। ਅਖੀਰ ਫੈਸਲਾ ਹੋ ਗਿਆ ਕਿ ਖੰਡ ਦੀ ਬੋਰੀ ਹੋਰ ਭੇਜ ਦੇਵਾਂਗੇ। ਬਾਬਾ ਜੀ ਨੇ ਇਕ ਵਾਰ ਫਿਰ ਕਿਹਾ ਕਿ ਤੂੰ ਪਿਛਲੇ ਜਨਮ ਦਾ ਬੀਜਿਆ ਹੁਣ ਖਾ ਰਿਹਾ ਹੈਂ ਅਤੇ ਅੱਗੇ ਵਾਸਤੇ ਹੋਰ ਬੀਜ ਲੈ। ਆਪਣੀ ਮਾਇਆ ਸਫਲ ਕਰ ਲੈ, ਤੇਰੇ ਪਾਸ ਮਾਇਆ ਦਾ ਘਾਟਾ ਨਹੀਂ ਹੈ।

ਮਾਇਆ ਬਹੁਤ ਹੀ ਬਲਵਾਨ ਹੈ। ਉਸ ਨੂੰ ਕੋਈ ਸੋਝੀ ਨਹੀਂ ਆਈ ਕਿ ਅਗਲਾਂ ਜਨਮ ਵੀ ਲੈਣਾ ਹੈ। ਬਾਬਾ ਜੀ ਤਾਂ ਉਸ ਦਾ ਭਲਾ ਕਰਨ ਗਏ ਸਨ ਕਿ ਦਾਨ ਪੁੰਨ ਕਰ ਲਵੇ ਤਾਂ ਇਸ ਦਾ ਭਲਾ ਹੋਵੇਗਾ। ਮਾਇਆ ਨੇ ਇੰਨੀ ਬੁਧੀ ਮਲੀਨ ਕਰ ਦਿੱਤੀ ਕਿ ਇਸ ਨੂੰ ਗਿਆਨ ਹੀ ਨਹੀਂ ਕਿ ਅਗਲਾ ਜਨਮ ਵੀ ਲੈਣਾ ਹੈ।

ਐਤਵਾਰ ਸਵੇਰੇ ਗੁਰਦੁਆਰੇ ਦੀਵਾਨ ਲੱਗਦਾ ਹੈ। ਅਸੀਂ ਉਸ ਵਿਚ ਹਾਜਰੀ ਭਰੀ। ਉਸ ਨੇ ਗੁਰਦੁਆਰੇ ਦਾ ਪ੍ਰਧਾਨ ਹੁੰਦੇ ਹੋਏ ਸੰਗਤ ਨੂੰ ਬਾਬਾ ਜੀ ਦੇ ਆਉਣ ਬਾਰੇ

ਨਹੀਂ ਦੱਸਿਆ। ਜੇ ਸੰਗਤਾਂ ਵਿਚ ਅਨਾਊਂਸ ਕਰਵਾ ਦਿੰਦਾ ਤਾਂ ਸੰਗਤ ਦਾ ਵੀ ਭਲਾ ਹੋ ਜਾਂਦਾ। ਹਰ ਕੋਈ ਜਿਸ ਦੀ ਜਿੰਨੀ ਇਛਾ ਹੁੰਦੀ ਦਾਨ ਕਰ ਲੈਂਦਾ। ਸ਼ਾਇਦ ਉਸ ਨੇ ਸੋਚਿਆ ਹੋਵੇਗਾ ਕਿ ਕੀ ਪਤਾ ਇਹ ਲੋਕ ਗੁਰਦੁਆਰੇ ਪੈਸੇ ਖਰਚ ਕਰਦੇ ਹਨ ਜਾਂ ਆਪ ਹੀ ਰੱਖ ਲੈਂਦੇ ਹਨ। ਇਸ ਕਰਕੇ ਇਸ ਨੇ ਗੁਰਦੁਆਰੇ ਅਪੀਲ ਨਹੀਂ ਕਰਨ ਦਿੱਤੀ। ਜਦੋਂ ਅਸੀਂ ਤੁਰਨ ਲੱਗੇ ਤਾਂ ਬਾਬਾ ਜੀ ਨੂੰ ਕਹਿੰਦਾ ਕਿ ਮੈਂ ਆਪਣੇ ਭਰਾ ਨੂੰ ਚਿੱਠੀ ਲਿਖ ਦਿੰਦਾ ਹਾਂ, ਉਹ ਖੰਡ ਦੀ ਬੋਰੀ ਅਨੰਦਪੁਰ ਸਾਹਿਬ ਦੇ ਆਵੇਗਾ। ਇੰਨੀ ਮਾਇਆ ਹੁੰਦੇ ਹੋਏ ਉਸ ਦਾ ਦਿਲ ਨਹੀਂ ਮੰਨਿਆ ਕਿ ਆਪਣੀ ਮਾਇਆ ਸਫਲ ਕਰ ਲਵੇ।

*****

# ਮਾਇਆ ਦਾ ਚੱਕਰ

**ਮਾਇਆ ਹੋਈ ਨਾਗਨੀ, ਜਗਤਿ ਰਹੀ ਲਪਟਾਇ ॥**
**ਇਸ ਕੀ ਸੇਵਾ ਜੋ ਕਰੇ, ਤਿਸ ਹੀ ਕਉ ਫਿਰਿ ਖਾਇ ॥**

*(ਗੂਜਰੀ ਮ: 3 ਪੰ:–510)*

ਜਦੋਂ ਇਨਸਾਨ ਗਰਭ ਵਿਚ ਪੁੱਠਾ ਲਟਕਦਾ ਹੈ ਤਾਂ ਪ੍ਰਮਾਤਮਾ ਅੱਗੇ ਬੇਨਤੀਆਂ ਕਰਦਾ ਹੈ, ਕਿ ਹੇ ਪ੍ਰਮਾਤਮਾ, ਮੇਰਾ ਇਥੋਂ ਛੁਟਕਾਰਾ ਕਰ ਦੇ। ਜਨਮ ਲੈ ਕੇ ਮੈਂ ਤੇਰਾ ਨਾਮ ਜਪਾਂਗਾ। ਜਦੋਂ ਜਨਮ ਲੈ ਲੈਂਦਾ ਹੈ ਤਾਂ ਸਭ ਤੋਂ ਪਹਿਲਾਂ ਰੋਂਦਾ ਹੈ ਕਿਉਂਕਿ ਇਸ ਦੀ ਪ੍ਰਮਾਤਮਾ ਨਾਲੋਂ ਲਿਵ ਟੁਟ ਜਾਂਦੀ ਹੈ। ਕੋਈ ਵਿਰਲਾ ਹੀ ਜਨਮ ਵੇਲੇ ਨਹੀਂ ਰੋਂਦਾ, ਉਹ ਪ੍ਰਮਾਤਮਾ ਨੇ ਆਪ ਕੋਈ ਉਤਮ ਸੇਵਾ ਕਰਾਉਣ ਤੇ ਨਾਮ ਜਪਾਉਣ ਵਾਸਤੇ ਭੇਜਿਆ ਹੁੰਦਾ ਹੈ। ਜਨਮ ਤੋਂ ਬਾਅਦ ਬੱਚਾ ਦੁਨਿਆਵੀ ਚੱਕਰ (ਮਾਇਆ ਦੇ ਮੋਹ) ਵਿਚ ਫਸ ਜਾਂਦਾ ਹੈ।

**ਬਾਲ ਜੁਆਨੀ ਅਰੁ ਬਿਰਧਿ ਫੁਨਿ, ਤੀਨਿ ਅਵਸਥਾ ਜਾਨਿ ॥**
**ਕਹੁ ਨਾਨਕ ਹਰਿ ਭਜਨ ਬਿਨੁ, ਬਿਰਥਾ ਸਭ ਹੀ ਮਾਨ ॥**

*(ਸਲੋਕ ਮ: 9 ਪੰ:–1428)*

ਜੀਵਨ ਮੁਕਤੀ ਲੈਣ ਵਾਸਤੇ ਜੀਵ ਨੂੰ ਕਈ ਜਨਮ ਧਾਰਨੇ ਪੈਂਦੇ ਹਨ। ਰੋਜ਼ੀ ਵਾਸਤੇ ਇਨਸਾਨ ਕਈ ਉਪਰਾਲੇ ਕਰਦਾ ਹੈ। ਕੰਮ ਦੀ ਭਾਲ ਵਿਚ ਕਈ ਵਾਰ ਇਕ ਤੋਂ ਦੂਸਰੇ ਦੇਸ਼ ਵਿਚ ਜਾਣਾ ਪੈਂਦਾ ਹੈ। ਜਿਸ ਤਰ੍ਹਾਂ ਬਹੁਤ ਸਾਰੇ ਲੋਕ ਆਪਣਾ ਦੇਸ਼ ਛੱਡ ਕੇ ਕੈਨੇਡਾ, ਅਮਰੀਕਾ ਅਤੇ ਇੰਗਲੈਂਡ ਆਦਿ ਦੇਸ਼ਾਂ ਵਿਚ ਗਏ ਹਨ। ਇਸੇ ਤਰ੍ਹਾਂ ਭਾਈ ਹਰਬੰਸ ਸਿੰਘ, ਭਾਈ ਗੁਰਸ਼ਰਨ ਸਿੰਘ ਅਤੇ ਦਾਸ ਵੀ ਇੰਗਲੈਂਡ ਵਿਚ ਆਏ।

ਜਿਹੜਾ ਵੀ ਇਸ ਮੁਲਕ ਵਿਚ ਆਇਆ, ਉਨ੍ਹਾਂ ਸਾਰਿਆਂ ਨੇ ਪਹਿਲਾਂ ਫੈਕਟਰੀਆਂ ਵਿਚ ਸਖਤ ਮਿਹਨਤ ਕਰਕੇ ਪੈਸੇ ਕਮਾਏ ਅਤੇ ਆਪਣੇ ਘਰ ਖਰੀਦੇ। ਜਿਉਂ ਜਿਉਂ ਮਾਇਆ ਵੱਧਦੀ ਗਈ, ਤਿਉਂ-ਤਿਉਂ ਲਾਲਚ ਵੱਧਦਾ ਗਿਆ। ਪਹਿਲਾਂ ਆਪਣੇ ਰਹਿਣ ਵਾਸਤੇ ਘਰ ਖਰੀਦੇ ਫਿਰ ਵਪਾਰ ਵਾਸਤੇ ਜਗ੍ਹਾ ਖਰੀਦਣ ਲੱਗ ਪਏ। ਇਸੇ ਲਾਲਚ ਵਿਚ ਨਾਮ ਵਿਸਰਦਾ ਗਿਆ। ਇਹ ਮਾਇਆ ਦਾ ਚੱਕਰ ਇਨ੍ਹਾਂ ਗੁਰਮੁਖਾਂ 'ਤੇ ਵੀ ਪਿਆ।

ਭਾਈ ਹਰਬੰਸ ਸਿੰਘ ਜੀ ਵਾਲਸਾਲ ਵਾਲਿਆਂ ਨੇ ਵੀ ਪਹਿਲਾਂ ਫੈਕਟਰੀ ਵਿਚ ਕੰਮ ਸ਼ੁਰੂ ਕੀਤਾ ਅਤੇ ਆਪਣੇ ਬੱਚਿਆਂ ਨੂੰ ਪੜ੍ਹਾਇਆ ਲਿਖਾਇਆ। ਬੱਚਿਆਂ ਨੇ ਫਾਰਮੇਸੀ ਕਰਕੇ ਆਪਣੀਆਂ ਕੈਮਿਸਟਾਂ ਦੀਆਂ ਦੁਕਾਨਾਂ ਖੋਹਲ ਲਈਆਂ। ਪਹਿਲਾਂ ਇੱਕ ਦੁਕਾਨ ਖੋਹਲੀ। ਉਹ ਕਾਫੀ ਚੱਲ ਗਈ ਤੇ ਉਸ ਤੋਂ ਕਾਫੀ ਆਮਦਨ ਹੋਣ ਲੱਗੀ। ਇਸੇ ਤਰ੍ਹਾਂ ਦੂਸਰੀ ਤੇ ਫਿਰ ਤੀਸਰੀ ਦੁਕਾਨ ਖੋਹਲ ਲਈ। ਲਾਲਚ ਵੱਧਦਾ ਗਿਆ ਤੇ

ਫਿਰ ਇੱਕ ਹੋਰ ਦੁਕਾਨ ਖਰੀਦ ਲਈ। ਚਾਰ ਦੁਕਾਨਾਂ ਹੋ ਗਈਆਂ। ਦੋਹਾਂ ਲੜਕਿਆਂ ਨੇ ਦੋ ਸਾਂਭ ਲਈਆਂ। ਦੂਸਰੀਆਂ ਦੋ ਦੁਕਾਨਾਂ ਚਲਾਉਣ ਵਾਸਤੇ ਗੋਰੇ ਗੋਰੀਆਂ ਰੱਖ ਲਏ। ਜਦੋਂ ਨੌਕਰ ਦੁਕਾਨਾਂ ਵਿਚ ਕੰਮ ਕਰਨ ਲੱਗੇ ਤਾਂ ਆਮਦਨ ਘੱਟ ਗਈ।

ਇੱਕ ਦਿਨ ਸੰਤ ਸ਼ੀਸ਼ਾ ਸਿੰਘ ਜੀ ਉਗਰਾਹੀ ਕਰਦੇ ਕਰਦੇ ਇਨ੍ਹਾਂ ਦੇ ਘਰ ਪਹੁੰਚੇ ਤਾਂ ਇਨ੍ਹਾਂ ਨੂੰ ਸੋਝੀ ਆਈ ਕਿ ਮੈਂ ਕੋਈ ਚੰਗੇ ਕੰਮ ਕਰਨ ਵਾਸਤੇ ਮਾਇਆ ਨਹੀਂ ਲਾਈ, ਸ਼ਾਇਦ ਇਸੇ ਕਰਕੇ ਹੀ ਘਾਟਾ ਪਿਆ ਹੈ। ਬਾਬਾ ਜੀ ਨੇ ਕਿਹਾ, ਤੇਰੇ ਕੋਲੋਂ ਇੱਕ ਟਰੱਕ ਦੀ ਸੇਵਾ ਲੈਣੀ ਹੈ। ਭਾਈ ਹਰਬੰਸ ਸਿੰਘ ਨੇ ਟਰੱਕ ਵਾਸਤੇ ਪੈਸੇ ਦੇ ਦਿੱਤੇ ਅਤੇ ਹੋਰ ਵੀ ਮਾਇਆ ਦਾਨ ਕੀਤੀ। ਉਸ ਦਿਨ ਤੋਂ ਬਾਅਦ ਹਰਬੰਸ ਸਿੰਘ ਜੀ ਦਸਵੰਧ ਕੱਢਣ ਲੱਗ ਪਏ ਤੇ ਉਸ ਦੇ ਸਾਰੇ ਕਾਰਜ ਰਾਸ ਆਉਣ ਲੱਗੇ ਪਏ। ਭਾਈ ਸਾਹਿਬ ਨੇ ਆਪਣੀ ਸਿੰਘਣੀ ਤੇ ਸਾਰੇ ਪਰਿਵਾਰ ਨੂੰ ਬਿਠਾ ਕੇ ਸਮਝਾਇਆ ਕਿ ਆਪਾਂ ਨਾਮ ਜਪਣ ਵਾਸਤੇ ਜਨਮ ਲਿਆ ਸੀ ਪਰ ਮਾਇਆ ਦੇ ਚੱਕਰ ਵਿਚ ਪੈ ਕੇ ਸਤਿਗੁਰੂ ਨੂੰ ਭੁੱਲ ਗਏ ਹਾਂ। ਉਨ੍ਹਾਂ ਨੂੰ ਸੋਝੀ ਆ ਗਈ। ਅੱਜ ਕਲ੍ਹ ਨਾਮ ਜਪਦੇ ਹਨ ਤੇ ਮਹਾਰਾਜ ਜੀ ਦੀ ਸੇਵਾ ਕਰਦੇ ਹਨ।

ਜਦੋਂ ਅਸੀਂ ਭਾਈ ਹਰਬੰਸ ਸਿੰਘ ਵਾਲਸਾਲ ਵਾਲਿਆਂ ਨੂੰ ਅੰਮ੍ਰਿਤ ਛਕਾਇਆ ਸੀ ਤਾਂ ਉਸ ਨੂੰ ਮਾਹਾਰਾਜ ਜੀ ਦੇ ਸਮੇਂ ਦਾ ਦ੍ਰਿਸ਼ ਸਾਹਮਣੇ ਆ ਗਿਆ। ਅੰਮ੍ਰਿਤ ਛਕਾਉਣ ਤੋਂ ਬਾਅਦ ਮੈਨੂੰ ਮਿਲਿਆ ਤੇ ਕਿਹਾ, "ਭਾਈ ਸਾਹਿਬ ਮੈਨੂੰ ਇਸ ਤਰ੍ਹਾਂ ਲਗਦਾ ਕਿ ਅਸੀਂ ਕਿਸੇ ਜਨਮ ਵਿਚ ਇਕੱਠੇ ਸੀ।"

ਕੁਝ ਦੇਰ ਬਾਅਦ ਮੈਂ ਹਰਬੰਸ ਸਿੰਘ ਨੂੰ ਮਿਲਣ ਗਿਆ। ਉਨ੍ਹਾਂ ਦੇ ਦੂਸਰੇ ਮਕਾਨ ਵਿਚ ਮਹਾਰਾਜ ਜੀ ਦਾ ਪ੍ਰਕਾਸ਼ ਸੀ। ਮਹਾਰਾਜ ਜੀ ਦਾ ਸੁਖਆਸਨ ਕਰਕੇ ਅਸੀਂ ਆਪਸ ਵਿਚ ਗੱਲਾਂ ਕਰਨ ਲਗ ਪਏ। ਗੱਲਾਂ ਕਰਦੇ-ਕਰਦੇ ਦੋਨਾਂ ਦੀ ਬਿਰਤੀ ਜੁੜ ਗਈ। ਇਕ ਦਮ ਲੜਾਈ ਦਾ ਸੀਨ ਸਾਹਮਣੇ ਆ ਗਿਆ। ਮਹਾਰਾਜ ਜੀ ਦੇ ਨਾਲ ਇਸ ਸੀਨ ਵਿਚ ਅਸੀਂ ਇਕੱਠੇ ਜੰਗ ਲੜੇ ਸੀ।

ਭਾਈ ਹਰਬੰਸ ਸਿੰਘ ਨੇ ਗੱਲਾਂ ਗੱਲਾਂ ਵਿਚ ਕਿਹਾ ਕਿ ਅਸੀਂ ਤੁਹਾਡੇ ਨਾਲ ਬਹੁਤ ਪਿਆਰ ਕਰਦੇ ਹਾਂ ਪਰ ਤੁਸੀਂ ਸਾਨੂੰ ਕਦੇ ਚੇਤੇ ਨਹੀਂ ਕਰਦੇ, ਕਦੀ ਟੈਲੀਫ਼ੂਨ ਨਹੀਂ ਕੀਤਾ, ਸਾਡੇ ਨਾਲ ਕੋਈ ਨਰਾਜ਼ਗੀ ਹੈ। ਮੈਂ ਦੱਸਿਆ, ਭਾਈ ਸਾਹਿਬ ਜੀ ਆਪਾਂ ਪਿਛਲੇ ਜਨਮ ਵਿਚ ਇਕੱਠੇ ਸਾਂ। ਬਹੁਤਾ ਮਿਲੇ ਤਾਂ ਪਿਛਲੇ ਜਨਮ ਦੇ ਸੀਨ ਮੋਹਰੇ ਆ ਜਾਂਦੇ ਹਨ। ਜਿਸ ਤਰ੍ਹਾਂ ਹੁਣ ਲੜਾਈ ਦਾ ਸੀਨ ਸਾਹਮਣੇ ਆ ਗਿਆ। ਪਿਛਲੇ ਜਨਮ ਦੀਆਂ ਗੱਲਾਂ ਕਰਕੇ ਮੋਹ ਜਾਗ ਜਾਂਦਾ ਹੈ। ਆਪਾਂ ਪ੍ਰਮਾਤਮਾ ਦੇ ਨੇੜੇ ਹੋ ਗਏ ਹਾਂ, ਪਿਛਲੀਆਂ ਗੱਲਾਂ ਯਾਦ ਕਰਾਂਗੇ ਤਾਂ ਮੋਹ ਵਿਚ ਫਸ ਕੇ ਪ੍ਰਮਾਤਮਾ ਤੋਂ ਦੂਰ ਹੋ ਜਾਵਾਂਗੇ। ਆਵਾਜਾਈ ਦੇ ਚੱਕਰ ਵਿਚ ਫਸ ਜਾਵਾਂਗੇ। ਇਸੇ ਕਰਕੇ ਜਿਆਦਾ ਚੇਤੇ ਨਹੀਂ ਕਰਦਾ। ਮੈਨੂੰ ਪਤਾ ਹੈ ਕਿ ਤੁਹਾਡੀ ਸਿੰਘਣੀ ਤੇ ਸਾਰਾ ਪ੍ਰੀਵਾਰ ਬਹੁਤ ਸਤਿਕਾਰ ਕਰਦੇ ਹਨ। ਇਸੇ ਤਰ੍ਹਾਂ ਕਦੀ ਕਦੀ ਵਿਛੜੇ ਸਾਥੀ ਮਿਲ ਜਾਂਦੇ ਹਨ। ਸੰਤ ਬਾਬਾ ਸੇਵਾ ਸਿੰਘ

ਜੀ ਵੀ ਮਹਾਰਾਜ ਦੇ ਸਮੇਂ ਸਾਡੇ ਨਾਲ ਸਨ। ਕਦੀ ਕਦੀ ਪਿਆਰ ਵਿਚ ਆ ਕੇ ਕਈ ਅਸੀਸਾਂ ਦਿੰਦੇ ਅਤੇ ਖੁਸ਼ ਹੋ ਕਹਿੰਦੇ ਸਨ। "ਰਾਮਾ ਸਿੰਘ ਦੀ ਜੈ, ਇਥੇ ਵੀ ਕੁਝ ਹੈ।"

ਇਸੇ ਤਰ੍ਹਾਂ ਭਾਈ ਗੁਰਸ਼ਰਨ ਸਿੰਘ ਸਾਊਥਾਲ, ਭਾਈ ਜਗਤਾਰ ਸਿੰਘ ਅਤੇ ਭਾਈ ਅਵਤਾਰ ਸਿੰਘ ਨੂੰ ਵੀ ਮਾਇਆ ਇਕੱਠੀ ਕਰਨ ਦਾ ਚਾਅ ਪੈਦਾ ਹੋਇਆ। ਇਨ੍ਹਾਂ ਤਿੰਨਾਂ ਨੇ ਰਲ ਕੇ ਦੁਕਾਨ ਖਰੀਦੀ। ਇਸ ਦੁਕਾਨ ਦੀ ਕਾਫੀ ਆਮਦਨ ਹੋਣ ਲੱਗੀ ਤੇ ਇਨ੍ਹਾਂ ਨੇ ਇੱਕ ਹੋਰ ਦੁਕਾਨ ਖਰੀਦ ਲਈ। ਸਬਰ ਨਹੀਂ ਹੋਇਆ, ਮਾਇਆ ਦੀ ਭੁਖ ਹੋਰ ਵੱਧਣ ਲੱਗੀ। ਪੈਸਾ ਬੰਦੇ ਨੂੰ ਟਿਕਣ ਨਹੀਂ ਦਿੰਦਾ। ਇੱਕ ਹੋਰ ਦੁਕਾਨ ਖਰੀਦ ਲਈ। ਫਿਰ ਵਿਆਜ ਇੰਨਾਂ ਵੱਧ ਗਿਆ ਕਿ ਕਿਸ਼ਤ ਦੇਣੀ ਵੀ ਮੁਸ਼ਕਲ ਹੋ ਗਈ। ਫਿਰ ਪਛਤਾਉਣ ਲੱਗੇ। ਕੰਪਨੀ ਨੂੰ ਘਾਟਾ ਪੈਣ ਲੱਗਾ। ਕੰਮ ਇੰਨਾ ਵੱਧ ਗਿਆ ਕਿ ਜੇ ਬਿਮਾਰ ਹੋਵੋ ਤਾਂ ਵੀ ਕੰਮ ਤੇ ਜਾਣਾ ਪੈਂਦਾ ਸੀ।

ਮਹਾਰਾਜ ਨੇ ਇਨ੍ਹਾਂ ਦੀ ਲਾਜ ਰੱਖੀ, ਕਿਉਂਕਿ ਇਹ ਗੁਰੂ ਦੇ ਲੜ ਲੱਗੇ ਹੋਏ ਸਨ। ਜਿਸ ਨਾਲ ਮਹਾਰਾਜ ਜੀ ਦਾ ਸਬੰਧ ਇੱਕ ਵਾਰੀ ਜੁੜ ਜਾਵੇ, ਮਹਾਰਾਜ ਜੀ ਉਨ੍ਹਾਂ ਦੀ ਰੱਖਿਆ ਹਰ ਹਾਲ ਵਿਚ ਕਰਦੇ ਹਨ। ਮਹਾਰਾਜ ਜੀ ਦੀ ਕ੍ਰਿਪਾ ਨਾਲ ਸਭ ਕੁਝ ਠੀਕ ਹੋ ਗਿਆ। ਇਹ ਔਖੇ ਸਮੇਂ ਵੀ ਅਨੰਦਪੁਰ ਸਾਹਿਬ ਜੀ ਵਾਸਤੇ ਦਸਵੰਧ ਕੱਢਦੇ ਸਨ।

ਇੱਕ ਦਿਨ ਦਾਸ ਅਤੇ ਭਾਈ ਗੁਰਸ਼ਰਨ ਸਿੰਘ ਬਚਨ ਬਿਲਾਸ ਕਰ ਰਹੇ ਸੀ ਤਾਂ ਉਸਨੇ ਦੱਸਿਆ, ਜਦੋਂ ਮੈਂ ਨੌ-ਦਸ ਸਾਲ ਦਾ ਸੀ ਤਾਂ ਮੈਨੂੰ ਸੁਪਨੇ ਅੰਦਰ ਲੜਾਈ ਦਾ ਦ੍ਰਿਸ਼ ਆ ਗਿਆ ਲੜਾਈ ਵਿਚ ਘਾਇਲ ਹੋਇਆ ਪਿਆ ਸੀ। ਉਸ ਸਮੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪੰਜਾਂ ਪਿਆਰਿਆਂ ਨਾਲ ਇਧਰ ਦੀ ਲੰਘ ਰਹੇ ਸਨ ਤਾਂ ਮਹਾਰਾਜ ਜੀ ਕਹਿਣ ਲੱਗੇ, ਠਹਿਰੋ ! ਸਾਡਾ ਸਿੰਘ ਘਾਇਲ ਹੋਇਆ ਪਿਆ ਹੈ। ਮਹਾਰਾਜ ਜੀ ਨੇ ਮੈਨੂੰ ਪਾਣੀ ਪਿਲਾਇਆ ਅਤੇ ਕੁਝ ਬਚਨ ਵੀ ਕੀਤੇ ਪਰ ਯਾਦ ਨਹੀਂ ਹਨ।

ਉਸ ਸਮੇਂ ਭਾਈ ਸਾਹਿਬ ਨੂੰ ਬਾਣੀ ਦਾ ਬਹੁਤ ਗਿਆਨ ਨਹੀਂ ਸੀ। ਇਹ ਹਰ ਵੇਲੇ ਅਰਦਾਸ ਕਰਦੇ ਸਨ ਕਿ ਬਾਣੀ ਦੀ ਦਾਤ ਬਖਸ਼ੋ। ਐਸ ਵੇਲੇ ਪ੍ਰਮਾਤਮਾ ਦੀ ਬਹੁਤ ਮਿਹਰ ਹੈ। ਭਾਈ ਸਾਹਿਬ ਨੂੰ ਪੰਜੇ ਬਾਣੀਆਂ, ਆਸਾ ਦੀ ਵਾਰ, ਸੁਖਮਨੀ ਸਾਹਿਬ ਤੇ ਹੋਰ ਕਾਫੀ ਬਾਣੀਆਂ ਕੰਠ ਹਨ। ਕੀਰਤਨ ਵੀ ਰਸਭਿੰਨਾ ਕਰਦੇ ਹਨ। ਇਨ੍ਹਾਂ ਨੂੰ ਅਨੰਦਪੁਰ ਸਾਹਿਬ ਨਾਲ ਬਹੁਤ ਪਿਆਰ ਹੈ ਕਿਉਂਕਿ ਮਹਾਰਾਜ ਜੀ ਦੇ ਸਮੇਂ ਅਨੰਦਪੁਰ ਦੀਆਂ ਜੰਗਾਂ ਵਿਚ ਸ਼ਾਮਲ ਸਨ। ਇਹ ਅਨੰਦਪੁਰ ਜਿਆਦਾ ਸੇਵਾ ਕਰਦੇ ਹਨ।

ਹੇ ਜੀਵ ! ਤੂੰ ਨਾਮ ਜਪਣ ਵਾਸਤੇ ਆਇਆ ਹੈ, ਨਾਮ ਜਪ ਕੇ ਆਪਣਾ ਜਨਮ ਸਫਲਾ ਕਰ। ਇਹ ਹੀ ਸੱਚਾ ਧੰਨ ਹੈ। ਇਸ ਨੇ ਹੀ ਸਹਾਈ ਹੋਣਾ ਹੈ ਅਤੇ ਅੰਤ ਵੇਲੇ ਨਾਲ ਜਾਣਾ ਹੈ। ਸਿੱਖਾਂ ਨੂੰ ਤਰੱਕੀ ਜ਼ਰੂਰ ਕਰਨੀ ਚਾਹੀਦੀ ਹੈ ਪਰ ਮਾਇਆ ਦੇ ਲਾਲਚ ਤੋਂ ਬਚ ਕੇ ਰਹਿਣਾ ਚਾਹੀਦਾ ਹੈ।

ਸਰਪਨੀ ਤੇ ਊਪਰਿ ਨਹੀ ਬਲੀਆ ॥

ਜਿਨਿ ਬ੍ਰਹਮਾ ਬਿਸਨੁ ਮਹਾਦੇਉ ਛਲੀਆ ॥ 1 ॥

*(ਆਸਾ ਕਬੀਰ ਜੀ ਪੰ:–480)*

ਇਹ ਸਾਰੇ ਤਾਂ ਪੈਸੇ ਦੇ ਚੱਕਰ ਵਿਚ ਫਸ ਗਏ, ਫਿਰ ਵੀ ਗੁਰੂ ਜੀ ਨੇ ਕ੍ਰਿਪਾ ਕਰਕੇ ਹੱਥ ਦੇ ਕੇ ਬਚਾ ਲਿਆ। ਦਾਸ ਵੀ ਮਾਇਆ ਦੇ ਚੱਕਰ ਵਿਚ ਫਸ ਗਿਆ ਸੀ। ਇਹ ਐਸੀ ਮਾਇਆ, ਜਿਸ ਨੇ ਬ੍ਰਹਮਾ, ਵਿਸ਼ਨੂੰ ਅਤੇ ਮਹਾਂਦੇਉ ਨੂੰ ਵੀ ਮੋਹਿਆ ਸੀ।

ਐਸੀ ਇਸਤ੍ਰੀ ਇਕ ਰਾਮਿ ਉਪਾਈ ॥
ਉਨਿ ਸਭੁ ਜਗੁ ਖਾਇਆ,
ਹਮ ਗੁਰਿ ਰਾਖੇ ਮੇਰੇ ਭਾਈ ॥
ਪਾਇ ਠਗਉਲੀ ਸਭੁ ਜਗੁ ਜੋਹਿਆ ॥
ਬ੍ਰਹਮਾ ਬਿਸਨੁ ਮਹਦੇਉ ਮੋਹਿਆ ॥

*(ਆਸਾ ਮ: 5 ਪੰ:–394)*

ਦਾਸ ਵੀ ਇਸ ਮਾਇਆ ਤੋਂ ਬਚ ਨਹੀਂ ਸਕਿਆ। ਜਿਸ ਤਰ੍ਹਾਂ ਗੁਰੂ ਜੀ ਨੇ ਇਨ੍ਹਾਂ ਤੇ ਕ੍ਰਿਪਾ ਕੀਤੀ, ਇਸੇ ਤਰ੍ਹਾਂ ਦਾਸ 'ਤੇ ਵੀ ਕ੍ਰਿਪਾ ਕੀਤੀ।

ਬਾਹ ਪਕਰਿ ਕਢਿ ਲੀਨੇ ਆਪੁਨੇ, ਗ੍ਰਿਹ ਅੰਧ ਕੂਪ ਤੇ ਮਾਇਆ ॥
ਕਹੁ ਨਾਨਕ ਗੁਰਿ ਬੰਧਨ ਕਾਟੇ, ਬਿਛੁਰਤ ਆਨਿ ਮਿਲਾਇਆ ॥

*(ਸਾਰੰਗ ਮ: 5 ਪੰ:–1218)*

ਇਨ੍ਹਾਂ ਸਾਰਿਆਂ ਨੇ ਇੰਨਾ ਨੁਕਸਾਨ ਹੋਣ 'ਤੇ ਵੀ ਗੁਰੂ ਜੀ ਦਾ ਦਰ ਨਹੀਂ ਛੱਡਿਆ, ਸਗੋਂ ਜਿਆਦਾ ਬਾਣੀ ਪੜ੍ਹਨ ਲੱਗੇ ਪਰ ਜੇ ਥੋੜ੍ਹਾ ਜਿਹਾ ਵੀ ਕਿਸੇ ਨੂੰ ਦੁੱਖ ਤਕਲੀਫ ਆ ਜਾਵੇ ਤਾਂ ਗੁਰੂ ਨੂੰ ਤਾਹਨੇ ਮਾਰਦੇ ਹਨ ਕਿ ਸਾਡੇ ਲਈ ਗੁਰੂ ਨੇ ਕੀ ਕੀਤਾ। ਅਸੀਂ ਗੁਰਦੁਆਰੇ ਵੀ ਜਾਂਦੇ ਹਾਂ ਤੇ ਪਾਠ ਵੀ ਕਰਦੇ ਹਾਂ, ਗੁਰੂ ਜੀ ਨੇ ਫਿਰ ਵੀ ਸਾਡੀ ਸਹਾਇਤਾ ਨਹੀਂ ਕੀਤੀ।

ਦਾਸ ਦੀ ਬੇਨਤੀ ਹੈ ਕਿ ਕਿਸੇ ਵੀ ਪ੍ਰਾਣੀ ਨੂੰ ਗੁਰੂ ਦਾ ਦਰ ਨਹੀਂ ਛੱਡਣਾ ਚਾਹੀਦਾ। ਗੁਰੂ 'ਤੇ ਵਿਸ਼ਵਾਸ਼ ਰੱਖਣਾ ਚਾਹੀਦਾ ਹੈ। ਗੁਰੂ ਜੀ ਨੇ ਦਾਸ 'ਤੇ ਵੀ ਕ੍ਰਿਪਾ ਕੀਤੀ। ਸੁਖਮਨੀ ਸਾਹਿਬ ਜੀ ਦੇ ਪਾਠ ਕਰਕੇ ਮੇਰੇ ਅਵਗੁਣ ਸੁਪਨੇ ਦੇ ਅੰਦਰ ਨਾਸ਼ ਕਰ ਦਿੱਤੇ। ਇਸ ਦੋਨਾਂ ਤਰ੍ਹਾਂ ਦੀ ਮਾਇਆ ਤੋਂ ਬਚੋ। ਜਿਹੜਾ ਪ੍ਰਾਣੀ ਇਸ ਮਾਇਆ ਤੋਂ ਬਚਿਆ ਹੈ, ਗੁਰੂ ਉਹਦੇ ਅੰਗ-ਸੰਗ ਰਹਿੰਦਾ ਹੈ।

*****

# ਗੁਰਸਿੱਖਾਂ ਦਾ ਜੀਵਨ

## ਸੇਵਾ ਦੀ ਲਗਨ

ਮੇਰੀ ਖਲਹੁ ਮੋਜੜੇ ਗੁਰਸਿਖ ਹੰਢਾਂਦੇ ।
ਮਸਤਕ ਲਗੇ ਸਾਧ ਰੇਣੁ ਵਡਭਾਗ ਜਿਨ੍ਹਾਂ ਦੇ ।

*(ਭਾਈ ਗੁਰਦਾਸ ਜੀ)*

ਦੁਨੀਆਂ ਦਾ ਹਰ ਇੱਕ ਇਨਸਾਨ ਰੋਜ਼ਾਨਾ ਆਪਣੀ ਕਿਰਤ ਕਮਾਈ ਤੋਂ ਬਾਅਦ ਆਪਣੇ ਪ੍ਰੀਵਾਰ ਨਾਲ ਸਮਾਂ ਬਿਤਾਉਂਦਾ ਹੈ । ਕੋਈ ਵਿਰਲੇ ਹੀ ਹਨ ਜਿਨ੍ਹਾਂ ਉਪਰ ਸਤਿਗੁਰੂ ਮਹਾਰਾਜ ਦੀ ਕ੍ਰਿਪਾ ਹੁੰਦੀ ਹੈ, ਉਹ ਆਪਣਾ ਕੀਮਤੀ ਸਮਾਂ ਕੱਢ ਕੇ ਗੁਰੂ ਘਰ ਦੀ ਸੇਵਾ ਕਰਦੇ ਹਨ । ਜਿਨ੍ਹਾਂ ਦੇ ਨਾਮ ਵਰਨਣ ਯੋਗ ਹਨ । ਚਾਂਚਾ ਦਰਸ਼ਨ ਸਿੰਘ, ਭਾਈ ਕੇਸਰ ਸਿੰਘ ਮੰਡ, ਸੁਰਗਵਾਸੀ ਬੀਬੀ ਗੁਰਦਿਆਲ ਕੌਰ, ਭਾਈ ਗੁਰਦਿਆਲ ਸਿੰਘ ਗਿੱਲ, ਭਾਈ ਜਗੀਰ ਸਿੰਘ, ਸੁਰਗਵਾਸੀ ਭਾਈ ਕਰਤਾਰ ਸਿੰਘ ਅਤੇ ਭਾਈ ਸੁਰਜੀਤ ਸਿੰਘ ਬਿਲਗਾ । ਇਨ੍ਹਾਂ ਸਾਰੇ ਸਾਥੀਆਂ ਨੇ ਵਿਚਾਰ ਵਟਾਂਦਰਾ ਕਰਕੇ ਸਾਊਥਾਲ ਵਿੱਚ ਗੁਰਦੁਆਰਾ ਉਸਾਰਨ ਦੀ ਹਿੰਮਤ ਕੀਤੀ । ਇਸ ਸਮੇਂ ਸਾਊਥਾਲ ਵਿੱਚ 50-60 ਸਿੰਘ ਰਹਿੰਦੇ ਸਨ ।

ਇਨ੍ਹਾਂ ਨੇ ਰਲ ਕੇ ਬੀਕਨਸਫੀਲਡ ਰੋਡ ਤੇ ਗੁਰਦੁਆਰਾ ਬਣਾਇਆ । ਉਸ ਸਮੇਂ ਸਾਊਥਾਲ ਵਿੱਚ ਕੋਈ ਕੀਰਤਨ ਕਰਨ ਵਾਲਾ ਨਹੀਂ ਸੀ । ਗੁਰਪੁਰਬ 'ਤੇ ਕੋਈ ਵਿਰਲਾ ਸੱਜਣ ਹੀ ਪਾਠ ਕਰਨ ਵਾਲਾ ਮਿਲਦਾ ਸੀ । ਲੰਗਰ ਵਿੱਚ ਭਾਈ ਸ਼ੰਕਰ ਸਿੰਘ ਪਕੌੜੇ ਬਣਾ ਕੇ ਲਫਾਫਿਆਂ ਵਿੱਚ ਪਾ ਕੇ ਚਾਹ ਨਾਲ ਵਰਤਾ ਦਿੰਦਾ ਸੀ । ਉਸ ਵੇਲੇ ਬੀਬੀਆਂ ਇਥੇ ਨਹੀ ਆਈਆਂ ਸਨ । ਸਭ ਦਾ ਇਹ ਹੀ ਵੀਚਾਰ ਸੀ ਕਿ ਕਮਾਈ ਕਰਕੇ ਵਾਪਸ ਚਲੇ ਜਾਣਾ ਹੈ ਪਰ ਇਸ ਦੇਸ਼ ਦੀ ਮਿੱਠੀ ਜੇਲ੍ਹ ਵਿੱਚੋਂ ਕੋਈ ਨਿਕਲ ਨਹੀਂ ਸਕਿਆ । ਹੌਲੀ ਹੌਲੀ ਸਾਰਿਆਂ ਨੇ ਆਪਣੇ ਪ੍ਰੀਵਾਰ ਇਥੇ ਮੰਗਾਉਣੇ ਸ਼ੁਰੂ ਕਰ ਦਿੱਤੇ ਅਤੇ ਰਹਿਣ ਵਾਸਤੇ ਘਰ ਖਰੀਦਣ ਲੱਗ ਪਏ । ਸਾਊਥਾਲ ਵਿੱਚ ਇੱਕ ਭਾਈ ਦੀ ਰਾਸ਼ਨ ਦੀ ਦੁਕਾਨ ਸੀ । ਸਾਊਥਾਲ ਦੀ ਰੌਣਕ ਵੱਧਣ ਲੱਗੀ ।

ਬੀਕਨਸਫੀਲਡ ਰੋਡ ਦੇ ਕਾਰਨਰ ਤੇ ਵਿੱਗੋ ਹਾਲ ਸੀ । ਉਹ ਕਿਰਾਏ ਤੇ ਲੈ ਕੇ ਐਤਵਾਰ ਨੂੰ ਦੀਵਾਨ ਸਜਾਉਂਦੇ ਸਨ । ਛਨੀਵਾਰ ਰਾਤ ਨੂੰ ਸਾਰੇ ਹਾਲ ਦੀ ਸਫਾਈ ਕਰਨੀ, ਸਾਰੀ ਫਰਸ਼ ਮੱਪ੍ਹ ਨਾਲ ਸਾਫ ਕਰਕੇ ਚਾਦਰਾਂ ਦੀ ਵਿਛਾਈ ਕੀਤੀ ਜਾਂਦੀ ਸੀ । ਐਤਵਾਰ ਵਾਲੇ ਦਿਨ ਸਵੇਰੇ ਸੱਤ ਵਜੇ ਭਾਈ ਪ੍ਰੀਤਮ ਸਿੰਘ ਬਾਉਰਾ ਜੀ ਦੇ ਘਰੋਂ ਮਹਾਰਾਜ ਜੀ ਦੇ ਸਰੂਪ ਦੀ ਸਵਾਰੀ ਲਿਆ ਕੇ ਸਾਢੇ ਸਤ ਵਜੇ ਸ੍ਰੀ 'ਆਸਾ ਦੀ ਵਾਰ' ਦਾ ਕੀਰਤਨ ਅਰੰਭ ਕਰ ਦਿੱਤਾ ਜਾਂਦਾ ਸੀ । ਭਾਈ ਰਣਯੋਧ ਸਿੰਘ ਦੀਵਾਨਾ ਜਿਹੜੇ ਕਿ ਅਫਰੀਕਾ ਤੋਂ ਆਏ ਸਨ ਉਹਨਾਂ ਨਾਲ ਭਾਈ ਕੇਸਰ ਸਿੰਘ ਮੰਡ ਕੀਰਤਨ ਕਰਦੇ ਸਨ

। ਭਾਈ ਗੁਰਚਰਨ ਸਿੰਘ ਤਬਲੇ ਦੀ ਸੇਵਾ ਕਰਦੇ ਸਨ । ਭਾਈ ਧਰਮ ਸਿੰਘ ਜੀ ਢੋਲਕੀ ਨਾਲ ਕੀਰਤਨ ਕਰਿਆ ਕਰਦੇ ਸਨ ਅਤੇ ਭਾਈ ਮੀਹਾਂ ਸਿੰਘ ਥੋੜ੍ਹੀ ਬਹੁਤੀ ਕਥਾ ਕਰ ਲੈਂਦਾ ਸੀ । ਭਾਈ ਕੇਸਰ ਸਿੰਘ ਨੇ ਆਪਣੇ ਸਾਥੀਆਂ ਦੇ ਸਹਿਯੋਗ ਨਾਲ ਹਰ ਛਨੀਵਾਰ ਨੂੰ ਥੋੜ੍ਹਾ ਥੋੜ੍ਹਾ ਆਟਾ ਤੇ ਦਾਲਾਂ ਸੰਗਤਾਂ ਦੇ ਘਰਾਂ ਵਿੱਚ ਲੰਗਰ ਤਿਆਰ ਕਰਨ ਵਾਸਤੇ ਵੰਡਣਾ ਅਤੇ ਐਤਵਾਰ ਸਵੇਰੇ ਫਿਰ ਤਿਆਰ ਕੀਤਾ ਲੰਗਰ ਇਕੱਠਾ ਕਰਕੇ ਹਾਲ ਵਿੱਚ ਲੈ ਕੇ ਜਾਣਾ ।

ਸੰਗਤ ਵਿੱਚ ਹੋਰ ਵਾਧਾ ਹੋਇਆ ਤਾਂ ਕੇਸਰ ਸਿੰਘ ਤੇ ਸੰਗਤ ਨੇ ਮਿਲਕੇ 6000 ਪੌਂਡ ਦੀ ਬਿਲਡਿੰਗ 'ਦਾ ਗਰੀਨ' ਉੱਤੇ ਗੁਰਦੁਆਰੇ ਵਾਸਤੇ ਖਰੀਦੀ । ਬੀਬੀਆਂ ਦੇ ਇਧਰ ਆਉਣ ਕਰਕੇ ਇਥੇ ਲੰਗਰ ਵੀ ਪਕਣਾ ਸ਼ੁਰੂ ਹੋ ਗਿਆ ਸੀ ।

ਇਥੇ ਸਫਾਈ ਦਾ ਕੰਮ ਕਾਫ਼ੀ ਕਰਨ ਵਾਲਾ ਸੀ ਚਾਚਾ ਦਰਸ਼ਨ ਸਿੰਘ, ਕੇਸਰ ਸਿੰਘ ਮੰਡ, ਧਰਮ ਸਿੰਘ, ਸੁਰੈਣ ਸਿੰਘ ਅਤੇ ਪ੍ਰੀਤਮ ਸਿੰਘ ਬਾਉਰਾ ਨੇ ਸਫਾਈ ਦਾ ਕੰਮ ਕੀਤਾ । ਜੂਨ ਵਿੱਚ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਦੇ ਸ਼ਹੀਦੀ ਪੁਰਬ 'ਤੇ ਇਸ ਗੁਰੂ ਘਰ ਦਾ ਉਦਘਾਟਨ ਕੀਤਾ ਗਿਆ । ਹੌਲੀ ਹੌਲੀ ਸੰਗਤ ਵਧਦੀ ਗਈ । ਇਸ ਗੁਰਦੁਆਰੇ ਦੀ ਜਗ੍ਹਾ ਵੀ ਛੋਟੀ ਲੱਗਣ ਲੱਗੀ ।

ਇੱਕ ਦਿਨ ਕੇਸਰ ਸਿੰਘ ਤੇ ਹਰਦਿਆਲ ਸਿੰਘ ਨੇ ਦੁੱਧ ਦੀ ਡੇਅਰੀ ਹੇਵਲਕ ਰੋਡ ਉਪਰ "ਫਾਰ ਸੇਲ" ਲੱਗੀ ਦੇਖੀ । ਜਿਸ ਦੀ ਕੀਮਤ 26000 ਪੌਂਡ ਸੀ । ਇਨ੍ਹਾਂ ਨੇ ਭਾਈ ਗੁਰਚਰਨ ਸਿੰਘ ਗਿੱਲ ਨਾਲ ਸਲਾਹ ਕੀਤੀ । ਉਸਨੇ ਆਪਣੀ ਜ਼ਿੰਮੇਵਾਰੀ ਤੇ ਇਸ ਬਿਲਡਿੰਗ ਵਾਸਤੇ ਕਰਜਾ ਲਿਆ । ਇਸ ਜਗ੍ਹਾ ਤੇ ਗੁਰਦੁਆਰਾ ਅਸਥਾਪਨ ਕੀਤਾ ਗਿਆ ਜਿਹੜਾ ਕਿ "ਸ੍ਰੀ ਗੁਰੂ ਸਿੰਘ ਸਭਾ ਸਾਊਥਾਲ" ਦੇ ਨਾਂ ਨਾਲ ਦੁਨੀਆਂ ਦੇ ਕੋਨੇ-ਕੋਨੇ ਵਿੱਚ ਮਸ਼ਹੂਰ ਹੈ । ਸੰਗਤਾਂ ਨੇ ਇਸੇ ਨੂੰ ਪਹਿਲਾ ਪ੍ਰਧਾਨ ਥਾਪਿਆ ।

ਇਸ ਗੁਰੂ ਘਰ ਦੀ ਚਾਬੀ 1 ਜਨਵਰੀ 1967 ਨੂੰ ਮਿਲੀ । ਉਸੇ ਸਾਲ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦਾ 300 ਸਾਲਾ ਪ੍ਰਕਾਸ਼ ਉਤਸਵ 22 ਜਨਵਰੀ 1967 ਨੂੰ ਸੀ । ਇਸ ਗੁਰਦੁਆਰੇ ਦਾ ਉਦਘਾਟਨ ਪਾਤਸ਼ਾਹ ਜੀ ਦੇ ਪ੍ਰਕਾਸ਼ ਉਤਸਵ ਤੇ ਹੀ ਕਰਨ ਦਾ ਪ੍ਰੋਗਰਾਮ ਬਣਾਇਆ । ਇਥੇ ਸਫਾਈ ਦਾ ਕੰਮ ਬਹੁਤ ਕਰਨ ਵਾਲਾ ਸੀ । ਜਿਸ ਵਿੱਚ 9 ਕਮਰੇ ਭੰਨ ਕੇ ਪੱਧਰਾ ਹਾਲ ਬਣਾਉਣ ਲਈ ਪਹਿਲਾਂ ਕੇਸਰ ਸਿੰਘ ਨੇ ਕਮਰ ਕੱਸੇ ਕਰ ਲਏ । ਸੰਗਤ ਦੇ ਸਹਿਯੋਗ ਨਾਲ ਇਹ ਸੇਵਾ ਦਿਨ ਰਾਤ ਚਲਦੀ ਰਹੀ । ਚਾਚਾ ਦਰਸ਼ਨ ਸਿੰਘ ਨੇ ਵੀ ਕੰਮ ਤੋਂ ਆ ਕੇ ਗੁਰਦੁਆਰੇ ਸੇਵਾ ਕਰਨੀ ।

ਕੇਸਰ ਸਿੰਘ ਮੰਡ ਦਾ ਸਾਰਾ ਪ੍ਰੀਵਾਰ ਗੁਰਸਿੱਖੀ ਵਿੱਚ ਹੈ । ਆਪ ਜੀ ਨੇ ਐਜੂਕੇਸ਼ਨ ਅਤੇ ਹੋਰ ਅਨੇਕਾਂ ਅਦਾਰਿਆਂ ਵਿੱਚ ਭਰਵੀਂ ਸੇਵਾ ਕੀਤੀ ਹੈ । ਜਦੋਂ ਸੰਨ 1977 ਵਿੱਚ ਸ਼੍ਰੋਮਣੀ ਕਮੇਟੀ ਵੱਲੋਂ 400 ਸਾਲਾ "ਅੰਮ੍ਰਿਤਸਰ ਸਥਾਪਨਾ ਦਿਵਸ" ਮਨਾਇਆ ਗਿਆ ਸੀ ਤਾਂ ਭਾਈ ਕੇਸਰ ਸਿੰਘ ਮੰਡ, ਭਾਈ ਰਣਜੀਤ ਸਿੰਘ ਭੋਲ ਅਤੇ ਗਿਆਨੀ ਅਮੋਲਕ ਸਿੰਘ ਜੀ ਨੇ ਮਿਲ ਕੇ ਇਹ ਸਮਾਗਮ ਲੰਡਨ, ਐਲਬਰਟ ਹਾਲ ਵਿਖੇ

ਮਨਾਇਆ ਸੀ। ਇਸ ਪ੍ਰੋਗਰਾਮ ਤੇ ਪੰਜਾਬ ਸਰਕਾਰ, ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਗਿਆਰਾਂ ਸੀਨੀਅਰ ਮੈਂਬਰ ਪੁੱਜੇ ਸਨ। ਉਸ ਸਮੇਂ ਕੇਸਰ ਸਿੰਘ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਇਕ ਸੰਸਥਾ ਜਿਸ ਦਾ ਨਾਂ 'ਇੰਟਰਨੈਸ਼ਨਲ ਗੋਲਡਨ ਟੈਂਪਲ ਰੇਡਿਉ ਕਾਰਪੋਰੇਸ਼ਨ' ਰੱਖ ਕੇ ਭਾਰਤ ਸਰਕਾਰ ਕੋਲੋਂ ਮੰਗ ਕੀਤੀ ਸੀ ਕਿ ਸਿੱਖਾਂ ਦੇ ਸ੍ਰੀ ਹਰਿਮੰਦਰ ਸਾਹਿਬ ਅੰਦਰ ਇੱਕ ਸ਼ਕਤੀਸ਼ਾਲੀ ਟਰਾਂਸਮੀਟਰ ਅਸਥਾਪਨ ਕਰਨਾ ਚਾਹੁੰਦੇ ਹਨ। ਜਿਸ ਰਾਹੀਂ ਸ੍ਰੀ ਹਰਿਮੰਦਰ ਸਾਹਿਬ ਤੋਂ ਆਏ ਹੁਕਮਨਾਮੇ ਅਤੇ ਇਲਾਹੀ ਗੁਰਬਾਣੀ ਦਾ ਕੀਰਤਨ ਵਿਦੇਸ਼ਾਂ ਵਿੱਚ ਬੈਠੇ ਸਿੱਖ ਸੁਣ ਸਕਣ। ਇਸ ਉਪਰ ਜਿਤਨਾ ਵੀ ਖਰਚ ਆਵੇਗਾ ਵਿਦੇਸ਼ਾਂ ਵਿੱਚ ਵਸਦੇ ਸਿੱਖ ਕਰਨਗੇ ਪਰ ਭਾਰਤ ਸਰਕਾਰ ਨੇ ਸਿੱਖਾਂ ਦੀ ਇਹ ਧਾਰਮਿਕ ਮੰਗ ਮੰਨਣ ਤੋਂ ਇਨਕਾਰ ਕਰ ਦਿੱਤਾ। ਉਸ ਸਮੇਂ ਕੇਸਰ ਸਿੰਘ ਨੇ ਇਸ ਧਾਰਮਿਕ ਮੰਗ ਨੂੰ ਮੀਡੀਏ ਰਾਹੀਂ ਬਹੁਤ ਉਭਾਰਿਆ ਸੀ। ਭਾਈ ਕੇਸਰ ਸਿੰਘ ਜੀ ਦੇ ਉਦਮ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਦਾ 500 ਸਾਲਾ ਪ੍ਰਕਾਸ਼ ਉਤਸਵ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ 300 ਸਾਲਾ ਪ੍ਰਕਾਸ਼ ਉਤਸਵ ਐਲਬਰਟ ਹਾਲ ਵਿੱਚ ਮਨਾਇਆ ਗਿਆ। ਫਿਰ 1975 ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 300 ਸਾਲਾ ਸ਼ਹੀਦੀ ਦਿਵਸ ਵੀ ਐਲਬਰਟ ਹਾਲ ਵਿੱਚ ਮਨਾਇਆ ਗਿਆ। ਇਹ ਸਾਰੇ ਪ੍ਰੋਗਰਾਮ ਸਟੇਜ ਤੋਂ ਕੇਸਰ ਸਿੰਘ ਨੇ ਬੜੇ ਸੁਚੱਜੇ ਢੰਗ ਨਾਲ ਨਿਭਾਏ। ਇਹ ਆਪਣੀਆਂ ਵੱਡਮੁਲੀਆਂ ਲਿਖਤਾਂ ਰਾਹੀ ਸੰਗਤਾਂ ਅਤੇ ਪੰਥ ਦੀ ਸੇਵਾ ਕਰ ਰਹੇ ਹਨ। ਇਨ੍ਹਾਂ ਦੇ ਸਾਰੇ ਬੱਚੇ ਕਲਾਸੀਕਲ ਗੁਰਬਾਣੀ ਦਾ ਮਨੋਹਰ ਕੀਰਤਨ ਕਰਦੇ ਹਨ।

(ੳ)

ਚਾਚਾ ਦਰਸ਼ਨ ਸਿੰਘ ਨੂੰ ਵੀ ਸੇਵਾ ਕਰਨ ਦਾ ਬਹੁਤ ਚਾਉ ਸੀ। ਇੰਡੀਆ ਤੋਂ ਕੋਈ ਵੀ ਮਹਾਂਪੁਰਸ਼ ਆਵੇ ਤਾਂ ਚਾਚਾ ਜੀ ਆਪਣੇ ਘਰ ਲੈ ਜਾਂਦੇ ਸਨ। ਉਨ੍ਹਾਂ ਨੂੰ ਸੇਵਾ ਕਰਨ ਦਾ ਬਹੁਤ ਹੀ ਸ਼ੌਂਕ ਸੀ। ਮਹਾਂਪੁਰਖਾਂ ਦੀ ਸੇਵਾ ਡਟ ਕੇ ਕਰਦੇ ਸਨ। ਹੋਰਨਾਂ ਨੂੰ ਵੀ ਪ੍ਰੇਰਨਾ ਕਰਨੀ ਕਿ ਤੁਸੀਂ ਵੀ ਸੇਵਾ ਕਰਿਆ ਕਰੋ। ਗੁਰਦੁਆਰੇ ਭਾਂਡੇ ਧੋਣ ਦੀ ਸੇਵਾ ਬਹੁਤ ਕਰਦੇ ਸਨ। ਉਨ੍ਹਾਂ ਨੇ ਲਗਾਤਾਰ ਬੱਤੀ ਸਾਲ ਸੇਵਾ ਕੀਤੀ। ਸੇਵਾ ਕਰਦੇ ਕਰਦੇ ਇੰਨੀ ਸ਼ਕਤੀ ਆ ਗਈ ਕਿ ਜੋ ਗੱਲ ਮੂੰਹੋਂ ਕੱਢ ਦੇਣ, ਪੂਰੀ ਹੋ ਜਾਂਦੀ ਸੀ। ਇਨ੍ਹਾਂ ਨੂੰ ਨਿੱਤਨੇਮ, ਸੁਖਮਨੀ ਸਾਹਿਬ ਅਤੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਕੰਠ ਸੀ। ਹੱਥਾਂ ਨਾਲ ਸੇਵਾ ਕਰੀ ਜਾਣਾ ਅਤੇ ਮੂੰਹ ਨਾਲ ਪਾਠ ਕਰੀ ਜਾਣਾ।

ਇੱਕ ਦਿਨ ਇੱਕ ਬੀਬੀ ਗੁਰਦੁਆਰੇ ਆ ਕੇ ਭਾਂਡਿਆਂ ਦੀ ਸੇਵਾ ਕਰਨ ਲੱਗ ਪਈ। ਪੰਜ ਕੁ ਮਿੰਟ ਸੇਵਾ ਕੀਤੀ ਤੇ ਵਾਪਸ ਜਾਣ ਲੱਗੀ ਤਾਂ ਚਾਚੇ ਨੇ ਕਿਹਾ, "ਬੀਬੀਏ ਕਿਥੇ ਚੱਲੀ ਹੈਂ, ਜੇ ਕੁਝ ਫਲ ਪ੍ਰਾਪਤ ਕਰਨਾ ਹੈ, ਤਾਂ ਅੱਧਾ ਪੌਣਾ ਘੰਟਾ ਸੇਵਾ ਕਰਿਆ ਕਰ।" ਬੀਬੀ ਮਨ ਲਾ ਕੇ ਸੇਵਾ ਕਰਨ ਲੱਗੀ। ਇਕ ਦਿਨ ਚਾਚੇ ਨੇ ਸੇਵਾ ਕਰਦਿਆਂ ਕਰਦਿਆਂ ਉਸ ਬੀਬੀ ਨੂੰ ਪੁਛਿਆ ਕਿ ਤੇਰੇ ਬੱਚੇ ਕਿੰਨੇ ਹਨ। ਬੀਬੀ ਨੇ ਉੱਤਰ ਦਿੱਤਾ

ਕਿ ਮੇਰੀਆਂ ਦੋ ਬੇਟੀਆਂ ਹਨ। ਚਾਚੇ ਨੇ ਕਿਹਾ ਕਿ ਸੇਵਾ ਕਰਿਆ ਕਰ, ਮਹਾਰਾਜ ਦੇ ਘਰ. ਕਿਸੇ ਚੀਜ਼ ਦਾ ਘਾਟਾ ਨਹੀਂ ਹੈ। ਉਹ ਬੀਬੀ ਸੇਵਾ ਕਰਦੀ ਰਹੀ, ਪ੍ਰਮਾਤਮਾ ਨੇ ਉਸ ਨੂੰ ਪੁੱਤਰ ਦੀ ਦਾਤ ਬਖਸ਼ੀ।

ਇੱਕ ਹੋਰ ਬੀਬੀ ਗੁਰਦੁਆਰੇ ਸੇਵਾ ਕਰਦੀ ਹੁੰਦੀ ਸੀ। ਉਸ ਨੇ ਚਾਚਾ ਜੀ ਦਰਸ਼ਨ ਸਿੰਘ ਨਾਲ ਗੱਲਬਾਤ ਕੀਤੀ ਕਿ ਸਾਡੀ ਨੂੰਹ ਇੰਡੀਆਂ ਤੋਂ ਆਈ ਹੈ, ਉਸ ਦਾ ਅੱਧਾ ਸਿਰ ਕਦੀ-ਕਦੀ ਬਹੁਤ ਦੁਖਦਾ ਹੈ। ਇੰਡੀਆ ਵੀ ਬਹੁਤ ਇਲਾਜ ਕਰਵਾਇਆ ਤੇ ਇਥੇ ਵੀ ਡਾਕਟਰਾਂ ਨੂੰ ਦਿਖਾਇਆ, ਪਰ ਉਸ ਨੂੰ ਅਰਾਮ ਨਹੀਂ ਆਉਂਦਾ। ਚਾਚਾ ਜੀ ਨੇ ਕਿਹਾ ਕਿ ਸੱਭ ਤੋਂ ਵੱਡੇ ਡਾਕਟਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਬੈਠੇ ਹਨ। ਇਨ੍ਹਾਂ ਨੂੰ ਮੱਥਾ ਟੇਕੋ ਅਤੇ ਇੱਕ ਰੁਮਾਲ ਲੈ ਕੇ ਰੋਜ਼ਾਨਾ ਸੰਗਤ ਦੇ ਜੋੜੇ ਝਾੜ ਕੇ ਜਿਥੇ ਦਰਦ ਹੁੰਦਾ ਹੈ, ਉਥੇ ਫੇਰ ਲਿਆ ਕਰੇ। ਗੁਰੂ ਭਲੀ ਕਰੇਗਾ। ਉਸ ਬੀਬੀ ਦੀ ਨੂੰਹ ਰੋਜ਼ਾਨਾ ਜੋੜੇ ਸਾਫ ਕਰਨ ਲੱਗੀ ਤੇ ਉਸ ਦਾ ਦਰਦ ਦੂਰ ਹੋ ਗਿਆ।

(ਅ)

ਗੁਰਬਾਣੀ ਪੜ੍ਹਦੇ ਤੇ ਸੁਣਦੇ ਤਾਂ ਸਾਰੇ ਹੀ ਹਨ, ਪਰ ਵਿਚਾਰਦਾ ਕੋਈ ਵਿਰਲਾ ਹੀ ਹੈ। ਜਿਸ ਤਰ੍ਹਾਂ ਭਾਈ ਸੋਹਨ ਸਿੰਘ ਸਲੋਅ ਵਾਲੇ, ਇਨ੍ਹਾਂ ਨੂੰ ਸਿੱਖੀ ਨਾਲ ਬਹੁਤ ਪਿਆਰ ਹੈ। ਇਹ ਗੁਰਦੁਆਰੇ ਹਰ ਰੋਜ਼ ਹਾਜ਼ਰੀ ਭਰਦੇ ਹਨ। ਗੁਰਦੁਆਰਾ ਸਾਹਿਬ ਘਰ ਦੇ ਨੇੜੇ ਹੀ ਹੈ। ਇਨ੍ਹਾਂ ਨੂੰ ਬਾਣੀ ਪੜ੍ਹਨ ਸੁਣਨ ਦਾ ਬਹੁਤ ਸ਼ੌਂਕ ਹੈ।

ਭਾਈ ਸਾਹਿਬ ਜੀ ਨੇ ਮੈਨੂੰ ਦੱਸਿਆ ਕਿ ਇੱਕ ਦਿਨ ਮੈਂ ਗੁਰਦੁਆਰੇ ਦਰਸ਼ਨ ਕਰਨ ਗਿਆ ਤਾਂ ਅਖੰਡ ਪਾਠ ਜਾਰੀ ਸੀ। ਪਾਠ ਸੁਣਦੇ ਸੁਣਦੇ ਇਸ ਸ਼ਬਦ ਦਾ ਮੇਰੇ ਮਨ 'ਤੇ ਬਹੁਤ ਹੀ ਅਸਰ ਹੋਇਆ :-

ਇੱਕ ਦੁਇ ਮੰਦਰਿ ਇਕ ਦੁਇ ਬਾਟ ॥
ਹਮ ਕਉ ਸਾਥਰੁ ਉਨ ਕਉ ਖਾਟ ॥
ਮੂਡ ਪਲੋਸਿ ਕਮਰ ਬਧਿ ਪੋਥੀ ॥
ਹਮ ਕਉ ਚਾਬਨੁ ਉਨ ਕਉ ਰੋਟੀ ॥

*(ਰਾਗੁ ਗੋਂਡ ਪੰ:-871)*

ਸ਼ਬਦ ਸੁਣ ਕੇ ਮੈਨੂੰ ਬੈਰਾਗ ਆ ਗਿਆ ਤੇ ਮਨ ਬਹੁਤ ਹੀ ਉਦਾਸ ਹੋ ਗਿਆ। ਘਰ ਗਿਆ ਤਾਂ ਮੇਰੀ ਸਿੰਘਣੀ ਸੁਰਿੰਦਰ ਕੌਰ ਨੇ ਪੁਛਿਆ ਕਿ ਕੀ ਗੱਲ ਹੈ, ਤੁਸੀਂ ਬਹੁਤ ਉਦਾਸ ਲੱਗਦੇ ਹੋ ? ਮੈਂ ਉਸ ਨੂੰ ਕਿਹਾ ਕਿ ਭਗਤ ਕਬੀਰ ਜੀ ਦੀ ਬਾਣੀ ਮੇਰੇ ਕੰਨਾਂ ਵਿਚ ਗੂੰਜ ਰਹੀ ਹੈ। ਕਬੀਰ ਸਾਹਿਬ ਜੀ ਇੰਨੇ ਗਰੀਬ ਹੁੰਦੇ ਹੋਏ ਵੀ ਹਰੇਕ ਆਏ ਗਏ ਸੰਤਾਂ ਦੀ ਸੇਵਾ ਕਰਦੇ ਸਨ। ਮਹਾਰਾਜ ਜੀ ਨੇ ਸਾਨੂੰ ਸਭ ਕੁਝ ਦਿੱਤਾ ਹੈ ਪਰ ਫਿਰ ਵੀ ਸਾਨੂੰ ਸੇਵਾ ਕਰਨ ਦਾ ਚਾਅ ਕਿਉਂ ਨਹੀਂ ਹੈ ?

ਇਹ ਬਚਨ ਸੁਣ ਕੇ ਬੀਬੀ ਦੇ ਮਨ ਤੇ ਵੀ ਬਹੁਤ ਅਸਰ ਹੋਇਆ । ਉਸਨੇ ਕਿਹਾ ਕਿ ਸਾਡੇ ਘਰ ਕੋਈ ਵੀ ਗੁਰਸਿੱਖ ਆਵੇ ਤਾਂ ਮੈਂ ਲੰਗਰ ਛਕਾਵਾਂਗੀ । ਸੇਵਾ ਕਰਾਂਗੇ ਤਾਂ ਆਪਣਾ ਜਨਮ ਸਫਲ ਹੋ ਜਾਵੇਗਾ । ਮੇਰੀ ਵੀ ਆਤਮਾ ਦਾ ਭਲਾ ਹੋਵੇਗਾ । ਤੁਹਾਨੂੰ ਤਾਂ ਕਾਫੀ ਗੁਰਸਿੱਖ ਜਾਣਦੇ ਹਨ । ਕਿਉਂ ਨਾ ਆਪਾਂ ਕੀਰਤਨ ਦਾ ਪ੍ਰੋਗਰਾਮ ਬਣਾ ਲਈਏ । ਉਨ੍ਹਾਂ ਨੇ ਕੀਰਤਨ ਪ੍ਰੋਗਰਾਮ ਤੇ ਦੂਰੋਂ ਨੇੜਿਉਂ ਸਾਰੇ ਸਿੰਘਾਂ ਨੂੰ ਸੱਦਿਆ । ਤਕਰੀਬਨ ਸਾਰੇ ਸਿੰਘਾਂ ਨੇ ਹਾਜ਼ਰੀ ਭਰੀ ।

ਦਾਸ ਨੇ ਦੇਖਿਆ ਹੈ ਕਿ ਜਦੋਂ ਵੀ ਕੋਈ ਬਾਹਰੋਂ ਸਿੰਘ ਆਵੇ ਤਾਂ ਇਹ ਆਪਣੇ ਕੋਲ ਰੱਖਦੇ ਹਨ । ਜਿਸ ਤਰ੍ਹਾਂ ਭਾਈ ਜੀਵਨ ਸਿੰਘ, ਡਾਕਟਰ ਤੇਜਿੰਦਰਪਾਲ ਸਿੰਘ ਦੂਲਾ, ਭਾਈ ਪੂਰਨ ਸਿੰਘ ਜੀ, ਭਾਈ ਸਾਹਿਬ ਚਾਨੀ ਜੀ, ਬੀਬੀ ਹਰਜੀਤ ਕੌਰ ਅਤੇ ਬੀਬੀ ਭੁਪਿੰਦਰ ਕੌਰ ਆਦਿ ਜੋ ਵੀ ਸਿੰਘ ਇੰਡੀਆ ਤੋਂ ਆਵੇ ਤਾਂ ਇੰਨ੍ਹਾਂ ਦੇ ਘਰ ਠਹਿਰਦੇ ਹਨ । ਇਹ ਸਾਰਿਆਂ ਦੀ ਬਹੁਤ ਸੇਵਾ ਕਰਦੇ ਹਨ ।

(ੲ)

ਇੱਕ ਦਿਨ ਭਾਈ ਜਰਨੈਲ ਸਿੰਘ ਜੀ ਰੈਣ ਸਬਾਈ ਕੀਰਤਨ 'ਤੇ ਮਿਲੇ । ਉਸ ਨੇ ਦੱਸਿਆ ਕਿ ਮੈਂ ਆਪਣੇ ਮਾਤਾ ਜੀ ਤੇ ਪਿਤਾ ਜੀ ਨੂੰ ਬਹੁਤ ਕਹਿੰਦਾ ਹਾਂ ਕਿ ਅੰਮ੍ਰਿਤ ਛਕ ਲਵੋ, ਪਰ ਉਹ ਮੰਨਦੇ ਹੀ ਨਹੀਂ । ਦੋਨੋ ਜਣੇ ਗੁਰਦੁਆਰੇ ਰੋਜ਼ਾਨਾ ਹਾਜ਼ਰੀ ਭਰਦੇ ਹਨ ਅਤੇ ਬਹੁਤ ਉਤਸ਼ਾਹ ਨਾਲ ਸੇਵਾ ਕਰਦੇ ਹਨ । ਬਸ ਇੰਨੇ ਵਿਚ ਹੀ ਖੁਸ਼ ਹਨ ਕਿ ਅਸੀਂ ਗੁਰੂ ਘਰ ਦੀ ਸੇਵਾ ਕਰਦੇ ਹਾਂ ਅਤੇ ਸਮਝਦੇ ਹਨ ਕਿ ਅੰਮ੍ਰਿਤ ਛਕਣ ਦੀ ਕੋਈ ਲੋੜ ਹੀ ਨਹੀਂ ਹੈ । ਪਿਤਾ ਜੀ ਦੀ ਵੀ ਇੱਕ ਕਮਜ਼ੋਰੀ ਹੈ ਕਿ ਉਹ ਕਦੇ-ਕਦੇ ਸ਼ਰਾਬ ਪੀ ਲੈਂਦੇ ਹਨ । ਮੇਰੇ ਕਹਿਣ 'ਤੇ ਕਈ ਵਾਰ ਅੰਮ੍ਰਿਤ ਛਕਣ ਵਾਸਤੇ ਤਿਆਰ ਹੋਏ ਪਰ ਅੰਮ੍ਰਿਤ ਛਕਣ ਤੋਂ ਪਹਿਲਾਂ ਆਪਣੇ ਸਾਥੀਆਂ ਨੂੰ ਗੁਰਦੁਆਰੇ ਦੱਸ ਦਿੰਦੇ ਹਨ ਕਿ ਹੁਣ ਮੈਂ ਅੰਮ੍ਰਿਤ ਛਕ ਲੈਣਾ ਹੈ । ਉਨ੍ਹਾਂ ਦੇ ਸਾਥੀ ਉਨ੍ਹਾਂ ਨੂੰ ਇਹ ਕਹਿ ਦਿੰਦੇ ਹਨ ਕਿ ਛੱਡੋ ਅੰਮ੍ਰਿਤ ਵਿਚ ਕੀ ਰੱਖਿਆ ਹੈ । ਅਸੀਂ ਗੁਰੂ ਘਰ ਸੇਵਾ ਕਰਦੇ ਹਾਂ, ਸਾਡੀ ਮੁਕਤੀ ਆਪੇ ਹੋ ਜਾਣੀ ਹੈ । ਇਹ ਸੁਣ ਕੇ ਪਿਤਾ ਜੀ ਫਿਰ ਢਿੱਲੇ ਪੈ ਜਾਂਦੇ ਹਨ । ਜਦੋਂ ਦੁਬਾਰਾ ਪੁਛਦਾ ਹਾਂ ਕਿ ਕਿਉਂ ਪਿਤਾ ਜੀ ਅੰਮ੍ਰਿਤ ਛਕਣ ਵਾਸਤੇ ਤਿਆਰ ਹੋ ? ਤਾਂ ਕਹਿ ਦਿੰਦੇ ਹਨ, ਮੈਂ ਤਾਂ ਤਿਆਰ ਹਾਂ ਪਰ ਤੇਰੀ ਮੰਮੀ ਕੇਸਕੀ ਬੰਨ੍ਹਣ ਵਾਸਤੇ ਤਿਆਰ ਨਹੀਂ । ਜਦੋਂ ਤਿਆਰ ਹੋਈ ਤਾਂ ਛਕ ਲਵਾਂਗੇ । ਬਸ ਬਹਾਨਾ ਕਰਕੇ ਮੈਨੂੰ ਟਾਲ ਦਿੰਦੇ ਹਨ । ਜਦੋਂ ਮੈਂ ਘਰ ਜਾਂਦਾ ਹਾਂ ਤਾਂ ਮਾਤਾ ਜੀ ਪ੍ਰਸ਼ਾਦਾ ਛਕਣ ਵਾਸਤੇ ਮਜਬੂਰ ਕਰਦੇ ਹਨ । ਮੈਂ ਕਿਹਾ, ਜਦੋਂ ਤੁਸੀਂ ਅੰਮ੍ਰਿਤ ਛਕੋਗੇ ਤਾਂ ਹੀ ਮੈਂ ਪ੍ਰਸ਼ਾਦਾ ਛਕਾਂਗਾ । ਮਾਤਾ ਜੀ ਮੈਨੂੰ ਕਹਿੰਦੇ, ਤੈਨੂੰ ਪਾਲ ਪੋਸ ਕੇ ਇੰਨਾ ਵੱਡਾ ਕੀਤਾ, ਹੁਣ ਤੂੰ ਕਹਿੰਦਾ ਸਾਡੇ ਹੱਥਾਂ ਦਾ ਪ੍ਰਸ਼ਾਦਾ ਨਹੀਂ ਛਕਣਾ ।

ਕੁਝ ਸਮੇਂ ਬਾਅਦ ਮੈਂ ਆਪਣੇ ਮਾਪਿਆਂ ਦੇ ਘਰ ਗਿਆ। ਮਾਤਾ ਜੀ ਨੇ ਪ੍ਰਸ਼ਾਦਾ ਛਕਣ ਵਾਸਤੇ ਕਿਹਾ। ਮੈਂ ਮਾਤਾ ਜੀ ਨੂੰ ਸਮਝਾਇਆ ਕਿ ਮੈਂ ਹੁਣ ਸਰਬ ਲੋਹ ਧਾਰਨ ਕਰ ਲਿਆ ਹੈ, ਅਤੇ ਲੋਹੇ ਦੇ ਬਰਤਨਾਂ ਵਿਚ ਹੀ ਪ੍ਰਸ਼ਾਦਾ ਛਕਾਂਗਾ ਅਤੇ ਜਿਨ੍ਹਾਂ ਨੇ ਅੰਮ੍ਰਿਤ ਛਕਿਆ ਹੋਵੇ ਉਨ੍ਹਾਂ ਦੇ ਹੱਥਾਂ ਦਾ ਹੀ ਬਣਿਆ ਪ੍ਰਸ਼ਾਦਾ ਛਕਦਾ ਹਾਂ। ਉਸ ਦਿਨ ਮੈਂ ਪ੍ਰਸ਼ਾਦਾ ਨਾ ਛਕਿਆ। ਮਾਤਾ ਜੀ ਨੂੰ ਇਸ ਗੱਲ ਦਾ ਬਹੁਤ ਦੁੱਖ ਹੋਇਆ।

ਪਿਤਾ ਜੀ ਘਰ ਆਏ ਤਾਂ ਮਾਤਾ ਜੀ ਨੇ ਉਦਾਸ ਹੋ ਕੇ ਦੱਸਿਆ ਕਿ ਮੇਰਾ ਗੁਰਸਿੱਖ ਪੁੱਤਰ ਅੱਜ ਪ੍ਰਸ਼ਾਦਾ ਨਹੀਂ ਛਕ ਕੇ ਗਿਆ। ਪਿਤਾ ਜੀ ਨੇ ਕਿਹਾ, ਤੈਨੂੰ ਪ੍ਰਸ਼ਾਦਾ ਛਕਾਉਣ ਦਾ ਚਾਅ ਹੈ, ਮੈਂ ਕੱਲ੍ਹ ਨੂੰ ਪੰਜ ਸਿੰਘ ਲੈ ਆਵਾਂਗਾ ਅਤੇ ਤੁਸੀਂ ਪ੍ਰਸ਼ਾਦਾ ਛਕਾ ਦੇਣਾ।

ਦੂਸਰੇ ਦਿਨ ਪਿਤਾ ਜੀ ਪੰਜ ਸਿੰਘਾਂ ਨੂੰ ਪ੍ਰਸ਼ਾਦਾ ਛਕਣ ਵਾਸਤੇ ਕਹਿ ਆਏ। ਮਾਤਾ ਜੀ ਨੂੰ ਬਹੁਤ ਚਾਅ ਸੀ ਕਿ ਪੰਜ ਸਿੰਘਾਂ ਨੇ ਪ੍ਰਸ਼ਾਦਾ ਛਕਣ ਆਉਣਾ ਹੈ। ਮਾਤਾ ਜੀ ਨੇ ਬੜੇ ਪ੍ਰੇਮ ਨਾਲ ਲੰਗਰ ਤਿਆਰ ਕੀਤਾ। ਸਿੰਘਾਂ ਨੂੰ ਪ੍ਰਸ਼ਾਦਾ ਛਕਾਉਣ ਲਈ ਜਦੋਂ ਹੱਥ ਸੁੱਚੇ ਕਰਾਉਣ ਲੱਗੀ ਤਾਂ ਬਹੁਤ ਹੀ ਹੈਰਾਨ ਹੋਈ। ਉਨ੍ਹਾਂ ਵਿਚ ਕੋਈ ਵੀ ਪੂਰੀ ਰਹਿਤ ਵਾਲਾ ਸਿੰਘ ਨਹੀਂ ਸੀ ਲੱਗਦਾ। ਸਾਰਿਆਂ ਨੇ ਦਾੜੀਆਂ ਕੱਟੀਆਂ ਹੋਈਆਂ ਸਨ। ਮਾਤਾ ਜੀ ਨੇ ਅਰਦਾਸ ਕਰਨ ਵਾਸਤੇ ਕਿਹਾ ਤਾਂ ਸਾਰੇ ਇੱਕ ਦੂਜੇ ਦੇ ਮੂੰਹ ਵੱਲ ਦੇਖਣ ਲੱਗੇ। ਪਿਤਾ ਜੀ ਨੇ ਅਰਦਾਸ ਕੀਤੀ ਤੇ ਪ੍ਰਸ਼ਾਦਾ ਛਕਾ ਦਿੱਤਾ। ਪਰ ਮਾਤਾ ਜੀ ਦਾ ਮਨ ਖੁਸ਼ ਨਾ ਹੋਇਆ। ਮੈਂ ਵੀ ਆਉਣਾ ਜਾਣਾ ਬਹੁਤ ਘੱਟ ਕਰ ਦਿੱਤਾ।

ਇੱਕ ਦਿਨ ਗੁਰਦੁਆਰਾ ਸਾਹਿਬ ਕਵੈਂਟਰੀ ਵਿਖੇ ਕਥਾ ਹੋ ਰਹੀ ਸੀ ਕਿ ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣੇ ਵਾਲੇ ਆਪਣੇ ਮਾਤਾ ਜੀ ਨੂੰ ਕਹਿ ਰਹੇ ਸਨ ਕਿ ਅੰਮ੍ਰਿਤ ਛਕੋ ਲਵੋ, ਕਿਉਂਕਿ ਜਿੰਦਗੀ ਦਾ ਕੋਈ ਭਰੋਸਾ ਨਹੀਂ ਹੈ। ਮਾਤਾ ਜੀ ਇਸ ਗੱਲ ਦੀ ਕੋਈ ਪ੍ਰਵਾਹ ਨਹੀਂ ਸਨ ਕਰਦੇ। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਮਹਾਰਾਜ ਜੀ ਨੇ ਬਾਬਾ ਜੀ ਦੀ ਅੰਮ੍ਰਿਤ ਛਕਾਉਣ ਦੀ ਡਿਊਟੀ ਲਗਾਈ ਸੀ। ਬਾਬਾ ਜੀ ਨੇ ਕਈ ਲੱਖਾਂ ਪ੍ਰਾਣੀਆਂ ਨੂੰ ਅੰਮ੍ਰਿਤ ਛਕਾਇਆ।

ਸਮਾਂ ਬੀਤਦਾ ਗਿਆ। ਅਚਾਨਕ ਮਾਤਾ ਜੀ ਅਕਾਲ ਚਲਾਣਾ ਕਰ ਗਏ। ਧਰਮਰਾਜ ਦੀ ਕਚਹਿਰੀ ਵਿਚ ਪੇਸ਼ ਹੋਏ। ਧਰਮਰਾਜ ਨੇ ਸੋਚਿਆ ਕਿ ਇਹ ਇਕ ਮਹਾਨ ਮਹਾਂਪੁਰਸ਼ ਦੀ ਮਾਤਾ ਹੈ। ਇਸ ਕਰਕੇ ਮੈਂ ਇਸ ਨੂੰ ਨਰਕ ਵਿਚ ਨਹੀਂ ਭੇਜ ਸਕਦਾ ਅਤੇ ਨਾ ਹੀ ਸੱਚਖੰਡ ਵਿਚ ਭੇਜ ਸਕਦਾ ਹਾਂ ਕਿਉਂਕਿ ਇਨ੍ਹਾਂ ਨੇ ਅੰਮ੍ਰਿਤਪਾਨ ਨਹੀਂ ਕੀਤਾ। ਧਰਮਰਾਜ ਨੇ ਮਾਤਾ ਜੀ ਨੂੰ ਕਿਹਾ, ਮੈਂ ਤੁਹਾਨੂੰ ਤਿੰਨ ਦਿਨਾਂ ਦੀ ਜਿੰਦਗੀ ਹੋਰ ਦੇ ਸਕਦਾ ਹਾਂ ਤੁਸੀਂ ਜਾ ਕੇ ਅੰਮ੍ਰਿਤ ਛਕ ਲਵੋ। ਤੁਹਾਡਾ ਸੱਚਖੰਡ ਵਿਚ ਵਾਸਾ ਹੋ ਜਾਵੇਗਾ। ਫਿਰ ਮਾਤਾ ਜੀ ਨੇ ਅੰਮ੍ਰਿਤ ਛਕਿਆ ਤੇ ਸੱਚਖੰਡ ਪਧਾਰੇ। ਜਦੋਂ ਪਿਤਾ ਜੀ ਨੇ ਇਹ ਕਥਾ ਸੁਣੀ ਤਾਂ ਡਰ ਗਏ। ਬਸ ਫਿਰ ਮੈਨੂੰ ਟੈਲੀਫੂਨ ਤੇ ਟੈਲੀਫੂਨ ਕਰਨ। ਮੈਂ ਘਰ ਨਹੀਂ ਸੀ। ਜਦੋਂ ਮੇਰੇ ਨਾਲ ਗੱਲ ਹੋਈ ਤਾਂ ਕਹਿਣ ਲੱਗੇ, "ਕਿਥੇ ਗਿਆ ਸੀ, ਮੈਂ

ਕਦੋਂ ਦਾ ਫ਼ੂਨ ਕਰ ਰਿਹਾ ਹਾਂ, ਹੁਣ ਅੰਮ੍ਰਿਤ ਸੰਚਾਰ ਕਦੋਂ ਹੋਵੇਗਾ।" ਮੈਂ ਕਿਹਾ, ਪਿਤਾ ਜੀ ਅਗਲੇ ਮਹੀਨੇ ਹੋਵੇਗਾ। ਪਿੰਤਾ ਜੀ ਕਹਿੰਦੇ, ਅਗਲੇ ਮਹੀਨੇ ! ਫੇਰ ਤਾਂ ਬਹੁਤ ਸਮਾਂ ਲੱਗ ਜਾਵੇਗਾ। ਛੇਤੀ ਨਹੀਂ ਹੋ ਸਕਦਾ। ਮੈਨੂੰ ਬਹੁਤ ਜਲਦੀ ਅੰਮ੍ਰਿਤ ਛਕਾਉ। ਪਿਤਾ ਜੀ ਹੁਣ ਅੰਮ੍ਰਿਤ ਛਕਣ ਵਾਸਤੇ ਬਹੁਤ ਹੀ ਉਤਾਵਲੇ ਸਨ। ਮੈਂ ਉਨ੍ਹਾਂ ਨੂੰ ਦੱਸਿਆ ਕਿ ਅਗਲੇ ਮਹੀਨੇ ਸਾਰਿਆਂ ਨੇ ਮਿਲ ਕੇ ਸ਼ਹੀਦੀ ਦਿਨ ਮਨਾਉਣਾ ਹੈ 'ਲਮਿੰਗਟਨ ਸਪਾ' ਵਿਚ, ਉਥੇ ਅੰਮ੍ਰਿਤ ਸੰਚਾਰ ਹੋਵੇਗਾ। ਅੰਮ੍ਰਿਤ ਸੰਚਾਰ ਦਾ ਪ੍ਰੋਗਰਾਮ ਬਣ ਗਿਆ।

ਦਾਸ ਭਾਈ ਜਰਨੈਲ ਸਿੰਘ ਕੋਲ ਜੋੜਿਆਂ ਲਾਗੇ ਖੜ੍ਹਾ ਸੀ। ਉਥੇ ਹੀ ਉਨ੍ਹਾਂ ਦੇ ਪਿਤਾ ਭਾਈ ਪ੍ਰੀਤਮ ਸਿੰਘ ਜੀ ਵੀ ਆ ਗਏ। ਕਾਫੀ ਭੀੜ ਸੀ। ਜਿਹੜਾ ਵੀ ਗੁਰਸਿੱਖ ਆਵੇ, ਭਾਈ ਜਰਨੈਲ ਸਿੰਘ ਨੂੰ ਫਤਹਿ ਬੁਲਾ ਕੇ ਹਾਲ ਚਾਲ ਪੁਛੇ। ਕੋਲ ਖੜ੍ਹੇ ਪ੍ਰੀਤਮ ਸਿੰਘ ਇਹ ਸਭ ਕੁਝ ਦੇਖ ਕੇ ਬੜੇ ਹੈਰਾਨ ਹੋਏ ਕਿ ਸਾਰੇ ਭਾਈ ਜਰਨੈਲ ਸਿੰਘ ਨੂੰ ਫਤਹਿ ਬੁਲਾ ਰਹੇ ਹਨ। ਮੈਨੂੰ ਕੋਈ ਵੀ ਨਹੀਂ ਬੁਲਾਉਂਦਾ। ਉਸ ਨੇ ਸੋਚਿਆ ਕਿ ਜੇ ਮੈਂ ਅੰਮ੍ਰਿਤ ਪਾਨ ਕੀਤਾ ਹੁੰਦਾ ਤਾਂ ਮੈਨੂੰ ਵੀ ਸਾਰੇ ਹੀ ਬੁਲਾਉਂਦੇ। ਜਦੋਂ ਇਨ੍ਹਾਂ ਨੇ ਅੰਮ੍ਰਿਤਪਾਨ ਕਰ ਲਿਆ ਤਾਂ ਜਿੰਦਗੀ ਹੀ ਬਦਲ ਗਈ। ਭਾਈ ਜਰਨੈਲ ਸਿੰਘ ਵੀ ਬਹੁਤ ਖੁਸ਼ ਹੋਏ। ਇਨ੍ਹਾਂ ਨੇ ਅੰਮ੍ਰਿਤ ਛਕ ਕੇ ਅੰਮ੍ਰਿਤ ਵੇਲੇ ਉਠ ਕੇ ਬਹੁਤ ਨਾਮ ਜਪਿਆ। ਦੋਨਾਂ ਨੇ ਇੱਕ ਵਜੇ ਅੰਮ੍ਰਿਤ ਵੇਲੇ ਉਠ ਕੇ ਨਾਮ ਅਭਿਆਸ ਵਿਚ ਜੁੜ ਜਾਣਾ। ਨਾਮ ਅਭਿਆਸ ਵਿਚ ਜਿਤਨਾ ਪਿੱਛੇ ਸੀ ਉਨ੍ਹਾਂ ਹੀ ਅੱਗੇ ਵਧ ਗਏ। ਭਾਈ ਪ੍ਰੀਤਮ ਸਿੰਘ ਫਿਰ ਕਦੀ ਕਦੀ ਪੰਜਾਂ ਪਿਆਰਿਆਂ ਵਿਚ ਵੀ ਸੇਵਾ ਕਰਦੇ ਸਨ।

(ਸ)

ਅੱਜਕਲ ਕਲਯੁਗ ਦਾ ਜ਼ਮਾਨਾ ਹੈ। ਮਾਂ ਬਾਪ ਨੇ ਬੱਚਿਆਂ ਨੂੰ ਸਿਖਿਆ ਦੇਣੀ ਸੀ, ਪਰ ਅੱਜਕਲ ਬੱਚੇ ਮਾਂ ਬਾਪ ਨੂੰ ਸਿਖਿਆ ਦਿੰਦੇ ਹਨ। ਇੱਕ ਦਿਨ ਭਾਈ ਕੁਲਦੀਪ ਸਿੰਘ, ਚਾਚਾ ਦਰਸ਼ਨ ਸਿੰਘ ਦਾ ਲੜਕਾ ਮੈਨੂੰ ਕਹਿੰਦਾ ਕਿ ਆਉ ਤੁਹਾਨੂੰ ਲੈਸਟਰ ਦੇ ਸਿੰਘਾਂ ਦੇ ਦਰਸ਼ਨ ਕਰਾਈਏ। ਦਾਸ ਉਸ ਦੇ ਨਾਲ ਚਲਾ ਗਿਆ। ਭਾਈ ਕੁਲਦੀਪ ਸਿੰਘ ਜੀ ਨੂੰ ਸਿਮਰਨ ਕਰਨ ਦਾ ਬਹੁਤ ਹੀ ਸ਼ੌਂਕ ਸੀ। ਭਾਈ ਕੁਲਦੀਪ ਸਿੰਘ, ਭਾਈ ਜੁਗਿੰਦਰ ਸਿੰਘ, ਭਾਈ ਇੰਦਰਜੀਤ ਸਿੰਘ ਅਤੇ ਭਾਈ ਉਅੰਕਾਰ ਸਿੰਘ ਇਕੱਠੇ ਬੈਠ ਕੇ ਅੰਮ੍ਰਿਤ ਵੇਲੇ ਸਿਮਰਨ ਕਰਦੇ ਸਨ। ਉਹ ਦਾਸ ਨੂੰ ਵੀ ਨਾਲ ਲੈ ਗਿਆ। ਉਥੇ ਇਨ੍ਹਾਂ ਸਾਰਿਆਂ ਨਾਲ ਮੁਲਾਕਾਤ ਹੋਈ। ਭਾਈ ਜੁਗਿੰਦਰ ਸਿੰਘ ਨੇ ਦੱਸਿਆ, ਭਾਈ ਸਾਹਿਬ ਜੀ ਸਾਡੇ ਸਾਰੇ ਪਰਿਵਾਰ ਨੇ ਅੰਮ੍ਰਿਤਪਾਨ ਕਰ ਲਿਆ ਹੈ, ਪਰ ਮੇਰੇ ਮਾਤਾ ਅਤੇ ਪਿਤਾ ਜੀ ਅੰਮ੍ਰਿਤ ਛਕਣ ਵਾਸਤੇ ਤਿਆਰ ਨਹੀਂ ਹਨ। ਕਲਯੁਗ ਦਾ ਚੱਕਰ ਦੇਖੋ ਕਿ ਸਿਖਿਆ ਤਾਂ ਮਾਂ ਬਾਪ ਨੇ ਸਾਨੂੰ ਦੇਣੀ ਸੀ ਕਿ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣੋ। ਹੁਣ ਮੈਂ ਕਹਿ ਰਿਹਾ ਹਾਂ ਪਰ ਉਹ ਸੁਣਦੇ ਹੀ ਨਹੀਂ। ਤੁਸੀਂ ਸਮਝਾ ਕੇ ਦੇਖ ਲਵੋ, ਸ਼ਾਇਦ ਮੰਨ ਜਾਣ।

ਦਾਸ ਨੇ ਸਮਝਾਇਆ, ਤੁਸੀਂ ਅੰਮ੍ਰਿਤ ਛਕ ਲਵੋਂਗੇ ਤਾਂ ਦਰਗਾਹ ਵਿਚ ਲੇਖਾ ਨਹੀਂ ਦੇਣਾਂ ਪਵੇਗਾ। ਜਮਾਂ ਦੀ ਮਾਰ ਤੋਂ ਬਚ ਜਾਵੋਗੇ। ਉਹ ਕਹਿੰਦੇ ਕਿ ਅਸੀਂ ਸੋਚਾਂਗੇ। ਫਿਰ ਥੋੜ੍ਹੀ ਦੇਰ ਬਾਅਦ ਉਨ੍ਹਾਂ ਨੇ ਅੰਮ੍ਰਿਤ ਛਕ ਲਿਆ। ਭਾਈ ਜੁਗਿੰਦਰ ਸਿੰਘ ਜੀ ਨੂੰ ਇੰਨੀ ਲਗਨ ਸੀ ਕਿ ਕੀਰਤਨ ਸਿੱਖ ਕੇ ਬਹੁਤ ਹੀ ਸੁੰਦਰ ਕੀਰਤਨ ਕਰਨ ਲੱਗ ਪਿਆ। ਉਨ੍ਹਾਂ ਦੀ ਨਿਮਰਤਾ ਦੇਖ ਕੇ ਸੰਗਤ ਨੇ ਕਈ ਵਾਰ ਉਨ੍ਹਾਂ ਨੂੰ ਜਥੇਦਾਰ ਬਣਾਇਆ। ਜਥੇਦਾਰ ਬਣ ਕੇ ਆਪ ਜੀ ਦਾ ਮੁਖ ਨਿਸ਼ਾਨਾ ਸੀ ਕਿ ਪੰਥ ਵਿਚ ਏਕਤਾ ਰਹੇ। ਸਾਰੇ ਗੁਰਸਿੱਖ ਪਿਆਰ ਨਾਲ ਰਹਿਣ।

(ਹ)

ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ ॥

*(ਸੋਰਠਿ ਮ: ੯ ਪੰ-633)*

ਕੋਈ ਵੀ ਪ੍ਰਾਣੀ ਪਰਾਇਆ ਧੰਨ ਤੇ ਪਰਾਇਆ ਤਨ ਦਾ ਤਿਆਗ ਕਰ ਦੇਵੇ ਤਾਂ ਉਸਦੇ ਹਿਰਦੇ ਅੰਦਰ ਪ੍ਰਮਾਤਮਾ ਦਾ ਵਾਸਾ ਹੋ ਜਾਂਦਾ ਹੈ। ਇਸ ਕਲਯੁਗ ਵਿਚ ਇਨ੍ਹਾਂ ਦਾ ਤਿਆਗਣਾ ਬਹੁਤ ਹੀ ਮੁਸ਼ਕਲ ਹੈ। ਵੱਡੇ-ਵੱਡੇ ਰਿਸ਼ੀ ਮੁੰਨੀ ਵੀ ਇਸ ਜਾਲ ਵਿਚ ਫਸ ਜਾਂਦੇ ਹਨ। ਜਿਸ ਦੇ ਉਪਰ ਗੁਰੂ ਨਾਨਕ ਮਿਹਰ ਕਰੇ ਤਾਂ ਉਹ ਵਿਅਕਤੀ ਕੰਚਨ ਨੂੰ ਮਾਟੀ (ਸੋਨੇ ਨੂੰ ਮਿੱਟੀ) ਸਮਝਦਾ ਹੈ। ਉਹ ਜੀਵ ਸੰਸਾਰ ਤੋਂ ਮੁਕਤ ਹੋ ਜਾਂਦਾ ਹੈ। ਕਈ ਗੁਰਸਿੱਖ ਐਸੇ ਹਨ, ਜਿਹੜੇ ਗੁਰੂ ਘਰ ਦੀ ਮਾਇਆ ਨੂੰ ਗੁਰੂ ਦੀ ਅਮਾਨਤ ਸਮਝਦੇ ਹਨ ਅਤੇ ਗੁਰੂ ਘਰ 'ਤੇ ਹੀ ਖਰਚਦੇ ਹਨ। ਇਨ੍ਹਾਂ ਵਿਚੋਂ ਇਕ ਭਾਈ ਹਰਭਜਨ ਸਿੰਘ ਜੀ ਸੱਗੂ ਹਨ। ਜਿਹਨਾਂ ਨੇ ਗੁਰੂ ਘਰ ਦੀ ਸੇਵਾ ਵਿਚ ਪੂਰਾ ਸਹਿਯੋਗ ਦਿੱਤਾ ਤੇ ਦੇ ਰਹੇ ਹਨ।

ਆਪ ਜੀ ਨੇ ਆਪਣੀ ਕਿਰਤ ਕਮਾਈ ਕਰਦਿਆਂ ਹੋਇਆਂ, ਬੇਬੇ ਨਾਨਕੀ ਗੁਰਦੁਆਰੇ ਦੀ ਉਸਾਰੀ ਵਿਚ ਹਿੱਸਾ ਪਾਇਆ। ਆਪ ਜੀ ਦੀ ਸੇਵਾ ਤੋਂ ਪ੍ਰਸੰਨ ਹੋ ਕੇ ਬੀਬੀ ਬਲਵੰਤ ਕੌਰ ਨੇ ਆਪ ਨੂੰ ਗੁਰਦੁਆਰੇ ਦਾ ਮੁਖੀ ਸੇਵਾਦਾਰ ਬਣਾ ਦਿੱਤਾ। ਆਪ ਜੀ ਨੇ ਗੁਰਦੁਆਰੇ ਦੀ ਮਾਇਆ ਦਾ ਇਕ-ਇਕ ਪੈਨੀ ਦਾ ਹਿਸਾਬ ਰੱਖਣਾ। ਇਹ ਬਹੁਤ ਹੀ ਸੁਚੱਜੇ ਢੰਗ ਨਾਲ ਸੇਵਾ ਨਿਭਾਉਂਦੇ ਹਨ। ਇਨ੍ਹਾਂ ਦੇ ਉਦਮ ਅਤੇ ਸੰਗਤਾਂ ਦੇ ਸਹਿਯੋਗ ਨਾਲ ਬੀਬੀ ਬਲਵੰਤ ਕੌਰ ਨੇ ਇੰਡੀਆ ਵਿਚ ਬੇਬੇ ਨਾਨਕੀ ਦੇ ਨਾਮ ਤੇ ਗੁਰਦੁਆਰਾ ਅਤੇ ਹਸਪਤਾਲ ਬਣਾਇਆ। ਆਪ ਜੀ ਦੀ ਬੋਲ ਬਾਣੀ ਵਿਚ ਇੰਨੀ ਮਿਠਾਸ ਹੈ ਕਿ ਹਰੇਕ ਇਨਸਾਨ ਦਾ ਮਨ ਮੋਹਿਆ ਜਾਂਦਾ ਹੈ।

ਭਾਈ ਹਰਭਜਨ ਸਿੰਘ ਜੀ ਇੱਕ ਦਿਨ ਮੈਨੂੰ ਮਿਲੇ ਤਾਂ ਮੈਂ ਪੁੱਛਿਆ ਕਿ ਤੁਹਾਨੂੰ ਗੁਰਸਿੱਖੀ ਦੀ ਲਗਨ ਕਿਸ ਤਰ੍ਹਾਂ ਲੱਗੀ। ਉਨ੍ਹਾਂ ਨੇ ਦੱਸਿਆ ਕਿ ਮੇਰੇ ਬਾਬਾ ਜੀ ਬਹੁਤ ਬਾਣੀ ਪੜ੍ਹਦੇ ਸਨ ਅਤੇ ਮੈਨੂੰ ਆਪਣੇ ਨਾਲ ਗੁਰਦੁਆਰੇ ਲੈ ਕੇ ਜਾਇਆ ਕਰਦੇ ਸਨ। ਮੇਰੇ ਮਾਤਾ ਪਿਤਾ ਜੀ ਨੂੰ ਵੀ ਗੁਰੂ ਘਰ ਨਾਲ ਬਹੁਤ ਹੀ ਪਿਆਰ ਸੀ। ਬਚਪਨ ਦੀ

ਗੱਲ ਹੈ ਕਿ ਇਕ ਦਿਨ ਗੁਰਦੁਆਰਾ ਸਾਹਿਬ ਉਦਾਸੀ ਸਾਧੂ ਆਏ। ਮੈਨੂੰ ਸੇਵਾ ਕਰਦੇ ਦੇਖ ਕੇ ਬਹੁਤ ਖੁਸ਼ ਹੋਏ ਤੇ ਕਹਿਣ ਲੱਗੇ ਕਿ ਅਸੀਂ ਤੈਨੂੰ ਗੁਰਮੰਤਰ ਦਿੰਦੇ ਹਾਂ ਜਿਸ ਨਾਲ ਪ੍ਰਮਾਤਮਾ ਦਾ ਮਿਲਾਪ ਜਲਦੀ ਹੋ ਜਾਂਦਾ ਹੈ। ਉਨ੍ਹਾਂ ਨੇ ਕਿਹਾ ਕਿ ਸਾਵਧਾਨ ਹੋ ਕੇ ਚੌਂਕੜੀ ਮਾਰ ਕੇ (ਉਹੰ ਸੋਹੰ) ਦਾ ਸਿਮਰਨ ਕਰਿਆ ਕਰ। ਸਾਧੂਆਂ ਦੇ ਕਹਿਣ ਮੁਤਾਬਿਕ ਮੈਂ ਉਹੰ ਸੋਹੰ ਦਾ ਸਿਮਰਨ ਕਾਫੀ ਦੇਰ ਕਰਦਾ ਰਿਹਾ ਪਰ ਕੋਈ ਰਸ ਨਹੀਂ ਆਇਆ।

ਇੱਕ ਵਾਰੀ ਗੁਰਦੁਆਰੇ ਦੀ ਲਾਇਬਰੇਰੀ ਦਾ ਇੰਚਾਰਜ ਛੁੱਟੀ 'ਤੇ ਚਲਾ ਗਿਆ ਤੇ ਮੈਨੂੰ ਲਾਇਬਰੇਰੀ ਦੀ ਜੁੰਮੇਵਾਰੀ ਸੰਭਾਲ ਗਿਆ। ਮੈਨੂੰ ਉਥੇ ਧਾਰਮਿਕ ਕਿਤਾਬਾਂ ਪੜ੍ਹਨ ਦਾ ਮੌਕਾ ਮਿਲਿਆ। ਕਿਤਾਬਾਂ ਪੜ੍ਹ ਕੇ ਪਤਾ ਲੱਗਿਆ ਕਿ 'ਵਾਹਿਗੁਰੂ' ਗੁਰਮੰਤਰ ਹੈ। ਬੜਾ ਅਫਸੋਸ ਹੋਇਆ ਕਿ ਮੈਂ ਗੁਰਸਿੱਖਾਂ ਦੇ ਘਰ ਜਨਮ ਲੈ ਕੇ ਕਿਸ ਚੱਕਰ ਵਿਚ ਪੈ ਗਿਆ। ਫਿਰ ਮੈਂ 'ਵਾਹਿਗੁਰੂ' ਦਾ ਸਿਮਰਨ ਕਰਨ ਲੱਗ ਪਿਆ ਤੇ ਮੈਨੂੰ ਥੋੜ੍ਹਾ ਥੋੜ੍ਹਾ ਰਸ ਆਉਣ ਲਗ ਪਿਆ। ਕਿਤਾਬਾਂ ਪੜ੍ਹ ਕੇ ਮੈਨੂੰ ਗੁਰਸਿੱਖੀ ਬਾਰੇ ਕਾਫੀ ਗਿਆਨ ਹੋ ਗਿਆ ਤੇ ਮੈਂ ਅੰਮ੍ਰਿਤ ਛਕ ਲਿਆ। ਮੇਰੇ ਪਿਛਲੇ ਕਰਮ ਜਾਗੇ। ਬੀਬੀ ਬਲਵੰਤ ਕੌਰ ਨਾਲ ਅਫਰੀਕਾ ਵਿਚ ਮੇਲ ਹੋਇਆ, ਬੀਬੀ ਜੀ ਦੀ ਸੰਗਤ ਕਰਕੇ ਕੀਰਤਨ ਤੇ ਸਿਮਰਨ ਦਾ ਚਾਅ ਪੈਦਾ ਹੋਇਆ ।

ਦਾਸ ਦੇ ਦੇਖਣ ਵਿਚ ਆਇਆ ਕਿ ਇਸ ਪਰਿਵਾਰ ਦੇ ਸਾਰੇ ਜੀਅ, ਜਦੋਂ ਸਿਮਰਨ ਕਰਨ ਬੈਠਦੇ ਹਨ ਤਾਂ ਹਰ ਇੱਕ ਦੀ ਲਿਵ ਸਿਮਰਨ ਵਿਚ ਜੁੜੀ ਹੁੰਦੀ ਹੈ। ਕਈ-ਕਈ ਘੰਟੇ ਸਿਮਰਨ ਵਿਚ ਜੁੜੇ ਰਹਿੰਦੇ ਹਨ। ਸਿਮਰਨ ਦੀ ਲੜੀ ਟੁੱਟਣ ਨਹੀਂ ਦਿੰਦੇ। ਇੱਕ ਜਣਾ ਉਠਦਾ ਹੈ ਤਾਂ ਦੂਸਰਾ ਬੈਠ ਜਾਂਦਾ ਹੈ। ਛੋਟੇ-ਛੋਟੇ ਬੱਚੇ ਵੀ ਖੜਤਾਲਾਂ ਲੈ ਕੇ ਸਿਮਰਨ ਵਿਚ ਸਾਥ ਦਿੰਦੇ ਹਨ। ਵਿਰਲੇ ਹੀ ਐਸੇ ਪਰਿਵਾਰ ਹਨ, ਜਿਹੜੇ ਇਸ ਤਰ੍ਹਾਂ ਸਿਮਰਨ ਵਿਚ ਜੁੜਦੇ ਹਨ। ਸਾਰੇ ਹੀ ਤਬਲੇ ਤੇ ਵਾਜੇ ਦੀ ਸੇਵਾ ਕਰਦੇ ਹਨ। ਇਸ ਪਰਿਵਾਰ ਦੇ ਸਿਮਰਨ ਕਰਨ ਨਾਲ ਕਈ ਹੋਰ ਪ੍ਰਾਣੀਆਂ ਦਾ ਵੀ ਭਲਾ ਹੁੰਦਾ ਹੈ। ਇਹ ਰੋਜ਼ਾਨਾ ਅੰਮ੍ਰਿਤ ਵੇਲੇ ਬੇਬੇ ਨਾਨਕੀ ਗੁਰਦੁਆਰੇ ਸੰਗਤ ਵਿਚ ਬੈਠ ਕੇ ਸਿਮਰਨ ਕਰਦੇ ਹਨ। ਹਰ ਗੁਰਸਿੱਖ ਨੂੰ ਉਦਮ ਕਰਨਾ ਚਾਹੀਦਾ ਹੈ। ਬੱਚਿਆਂ ਨੂੰ ਵੀ ਪ੍ਰੇਰ ਕੇ ਗੁਰਸਿੱਖੀ ਵੱਲ ਲਾਉਣਾ ਚਾਹੀਦਾ ਹੈ।

ਆਮ ਇਨਸਾਨ ਵਿਚ ਕਮਜ਼ੋਰੀ ਹੈ ਕਿ ਇਨ੍ਹਾਂ ਨੂੰ ਗੁਰੂ 'ਤੇ ਭਰੋਸਾ ਨਹੀਂ ਹੈ। ਆਪਣੇ ਬੱਚਿਆਂ ਨੂੰ ਇਹ ਹੀ ਸਿਖਿਆ ਦਿੰਦੇ ਹਨ ਕਿ ਤੁਸੀਂ ਪੜ੍ਹਾਈ ਕਰੋ, ਤੁਹਾਨੂੰ ਚੰਗੀ ਨੌਕਰੀ ਮਿਲੇਗੀ। ਗੁਰਸਿੱਖੀ ਬਾਰੇ ਕੋਈ ਸਿਖਿਆ ਨਹੀਂ ਦਿੰਦੇ। ਕਈ ਗੁਰਸਿੱਖ ਹਨ, ਜਿਹਨਾਂ ਨੂੰ ਗੁਰੂ ਉਪਰ ਪੂਰਾ ਭਰੋਸਾ ਹੈ। ਉਹ ਪੜ੍ਹਾਈ ਦੇ ਨਾਲ ਨਾਲ ਨਿੱਤਨੇਮ ਵੀ ਸਿਖਾਉਂਦੇ ਹਨ ਅਤੇ ਕਹਿੰਦੇ ਹਨ ਕਿ ਤੁਸੀ ਨਿੱਤਨੇਮ ਜਰੂਰ ਕਰਿਆ ਕਰੋ। ਜਿਹੜਾ ਬੱਚਾ ਇਸ ਉਪਰ ਅਮਲ ਕਰਦਾ ਹੈ, ਸਤਿਗੁਰੂ ਉਸ ਬੱਚੇ ਦੀ ਸਹਾਇਤਾ ਕਰਦੇ ਹਨ। ਕੀਰਤਨ ਅਤੇ ਤਬਲੇ ਦੀ ਦਾਤ ਵੀ ਬਖਸ਼ ਦਿੰਦੇ ਹਨ। ਪੜ੍ਹਾਈ ਵਿਚ ਵੀ

ਸਹਾਇਤਾ ਕਰਦੇ ਹਨ। ਇਹ ਪੜ੍ਹਾਈ ਕਰਕੇ ਡਿਗਰੀ ਪ੍ਰਾਪਤ ਕਰਦੇ ਹਨ ਅਤੇ ਚੰਗੀਆਂ ਨੌਕਰੀਆਂ ਕਰਦੇ ਹੋਏ ਮਹਾਰਾਜ ਜੀ ਦੇ ਗੁਣ ਗਾਉਂਦੇ ਹਨ।

ਨੌਜਵਾਨਾਂ ਨੂੰ ਬਹੁਤ ਚਾਅ ਹੈ ਕਿ ਵਿਦਿਆ ਦੇ ਨਾਲ ਨਾਲ ਕੀਰਤਨ ਵੀ ਸਿਖਦੇ ਹਨ ਅਤੇ ਹਫਤੇ-ਹਫਤੇ ਦਾ ਪ੍ਰੋਗਰਾਮ ਰੱਖ ਲੈਂਦੇ ਹਨ। ਅਮਰੀਕਾ ਵਿਚ ਕਈ ਡਾਕਟਰ ਹਨ ਜਿਹੜੇ ਰਸਭਿੰਨਾਂ ਕੀਰਤਨ ਕਰਦੇ ਹਨ। ਭਾਈ ਤਜਿੰਦਰਪਾਲ ਸਿੰਘ ਡਾਕਟਰ ਹਨ ਤੇ ਰਸਭਿੰਨਾਂ ਕੀਰਤਨ ਵੀ ਕਰਦੇ ਹਨ। ਭਾਈ ਮਨਜੀਤ ਸਿੰਘ ਗਾਲ੍ਹਾਸਰੀ ਨੇ ਐਮ. ਐਸ. ਸੀ. ਕੀਤੀ ਹੋਈ ਹੈ। ਇਸ ਦੇ ਪਿਛਲੇ ਕਰਮ ਜਾਗੇ, ਅੱਠ ਸਾਲ ਦੇ ਨੂੰ ਹੀ ਲਗਨ ਲੱਗ ਗਈ। ਉਸ ਨੇ ਦੱਸਿਆ ਕਿ ਮੇਰੀ ਲਗਨ ਦੇਖ ਕੇ ਮੇਰੇ ਪਿਤਾ ਜੀ ਨੇ ਵਾਜਾ ਤਬਲਾ ਖਰੀਦ ਕੇ ਦੇ ਦਿੱਤਾ। ਕੋਈ ਰੁਕਾਵਟ ਨਹੀਂ ਪਾਈ। ਮੇਰੇ ਮਾਤਾ ਪਿਤਾ ਜੀ ਕਹਿੰਦੇ ਸਨ ਕਿ ਜੇ ਕੀਰਤਨ ਸਿੱਖਣ ਲੱਗ ਪਿਆ ਤਾਂ ਪੜ੍ਹਾਈ ਕਿਸ ਤਰ੍ਹਾਂ ਕਰੇਗਾ। ਪਰ ਗੁਰੂ ਦੀ ਕ੍ਰਿਪਾ ਨਾਲ ਪੜ੍ਹਾਈ ਵਿਚ ਵੀ ਪਹਿਲੇ ਨੰਬਰ 'ਤੇ ਆਉਂਦਾ ਰਿਹਾ। ਡਾਕਟਰ ਦੁਪਿੰਦਰ ਸਿੰਘ ਤਬਲਾ ਤੇ ਵਾਜਾ ਦੋਨਾਂ ਵਿਚ ਮਾਹਰ ਹੈ। ਭਾਈ ਪ੍ਰਭਜੋਤ ਸਿੰਘ ਡਾਕਟਰ ਹੈ, ਉਹ ਵੀ ਰਸਭਿੰਨਾਂ ਕੀਰਤਨ ਕਰਦਾ ਹੈ। ਗਿਆਨੀ ਅਮੋਲਕ ਸਿੰਘ ਜੀ ਤਾਂ ਸਾਰਿਆਂ ਨੂੰ ਪਤਾ ਹੀ ਹੈ। ਪੜ੍ਹੇ ਲਿਖੇ ਵੀ ਹਨ ਤੇ ਕੀਰਤਨ ਵੀ ਰਸਭਿੰਨਾ ਕਰਦੇ ਹਨ, ਤਬਲੇ ਦੇ ਵੀ ਮਾਹਿਰ ਹਨ। ਆਪ ਜੀ ਨੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਸਿੰਘ ਜੀ ਨਾਲ ਕਾਫੀ ਦੇਰ ਸੰਗਤ ਕੀਤੀ ਹੈ।

(ਕ)

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਪੂਰਨ ਬ੍ਰਹਮ ਗਿਆਨੀ ਸਨ। ਇੱਕ ਦਿਨ ਭਾਈ ਸਾਹਿਬ ਜੀ ਦਾ ਮਿਲਾਪ ਬੀਬੀ ਗੁਲਾਬ ਕੌਰ ਨਾਲ ਹੋਇਆ। ਬੀਬੀ ਗੁਲਾਬ ਕੌਰ ਬਹੁਤ ਹੀ ਚੜ੍ਹਦੀ ਕਲਾ ਵਾਲੇ ਸਨ। ਉਨ੍ਹਾਂ ਨੇ ਭਾਈ ਸਾਹਿਬ ਜੀ ਨੂੰ ਅਸੀਸ ਦਿੱਤੀ ਕਿ ਗੁਰੂ ਕੇ ਸਿੱਖਾ ਤੂੰ ਨਿਹਾਲ ਹੋਇਓਂ ! ਸੋਹਣਾ ਦੀਵਾ ਸਤਿਗੁਰੂ ਜੀ ਨੇ ਜਗਾਇਆ ਹੈ। ਭਾਈ ਸਾਹਿਬ ਜੀ ਨੇ ਬੇਨਤੀ ਕੀਤੀ ਕਿ ਕ੍ਰਿਪਾ ਕਰਕੇ ਅਸੀਸ ਦਿਉ, ਕਿ ਇਹ ਦੀਵਾ ਇਵੇਂ ਹੀ ਦਗਦਾ ਜਗਦਾ ਰਹੇ। ਬਚਨ ਹੋਇਆ ਕਿ ਇਹ ਜਗਮਗੀ ਜੋਤਿ ਘਟਅੰਤਰੀ ਨਾਮ ਦੀਵਾ ਹੋਰ ਵੀ ਲਟ-ਲਟ ਜਗੂ ਅਤੇ ਹੁਕਮ ਕੀਤਾ ਕਿ ਅਖੰਡ ਕੀਰਤਨ ਅਤੇ ਅਖੰਡਪਾਠਾਂ ਦੇ ਪ੍ਰਵਾਹ ਚਲਾਉ। ਭਾਈ ਸਾਹਿਬ ਜੀ ਨੇ ਅਖੰਡ ਪਾਠ ਤੇ ਰੈਣ ਸਬਾਈ ਕੀਰਤਨ ਕਰਨੇ ਅਰੰਭ ਕਰ ਦਿੱਤੇ। ਰੈਣ ਸਬਾਈ ਕੀਤਰਨ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਹੀ ਸ਼ੁਰੂ ਕੀਤੇ ਸਨ। ਹੁਣ ਦੇਸ਼ ਪ੍ਰਦੇਸ਼ ਵਿਚ ਰਹਿੰਦੇ ਗੁਰਸਿੱਖ ਰੈਣ ਸਬਾਈ ਕੀਰਤਨ ਦਾ ਅਨੰਦ ਮਾਣਦੇ ਹਨ।

ਆਪ ਜੀ ਹਮੇਸ਼ਾ ਪੰਥ ਦੀ ਚੜ੍ਹਦੀ ਕਲਾ ਵਾਸਤੇ ਅਰਦਾਸਾਂ ਕਰਦੇ ਸਨ। ਭਾਈ ਸਾਹਿਬ ਜੀ ਨੇ ਵੱਖਰਾ ਡੇਰਾ ਨਹੀਂ ਬਣਾਇਆ। ਆਪ ਜੀ ਦਾ ਖਿਆਲ ਸੀ ਕਿ

ਜੇ ਡੇਰਾ ਬਣਾਇਆ ਤਾਂ ਸਿੰਘ ਡੇਰੇ ਦੀ ਤਰੱਕੀ ਬਾਰੇ ਸੋਚਣਗੇ ਪੰਥ ਦੀ ਚੜ੍ਹਦੀ ਕਲਾ ਲਈ ਨਹੀਂ।

ਭਾਈ ਜੀ ਦੇ ਸਮੇਂ ਲਗਾਤਾਰ ਕੀਰਤਨ ਦਾ ਪ੍ਰਵਾਹ ਚਲਦਾ ਰਹਿੰਦਾ ਸੀ। ਇਸ ਕਰਕੇ ਜਥੇ ਦਾ ਨਾਂ ਅਖੰਡ ਕੀਰਤਨੀ ਜਥਾ ਰੱਖਿਆ, ਅਖੰਡ ਦਾ ਮਤਲਬ ਲਗਾਤਾਰ ਗੁਰੂ ਦੇ ਜਸ ਗਾਉਣੇ। ਜਿਸ ਤਰ੍ਹਾਂ ਅਖੰਡਪਾਠ ਰੱਖਿਆ ਜਾਂਦਾ ਹੈ ਇਸੇ ਤਰ੍ਹਾਂ ਲਗਾਤਾਰ ਕੀਰਤਨ ਕਰਨਾ। ਭਾਈ ਸਾਹਿਬ ਜੀ ਤੋਂ ਬਾਅਦ ਭਾਈ ਮੱਲ ਸਿੰਘ ਜੀ ਨੇ ਜਥੇ ਦੀ ਸੇਵਾ ਨਿਭਾਈ।

ਇਹ ਜਥਾ ਪੰਥ ਦੀ ਨਿਸ਼ਕਾਮ ਸੇਵਾ ਕਰਦਾ ਹੈ। ਸਾਰੇ ਆਪਣੀ ਕਿਰਤ ਕਮਾਈ ਵਿੱਚੋਂ ਦਸਵੰਧ ਕੱਢਕੇ ਦੇਸ਼ ਪ੍ਰਦੇਸ਼ ਵਿੱਚ ਜਾ ਕੇ ਅੰਮ੍ਰਿਤ ਪ੍ਰਚਾਰ ਦੀ ਸੇਵਾ ਕਰਦੇ ਹਨ। ਸਾਰੇ ਦਾ ਸਾਰਾ ਖਰਚਾ ਆਪਣੇ ਕੋਲੋਂ ਕਰਕੇ ਜਾਂਦੇ ਹਨ। ਜੇ ਭਾਈ ਸਾਹਿਬ ਆਪਣਾ ਡੇਰਾ ਬਣਾ ਜਾਂਦੇ ਤਾਂ ਇਸ ਤਰ੍ਹਾਂ ਦੇਸ਼ ਪ੍ਰਦੇਸ਼ ਵਿੱਚ ਸੇਵਾ ਨਹੀਂ ਹੋਣੀ ਸੀ। ਦਾਸ ਜਥੇ ਦੀ ਵਡਿਆਈ ਨਹੀਂ ਕਰ ਰਿਹਾ ਸੋਨੇ ਨੂੰ ਸੋਨਾ ਕਹਿ ਦੇਣਾ ਮਾੜਾ ਨਹੀਂ, ਪਿੱਤਲ ਨੂੰ ਸੋਨਾ ਕਹਿਣਾ ਮਾੜਾ ਹੈ।

(ਖ)

## ਅਪੁਨੇ ਸੇਵਕ ਕੀ ਆਪੇ ਰਾਖੈ, ਆਪੇ ਨਾਮੁ ਜਪਾਵੈ

ਇੱਕ ਦਿਨ ਭਾਈ ਪਰੇਮ ਸਿੰਘ ਜੀ ਨੇ ਪੰਜਾਂ ਸਿੰਘਾਂ ਨੂੰ ਪ੍ਰਸ਼ਾਦਾ ਛਕਾਉਣ ਦਾ ਉਪਰਾਲਾ ਕੀਤਾ। ਇਸ ਵਿਚ ਦਾਸ ਵੀ ਸ਼ਾਮਲ ਹੋਏ। ਸਾਰੇ ਪਰਿਵਾਰ ਨੇ ਬਹੁਤ ਸ਼ਰਧਾ ਨਾਲ ਸੇਵਾ ਕੀਤੀ। ਇਨ੍ਹਾਂ ਦੇ ਘਰ ਬਜ਼ੁਰਗ ਦੀ ਫੋਟੋ ਲੱਗੀ ਹੋਈ ਸੀ। ਦਾਸ ਨੇ ਪੁਛਿਆ ਕਿ ਇਹ ਕਿਸ ਦੀ ਫੋਟੋ ਹੈ। ਭਾਈ ਸਾਹਿਬ ਜੀ ਨੇ ਦੱਸਿਆ ਇਹ ਮੇਰੇ ਪਿਤਾ ਜੀ ਦੀ ਫੋਟੋ ਹੈ। ਉਨ੍ਹਾਂ ਨੇ ਦੱਸਿਆ, ਮੇਰੇ ਪਿਤਾ ਜੀ ਸੁਖਮਨੀ ਸਾਹਿਬ ਜੀ ਦੇ ਨਿੱਤਨੇਮੀ ਸਨ ਅਤੇ ਨਾਮ ਅਭਿਆਸ ਬਹੁਤ ਕਰਦੇ ਸਨ। ਮੇਰੇ ਮਾਤਾ ਜੀ ਅਮਰ ਕੌਰ ਵੀ ਬਹੁਤ ਹੀ ਭਾਵਨਾ ਵਾਲੇ ਹਨ। ਪਿਤਾ ਜੀ ਸਿੰਘਾਪੁਰ ਨੇਵੀ (ਪੁਲਿਸ) ਵਿਚ ਸਨ।

ਇੱਕ ਦਿਨ ਪਿਤਾ ਜੀ ਦੀ ਡਿਊਟੀ 'ਵਾਚ ਟਾਵਰ' 'ਤੇ ਲੱਗੀ ਸੀ। ਜਿਹੜਾ ਕਿ ਪਹਾੜੀ ਦੇ ਉਪਰ ਸੀ। ਇਸ 'ਤੇ ਪਹੁੰਚਣ ਵਾਸਤੇ ਕਬਰਸਤਾਨ ਵਿਚੋਂ ਦੀ ਲੰਘਣਾ ਪੈਂਦਾ ਸੀ। ਇਸ ਕਰਕੇ ਇਥੇ ਕੋਈ ਵੀ ਡਿਊਟੀ ਦੇਣ ਵਾਸਤੇ ਤਿਆਰ ਨਹੀਂ ਸੀ। ਸਾਰੇ ਡਰਦੇ ਸਨ। ਇਹ ਰਾਤ ਵੇਲੇ ਦੀ ਡਿਊਟੀ ਸੀ। ਪਿਤਾ ਜੀ ਕਹਿੰਦੇ, ਇਹ ਕੰਮ ਮੈਂ ਕਰਾਂਗਾ। ਪਿਤਾ ਜੀ ਸਾਰੀ ਰਾਤ ਸੁਖਮਨੀ ਸਾਹਿਬ ਜੀ ਦੇ ਪਾਠ ਕਰਦੇ ਰਹਿੰਦੇ ਸਨ। ਇਕ ਦਿਨ ਪਾਠ ਕਰਦੇ-ਕਰਦੇ ਨੀਂਦ ਦਾ ਝੋਂਕਾ ਆ ਗਿਆ। ਇਕ ਦਮ ਸ਼ਹੀਦ ਸਿੰਘ ਜੀ ਨੇ ਬਚਨ ਕੀਤਾ ਕਿ ਗੁਰੂ ਕੇ ਸਿੰਘ ਅੰਮ੍ਰਿਤ ਵੇਲਾ ਹੋ ਗਿਆ, ਉਠ ਕੇ ਨਾਮ ਜਪ। ਉਨ੍ਹਾਂ ਨੇ ਉਠ ਕੇ ਨਾਮ ਜਪਣਾ ਸ਼ੁਰੂ ਕਰ ਦਿੱਤਾ। ਥੋੜ੍ਹੀ ਦੇਰ ਬਾਅਦ ਉਨ੍ਹਾਂ ਦਾ

ਅਫਸਰ ਆ ਗਿਆ ਤੇ ਕਿਹਾ, ਮੈਂ ਤੇਰੇ 'ਤੇ ਬਹੁਤ ਖੁਸ਼ ਹਾਂ ਤੂੰ ਆਪਣੀ ਡਿਊਟੀ ਪੂਰੀ ਤਰ੍ਹਾਂ ਨਿਭਾ ਰਿਹਾ ਹੈ। ਤੈਨੂੰ ਤਰੱਕੀ ਮਿਲਣੀ ਚਾਹੀਦੀ ਹੈ।

ਇੱਕ ਰਾਤ ਨੂੰ ਡਿਊਟੀ ਕਰਦੇ-ਕਰਦੇ ਪਿਤਾ ਜੀ ਨੇ ਦੇਖਿਆ ਕਿ ਇਕ ਫਨੀਅਰ ਸੱਪ ਉਨ੍ਹਾਂ ਵੱਲ ਦੌੜਿਆ ਆ ਰਿਹਾ ਹੈ। ਅਚਾਨਕ ਇਕ ਦਮ ਬੱਦਲ ਗੱਜੇ ਅਤੇ ਬਿਜਲੀ ਸੱਪ 'ਤੇ ਡਿੱਗੀ ਅਤੇ ਸੱਪ ਮਰ ਗਿਆ। ਪਿਤਾ ਜੀ ਕਹਿੰਦੇ ਕਿ ਮੈਂ ਪ੍ਰਮਾਤਮਾ ਦਾ ਲੱਖ ਲੱਖ ਸ਼ੁਕਰ ਕੀਤਾ।

ਜਿਹੜਾ ਵੀ ਸੱਜਣ ਸਿਮਰਨ ਅਤੇ ਸੁਖਮਨੀ ਸਾਹਿਬ ਜੀ ਦਾ ਪਾਠ ਕਰਦਾ ਹੈ, ਉਹ ਨਿਰਭੈ ਹੋ ਜਾਂਦਾ ਹੈ। ਪ੍ਰਮਾਤਮਾ ਉਸ ਦੇ ਅੰਗ-ਸੰਗ ਰਹਿ ਕੇ ਦੁੱਖ-ਸੁੱਖ ਵੇਲੇ ਸਹਾਇਤਾ ਕਰਦਾ ਹੈ। ਜਿਸ ਤਰ੍ਹਾਂ ਭਾਈ ਗੁਰਦਿਆਲ ਸਿੰਘ ਜੀ ਦੀ ਸੱਪ ਕੋਲੋਂ ਰੱਖਿਆ ਕੀਤੀ। ਇਹ ਸਾਰਾ ਨਾਮ ਬਾਣੀ ਦਾ ਪ੍ਰਤਾਪ ਸੀ।

(ਗ)

ਜਦੋਂ ਮੈਂ ਬਾਬਾ ਸੇਵਾ ਸਿੰਘ ਜੀ ਦੇ ਨਾਲ ਵੈਨਕੂਵਰ ਗਿਆ ਅਤੇ ਅਸੀਂ ਤੱਤ ਖਾਲਸਾ ਗੁਰਦੁਆਰੇ ਠਹਿਰੇ। ਗੁਰਦੁਆਰੇ ਦਾ ਗਿਆਨੀ ਬਾਬਾ ਜੀ ਨੂੰ ਚੰਗੀ ਤਰ੍ਹਾਂ ਜਾਣਦਾ ਸੀ। ਗਿਆਨੀ ਜੀ ਨੇ ਕਈ ਜਗ੍ਹਾ ਤੋਂ ਉਗਰਾਹੀ ਕਰਵਾਈ। ਇਸ ਤੋਂ ਬਾਅਦ ਅਸੀਂ ਰੋਜ਼ੀਜ਼ ਸਟਰੀਟ ਗੁਰਦੁਆਰੇ ਗਏ। ਸ਼ਾਮ ਦਾ ਦੀਵਾਨ ਸਜਿਆ ਹੋਇਆ ਸੀ। ਉਥੇ ਸਾਡੀ ਮੁਲਾਕਾਤ ਭਾਈ ਰਿਪਦੁਮਨ ਸਿੰਘ ਮਲਕ ਨਾਲ ਹੋਈ। ਦਾਸ ਨੇ ਉਸ ਨੂੰ ਦਸਿਆ ਕਿ ਬਾਬਾ ਜੀ ਅਨੰਦਪੁਰ ਸਾਹਿਬ ਤੋਂ ਉਗਰਾਹੀ ਕਰਨ ਆਏ ਹਨ। ਭਾਈ ਸਾਹਿਬ ਨੇ ਬੇਨਤੀ ਕੀਤੀ, ਕਲ੍ਹ ਨੂੰ ਸਾਡੇ ਘਰ ਪ੍ਰਸ਼ਾਦਾ ਛਕਣਾ। ਇਸਦਾ ਕਾਫ਼ੀ ਵੱਡਾ ਮਕਾਨ ਸੀ। ਇਸ ਨੇ ਵੀਹ ਹਜ਼ਾਰ ਰੁਪਏ ਦਿਤੇ ਤੇ ਬਾਬਾ ਜੀ ਦਾ ਬਹੁਤ ਸਤਿਕਾਰ ਕੀਤਾ। ਉਸ ਨੇ ਕਿਹਾ, "ਬਾਬਾ ਜੀ ਤੁਸੀਂ ਬਹੁਤ ਪ੍ਰਉਪਕਾਰ ਕਰ ਰਹੇ ਹੋ, ਜਦੋਂ ਫਿਰ ਦੁਬਾਰਾ ਆਵੋ ਤਾਂ ਜਰੂਰ ਦਰਸ਼ਨ ਦੇਣਾ।"

ਦਾਸ ਜਦੋਂ ਦੁਬਾਰਾ ਗਿਆ ਤਾਂ ਦੇਖਿਆ ਦਾਨ ਕੀਤਾ ਕਿੰਨਾ ਫਲੀਭੂਤ ਹੋਇਆ, ਮਾਇਆ ਇੰਨੀ ਇਕੱਠੀ ਹੋ ਗਈ ਕਿ ਬੈਂਕ ਖੋਹਲਣੀ ਪਈ।

ਆਪ ਸਿੰਘ ਜੋ ਹੋਈ, ਨਿਰਧਨ ਸਿੰਘਨ ਪਾਲੈ ਸੋਈ।

*(ਰਹਿਤਨਾਮਾ)*

ਗੁਰੂ ਮਹਾਰਾਜ ਨੇ ਇਤਨੀ ਕ੍ਰਿਪਾ ਕੀਤੀ ਹੁਣ ਚਾਰ ਬੈਂਕਾਂ ਖੋਲੀਆਂ ਹਨ। ਕਿੰਨਾ ਪ੍ਰਉਪਕਾਰ ਕੀਤਾ ਕਈਆਂ ਨੂੰ ਬੈਂਕਾਂ ਵਿਚ ਨੌਕਰੀਆਂ ਮਿਲੀਆਂ ਹਨ। ਇਸਨੇ ਸੰਗਤਾਂ ਦੀ ਮਦਦ ਨਾਲ ਗੁਰਦੁਆਰਾ ਤੇ ਖਾਲਸਾ ਕਾਲਜ ਬਣਾਇਆ। ਇਥੇ ਬੱਚੇ ਪਹਿਲਾਂ ਗੁਰਦੁਆਰੇ ਮੱਥਾ ਟੇਕਣ ਜਾਂਦੇ ਹਨ ਫਿਰ ਕੀਰਤਨ ਤੇ ਅਰਦਾਸ ਕਰਕੇ

ਆਪਣੀ ਆਪਣੀ ਕਲਾਸ ਵਿਚ ਜਾਂਦੇ ਹਨ। ਦੁਨਿਆਵੀ ਪੜ੍ਹਾਈ ਦੇ ਨਾਲ ਨਾਲ ਸਿੱਖ ਧਰਮ ਬਾਰੇ ਵੀ ਚਾਨਣਾ ਪਾਇਆ ਜਾਂਦਾ ਹੈ।

ਜਿਸ ਤਰ੍ਹਾਂ ਵੈਨਕੂਵਰ ਦੀ ਸੰਗਤ ਨੇ ਰਲ ਕੇ ਉਪਰਾਲਾ ਕੀਤਾ ਹੈ ਕਿ ਆਪਣੇ ਬੱਚੇ ਸਿੱਖ ਧਰਮ ਵਿਚ ਰਹਿਣ, ਸਿੱਖੀ ਤੋਂ ਦੂਰ ਨਾ ਜਾਣ, ਇਸੇ ਤਰ੍ਹਾਂ ਬਾਕੀ ਦੇਸ਼ਾਂ ਇੰਗਲੈਂਡ, ਅਮਰੀਕਾ ਅਤੇ ਹੋਰ ਦੇਸ਼ਾਂ ਦੇ ਅਮੀਰ ਬੰਦਿਆਂ ਨੂੰ ਰਲ ਕੇ ਉਪਰਾਲਾ ਕਰਨਾ ਚਾਹੀਦਾ ਹੈ। ਸਿੱਖ ਬੱਚੇ ਬੱਚੀਆਂ ਵਾਸਤੇ ਸੋਚਣਾ ਚਾਹੀਦਾ ਹੈ। ਇਸੇ ਤਰ੍ਹਾਂ ਬਾਕੀ ਦੇਸ਼ਾਂ ਵਿਚ ਖਾਲਸਾ ਕਾਲਜ ਬਣਾ ਕੇ ਸਿੱਖੀ ਬਾਰੇ ਚਾਨਣਾ ਪਾਇਆ ਜਾਵੇ ਤਾਂ ਬੱਚੇ ਬੱਚੀਆਂ ਪਤਿਤ ਹੋਣ ਤੋਂ ਬਚ ਜਾਣਗੇ। ਇਹ ਵੀ ਇਕ ਬਹੁਤ ਭਾਰੀ ਉਪਰਾਲਾ ਹੈ। ਜੇ ਕੋਈ ਇਹ ਉਪਰਾਲਾ ਕਰੇ, ਕਦਮ ਚੁਕੇ ਤਾਂ ਸਿੱਖ ਕੌਮ ਵਾਸਤੇ ਇਕ ਮਹਾਨ ਸੇਵਾ ਹੈ। ਜਿਸ ਤਰ੍ਹਾਂ ਰਿਪਦੁਮਨ ਸਿੰਘ ਤੇ ਵੈਨਕੂਵਰ ਦੀ ਸੰਗਤ ਨੇ ਮਿਲ ਕੇ ਗੁਰਦੁਆਰਾ ਤੇ ਕਾਲਜ ਬਣਾਇਆ ਇਹ ਸਿੱਖਾਂ ਵਾਸਤੇ ਵੱਡੀ ਮਿਸਾਲ ਹੈ, ਅਗਰ ਸਿਖ ਕੌਮ ਵਾਸਤੇ ਕੋਈ ਐਸਾ ਕੰਮ ਕਰ ਜਾਵੇ ਤਾਂ ਉਸ ਦਾ ਨਾਮ ਅਮਰ ਹੋ ਜਾਵੇਗਾ।

ਕਈਆਂ ਨੂੰ ਨੌਕਰੀਆਂ ਮਿਲ ਜਾਂਦੀਆਂ ਹਨ। ਇਥੇ ਸਾਰੇ ਸਿੰਘ, ਸਿੰਘਣੀਆਂ ਕੰਮ ਕਰਦੇ ਹਨ। ਅਗਰ ਕਿਸੇ ਕੋਲ ਮਾਇਆ ਹੋਵੇ ਤਾਂ ਦਿਲ ਵੀ ਹੋਣਾ ਚਾਹੀਦਾ ਹੈ। ਦਾਨ ਕੀਤਿਆਂ ਕਦੇ ਘਾਟਾ ਨਹੀਂ ਪੈਂਦਾ, ਵਾਧਾ ਹੀ ਹੁੰਦਾ ਹੈ ਅਤੇ ਉਹ ਅੱਗੇ ਵਾਸਤੇ ਵੀ ਕੁਝ ਬੀਜਦਾ ਹੈ।

ਇਸ ਤੋਂ ਬਾਅਦ ਅਸੀਂ ਚਿਲਾਬੈਗ (ਇਕ ਛੋਟਾ ਆਈਲੈਂਡ ਹੈ) ਭਾਈ ਜੁਗਿੰਦਰ ਸਿੰਘ ਕੋਲ ਗਏ। ਉਸ ਦੀਆਂ ਦੁੱਧ ਦੀਆਂ ਡੇਰੀਆਂ ਸਨ। ਇਹ ਵੀ ਬਾਬਾ ਜੀ ਨੂੰ ਚੰਗੀ ਤਰ੍ਹਾਂ ਜਾਣਦਾ ਸੀ। ਇਸ ਨੇ ਵੀ ਸੇਵਾ ਵਿਚ ਹਿੱਸਾ ਪਾਇਆ, ਆਪਣੇ ਦੋਸਤਾਂ ਤੇ ਰਿਸ਼ਤੇਦਾਰਾਂ ਕੋਲੋਂ ਮਾਇਆ ਇਕੱਠੀ ਕਰਕੇ ਬਾਬਾ ਜੀ ਨੂੰ ਦਿਤੀ। ਚੰਗੇ ਬੰਦਿਆਂ ਦੇ ਚੰਗੇ ਖਿਆਲ ਹੁੰਦੇ ਹਨ। ਉਹ ਅੱਗੇ ਵਾਸਤੇ ਸੋਚਦੇ ਹਨ ਕਿ ਕਿਸ ਤਰ੍ਹਾਂ ਜਨਤਾ ਨੂੰ ਅਰਾਮ ਮਿਲ ਸਕੇ। ਇਸ ਦਾ ਵਿਚਾਰ ਸੀ ਕਿ ਇਥੇ ਮੋਟਰਵੇਅ ਦੇ ਕੋਲ ਗੁਰਦੁਆਰਾ ਬਣਾਇਆ ਜਾਵੇ। ਇਹ ਇਕ ਬਹੁਤ ਸੁੰਦਰ ਜਗ੍ਹਾ ਹੈ। ਜਿਹੜੇ ਲੋਕ ਘੁੰਮਣ ਫਿਰਨ ਵਾਸਤੇ ਆਉਂਦੇ ਹਨ ਉਨ੍ਹਾਂ ਦੀ ਰਿਹਾਇਸ਼ ਇਥੇ ਹੋ ਸਕੇ। ਅਮਰੀਕਾ, ਕੈਨੇਡਾ ਤੋਂ ਉਗਰਾਹੀ ਕਰਕੇ ਅਸੀਂ ਵਾਪਸ ਆ ਗਏ। ਇੱਕ ਹਫਤਾ ਇੰਗਲੈਂਡ ਰਹਿ ਕੇ ਬਾਬਾ ਜੀ ਵਾਪਸ ਇੰਡੀਆ ਚਲੇ ਗਏ।

(ਘ)

ਇਨਸਾਨ ਹੋਰ ਸਭ ਕੁਝ ਚੇਤੇ ਕਰਦਾ ਹੈ ਪਰ ਪ੍ਰਮਾਤਮਾ ਦਾ ਨਾਮ ਭੁੱਲ ਜਾਂਦਾ ਹੈ ਅਤੇ ਹਰ ਵੇਲੇ ਸੁੱਖਾਂ ਲਈ ਸੋਚਦਾ ਰਹਿੰਦਾ ਹੈ। ਪ੍ਰੀਵਾਰ ਦੇ ਮੋਹ ਵਿੱਚ ਫਸਿਆ ਰਹਿੰਦਾ ਹੈ। ਕਦੀ ਬਿਜਨੈਸ ਵਿੱਚ ਤਰੱਕੀ ਬਾਰੇ ਸੋਚਦਾ ਹੈ, ਕਦੀ ਸੋਚਦਾ ਹੈ ਨਵੀਂ ਤੋਂ ਨਵੀਂ ਕਾਰ ਹੋਣੀ ਚਾਹੀਦੀ ਹੈ ਅਤੇ ਰਹਿਣ ਵਾਸਤੇ ਵੱਡਾ ਮਕਾਨ, ਇਨ੍ਹਾਂ ਸੋਚਾਂ ਵਿੱਚ

ਡੁਬਿਆ ਪ੍ਰਮਾਤਮਾ ਦਾ ਨਾਮ ਲੈਣ ਦਾ ਚੇਤਾ ਹੀ ਨਹੀਂ ਰਹਿੰਦਾ । ਕਈ ਪ੍ਰੀਵਾਰ ਤਾਂ ਬਾਣੀ ਵੀ ਨਹੀਂ ਪੜ੍ਹਦੇ । ਦਾਸ ਜਿਥੇ ਵੀ ਜਾਂਦਾ ਹੈ ਪ੍ਰੀਵਾਰ ਨੂੰ ਯਾਦ ਦਿਵਾਉਂਦਾ ਹੈ ਕਿ ਨਿੱਤਨੇਮ ਵਿੱਚ ਤੁਹਾਡੀ ਕੋਈ ਢਿੱਲ ਤਾਂ ਨਹੀਂ ? ਗੁਰਮਤਿ ਵਿੱਚ ਕਿਸੇ ਨੂੰ ਚੇਤੇ ਕਰਾ ਦੇਣਾ ਕਿ ਨਿੱਤਨੇਮ, ਸਿਮਰਨ ਅਤੇ ਸੇਵਾ ਕਰਨਾ ਜਰੂਰੀ ਹੈ, ਇਹ ਬਹੁਤ ਵੱਡਾ ਪ੍ਰਉਪਕਾਰ ਹੈ । ਕੀ ਤੁਹਾਡਾ ਜੀਵਨ ਗੁਰਮਤਿ ਦੇ ਹਿਸਾਬ ਨਾਲ ਚਲਦਾ ਹੈ ? ਤੁਸੀਂ ਬਾਣੀ ਦਾ ਕਿਤਨਾ ਸਤਿਕਾਰ ਕਰਦੇ ਹੋ ।

ਇੱਕ ਦਿਨ ਭਾਈ ਸੁੱਚਾ ਸਿੰਘ ਨੇ ਅਖੰਡ ਪਾਠ ਕਰਾਇਆ, ਪ੍ਰਸ਼ਾਦਾ ਛਕਣ ਲੱਗਾ ਮੇਰੇ ਕੋਲ ਆ ਕੇ ਬੈਠ ਗਿਆ । ਦਾਸ ਨੇ ਉਸਨੂੰ ਪੁੱਛਿਆ,

"ਤੁਹਾਡਾ ਨਿੱਤਨੇਮ ਕਿਸ ਤਰ੍ਹਾਂ ਚਲਦਾ ਹੈ ।"

ਭਾਈ ਸਾਹਿਬ ਨੇ ਦੱਸਿਆ,

"ਮਹਾਰਾਜ ਜੀ ਦੀ ਕ੍ਰਿਪਾ ਨਾਲ ਇੱਕ ਵਜੇ ਉਠ ਜਾਂਦਾ ਹਾਂ । ਪਹਿਲਾਂ ਉਠਕੇ ਅੱਧੇ ਘੰਟੇ ਲਈ ਸੈਰ ਵਾਸਤੇ ਜਾਂਦਾ ਹਾਂ, ਫਿਰ ਇਸ਼ਨਾਨ ਕਰਕੇ ਮਹਾਰਾਜ ਜੀ ਦਾ ਪ੍ਰਕਾਸ਼ ਕਰ ਦਿੰਦਾ ਹਾਂ । ਸੁਖਮਨੀ ਸਾਹਿਬ ਦਾ ਪਾਠ ਕਰਕੇ ਚਾਰ ਤੋਂ ਪੰਜ ਅੰਮ੍ਰਿਤ ਵੇਲੇ ਸਿਮਰਨ ਵਿੱਚ ਹਾਜ਼ਰੀ ਭਰਦਾ ਹਾਂ ।"

ਦਾਸ ਨੇ ਉਸਨੂੰ ਪੁਛਿਆ,

"ਤੁਸੀਂ ਅਖੰਡਪਾਠੀ ਹੋ । ਤੁਹਾਨੂੰ ਤੇਜ਼ ਪਾਠ ਕਰਨ ਵਿੱਚ ਅਨੰਦ ਆਉਂਦਾ ਹੈ ਜਾਂ ਹੌਲੀ-ਹੌਲੀ ਰਹਾਅ ਨਾਲ ਕਰਨ ਵਿੱਚ ।" ਉਸਨੇ ਕਿਹਾ,

"ਮੈਨੂੰ ਰਹਾ ਨਾਲ ਪਾਠ ਕਰਨ ਵਿੱਚ ਬਹੁਤ ਅਨੰਦ ਆਉਂਦਾ ਹੈ । ਕਈ ਵਾਰੀ ਮਜਬੂਰ ਹੋ ਕੇ ਕਾਹਲੀ-ਕਾਹਲੀ ਪਾਠ ਕਰਨਾ ਪੈਂਦਾ ਹੈ, ਕਿਉਂਕਿ ਪਾਠ ਪਿੱਛੇ ਰਹਿ ਜਾਂਦਾ ਹੈ ਪਰ ਮੈਨੂੰ ਕੋਈ ਅਨੰਦ ਨਹੀਂ ਆਉਂਦਾ, ਸੁਣਨ ਵਾਲਿਆਂ ਨੂੰ ਕੀ ਅਨੰਦ ਆਉਂਦਾ ਹੋਵੇਗਾ ।"

ਸੁੱਚਾ ਸਿੰਘ ਨੇ ਪੁੱਛਿਆ, "ਭਾਈ ਸਾਹਿਬ ਜੀ ਇਹ ਜ਼ਰੂਰੀ ਹੈ ਕਿ ਅਖੰਡਪਾਠ ਦਾ ਭੋਗ 48 ਘੰਟਿਆਂ ਵਿੱਚ ਹੀ ਪੈਣਾ ਚਾਹੀਦਾ ਹੈ ।" ਦਾਸ ਨੇ ਕਿਹਾ,

"ਅਖੰਡਪਾਠ ਦਾ ਭੋਗ ਪਾਉਣ ਵਿੱਚ ਸਮੇਂ ਦੀ ਕੋਈ ਬੰਦਸ਼ ਨਹੀਂ ਹੈ । ਅਖੰਡਪਾਠ ਦਾ ਮਤਲਬ ਹੈ ਕਿ ਲਗਾਤਾਰ ਬਾਣੀ ਪੜ੍ਹੀ ਜਾਵੇ । ਬਾਣੀ ਸ਼ੁੱਧ ਪੜ੍ਹਨੀ ਚਾਹੀਦੀ ਹੈ ਜਿਹੜਾ ਕਿ ਪੜ੍ਹਨ ਤੇ ਸੁਣਨ ਵਾਲੇ ਨੂੰ ਅਨੰਦ ਆਵੇ ।

(ਙ)

ਭਾਈ ਰਘਬੀਰ ਸਿੰਘ ਨੇ ਦਾਸ ਨੂੰ ਦੱਸਿਆ ਕਿ ਕੈਲਗਰੀ ਤੋਂ ਕੀਰਤਨ ਕਰਕੇ, ਭਾਈ ਮਲਕੀਤ ਸਿੰਘ ਦੇ ਕੀਰਤਨੀ ਜਥੇ ਨਾਲ ਵੈਨਕੂਵਰ (ਕੈਨੇਡਾ) ਵਿਚ ਅਸੀਂ ਵਾਪਸ ਆ ਰਹੇ ਸੀ, ਸਾਡਾ ਬਾਰਾਂ ਸਿੰਘਾਂ ਦਾ ਜਥਾ ਸੀ । ਰਾਤ ਦਾ ਵੇਲਾ ਸੀ, 12-13 ਘੰਟੇ ਦਾ ਸਫਰ ਸੀ । ਮੈਂ ਉੱਚੀ ਉੱਚੀ ਪਾਠ ਕਰ ਰਿਹਾ ਸੀ । ਇੱਕ ਬਜੁਰਗ ਨੇ

ਪਿਛੇ ਮੁੜ ਕੇ ਦੇਖਿਆ ਕਿ ਕੋਈ ਟੇਪ ਨਹੀਂ ਲੱਗੀ ਹੋਈ ਐਨੇ ਹਨ੍ਹੇਰੇ ਵਿਚ ਕੌਣ ਬਾਣੀ ਪੜ੍ਹ ਰਿਹਾ ਹੈ। ਉਸ ਨੇ ਹੈਰਾਨ ਹੋ ਕੇ ਪੁਛਿਆ ਕਿ ਕੋਈ ਰੋਸ਼ਨੀ ਨਹੀਂ ਇਹ ਤਿੰਨ ਚਾਰ ਘੰਟੇ ਤੋਂ ਬਾਣੀ ਕਿਸ ਤਰ੍ਹਾਂ ਪੜ੍ਹ ਰਿਹਾ ਹੈ। ਮੈਂ ਉਸ ਨੂੰ ਦਸਿਆ ਕਿ ਗੁਰੂ ਮਹਾਰਾਜ ਦੀ ਕ੍ਰਿਪਾ ਹੈ, ਮੈਨੂੰ ਕਾਫੀ ਬਾਣੀ ਕੰਠ ਹੈ। ਜਦੋਂ ਮੈਂ ਛੋਟਾ ਹੁੰਦਾ ਸੀ ਮੈਨੂੰ ਕੁਸ਼ਤੀ ਕਰਨ ਦਾ ਬਹੁਤ ਸ਼ੌਂਕ ਸੀ, ਮੇਰਾ ਸ਼ੌਂਕ ਦੇਖ ਕੇ ਪਿਤਾ ਜੀ ਨੇ ਬਦਾਮਾਂ ਦੀ ਬੋਰੀ ਲੈ ਆਂਦੀ ਕਿ ਖਾ ਕੇ ਤਕੜਾ ਹੋ ਜਾ। ਬਚਪਨ ਦੇ ਬਦਾਮ ਖਾਣ ਨਾਲ ਮੇਰੇ ਦਿਮਾਗ ਨੂੰ ਕਾਫੀ ਤਾਕਤ ਮਿਲੀ ਹੈ। ਇਸੇ ਕਰਕੇ ਮੈਨੂੰ ਕਾਫੀ ਬਾਣੀ ਕੰਠ ਹੈ। (ਉਸ ਨੇ ਦੱਸਿਆ ਕਿ ਮੇਰੇ ਪਿਤਾ ਜੀ ਕਾਲੇ ਲੂਣ ਦੀ ਡਲੀ ਦੰਦਾਂ ਵਿਚ ਰੱਖ ਕੇ ਸੌਂਦੇ ਸਨ, ਇਸ ਨਾਲ ਦੰਦਾਂ ਨੂੰ ਕੀੜਾ ਨਹੀਂ ਲਗਦਾ, ਇਸ ਕਰਕੇ ਮੇਰੇ ਦੰਦ ਵੀ ਕਾਫੀ ਮਜ਼ਬੂਤ ਹਨ।) ਦਾਸ ਬੇਨਤੀ ਕਰਦਾ ਹੈ ਕਿ ਹਰ ਪ੍ਰਾਣੀ ਨੂੰ ਬਾਣੀ ਜ਼ਰੂਰ ਕੰਠ ਕਰਨੀ ਚਾਹੀਦੀ ਹੈ। ਘੱਟ ਤੋਂ ਘੱਟ ਜਪੁਜੀ ਸਾਹਿਬ ਤੇ ਰਹਿਰਾਸ ਜਰੂਰ ਆਉਣੀ ਚਾਹੀਦੀ ਹੈ। ਪੰਜੇ ਨਿਤਨੇਮ ਦੀਆਂ ਬਾਣੀਆਂ, ਸੁਖਮਨੀ ਸਾਹਿਬ ਤੇ ਹੋਰ ਵੱਧ ਤੋਂ ਵੱਧ ਜਿੰਨੀ ਹੋ ਸਕੇ ਕੰਠ ਕਰਨੀ ਚਾਹੀਦੀ ਹੈ। ਪੁਰਾਤਨ ਸਿੰਘਾਂ ਨੂੰ ਸਾਰੀਆਂ ਬਾਣੀਆਂ ਕੰਠ ਹੁੰਦੀਆਂ ਸਨ। ਜਦੋਂ ਲੜਾਈ ਵਿਚ ਜਾਂਦੇ ਤਾਂ ਜਾਪੁ ਸਾਹਿਬ ਦਾ ਪਾਠ ਕਰਦੇ ਰਹਿਣ ਕਰਕੇ ਲੜਾਈ ਵਿਚ ਹਰ ਜਗ੍ਹਾ ਸਫਲਤਾ ਪ੍ਰਾਪਤ ਹੁੰਦੀ ਸੀ। ਉਸ ਸਮੇਂ ਗੁਟਕੇ ਨਹੀਂ ਹੁੰਦੇ ਸਨ, ਗੁਰਸਿਖ ਬਾਣੀ ਕੰਠ ਕਰਦੇ ਸਨ। ਹੁਣ ਗੁਟਕੇ ਆ ਗਏ ਹਨ ਤਾਂ ਬਾਣੀ ਕੰਠ ਕਰਨੀ ਬੰਦ ਕਰ ਦਿੱਤੀ ਹੈ। ਅਗਰ ਇਨਸਾਨ ਨੂੰ ਬਾਣੀ ਕੰਠ ਹੋਵੇ, ਤਾਂ ਜਿਥੇ ਮਰਜੀ ਪੜ੍ਹ ਸਕਦਾ ਹੈ। ਗੁਟਕਿਆਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ਕਈ ਐਸੇ ਘਰ ਹਨ ਜਿਥੇ ਗੁਟਕਿਆਂ ਦੀ ਚੰਗੀ ਤਰ੍ਹਾਂ ਸੰਭਾਲ ਨਹੀਂ ਕਰਦੇ। ਬਾਣੀ ਦਾ ਵੱਧ ਤੋਂ ਵੱਧ ਸਤਿਕਾਰ ਕਰਨਾ ਚਾਹੀਦਾ ਹੈ।

ਹਰਿ ਕੀ ਵਡਿਆਈ ਦੇਖਹੁ ਸੰਤਹੁ,
ਹਰਿ ਨਿਮਾਣਿਆ ਮਾਣੁ ਦੇਵਾਏ ॥

*(ਸੂਹੀ ਮ: 4 ਪੰ:-735)*

ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ,
ਸਾ ਬਿਧਿ ਤੁਮ ਹਰਿ ਜਾਣਹੁ ਆਪੇ ॥
ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ,
ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ॥

*(ਗਉੜੀ ਬੈਰਾਗਣਿ ਮ: 4 ਪੰ:-167)*

ਜਿਹੜਾ ਵੀ ਕੋਈ ਪ੍ਰੇਮ ਭਾਵਨਾ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕੇਗਾ ਉਸ ਦੇ ਪਿਛਲੇ ਮਾੜੇ ਕਰਮ ਮਿਟ ਜਾਣਗੇ। ਅਗਰ ਗੁਰੂ ਨੂੰ ਭਾਵੇ ਤਾਂ ਨਿਮਾਣਿਆਂ ਨੂੰ ਵੀ ਮਾਣ ਮਿਲ ਜਾਂਦਾ ਹੈ। ਦਾਸ ਪੰਜ ਪਿਆਰਿਆਂ ਦੀ ਸੇਵਾ ਕਰਨ ਦੇ ਲਾਇਕ ਨਹੀਂ ਸੀ ਪਰ ਗੁਰੂ ਦੀ ਵਡਿਆਈ ਦੇਖੋ ਸਾਡੇ ਕੋਈ ਅਵਗੁਣ ਨਹੀਂ ਚਿਤਾਰੇ

। ਗੁਰੂ ਮਹਾਰਾਜ ਨੇ ਸਭ ਤੋਂ ਉਤਮ ਸੇਵਾ ਜੋ ਪੰਜ ਪਿਆਰਿਆਂ ਦੀ ਹੈ, ਸਿੰਘਾਂ ਨੂੰ ਬਖਸ਼ ਦਿੱਤੀ। ਸਾਨੂੰ ਉਦਮ ਬਖਸ਼ਿਆ ਕਿ ਅਸੀਂ ਦੇਸ਼ਾਂ ਵਿਦੇਸ਼ਾਂ ਵਿਚ ਜਾ ਕੇ 'ਆਪ ਜਪਹੁ ਅਵਰਹ ਨਾਮੁ ਜਪਾਵਹੁ' ਦੇ ਮਹਾਂਵਾਕ ਅਨੁਸਾਰ ਲੋਕਾਂ ਨੂੰ ਪ੍ਰੇਰ ਕੇ ਅੰਮ੍ਰਿਤ ਛਕਾਉਣ ਦੀ ਸੇਵਾ ਕਰਨੀ ਤੇ ਗੁਰਸਿਖੀ ਦਾ ਪ੍ਰਚਾਰ ਕਰਨਾ ਹੈ। ਪ੍ਰਮਾਤਮਾ ਨੇ ਸੇਵਾ ਕਰਨ ਦਾ ਚਾਉ ਬਖਸ਼ਿਆ।

ਦਾਸ, ਭਾਈ ਜਰਨੈਲ ਸਿੰਘ, ਭਾਈ ਰਘਬੀਰ ਸਿੰਘ, ਭਾਈ ਸੋਹਣ ਸਿੰਘ, ਭਾਈ ਉਂਕਾਰ ਸਿੰਘ ਤੇ ਹੋਰ ਬਹੁਤ ਸਾਰੀਆਂ ਬੀਬੀਆਂ ਤੇ ਵੀਰ ਅੰਮ੍ਰਿਤ ਛਕਾਉਣ ਵਿਚ ਸਹਾਇਤਾ ਪਾਉਂਦੇ ਸਨ। ਜਦੋਂ ਇੰਗਲੈਂਡ ਵਿਚ ਛੁਟੀ ਹੁੰਦੀ ਹੈ ਜਾਂ ਬੈਂਕ ਹੋਲੀਡੇ ਆਉਂਦੀ ਹੈ, ਕੋਈ ਕਿਸੇ ਨੂੰ ਖਾਣੇ ਤੇ ਬੁਲਾਉਂਦੇ ਹਨ, ਕੋਈ ਘਰ ਬੈਠ ਕੇ ਟੈਲੀਵੀਯਨ ਦੇਖਦੇ ਹਨ, ਪਰ ਗੁਰਸਿਖਾਂ ਦਾ ਪ੍ਰੋਗਰਾਮ ਹੁੰਦਾ ਹੈ ਦੇਸ ਪ੍ਰਦੇਸ ਵਿਚ ਜਾ ਕੇ ਬਾਣੀ ਦਾ ਪ੍ਰਚਾਰ ਕਰਨਾ। ਜਿਸ ਤਰ੍ਹਾਂ ਭਾਈ ਜਰਨੈਲ ਸਿੰਘ ਜੀ ਸਾਰੀ ਰਾਤ ਡਰਾਈਵਿੰਗ ਕਰਦੇ ਤੇ ਨਾਮ ਜਪਦੇ ਜਾਂਦੇ ਹਨ। ਉਥੇ ਪਹੁੰਚ ਕੇ ਰੈਣ ਸਬਾਈ ਕੀਰਤਨ ਕਰਨਾ ਤੇ ਉਪਦੇਸ਼ ਕਰਨਾ ਕਿ ਤੁਸੀਂ ਗੁਰੂ ਵਾਲੇ ਬਣੋ। ਅਗਰ ਗੁਰੂ ਵਾਲੇ ਨਹੀਂ ਬਣੋਗੇ ਤਾਂ ਜਨਮ ਮਰਨ ਦੇ ਚੱਕਰ ਵਿਚ ਪੈ ਜਾਵੋਗੇ।


ਇੱਕ ਵਾਰੀ ਦਾਸ ਜਥੇ ਨਾਲ ਥਾਈਲੈਂਡ ਗਏ, ਵਾਪਸੀ ਤੇ ਅਸੀਂ ਕਾਫੀ ਗੁਰਸਿੱਖ ਇਕੱਠੇ ਜਹਾਜ਼ ਵਿਚ ਬੈਠੇ ਸੀ। ਭਾਈ ਰਘਬੀਰ ਸਿੰਘ ਨੂੰ ਬਾਣੀ ਕਾਫੀ ਕੰਠ ਹੈ, ਇਕ ਦਮ ਉਸ ਦਾ ਨਿੱਤਨੇਮ ਸ਼ੁਰੂ ਹੋ ਗਿਆ। ਪੰਜਾਂ ਬਾਣੀਆਂ ਦਾ ਪਾਠ ਸਾਰਿਆਂ ਨੇ ਸੁਣਿਆ। ਇਕ ਸਿੰਘ ਨੇ ਟਾਇਮ ਦੇਖਿਆ ਤੇ ਨਿੱਤਨੇਮ ਤੋਂ ਬਾਅਦ ਪੁੱਛਿਆ ਭਾਈ ਸਾਹਿਬ ਤੁਸੀਂ ਨਿੱਤਨੇਮ ਇੰਨਾ ਜਲਦੀ ਕਿਉਂ ਸ਼ੁਰੂ ਕਰ ਦਿੱਤਾ। ਉਸ ਸਮੇਂ ਇੰਗਲੈਂਡ ਦੇ ਸਮੇਂ ਮੁਤਾਬਕ ਤਿੰਨ ਵੱਜੇ ਹੋਏ ਸਨ, ਉਥੇ ਦੇ ਟਾਇਮ ਦਾ ਕਾਫੀ ਫਰਕ ਸੀ ਇਸ ਤਰ੍ਹਾਂ ਗੁਰਸਿਖਾਂ ਦੇ ਹਿਰਦੇ ਤੇ ਬਾਣੀ ਰਿਕਾਰਡ ਹੋ ਜਾਂਦੀ ਹੈ ਤੇ ਆਪਣੇ ਆਪ ਪਾਠ ਸ਼ੁਰੂ ਹੋ ਜਾਂਦਾ ਹੈ, ਜਿਸ ਤਰ੍ਹਾਂ ਅਜਕਲ ਟੇਪ ਰਿਕਾਰਡ ਜਾਂ ਰੇਡੀਉ ਵੀ ਆਪਣੇ ਆਪ ਟਾਈਮਰ 'ਤੇ ਚੱਲ ਪੈਂਦੇ ਹਨ।

ਨਾਨਕ ਸਤਿਗੁਰਿ ਭੇਟਿਐ, ਪੂਰੀ ਹੋਵੈ ਜੁਗਤਿ ॥
ਹਸੰਦਿਆ ਖੇਲੰਦਿਆ ਪੈਨੰਦਿਆ, ਖਾਵੰਦਿਆ ਵਿਚੇ ਹੋਵੈ ਮੁਕਤਿ ॥

*(ਗੂਜਰੀ ਮ: 5 ਪੰ-522)*

ਗੁਰਸਿੱਖ ਆਪਣੀ ਕਿਰਤ ਵੀ ਕਰਦੇ ਹਨ, ਗ੍ਰਹਿਸਤੀ ਜੀਵਨ ਬਿਤਾਉਂਦੇ ਹਨ, ਆਪਣੇ ਬੱਚੇ ਪਾਲ ਪੋਸ ਕੇ ਉਨ੍ਹਾਂ ਦਾ ਵਿਆਹ ਸ਼ਾਦੀ ਕਰਕੇ ਆਪਣਾ ਵਾਧੂ ਸਮਾਂ ਧਰਮ ਪ੍ਰਚਾਰ ਵਾਸਤੇ ਲਾਉਂਦੇ ਹਨ, ਇਹ ਹੀ ਸ਼ਕਤੀ ਦਾ ਮਾਰਗ ਹੈ। ਇਹ ਗੁਰਸਿੱਖਾਂ ਦਾ ਜੀਵਨ ਹੈ।

*****



ਇੰਗਲੈਂਡ ਦੇ ਉਹ ਗੁਰਸਿੱਖ ਜਿਹਨਾਂ ਨੇ ਇਥੇ ਆ ਕੇ ਆਪਣੇ ਘਰ ਬਣਾਉਣ ਤੋਂ ਪਹਿਲਾਂ ਗੁਰੂ ਘਰ ਬਣਾਏ । ਤਸਵੀਰ ਵਿਚ ਖੜ੍ਹੇ (ਖੱਬੇ ਤੋਂ ਸੱਜੇ) ਸ: ਮੋਹਣ ਸਿੰਘ, ਸ: ਬਲਦੇਵ ਸਿੰਘ, ਸ: ਸਰਵਣ ਸਿੰਘ, ਸ: ਅਮਰੀਕ ਸਿੰਘ, ਸ: ਸੁਰਜੀਤ ਸਿੰਘ, ਸ: ਰਤਨ ਸਿੰਘ, ਸ: ਬਚਨ ਸਿੰਘ, (ਬੈਠੇ– ਖੱਬੇ ਤੋਂ ਸੱਜੇ) ਸ: ਗੁਰਦੇਵ ਸਿੰਘ, ਸ: ਪ੍ਰੀਤਮ ਸਿੰਘ, ਸ: ਅਜੀਤ ਸਿੰਘ, ਡਾ: ਸ: ਤਾਰਾ ਸਿੰਘ, ਗਿਆਨੀ ਬਲਵੰਤ ਸਿੰਘ ਅਤੇ ਸ: ਹਰਬੰਸ ਸਿੰਘ

# ਕਾਮਧੇਨ ਸ਼ਕਤੀ

**ਇਛਾ ਪੂਰਕੁ ਸਰਬ ਸੁਖਦਾਤਾ ਹਰਿ ਜਾ ਕੈ ਵਸਿ ਹੈ ਕਾਮਧੇਨਾ ॥**

*(ਧਨਾਸਰੀ ਮ: 4 ਪੰ:-669)*

ਜਦੋਂ ਧਰਤੀ ਤੇ ਜ਼ੁਲਮ ਵੱਧ ਜਾਵੇ ਤਾਂ ਉਸ ਨੂੰ ਨਾਸ਼ ਕਰਨ ਵਾਸਤੇ ਪ੍ਰਮਾਤਮਾ ਕਿਸੇ ਅਵਤਾਰ ਨੂੰ ਆਪਣੀ ਪੂਰੀ ਸ਼ਕਤੀ ਦੇ ਕੇ ਭੇਜਦਾ ਹੈ। ਜਿਸ ਤਰ੍ਹਾਂ ਆਪ ਸਾਰੇ ਜਾਣਦੇ ਹੋ ਕਿ ਰਾਮ ਚੰਦਰ ਜੀ ਨੇ ਸੀਤਾ ਨੂੰ ਛੁਡਾਉਣ ਲਈ ਸਮੁੰਦਰ ਪਾਰ ਕਰਨ ਵਾਸਤੇ ਪੁਲ ਬਣਾਇਆ। ਅਗਰ ਇਨਸਾਨ ਸੋਚੇ ਕਿ ਇਹ ਕਿਸ ਤਰ੍ਹਾਂ ਹੋ ਸਕਦਾ ਹੈ। ਉਸ ਸਮੇਂ ਇੰਨੇ ਸਾਧਨ ਨਹੀਂ ਸਨ। ਇਹ ਪੁਲ ਪ੍ਰਮਾਤਮਾ ਦੀ ਸ਼ਕਤੀ ਨਾਲ ਬਣਿਆ ਸੀ। ਰਾਵਣ ਦੀ ਇੰਨੀ ਵੱਡੀ ਸੈਨਾ ਨਾਲ ਮੁਕਾਬਲਾ ਕਰਨਾ ਸੌਖਾ ਨਹੀਂ ਸੀ। ਇਹ ਦੋਨੋ ਭਾਈ ਰਾਮ ਚੰਦਰ, ਲਛਮਣ ਅਤੇ ਹਨੂੰਮਾਨ ਤੇ ਬਾਨਰ ਸੈਨਾ ਹੀ ਸੀ। ਲੜਾਈ ਵਾਸਤੇ ਕਿੰਨੇ ਸ਼ਸਤਰ ਚਾਹੀਦੇ ਸਨ। ਇਹ ਸਭ ਕੁਦਰਤ ਦੀ ਸ਼ਕਤੀ ਤੋਂ ਬਗੈਰ ਨਹੀਂ ਹੋਇਆ। ਉਸ ਦੀ ਸ਼ਕਤੀ ਨਾਲ ਹੀ ਰਾਮ ਚੰਦਰ ਜੀ ਨੂੰ ਜਿੱਤ ਪ੍ਰਾਪਤ ਹੋਈ। ਇਸੇ ਤਰ੍ਹਾਂ ਦੁਆਪਰ ਵਿਚ ਕ੍ਰਿਸ਼ਨ ਭਗਵਾਨ ਜੀ ਨੇ ਆਪਣੇ ਬਚਪਨ ਦੇ ਦੋਸਤ ਸੁਦਾਮੇ ਦੀ ਸਹਾਇਤਾ ਕੀਤੀ। ਸੁਦਾਮਾ ਬਹੁਤ ਗਰੀਬ ਸੀ। ਉਸ ਦੀ ਪਤਨੀ ਨੇ ਸਲਾਹ ਦਿੱਤੀ ਕਿ ਆਪਣੇ ਦੋਸਤ ਤੋਂ ਸਹਾਇਤਾ ਮੰਗ ਲਵੋ। ਤੁਹਾਡਾ ਬਚਪਨ ਦਾ ਦੋਸਤ ਹੈ ਜਰੂਰ ਸਹਾਇਤਾ ਕਰੇਗਾ। ਕ੍ਰਿਸ਼ਨ ਭਗਵਾਨ ਨੇ ਵਿਸ਼ਵਕਰਮਾਂ ਨੂੰ ਹੁਕਮ ਦਿੱਤਾ ਕਿ ਤੂੰ ਸੁਦਾਮੇ ਦੀ ਝੁੱਗੀ ਤੋਂ ਸੁੰਦਰ ਮਹਿਲ ਬਣਾ ਦੇ। ਇਹ ਵੀ ਉਸ ਨੇ ਕਾਮਧੇਨ ਸ਼ਕਤੀ ਨਾਲ ਹੀ ਬਣਾਇਆ। ਇਸੇ ਤਰ੍ਹਾਂ ਭਰੀ ਸਭਾ ਵਿਚ ਦਰੋਪਤੀ ਦੀ ਲਾਜ ਰੱਖੀ। ਕਲਯੁਗ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਨਮ ਲਿਆ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵਲੀ ਕੰਧਾਰੀ ਦਾ ਹੰਕਾਰ ਦੂਰ ਕਰਨ ਵਾਸਤੇ ਉਸ ਦੇ ਖੂਹ ਦਾ ਸਾਰਾ ਪਾਣੀ ਥੱਲੇ ਖਿੱਚ ਲਿਆ। ਵਲੀ ਕੰਧਾਰੀ ਨੇ ਗੁੱਸੇ ਵਿਚ ਆ ਕੇ ਪੱਥਰ ਸੁੱਟਿਆ ਤਾਂ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਸ਼ਕਤੀ ਨਾਲ ਪੱਥਰ ਨੂੰ ਮੋਮ ਬਣਾ ਦਿੱਤਾ। ਇਸੇ ਤਰ੍ਹਾਂ ਨਾਨਕ ਝੀਰਾ ਵਿਖੇ ਜਲ ਦਾ ਕੋਈ ਪ੍ਰਬੰਧ ਨਹੀਂ ਸੀ। ਕੋਈ ਵੀ ਆਪਣੀ ਲੜਕੀ ਉਥੇ ਵਿਆਉਂਦਾ ਨਹੀਂ ਸੀ। ਸੰਗਤਾਂ ਦੀ ਬੇਨਤੀ ਸੁਣ ਕੇ ਗੁਰੂ ਜੀ ਨੇ ਆਪਣੇ ਚਰਨ ਛੋਹ ਨਾਲ ਜਲ ਨਿਕਾਲਿਆ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਸ਼ਕਤੀ ਨਾਲ ਮੱਕਾ ਵੀ ਘੁੰਮਾ ਦਿੱਤਾ। ਇਸੇ ਤਰ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਨੇ ਕਾਮਧੇਨ ਸ਼ਕਤੀ ਵਰਤ ਕੇ ਬਹਾਦਰ ਸ਼ਾਹ ਨੂੰ ਗੋਦਾਵਰੀ ਦੇ ਅੰਦਰ ਹੀਰੇ ਹੀ ਹੀਰੇ ਦਿਖਾ ਦਿੱਤੇ ਅਤੇ ਦੂਸਰਾ ਜਦੋਂ ਗੁਰੂ ਜੀ ਛਤਿਆਣੇ ਪਿੰਡ ਤੋਂ ਤੁਰਨ ਲੱਗੇ ਤਾਂ ਨੌਕਰਾਂ ਨੇ ਗੁਰੂ ਜੀ ਦੇ ਘੋੜੇ ਦੀ ਵਾਗ ਫੜ ਕੇ ਕਿਹਾ ਕਿ ਸਾਨੂੰ ਨੌਕਰੀਆਂ ਦੇ ਪੈਸੇ ਦਿਉ। ਤੁਸੀਂ ਲਾਰੇ ਲਾ ਕੇ ਸਾਨੂੰ ਅੱਗੇ ਹੀ ਅੱਗੇ ਲਈ ਜਾਂਦੇ ਹੋ। ਦਾਨ ਸਿੰਘ ਨੇ ਉਨ੍ਹਾਂ ਨੂੰ ਕਿਹਾ ਕਿ ਧੀਰਜ ਰੱਖੋ, ਗੁਰੂ ਜੀ ਤੁਹਾਡੀਆਂ ਤਨਖਾਹਾਂ ਨਹੀਂ ਰੱਖਣਗੇ। ਜਦ ਸੰਗਤ ਵਲੋਂ ਭੇਟਾ

ਆ ਜਾਏਗੀ ਤਾਂ ਗੁਰੂ ਜੀ ਤੁਹਾਨੂੰ ਪੈਸੇ ਦੇ ਦੇਣਗੇ। ਪਰ ਉਨ੍ਹਾਂ ਨੇ ਕਿਹਾ ਕਿ ਅਸੀਂ ਤਾਂ ਪੈਸੇ ਲੈ ਕੇ ਹੀ ਅੱਗੇ ਚੱਲਾਂਗੇ। ਸੇਵਾਦਾਰ ਦੀ ਗੱਲ ਸੁਣ ਕੇ ਗੁਰੂ ਜੀ ਨੇ ਕੌਤਕ ਵਰਤਾਇਆ, ਸੋਨੇ ਦੀਆਂ ਮੋਹਰਾਂ ਨਾਲ ਲੱਦੀਆਂ ਖੱਚਰਾਂ ਇੱਕ ਗੁਰਸਿੱਖ ਲੈ ਆਇਆ।

ਗੁਰੂ ਜੀ ਨੇ ਛਾਲਾਂ ਦੇ ਨਾਲ਼ ਧੰਨ ਵੰਡਿਆ। ਜਿੰਨੇ ਮਹੀਨਿਆਂ ਦਾ ਹਿਸਾਬ ਰਹਿੰਦਾ ਸੀ ਉਹ ਕਰ ਦਿੱਤਾ। ਫਿਰ ਗੁਰੂ ਜੀ ਨੇ ਦਾਨ ਸਿੰਘ ਨੂੰ ਕਿਹਾ ਕਿ ਆ ਦਾਨ ਸਿੰਘ ਤੂੰ ਵੀ ਲੇਖਾ ਕਰ ਲੈ। ਦਾਨ ਸਿੰਘ ਨੇ ਹੱਥ ਜੋੜ ਕੇ ਆਖਿਆ, ਗੁਰੂ ਜੀ ਮੇਰੇ ਘਰ ਹੋਰ ਸਭ ਕੁਝ ਹੈ, ਆਪਣੇ ਸੇਵਕ ਜਾਣ ਕੇ ਮੈਨੂੰ ਸਿੱਖੀ ਦੀ ਦਾਤ ਬਖਸ਼ੋ। ਗੁਰੂ ਜੀ ਨੇ ਪ੍ਰਸੰਨ ਹੋ ਕੇ ਕਿਹਾ, ਭਾਈ ਦਾਨ ਸਿੰਘ ਤੂੰ ਸਿੱਖੀ ਦਾ ਬੀਜ ਰੱਖ ਲਿਆ ਹੈ। ਇਸ ਨਾਲ ਸਿੱਖੀ ਵੱਧੇ ਫੁਲੇਗੀ। ਇਹ ਸਾਰੇ ਕੌਤਕ ਕਾਮਧੇਨ ਸ਼ਕਤੀ ਨਾਲ ਪੂਰਨ ਹੁੰਦੇ ਹਨ। ਜਿਹੜੇ ਨਾਮ ਜਪਦੇ ਹਨ, ਉਨ੍ਹਾਂ ਕੋਲ ਵੀ ਇਹ ਸ਼ਕਤੀਆਂ ਆ ਜਾਂਦੀਆਂ ਹਨ।

*****

# ਪੰਚ ਪਰਵਾਨ ਪੰਚ ਪਰਧਾਨ

ਜੁੱਧ ਜਿਤੇ ਇਨ ਹੀ ਕੇ ਪ੍ਰਸਾਦਿ, ਇਨਹੀ ਕੇ ਪ੍ਰਸਾਦਿ ਸੁ ਦਾਨ ਕਰੇ ॥
ਅਘ ਅਉਘ ਟਰੇ ਇਨਹੀ ਕੇ ਪ੍ਰਸਾਦਿ, ਇਨਹੀ ਕ੍ਰਿਪਾ ਫੁਨ ਧਾਮ ਭਰੇ ॥
ਇਨਹੀ ਕੇ ਪ੍ਰਸਾਦਿ ਸੁ ਬਿਦਿਆ ਲਈ, ਇਨਹੀ ਕੀ ਕ੍ਰਿਪਾ ਸਭ ਸਤ੍ਰ ਮਰੇ ॥
ਇਨ ਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ, ਨਹੀ ਮੋ ਸੇ ਗਰੀਬ ਕਰੋਰ ਪਰੇ ॥

*(ਸਰਬ ਲੋਹ ਗ੍ਰੰਥ 'ਚੋ)*

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਪੰਜਾਂ ਪਿਆਰਿਆਂ ਨੂੰ ਸਭ ਤੋਂ ਉਤਮ ਪਦਵੀ ਬਖਸ਼ੀ ਹੈ। ਗੁਰੂ ਜੀ ਨੇ ਆਪ ਪੰਜ ਪਿਆਰਿਆਂ ਅੱਗੇ ਫਰਿਆਦ ਕਰਕੇ ਅੰਮ੍ਰਿਤ ਦੀ ਮੰਗ ਕੀਤੀ ਤੇ ਆਪਣਾ ਪਰਿਵਾਰ, ਪੰਥ ਲਈ ਕੁਰਬਾਨ ਕਰਨ ਦਾ ਬਚਨ ਦਿੱਤਾ। ਪੰਜਾਂ ਪਿਆਰਿਆਂ ਦਾ ਹੁਕਮ ਮੰਨ ਕੇ ਹੀ ਗੁਰੂ ਜੀ ਨੇ ਚਮਕੌਰ ਦੀ ਗੜ੍ਹੀ ਨੂੰ ਛੱਡਿਆ। ਜਦੋਂ ਸੱਚਖੰਡ ਜਾਣ ਦਾ ਸਮਾਂ ਨੇੜੇ ਆਇਆ ਤਾਂ ਗੁਰੂ ਜੀ ਨੇ ਸਾਰੇ ਸਿੱਖਾਂ ਨੂੰ ਇਕੱਠਾ ਕਰਕੇ ਹੁਕਮ ਕੀਤਾ ਕਿ ਅੱਜ ਤੋਂ ਖਾਲਸਾ ਦੇਹਧਾਰੀ ਨੂੰ ਗੁਰੂ ਨਹੀਂ ਮੰਨੇਗਾ। ਅੱਜ ਤੋਂ ਖਾਲਸੇ ਦਾ ਗੁਰੂ ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੋਣਗੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਪੰਜ ਪਿਆਰੇ ਅਰਦਾਸ ਕਰਕੇ ਜਿਹੜਾ ਵੀ ਹੁਕਮ ਆਵੇ ਉਸ ਤੇ ਵਿਚਾਰ ਕਰਕੇ ਆਪਣਾ ਪੰਥ ਚਲਾਉਣਗੇ। ਇਹ ਗੁਰੂ ਜੀ ਨੇ ਸਿੰਘਾਂ ਨੂੰ ਵਾਰ ਵਾਰ ਸਮਝਾਇਆ। ਪਰ ਗੁਰੂ ਜੀ ਦੇ ਬਚਨਾਂ 'ਤੇ ਅਮਲ ਕਰਨ ਵਾਲੇ ਸਿੱਖ ਬਹੁਤ ਥੋੜ੍ਹੇ ਰਹਿ ਗਏ। ਜਿਸ ਕੌਮ ਦਾ ਪੰਥ ਹੀ ਢਿੱਲਾ ਪੈ ਜਾਵੇ ਤਾਂ ਉਹ ਕੌਮ ਕਿਸ ਤਰ੍ਹਾਂ ਤਰੱਕੀ ਕਰੇਗੀ। ਸ੍ਰੀ ਹਰਿਮੰਦਰ ਸਾਹਿਬ ਜੀ ਤੇ ਅਟੈਕ ਵੀ ਪੰਥ ਦੀ ਕਮਜ਼ੋਰੀ ਕਰਕੇ ਹੋਇਆ।

ਜਦੋਂ ਅੰਗਰੇਜ਼ ਇੰਡੀਆ ਨੂੰ ਆਜ਼ਾਦ ਕਰਨ ਲੱਗੇ ਤਾਂ ਇਨ੍ਹਾਂ ਨੇ ਕਿਹਾ ਸੀ ਕਿ ਇੰਡੀਆ ਦੇ ਤਿੰਨ ਹਿੱਸੇ ਕਰ ਦਿੰਦੇ ਹਾਂ। ਖਾਲਿਸਤਾਨ, ਹਿੰਦੋਸਤਾਨ ਅਤੇ ਪਾਕਿਸਤਾਨ ਬਣਾ ਦਿੰਦੇ ਹਾਂ। ਉਸ ਸਮੇਂ ਕਿਉਂ ਨਹੀਂ ਪੰਥ ਦੇ ਆਗੂਆਂ ਨੇ ਮਹਾਰਾਜ ਜੀ ਦੀ ਆਗਿਆ ਲਈ। ਇਹ ਇਹਨਾਂ ਦੀ ਬਹੁਤ ਵੱਡੀ ਗਲਤੀ ਸੀ। ਇਹਨਾਂ ਨੇ ਰਾਜ ਠੁਕਰਾ ਦਿੱਤਾ। ਇਹ ਇੰਨਾ ਵੱਡਾ ਕੰਮ ਪੰਜ ਪਿਆਰਿਆਂ ਨੂੰ ਸੌਂਪਣਾ ਚਾਹੀਦਾ ਸੀ, ਦੋ ਬੰਦੇ ਕਿਉਂ ਭੇਜੇ। ਸਿਰਫ ਬਲਦੇਵ ਸਿੰਘ ਤੇ ਤਾਰਾ ਸਿੰਘ ਨੂੰ ਹੀ ਭੇਜਿਆ। ਜਿਹੜੇ ਦੋ ਬੰਦੇ ਭੇਜੇ ਉਹ ਵੀ ਰਹਿਤ ਵਿਚ ਪੂਰੇ ਨਹੀਂ ਸਨ। ਮਾਸਟਰ ਤਾਰਾ ਸਿੰਘ ਨੇ ਸਿੱਖੀ ਦਾ ਬਾਣਾ ਜ਼ਰੂਰ ਪਾਇਆ ਸੀ, ਪਰ ਦਿਖਾਵੇ ਵਾਸਤੇ ਅੰਦਰੋਂ ਉਸ ਨੂੰ ਸਿੱਖੀ ਨਾਲ ਕੋਈ ਪਿਆਰ ਨਹੀਂ ਸੀ। ਜੇ ਤਾਰਾ ਸਿੰਘ ਨੂੰ ਧਰਮ ਨਾਲ ਪਿਆਰ ਹੁੰਦਾ ਤਾਂ ਉਹ ਪੰਥ ਲਈ ਕੁਝ ਨਾ ਕੁਝ ਜ਼ਰੂਰ ਸੋਚਦਾ। ਬਲਦੇਵ ਸਿੰਘ ਨੇ ਤਾਂ ਅੰਮ੍ਰਿਤ ਵੀ ਨਹੀਂ ਛਕਿਆ ਸੀ।

ਕੀ ! ਪੰਥ ਨੂੰ ਪਤਾ ਨਹੀ ਸੀ ਕਿ ਸਿੱਖ ਕੌਮ ਦਾ ਇੰਨਾ ਵੱਡਾ ਕਾਰਜ ਇਨ੍ਹਾਂ ਦੋਨਾਂ ਨੂੰ ਸੌਂਪ ਦਿੱਤਾ। ਸਿੱਖ ਕੌਮ ਵਿਚ ਇੰਨੇ ਵੱਡੇ-ਵੱਡੇ ਡਾਕਟਰ, ਇੰਜੀਨੀਅਰ,

ਵਕੀਲ, ਜਨਰਲ ਤੇ ਗਿਆਨੀ ਸਨ। ਇੰਨੇ ਪੜ੍ਹੇ ਲਿਖੇ ਹੋ ਕੇ ਵੀ ਇਨ੍ਹਾਂ ਨੇ ਆਪਣੀ ਕੌਮ ਲਈ ਕੁਝ ਨਹੀਂ ਸੋਚਿਆ। ਅਗਰ ਪੰਜ ਪਿਆਰੇ ਆਗੂ ਹੁੰਦੇ ਤਾਂ ਪੰਥ ਵਾਸਤੇ ਜ਼ਰੂਰ ਕੁਝ ਸੋਚਦੇ। ਜਦੋਂ ਲੰਡਨ ਵਿਚ ਗੱਲਬਾਤ ਹੋਈ ਤਾਂ ਬਲਦੇਵ ਸਿੰਘ ਇਕੱਲਾ ਗਿਆ ਸੀ। ਗੋਰਿਆਂ ਨੇ ਬਲਦੇਵ ਸਿੰਘ ਨੂੰ ਬੁਲਾਇਆ ਤੇ ਕਿਹਾ ਕਿ ਅਸੀਂ ਇੰਡੀਆ ਦੇ ਤਿੰਨ ਹਿੱਸੇ ਕਰਨੇ ਹਨ। ਤੁਹਾਨੂੰ ਖਾਲਿਸਤਾਨ ਬਣਾ ਕੇ ਦੇਵਾਂਗੇ। ਇੰਨੀ ਗੁਪਤ ਗੱਲ ਇਸ ਨੇ ਜਾ ਕੇ ਨਹਿਰੂ ਨੂੰ ਦੱਸ ਦਿੱਤੀ। ਨਹਿਰੂ ਬਹੁਤ ਹੀ ਚਲਾਕ ਸੀ, ਉਸ ਨੇ ਬਲਦੇਵ ਸਿੰਘ ਨੂੰ ਵਾਪਸ ਭੇਜ ਦਿੱਤਾ ਅਤੇ ਕਿਹਾ ਕਿ ਅਸੀਂ ਆਪ ਹੀ ਗੱਲ ਕਰ ਲਵਾਂਗੇ। ਨਹਿਰੂ ਨੇ ਤਾਰਾ ਸਿੰਘ ਨੂੰ ਚੁਪ ਕਰਾਉਣ ਲਈ ਉਸ ਦੇ ਗਲੇ ਵਿਚ ਸੋਨੇ ਦਾ ਹਾਰ ਪਾ ਦਿੱਤਾ। ਤਾਰਾ ਸਿੰਘ ਇੰਨੇ ਵਿਚ ਹੀ ਖ਼ੁਸ਼ ਹੋ ਗਿਆ। ਇਕ ਸੋਨੇ ਦੇ ਹਾਰ ਬਦਲੇ ਉਸ ਨੇ ਕੌਮ ਵੇਚ ਦਿੱਤੀ। ਤਾਰਾ ਸਿੰਘ ਨੇ ਕਿਹਾ, ਨਹਿਰੂ ਜੀ ਅਸੀਂ ਤੁਹਾਡੇ ਨਾਲ ਹਾਂ। ਨਹਿਰੂ ਜੀ ਨੇ ਕਿਹਾ ਕਿ ਤੁਸੀਂ ਖਾਲਿਸਤਾਨ ਕੀ ਕਰਨਾ ਹੈ, ਸਾਰਾ ਹਿੰਦੋਸਤਾਨ ਹੀ ਤੁਹਾਡਾ ਹੈ। ਇੰਡੀਆ ਆਜ਼ਾਦ ਹੋਣ ਤੋਂ ਬਾਅਦ ਤਾਰਾ ਸਿੰਘ ਨਹਿਰੂ ਕੋਲ ਗਿਆ ਕਿ ਸਾਨੂੰ ਪੰਜਾਬੀ ਸੂਬਾ ਬਣਾ ਦਿਓ। ਨਹਿਰੂ ਮੁਕਰ ਗਿਆ ਤੇ ਕਿਹਾ ਕਿ ਹੁਣ ਸਮਾਂ ਬੀਤ ਗਿਆ ਹੈ। ਪੰਜਾਬੀ ਸੂਬਾ ਬਣਾ ਕੇ ਤੂੰ ਕੀ ਲੈਣਾ ਹੈ ? ਇਹ ਸੁਣ ਕੇ ਤਾਰਾ ਸਿੰਘ ਹੱਕਾ ਬੱਕਾ ਰਹਿ ਗਿਆ, ਕਿ ਸਾਡੇ ਨਾਲ ਬਹੁਤ ਧੋਖਾ ਹੋਇਆ ਹੈ। ਕਿਥੇ ਸਾਨੂੰ ਰਾਜ ਮਿਲਦਾ ਸੀ, ਕਿਥੇ ਹੁਣ ਇਹ ਪੰਜਾਬੀ ਸੂਬਾ ਬਣਾਉਣ ਲਈ ਵੀ ਤਿਆਰ ਨਹੀਂ। ਤਾਰਾ ਸਿੰਘ ਨੇ ਕਿਹਾ, ਜੇ ਤੁਸੀਂ ਪੰਜਾਬੀ ਸੂਬਾ ਨਹੀਂ ਬਣਾਉਗੇ ਤਾਂ ਮੈਂ ਭੁੱਖ ਹੜਤਾਲ ਕਰ ਦਿਆਂਗਾ। ਇਸ ਨੇ ਪੰਜਾਬ ਆ ਕੇ ਖਾਣਾ ਪੀਣਾ ਛੱਡ ਦਿੱਤਾ। ਇੱਕ ਹਫਤਾ ਬੀਤ ਗਿਆ। ਨਹਿਰੂ ਜੀ ਨੇ ਤਾਰਾ ਸਿੰਘ ਦੇ ਜਵਾਈ ਨੂੰ ਮਿਲਟਰੀ ਦਾ ਵੱਡਾ ਅਫਸਰ ਬਣਾ ਕੇ ਪਾਰਟੀ ਕੀਤੀ ਤੇ ਉਸ ਦੀ ਲੜਕੀ ਦੇ ਪਾਸ ਗਿਆ ਤੇ ਕਿਹਾ ਕਿ ਤੂੰ ਮੇਰੇ ਕੋਲੋਂ ਸਾਰੇ ਕੰਮ ਕਰਵਾ ਲੈਂਦੀ ਹੈਂ, ਆਪਣੇ ਡੈਡੀ ਨੂੰ ਖਾਣਾ ਕਿਉਂ ਨਹੀਂ ਖਿਲਾਉਂਦੀ, ਤੂੰ ਚਾਹੁੰਦੀ ਹੈ ਕਿ ਤੇਰਾ ਡੈਡੀ ਮਰ ਜਾਵੇ। ਤੂੰ ਉਸ ਨੂੰ ਚੋਰੀ ਚੋਰੀ ਖਾਣਾ ਦੇ ਆਇਆ ਕਰ। ਤਾਰਾ ਸਿੰਘ ਦੀ ਲੜਕੀ ਨੇ ਇਸੇ ਤਰ੍ਹਾਂ ਹੀ ਕੀਤਾ। ਕਦੀ ਪ੍ਰਸ਼ਾਦ ਛਕਾ ਦੇਵੇ ਤੇ ਕਦੀ ਜੂਸ ਪਿਲਾ ਦੇਵੇ। ਚਾਰ ਪੰਜ ਹਫਤੇ ਬੀਤ ਗਏ ਤਾਂ ਅਖ਼ਬਾਰ ਵਾਲੇ ਆ ਗਏ ਕਿ ਤਾਰਾ ਸਿੰਘ ਦਾ ਪਤਾ ਕਰੀਏ, ਹੁਣ ਤਾਂ ਮਰਨ ਵਾਲਾ ਹੋ ਗਿਆ ਹੋਵੇਗਾ। ਉਨ੍ਹਾਂ ਨੇ ਜਦੋਂ ਤਾਰਾ ਸਿੰਘ ਦਾ ਭਾਰ ਤੋਲਿਆ ਤਾਂ ਬੜੇ ਹੈਰਾਨ ਹੋਏ ਕਿ ਭਾਰ ਘੱਟਣ ਦੀ ਬਜਾਏ ਵਧਿਆ ਹੋਇਆ ਸੀ। ਇਹ ਦੇਖ ਕੇ ਅਖ਼ਬਾਰ ਵਾਲਿਆਂ ਨੇ ਕਿਹਾ, ਇਹ ਤਾਂ ਨਿਰਾ ਪਾਖੰਡ ਹੀ ਹੈ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਇਸ ਨੇ ਕੌਮ ਵਾਸਤੇ ਕੁਝ ਨਹੀਂ ਸੋਚਿਆ, ਕੋਈ ਚੰਗਾ ਕੰਮ ਨਹੀਂ ਕੀਤਾ ਫਿਰ ਵੀ ਅਕਾਲੀ ਦਲ ਦਾ ਪ੍ਰਧਾਨ ਰਿਹਾ। ਅਗਰ ਕੋਈ ਦੂਸਰੇ ਦੇਸ਼ਾਂ ਵਿਚ ਇਸ ਤਰ੍ਹਾਂ ਕਰਦਾ ਤਾਂ ਕਿਸੇ ਨੇ ਮੂੰਹ ਨਹੀਂ ਲਾਉਣਾ ਸੀ। ਦਾਸ ਨੇ ਦੇਖਿਆ, ਇਕ ਦਿਨ ਸਿੰਘ ਸਭਾ ਗੁਰਦੁਆਰੇ ਦੇ ਨੋਟਿਸ ਬੋਰਡ ਤੇ ਅਖ਼ਬਾਰ ਦਾ ਟੁਕੜਾ ਕੱਟ ਕੇ ਲਗਾਇਆ ਸੀ। ਜਿਸ ਤੇ ਤਾਰਾ ਸਿੰਘ

ਇੱਕ-ਟੁਟੀ ਮੰਜੀ 'ਤੇ ਬੈਠਾ ਹੈ ਤੇ ਆਲੇ ਦੁਆਲੇ ਕੁੱਤੇ ਬੈਠੇ ਹਨ। ਅਗਰ ਇਹ ਉਸ ਸਮੇਂ ਖਾਲਿਸਤਾਨ ਮੰਗ ਲੈਂਦਾ ਤਾਂ ਇਸ ਦੇ ਆਲੇ-ਦੁਆਲੇ ਪੁਲਿਸ ਦਾ ਪਹਿਰਾ ਹੋਣਾ ਸੀ।

ਹੁਣ ਸੰਤ ਫਤਹਿ ਸਿੰਘ ਨੂੰ ਚਾਅ ਪੈਦਾ ਹੋਇਆ ਕਿ ਤਾਰਾ ਸਿੰਘ ਤਾਂ ਪੰਜਾਬੀ ਸੂਬਾ ਨਹੀਂ ਬਣਾ ਸਕਿਆ, ਹੁਣ ਮੈਂ ਬਣਾ ਕੇ ਦਿਖਾਵਾਂਗਾ ਕਿ ਨਹਿਰੂ ਕਿਸ ਤਰ੍ਹਾਂ ਨਹੀਂ ਮੰਨਦਾ। ਉਸ ਨੇ ਐਲਾਨ ਕਰ ਦਿੱਤਾ ਕਿ ਜੇ ਇੰਨੇ ਚਿਰ ਵਿਚ ਪੰਜਾਬੀ ਸੂਬਾ ਨਹੀਂ ਬਣਾਇਆ ਤਾਂ ਮੈਂ ਅਗਨੀ ਭੇਟ ਹੋ ਜਾਵਾਂਗਾ। ਫਤਹਿ ਸਿੰਘ ਨੇ ਐਲਾਨ ਤਾਂ ਕਰ ਦਿੱਤਾ ਪਰ ਨਿਭਾਉਣਾ ਔਖਾ ਸੀ। ਇਹ ਫਿਰ ਸੋਚਣ ਲੱਗਾ ਕਿ ਕੋਈ ਉਪਾ ਨਿਕਲੇ ਤਾਂ ਮੇਰੀ ਜਾਨ ਬਚ ਜਾਵੇ। ਜਦੋਂ ਦੋ ਚਾਰ ਦਿਨ ਰਹਿ ਗਏ ਤਾਂ ਨਹਿਰੂ ਜੀ ਨੇ ਪਾਰਲੀਮੈਂਟ ਦੇ ਸਪੀਕਰ ਹੁਕਮ ਸਿੰਘ ਨਾਲ ਦੋ ਸਿੰਘ ਹੋਰ ਭੇਜੇ ਕਿ ਸੰਤ ਜੀ ਨੂੰ ਕਹੋ, ਪੰਜਾਬੀ ਸੂਬਾ ਬਣ ਗਿਆ ਹੈ। ਇਹ ਪ੍ਰਣ ਤੋੜ ਦਿਉ। ਇਹ ਅੱਗੇ ਹੀ ਚਾਹੁੰਦਾ ਸੀ ਕਿ ਮੇਰੀ ਜਾਨ ਬਚ ਜਾਵੇ। ਨਹਿਰੂ ਨੇ ਚਲਾਕੀ ਨਾਲ ਇਸ ਦਾ ਸਮਾਂ ਲੰਘਾ ਦਿੱਤਾ ਮਿਲਿਆ ਕੁਝ ਵੀ ਨਹੀਂ। ਇਹ ਵੀ ਇਕ ਮਖੌਲ ਹੀ ਸੀ। ਪੰਥ ਵਿਚ ਇਸ ਤਰ੍ਹਾਂ ਦੇ ਆਗੂ ਆਉਣ ਲੱਗੇ ਤਾਂ ਰਾਜ ਨਹੀਂ ਮਿਲਣਾ।

ਪੰਜ ਪਿਆਰੇ ਅੰਮ੍ਰਿਤ ਛਕਾਉਂਦੇ ਹਨ। ਖਾਲਸਾ ਸਜਾਉਂਦੇ ਹਨ। ਪੰਜ ਪਿਆਰੇ ਹੀ ਨਗਰ ਕੀਰਤਨ ਦੀ ਅਗਵਾਈ ਕਰਦੇ ਹਨ। ਅਗਰ ਕਿਸੇ ਨੂੰ ਦੁੱਖ ਤਕਲੀਫ ਹੋਵੇ ਤਾਂ ਪੰਜ ਪਿਆਰੇ ਹੀ ਅਰਦਾਸ ਕਰਦੇ ਹਨ ਪੰਜ ਪਿਆਰਿਆਂ ਦੇ ਹੁਕਮ ਨਾਲ ਹੀ ਚੜ੍ਹਦੀ ਕਲਾ ਹੋ ਸਕਦੀ ਹੈ।

*****

## ਸਾਰਿਆਂ ਧਰਮਾ ਦਾ ਸਾਂਝਾ ਗੁਰ

ਵਾਹਿਗੁਰੂ ਵ਼ਾਹਿਗੁਰੂ ਵਾਹਿਗੁਰੂ ਵਾਹਿ ਜੀਉ ॥
ਕਵਲ ਨੈਨ, ਮਧੁਰ ਬੈਨ, ਕੋਟਿ ਸੈਨ ਸੰਗ ਸੋਭ,
ਕਹਤ ਮਾ ਜਸੋਦ ਜਿਸਹਿ ਦਹੀ ਭਾਤੁ ਖਾਹਿ ਜੀਉ ॥
ਦੇਖ ਰੂਪੁ, ਅਤਿ ਅਨੂਪੁ, ਮੋਹ ਮਹਾ ਮਗ ਭਈ,
ਕਿੰਕਨੀ ਸਬਦ ਝਨਤਕਾਰ ਖੇਲੁ ਪਾਹਿ ਜੀਉ ॥
ਕਾਲ ਕਲਮ ਹੁਕਮੁ ਹਾਥਿ, ਕਹਹੁ ਕਉਨੁ ਮੇਟਿ ਸਕੈ,
ਈਸੁ ਬੰਮ੍ਯ ਗ੍ਯਾਨੁ ਧ੍ਯਾਨੁ ਧਰਤ ਹੀਐ ਚਾਹਿ ਜੀਉ ॥
ਸਤਿ ਸਾਚੁ, ਸ੍ਰੀ ਨਿਵਾਸੁ, ਆਦਿ ਪੁਰਖੁ ਸਦਾ ਤੁਹੀ,
ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ ॥ 1 ॥

*(ਸਵਈਏ ਮਹਲੇ ਚਉਥੇ ਕੇ ਪੰ:–1402)*

ਫਰੀਦਾ ਰਾਤਿ ਕਥੂਰੀ ਵੰਡੀਐ, ਸੁਤਿਆ ਮਿਲੈ ਨ ਭਾਉ
ਜਿੰਨ੍ਹਾਂ ਨੈਣ ਨੀਂਦ੍ਰਾਵਲੇ, ਤਿੰਨ੍ਹਾਂ ਮਿਲਣੁ ਕੁਆਉ ॥

*(ਸਲੋਕ ਫਰੀਦ ਪੰ:–1382)*

ਮੋ ਕਉ ਤੂੰ ਨ ਬਿਸਾਰਿ, ਤੂ ਨ ਬਿਸਾਰਿ ॥
ਤੂ ਨ ਬਿਸਾਰੇ ਰਾਮਈਆ ॥ 1 ॥ ਰਹਾਉ ॥
ਆਲਾਵੰਤੀ ਇਹੁ ਭ੍ਰਮੁ ਜੋ ਹੈ,
ਮੁਝ ਊਪਰਿ ਸਭ ਕੋਪਿਲਾ ॥
ਸੂਦੁ ਸੂਦੁ ਕਰਿ ਮਾਰਿ ਉਠਾਇਓ,
ਕਹਾ ਕਰਉ ਬਾਪ ਬੀਠੁਲਾ ॥ 1 ॥
ਮੂਏ ਹੂਏ ਜਉ ਮੁਕਤਿ ਦੇਹੁਗੇ,
ਮੁਕਤਿ ਨ ਜਾਨੈ ਕੋਇਲਾ ॥
ਏ ਪੰਡੀਆ ਮੋ ਕਉ ਢੇਢ ਕਹਤ,
ਤੇਰੀ ਪੈਜ ਪਿਛੰਉਡੀ ਹੋਇਲਾ ॥ 2 ॥
ਤੂ ਜੁ ਦਇਆਲੁ ਕ੍ਰਿਪਾਲੁ ਕਹੀਅਤੁ ਹੈ,
ਅਤਿਭੁਜ ਭਇਓ ਅਪਾਰਲਾ ॥
ਫੇਰਿ ਦੀਆ ਦੇਹੁਰਾ ਨਾਮੇ ਕਉ,
ਪੰਡੀਅਨ ਕਉ ਪਿਛਵਾਰਲਾ ॥ 3 ॥

*(ਰਾਗੁ ਮਲਾਰ ਪੰ:– 1292)*

ਮੇਰੀ ਸੰਗਤਿ ਪੋਚ ਸੋਚ ਦਿਨੁ ਰਾਤੀ ॥
ਮੇਰਾ ਕਰਮੁ ਕੁਟਿਲਤਾ, ਜਨਮੁ ਕੁਭਾਂਤੀ ॥ 1 ॥
ਰਾਮ ਗੁਸਈਆ, ਜੀਅ ਕੇ ਜੀਵਨਾ ॥
ਮੋਹਿ ਨ ਬਿਸਾਰਹੁ, ਮੈ ਜਨ ਤੇਰਾ ॥ 1 ॥ ਰਹਾਉ ॥
ਮੇਰੀ ਹਰਹੁ ਬਿਪਤਿ, ਜਨ ਕਰਹੁ ਸੁਭਾਈ ॥
ਚਰਣ ਨ ਛਾਡਉ, ਸਰੀਰ ਕਲ ਜਾਈ ॥ 2 ॥
ਕਹੁ ਰਵਿਦਾਸ ਪਰਉ ਤੇਰੀ ਸਾਭਾ ॥
ਬੇਗਿ ਮਿਲਹੁ ਜਨ, ਕਰਿ ਨਾ ਬਿਲਾਂਬਾ ॥ 3 ॥

*(ਗਾਉੜੀ ਗੁਆਰੇਰੀ ਪੰ:-345)*

ਸਹੰਸਰ ਦਾਨ ਦੇ ਇੰਦ੍ਰੁ ਰੋਆਇਆ ॥
ਪਰਸ ਰਾਮੁ ਰੋਵੈ ਘਰਿ ਆਇਆ ॥
ਅਜੈ ਸੁ ਰੋਵੈ ਭੀਖਿਆ ਖਾਇ ॥
ਐਸੀ ਦਰਗਹ ਮਿਲੈ ਸਜਾਇ ॥
ਰੋਵੈ ਰਾਮੁ ਨਿਕਾਲਾ ਭਇਆ ॥
ਸੀਤਾ ਲਖਮਣੁ ਵਿਛੁੜਿ ਗਇਆ ॥
ਰੋਵੈ ਦਹਸਿਰੁ ਲੰਕ ਗਵਾਇ ॥
ਜਿਨਿ ਸੀਤਾ ਆਦੀ ਡਉਰੂ ਵਾਇ ॥
ਰੋਵਹਿ ਪਾਂਡਹ ਭਏ ਮਜੂਰ ॥
ਜਿਨ ਕੈ ਸੁਆਮੀ ਰਹਤ ਹਦੂਰਿ ॥
ਰੋਵੈ ਜਨਮੇਜਾ ਖੁਇ ਗਇਆ ॥
ਏਕੀ ਕਾਰਣਿ ਪਾਪੀ ਭਇਆ ॥
ਰੋਵਹਿ ਸੇਖ ਮਸਾਇਕ ਪੀਰ ॥
ਅੰਤਿ ਕਾਲਿ ਮਤੁ ਲਾਗੈ ਭੀੜ ॥
ਰੋਵਹਿ ਰਾਜੇ ਕੰਨ ਪੜਾਇ ॥
ਘਰਿ ਘਰਿ ਮਾਗਹਿ ਭੀਖਿਆ ਜਾਇ ॥
ਰੋਵਹਿ ਕਿਰਪਨ ਸੰਚਹਿ ਧਨੁ ਜਾਇ ॥
ਪੰਡਿਤ ਰੋਵਹਿ ਗਿਆਨੁ ਗਵਾਇ ॥
ਬਾਲੀ ਰੋਵੈ ਨਾਹਿ ਭਤਾਰੁ ॥
ਨਾਨਕ ਦੁਖੀਆ ਸਭੁ ਸੰਸਾਰੁ ॥
ਮੰਨੇ ਨਾਉ ਸੋਈ ਜਿਣਿ ਜਾਇ ॥
ਅਉਰੀ ਕਰਮ ਨ ਲੇਖੈ ਲਾਇ ॥

*(ਸਲੋਕ ਮ: 1 ਪੰ:- 953)*

ਹਿੰਦੋਸਤਾਨ ਦੇ ਲੋਕੋ ਤੁਸੀਂ ਸੋਚੋ ਕਿ ਤੁਸੀਂ ਇਕੱਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਅੱਗ ਨਹੀਂ ਲਗਾਈ, ਰਾਮ ਕ੍ਰਿਸ਼ਨ ਤੇ ਭਗਤਾਂ ਨੂੰ ਵੀ ਅੱਗ ਲਗਾਈ ਹੈ । ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਆਪਣੀ ਬਾਣੀ ਵਿਚ ਫ਼ੁਰਮਾ ਰਹੇ ਹਨ :-

ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ ॥
ਬਧੋਹੁ ਪੁਰਖਿ ਬਿਧਾਤੈ ਤਾਂ ਤੂ ਸੋਹਿਆ ॥
ਵਸਦੀ ਸਘਨ ਅਪਾਰ ਅਨੂਪ ਰਾਮਦਾਸ ਪੁਰ ॥
ਹਰਿਹਾਂ ਨਾਨਕ ਕਸਮਲ ਜਾਹਿ ਨਾਇਐ ਰਾਮਦਾਸ ਸਰ ॥

*(ਫੁਨਹੇ ਮ: 5 ਪੰ: –1362)*

ਦੁਨੀਆਂ ਦੀ ਸਭ ਤੋਂ ਪਵਿੱਤਰ ਧਰਤੀ, ਜਿਸ 'ਤੇ ਰਿਸ਼ੀਆਂ ਮੁਨੀਆਂ ਨੇ ਕਈ ਜੁਗ ਤਪ ਕੀਤਾ । ਇਸ ਪਵਿੱਤਰ ਧਰਤੀ 'ਤੇ ਸ੍ਰੀ ਹਰਿਮੰਦਰ ਸਾਹਿਬ ਦੀ ਸਥਾਪਨਾ ਕੀਤੀ । ਐਸਾ ਹਰੀ ਦਾ ਮੰਦਰ ਦੁਨੀਆਂ ਦੇ ਕਿਸੇ ਕੋਨੇ ਵਿਚ ਦੇਖਣ ਨੂੰ ਨਹੀਂ ਮਿਲੇਗਾ । ਇਸ ਨੂੰ ਦੇਖਣ ਵਾਸਤੇ ਲੋਕ ਦੁਨੀਆਂ ਦੇ ਕੋਨੇ-ਕੋਨੇ ਤੋਂ ਆਉਂਦੇ ਹਨ । ਜਿਹੜਾ ਵੀ ਧਾਰਮਿਕ ਬਦਾ ਹੈ, ਉਹ ਸਾਰੇ ਧਰਮਾਂ ਨਾਲ ਪਿਆਰ ਕਰਦਾ ਹੈ । ਇੰਦਰਾ ਗਾਂਧੀ ਨੇ ਇਸ ਪਵਿੱਤਰ ਧਰਤੀ 'ਤੇ ਅਟੈਕ ਕਿਉਂ ਕਰਵਾਇਆ । ਸਰਕਾਰ ਵਾਸਤੇ ਸੰਤ ਜਰਨੈਲ ਸਿੰਘ ਨੂੰ ਪਕੜਨਾ ਤਾਂ ਬਹੁਤ ਸੋਖਾ ਸੀ । ਪਰ ਇਹ ਸਿੱਖ ਧਰਮ ਨੂੰ ਖਤਮ ਕਰਨਾ ਚਾਹੁੰਦੀ ਸੀ । ਕਈ ਲੋਕਾਂ ਨੇ ਖੁਸ਼ੀ ਮਨਾਈ । ਐਕਸਾਈਜ ਮਹਿਕਮੇ ਵਲੋਂ 10 ਲੱਖ ਰੁਪਏ ਦੀ ਸ਼ਰਾਬ ਮੁਫਤ ਮਿਲਟਰੀ ਨੂੰ ਵੰਡੀ ਗਈ । ਮਿਲਟਰੀ ਨੂੰ ਖੁਲ੍ਹੀ ਛੁੱਟੀ ਦੇ ਦਿੱਤੀ ਕਿ ਜਿੰਨਾਂ ਸਿੱਖਾਂ ਦਾ ਨੁਕਸਾਨ ਕਰ ਸਕਦੇ ਹੋ ਕਰੋ । ਸੋਚਣ ਵਾਲੀ ਗੱਲ ਹੈ ਕਿ ਸੰਤ ਜਰਨੈਲ ਸਿੰਘ ਜੀ ਤਾਂ ਸ੍ਰੀ ਹਰਿਮੰਦਰ ਸਾਹਿਬ ਸਨ ਪਰ ਬਾਕੀ ਪੰਜਾਬ ਦੇ ਗੁਰਦੁਆਰਿਆਂ 'ਤੇ ਅਟੈਕ ਕਿਉਂ ਕੀਤਾ ? ਸਾਫ ਗੱਲ ਹੈ ਕਿ ਇਹ ਸਿੱਖ ਧਰਮ ਨੂੰ ਖਤਮ ਕਰਨ ਦੀ ਸਾਜਿਸ਼ ਸੀ ।

ਆਗਿਆ ਭਈ ਅਕਾਲ ਕੀ, ਤਬੀ ਚਲਾਯੋ ਪੰਥ ॥
ਸਭ ਸਿੱਖਨਿ ਕੋ ਹੁਕਮ ਹੈ, ਗੁਰੂ ਮਾਨਿਓ ਗ੍ਰੰਥ ॥
ਗੁਰੂ ਗ੍ਰੰਥ ਜੀ ਮਾਨਿਓ, ਪ੍ਰਗਟ ਗੁਰਾਂ ਕੀ ਦੇਹ ॥
ਜੋ ਪ੍ਰਭ ਕੋ ਮਿਲਬੋ ਚਹੈ, ਖੋਜ ਸ਼ਬਦ ਮੈਂ ਲੇਹ ॥
ਰਾਜ ਕਰੇਗਾ ਖਾਲਸਾ, ਆਕੀ ਰਹੈ ਨ ਕੋਇ ॥
ਖੁਆਰ ਹੋਇ ਸਭਿ ਮਿਲੈਂਗੇ, ਬਚੇ ਸ਼ਰਨ ਜੋ ਹੋਇ ॥

ਪਰ ਜਿਹੜਾ ਪੰਥ ਅਕਾਲ ਪੁਰਖ ਨੇ ਆਪ ਥਾਪਿਆ ਹੋਵੇ ਉਸ ਨੂੰ ਕੌਣ ਖਤਮ ਕਰ ਸਕਦਾ ਹੈ । ਸਿੱਖ ਕੌਮ ਨੂੰ ਕੋਈ ਖਤਮ ਨਹੀਂ ਕਰ ਸਕਦਾ ।

*****

# ਸੱਚ ਨਾਲ ਜ਼ੁਲਮ

ਕਲਯੁਗ ਵਿਚ ਮੁਸਲਮਾਨਾਂ ਨੇ ਇੰਡੀਆ 'ਤੇ 700 ਸਾਲ ਰਾਜ ਕੀਤਾ। ਜਹਾਂਗੀਰ ਨੇ ਪੰਜਵੇਂ ਪਾਤਸ਼ਾਹ ਸ਼ਾਂਤੀ ਦੇ ਪੁੰਜ ਸ੍ਰੀ ਗੁਰੂ ਅਰਜਨ ਦੇਵ ਮਾਹਾਰਾਜ ਜੀ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ। ਮਹਾਰਾਜ ਜੀ ਦਾ ਕੋਈ ਵੀ ਕਸੂਰ ਨਹੀਂ ਸੀ। ਚੰਦੂ ਦੇ ਕਹਿਣੇ ਤੇ ਹੀ ਕਾਫੀ ਤਸੀਹੇ ਦਿੱਤੇ। ਔਰੰਗਜ਼ੇਬ ਨੇ ਨੌਂਵੇ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਚਾਂਦਨੀ ਚੌਂਕ ਵਿਖੇ ਸ਼ਹੀਦ ਕੀਤਾ। ਇਨ੍ਹਾਂ ਨੇ ਧਰਮ ਨਾਲ ਟੱਕਰ ਲਈ ਤੇ ਇਨ੍ਹਾਂ ਦਾ ਰਾਜ ਖਤਮ ਹੋ ਗਿਆ। ਗੋਰਿਆਂ ਨੇ ਇੰਡੀਆ 'ਤੇ 200 ਸਾਲ ਰਾਜ ਕੀਤਾ। ਇਨ੍ਹਾਂ ਦਾ ਰਾਜ ਚਲਾਉਣ ਦਾ ਤਰੀਕਾ ਚੰਗਾ ਸੀ ਕਿਉਂਕਿ ਆਮ ਜਨਤਾ ਨੂੰ ਕੋਈ ਡਰ ਨਹੀਂ ਸੀ। ਇਨ੍ਹਾਂ ਨੇ ਵੀ ਧਰਮ ਨਾਲ ਟੱਕਰ ਲਈ। ਮਹੰਤਾਂ ਦੇ ਨਾਲ ਮਿਲ ਕੇ ਨਨਕਾਣਾ ਸਾਹਿਬ ਜੀ 'ਤੇ ਹਮਲਾ ਕੀਤਾ। ਮਹੰਤ ਨਰੈਣ ਦਾਸ ਨਨਕਾਣਾ ਸਾਹਿਬ ਗੁਰਦੁਆਰੇ ਦੇ ਅੰਦਰ ਸ਼ਰਾਬ ਪੀ ਕੇ ਮਾੜੇ ਕੰਮ ਕਰਦਾ ਸੀ।

ਇੱਕ ਸਿੰਧੀ ਸਿੱਖ ਪਰਿਵਾਰ ਗੁਰਦੁਆਰੇ ਦਰਸ਼ਨ ਕਰਨ ਵਾਸਤੇ ਆਇਆ ਤਾਂ ਇਨ੍ਹਾਂ ਨੇ ਬੀਬੀਆਂ ਨਾਲ ਮਾੜਾ ਸਲੂਕ ਕੀਤਾ। ਇਹ ਗੁਰਦੁਆਰੇ ਦੇ ਅੰਦਰ ਬਹੁਤ ਮਾੜੇ ਕੰਮ ਕਰਦਾ ਸੀ। ਜਦੋਂ ਸਿੰਘਾਂ ਨੂੰ ਪਤਾ ਲੱਗਿਆ ਤਾਂ ਉਨ੍ਹਾਂ ਨੇ ਰੋਸ ਪ੍ਰਗਟ ਕੀਤਾ। ਭਾਈ ਕਰਤਾਰ ਸਿੰਘ ਝੱਬਰ ਅਤੇ ਭਾਈ ਲਛਮਣ ਸਿੰਘ ਧਾਰੋਵਾਲੀ 150 ਸਿੰਘਾਂ ਦਾ ਜਥਾ ਤਿਆਰ ਕਰਕੇ ਮਹੰਤ ਨਰੈਣ ਦਾਸ ਨੂੰ ਸਮਝਾਉਣ ਵਾਸਤੇ ਤੁਰ ਪਏ। ਮਹੰਤ ਨੂੰ ਜਦੋਂ ਪਤਾ ਲੱਗਿਆ ਤਾਂ ਉਸ ਨੇ ਗੋਰਿਆਂ ਦੇ ਜਨਰਲ ਦੀ ਮਦਦ ਨਾਲ ਸਿੰਘਾਂ 'ਤੇ ਹਮਲਾ ਕਰ ਦਿੱਤਾ ਤੇ ਸਾਰੇ ਸਿੰਘ ਸ਼ਹੀਦ ਕਰ ਦਿੱਤੇ। ਗੋਰਿਆਂ ਨੇ ਧਰਮ ਨਾਲ ਟੱਕਰ ਲਈ ਤੇ ਇਨ੍ਹਾਂ ਦਾ ਰਾਜ ਵੀ ਜਾਂਦਾ ਰਿਹਾ।

ਭੁੱਖ ਹੜਤਾਲ ਕਰਕੇ ਕੋਈ ਕਿਸੇ ਨੂੰ ਰਾਜ ਨਹੀਂ ਦਿੰਦਾ, ਦੇਸ਼ ਨੂੰ ਆਜ਼ਾਦ ਕਰਾਉਣ ਲਈ ਸਿੰਘਾਂ ਨੇ ਬੇਅੰਤ ਸ਼ਹੀਦੀਆਂ ਦਿੱਤੀਆਂ। ਸਾਰੇ ਧਰਮਾਂ ਨੇ ਉਦਮ ਕਰਕੇ ਦੇਸ਼ ਆਜ਼ਾਦ ਕਰਵਾਇਆ ਕਿ ਹਿੰਦੂ, ਮੁਸਲਮਾਨ, ਸਿੱਖ ਅਤੇ ਈਸਾਈ ਸਭ ਖੁਸ਼ ਰਹਿ ਸਕਣ। ਇਸ ਰਾਜ ਵਿਚ ਸਾਰੇ ਧਰਮਾਂ ਨੂੰ ਸੁੱਖ ਮਿਲਣਾ ਚਾਹੀਦਾ ਸੀ। ਸੁੱਖ ਦੀ ਬਜਾਏ ਦੂਸਰੇ ਧਰਮਾਂ 'ਤੇ ਹਮਲੇ ਹੁੰਦੇ ਰਹੇ ਹਨ। ਸਾਰੇ ਧਰਮਾਂ ਨੇ ਮਿਲ ਕੇ ਸੁੰਦਰ ਮਹਿਲ ਬਣਾਇਆ, ਪਰ ਇੰਦਰਾ ਗਾਂਧੀ ਅਤੇ ਗਿਆਨੀ ਜੈਲ ਸਿੰਘ ਇਸ ਮਹਿਲ ਦੇ ਥੱਲੇ ਅੱਗ ਲਗਾ ਕੇ ਚਲੇ ਗਏ। ਅੱਗ ਤਾਂ ਅੱਗ ਹੀ ਹੈ। ਅੱਗ ਨੇ ਤਾਂ ਸਾਰਾ ਕੁਝ ਭਸਮ ਕਰ ਹੀ ਦੇਣਾ ਹੈ। ਇੰਦਰਾ ਗਾਂਧੀ ਉਪਰੋਂ ਤਾਂ ਧਰਮ ਨੂੰ ਮੰਨਦੀ ਸੀ, ਪਰ ਅੰਦਰੋਂ ਕਮਿਊਨਿਸਟ ਬਣ ਚੁੱਕੀ ਸੀ ਤਾਂ ਹੀ ਇਸ ਨੇ ਸ੍ਰੀ ਹਰਿਮੰਦਰ ਸਾਹਿਬ ਜੀ 'ਤੇ ਅਟੈਕ ਕਰਵਾਇਆ। ਇਸ ਪਵਿੱਤਰ ਸਥਾਨ 'ਤੇ ਅਟੈਕ ਕਰਵਾਉਣਾ ਮਾਮੂਲੀ ਗੱਲ ਨਹੀਂ ਹੈ। ਇਸ ਦਾ ਨਤੀਜਾ ਤਾਂ ਸਾਰੇ ਦੇਸ ਨੂੰ ਭੁਗਤਣਾ ਹੀ ਪਵੇਗਾ। ਜਿਵੇਂ ਕਿ ਕੋਈ ਤੂਫਾਨ ਆ ਜਾਵੇ,

ਕੋਈ ਬਿਮਾਰੀ ਫੈਲ ਜਾਵੇ ਜਾਂ ਕੋਈ ਦੇਸ਼ 'ਤੇ ਹਮਲਾ ਕਰ ਦੇਵੇ ਇੰਡੀਆ ਦਾ ਬਹੁਤ ਨੁਕਸਾਨ ਹੋਵੇਗਾ। ਜਿਹੜਾ ਵੀ ਜ਼ੁਲਮ ਕਰਦਾ ਹੈ, ਉਸ ਦਾ ਰਾਜ ਖਤਮ ਹੋ ਜਾਂਦਾ ਹੈ।

ਲੰਕਾ ਸਾ ਕੋਟੁ, ਸਮੁੰਦ ਸੀ ਖਾਈ ॥
ਤਿਹ ਰਾਵਨ ਘਰ ਖਬਰਿ ਨ ਪਾਈ ॥ 1 ॥
ਕਿਆ ਮਾਗਉ ਕਿਛੁ ਥਿਰੁ ਨ ਰਹਾਈ ॥
ਦੇਖਤ ਨੈਨ ਚਲਿਓ ਜਗੁ ਜਾਈ ॥ 1 ॥ ਰਹਾਉ ॥
ਇਕੁ ਲਖੁ ਪੂਤ, ਸਵਾ ਲਖੁ ਨਾਤੀ ॥
ਤਿਹ ਰਾਵਨ ਘਰਿ ਦੀਆ ਨ ਬਾਤੀ ॥ 2 ॥
ਚੰਦੁ ਸੂਰਜੁ ਜਾ ਕੇ ਤਪਤ ਰਸੋਈ ॥
ਬੈਸੰਤਰੁ ਜਾ ਕੇ ਕਪਰੇ ਧੋਈ ॥ 3 ॥
ਗੁਰਮਤਿ ਰਾਮੈ ਨਾਮਿ ਬਸਾਈ ॥
ਅਸਥਿਰੁ ਰਹੈ ਨ ਕਤਹੂੰ ਜਾਈ ॥ 4 ॥
ਕਹਤ ਕਬੀਰ ਸੁਨਹੁ ਰੇ ਲੋਈ ॥
ਰਾਮ ਨਾਮ ਬਿਨੁ ਮੁਕਤਿ ਨ ਹੋਈ ॥ 5 ॥

*(ਰਾਗੁ ਆਸਾ ਪੰ:–481)*

ਰਾਵਣ ਕਿੰਨਾ ਬਲਵਾਨ ਸੀ, ਉਸ ਦੀ ਸੋਨੇ ਦੀ ਲੰਕਾ ਸੀ। ਇੱਕ ਲੱਖ ਪੁੱਤਰ ਅਤੇ ਸਵਾ ਲੱਖ ਨਾਤੀ (ਪੋਤਰੇ) ਸਨ। ਉਸ ਦਾ ਲੜਕਾ ਮੇਘਨਾਥ ਬਹੁਤ ਹੀ ਬਲਵਾਨ ਸੀ। ਰਾਵਣ ਨੇ ਇਕ ਗਲਤੀ ਕੀਤੀ। ਰਾਮ ਚੰਦਰ ਜੀ ਦੀ ਪਤਨੀ ਸੀਤਾ ਨੂੰ ਉਠਾ ਕੇ ਲੈ ਗਿਆ। ਸ੍ਰੀ ਰਾਮ ਚੰਦਰ ਜੀ ਤੇ ਰਾਵਣ ਵਿਚਕਾਰ ਯੁੱਧ ਹੋਇਆ। ਇੱਕ ਪਾਸੇ ਰਾਮ ਚੰਦਰ, ਲਛਮਨ, ਹਨੂੰਮਾਨ ਤੇ ਬਾਨਰ ਸੈਨਾ ਸੀ ਦੂਸਰੇ ਪਾਸੇ ਰਾਵਣ ਦੀ ਸਾਰੀ ਸੈਨਾ ਤੇ ਸਾਰਾ ਪਰਿਵਾਰ ਸੀ। ਰਾਵਣ ਦੇ ਪਰਿਵਾਰ ਵਿਚੋਂ ਕੋਈ ਵੀ ਨਹੀਂ ਬਚਿਆ। ਜਿੱਤ ਸ੍ਰੀ ਰਾਮ ਚੰਦਰ ਜੀ ਦੀ ਹੋਈ। ਜਿੱਤ ਹਮੇਸ਼ਾਂ ਸੱਚ ਦੀ ਹੁੰਦੀ ਹੈ। ਇਸੇ ਤਰ੍ਹਾਂ ਸ੍ਰੀ ਕ੍ਰਿਸ਼ਨ ਭਗਵਾਨ ਦੁਰਯੋਧਨ ਦੇ ਪਾਸ ਗਏ ਕਿ ਪਾਂਡਵ ਵੀ ਤੇਰੇ ਭਰਾ ਹਨ ਜੇ ਅੱਧਾ ਰਾਜ ਨਹੀਂ ਤਾਂ ਪੰਜ ਪਿੰਡ ਹੀ ਉਨ੍ਹਾਂ ਨੂੰ ਦੇ ਦੇਹ ਤਾਂ ਦੁਰਯੋਧਨ ਨੇ ਉਤਰ ਦਿੱਤਾ ਕਿ ਪੰਜ ਪਿੰਡ ਤਾਂ ਕੀ ਮੈਂ ਤਾਂ ਸੂਈ ਦੇ ਨੱਕੇ ਜਿੰਨੀ ਜ਼ਮੀਨ ਵੀ ਇਹਨਾਂ ਨੂੰ ਨਹੀਂ ਦੇਣੀ। ਦੁਰਯੋਧਨ ਬਹੁਤ ਹੰਕਾਰੀ ਸੀ। ਉਸ ਦੀ ਮੱਤ ਇੰਨੀ ਮਲੀਨ ਹੋ ਗਈ ਕਿ ਉਸ ਨੇ ਆਪਣੇ ਹੀ ਪਰਿਵਾਰ ਦੀ ਇੱਜ਼ਤ ਦੀ ਕੋਈ ਪ੍ਰਵਾਹ ਨਹੀਂ ਕੀਤੀ। ਭਰੀ ਸਭਾ ਵਿਚ ਦਰੋਪਤੀ ਨੂੰ ਨੰਗਿਆਂ ਕਰਨ ਦਾ ਹੁਕਮ ਦਿੱਤਾ। ਕ੍ਰਿਸ਼ਨ ਭਗਵਾਨ ਨੇ ਉਸ ਦੀ ਰੱਖਿਆ ਕੀਤੀ। ਦੁਰਯੋਧਨ ਕਹਿੰਦਾ ਸੀ ਕਿ ਮੇਰੇ ਨਾਲ ਤਾਂ ਸਾਰੇ ਹਨ, ਮੇਰੀ ਬਹੁਤ ਤਾਕਤ ਹੈ, ਪਾਂਡਵ ਤਾਂ ਕੁਝ ਵੀ ਨਹੀਂ ਹਨ। ਉਨ੍ਹਾਂ ਦੀ ਕੋਈ ਤਾਕਤ ਨਹੀਂ ਹੈ। ਜਿੱਤ ਤਾਂ ਮੇਰੀ ਹੀ ਹੋਣੀ ਹੈ। ਕ੍ਰਿਸ਼ਨ ਭਗਵਾਨ ਜੀ ਵੀ ਸੱਚ ਨਾਲ ਖੜ੍ਹੇ ਹੋਏ। ਸੱਚ ਦੀ

ਹਮੇਸ਼ਾ ਜਿੱਤ ਹੁੰਦੀ ਹੈ। ਪਾਂਡਵਾਂ ਦੀ ਜਿੱਤ ਹੋਈ। ਜਿਹੜਾ ਵੀ ਕੋਈ ਮਾੜਾ ਕੰਮ ਕਰਦਾ ਹੈ, ਉਸ ਦਾ ਫਲ ਉਸ ਨੂੰ ਭੁਗਤਣਾ ਹੀ ਪੈਂਦਾ ਹੈ। ਰਾਵਣ ਤੇ ਦੁਰਯੋਧਨ ਨੇ ਹੰਕਾਰ ਵਿਚ ਆ ਕੇ ਮਾੜਾ ਸੋਚਿਆ ਤੇ ਉਨ੍ਹਾਂ ਦਾ ਰਾਜ ਖਤਮ ਹੋ ਗਿਆ। ਰਾਵਣ ਤੇ ਦੁਰਯੋਧਨ ਵਾਲੀਆਂ ਉਦਾਹਰਣਾਂ ਤਾਂ ਬਹੁਤ ਪੁਰਾਣੀਆਂ ਹਨ। ਕਲਯੁਗ ਵਿਚ ਅੱਜਕਲ ਦੀ ਉਦਾਹਰਣ ਲੈ ਲਉ ਕਿ ਰਸ਼ੀਆਂ (ਰੂਸ) ਦੀ ਕਿੰਨੀ ਵੱਡੀ ਤਾਕਤ ਸੀ। ਦੁਨੀਆ ਵਿਚ ਪਹਿਲੇ ਨੰਬਰ ਤੇ ਸੀ, ਇਸ ਨੂੰ ਵੀ ਘੁਮੰਡ ਸੀ ਕਿ ਦੁਨੀਆਂ ਵਿਚ ਸਾਡੇ ਜਿੰਨੀ ਤਾਕਤ ਕਿਸੇ ਕੋਲ ਵੀ ਨਹੀਂ ਹੈ। ਬੜੇ ਨਿਊਕਲੀਅਰ ਬੰਬ ਬਣਾਏ ਸਨ। ਇਸ ਤਾਕਤ ਵਿਚ ਆ ਕੇ ਪ੍ਰਮਾਤਮਾ ਨੂੰ ਭੁਲ ਗਏ। ਕੁਦਰਤ ਨੇ ਐਸੀ ਕਲਾ ਵਰਤਾਈ ਕਿ ਦੇਸ ਦੇ ਟੁਕੜੇ ਟੁਕੜੇ ਹੋ ਗਏ। ਇਨ੍ਹਾਂ ਕਮਿਊਨਿਸਟਾਂ ਨੇ ਪ੍ਰਮਾਤਮਾ ਨਾਲ ਟਾਕਰਾ ਲਿਆ ਕਿ ਰੱਬ ਤਾਂ ਹੈ ਹੀ ਨਹੀਂ। ਇਹ ਕਿਸੇ ਧਰਮ ਨੂੰ ਨਹੀਂ ਮੰਨਦੇ। ਇੰਦਰਾ ਗਾਂਧੀ ਨੇ ਵੀ ਰੂਸ ਦੇ ਮਗਰ ਲੱਗ ਕੇ ਅਟੈਕ ਕਰਵਾਇਆ। ਇਸ ਅਟੈਕ ਤੋਂ ਬਾਅਦ ਹੀ ਰੂਸ ਦੇ ਟੋਟੇ ਟੋਟੇ ਹੋਏ। ਇਸੇ ਤਰ੍ਹਾਂ ਇੰਡੀਆ ਦੇ ਵੀ ਟੋਟੇ-ਟੋਟੇ ਜ਼ਰੂਰ ਹੋਣਗੇ। ਜਿਸ ਨੇ ਜਨਤਾ ਨੂੰ ਦੁਖੀ ਕੀਤਾ, ਉਸ ਦਾ ਰਾਜ ਸਹਿਜੇ ਸਹਿਜੇ ਖਤਮ ਹੋ ਗਿਆ।

*****

# ਗੁਰਸਿੱਖਾਂ ਦੀ ਅਰਦਾਸ

ਅਚਾਨਕ ਦਾਸ ਦੀ ਸਿਹਤ ਕੁਝ ਜਿਆਦਾ ਖਰਾਬ ਹੋ ਗਈ। ਸਰੀਰ ਕਾਫੀ ਕਮਜ਼ੋਰ ਹੋ ਗਿਆ। ਬੁਖਾਰ ਉਤਰਦਾ ਹੀ ਨਹੀਂ ਸੀ। ਆਪਣੇ ਫੈਮਲੀ ਡਾਕਟਰ ਕੋਲੋਂ ਚੈੱਕ ਕਰਵਾਇਆ। ਉਸ ਨੇ ਦੱਸਿਆ ਕਿ ਹਾਲਤ ਕੁਝ ਜਿਆਦਾ ਹੀ ਖਰਾਬ ਹੈ। ਹਸਪਤਾਲ ਤੋਂ ਚੈੱਕ ਕਰਵਾ ਦਿੰਦੇ ਹਾਂ। ਭਾਈ ਜਗਤਾਰ ਸਿੰਘ ਜੀ, ਭਾਈ ਅਵਤਾਰ ਸਿੰਘ ਜੀ, ਭਾਈ ਗੁਰਸ਼ਰਨ ਸਿੰਘ ਜੀ ਨੇ ਵਿਚਾਰ ਕੀਤਾ, ਕਿ ਹਾਲਤ ਜਿਆਦਾ ਖਰਾਬ ਹੈ ਕਿਉਂ ਨਾ ਪ੍ਰਾਈਵੇਟ ਇਲਾਜ ਕਰਵਾ ਲਈਏ। ਭਾਈ ਗੁਰਸ਼ਰਨ ਸਿੰਘ ਮੈਨੂੰ ਡਾਕਟਰ ਕੂਨਰ ਦੇ ਪਾਸ ਚੈੱਕ ਕਰਾਉਣ ਲਈ ਲੈ ਗਿਆ। ਡਾਕਟਰ ਨੇ ਚੈੱਕ ਕਰਕੇ ਗੁਰਸ਼ਰਨ ਸਿੰਘ ਨੂੰ ਦੱਸਿਆ ਕਿ ਹਾਲਤ ਬਹੁਤ ਖਰਾਬ ਹੈ, ਚੰਦ ਦਿਨ ਦੇ ਹੀ ਮਹਿਮਾਨ ਹਨ। ਵੱਧ ਤੋਂ ਵੱਧ ਇਕ ਹਫਤਾ ਹੀ ਕੱਟਣਗੇ। ਪਰ ਇਹ ਗੱਲ ਗੁਰਸ਼ਰਨ ਸਿੰਘ ਨੇ ਮੇਰੇ ਕੋਲੋਂ ਛੁਪਾ ਕੇ ਰੱਖੀ। ਰਿਪੋਰਟ ਦੇਖ ਕੇ ਡਾਕਟਰ ਹੈਰਾਨ ਰਹਿ ਗਿਆ ਕਿ ਇੰਨੀ ਹਾਲਤ ਖਰਾਬ ਹੋਣ ਦੇ ਬਾਵਜੂਦ ਵੀ ਸਰੀਰ ਵਿਚ ਕੋਈ ਨੁਕਸ ਨਹੀਂ ਦਿਖਾਈ ਦਿੱਤਾ। ਕਿਡਨੀ ਖਰਾਬ ਹੋ ਸਕਦੀ ਹੈ ਜਾਂ ਬਲੱਡ ਪ੍ਰੈਸ਼ਰ ਜਿਆਦਾ ਹੋ ਸਕਦਾ ਹੈ। ਹਾਰਟ ਅਟੈਕ ਵੀ ਹੋ ਸਕਦਾ ਸੀ। ਡਾਕਟਰ ਨੇ ਕਿਹਾ ਕਿ ਹਸਪਤਾਲ ਦਾਖਲ ਕਰਵਾ ਦਿਉ। ਅਸੀਂ ਪੂਰਾ ਇਲਾਜ ਕਰਾਂਗੇ। ਉਨ੍ਹਾਂ ਨੇ ਪੂਰੀ ਚੈੱਕਅਪ ਕੀਤੀ। ਉਨ੍ਹਾਂ ਨੂੰ ਸ਼ੱਕ ਸੀ ਕਿ ਹਾਰਟ ਵਿਚ ਕੋਈ ਨੁਕਸ ਹੋ ਸਕਦਾ ਹੈ। ਵਾਰ ਵਾਰ ਆ ਕੇ ਦੇਖਦੇ ਸੀ, ਪਰ ਉਨ੍ਹਾਂ ਨੂੰ ਕੁਝ ਨਹੀਂ ਮਿਲਿਆ। ਅਚਾਨਕ ਇਕ ਦਿਨ ਸੁਆਸ-ਸੁਆਸ ਸਿਮਰਨ ਆਪੇ ਚਲਣ ਲੱਗ ਪਿਆ। ਸਿਮਰਨ ਦੇ ਪ੍ਰਤਾਪ ਕਰਕੇ ਇੰਨੀ ਹਾਲਤ ਖਰਾਬ ਹੁੰਦੇ ਹੋਏ ਵੀ ਮੈਨੂੰ ਕੋਈ ਦੁੱਖ ਤਕਲੀਫ ਮਹਿਸੂਸ ਨਹੀਂ ਸੀ ਹੋਈ। ਸੁਆਸ-ਸੁਆਸ ਸਿਮਰਨ ਚੱਲਣ ਦੇ ਨਾਲ ਸੁਆਸ ਉਪਰ ਨੂੰ ਚੜ੍ਹਨ ਲੱਗੇ ਤੇ ਤ੍ਰਿਕੁਟੀ ਤੇ ਖਾਜ ਹੋਣ ਲੱਗੀ। ਤ੍ਰਿਕੁਟੀ ਨੱਕ ਉਪਰ ਭਰਵੱਟਿਆਂ ਦੇ ਵਿਚਕਾਰ ਹੁੰਦੀ ਹੈ।

ਰੀ ਕਲਵਾਰਿ ਗਵਾਰਿ ਮੂਢ ਮਤਿ, ਉਲਟੋ ਪਵਨੁ ਫਿਰਾਵਉ ॥
ਮਨੁ ਮਤਵਾਰ, ਮੇਰ ਸਰ ਭਾਠੀ, ਅੰਮ੍ਰਿਤ ਧਾਰ ਚੁਆਵਉ ॥
*(ਰਾਗੁ ਕੇਦਾਰਾ ਪੰ:-1123)*

ਸੁਆਸ ਉਪਰ ਨੂੰ ਚੜ੍ਹਨ ਲੱਗੇ ਤੇ ਮੈਂ ਸੋਚਿਆ ਕਿ ਵਿਛੋੜੇ ਦਾ ਸਮਾਂ ਨੇੜੇ ਆ ਗਿਆ ਹੈ। ਇਸ ਵੇਲੇ ਭਾਈ ਜਗਤਾਰ ਸਿੰਘ ਤੇ ਬੀਬੀ ਰਾਮਿੰਦਰ ਕੌਰ ਮੇਰੇ ਕੋਲ ਬੈਠੇ ਸਨ। ਦਾਸ ਨੇ ਉਨ੍ਹਾਂ ਨੂੰ ਕਿਹਾ ਕਿ ਤੁਸੀਂ ਘਰ ਚਲੇ ਜਾਵੋ। ਜਗਤਾਰ ਸਿੰਘ ਸੁਣ ਕੇ ਬਹੁਤ ਹੈਰਾਨ ਹੋਇਆ ਕਿ ਹੁਣੇ ਤਾਂ ਅਸੀਂ ਆਏ ਹਾਂ ਅਤੇ ਹੁਣੇ ਹੀ ਵਾਪਸ ਭੇਜ ਰਹੇ ਹਨ। ਸੋਚਣ ਲੱਗਾ ਕਿ ਕੋਈ ਗੱਲ ਜਰੂਰ ਹੈ। ਸ਼ਾਇਦ ਇਨ੍ਹਾਂ ਦਾ ਸਿਮਰਨ ਚੱਲਦਾ

ਹੋਵੇ ਤੇ ਇਕਾਂਤ ਚਾਹੁੰਦੇ ਹੋਣ । ਸ਼ਾਇਦ ਪ੍ਰਮਾਤਮਾ ਨਾਲ ਲਿਵ ਜੁੜੀ ਹੋਵੇ । ਭਾਈ ਜਗਤਾਰ ਸਿੰਘ ਹੁਰੀਂ ਵਾਪਸ ਚਲੇ ਗਏ ।

ਦਾਸ ਦੀ ਬੇਨਤੀ ਹੈ ਕਿ ਜਦੋਂ ਅੰਤ ਸਮਾਂ ਨੇੜੇ ਆਇਆ ਹੋਵੇ ਤਾਂ ਲਿਵ ਪ੍ਰਮਾਤਮਾ ਨਾਲ ਜੋੜਨੀ ਚਾਹੀਦੀ ਹੈ । ਮਨ ਇਤਨਾ ਚੰਚਲ ਹੈ ਕਿ ਜੇ ਕਿਸੇ ਦੇ ਮੋਹ ਵਿਚ ਫਸ ਗਿਆ ਤਾਂ ਵਾਰ-ਵਾਰ ਜਨਮ ਲੈਣਾ ਪਵੇਗਾ । ਜਿਸ ਤਰ੍ਹਾਂ ਬੱਚੇ ਜਾਂ ਇਸਤਰੀ ਦਾ ਮੋਹ ਨਾ ਜਾਗ ਪਵੇ । ਜਿਹੜੇ ਬੰਦੇ ਅੰਤ ਵੇਲੇ ਦੁਨਿਆਵੀ ਮੋਹ ਵਿਚ ਧਿਆਨ ਰੱਖਦੇ ਹਨ, ਉਹ ਵਾਰ ਵਾਰ ਜਨਮ ਲੈਂਦੇ ਹਨ । ਗੁਰਮੁਖਾਂ ਨੂੰ ਤਾਂ ਮਨੁਖਾ ਜਨਮ ਮਿਲ ਜਾਂਦਾ ਹੈ ਪਰ ਜਿਹੜੇ ਕਦੀ ਸਿਮਰਨ ਨਹੀਂ ਕਰਦੇ, ਮਾਇਆ ਦੇ ਚੱਕਰ ਵਿਚ ਫਿਰਦੇ ਹਨ, ਉਹ ਸਰਪ ਜੂਨ ਵਿਚ ਚਲੇ ਜਾਂਦੇ ਹਨ । ਜਿਹੜੇ ਬੱਚਿਆਂ ਵੱਲ ਧਿਆਨ ਰੱਖਦੇ ਹਨ, ਉਨ੍ਹਾਂ ਨੂੰ ਸੂਰ ਦੀ ਜਿੰਦਗੀ ਮਿਲਦੀ ਹੈ । ਜਿਸ ਤਰ੍ਹਾਂ ਗੁਰਬਾਣੀ ਵਿਚ ਭਗਤ ਤ੍ਰਿਲੋਚਨ ਜੀ ਫੁਰਮਾਉਂਦੇ ਹਨ :-

ਅੰਤਿ ਕਾਲਿ ਜੋ ਲਛਮੀ ਸਿਮਰੈ, ਐਸੀ ਚਿੰਤਾ ਮਹਿ ਜੇ ਮਰੈ
ਸਰਪ ਜੋਨਿ ਵਲਿ ਵਲਿ ਅਉਤਰੈ ॥ 1 ॥
ਅਰੀ ਬਾਈ ਗੋਬਿਦ ਨਾਮੁ ਮਤਿ ਬੀਸਰੈ ॥ ਰਹਾਉ ॥
ਅੰਤਿ ਕਾਲਿ ਜੋ ਇਸਤ੍ਰੀ ਸਿਮਰੈ, ਐਸੀ ਚਿੰਤਾ ਮਹਿ ਜੇ ਮਰੈ
ਬੇਸਵਾ ਜੋਨਿ ਵਲਿ ਵਲਿ ਅਉਤਰੈ ॥ 2 ॥
ਅੰਤਿ ਕਾਲਿ ਜੋ ਲੜਿਕੇ ਸਿਮਰੈ, ਐਸੀ ਚਿੰਤਾ ਮਹਿ ਜੇ ਮਰੈ
ਸੂਕਰ ਜੋਨਿ ਵਲਿ ਵਲਿ ਅਉਤਰੈ ॥ 3 ॥
ਅੰਤਿ ਕਾਲਿ ਜੋ ਮੰਦਰ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ
ਪ੍ਰੇਤ ਜੋਨਿ ਵਲਿ ਵਲਿ ਅਉਤਰੈ ॥ 4 ॥
ਅੰਤਿ ਕਾਲਿ ਨਾਰਾਇਣੁ ਸਿਮਰੈ, ਐਸੀ ਚਿੰਤਾ ਮਾਹਿ ਜੇ ਮਰੈ ॥
ਬਦਤਿ ਤ੍ਰਿਲੋਚਨੁ ਤੇ ਨਰ ਮੁਕਤਾ ਪੀਤੰਬਰੁ ਵਾ ਕੇ ਰਿਦੈ ਬਸੈ ॥ 5 ॥

*(ਰਾਗੁ ਗੂਜਰੀ ਪੰ:-526)*

ਇਸ ਤਰ੍ਹਾਂ ਦੇ ਕੌਤਕ ਦਾਸ ਨੇ ਕਈ ਦੇਖੇ ਹਨ । ਜੇ ਅੰਤ ਵੇਲੇ ਧਿਆਨ ਕਿਸੇ ਵੱਲ ਚਲਾ ਜਾਵੇ, ਫਿਰ ਉਹ ਜਨਮ ਮਰਨ ਦੇ ਚੱਕਰ ਵਿਚ ਪੈ ਜਾਂਦਾ ਹੈ । ਦਾਸ ਇੰਡੀਆ ਵਿਚ ਸੀ, ਅਚਾਨਕ ਇੱਕ ਗੁਰਸਿੱਖ ਦੀ ਮੌਤ ਹੋ ਗਈ । ਅੰਤ ਸਮੇਂ ਉਸ ਨੇ ਸਾਰੇ ਪਰਿਵਾਰ ਵੱਲ ਦੇਖਿਆ ਅਤੇ ਕਿਹਾ ਕਿ ਮੇਰੀ ਲੜਕੀ ਇਥੇ ਨਹੀਂ ਹੈ । ਉਹ ਇੰਗਲੈਂਡ ਵਿਚ ਸੀ । ਜਿਸ ਤਰ੍ਹਾਂ ਇਸ ਗੁਰਸਿੱਖ ਨੇ ਅੰਤ ਵੇਲੇ ਲੜਕੀ ਨੂੰ ਚੇਤੇ ਕੀਤਾ ਤਾਂ ਉਸ ਨੇ ਆਪਣੀ ਹੀ ਲੜਕੀ ਦੇ ਘਰ ਲੜਕੀ ਬਣ ਕੇ ਜਨਮ ਲਿਆ । ਇਸੇ ਤਰ੍ਹਾਂ ਅਫਰੀਕਾ ਵਿਚ ਵੀ ਇੱਕ ਗੁਰਸਿੱਖ ਬਾਣੀ ਪੜ੍ਹਨ ਵਾਲੇ ਅਤੇ ਕੀਰਤਨ ਕਰਨ ਵਾਲੇ ਨੇ ਵੀ ਅੰਤ ਵੇਲੇ ਆਪਣੀ ਲੜਕੀ ਦਾ ਧਿਆਨ ਧਰਿਆ ਤੇ ਇਸ ਨੇ ਵੀ ਆਪਣੀ ਲੜਕੀ ਦੇ ਘਰ ਲੜਕੀ ਬਣ ਕੇ ਜਨਮ ਲਿਆ ।

ਨਾਰੀ ਤੇ ਜੋ ਪੁਰਖੁ ਕਰਾਵੈ ਪੁਰਖਨ ਤੇ ਜੋ ਨਾਰੀ ॥
ਕਹੁ ਕਬੀਰ ਸਾਧੂ ਕੋ ਪ੍ਰੀਤਮੁ ਤਿਸੁ ਮੂਰਤਿ ਬਲਿਹਾਰੀ ॥
*(ਸਾਰੰਗ ਕਬੀਰ ਜੀਉ ਪੰ: -1252)*

ਜਦੋਂ ਗੁਰਸਿੱਖਾਂ ਨੂੰ ਪਤਾ ਲੱਗਿਆ ਕਿ ਮੇਰੀ ਹਾਲਤ ਬਹੁਤ ਖਰਾਬ ਹੈ ਤਾਂ ਸਾਰਿਆ ਨੇ ਮਿਲ ਕੇ ਦਾਸ ਦੀ ਤੰਦਰੁਸਤੀ ਵਾਸਤੇ ਅਰਦਾਸਾਂ ਕੀਤੀਆ । ਇੰਗਲੈਂਡ, ਕੈਨੇਡਾ, ਅਮਰੀਕਾ, ਨਿਊਜੀਲੈਂਡ, ਆਸਟਰੇਲੀਆ, ਮਲੇਸ਼ੀਆ, ਸਿੰਘਾਪੁਰ, ਇੰਡੀਆ ਅਤੇ ਜਿਥੇ ਵੀ ਗੁਰਸਿੱਖ ਬੈਠੇ ਸਨ, ਸਭ ਨੇ ਅਰਦਾਸਾਂ ਕੀਤੀਆਂ । ਭਾਈ ਜੀਵਨ ਸਿੰਘ ਜੀ ਨੇ ਰੈਣ ਸਬਾਈ ਤੇ ਅਰਦਾਸ ਕੀਤੀ । ਗਿਆਨੀ ਅਮੋਲਕ ਸਿੰਘ ਜੀ ਨੇ ਮਾਰਟਿਨਡੇਲ ਗੁਰਦੁਆਰਾ ਹੰਸਲੋ ਵਿਖੇ ਕੀਰਤਨ ਦਾ ਪ੍ਰੋਗਰਾਮ ਰੱਖਿਆ ਤੇ ਸਾਰੇ ਗੁਰਸਿੱਖਾਂ ਨੂੰ ਬੁਲਾ ਕੇ ਅਰਦਾਸ ਕੀਤੀ । ਕਲਿਫਟਨ ਰੋਡ ਗੁਰਦੁਆਰੇ ਵੀ ਪ੍ਰਿਥੀਪਾਲ ਸਿੰਘ ਨੇ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਤੇ ਬਾਬਾ ਜਸਵੰਤ ਸਿੰਘ ਨੇ ਅਰਦਾਸ ਕੀਤੀ । ਇਨ੍ਹਾਂ ਸਾਰੇ ਗੁਰਸਿੱਖਾਂ ਦੀ ਅਰਦਾਸ ਦਾ ਸਦਕਾ ਮੈਨੂੰ ਨਵਾਂ ਜੀਵਨ ਮਿਲਿਆ । ਗੁਰਸਿੱਖਾਂ ਦੀ ਅਰਦਾਸ ਵਿਚ ਬਹੁਤ ਸ਼ਕਤੀ ਹੈ । ਗਿਆਨੀ ਅਮੋਲਕ ਸਿੰਘ ਜੀ ਨੇ ਬੜੇ ਬੈਰਾਗ ਵਿਚ ਆ ਕੇ ਦਿਲ ਦੀ ਡੂੰਘਾਈ ਤੋਂ ਅਰਦਾਸ ਕੀਤੀ :-

ਸ੍ਰੀ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ
ੴ ਵਾਹਿਗੁਰੂ ਜੀ ਕੀ ਫ਼ਤਹ
ਸ੍ਰੀ ਭਗੌਤੀ ਜੀ ਸਹਾਇ ।
ਵਾਰ ਸ੍ਰੀ ਭਗੌਤੀ ਜੀ ਕੀ ਪਾਤਸ਼ਾਹੀ ਦਸਵੀਂ ।

ਪ੍ਰਿਥਮ ਭਗੌਤੀ ਸਿਮਰ ਕੇ ਗੁਰੂ ਨਾਨਕ ਲਈਂ ਧਿਆਇ । ਫਿਰ ਅੰਗਦ ਗੁਰ ਤੇ ਅਮਰਦਾਸੁ, ਰਾਮਦਾਸੈ ਹੋਈ ਸਹਾਇ । ਅਰਜਨ ਹਰਗੋਬਿੰਦ ਨੋ, ਸਿਮਰੋ ਸ੍ਰੀ ਹਰਿਰਾਇ । ਸ੍ਰੀ ਹਰਿ ਕ੍ਰਿਸ਼ਨ ਧਿਆਈਐ, ਜਿਸ ਡਿਠੇ ਸਭ ਦੁਖਿ ਜਾਇ । ਤੇਗ ਬਹਾਦਰ ਸਿਮਰਿਐ, ਘਰ ਨਉ ਨਿਧਿ ਆਵੈ ਧਾਇ । ਸਭ ਥਾਈਂ ਹੋਇ ਸਹਾਇ, ਸਭਿ ਥਾਈਂ ਹੋਇ ਸਹਾਇ । ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਪੰਥ ਦੇ ਵਾਲੀ, ਗੁਰੂ ਖਾਲਸਾ ਦੇ ਸਾਜਣ .ਨਿਵਾਜਣ ਵਾਲੇ ਮਿਹਰਵਾਨ ਬਖਸ਼ਿਸ਼ ਭੰਡਾਰ ਸਾਈਂ ਸਤਿਗੁਰੂ ਸਭਿ ਥਾਈਂ ਹੋਣਾ ਜੀ ਸਹਾਇ । ਸਭਿ ਥਾਈਂ ਹੋਣਾ ਜੀ ਸਹਾਇ ।

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥
ਗੁਰ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥
*(ਨਟ ਮ: 4 ਪੰ: -982)*

ਦਸਾਂ ਪਾਤਸ਼ਾਹੀਆਂ ਦੇ ਪ੍ਰਤੱਖ ਹਾਜ਼ਰ ਨਾਜ਼ਰ ਸਰੂਪ, ਜਾਗਦੀ ਜੋਤ, ਚਵਰ ਤਖਤ ਦੇ ਮਾਲਕ, ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਪਾਤਸ਼ਾਹ ਸਭਿ ਥਾਈਂ ਹੋਣਾ ਜੀ

ਸਹਾਇ। ਤਿਨ੍ਹਾਂ ਦੇ ਪਾਠ ਦੀਦਾਰ ਦਾ ਧਿਆਨ ਧਰ ਕੇ ਖ਼ਾਲਸਾ ਜੀ ਸਾਹਿਬ ਬੋਲਣਾ ਜੀ ਸ੍ਰੀ ਵਾਹਿਗੁਰੁ। ਸਤਿ ਸ੍ਰੀ ਅਕਾਲ ਪੁਰਖ ਜੀ ਕਾ ਧਿਆਨ ਧਰ ਕੇ ਖ਼ਾਲਸਾ ਸਾਹਿਬ ਬੋਲਣਾ ਜੀ ਸ੍ਰੀ ਵਾਹਿਗੁਰੁ।

ਪੰਜਾਂ ਪਿਆਰਿਆਂ, ਚੌਹਾਂ ਸਾਹਿਬਜ਼ਾਦਿਆਂ, ਚਾਲੀ ਮੁਕਤਿਆਂ, ਸਮੂਹ ਹੱਠੀਆਂ, ਜਪੀਆਂ, ਤਪੀਆਂ, ਜਿਨ੍ਹਾਂ ਗੁਰਮੁੱਖਾਂ, ਗੁਰੂ ਕੇ ਲਾਲਾਂ ਨੇ ਨਾਮ ਜਪਿਆ, ਵੰਡ ਕੇ ਛਕਿਆ, ਦੇਗ ਚਲਾਈ, ਤੇਗ ਵਾਹੀ, ਵੇਖ ਕੇ ਅਣਡਿੱਠ ਕੀਤਾ, ਧਰਮ ਦੀ ਖ਼ਾਤਰ ਅਕਹਿ ਤੇ ਅਸਹਿ ਕਸ਼ਟ ਸਹਾਰ ਕੇ ਸ਼ਹੀਦੀਆਂ ਪ੍ਰਾਪਤ ਕੀਤੀਆਂ, ਧਰਮ ਨਹੀਂ ਹਾਰਿਆ, ਸਿੱਖੀ ਕੇਸਾਂ ਸਵਾਸਾਂ ਸੰਗ ਨਿਭਾਹੀ, ਗੁਰਦੁਆਰਾ ਸੁਧਾਰ ਲਈ ਆਪਣਾ ਆਪਾ ਵਾਰਿਆ, ਧਰਮ ਨਹੀਂ ਹਾਰਿਆ, ਸਿਦਕ ਤੇ ਪੂਰਨੇ ਪਾਏ, ਤਿਨ੍ਹਾਂ ਧਰਮੀ ਗੁਰਮੁੱਖਾਂ, ਗੁਰਸਿੱਖਾਂ, ਸਿੰਘਾਂ ਸਿੰਘਣੀਆਂ, ਸ਼ਹੀਦਾਂ, ਭੁਝੰਗੀਆਂ ਦੀ ਪਵਿੱਤਰ ਕਮਾਈ ਦਾ ਧਿਆਨ ਧਰ ਖ਼ਾਲਸਾ ਸਾਹਿਬ ਬੋਲਣਾ ਜੀ ਸ੍ਰੀ ਵਾਹਿਗੁਰੂ !

ਪੰਜਾਂ ਤਖ਼ਤਾਂ, ਸਮੂਹ ਗੁਰਦੁਆਰਿਆਂ, ਗੁਰਧਾਮਾਂ, ਗੁਰਅਸਥਾਨਾਂ, ਗੁਰਨਿਸ਼ਾਨਾਂ, ਸਰੋਵਰਾਂ ਦੇ ਇਸ਼ਨਾਨਾਂ ਦਾ ਪਵਿੱਤਰ ਧਿਆਨ ਅਨੰਦ ਸੁੱਖ ਮਾਣਦੇ ਹੋਏ ਖ਼ਾਲਸਾ ਸਾਹਿਬ ਬੋਲਣਾ ਜੀ ਸ੍ਰੀ ਵਾਹਿਗੁਰੂ !

ਨਿਮਾਣਿਆਂ ਦੇ ਮਾਣ ਸਤਿਗੁਰੂ, ਨਿਤਾਣਿਆਂ ਦੇ ਤਾਣ ਸਤਿਗੁਰੂ ਪ੍ਰੀਤਮ ! ਬਖ਼ਸ਼ੋ ਆਪ ਜੀ ਦੇ ਸਿੱਖਾਂ ਨੂੰ ਸਿੱਖੀ ਦਾਨ, ਨਾਮ ਦਾਨ, ਰਹਿਤ ਦਾਨ, ਕੇਸ ਦਾਨ, ਬਿਬੇਕ ਦਾਨ, ਵਿਸਾਹ ਦਾਨ, ਭਰੋਸਾ ਦਾਨ, ਦਾਨਾਂ ਸਿਰ ਦਾਨ, ਆਪ ਜੀ ਦਾ ਪਵਿੱਤਰ ਨਾਮ, ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦੇ ਦਰਸ਼ਨ ਇਸ਼ਨਾਨ ਚੌਕੀਆਂ, ਝੰਡੇ, ਬੁੰਗੇ ਜੁਗੋ ਜੁਗ ਅਟੱਲ, ਧਰਮ ਦਾ ਜੈਕਾਰ, ਸਿੱਖਾਂ ਦਾ ਮਨ ਨੀਵਾਂ ਮਤ ਉਚੀ, ਮਤ ਪਤ ਦਾ ਰਾਖਾ ਆਪ ਅਕਾਲ ਪੁਰਖ ਵਾਹਿਗੁਰੂ, ਜਹਾਂ ਜਹਾਂ ਖ਼ਾਲਸਾ ਸਾਹਿਬ, ਤਹਾਂ ਤਹਾਂ ਰੱਛਿਆ ਰਿਆਇਤ, ਦੇਗ ਤੇਗ ਫ਼ਤਹ, ਬਿਰਦ ਕੀ ਪੈਜ, ਪੰਥ ਕੀ ਜੀਤ, ਸ੍ਰੀ ਸਾਹਿਬ ਜੀ ਸਹਾਇ, ਗੁਰੂ ਖ਼ਾਲਸਾ ਜੀ ਕੇ ਬੋਲ ਬਾਲੇ ਖ਼ਾਲਸਾ ਸਾਹਿਬ, ਬੋਲਣਾ ਜੀ ਸ੍ਰੀ ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ। ਪਤਿਤ ਪਾਵਨ ਕ੍ਰਿਪਾ ਨਿਧਾਨ ਦੀਨਾ ਬੰਧੂ ਸਤਿਗੁਰੂ ਸਾਹਿਬ ਸੱਚੇ ਪਾਤਸ਼ਾਹ ਆਪ ਜੀ ਕੇ ਚਰਨਾਂ ਵਿਚ ਅਰਦਾਸ ਜੋਦੜੀ ਬੇਨਤੀ ਹੈ ਗਰੀਬ ਨਿਵਾਜ ਸੱਚੇ ਪਾਤਸ਼ਾਹ ਜੀ,

ਜੀਅ ਕੀ ਬਿਰਥਾ ਹੋਇ ਸੁ ਗੁਰ ਪਹਿ ਅਰਦਾਸਿ ਕਰਿ ॥

*(ਗੂਜਰੀ ਮ: 5 ਪੰ:–519)*

ਗਰੀਬ ਨਿਵਾਜ ਸਤਿਗੁਰੂ ਆਪ ਜੀ ਦੀ ਮਹਾਨ ਮਹਾਨ ਮਿਹਰ ਰਹਿਮਤ ਦਾ ਸਦਕਾ ਸਤਿਗੁਰੂ ਸਾਈਂ ਸ਼ਾਮਾਂ ਦੇ ਦੀਵਾਨ ਸਾਹਿਬ ਸੱਚੇ ਪਾਤਸ਼ਾਹ ਦੀ ਹਾਜਰੀ ਭਰਨ ਦਾ ਸੁਭਾਗ ਨਸੀਬ ਹੋਇਆ। ਪਾਤਸ਼ਾਹ ਜੀ ਇਹ ਪਵਿੱਤਰ ਦੀਵਾਨ ਦੀਆਂ ਰਚਨਾਵਾਂ ਗਰੀਬ ਨਿਵਾਜ ਸਤਿਗੁਰੂ ਆਪ ਦੇ ਅਨਿਨ ਸੇਵਕ ਭਾਈ ਸਾਹਿਬ ਭਾਈ ਰਾਮਾ ਸਿੰਘ

ਜੀ ਜੋ ਸਰੀਰਕ ਕਸ਼ਟ ਕਰਕੇ ਹਸਪਤਾਲ ਵਿਚ ਦਾਖਲ ਹਨ, ਗਰੀਬ ਨਿਵਾਜ ਸੱਚੇ ਪਾਤਸ਼ਾਹ, ਆਪਣੇ ਨਿਆਣੇ ਬੱਚੇ ਸੇਵਕ ਦਾ ਕਸ਼ਟ ਦੁੱਖ ਨਵਿਰਤ ਕਰੋ । ਗਰੀਬ ਨਿਵਾਜ ਸੁਆਸ-ਸੁਆਸ ਸਿਮਰਨ ਬਖਸ਼ੋ । ਸੁਰਤ ਬਿਰਤ ਆਪਣੇ ਚਰਨਾਂ ਨਾਲ ਜੋੜ ਕੇ ਪਾਤਸ਼ਾਹ ਜੀ

ਕਾਟੇ ਕਸਟ ਪੂਰੇ ਗੁਰਦੇਵ ਸੇਵਕ ਕਉ ਦੀਨੀ ਅਪੁਨੀ ਸੇਵ ॥

*(ਗਉੜੀ ਮ: 5 ਪੰ:-191)*

ਦੀ ਮਹਾਨ ਕਲਾ ਵਰਤਾ ਕੇ ਆਪਣੇ ਸੇਵਕ ਨੂੰ ਅਰੋਗਤਾ ਦਾ ਦਾਨ ਬਖਸ਼ ਕੇ ਕਿਰਤਾਰਥ ਕਰੋ । ਸਾਹਿਬ ਸੱਚੇ ਪਾਤਸ਼ਾਹ ਜੀ ਸੰਗਤ ਨੇ ਪਾਤਸ਼ਾਹ ਜੀ ਦੀ ਹਜ਼ੂਰੀ ਵਿਚ ਸਜ ਕੇ ਉਨ੍ਹਾਂ ਦੇ ਪਿਆਰੇ ਪਿਆਰ ਦੇ ਅੰਦਰ ਭਿੱਜ ਕੇ ਪਾਤਸ਼ਾਹ, ਉਨ੍ਹਾਂ ਦੀਆਂ ਦੇਹ ਅਰੋਗਤਾ ਦੀਆਂ ਆਸਾਂ ਉਮੀਦਾਂ ਰੱਖ ਕੇ ਆਪ ਦੇ ਦਰੋਂ ਖੈਰ ਝੋਲੀ ਅੱਡ ਕੇ ਮੰਗਦਿਆਂ ਹੋਇਆਂ ਸਾਹਿਬ ਪਾਤਸ਼ਾਹ ਬਾਣੀ ਰਾਹੀਂ, ਕੀਰਤਨ ਰਾਹੀਂ, ਬੇਨਤੀਆਂ ਜੋਦੜੀਆਂ ਕੀਤੀਆਂ ਹਨ । ਸੰਗਤ ਦੀ ਅਰਦਾਸ ਪ੍ਰਵਾਨ ਕਰੋ ਪਾਤਸ਼ਾਹ ਜੀ ਆਪਣੇ ਸੇਵਕ ਦੇ ਸੀਸ ਤੇ ਆਪਣੀ ਰਹਿਮਤ ਦਾ ਹੱਥ ਰੱਖੋ । ਸਦਾ ਸਦਾ ਸੁਰਤ ਬ੍ਰਿਰਤ ਦੇ ਅੰਦਰ ਵਸ ਕੇ ਸਾਹਿਬ ਸੱਚੇ ਪਾਤਸ਼ਾਹ ਜੀ ਸੁਆਸ-ਸੁਆਸ ਸਿਮਰਨ ਬਖਸ਼ੋ । ਆਪ ਦੇ ਪਿਆਰੇ ਨੂੰ ਸਦਾ ਸਦਾ ਆਪਣੀ ਸੁਰਤ ਨੂੰ ਸਾਹਿਬ ਸੱਚੇ ਪਾਤਸ਼ਾਹ ਆਪ ਦੇ ਚਰਨਾਂ ਨਾਲ ਜੋੜੋ । ਗਰੀਬ ਨਿਵਾਜ ਐਸ ਵੇਲੇ ਆਪ ਜੀ ਦੇ ਹਜ਼ੂਰ ਸ਼ਾਮਾ ਦੇ ਦੀਵਾਨ ਦੀ ਅਰਦਾਸ, ਕੀਰਤਨ ਦੀ ਸਮਾਪਤੀ ਦੀ ਅਰਦਾਸ, ਕੀਰਤਨ ਕਰਦਿਆਂ ਹੋਇਆ ਭੁੱਲਾਂ ਬਖਸ਼ ਲੈਣੀਆ, ਸਰਬੱਤ ਸੰਗਤ ਦਾ ਗਾਵਿਆਂ ਸੁਣਿਆਂ ਥਾਏ ਪਾਉਣਾ, ਹਾਜ਼ਰੀਆਂ ਪ੍ਰੇਮ ਭੇਟਾਵਾਂ ਲੇਖੇ ਲਾਉਣੀਆ, ਸਭ ਨੂੰ ਨਾਮ ਤੇ ਸਿੱਖੀ ਦੀ ਅਸੀਸ ਬਖਸ਼ਣੀ, ਆਤਮ ਤੇ ਸਰੀਰਕ ਅਰੋਗਤਾ ਬਖਸ਼ ਕੇ ਕਿਰਤਾਰਥ ਕਰਨਾ, ਬੱਚੇ ਬੱਚੀਆਂ ਨੂੰ ਸਿੱਖੀ ਤੇ ਨਾਮ ਦੀਆਂ ਅਸੀਸਾਂ ਦੇਣੀਆਂ, ਪ੍ਰੀਵਾਰਾਂ ਅੰਦਰ ਗੁਰਮਤਿ ਦਾ ਜੀਵਨ ਬਖਸ਼ਣਾ, ਪਾਤਸ਼ਾਹ ਐਸ ਵੇਲੇ ਹਜ਼ੂਰ ਆਪ ਜੀ ਦੇ ਬਖਸ਼ੇ ਭੰਡਾਰਿਆਂ ਵਿਚੋਂ ਕੜਾਹ ਪ੍ਰਸ਼ਾਦ ਦੇ ਦੇਗੇ ਹਾਜ਼ਰ ਹਨ, ਦਰ ਪ੍ਰਵਾਨ ਹੋਵੇ ।

ਅਨਿਕ ਪ੍ਰਕਾਰ ਭੋਜਨ ਬਹੁ ਕੀਏ ਬਹੁ ਬਿੰਜਨ ਮਿਸਟਾਏ ॥
ਕਰੀ ਪਾਕਸਾਲ ਸੋਚ ਪਵਿਤ੍ਰਾ ਹੁਣਿ ਲਾਵਹੁ ਭੋਗੁ ਹਰਿ ਰਾਏ ॥

*(ਮਲਾਰ ਮ: 5 ਪੰ:-1266)*

ਆਪਣਾ ਪਰਵਾਨ ਹੋਇਆ ਪ੍ਰਸ਼ਾਦ ਆਪਣੀ ਸੰਗਤ ਨੂੰ ਬਖਸ਼ੋ । ਪਾਤਸ਼ਾਹ ਆਪ ਜੀ ਦੇ ਬਸਤਰਾਂ ਦੀ ਸੇਵਾ ਲਈ ਮਾਇਆ ਹਾਜ਼ਰ ਹੈ । ਅੰਗੀਕਾਰ ਕਰੋ । ਗਰੀਬ ਨਿਵਾਜ ਸੱਚੇ ਪਾਤਸ਼ਾਹ ਪੜਦੇ ਕੱਜਣੇ, ਖਜ਼ਾਨੇ ਭਰਪੂਰ ਕਰਨੇ, ਪਾਤਸ਼ਾਹ ਜੀ ਸਦਾ

ਸਦਾ ਆਪਣੀਆਂ ਮਿਹਰਾਂ ਬਖਸ਼ਣੀਆਂ । ਸੁੱਖ ਹੋਵੇ ਨਾਮ ਚਿੱਤ ਆਵੇ । ਪਵਿੱਤਰ ਹੁਕਮਨਾਮੇ ਬਖਸ਼ ਕੇ ਨਦਰੋ ਨਦਰ ਨਿਹਾਲ ਕਰੋ । ਆਪ ਦੇ ਦਰ ਤੇ ਜੋ ਆਵੇ ਸੋ ਰਾਜ਼ੀ ਜਾਵੇ । ਗੁਰੂ ਖਾਲਸਾ ਪੰਥ ਅੱਗੇ ਜੋ ਅੜੇ ਸੋ ਝੜੇ, ਸ਼ਰਨ ਪਰੇ ਸੋ ਤਰੇ ।

ਨਾਨਕ ਨਾਮ ਚੜਦੀ ਕਲਾ
ਤੇਰੇ ਭਾਣੇ ਸਰਬੱਤ ਦਾ ਭਲਾ ।
ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹ ।

ਆਗਿਆ ਭਈ ਅਕਾਲ ਕੀ ਤਬੀ ਚਲਾਇਉ ਪੰਥ ॥
ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਉ ਗ੍ਰੰਥ ॥
ਗੁਰੂ ਗ੍ਰੰਥ ਜੀ ਮਾਨਿਉ ਪ੍ਰਗਟ ਗੁਰਾਂ ਕੀ ਦੇਹ ॥
ਜੋ ਪ੍ਰਭ ਕੋ ਮਿਲਬੋ ਚਹੈ ਖੋਜ ਸ਼ਬਦ ਮਹਿ ਲੇਹ ॥
ਰਾਜ ਕਰੇਗਾ ਖਾਲਸਾ ਆਕੀ ਰਹੈ ਨਾ ਕੋਇ ॥
ਖੁਆਰ ਹੋਇ ਸਭ ਮਿਲਹਿੰਗੇ ਬਚੇ ਸ਼ਰਣ ਜੋ ਹੋਇ ॥
ਬੋਲੇ ਸੋ ਨਿਹਾਲ,
ਸਤਿ ਸ੍ਰੀ ਅਕਾਲ

ਅਰਦਾਸ ਤੋਂ ਬਾਅਦ ਇਹ ਹੁਕਮਨਾਮਾ ਆਇਆ:-

ਕਿਸ ਹੀ ਕੋਈ ਕੋਇ ਮੰਞੁ ਨਿਮਾਣੀ ਇਕੁ ਤੂ ॥
ਕਿਉ ਨ ਮਰੀਜੈ ਰੋਇ ਜਾ ਲਗੁ ਚਿਤਿ ਨ ਆਵਹੀ ॥ 1 ॥
ਮ: 2 ॥ ਜਾਂ ਸੁਖੁ ਤਾ ਸਹੁ ਰਾਵਿਓ ਦੁਖਿ ਭੀ ਸੰਮ੍ਹਾਲਿਓਇ ॥
ਨਾਨਕੁ ਕਹੈ ਸਿਆਣੀਏ ਇਉ ਕੰਤ ਮਿਲਾਵਾ ਹੋਇ ॥ 2 ॥ ਪਉੜੀ ॥
ਹਉ ਕਿਆ ਸਾਲਾਹੀ ਕਿਰਮ ਜੰਤੁ ਵਡੀ ਤੇਰੀ ਵਡਿਆਈ ॥
ਤੂ ਅਗਮ ਦਇਆਲੁ ਅਗੰਮੁ ਹੈ ਆਪਿ ਲੈਹਿ ਮਿਲਾਈ ॥
ਮੈ ਤੁਝ ਬਿਨੁ ਬੇਲੀ ਕੋ ਨਹੀ ਤੂ ਅੰਤਿ ਸਖਾਈ ॥
ਜੋ ਤੇਰੀ ਸਰਣਾਗਤੀ ਤਿਨ ਲੈਹਿ ਛਡਾਈ ॥
ਨਾਨਕ ਵੇਪਰਵਾਹੁ ਹੈ ਤਿਸੁ ਤਿਲੁ ਨ ਤਮਾਈ ॥ 20 ॥

*(ਸਲੋਕ ਮ: 2 ਪੰ:-791)*

*****

# ਨਵਾਂ ਜੀਵਨ

ਵਿਛੋੜੇ ਦਾ ਸਮਾਂ ਆ ਗਿਆ। ਸੁਆਸ ਉਪਰ ਵੱਲ ਚੜ੍ਹਨ ਲੱਗੇ। ਇੱਕ ਦਮ ਮੇਰਾ ਸੂਖਮ ਸਰੀਰ ਦਸਵੇਂ ਦੁਆਰ ਤੋਂ ਇਸ ਤਰ੍ਹਾਂ ਨਿਕਲਿਆ, ਜਿਸ ਤਰ੍ਹਾਂ ਆਤਸ਼ਬਾਜ਼ੀ ਅਕਾਸ਼ ਵੱਲ ਉਪਰ ਨੂੰ ਜਾਂਦੀ ਹੈ। ਮੈਂ ਦੇਖਿਆ ਜਿਸ ਤਰ੍ਹਾਂ ਮੇਰਾ ਸਰੀਰ ਹੈ, ਉਸੇ ਤਰ੍ਹਾਂ ਮੇਰਾ ਸੂਖਮ ਸਰੀਰ ਅਕਾਸ਼ ਵੱਲ ਉਪਰ ਹੀ ਉਪਰ ਜਾ ਰਿਹਾ ਸੀ। ਇਤਨੀ ਰਫਤਾਰ ਨਾਲ ਕਿ ਅੱਜ ਤੱਕ ਕੋਈ ਐਸਾ ਜ਼ਹਾਜ਼ ਨਹੀਂ ਬਣਿਆਂ। ਸੂਖਮ ਸਰੀਰ ਦੀਆਂ ਅੱਖਾਂ ਵੀ ਹਨ, ਕੰਨ ਵੀ ਹਨ। ਰਸਨਾ ਤੋਂ ਸੁਆਸ ਸੁਆਸ ਸਿਮਰਨ ਚੱਲ ਰਿਹਾ ਹੈ। ਰਸਤੇ ਵਿਚ ਐਸੇ ਨਜ਼ਾਰੇ ਦੇਖੇ ਕਿ ਉਹ ਨਜ਼ਾਰੇ ਇਸ ਧਰਤੀ ਤੇ ਨਹੀਂ ਮਿਲ ਸਕਦੇ। ਜਿਉਂ ਜਿਉਂ ਅੱਗੇ ਵੱਧਿਆ, ਉਸ ਤੋਂ ਵੀ ਸੁੰਦਰ ਨਜ਼ਾਰੇ ਦੇਖਣ ਨੂੰ ਮਿਲੇ।

ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ ॥
ਹਰਿ ਕਾ ਨਾਮੁ ਊਹਾ ਸੰਗਿ ਤੋਸਾ ॥
*(ਸੁਖਮਨੀ ਸਾਹਿਬ)*

ਮੈਨੂੰ ਕੋਈ ਪਤਾ ਨਹੀਂ ਮੈਂ ਕਿਥੇ ਪਹੁੰਚ ਗਿਆ। ਕਾਫੀ ਦੇਰ ਬਾਅਦ ਇੱਕ ਸੁੰਦਰ ਮਹਿਲ ਦਿਖਾਈ ਦਿੱਤਾ। ਮੈਂ ਹੈਰਾਨ ਹੋ ਗਿਆ ਕਿ ਉਸ ਮਹਿਲ ਦੇ ਹੇਠਾਂ ਕੋਈ ਥੰਮ੍ਹ ਨਹੀਂ ਹੈ, ਜਿਸ ਉਪਰ ਉਹ ਖੜਾ ਹੋਵੇ। ਇਸ ਧਰਤੀ ਉਪਰ ਕੋਈ ਮਕਾਨ ਬਣਾਉਣਾ ਹੋਵੇ ਤਾਂ ਨੀਹ ਬਹੁਤ ਮਜਬੂਤ ਬਣਾਈ ਜਾਂਦੀ ਹੈ ਕਿ ਉਹ ਡਿੱਗ ਨਾ ਪਵੇ। ਮਹਿਲ ਤੋਂ ਬਹੁਤ ਸੁਗੰਧੀ ਆ ਰਹੀ ਸੀ। ਇਸ ਤਰ੍ਹਾਂ ਦੀ ਸੁਗੰਧੀ ਇਸ ਦੁਨੀਆਂ ਵਿਚ ਕਿਤੇ ਨਹੀਂ ਮਿਲਦੀ। ਚੰਦਨ ਦੇ ਬੂਟੇ ਨਾਲੋਂ ਵੀ ਕਈ ਗੁਣਾਂ ਜਿਆਦਾ ਸੁਗੰਧੀ ਆ ਰਹੀ ਸੀ। ਮੈਂ ਸੋਚਿਆ, ਇਹ ਕਿਸ ਚੀਜ਼ ਦਾ ਬਣਿਆ ਹੈ। ਥੋੜ੍ਹਾ ਜਿਹਾ ਅੱਗੇ ਗਿਆ ਤਾਂ ਸ਼ਹੀਦ ਸਿੰਘ ਨੇ ਦਰਸ਼ਨ ਦਿੱਤੇ ਤੇ ਕਿਹਾ, ਖਾਲਸਾ ਜੀ ਤੁਸੀਂ ਬਹੁਤ ਲੰਮਾ ਸਮਾਂ ਸਫਰ ਕਰਕੇ ਆਏ ਹੋ, ਰਸ (ਜੂਸ) ਪੀਵੋ। ਮੈਨੂੰ ਗਲਾਸ ਨਜ਼ਰ ਆਇਆ। ਉਹ ਫੜ ਕੇ ਮੈਂ ਪੀਣ ਲੱਗ ਪਿਆ। ਇੰਨਾਂ ਸਵਾਦ ਜੂਸ ਮੈਂ ਪਹਿਲਾਂ ਕਦੇ ਨਹੀਂ ਪੀਤਾ। ਜੂਸ ਪੀਂਦੇ ਸਾਰ ਹੀ ਗਲਾਸ ਅਲੋਪ ਹੋ ਗਿਆ। ਮੈਂ ਕਿਹਾ, ਇੱਕ ਗਲਾਸ ਹੋਰ ਚਾਹੀਦਾ ਹੈ। ਦੂਸਰਾ ਗਲਾਸ ਪੀਂਦੇ ਸਾਰ ਉਹ ਵੀ ਅਲੋਪ ਹੋ ਗਿਆ। ਜੂਸ ਪੀ ਕੇ ਮੈਂ ਸ਼ਹੀਦ ਸਿੰਘ ਨੂੰ ਪੁਛਿਆ, ਇਹ ਮਹਿਲ ਥੰਮਾਂ ਤੋਂ ਬਗੈਰ ਕਿਸ ਤਰ੍ਹਾਂ ਖੜ੍ਹਾ ਹੈ। ਸ਼ਹੀਦ ਸਿੰਘ ਨੇ ਜਵਾਬ ਦਿੱਤਾ, ਇਹ ਸੱਚਖੰਡ ਹੈ ਅਤੇ ਨਾਮ ਦੇ ਆਸਰੇ ਖੜ੍ਹਾ ਹੈ।

**ਨਾਮ ਕੇ ਧਾਰੇ ਸਗਲੇ ਜੰਤ ॥**
**ਨਾਮ ਕੇ ਧਾਰੇ ਖੰਡ ਬ੍ਰਹਮੰਡ ॥**
*(ਸੁਖਮਨੀ ਸਾਹਿਬ)*

ਇਸ ਦੇ ਲਈ ਇਸ ਦੇ ਥੰਮ੍ਹ ਨਹੀਂ ਹਨ। ਜਿਸ ਤਰ੍ਹਾਂ ਧਰਤੀ, ਚੰਦ ਅਤੇ ਸੂਰਜ ਖੜ੍ਹੇ ਹਨ। ਇੰਨ੍ਹਾਂ ਦੇ ਵੀ ਕੋਈ ਥੰਮ ਨਹੀਂ ਹਨ। ਇਹ ਵੀ ਨਾਮ ਦੇ ਆਸਰੇ ਖੜ੍ਹੇ ਹਨ। ਸ਼ਹੀਦ ਸਿੰਘ ਨੇ ਕਿਹਾ, ਖਾਲਸਾ ਜੀ ਤੁਸੀਂ ਸੁਆਸ ਸੁਆਸ ਸਿਮਰਨ ਦੇ ਆਸਰੇ ਇੱਥੇ ਤਕ ਪਹੁੰਚ ਗਏ ਹੋ। ਪਰ ਦਰਗਾਹ ਵਿਚ ਪਹੁੰਚਣ ਵਾਸਤੇ ਗਰੀਬੀ ਦੀ ਜ਼ਰੂਰਤ ਹੈ।

ਕਰਿ ਕਿਰਪਾ ਜਿਸ ਕੈ ਹਿਰਦੈ ਗਰੀਬੀ ਬਸਾਵੈ ॥
ਨਾਨਕ ਈਹਾ ਮੁਕਤੁ ਆਗੈ ਸੁਖੁ ਪਾਵੈ ॥

*(ਸੁਖਮਨੀ ਸਾਹਿਬ)*

ਸ੍ਰੀ ਗੁਰੂ ਨਾਨਕ ਦੇਵ ਜੀ ਸੱਚਖੰਡ ਤੋਂ ਦੋ ਚੀਜ਼ਾਂ ਲੈ ਕੇ ਆਏ ਸੀ, ਨਾਮ ਤੇ ਗਰੀਬੀ। ਜਿਸ ਤਰ੍ਹਾਂ ਕਿਸੇ ਦੇਸ਼ ਨੂੰ ਜਾਣਾ ਹੋਵੇ ਤਾਂ ਮਾਇਆ, ਪਾਸਪੋਰਟ ਅਤੇ ਵੀਜ਼ੇ ਦੀ ਜ਼ਰੂਰਤ ਹੁੰਦੀ ਹੈ। ਅਗਰ ਮਾਇਆ ਨਹੀਂ ਹੈ ਤਾਂ ਟਿਕਟ ਕਿਸ ਤਰ੍ਹਾਂ ਖਰੀਦੋਗੇ। ਵੀਜ਼ਾ ਨਹੀਂ ਹੈ ਤਾਂ ਜਾਣ ਨਹੀਂ ਦਿੰਦੇ, ਵਾਪਸ ਕਰ ਦਿੰਦੇ ਹਨ।

ਸ਼ਹੀਦ ਸਿੰਘ ਨੇ ਕਿਹਾ, ਗੁਰਸਿੱਖਾਂ ਦੀ ਕੀਤੀ ਅਰਦਾਸ ਸੱਚਖੰਡ ਮਨਜ਼ੂਰ ਹੋਈ ਹੈ, ਤੇਰਾ ਜੀਵਨ ਅਜੇ ਬਾਕੀ ਹੈ। ਤੁਸੀਂ ਜਾ ਕੇ ਗਰੀਬੀ ਕਮਾਵੋ। ਤੁਹਾਡੇ ਕੋਲ ਸੱਚਾ ਧੰਨ (ਮਾਇਆ) ਸੇਵਾ (ਪਾਸਪੋਰਟ) ਹੈ। ਪਰ ਤੁਹਾਡੇ ਕੋਲ ਗਰੀਬੀ (ਵੀਜ਼ਾ) ਨਹੀਂ ਹੈ। ਸੰਗਤਾਂ ਦੇ ਜੋੜੇ ਝਾੜ ਕੇ ਗਰੀਬੀ ਪ੍ਰਾਪਤ ਕਰੋ। ਇੰਨੇ ਬਚਨ ਕਹਿ ਕੇ ਸ਼ਹੀਦ ਸਿੰਘ ਅਲੋਪ ਹੋ ਗਏ ਅਤੇ ਮੈਂ ਆਪਣੇ ਸਰੀਰ ਵਿਚ ਵਾਪਸ ਆ ਗਿਆ।

ਅਰਦਾਸਿ ਸੁਣੀ ਦਾਤਾਰਿ ਪ੍ਰਭਿ ਹੋਏ ਕਿਰਪਾਲ ॥
ਰਾਖਿ ਲੀਆ ਅਪਨਾ ਸੇਵਕੋ, ਮੁਖਿ ਨਿੰਦਕ ਛਾਰੁ ॥ 1 ॥
ਤੁਝਹਿ ਨ ਜੋਹੈ ਕੋ ਮੀਤ ਜਨ, ਤੂੰ ਗੁਰ ਕਾ ਦਾਸ ॥
ਪ੍ਰਾਰਬ੍ਰਹਮਿ ਤੂ ਰਾਖਿਆ ਦੇ ਅਪਨੇ ਹਾਥ ॥ 1 ॥ ਰਹਾਉ ॥
ਜੀਅਨ ਕਾ ਦਾਤਾ ਏਕੁ ਹੈ, ਬੀਆ ਨਹੀ ਹੋਰੁ ॥
ਨਾਨਕ ਕੀ ਬੇਨੰਤੀਆ, ਮੈ ਤੇਰਾ ਜੋਰੁ ॥ 2 ॥

*(ਬਿਲਾਵਲੁ ਮ: 5 ਪੰ:-818)*

ਆਪਣੇ ਬਾਲਕ ਆਪਿ ਰਖਿਅਨੁ, ਪਾਰਬ੍ਰਹਮ ਗੁਰਦੇਵ ॥
ਸੁਖ ਸਾਂਤਿ ਸਹਜ ਆਨਦ ਭਏ, ਪੂਰਨ ਭਈ ਸੇਵ ॥1॥ ਰਹਾਉ ॥
ਭਗਤ ਜਨਾ ਕੀ ਬੇਨਤੀ, ਸੁਣੀ ਪ੍ਰਭਿ ਆਪਿ ॥
ਰੋਗ ਮਿਟਾਇ ਜੀਵਾਲਿਅਨੁ, ਜਾ ਕਾ ਵਡ ਪਰਤਾਪੁ ॥ 1 ॥
ਦੋਖ ਹਮਾਰੇ ਬਖਸਿਅਨੁ, ਅਪਣੀ ਕਲ ਧਾਰੀ ॥
ਮਨ ਬਾਂਛਤ ਫਲ ਦਿਤਿਅਨੁ, ਨਾਨਕ ਬਲਿਹਾਰੀ ॥ 1 ॥

*(ਬਿਲਾਵਲ ਮ: 5 ਪੰ-819)*

ਹੈਰਾਨੀ ਦੀ ਗੱਲ ਹੈ ਕਿ ਸਰੀਰ ਵਿੱਚ ਵਾਪਸ ਆ ਕੇ ਮੈਨੂੰ ਪੂਰਾ ਹਫਤਾ ਨੀਂਦ ਨਹੀਂ ਆਈ। ਕੋਈ ਥਕਾਵਟ ਵੀ ਮਹਿਸੂਸ ਨਹੀਂ ਹੋਈ ਅਤੇ ਨਾ ਹੀ ਭੁੱਖ ਲੱਗੀ। ਅਗਰ ਇਨਸਾਨ ਨੂੰ ਇੱਕ ਦਿਨ ਵੀ ਨੀਂਦ ਨਾ ਆਵੇ ਤਾਂ ਸਿਰ ਦਰਦ ਹੋਣ ਲੱਗ ਪੈਂਦਾ ਹੈ। ਸਰੀਰ ਨਿਢਾਲ ਹੋ ਜਾਂਦਾ ਹੈ ਪਰ ਮੈਂ ਬਿਲਕੁਲ ਠੀਕ ਸੀ। ਜਦੋਂ ਡਾਕਟਰ ਦੇਖਣ ਆਉਂਦਾ ਤਾਂ ਕਹਿੰਦਾ ਸਭ ਕੁਝ ਠੀਕ ਹੈ। ਬਿਮਾਰੀ ਦੀ ਕੋਈ ਨਿਸ਼ਾਨੀ ਨਹੀਂ ਰਹੀ। ਮੈਨੂੰ ਫਿਕਰ ਹੋ ਗਿਆ ਕਿ ਨੀਂਦ ਕਿਉਂ ਨਹੀਂ ਆਉਂਦੀ। ਮੈਂ ਡਾਕਟਰ ਕੋਲੋਂ ਨੀਂਦ ਆਉਣ ਵਾਲੀ ਗੋਲੀ ਲਈ। ਉਸ ਨਾਲ ਵੀ ਮੈਨੂੰ ਨੀਂਦ ਨਾ ਆਈ। ਮੇਰੇ ਅੰਦਰ ਕੋਈ ਐਸੀ ਧੁਨੀ ਪੈਦਾ ਹੋ ਗਈ, ਜਿਸ ਨਾਲ ਮੇਰੇ ਸਰੀਰ ਦੀਆਂ ਸਾਰੀਆਂ ਲੋੜਾਂ ਪੂਰੀਆਂ ਹੁੰਦੀਆਂ ਰਹੀਆਂ। ਫਿਰ ਮੈਨੂੰ ਖਿਆਲ ਆਇਆ ਕਿ ਜਿਹੜਾ ਸ਼ਹੀਦ ਸਿੰਘ ਨੇ ਰਸ ਪਿਲਾਇਆ ਸੀ, ਉਸ ਕਰਕੇ ਮੈਨੂੰ ਥਕਾਵਟ ਮਹਿਸੂਸ ਨਹੀਂ ਹੋਈ। ਨਾ ਹੀ ਭੁੱਖ ਲੱਗੀ ਅਤੇ ਨਾ ਹੀ ਸੌਣ ਦੀ ਜ਼ਰੂਰਤ ਪਈ। ਜਿਹੜੇ ਨਾਮ ਅਭਿਆਸ ਕਰਦੇ ਹਨ, ਨਾਮ ਦੀ ਕਲਾ ਨਾਲ ਉਨ੍ਹਾਂ ਦੀ ਭੁੱਖ ਪਿਆਸ ਮਿਟ ਜਾਂਦੀ ਹੈ।

*****

# ਮਾਪਿਆਂ ਦੀ ਅਰਦਾਸ

(ੳ)

ਭਾਈ ਪ੍ਰਭਜੋਤ ਸਿੰਘ ਅਮਰੀਕਾ ਵਾਲੇ ਡਾਕਟਰ ਹਨ। ਜਦੋਂ ਅਸੀਂ ਅਮਰੀਕਾ ਗਏ ਤਾਂ ਉਨ੍ਹਾਂ ਦੇ ਘਰ ਠਹਿਰੇ ਸੀ। ਇਸ ਦੇ ਡੈਡੀ ਨੇ ਮੈਨੂੰ ਦੱਸਿਆ ਕਿ ਇਸ ਨੂੰ ਪੜ੍ਹਾਈ ਦੇ ਨਾਲ ਨਾਲ ਕੀਰਤਨ ਸਿੱਖਣ ਦਾ ਸ਼ੌਕ ਵੀ ਪੈਦਾ ਹੋ ਗਿਆ ਸੀ। ਪੜ੍ਹਾਈ ਵਿਚ ਵੀ ਬਹੁਤ ਹੁਸ਼ਿਆਰ ਸੀ। ਹਮੇਸ਼ਾ ਪਹਿਲੇ ਨੰਬਰ ਤੇ ਆਉਂਦਾ ਰਿਹਾ। ਸਾਡੀ ਹਮੇਸ਼ਾ ਇਹ ਹੀ ਅਰਦਾਸ ਹੈ ਕਿ ਹੇ ਸੱਚੇ ਪਾਤਸ਼ਾਹ ਇਸ ਨੂੰ ਮਾੜੀ ਸੰਗਤ ਤੋਂ ਬਚਾ ਕੇ ਰੱਖਣਾ। ਮੈਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅੱਗੇ ਅਰਦਾਸ ਕਰਨੀ ਕਿ ਹੇ ਸੱਚੇ ਪਾਤਸ਼ਾਹ ਮੈਂ ਤਾਂ ਦੁਨਿਆਵੀ ਪਿਤਾ ਹਾਂ, ਤੁਸੀਂ ਸੱਚੇ ਪਿਤਾ ਹੋ! ਇਸ ਨੂੰ ਕਲਯੁਗ ਦੀ ਤੱਤੀ ਹਵਾ ਤੋਂ ਬਚਾ ਕੇ ਰੱਖਣਾ। ਆਪਣੇ ਬੱਚੇ ਨੂੰ ਸਿੱਖੀ ਮਰਿਆਦਾ ਤੋਂ ਦੂਰ ਨਾ ਕਰਨਾ। ਇਸ ਉਪਰ ਮਾੜੀ ਸੰਗਤ ਦਾ ਅਸਰ ਨਾ ਪਵੇ ਅਤੇ ਮਾੜੀ ਸੰਗਤ ਤੋਂ ਬਚਿਆ ਰਹੇ। ਨਿੱਤਨੇਮ ਤਾਂ ਇਹ ਪਹਿਲਾਂ ਹੀ ਕਰਦਾ ਸੀ। ਹੁਣ ਗੁਰੂ ਜੀ ਨੇ ਇਸ ਨੂੰ ਅੰਮ੍ਰਿਤ ਦੀ ਦਾਤ ਬਖਸ਼ ਦਿੱਤੀ ਹੈ। ਕੀਰਤਨ ਵੀ ਕਰਨ ਲੱਗ ਪਿਆ ਹੈ। ਇਸ ਦੀ ਸਿੰਘਣੀ ਵੀ ਰਸਭਿੰਨਾ ਕੀਰਤਨ ਕਰਦੀ ਹੈ। ਇਹ ਦੋਨੋ ਬਾਹਰਲੇ ਦੇਸ਼ਾਂ ਵਿਚ ਜਾ ਕੇ ਵੀ ਸੇਵਾ ਕਰਦੇ ਹਨ। ਛੋਟਾ ਲੜਕਾ ਵੀ ਗੁਰੂ ਘਰ ਦਾ ਪ੍ਰੇਮੀ ਹੈ। ਗੁਰੂ ਜੀ ਦੀ ਕ੍ਰਿਪਾ ਨਾਲ ਇੰਜੀਨੀਅਰ ਬਣ ਗਿਆ ਹੈ।

(ਅ)

ਸਿੱਖ ਕੌਮ ਨੇ ਬੇਅੰਤ ਹੀਰੇ ਪ੍ਰਗਟ ਕੀਤੇ। ਜਿਸ ਵਿਚ ਵੱਡੇ ਵੱਡੇ ਡਾਕਟਰ, ਇੰਜੀਨੀਅਰ, ਵਕੀਲ ਅਤੇ ਜਨਰਲ ਪੈਦਾ ਹੋਏ। ਇਨ੍ਹਾਂ ਵਿਚੋਂ ਇੱਕ ਡਾਕਟਰ ਜਸਪਾਲ ਸਿੰਘ ਕੂਨਰ ਹਾਰਟ ਸਪੈਸ਼ਲਿਸਟ ਹੈ। ਜਦੋਂ ਮੇਰੀ ਸਿਹਤ ਕੁਝ ਜਿਆਦਾ ਹੀ ਖਰਾਬ ਹੋ ਗਈ ਤਾਂ ਇਸ ਨੇ ਮੇਰਾ ਇਲਾਜ ਕੀਤਾ ਸੀ। ਇਸ ਨੂੰ ਜਦੋਂ ਮੈਂ ਸਿੱਖੀ ਸਰੂਪ ਵਿਚ ਦੇਖਿਆ ਸੀ ਤਾਂ ਮੈਨੂੰ ਬਹੁਤ ਹੀ ਖੁਸ਼ੀ ਹੋਈ। ਇਸ ਦੇ ਨਾਲ ਅੱਠ ਵਿਦਿਆਰਥੀ ਸਨ। ਇਸ ਨੇ ਵਾਰੀ ਵਾਰੀ ਸਾਰਿਆਂ ਨੂੰ ਕਿਹਾ ਕਿ ਇਸ ਨੂੰ ਚੈੱਕਅਪ ਕਰਕੇ ਦੱਸੋ ਕਿ ਤੁਹਾਡੇ ਖਿਆਲ ਵਿਚ ਕੀ ਨੁਕਸ ਹੋ ਸਕਦਾ ਹੈ। ਮੈਨੂੰ ਇਹ ਦੇਖ ਕੇ ਬਹੁਤ ਖੁਸ਼ੀ ਹੋਈ ਕਿ ਇਹ ਗੁਰਸਿੱਖ ਆਪਣੇ ਸਿੱਖ ਧਰਮ ਨੂੰ ਕਿਸ ਤਰ੍ਹਾਂ ਰੋਸ਼ਨ ਕਰ ਰਿਹਾ ਹੈ। ਦਿਲ ਬਹੁਤ ਖੁਸ਼ ਹੋਇਆ ਕਿ ਸਿੱਖ ਕੌਮ ਵਿਚ ਵੀ ਇਸ ਤਰ੍ਹਾਂ ਦੇ ਹੀਰੇ ਹਨ।

ਦਾਸ ਇਕ ਦਿਨ ਅੰਮ੍ਰਿਤ ਵੇਲੇ ਦੇ ਸਿਮਰਨ ਦੀ ਮਾਇਆ ਜਮਾਂ ਕਰਾਉਣ ਗਿਆ ਤਾਂ ਉਥੇ ਡਾਕਟਰ ਕੂਨਰ ਦਾ ਪਿਤਾ ਬੈਠਾ ਸੀ। ਮੈਂ ਉਸ ਨੂੰ ਪੁਛਿਆ, ਕੀ ਤੁਹਾਡਾ ਹੀ ਸਾਹਿਬਜ਼ਾਦਾ ਡਾਕਟਰ ਕੂਨਰ ਹੈ। ਉਸ ਨੇ ਜਵਾਬ ਦਿੱਤਾ ਕਿ ਹਾਂ ਮੇਰਾ ਹੀ

ਬੇਟਾ ਡਾਕਟਰ ਕੂਨਰ ਹੈ। ਮੈਂ ਕਿਹਾ, ਤੁਹਾਡੇ ਲੜਕੇ ਨੇ ਸਿੱਖ ਕੌਮ ਦਾ ਨਾਮ ਰੋਸ਼ਨ ਕੀਤਾ ਹੈ।

ਉਸ ਦੇ ਪਿਤਾ ਨੇ ਦੱਸਿਆ, ਅਸੀਂ ਜਦੋਂ ਅਫਰੀਕਾ ਵਿਚ ਰਹਿੰਦੇ ਸੀ ਤਾਂ ਇਹ ਪੜ੍ਹਨ ਵਿਚ ਬਹੁਤ ਹੀ ਹੁਸ਼ਿਆਰ ਸੀ। ਹੈੱਡ ਮਾਸਟਰ ਨੇ ਇਸ ਨੂੰ ਕਲਾਸ ਦਾ ਮਨੀਟਰ ਬਣਾ ਦਿੱਤਾ। ਇੰਗਲੈਂਡ ਆ ਕੇ ਵੀ ਇਸ ਨੇ ਦਿਨ ਰਾਤ ਲਗਾਤਾਰ ਮਿਹਨਤ ਕੀਤੀ ਅਤੇ ਹਾਰਟ ਦਾ ਸਪੈਲਿਸ਼ਟ ਬਣ ਗਿਆ। ਇਸ ਨੂੰ ਇੱਕ ਚੰਗੇ ਹਸਪਤਾਲ ਵਿਚ ਨੌਕਰੀ ਮਿਲ ਗਈ। ਅਸੀਂ ਸਾਰਿਆਂ ਨੇ ਰਲ ਕੇ ਸਲਾਹ ਦਿੱਤੀ ਕਿ ਨੌਕਰੀ ਕਰਨ ਨਾਲ ਇੰਨੇ ਪੈਸੇ ਨਹੀਂ ਮਿਲਣੇ, ਕਿਉਂ ਨਹੀਂ ਇਹ ਪ੍ਰਾਈਵੇਟ ਸਰਜਰੀ ਖੋਲ੍ਹ ਲੈਂਦਾ। ਇਹ ਸੁਣ ਕੇ ਇਸ ਨੇ ਕਿਹਾ, ਮੈਨੂੰ ਤਾਂ ਲੋਕ ਸੇਵਾ ਕਰਨ ਦਾ ਚਾਅ ਹੈ, ਜੇ ਮੈਂ ਪ੍ਰਾਈਵੇਟ ਸਰਜਰੀ ਖੋਲ੍ਹੀ ਤਾਂ ਉਥੇ ਕੇਵਲ ਅਮੀਰ ਆਦਮੀ ਹੀ ਆਉਣਗੇ ਅਤੇ ਮੇਰੀ ਇਹ ਇੱਛਾ ਪੂਰੀ ਨਹੀਂ ਹੋਵੇਗੀ।

ਉਸ ਦੇ ਪਿਤਾ ਨੇ ਕਿਹਾ, ਇਹ ਸਾਰਿਆਂ ਨੂੰ ਬਰਾਬਰ ਹੀ ਸਮਝਦਾ ਹੈ। ਕੋਈ ਕਿਸੇ ਵੀ ਧਰਮ ਦਾ ਹੋਵੇ, ਇਸਦੇ ਅੰਦਰ ਮਤਭੇਦ ਨਹੀਂ ਹੈ।

ਦਾਸ ਨੇ ਕਿਹਾ, ਇਹ ਬਹੁਤ ਭਾਰੀ ਪ੍ਰਉਪਕਾਰ ਹੈ। ਅੱਜਕਲ ਤੁਹਾਡਾ ਬੇਟਾ ਬਹੁਤ ਹੁਸ਼ਿਆਰ ਹੋ ਗਿਆ ਹੈ, ਘਰ ਘਰ ਇਸ ਦੀ ਚਰਚਾ ਹੈ। ਮੈਂ ਕਈਆਂ ਨੂੰ ਕਹਿੰਦੇ ਸੁਣਿਆ ਹੈ ਜੇ ਕੋਈ ਬਿਮਾਰ ਹੁੰਦਾ ਹੈ ਤਾਂ ਤੁਸੀਂ ਡਾਕਟਰ ਕੂਨਰ ਕੋਲੋਂ ਚੈੱਕਅਪ ਕਰਵਾਉ।

ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ

*(ਮਾਝ ਮ: 5 ਪੰ:–136)*

(ੲ)

ਪੂਤਾ ਮਾਤਾ ਕੀ ਆਸੀਸ ॥
ਨਿਮਖ ਨ ਬਿਸਰਉ ਤੁਮ ਕਉ ਹਰਿ ਹਰਿ
ਸਦਾ ਭਜਹੁ ਜਗਦੀਸ ॥

*(ਗੂਜਰੀ ਮ: 5 ਪੰ:–496)*

ਭਾਈ ਹਰਮਿੰਦਰ ਸਿੰਘ ਅੰਮ੍ਰਿਤ ਵੇਲੇ ਹਰ ਐਤਵਾਰ ਤਬਲੇ ਦੀ ਸੇਵਾ ਕਰਦਾ ਹੈ। ਦੋ ਤਿੰਨ ਹਫ਼ਤੇ ਉਸਨੇ ਹਾਜ਼ਰੀ ਨਹੀਂ ਭਰੀ, ਸੰਗਤ ਵਿੱਚੋਂ ਕਈਆਂ ਨੇ ਦਾਸ ਨੂੰ ਪੁੱਛਿਆ, ਹਰਮਿੰਦਰ ਸਿੰਘ ਕਿਉਂ ਨਹੀਂ ਆਉਂਦਾ। ਉਸਦੇ ਤਬਲਾ ਵਜਾਉਣ ਨਾਲ ਸਿਮਰਨ ਵਿੱਚ ਬਹੁਤ ਅਨੰਦ ਆਉਂਦਾ ਹੈ। ਦਾਸ ਨੇ ਦੱਸਿਆ, ਉਹ ਛੁੱਟੀਆਂ ਤੇ ਗਿਆ ਹੋਇਆ ਹੈ।

ਇੱਕ ਦਿਨ ਹਰਮਿੰਦਰ ਸਿੰਘ ਦਾਸ ਨੂੰ ਮਿਲਣ ਆਇਆ ਤਾਂ ਮੈਂ ਉਸਨੂੰ ਦੱਸਿਆ ਕਿ ਤੁਹਾਡੇ ਤਬਲਾ ਵਜਾਉਣ ਨਾਲ ਸੰਗਤ ਨੂੰ ਸਿਮਰਨ ਵਿੱਚ ਬਹੁਤ ਰਸ ਆਉਂਦਾ ਹੈ। ਤੁਸੀਂ ਕਿਸ ਕੋਲੋਂ ਤਬਲਾ ਸਿਖਿਆ ਸੀ ਅਤੇ ਤੁਹਾਨੂੰ ਤਬਲਾ ਵਜਾਉਣ ਦੀ ਲਗਨ ਕਿਸ ਤਰ੍ਹਾਂ ਲੱਗੀ। ਉਸਨੇ ਦੱਸਿਆ, ਮੇਰੇ ਨਾਲ ਭਾਈ ਬਹਾਦਰ ਸਿੰਘ, ਭਾਈ ਦਵਿੰਦਰ ਸਿੰਘ, ਭਾਈ ਜਸਪਾਲ ਸਿੰਘ ਕਾਲਜ ਵਿੱਚ ਪੜ੍ਹਦੇ ਸਨ। ਇੱਕ ਦਿਨ ਇਨ੍ਹਾਂ ਨੇ ਸਾਊਥਾਲ ਬਹੁਤ ਰਸਭਿੰਨਾ ਕੀਰਤਨ ਕੀਤਾ। ਇਨ੍ਹਾਂ ਨੂੰ ਕੀਰਤਨ ਕਰਦਿਆਂ ਦੇਖ ਕੇ ਮੈਨੂੰ ਵੀ ਤਬਲਾ ਸਿੱਖਣ ਦਾ ਚਾਉ ਪੈਦਾ ਹੋ ਗਿਆ।

ਜਦੋਂ ਮੈਂ ਤਬਲਾ ਸਿੱਖਣ ਲੱਗ ਪਿਆ ਤਾਂ ਮੇਰੇ ਮਾਤਾ ਪਿਤਾ ਬਹੁਤ ਫਿਕਰ ਕਰਦੇ ਸਨ ਕਿ ਪੜ੍ਹਾਈ ਵਿੱਚ ਪਿੱਛੇ ਰਹਿ ਜਾਵੇਗਾ। ਦਾਸ ਨੇ ਪੁਛਿਆ, ਤਬਲਾ ਸਿਖਦਿਆਂ ਪੜ੍ਹਾਈ ਵਿੱਚ ਕੋਈ ਤਕਲੀਫ ਤਾਂ ਨਹੀਂ ਆਈ। ਉਸਨੇ ਕਿਹਾ ਬੱਚਿਆਂ ਦਾ ਦਿਮਾਗ ਬਹੁਤ ਤੇਜ਼ ਹੁੰਦਾ ਹੈ ਜੇ ਕੁੱਝ ਸਿਖਣਾ ਚਾਹੁਣ ਤਾਂ ਜਲਦੀ ਸਿੱਖ ਸਕਦੇ ਹਨ। ਮੈਨੂੰ ਇਤਨੀ ਸਮਝ ਸੀ ਕਿ ਪੜ੍ਹਾਈ ਕਰਨੀ ਬਹੁਤ ਜ਼ਰੂਰੀ ਹੈ, ਟੈਲੀਵਿਯਨ ਤਾਂ ਫਿਰ ਵੀ ਦੇਖ ਸਕਦਾ ਹਾਂ। ਜਦੋਂ ਮੇਰੇ ਪੇਪਰ ਹੋਏ ਤਾਂ ਮੈਂ ਫਸਟ ਆਇਆ, ਮੇਰੇ ਮਾਤਾ ਪਿਤਾ ਬਹੁਤ ਖੁਸ਼ ਹੋਏ ਅਤੇ ਹਰ ਸਾਲ ਫਸਟ ਆਉਂਦਾ ਰਿਹਾ।

ਹਰਮਿੰਦਰ ਸਿੰਘ ਨੇ ਦੱਸਿਆ, ਜਦੋਂ ਮੈਂ ਛੋਟਾ ਜਿਹਾ ਸੀ ਤਾਂ ਬੀਮਾਰ ਹੋ ਗਿਆ। ਮੇਰੇ ਮਾਤਾ ਜੀ ਸਾਊਥਾਲ ਤੋਂ ਰੋਜ਼ਾਨਾ ਮੇਰੇ ਵਾਲ ਵਾਹੁਣ ਵਾਸਤੇ ਚੈਰਿੰਗ ਕਰੌਸ ਹਸਪਤਾਲ ਜਾਂਦੇ ਸਨ। ਮੈਂ ਮਾਤਾ ਜੀ ਨੂੰ ਕਿਹਾ, ਤੁਸੀਂ ਏਨੀ ਦੂਰ ਤੋਂ ਮੇਰੇ ਵਾਲ ਵਾਹੁਣ ਲਈ ਆਉਂਦੇ ਹੋ ਕਟਾ ਕਿਉਂ ਨਹੀਂ ਦਿੰਦੇ। ਮੇਰੀ ਮਾਤਾ ਜੀ ਨੇ ਵਾਲਾਂ ਦੀ ਮਹਾਨਤਾ ਦੱਸਦੇ ਹੋਏ ਕਿਹਾ, ਭਾਈ ਤਾਰੂ ਸਿੰਘ ਜੀ ਨੇ ਆਪਣੀ ਖੋਪਰੀ ਉਤਰਵਾ ਲਈ ਪਰ ਵਾਲ ਨਹੀਂ ਕਟਾਏ। ਵਾਲ ਸਿੱਖ ਧਰਮ ਦੀ ਨਿਸ਼ਾਨੀ ਹਨ। ਇਨ੍ਹਾਂ ਦੀ ਖਾਤਰ ਸਿੱਖਾਂ ਨੇ ਬਹੁਤ ਕੁਰਬਾਨੀਆਂ ਦਿੱਤੀਆਂ। ਇਹ ਮਹਾਰਾਜ ਜੀ ਦੀ ਵਡਿਆਈ ਹੈ ਕਿ ਸਿੱਖ ਲੱਖਾਂ ਵਿੱਚੋਂ ਖੜ੍ਹਾ ਪਛਾਣਿਆ ਜਾਂਦਾ ਹੈ। ਇਸ ਤੋਂ ਬਾਅਦ ਮੈਂ ਕਦੀ ਵੀ ਨਹੀਂ ਸੋਚਿਆ ਕਿ ਵਾਲ ਕਟਾਵਾਂ। ਮੇਰੇ ਪਿਤਾ ਸਰਜੀਤ ਸਿੰਘ ਬਿਲਗਾ ਅਤੇ ਮਾਤਾ ਗੁਰਬਚਨ ਕੌਰ ਗੁਰੂ ਘਰ ਦੇ ਬਹੁਤ ਸ਼ਰਧਾਲੂ ਹਨ। ਕਾਲਜ ਵਿੱਚ ਵੀ ਗੁਰਸਿੱਖਾਂ ਦੇ ਲੜਕੇ ਮੇਰੇ ਨਾਲ ਪੜ੍ਹਦੇ ਸਨ ਮੈਨੂੰ ਹੋਰ ਹੌਸਲਾ ਹੋ ਗਿਆ।

*****

ਭਾਗ = ਚੌਥਾ

*

*

# ਖਾਲਸਾ ਰਾਜ

# ਖਾਲਸਾ ਰਾਜ ਦੀ ਤਿਆਰੀ

ਔਰੰਗਜ਼ੇਬ ਪੰਡਤਾਂ ਨੂੰ ਜ਼ਬਰਦਸਤੀ ਮੁਸਲਮਾਨ ਬਣਾ ਰਿਹਾ ਸੀ ਤਾਂ ਕਸ਼ਮੀਰੀ ਪੰਡਤਾਂ ਨੇ ਸ੍ਰੀ ਅਨੰਦਪੁਰ ਸਾਹਿਬ, ਦਰਬਾਰ ਵਿੱਚ ਆ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਅੱਗੇ ਫਰਿਆਦ ਕੀਤੀ ਕਿ ਸਾਡਾ ਧਰਮ ਖਤਰੇ ਵਿੱਚ ਹੈ। ਸਾਡੀ ਰੱਖਿਆ ਕਰੋ। ਇਤਨੀ ਦੇਰ ਨੂੰ ਸਾਹਿਬਜ਼ਾਦਾ ਗੋਬਿੰਦ ਰਾਇ ਵੀ ਪਹੁੰਚ ਗਏ। ਪੰਡਤਾਂ ਨੂੰ ਉਦਾਸ ਦੇਖ ਕੇ ਪੁਛਿਆ,

"ਪਿਤਾ ਜੀ, ਇਹ ਲੋਕ ਇਤਨੇ ਉਦਾਸ ਕਿਉਂ ਹਨ ?" ਗੁਰੂ ਜੀ ਨੇ ਜਵਾਬ ਦਿੱਤਾ, ਇਨ੍ਹਾਂ ਦਾ ਧਰਮ ਖਤਰੇ ਵਿੱਚ ਹੈ। ਕੋਈ ਐਸਾ ਮਹਾਂਪੁਰਸ਼ ਚਾਹੀਦਾ ਹੈ ਜਿਹੜਾ ਆਪਣਾ ਬਲੀਦਾਨ ਦੇਵੇ।

ਗੋਬਿੰਦ ਰਾਇ ਨੇ ਕਿਹਾ, ਪਿਤਾ ਜੀ ਆਪ ਜੀ ਤੋਂ ਵੱਡਾ ਹੋਰ ਕੌਣ ਮਹਾਂਪੁਰਸ਼ ਹੋ ਸਕਦਾ ਹੈ ਜੋ ਇਨ੍ਹਾਂ ਦੇ ਧਰਮ ਦੀ ਰੱਖਿਆ ਕਰੇ। ਗੁਰੂ ਜੀ ਆਪਣੇ ਨੌ ਸਾਲ ਦੇ ਹੋਣਹਾਰ ਪੁੱਤਰ ਪਾਸੋਂ ਇਹ ਸੁਣ ਕੇ ਬਹੁਤ ਪ੍ਰਸੰਨ ਹੋਏ ਅਤੇ ਪੰਡਤਾਂ ਨੂੰ ਕਿਹਾ, ਤੁਸੀਂ ਔਰੰਗਜ਼ੇਬ ਨੂੰ ਜਾ ਕੇ ਕਹਿ ਦਿਉ, ਜੇ ਕਰ ਅਨੰਦਪੁਰ ਦੇ ਵਾਸੀ 'ਗੁਰੂ ਤੇਗ ਬਹਾਦਰ' ਇਸਲਾਮ ਧਰਮ ਕਬੂਲ ਕਰ ਲੈਣ ਤਾਂ ਅਸੀਂ ਵੀ ਕਰ ਲਵਾਂਗੇ। ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਹਿੰਦੂਆਂ ਦਾ ਧਰਮ ਬਚਾਉਣ ਲਈ ਆਪਣਾ ਬਲੀਦਾਨ ਦਿੱਤਾ।

ਜਦੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ ਤਾਂ ਨਾਲ ਹੀ ਇਹ ਐਲਾਨ ਕਰ ਦਿੱਤਾ ਕਿ ਜੇ ਕੋਈ ਵੀ ਇਨ੍ਹਾਂ ਦੇ ਮ੍ਰਿਤਕ ਸਰੀਰ ਨੂੰ ਹੱਥ ਲਗਾਏਗਾ ਤਾਂ ਉਸਦਾ ਵੀ ਇਹ ਹੀ ਹਾਲ ਹੋਵੇਗਾ। ਉਸ ਵਕਤ ਕੋਈ ਵੀ ਸਿੱਖ ਅੱਗੇ ਨਾ ਹੋਇਆ ਜੋ ਗੁਰੂ ਜੀ ਦਾ ਸਸਕਾਰ ਕਰ ਸਕਦਾ ਸਾਰੇ ਔਰੰਗਜ਼ੇਬ ਕੋਲੋਂ ਡਰਦੇ ਸਨ।

ਉਸ ਵੇਲੇ ਅਚਾਨਕ ਕਾਲੀ ਬੋਲੀ ਹਨ੍ਹੇਰੀ ਆਈ। ਇਸ ਹਨ੍ਹੇਰੀ ਵਿੱਚ ਭਾਈ ਜੈਤਾ ਜੀ ਗੁਰੂ ਜੀ ਦਾ ਪਵਿੱਤਰ ਸੀਸ ਲੈ ਕੇ ਰਾਤੋ ਰਾਤ ਅਨੰਦਪੁਰ ਸਾਹਿਬ ਵੱਲ ਤੁਰ ਪਏ ਅਤੇ ਗੁਰੂ ਜੀ ਦੇ ਪਵਿੱਤਰ ਧੜ ਨੂੰ ਇੱਕ ਲੁਬਾਣਾ ਸਿੱਖ ਭਾਈ ਲੱਖੀ ਜੀ ਨੇ ਆਪਣੇ ਗੱਡੇ ਉਪਰ ਰੱਖ ਕੇ ਲਿਆਂਦਾ ਅਤੇ ਆਪਣੇ ਘਰ ਅੰਦਰ ਰੱਖ ਕੇ ਸਾਰੇ ਘਰ ਨੂੰ ਅੱਗ ਲਗਾ ਕੇ ਸਸਕਾਰ ਕੀਤਾ। ਇਥੇ ਅੱਜਕੱਲ 'ਰਕਾਬ ਗੰਜ' ਗੁਰਦੁਆਰਾ ਸੁਸ਼ੋਭਤ ਹੈ।

ਜਦੋਂ ਭਾਈ.ਜੈਤਾ ਜੀ ਸਤਿਗੁਰੂ ਜੀ ਦਾ ਪਵਿੱਤਰ ਸੀਸ ਲੈ ਕੇ ਅਨੰਦਪੁਰ ਸਾਹਿਬ ਪਹੁੰਚੇ, ਸਾਰਾ ਹਾਲ ਦੱਸਿਆ ਤਾਂ ਉਸ ਵੇਲੇ ਗੋਬਿੰਦ ਰਾਏ ਜੀ ਨੇ ਪ੍ਰਣ ਕੀਤਾ ਕਿ ਮੈਂ ਐਸਾ ਸਿੱਖ ਸਾਜਾਂਗਾ ਜਿਹੜਾ ਕਿ ਲੱਖਾਂ ਵਿੱਚੋਂ ਪਛਾਣਿਆਂ ਜਾਵੇਗਾ ਅਤੇ ਗੁਰੂ ਜੀ ਨੇ ਖਾਲਸਾ ਪੰਥ ਦੀ ਸਾਜਨਾ ਕੀਤੀ।

ਖਾਲਸੇ ਨੇ ਖਾਲਸਾ ਰਾਜ ਮਸੂਮ ਅਤੇ ਬੇਸਹਾਰੇ ਲੋਕਾਂ ਦੀ ਰੱਖਿਆ ਅਤੇ ਉਨ੍ਹਾਂ ਦੀਆਂ ਅਸੀਸਾਂ ਨਾਲ ਕਾਇਮ ਕੀਤਾ।

ਜਦੋਂ ਇੰਡੀਆਂ ਵਿਚ ਗੋਰੇ ਗਾਏ ਤਾਂ ਇੰਡੀਆਂ ਦੇ ਬਾਕੀ ਸੂਬਿਆਂ ਵਿੱਚ ਆਪਣਾ ਰਾਜ ਜਲਦੀ ਕਾਇਮ ਕਰ ਲਿਆ ਪਰ ਪੰਜਾਬ ਵਿੱਚ ਇਨ੍ਹਾਂ ਦਾ ਕੋਈ ਜ਼ੋਰ ਨਹੀਂ ਚਲ ਸਕਿਆ। ਇਹ ਸਿੱਖਾਂ ਦਾ ਮੁਕਾਬਲਾ ਨਹੀਂ ਕਰ ਸਕਦੇ ਸਨ ਅਤੇ ਦੇਖ ਕੇ ਹੈਰਾਨ ਹੁੰਦੇ ਸਨ ਕਿ ਸਿੱਖ ਲੜਾਈ ਅਤੇ ਮੌਤ ਤੋਂ ਡਰਦੇ ਨਹੀਂ। ਇਹ ਸੋਚਦੇ ਕਿ ਸਿੱਖਾਂ ਨੂੰ ਇਤਨੀ ਸ਼ਕਤੀ ਕਿਥੋਂ ਮਿਲਦੀ ਹੈ। ਇਨ੍ਹਾਂ ਨੇ ਖੋਜ ਕਰਕੇ ਪਤਾ ਕੀਤਾ ਕਿ ਸਿੱਖਾਂ ਨੂੰ ਅੰਮ੍ਰਿਤ ਤੋਂ ਸ਼ਕਤੀ ਮਿਲਦੀ ਹੈ। ਹੁਣ ਇਹ ਸੋਚਣ ਲੱਗੇ ਕਿ 'ਅੰਮ੍ਰਿਤ' ਵਿੱਚ ਕਿਸ ਤਰ੍ਹਾਂ ਵਿਘਨ ਪਾਇਆ ਜਾਵੇ। ਇਨ੍ਹਾਂ ਨੇ ਪੰਥ ਦੇ ਮੁਖੀ ਬੰਦਿਆਂ ਨਾਲ ਰਲ ਕੇ ਅੰਮ੍ਰਿਤ ਸੰਚਾਰ ਅਤੇ ਰਹਿਤ ਮਰਿਆਦਾ ਵਿੱਚ ਵਿਘਨ ਪਵਾਉਣੇ ਸ਼ੁਰੂ ਕਰ ਦਿੱਤੇ। ਸ੍ਰੀ ਅਕਾਲ ਤਖਤ ਸਾਹਿਬ ਵਿਖੇ ਇੱਕ ਦਿਨ ਕੇਸਕੀ ਦੇ ਨਾਲ ਅੰਮ੍ਰਿਤ ਸੰਚਾਰ ਕਰਦੇ ਅਤੇ ਦੂਸਰੇ ਦਿਨ ਬਗੈਰ ਕੇਸਕੀ ਤੋਂ ਅੰਮ੍ਰਿਤ ਸੰਚਾਰ ਕਰਦੇ। ਇਸ ਤਰ੍ਹਾਂ ਰਹਿਤ ਮਰਿਆਦਾ ਵਿੱਚ ਢਿੱਲ ਹੁੰਦੀ ਗਈ ਅਤੇ ਖਾਲਸੇ ਨੂੰ ਅੰਮ੍ਰਿਤ ਦੀ ਪੂਰੀ ਸ਼ਕਤੀ ਨਹੀਂ ਮਿਲੀ।

ਇੱਕ ਰਹਿਤ ਮਰਿਆਦਾ ਵਿੱਚ ਢਿੱਲ, ਦੂਸਰਾ ਸਿੱਖਾਂ ਨੇ ਅੰਮ੍ਰਿਤ ਵੇਲਾ ਹੀ ਛੱਡ ਦਿੱਤਾ। ਇਸੇ ਤਰ੍ਹਾਂ ਖਾਲਸੇ ਪੰਥ ਵਿੱਚ ਕਮਜ਼ੋਰੀਆਂ ਆਉਂਦੀਆਂ ਗਈਆਂ। ਸਿੱਖ, ਗੁਰੂ ਦੇ ਬਚਨਾਂ ਤੇ ਪੱਕਾ ਨਹੀਂ ਰਿਹਾ ਇਸ ਕਰਕੇ ਖਾਲਸਾ ਰਾਜ ਜਾਂਦਾ ਰਿਹਾ।

ਜਬ ਲਗ ਖ਼ਾਲਸਾ ਰਹੇ ਨਿਆਰਾ।
ਤਬ ਲਗ ਤੇਜ ਦੀਉ ਮੈਂ ਸਾਰਾ।

*(ਸਰਬ ਲੋਹ ਗ੍ਰੰਥ ਚੋਂ)*

ਸੰਤ ਜਰਨੈਲ ਸਿੰਘ ਜੀ ਨੇ ਕਿਹਾ ਸੀ ਜਿਸ ਦਿਨ ਸ੍ਰੀ ਹਰਿਮੰਦਰ ਸਾਹਿਬ 'ਤੇ ਅਟੈਕ ਹੋਇਆ ਉਸ ਦਿਨ ਖਾਲਿਸਤਾਨ ਦੀ ਨੀਂਹ ਰੱਖੀ ਜਾਵੇਗੀ। ਨੀਂਹ ਨੂੰ ਮਜ਼ਬੂਤ ਕਰਨ ਲਈ ਨਾਮ ਜਪਣ ਦੀ ਜ਼ਰੂਰਤ ਹੈ। ਨਾਮ ਜਪ ਕੇ ਤਾਕਤ ਆ ਜਾਵੇ ਗੀ ਅਤੇ ਨਿਰਭਾਉ ਹੋ ਜਾਉਗੇ। ਜਦੋਂ ਨੀਂਹ ਮਜ਼ਬੂਤ ਹੋ ਗਈ ਕੋਈ ਤਾਕਤ ਇਸ ਨੂੰ ਹਿਲਾ ਨਹੀਂ ਸਕੇਗੀ।

ਪੁਰਾਤਨ ਗੁਰਸਿੱਖ ਸਿਮਰਨ ਕਰਦੇ ਅਤੇ ਸੱਚ ਤੇ ਚਲਦੇ ਸਨ। ਇਨ੍ਹਾਂ ਕੋਲ ਨਾਮ ਦੀ ਸ਼ਕਤੀ ਅਤੇ ਸ਼ਾਸਤਰ ਵਿਦਿਆ ਸੀ। ਇਹ ਸ਼ਕਤੀ (ਸੰਤ ਤੇ ਸਿਪਾਹੀ) ਖਾਲਸੇ ਕੋਲ ਹੋਣੀ ਚਾਹੀਦੀ ਹੈ। ਇਹ ਨਾਮ ਜਪ ਕੇ ਹੀ ਪੈਦਾ ਹੋਣੀ ਹੈ। ਜਿਸ ਤਰ੍ਹਾਂ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਅੰਮ੍ਰਿਤ ਵੇਲੇ ਸਿਮਰਨ ਹੁੰਦਾ ਹੈ ਜੇ ਇਸ ਤਰ੍ਹਾਂ ਸਾਰਿਆਂ ਗੁਰਦੁਆਰਿਆਂ ਵਿੱਚ ਸਿਮਰਨ ਸ਼ੁਰੂ ਹੋ ਜਾਵੇ ਤਾਂ ਖਾਲਸਾ ਰਾਜ ਜਲਦੀ ਆ ਜਾਵੇਗਾ, ਬਸ ਸ਼ੁਰੂ ਕਰਨ ਦੀ ਜ਼ਰੂਰਤ ਹੈ ਜਦੋਂ ਸ਼ੁਰੂ ਹੋ ਗਿਆ ਤਾਂ ਮਹਾਰਾਜ ਜੀ ਆਪ ਸਹਾਇਤਾ ਕਰਨਗੇ।

ਚਰਨ ਸਰਨ ਗੁਰੂ ਏਕ ਪੈਂਡਾ ਜਾਇ ਚਲ
ਸਤਿਗੁਰੁ ਕੋਟਿ ਪੈਂਡਾ ਆਗੇ ਹੋਇ ਲੇਤ ਹੈ ॥

ਏਕ ਬਾਰ ਸਤਿਗੁਰ ਮੰਤ੍ਰ ਸਿਮਰਨ ਮਾਤ੍ਰ
ਸਿਮਰਨ ਤਾਂਹਿ ਬਾਰੰਬਾਰ ਗੁਰੁ ਹੇਤ ਹੈ ॥
ਭਾਵਨੀ ਭਗਤਿ ਭਾਇ ਕੌਡੀ ਅਗ੍ਰਭਾਗ ਰਾਖੈ
ਤਾਹਿ ਗੁਰੁ ਸਰਬ ਨਿਧਾਨ ਦਾਨ ਦੇਤ ਹੈ ॥
ਸਤਿਗੁਰੁ ਦਯਾ ਨਿਧਿ ਮਹਿਮਾ ਅਗਾਧਿ ਬੋਧ
ਨਮੋ ਨਮੋ ਨਮੋ ਨਮੋ ਨੇਤਿ ਨੇਤਿ ਨੇਤਿ ਹੈ ॥
*(ਭਾਈ ਗੁਰਦਾਸ ਜੀ)*

ਤੁਹਾਨੂੰ ਉਦਮ ਕਰਨ ਦੀ ਜ਼ਰੂਰਤ ਹੈ। ਮਹਾਰਾਜ ਜੀ ਰਾਜ ਕਿਉਂ ਨਹੀਂ ਦੇਣਗੇ।

*****

# ਚੰਦਨ ਦਾ ਬੂਟਾ

ਦਾਸ ਨੂੰ ਸੇਵਾ ਕਰਨ ਦਾ ਬਹੁਤ ਸ਼ੌਂਕ ਹੈ ਅਤੇ ਤਵੀ 'ਤੇ ਸੇਵਾ ਕਰਦੀਆਂ ਬੀਬੀਆਂ ਨੂੰ ਇੱਕ ਦਿਨ ਦਾਸ ਨੇ ਬੇਨਤੀ ਕੀਤੀ ਕਿ ਆਪਾਂ 'ਵਾਹਿਗੁਰੂ' ਦਾ ਜਾਪ ਕਰੀਏ। ਕਿਰਪਾਲ ਕੌਰ, ਬਸੰਤ ਕੌਰ, ਗੁਰਦੇਵ ਕੌਰ, ਜਸਵੰਤ ਕੌਰ, ਸਤਵਿੰਦਰ ਕੌਰ, ਸਤਵੰਤ ਕੌਰ, ਸਰਜੀਤ ਕੌਰ, ਮਹਿੰਦਰ ਕੌਰ, ਜਸਵਿੰਦਰ ਕੌਰ ਅਤੇ ਕੁਲਵੰਤ ਕੌਰ ਸੇਵਾ ਕਰਦੀਆਂ ਸਨ। ਇਨ੍ਹਾਂ ਨੂੰ ਵੀ ਸਿਮਰਨ ਕਰਨ ਦਾ ਬਹੁਤ ਸ਼ੌਕ ਸੀ। ਦਾਸ ਨੇ ਕਿਹਾ ਕਿ ਪਹਿਲਾਂ ਮੈਂ 'ਵਾਹਿਗੁਰੂ' ਦਾ ਜਾਪ ਕਰਦਾ ਹਾਂ ਫਿਰ ਤੁਸੀਂ ਕਰਨਾ। ਇਸ ਤਰ੍ਹਾਂ ਤਵੀ 'ਤੇ ਸੇਵਾ ਕਰਦਿਆਂ ਸਿਮਰਨ ਸ਼ੁਰੂ ਹੋਇਆ।

ਗੁਰਦੁਆਰੇ ਹਰ ਹਫਤੇ ਸ਼ੁਕਰਵਾਰ ਨੂੰ ਅਖੰਡਪਾਠ ਰੱਖੇ ਜਾਂਦੇ ਹਨ। ਕਦੀ ਕਦੀ ਦੋ ਤਿੰਨ ਵੀ ਰੱਖਦੇ ਹਨ। ਸ਼ੁਕਰਵਾਰ, ਸ਼ਨੀਵਾਰ ਅਤੇ ਐਤਵਾਰ ਤਿੰਨੇ ਹੀ ਦਿਨ, ਜਿਨ੍ਹਾਂ ਵਲੋਂ ਅਖੰਡਪਾਠ ਰੱਖੇ ਹੁੰਦੇ ਹਨ, ਉਨ੍ਹਾਂ ਦੇ ਸਾਰੇ ਪਰਿਵਾਰ ਅਤੇ ਰਿਸ਼ਤੇਦਾਰ ਆ ਕੇ ਲੰਗਰ ਬਣਾਉਣ ਦੀ ਸੇਵਾ ਕਰਦੇ ਹਨ। ਬੀਬੀਆਂ ਤਵੀ ਤੇ ਪ੍ਰਸ਼ਾਦਿਆਂ ਦੀ ਸੇਵਾ ਕਰਦੀਆਂ ਅਤੇ ਨਾਲ ਨਾਲ ਨਾਮ ਵੀ ਜਪਦੀਆਂ ਹਨ। ਹਰ ਹਫਤੇ ਨਵੇਂ ਨਵੇਂ ਪਰਿਵਾਰ ਆ ਕੇ ਸੇਵਾ ਕਰਦੇ। ਕਈ ਬੀਬੀਆਂ ਜਿਨ੍ਹਾਂ ਨੇ ਕਦੀ ਸਿਮਰਨ ਨਹੀਂ ਕੀਤਾ, ਉਹ ਬਹੁਤ ਹੀ ਹੈਰਾਨ ਹੁੰਦੀਆਂ ਕਿ ਸਾਨੂੰ ਵੀ ਇਕ ਦੋ ਘੰਟੇ ਸਿਮਰਨ ਕਰਨ ਦਾ ਮੌਕਾ ਮਿਲ ਗਿਆ। ਕਈ ਬੀਬੀਆਂ ਆਪਸ ਵਿਚ ਗੱਲਾਂ ਕਰਦੀਆਂ ਕਿ ਅਸੀਂ ਤਾਂ ਕਦੀ ਸਿਮਰਨ ਕੀਤਾ ਹੀ ਨਹੀਂ ਸੀ।

ਇਸ ਤਰ੍ਹਾਂ ਹਰ ਪਰਿਵਾਰ ਦੇ ਇੱਕ ਦੋ ਘੰਟੇ ਸਿਮਰਨ ਕਰਨ ਦੇ ਨਾਲ ਸਾਊਥਾਲ ਅਤੇ ਇਸ ਦੇ ਆਸ ਪਾਸ ਦੇ ਇਲਾਕੇ ਵਿਚ ਇਹ ਲੜੀ ਸ਼ੁਰੂ ਹੋ ਗਈ। ਕਿਸੇ ਨੂੰ ਇਸ ਗੱਲ ਦਾ ਪਤਾ ਹੀ ਨਹੀਂ ਸੀ ਕਿ ਨਾਮ ਜਪਣ ਦੀ ਸੇਵਾ ਹੋ ਰਹੀ ਹੈ। ਸਤਿਗੁਰੂ ਜੀ ਦੀ ਕ੍ਰਿਪਾ ਨਾਲ ਅੱਜ ਤਕ ਵੀ ਲੰਗਰ ਬਣਾਉਂਦੇ ਸਮੇਂ ਸਿਮਰਨ ਹੁੰਦਾ ਹੈ।

**ਐਸਾ ਨਾਮੁ ਰਤਨੁ ਨਿਰਮੋਲਕੁ, ਪੁੰਨਿ ਪਦਾਰਥੁ ਪਾਇਆ ॥**
**ਅਨਿਕ ਜਤਨ ਕਰਿ ਹਿਰਦੈ ਰਾਖਿਆ,**
**ਰਤਨੁ ਨ ਛਪੈ ਛਪਾਇਆ ॥ 1 ॥**
**ਹਰਿ ਗੁਨ ਕਹਤੇ ਕਹਨੁ ਨ ਜਾਈ ॥**
**ਜੈਸੇ ਗੂੰਗੇ ਕੀ ਮਠਿਆਈ ॥ 1 ॥ ਰਹਾਉ ॥**
**ਰਸਨਾ ਰਮਤ, ਸੁਨਤ ਸੁਖੁ ਸ੍ਰਵਨਾ, ਚਿਤ ਚੇਤੇ ਸੁਖੁ ਹੋਈ**
**ਕਹੁ ਭੀਖਨ ਦੁਇ ਨੈਨ ਸੰਤੋਖੇ, ਜਹ ਦੇਖਾਂ ਤਹ ਸੋਈ ॥ 1 ॥**

*(ਸੋਰਠ ਭੀਖਨ ਪੰ: -659)*

ਨਾਮ ਦੀ ਐਸੀ ਕਲਾ ਹੈ, ਕੋਈ ਵੀ ਜੀਵ ਕਿਤੇ ਵੀ ਗੁਪਤ ਸਿਮਰਨ ਕਰੇ, ਉਸ ਨੇ ਜ਼ਰੂਰ ਪ੍ਰਗਟ ਹੋਣਾ ਹੈ। ਇਹ ਚੰਦਨ ਦਾ ਬੂਟਾ ਅਸੀਂ ਸ੍ਰੀ ਗੁਰੂ ਸਿੰਘ ਸਭਾ

ਸਾਊਥਾਲ ਗੁਰਦੁਆਰੇ 26 ਸਾਲ ਪਹਿਲਾਂ ਲੰਗਰ ਵਿਚ ਲਗਾਇਆ ਸੀ। ਇਹ ਬੂਟਾ ਇੰਨਾਂ ਫੈਲ ਗਿਆ ਕਿ ਇਸ ਦੀਆਂ ਟਾਹਣੀਆਂ ਮਹਾਰਾਜ ਜੀ ਦੀ ਹਜ਼ੂਰੀ ਵਿਚ ਜਾ ਪਹੁੰਚੀਆਂ। ਇਹ ਸੇਵਾ ਗੁਪਤ ਹੀ ਹੁੰਦੀ ਸੀ। ਕਿਸੇ ਦੀ ਵੀ ਘਾਲ ਬਿਰਥਾ ਨਹੀਂ ਜਾਂਦੀ। ਇਹ ਅੰਮ੍ਰਿਤ ਵੇਲੇ ਦੀ ਸੇਵਾ ਸਤਿਗੁਰੂ ਜੀ ਨੇ ਆਪ ਬਖਸ਼ਿਸ਼ ਕੀਤੀ ਹੈ। ਹੁਣ ਸੰਗਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੋਦ ਵਿਚ ਬੈਠ ਕੇ ਅੰਮ੍ਰਿਤ ਵੇਲੇ ਸਿਮਰਨ ਕਰਦੀਆਂ ਹਨ।

**ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥**

*(ਜਪੁ ਜੀ ਸਾਹਿਬ)*

ਅੰਮ੍ਰਿਤ ਵੇਲੇ ਦਾ ਸਿਮਰਨ ਪਹਿਲਾਂ ਕਲਿਫਟਨ ਰੋਡ ਗੁਰਦੁਆਰੇ ਹੁੰਦਾ ਸੀ। ਇੱਕ ਦਿਨ ਕਮੇਟੀ ਵਾਲਿਆਂ ਨੇ ਸਾਨੂੰ ਕਿਹਾ ਕਿ ਤੁਸੀਂ ਇਥੇ ਸਿਮਰਨ ਨਹੀਂ ਕਰ ਸਕਦੇ। ਅਸੀਂ ਇਸ ਵੇਲੇ ਇਥੇ 'ਆਸਾ ਦੀ ਵਾਰ' ਦਾ ਕੀਰਤਨ ਸ਼ੁਰੂ ਕਰਨਾ ਹੈ। ਗੁਰੂ ਜੀ ਨੇ ਇਹ ਇੱਕ ਕੌਤਕ ਹੀ ਵਰਤਾਇਆ ਸੀ। ਅਸੀਂ ਇੱਕ ਐਸੀ ਜਗ੍ਹਾ ਦੀ ਭਾਲ ਕਰਨ ਲੱਗੇ, ਜਿਥੇ ਬੈਠ ਕੇ ਆਤਮਾ ਦੀ ਖੁਰਾਕ (ਸਿਮਰਨ) ਕਰ ਸਕੀਏ।

ਇਕ ਦਿਨ ਅੰਮ੍ਰਿਤ ਵੇਲੇ ਚਾਰ ਵਜੇ ਦਾਸ ਸਿੰਘ ਸਭਾ ਗੁਰਦੁਆਰੇ ਗਿਆ। ਗਿਆਨੀ ਗੁਰਤੇਜ ਸਿੰਘ ਨਿੱਤਨੇਮ ਦਾ ਪਾਠ ਕਰ ਰਿਹਾ ਸੀ। ਪਾਠ ਦੀ ਸਮਾਪਤੀ ਤੋਂ ਬਾਅਦ ਦਾਸ ਨੇ ਪੁਛਿਆ, ਗਿਆਨੀ ਜੀ ਅਸੀਂ ਇਥੇ ਸਿਮਰਨ ਕਰ ਸਕਦੇ ਹਾਂ। ਉਸ ਨੇ ਉੱਤਰ ਦਿੱਤਾ, "ਬੜੇ ਸ਼ੌਕ ਨਾਲ ਕਰ ਸਕਦੇ ਹੋ।" ਉਸ ਨੇ ਸੋਚਿਆ ਹੋਵੇਗਾ ਕਿ ਮੈਂ ਇਥੇ ਪਾਠ ਕਰਿਆ ਕਰਾਂਗਾ ਤੇ ਇਹ ਸਿਮਰਨ ਕਰ ਲਿਆ ਕਰੇਗਾ, ਮੈਨੂੰ ਕੀ ਹਰਜ ਹੈ। ਫਿਰ ਦਾਸ ਨੇ ਹੈੱਡ ਗ੍ਰੰਥੀ ਸ਼ਮਸ਼ੇਰ ਸਿੰਘ ਨੂੰ ਪੁਛਿਆ। ਉਸ ਨੇ ਕਿਹਾ, "ਮੈਨੂੰ ਕੋਈ ਇਤਰਾਜ ਨਹੀਂ ਪਰ ਤੁਸੀਂ ਕਮੇਟੀ ਨੂੰ ਪੁਛ ਲਵੋ।" ਉਸ ਦਿਨ ਐਤਵਾਰ ਸੀ। ਮੈਂ ਦਫਤਰ ਵਿਚ ਚਲਾ ਗਿਆ ਉਥੇ ਭਾਈ ਹਰਪਾਲ ਸਿੰਘ ਬਰਾੜ, ਭਾਈ ਸੁਰਜੀਤ ਸਿੰਘ ਜੌਹਲ, ਭਾਈ ਸੋਹਨ ਸਿੰਘ ਸਮਰਾ, ਭਾਈ ਬਲਕਾਰ ਸਿੰਘ ਢਿਲੋਂ ਅਤੇ ਡਾ: ਪੀ ਬੀ ਜੌਹਲ ਬੈਠੇ ਸਨ। ਦਾਸ ਨੇ ਸਾਰਿਆਂ ਨੂੰ ਫ਼ਤਹ ਬੁਲਾਈ,

"ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹ" ਤੇ ਕਿਹਾ, ਤੁਸੀਂ ਸੰਗਤ ਦੇ ਰੂਪ ਵਿਚ ਬੈਠੇ ਹੋ, ਮੈਂ ਇਕ ਬੇਨਤੀ ਕਰਨੀ ਚਾਹੁੰਦਾ ਹਾਂ। ਉਹ ਕਹਿੰਦੇ, ਹੁਕਮ ਕਰੋ। ਮੈਂ ਕਿਹਾ, ਅਸੀਂ ਅੰਮ੍ਰਿਤ ਵੇਲੇ ਚਾਰ ਤੋਂ ਪੰਜ ਵਜੇ ਇਥੇ ਸਿਮਰਨ ਕਰ ਸਕਦੇ ਹਾਂ ? ਤੁਹਾਡੇ ਕੋਲ ਜਗ੍ਹਾ ਖਾਲੀ ਹੈ। ਜਨਰਲ ਸੈਕਟਰੀ ਹਰਪਾਲ ਸਿੰਘ ਨੇ ਮੇਰੇ ਵੱਲ ਗਹੁ ਨਾਲ ਦੇਖਿਆ ਅਤੇ ਕਿਹਾ, "ਚਾਰ-ਵਜੇ ! ਸੋਚ ਕੇ ਬੋਲਿਆ ਕਿ ਨਵੰਬਰ ਦਾ ਮਹੀਨਾ, ਠੰਢ ਦਾ ਮੌਸਮ, ਚਾਰ ਵਜੇ ਕੌਣ ਆਵੇਗਾ ? ਮਜ਼ਾਕ ਤਾਂ ਨਹੀਂ ਕਰ ਰਹੇ। ਇਹ ਤਾਂ ਸੌਣ ਦਾ ਵੇਲਾ ਹੈ। ਇਸ ਵੇਲੇ ਗੂੜ੍ਹੀ ਨੀਂਦ ਆਉਂਦੀ ਹੈ।" ਦਾਸ ਨੇ ਉਨ੍ਹਾਂ

ਨੂੰ ਦੱਸਿਆ, ਅਸੀਂ ਪਹਿਲਾਂ ਚਾਰ ਤੋਂ ਪੰਜ ਕਲਿਫਟਨ ਰੋਡ ਗੁਰਦੁਆਰੇ ਸਿਮਰਨ ਕਰਦੇ ਸੀ, ਹੁਣ ਉਨ੍ਹਾਂ ਨੇ ਕਿਹਾ ਕਿ ਤੁਸੀਂ ਇਥੇ ਸਿਮਰਨ ਨਹੀਂ ਕਰ ਸਕਦੇ।

**ਰਸੀਆ ਹੋਵੈ ਮੁਸਕ ਕਾ, ਤਬ ਫੂਲੁ ਪਛਾਣੈ ॥**

*(ਤਿਲੰਗ ਮ: 1 ਪੰ:–725)*

ਜਿਹੜਾ ਸੁਗੰਧੀ ਦਾ ਰਸੀਆ ਹੋਵੇ, ਉਹ ਹੀ ਫੁਲ ਦੀ ਸੁਗੰਧੀ ਪਛਾਣ ਸਕਦਾ ਹੈ, ਜਿਵੇਂ ਭੌਰਾ ਹੈ।

**ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ ॥**
**ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ ॥**

*(ਧਨਾਸਰੀ ਮ: 9 ਪੰ:–684)*

ਅਸੀਂ 15–20 ਪ੍ਰਾਣੀ ਆਤਮਾ ਦੀ ਖੁਰਾਕ (ਸਿਮਰਨ) ਵਾਸਤੇ ਜਗ੍ਹਾ ਦੀ ਭਾਲ ਕਰ ਰਹੇ ਹਾਂ। ਉਹ ਸੋਚ ਕੇ ਕਹਿੰਦਾ, "ਕਮੇਟੀ ਨਾਲ ਸਲਾਹ ਕਰਕੇ ਦੱਸਾਂਗੇ।" ਇੱਕ ਹਫਤਾ ਇਸੇ ਤਰ੍ਹਾਂ ਹੀ ਬੀਤ ਗਿਆ। ਜਿਨ੍ਹਾਂ ਨੂੰ ਸਿਮਰਨ ਦਾ ਚਾਅ ਸੀ ਉਹ ਵਾਰ ਵਾਰ ਮੈਨੂੰ ਪੁਛਦੇ ਕਿ ਕੋਈ ਪ੍ਰੋਗਰਾਮ ਬਣਿਆ।

ਇੱਕ ਦਿਨ ਗੁਰਦੁਆਰੇ ਸਟੇਜ ਸੈਕਟਰੀ ਅਮਰ ਸਿੰਘ ਬਿੰਦ ਮਿਲਿਆ ਤੇ ਉਸ ਨੇ ਕਿਹਾ, "ਸੰਤੋ, ਕਮੇਟੀ ਨੇ ਤੁਹਾਡੀ ਮੰਗ ਪੂਰੀ ਕਰ ਦਿੱਤੀ ਹੈ। ਤੁਸੀਂ ਪਾਰਕ ਐਵਨਿਊ ਗੁਰਦੁਆਰੇ ਜਾ ਕੇ ਸਿਮਰਨ ਕਰ ਲਿਆ ਕਰੋ। ਅਸੀਂ ਤੁਹਾਨੂੰ ਚਾਬੀਆਂ ਦੇ ਦਿੰਦੇ ਹਾਂ।" ਅਮਰ ਸਿੰਘ ਦੇ ਬਚਨ ਸੁਣ ਕੇ ਦਾਸ ਫਿਰ ਦਫ਼ਤਰ ਵਿਚ ਗਿਆ ਤੇ ਹਰਪਾਲ ਸਿੰਘ ਨਾਲ ਗੱਲ ਕੀਤੀ ਕਿ ਜਿਹੜੇ ਸਿਮਰਨ ਕਰਨ ਵਾਲੇ ਹਨ, ਉਹ ਇਸ ਗੁਰਦੁਆਰੇ ਦੇ ਨੇੜੇ ਹੀ ਰਹਿੰਦੇ ਹਨ। ਉਨ੍ਹਾਂ ਦੇ ਵਾਸਤੇ ਇਥੇ ਸੌਖਾ ਹੈ। ਉਸ ਨੇ ਕਿਹਾ ਕਿ ਹੁਣ ਗੁਰਦੁਆਰੇ ਦੀ ਨਵੀਂ ਬਿਲਡਿੰਗ ਬਣਾਉਣੀ ਹੈ, ਫਿਰ ਤੁਹਾਨੂੰ ਉਥੇ ਜਾਣਾ ਹੀ ਪਵੇਗਾ। ਮੈਨੂੰ ਖੁਸ਼ ਕਰਨ ਲਈ ਕਹਿੰਦਾ ਕਿ ਸਾਰੀ ਕਮੇਟੀ ਤਾਂ ਰਾਜੀ ਹੈ ਪਰ ਤੁਹਾਨੂੰ ਪ੍ਰਧਾਨ ਹਿੰਮਤ ਸਿੰਘ ਸੋਹੀ ਨੂੰ ਪੁਛਣਾ ਪਵੇਗਾ। ਮੈਂ ਪੁਛਿਆ ਕਿ ਹੁਣ ਹਿੰਮਤ ਸਿੰਘ ਕਿਥੇ ਹੈ। ਉਸ ਨੇ ਦੱਸਿਆ, ਕਿ ਉਹ ਪਾਰਕ ਐਵਨਿਊ ਗੁਰਦੁਆਰੇ ਆਪਣੇ ਰਿਸ਼ਤੇਦਾਰ ਦੀ ਸ਼ਾਦੀ ਤੇ ਗਿਆ ਹੋਇਆ ਹੈ। ਤੁਹਾਨੂੰ ਉਥੇ ਹੀ ਮਿਲੇਗਾ। ਦਫਤਰ ਤੋਂ ਆ ਕੇ ਮਹਾਰਾਜ ਜੀ ਦੀ ਹਜ਼ੂਰੀ ਵਿਚ ਅਰਦਾਸ ਕੀਤੀ ਕਿ, ਮਹਾਰਾਜ ਜੀ!

**ਪ੍ਰਭ ਕਾ ਸਿਮਰਨੁ ਸਭ ਤੇ ਊਚਾ ॥**
**ਪ੍ਰਭ ਕੈ ਸਿਮਰਨਿ ਉਧਰੇ ਮੂਚਾ ॥**

*(ਸੁਖਮਨੀ ਸਾਹਿਬ)*

ਇਸ ਨੇਕ ਕੰਮ ਵਿਚ ਮੇਰੀ ਸਹਾਇਤਾ ਕਰੋ । ਫਿਰ ਦਾਸ ਪਾਰਕ ਐਵਨਿਊ ਗੁਰਦੁਆਰੇ ਗਿਆ । ਪ੍ਰਧਾਨ ਹਿੰਮਤ ਸਿੰਘ ਸੋਹੀ ਨੂੰ ਮਿਲਿਆ ਤੇ ਬੇਨਤੀ ਕੀਤੀ, ਸਾਰੀ ਕਮੇਟੀ ਤਾਂ ਕਹਿ ਰਹੀ ਹੈ, ਹੁਣ ਤੁਹਾਡਾ ਕੀ ਵਿਚਾਰ ਹੈ । ਉਨ੍ਹਾਂ ਨੇ ਮੈਨੂੰ ਤੁਹਾਡੇ ਪਾਸ ਭੇਜਿਆ ਹੈ । ਉਸ ਨੇ ਕਿਹਾ, ਠੀਕ ਹੈ ਤੁਸੀਂ ਸਿਮਰਨ ਕਰ ਲਿਆ ਕਰੋ । ਤੁਸੀਂ ਕੱਲ੍ਹ ਤੋਂ ਸਿਮਰਨ ਸ਼ੁਰੂ ਕਰ ਦਿਉ ।

ਸਤਿਗੁਰੁ ਹੋਇ ਦਇਆਲੁ ਤ ਸਰਧਾ ਪੂਰੀਐ ॥
ਸਤਿਗੁਰੁ ਹੋਇ ਦਇਆਲੁ ਨ ਕਬਹੂੰ ਝੂਰੀਐ ॥
ਸਤਿਗੁਰ ਹੋਇ ਦਇਆਲੁ ਤਾ ਦੁਖੁ ਨ ਜਾਣੀਐ ॥
ਸਤਿਗੁਰੁ ਹੋਇ ਦਇਆਲੁ ਤਾ ਹਰਿ ਰੰਗੁ ਮਾਣੀਐ ॥
ਸਤਿਗੁਰੁ ਹੋਇ ਦਇਆਲ ਤਾ ਜਮ ਕਾ ਡਰੁ ਕੇਹਾ ॥
ਸਤਿਗੁਰੁ ਹੋਇ ਦਇਆਲ ਤਾ ਸਦ ਹੀ ਸੁਖੁ ਦੇਹਾ ॥
ਸਤਿਗੁਰੁ ਹੋਇ ਦਇਆਲ ਤਾ ਨਵ ਨਿਧਿ ਪਾਈਐ ॥
ਸਤਿਗੁਰੁ ਹੋਇ ਦਇਆਲ ਤ ਸਚਿ ਸਮਾਈਐ ॥

*(ਮਾਝ ਮ: 1 ਪੰ:–149)*

*****

# ਅੰਮ੍ਰਿਤ ਵੇਲੇ ਦਾ ਸਿਮਰਨ

**ਬਾਬੀਹਾ ਅੰਮ੍ਰਿਤ ਵੇਲੇ ਬੋਲਿਆ, ਤਾਂ ਦਰਿ ਸੁਣੀ ਪੁਕਾਰ ॥**
**ਮੇਘੈ ਨੋ ਫੁਰਮਾਨੁ ਹੋਆ, ਵਰਸਹੁ ਕਿਰਪਾ ਧਾਰਿ ॥**
**ਹਉ ਤਿਨ ਕੈ ਬਲਿਹਾਰਣੈ, ਜਿਨੀ ਸਚੁ ਰਖਿਆ ਉਰਿ ਧਾਰਿ ॥**
**ਨਾਨਕ ਨਾਮੇ ਸਭ ਹਰੀਆਵਲੀ ਗੁਰ ਕੈ ਸਬਦਿ ਵੀਚਾਰਿ**

*(ਸਲੋਕ ਮ: 3 ਪੰ:-1285)*

13-11-1995 ਨੂੰ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਸਾਧ ਸੰਗਤ ਨੇ ਚਾਰ ਤੋਂ ਪੰਜ ਵਜੇ ਅੰਮ੍ਰਿਤ ਵੇਲੇ ਦਾ ਸਿਮਰਨ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਸਾਊਥਲ ਵਿਖੇ ਸ਼ੁਰੂ ਕੀਤਾ। ਅੰਮ੍ਰਿਤ ਵੇਲੇ ਗੁਰੂ ਦੀ ਗੋਦ ਵਿਚ ਸਾਧ ਸੰਗਤ ਦੇ ਨਾਲ ਬੈਠ ਕੇ ਨਾਮ ਜਪਿਆ ਬਹੁਤ ਜਲਦੀ ਫਲੀਭੂਤ ਹੁੰਦਾ ਹੈ। ਭਗਤ ਕਬੀਰ ਜੀ ਆਪਣੀ ਬਾਣੀ ਵਿੱਚ ਫੁਰਮਾ ਰਹੇ ਹਨ ਕਿ :-

**ਕਹਤੁ ਕਬੀਰੁ ਸੁਨਹੁ ਰੇ ਸੰਤਹੁ,**
**ਸਾਧਸੰਗਤਿ ਤਰਿ ਜਾਂਹਿਗਾ ॥**

*(ਰਾਗੁ ਮਾਰੂ ਪੰ:-1106)*

**ਸਤਿਸੰਗਤਿ ਕੈਸੀ ਜਾਣੀਐ ॥**
**ਜਿਥੈ ਏਕੋ ਨਾਮੁ ਵਖਾਣੀਐ ॥**

*(ਸਿਰੀਰਾਗ ਮ: 1 ਪੰ:-72)*

**ਸਤਿਗੁਰ ਬਾਝਹੁ ਸੰਗਤਿ ਨ ਹੋਈ ॥**
**ਬਿਨੁ ਸਬਦੇ ਪਾਰੁ ਨ ਪਾਏ ਕੋਈ ॥**

*(ਮਾਰੂ ਮ: 3 ਪੰ:-1068)*

**ਜੇ ਲੋੜਹਿ ਸਦਾ ਸੁਖੁ ਭਾਈ ॥**
**ਸਾਧੂ ਸੰਗਤਿ ਗੁਰਹਿ ਬਤਾਈ ॥**
**ਊਹਾ ਜਪੀਐ ਕੇਵਲ ਨਾਮ ॥**
**ਸਾਧੂ ਸੰਗਤਿ ਪਾਰਗਰਾਮ॥**

*(ਬਸੰਤ ਮ: 5 ਪੰ:-1182)*

**ਸਤਸੰਗਤਿ ਮਹਿ ਨਾਮੁ ਨਿਰਮੋਲਕੁ**
**ਵਡੈ ਭਾਗਿ ਪਾਇਆ ਜਾਈ ॥**
**ਭਰਮਿ ਨ ਭੂਲਹੁ ਸਤਿਗੁਰੁ ਸੇਵਹੁ**
**ਮਨੁ ਰਾਖਹੁ ਇਕ ਠਾਈ ॥**

*(ਰਾਮਕਲੀ ਮ: 3 ਪੰ:-909)*

ਸਾਧ ਸੰਗਤ ਵਿਚ ਵਾਧਾ ਕਰਨ ਲਈ ਦਾਸ ਨੇ ਘਰ ਘਰ ਜਾ ਕੇ ਬੇਨਤੀ ਕੀਤੀ ਕਿ ਅੰਮ੍ਰਿਤ ਵੇਲੇ ਸਿਮਰਨ ਹੁੰਦਾ ਹੈ, ਤੁਸੀਂ ਵੀ ਹਾਜ਼ਰੀ ਭਰਿਆ ਕਰੋ। ਜਿਹੜਾ ਵੀ ਸੁਣਦਾ ਉਹ ਇਹ ਹੀ ਕਹਿੰਦਾ, ਇੰਨੀ ਜਲਦੀ ਉਠਣਾ ਤਾਂ ਬਹੁਤ ਕਠਿਨ ਹੈ। ਦਾਸ ਨੇ ਹੌਸਲਾ ਦਿੱਤਾ ਕਿ ਤੁਸੀਂ ਛੁੱਟੀ ਵਾਲੇ ਦਿਨ ਜ਼ਰੂਰ ਉਦਮ ਕਰਨਾ। ਸੌਣ ਤੋਂ ਪਹਿਲਾਂ ਕੀਰਤਨ ਸੋਹਿਲੇ ਦਾ ਪਾਠ ਕਰਕੇ ਸਤਿਗੁਰੂ ਜੀ ਅੱਗੇ ਬੇਨਤੀ ਕਰਨੀ ਕਿ ਅੰਮ੍ਰਿਤ ਵੇਲੇ ਉੱਠਣ ਦਾ ਬਲ ਬਖਸ਼ੋ। ਫਿਰ ਸਤਿਗੁਰੂ ਜੀ ਨੇ ਆਪ ਹੀ ਤੁਹਾਡੇ ਉਪਰ ਕ੍ਰਿਪਾ ਕਰ ਦੇਣੀ ਹੈ। ਇਹ ਗੁਰੂ ਜੀ ਦਾ ਕੰਮ ਹੈ, ਤੁਹਾਡਾ ਕੰਮ ਸਿਰਫ ਅਰਦਾਸ ਕਰਨਾ ਹੈ। ਜਦੋਂ ਸਿਮਰਨ ਸ਼ੁਰੂ ਕੀਤਾ ਤਾਂ ਭਾਈ ਗੁਰਸ਼ਰਨ ਸਿੰਘ, ਭਾਈ ਜਗਤਾਰ ਸਿੰਘ, ਬੀਬੀ ਨਵਲੀਨ ਕੌਰ ਤੇ ਬੀਬੀ ਰਣਜੀਤ ਕੌਰ ਸੇਵਾ ਕਰਦੇ ਸਨ। ਬੀਬੀ ਰਣਜੀਤ ਕੌਰ ਢੋਲਕੀ ਦੀ ਵੀ ਸੇਵਾ ਕਰਦੀ ਸੀ। ਪਰ ਤਬਲਾ ਵਜਾਉਣ ਵਾਲਾ ਕੋਈ ਨਹੀਂ ਸੀ। ਦਾਸ ਨੇ ਸੋਚਿਆ ਕੋਈ ਤਬਲਾ ਵਜਾਉਣ ਵਾਲਾ ਮਿਲ ਜਾਵੇ, ਤਾਂ ਜਸਪਾਲ ਸਿੰਘ ਨੂੰ ਪੁਛਿਆ ਕਿ ਤੂੰ ਤਬਲੇ ਦੀ ਸੇਵਾ ਨਿਭਾ ਸਕਦਾ ਹੈ। ਉਹ ਇਹ ਸੁਣ ਕੇ ਡਰ ਗਿਆ ਕਿ ਮੈਂ ਇੰਨੀ ਜਲਦੀ ਨਹੀਂ ਉੱਠ ਸਕਦਾ। ਮੈਂ ਉਸ ਨੂੰ ਕਿਹਾ, ਤੂੰ ਛੁਟੀ ਵਾਲੇ ਦਿਨ ਹੀ ਆ ਜਾਇਆ ਕਰ।

ਸਤਿਗੁਰੂ ਦੀ ਕ੍ਰਿਪਾ ਨਾਲ ਇਹ ਤਬਲੇ ਦੀ ਸੇਵਾ ਰੋਜ਼ਾਨਾ ਕਰਨ ਲੱਗਾ। ਤਬਲੇ ਦੀ ਸੇਵਾ ਕਰਦਿਆਂ ਕਰਦਿਆਂ ਛੇ ਸੱਤ ਹਫਤੇ ਹੋਏ ਤਾਂ ਗੁਰੂ ਜੀ ਨੇ ਇਸ ਨੂੰ ਕੌਤਕ ਦਿਖਾਇਆ, ਉਸ ਦਿਨ ਛੋਟੇ ਸਾਹਿਜ਼ਾਦਿਆਂ ਦਾ ਸ਼ਹੀਦੀ ਪੁਰਬ ਸੀ। ਵਾਜੇ ਤੇ ਭਾਈ ਗੁਰਸ਼ਰਨ ਸਿੰਘ ਸੇਵਾ ਕਰ ਰਹੇ ਸਨ। ਸਿਮਰਨ ਦੀ ਸਮਾਪਤੀ ਤੋਂ ਬਾਅਦ ਉਸ ਨੇ ਜਸਪਾਲ ਸਿੰਘ ਨੂੰ ਕਿਹਾ, ਅੱਜ ਤਾਂ ਕਮਾਲ ਕਰ ਦਿੱਤੀ, ਤਬਲਾ ਇੰਨਾਂ ਸੋਹਣਾ ਵਜਾਇਆ, ਇਸ ਤਰ੍ਹਾਂ ਲੱਗਦਾ ਸੀ ਜਿਵੇਂ ਆਪਣੇ ਆਪ ਵਜਦਾ ਹੋਵੇ। ਬਹੁਤ ਸਾਰੀ ਸੰਗਤ ਨੇ ਆ ਕੇ ਦਾਸ ਨੂੰ ਪੁਛਿਆ ਕਿ ਅੱਜ ਬਹੁਤ ਹੀ ਅਨੰਦ ਆਇਆ। ਕੀ ਕੋਈ ਕੌਤਕ ਵਰਤਿਆ ਹੈ। ਦਾਸ ਨੇ ਕਿਹਾ, ਗੁਰੂ ਦੇ ਕੌਤਕ ਗੁਰੂ ਹੀ ਜਾਣੇ। ਇਸ ਤੋਂ ਬਾਅਦ ਸੰਗਤ ਵਿਚ ਹੋਰ ਉਤਸ਼ਾਹ ਪੈਦਾ ਹੋ ਗਿਆ। ਜਸਪਾਲ ਸਿੰਘ ਨੂੰ ਹੋਰ ਵੀ ਚਾਉ ਪੈਦਾ ਹੋ ਗਿਆ।

ਸੰਗਤ ਵੀ ਜਿਆਦਾ ਆਉਣ ਲੱਗ ਪਈ। ਜਿਸ ਨੇ ਵੀ ਇੱਕ ਵਾਰੀ ਹਾਜ਼ਰੀ ਭਰੀ ਉਹ ਨਿੱਤਨੇਮੀ ਬਣ ਗਿਆ। ਇਸ ਸੰਗਤ ਵਿਚ ਇਹ ਖ਼ੂਬੀ ਹੈ ਕਿ ਸਾਰੀ ਸੰਗਤ ਪਹਿਲਾਂ ਜੋੜੇ ਝਾੜ ਕੇ ਫਿਰ ਸਿਮਰਨ ਵਿਚ ਜੁੜਦੀ ਹੈ। ਇਹ ਗੁਰੂ ਨਾਨਕ ਦੀ ਵਡਿਆਈ ਹੈ। ਆਪਣੇ ਬੱਚਿਆਂ ਕੋਲੋਂ ਹਉਮੈ ਮਾਰਨ ਵਾਸਤੇ ਇਹ ਸੇਵਾ ਆਪ ਕਰਾ ਰਹੇ ਹਨ। ਗੁਰੂ ਜੀ ਸੁਖਮਨੀ ਸਾਹਿਬ ਜੀ ਵਿਚ ਫੁਰਮਾਉਂਦੇ ਹਨ।

**ਕਰਿ ਕਿਰਪਾ ਜਿਸ ਕੈ ਹਿਰਦੈ ਗਰੀਬੀ ਬਸਾਵੈ ॥**
**ਨਾਨਕ ਈਹਾ ਮੁਕਤੁ ਆਗੈ ਸੁਖੁ ਪਾਵੈ ॥**

*(ਸੁਖਮਨੀ ਸਾਹਿਬ)*

ਦੂਸਰਾ ਕੋਈ ਕਿਸੇ ਨਾਲ ਵਾਧੂ ਗੱਲ ਨਹੀਂ ਕਰਦਾ। ਸਿਰਫ ਫਤਹ ਹੀ ਬੁਲਾਉਂਦੇ ਹਨ। ਜਿਹੜੇ ਨਾਮ ਦੀ ਕਮਾਈ ਕਰਦੇ ਹਨ, ਉਹ ਆਪਣੇ ਪੱਲੇ ਬੰਨ ਕੇ ਲੈ ਜਾਂਦੇ ਹਨ। ਜੇ ਕਿਸੇ ਦੀ ਨਿੰਦਾ ਚੁਗਲੀ ਹੋ ਜਾਵੇ ਤਾਂ ਜਪਿਆ ਨਾਮ ਵਿਅਰਥ ਚਲੇ ਜਾਂਦਾ ਹੈ।

**ਰੀ ਕਲਵਾਰਿ ਗਵਾਰਿ ਮੂਢ ਮਤਿ,**
**ਉਲਟੋ ਪਵਨੁ ਫਿਰਾਵਉ ॥**
**ਮਨੁ ਮਤਵਾਰ ਮੇਰ ਸਰ ਭਾਠੀ,**
**ਅੰਮ੍ਰਿਤ ਧਾਰ ਚੁਆਵਉ ॥**

*(ਰਾਗੁ ਕੇਦਾਰਾ ਪੰ:-1123)*

ਇਸ ਮਹਾਂਵਾਕ ਅਨੁਸਾਰ ਜਦੋਂ ਇਹ ਅਵਸਥਾ ਆਉਂਦੀ ਹੈ ਤਾਂ ਸਿਮਰਨ ਸੁਆਸਾਂ ਦੇ ਅੰਦਰ ਵਸ ਜਾਂਦਾ ਹੈ। ਜ਼ੁਬਾਨ ਬੰਦ ਹੋ ਜਾਂਦੀ ਹੈ। ਤੁਹਾਨੂੰ ਇਹ ਅਨੁਭਵ ਹੁੰਦਾ ਹੈ ਕਿ ਮੇਰੇ ਸੁਆਸ ਉਪਰ ਚੜ੍ਹ ਰਹੇ ਹਨ। ਇਹ ਸੁਆਸ ਜਦ ਤ੍ਰਿਕੁਟੀ (ਨੱਕ ਦੇ ਉਪਰ ਭਰਵੱਟੇ ਦੇ ਵਿਚਕਾਰ) ਪਹੁੰਚਦੇ ਹਨ ਤਾਂ ਇਥੇ ਆ ਕੇ ਜੀਵ ਦੇ ਫੁਰਨੇ ਬੰਦ ਹੋ ਜਾਂਦੇ ਹਨ। ਮਨ ਸ਼ਾਂਤ ਹੋ ਜਾਂਦਾ ਹੈ। ਇਸ ਤਰ੍ਹਾਂ ਲੱਗਦਾ ਹੈ ਕਿ ਤ੍ਰਿਕੁਟੀ ਉਤੇ ਕੋਈ ਚੀਜ਼ ਉਪਰ ਨੂੰ ਤੁਰ ਰਹੀ ਹੈ। ਤ੍ਰਿਕੁਟੀ ਉਪਰ ਬਹੁਤ ਖਾਜ ਆਉਂਦੀ ਹੈ। ਇਥੇ ਪਹੁੰਚ ਕੇ ਸੁਆਸ ਉਪਰ ਨੂੰ ਜਾਂਦੇ ਹਨ, ਥੱਲੇ ਨਹੀਂ ਆਉਂਦੇ। ਦਾਸ ਨੇ ਬਚਪਨ ਵਿਚ ਜੋਗੀਆਂ ਨੂੰ ਆਪਣੇ ਸੁਆਸ ਉਪਰ ਚੜ੍ਹਾਉਂਦੇ ਦੇਖਿਆ ਸੀ। ਉਨ੍ਹਾਂ ਦੇ ਸੁਆਸ ਫੋਕੇ ਸਨ। ਪ੍ਰਮਾਤਮਾ ਦਾ ਕੋਈ ਸਿਮਰਨ ਨਹੀਂ ਸੀ। ਇਸ ਤਰ੍ਹਾਂ ਕਰਨ ਨਾਲ ਉਮਰ ਜ਼ਰੂਰ ਲੰਮੀ ਹੋ ਜਾਂਦੀ ਹੈ ਪਰ ਦਰਗਾਹ ਜਾਣ ਵਾਸਤੇ ਕੋਈ ਸਾਧਨ ਨਹੀਂ ਹੈ। ਸੁਆਸ ਸੁਆਸ ਨਾਮ ਜਪਣ ਨਾਲ ਜਦੋਂ ਗੁਰੂ ਦੀ ਕ੍ਰਿਪਾ ਹੁੰਦੀ ਹੈ, ਦਸਵਾਂ ਦੁਆਰ ਵੀ ਖੁਲ੍ਹ ਜਾਂਦਾ ਹੈ। ਮਹਾਰਾਜ ਜੀ ਦੇ ਦਰਸ਼ਨ ਵੀ ਹੋ ਜਾਂਦੇ ਹਨ।

ਜਦੋਂ ਇਨਸਾਨ ਦਾ ਅੰਤ ਸਮਾਂ ਆਉਂਦਾ ਹੈ, ਤਾਂ ਸੁਆਸ ਸੁਆਸ ਜਪਿਆ ਨਾਮ ਸਿੱਧਾ ਦਰਗਾਹ ਵਿਚ ਲੈ ਜਾਂਦਾ ਹੈ। ਇਸ ਜਨਮ ਵਿਚ ਹੀ ਮੁਕਤੀ ਪ੍ਰਾਪਤ ਕਰ ਸਕਦਾ ਹੈ। ਇਸ ਅਵਸਥਾ ਤੱਕ ਪਹੁੰਚਣ ਲਈ ਗੁਰਸਿੱਖ ਨੂੰ 13-14 ਘੰਟੇ ਰੋਜ਼ਾਨਾ ਅਭਿਆਸ ਕਰਨਾ ਜ਼ਰੂਰੀ ਹੈ। ਅਗਰ ਇਤਨਾ ਅਭਿਆਸ ਹੋ ਜਾਵੇ ਤਾਂ ਇਨਸਾਨ ਆਪਣੀਆਂ ਅੱਖਾਂ ਨਾਲ ਕੁਦਰਤ ਦੇ ਨਜ਼ਾਰੇ ਦੇਖ ਸਕਦਾ ਹੈ। ਇਸ ਮੰਜ਼ਲ ਤੇ ਪਹੁੰਚਣ ਲਈ ਦੋ ਚੀਜਾਂ ਦਾ ਧਿਆਨ ਰੱਖਣਾ ਜ਼ਰੂਰੀ ਹੈ।

***"ਇੱਕ ਪਰਾਇਆ ਧੰਨ ਅਤੇ ਦੂਸਰਾ ਪਰਾਈ ਇਸਤਰੀ"***

ਇਨ੍ਹਾਂ ਦੋਨਾਂ ਤੋਂ ਦੂਰ ਰਹੋ, ਤਾਂ ਪ੍ਰਮਾਤਮਾ ਤੁਹਾਡੇ ਬਿਲਕੁਲ ਨੇੜੇ ਆ ਜਾਵੇਗਾ। ਨਾਮ ਨੂੰ ਹਿਰਦੇ ਵਿਚ ਵਸਾਉਣ ਲਈ **ਨਾਮ ਅਤੇ ਗਰੀਬੀ** ਦੀ ਲੋੜ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਰਗਾਹ ਤੋਂ 'ਨਾਮ ਅਤੇ ਗਰੀਬੀ' ਲੈ ਕੇ ਆਏ ਸਨ।

ਕਈ ਗੁਰਸਿੱਖ ਇਸ ਮੰਜ਼ਲ ਤੇ ਪਹੁੰਚ ਜਾਂਦੇ ਹਨ ਤਾਂ ਵਡਿਆਈ, ਹੰਕਾਰ ਅਤੇ ਹਉਮੈ ਆਦਿਕ ਵਿਚ ਫਸ ਜਾਂਦੇ ਹਨ। ਇਸ ਤੋਂ ਉਪਰਲੀ ਮੰਜ਼ਲ ਤੇ ਕੋਈ ਵਿਰਲਾ ਹੀ ਪਹੁੰਚਦਾ ਹੈ।

ਜਿਸ ਤਰ੍ਹਾਂ ਖਜੂਰ ਦਾ ਦਰਖ਼ਤ ਬਹੁਤ ਲੰਮਾ ਹੁੰਦਾ ਹੈ। ਇਸ ਦੇ ਫਲ ਬਹੁਤ ਹੀ ਮਿਠੇ ਹੁੰਦੇ ਹਨ। ਉਸ ਨੂੰ ਪਾਉਣ ਵਾਸਤੇ ਬਹੁਤ ਮਿਹਨਤ ਕਰਨੀ ਪੈਂਦੀ ਹੈ। ਕੋਈ ਜਾਂਚ ਵਾਲਾ ਹੀ ਪਹੁੰਚ ਕੇ ਫਲ ਪ੍ਰਾਪਤ ਕਰ ਸਕਦਾ ਹੈ। ਕਈ ਤਾਂ ਅੱਧ ਵਿਚੋਂ ਹੀ ਥੱਲੇ ਡਿੱਗ ਪੈਂਦੇ ਹਨ। ਕਈ ਫਲ ਪ੍ਰਾਪਤ ਕਰਨ ਤੋਂ ਪਹਿਲਾਂ ਹੀ ਡਿੱਗ ਜਾਂਦੇ ਹਨ। ਕਿਉਂਕਿ ਉਨ੍ਹਾਂ ਦੇ ਮਨ ਵਿਚ ਹਉਮੈ ਆ ਜਾਂਦੀ ਹੈ। ਇਸ ਤੋਂ ਬਚਣ ਲਈ ਸਤਿਗੁਰੂ ਜੀ ਫੁਰਮਾਉਂਦੇ ਹਨ:-

**ਕਰਿ ਕਿਰਪਾ ਜਿਸ ਕੈ ਹਿਰਦੈ ਗਰੀਬੀ ਬਸਾਵੈ ॥**
**ਨਾਨਕ ਈਹਾ ਮੁਕਤੁ ਆਗੈ ਸੁਖੁ ਪਾਵੈ ॥**

*(ਸੁਖਮਨੀ ਸਾਹਿਬ)*

ਜਦੋਂ ਇਸ ਮੰਜ਼ਲ ਤੇ ਪਹੁੰਚ ਜਾਵੇ ਤਾਂ ਹੰਕਾਰ ਤੋਂ ਬਚਣ ਲਈ ਸੰਗਤਾਂ ਦੇ ਜੋੜੇ ਝਾੜਨ ਦੀ ਸੇਵਾ ਕਰਨੀ ਚਹੀਦੀ ਹੈ। ਇਸ ਨਾਲ ਮਨ ਵਿਚ ਗਰੀਬੀ ਆ ਜਾਂਦੀ ਹੈ।

**ਹਮ ਨਹੀ ਚੰਗੇ ਬੁਰਾ ਨਹੀ ਕੋਇ ॥**
**ਪ੍ਰਣਵਤਿ ਨਾਨਕੁ ਤਾਰੇ ਸੋਇ ॥**

*(ਸੂਹੀ ਮ: 1 ਪੰ:-728)*

ਆਪਣੇ ਆਪ ਨੂੰ ਸਭ ਤੋਂ ਨੀਵਾਂ ਸਮਝੋ। ਫਿਰ ਸਤਿਗੁਰੂ ਪਾਸ ਬੇਨਤੀ ਕਰੋ ਕਿ ਹੇ ਸੱਚੇ ਪਾਤਸ਼ਾਹ:-

**ਹਰਖੁ ਸੋਗੁ ਜਾ ਕੈ ਨਹੀ ਬੈਰੀ ਮੀਤ ਸਮਾਨਿ ॥**
**ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ ॥**

*(ਸਲੋਕ ਮ: 9-ਪੰ:-1427)*

ਹੇ ਪਾਤਸ਼ਾਹ! ਮੇਰੇ ਅਵਗੁਣ ਬਹੁਤ ਹਨ। ਮੇਰਾ ਕੋਈ ਦੁਸ਼ਮਨ ਵੀ ਹੋਵੇ, ਉਸ ਦਾ ਵੀ ਭਲਾ ਕਰਨਾ। ਅਗਰ ਕਿਸੇ ਪ੍ਰਾਣੀ ਨੇ ਹਿਰਦੇ ਵਿਚ ਨਾਮ ਵਸਾਉਣਾ ਹੋਵੇ ਤਾਂ ਗਰੀਬੀ ਕਮਾਉਣੀ ਬਹੁਤ ਹੀ ਜ਼ਰੂਰੀ ਹੈ।

ਇਨਸਾਨ ਜੋ ਕੁਝ ਕਰਦਾ ਹੈ ਸਿਰਫ ਆਪਣੇ ਸੁੱਖ ਵਸਤੇ ਹੀ ਕਰਦਾ ਹੈ। ਆਪੱਣੇ ਰਹਿਣ ਵਾਸਤੇ ਚੰਗੇ ਮਕਾਨ ਬਣਾਉਂਦਾ ਹੈ। ਇਨਸਾਨ ਸੋਚਦਾ ਹੈ ਕਿ ਕਾਰ ਵਧੀਆ ਹੋਣੀ ਚਾਹੀਦੀ ਹੈ। ਆਪਣੇ ਸਰੀਰ ਦੀ ਖੁਸ਼ੀ ਵਾਸਤੇ ਸਭ ਕੁਝ ਕਰਦੇ ਹਨ। ਪਰ ਆਤਮਾ ਦੀ ਮੁਕਤੀ ਵਾਸਤੇ ਕੋਈ ਵਿਰਲਾ ਹੀ ਉਦਮ ਕਰਦਾ ਹੈ।

ਦਾਸ ਦੀ ਬੇਨਤੀ ਹੈ ਕਿ ਜਿਥੇ ਵੀ ਸਿੱਖ ਬੈਠਾ ਹੈ ਅੰਮ੍ਰਿਤ ਵੇਲੇ ਸਿਮਰਨ ਜ਼ਰੂਰ ਕਰੇ। ਜੇ ਹੋ ਸਕੇ ਤਾਂ ਮਹਾਰਾਜ ਜੀ ਦੀ ਹਜ਼ੂਰੀ ਵਿਚ ਸੰਗਤ ਨਾਲ ਬੈਠ ਕੇ ਨਾਮ ਜਪਿਆ ਕਰੇ, ਇਸ ਦਾ ਬਹੁਤ ਜਿਆਦਾ ਫਲ ਹੈ। ਸਿਮਰਨ ਦੇ ਫਲ ਕਰਕੇ ਮਹਾਰਾਜ ਜੀ ਖਾਲਸਾ ਰਾਜ ਜਲਦੀ ਦੇ ਦੇਣਗੇ।

**ਝਖੜੁ ਝਾਗੀ ਮੀਹੁ ਵਰਸੈ ਭੀ ਗੁਰੁ ਦੇਖਣ ਜਾਈ ॥ 13 ॥**
**ਸਮੁੰਦੁ ਸਾਗਰੁ ਹੋਵੈ ਬਹੁ ਖਾਰਾ ॥**
**ਗੁਰਸਿਖੁ ਲੰਘਿ ਗੁਰ ਪਹਿ ਜਾਈ ॥ 14 ॥**
**ਜਿਉ ਪ੍ਰਾਣੀ ਜਲ ਬਿਨੁ ਹੈ ਮਰਤਾ,**
**ਤਿਉ ਸਿਖੁ ਗੁਰ ਬਿਨੁ ਮਰਿ ਜਾਈ ॥ 15 ॥**
**ਜਿਉ ਧਰਤੀ ਸੋਭ ਕਰੇ ਜਲੁ ਬਰਸੈ,**
**ਤਿਉ ਸਿਖੁ ਗੁਰ ਮਿਲਿ ਬਿਗਸਾਈ ॥ 16 ॥**
**ਸੇਵਕ ਕਾ ਹੋਇ ਸੇਵਕੁ ਵਰਤਾ,**
**ਕਰਿ ਕਰਿ ਬਿਨਉ ਬੁਲਾਈ ॥ 17 ॥**
**ਨਾਨਕ ਕੀ ਬੇਨੰਤੀ ਹਰਿ ਪਹਿ,**
**ਗੁਰ ਮਿਲਿ ਗੁਰ ਸੁਖੁ ਪਾਈ ॥ 18 ॥**

*(ਸੂਹੀ ਮ: 4 ਪੰ:–757)*

ਇੰਗਲੈਂਡ ਵਿਚ ਸਰਦੀਆਂ ਨੂੰ ਠੰਢ ਬਹੁਤ ਪੈਂਦੀ ਹੈ। ਬਰਫ ਤੇ ਕੋਰਾ ਪੈਂਦਾ ਹੈ। ਇਸ ਤਰ੍ਹਾਂ ਦੇ ਮੌਸਮ ਵਿਚ ਬਾਹਰ ਜਾਣ ਨੂੰ ਦਿਲ ਨਹੀਂ ਕਰਦਾ। ਅੰਮ੍ਰਿਤ ਵੇਲੇ ਉਠਣਾ ਬਹੁਤ ਮੁਸ਼ਕਲ ਹੈ। ਹਰ ਕਿਸੇ ਦਾ ਦਿਲ ਕਰਦਾ ਹੈ ਕਿ ਰਜਾਈ ਵਿਚ ਪਏ ਰਹੀਏ।

**ਜਿਨ ਕੰਉ ਕ੍ਰਿਪਾ ਕਰੀ ਮੇਰੈ ਠਾਕੁਰਿ,**
**ਤਿਨ ਕਾ ਲੇਖਾ ਨ ਗਣਿਆ ॥**
**ਕਹੁ ਨਾਨਕ ਤਿਸੁ ਘੋਲਿ ਘੁਮਾਈ,**
**ਜਿਨਿ ਪ੍ਰਭੁ ਸ੍ਰਵਣੀ ਸੁਣਿਆ ॥ 15 ॥**

*(ਵਡਹੰਸ ਮ: 5 ਪੰ:–577)*

ਜਿਨ੍ਹਾਂ ਗੁਰਸਿੱਖਾਂ ਦੇ ਉਪਰ ਅਪਾਰ ਕ੍ਰਿਪਾ ਹੋਈ ਹੈ, ਉਨ੍ਹਾਂ ਵਾਸਤੇ ਉਠਣਾ ਸੌਖਾ ਕਰ ਦਿੱਤਾ। ਇਸ਼ਨਾਨ ਕਰਕੇ ਗੁਰੂ ਮਹਾਰਾਜ ਜੀ ਦਾ ਦਰਸ਼ਨ ਕਰਨ ਦਾ ਚਾਉ ਪੈਂਦਾ

ਕੀਤਾ। ਕਿਤਨੀ ਵੀ ਠੰਢ ਹੋਵੇ ਜਾਂ ਬਰਫ ਪਈ ਹੋਵੇ, ਗੁਰਸਿੱਖ ਫਿਰ ਵੀ ਹਾਜ਼ਰੀ ਭਰਦੇ ਹਨ। ਦਾਸ ਨੇ ਕਦੀ ਵੀ ਨਹੀਂ ਸੋਚਿਆ ਸੀ ਕਿ ਅੰਮ੍ਰਿਤ ਵੇਲੇ ਗੁਰੂ ਤੇ ਸੰਗਤ ਦੇ ਦਰਸ਼ਨ ਹੋਣਗੇ। ਸਤਿਗੁਰੂ ਜੀ ਦੀ ਕ੍ਰਿਪਾ ਨਾਲ ਇਹ ਵੀ ਪ੍ਰਾਪਤ ਹੋ ਗਿਆ। ਸੰਗਤ ਨੂੰ ਇੰਨਾਂ ਚਾਅ ਹੈ ਕਿ ਜੇ ਕਿਸੇ ਦਿਨ ਨਾ ਆ ਹੋਵੇ ਤਾਂ ਕਹਿੰਦੇ ਹਨ ਕਿ ਬਹੁਤ ਘਾਟਾ ਪਿਆ ਹੈ ਗੁਰੂ ਮਹਾਰਾਜ ਜੀ ਦੀ ਹਾਜ਼ਰੀ ਨਹੀਂ ਭਰੀ।

**ਉਪਜੈ ਨਿਪਜੈ ਨਿਪਜਿ ਸਮਾਈ ॥**
**ਨੈਨਹ ਦੇਖਤ ਇਹੁ ਜਗੁ ਜਾਈ ॥**
**ਲਾਜ ਨ ਮਰਹੁ ਕਹਹੁ ਘਰੁ ਮੇਰਾ ॥**
**ਅੰਤ ਕੀ ਬਾਰ ਨਹੀ ਕਛੁ ਤੇਰਾ ॥ 1 ॥ ਰਹਾਉ ॥**
**ਅਨਿਕ ਜਤਨ ਕਰਿ ਕਾਇਆ ਪਾਲੀ ॥**
**ਮਰਤੀ ਬਾਰ ਅਗਨਿ ਸੰਗਿ ਜਾਲੀ ॥ 2 ॥**
**ਚੋਆ ਚੰਦਨੁ ਮਰਦਨ ਅੰਗਾ ॥**
**ਸੋ ਤਨੁ ਜਲੈ ਕਾਠ ਕੈ ਸੰਗਾ ॥ 3 ॥**
**ਕਹੁ ਕਬੀਰ ਸੁਨਹੁ ਰੇ ਗੁਨੀਆ ॥**
**ਬਿਨਸੈਗੋ ਰੂਪੁ ਦੇਖੈ ਸਭ ਦੁਨੀਆ ॥ 4 ॥ 11 ॥**

*(ਗਉੜੀ ਕਬੀਰ ਜੀ ਪੰ:–325)*

ਇੱਕ ਦਿਨ ਬੀਬੀ ਜਸਵਿੰਦਰ ਕੌਰ (ਰਾਣੋ) ਨੇ ਕਿਹਾ, "ਭਾਈ ਸਾਹਿਬ ਜੀ! ਮੈਨੂੰ ਤਾਂ ਕੱਲ ਬਹੁਤ ਹੀ ਘਾਟਾ ਪਿਆ।" ਦਾਸ ਨੇ ਪੁੱਛਿਆ, ਕੀ ਗੱਲ ਹੋਈ ਕਿਹੜੀ ਬਿਜਨਿਸ ਵਿਚ ਘਾਟਾ ਪੈ ਗਿਆ। ਉਸ ਨੇ ਜਵਾਬ ਦਿੱਤਾ, "ਨਹੀਂ ਭਾਈ ਜੀ, ਮੈਂ ਤਾ ਕੱਲ੍ਹ ਸੁੱਤੀ ਹੀ ਰਹਿ ਗਈ, ਇੰਨੀ ਗੂੜੀ ਨੀਂਦ ਆਈ ਕਿ ਮੈਨੂੰ ਤਾਂ ਅਲਾਰਮ ਹੀ ਨਹੀਂ ਸੁਣਿਆ। ਮੇਰੇ ਮਨ ਵਿਚ ਪਛਤਾਵਾ ਹੀ ਹੈ ਕਿ ਮੈਂ ਅੰਮ੍ਰਿਤ ਵੇਲੇ ਸਿਮਰਨ ਵਿਚ ਹਾਜ਼ਰੀ ਨਹੀਂ ਭਰ ਸਕੀ।" ਦਾਸ ਨੇ ਉਸ ਨੂੰ ਦੱਸਿਆ, ਠੀਕ ਹੀ ਤੈਨੂੰ ਬਹੁਤ ਘਾਟਾ ਪਿਆ। ਜੇ ਸੌ ਸਿੱਖ ਸਿਮਰਨ ਕਰਦੇ ਹੋਣ ਤਾਂ ਸੌ ਘੰਟੇ ਦੇ ਸਿਮਰਨ ਦਾ ਘਾਟਾ ਪੈਂਦਾ ਹੈ। ਜਦੋਂ ਸਾਰੇ ਗੁਰਸਿੱਖ ਸਿਮਰਨ ਕਰਦੇ ਹਨ ਤਾਂ 'ਵਾਹਿਗੁਰੂ' ਗੁਰਮੰਤਰ ਦਾ ਸਿਮਰਨ ਇੱਕ ਦੂਜੇ ਦੇ ਕੰਨ੍ਹਾਂ ਵਿਚ ਗੂੰਜਦਾ ਹੈ। ਇਸ ਦਾ ਫਲ ਕਈ ਗੁਣਾਂ ਜਿਆਦਾ ਹੈ।

**ਕਹੈ ਨਾਨਕੁ ਅੰਮ੍ਰਿਤ ਨਾਮੁ ਸੁਣਹੁ**
**ਪਵਿਤ੍ਰ ਹੋਵਹੁ, ਸਾਚੈ ਸੁਨਣੈ ਨੋ ਪਠਾਏ ॥**

*(ਅਨੰਦੁ ਸਾਹਿਬ)*

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੋਦ ਵਿਚ ਬੈਠ ਕੇ ਸਾਧ ਸੰਗਤ ਨਾਲ ਮਿਲ ਕੇ ਨਾਮ ਜਪਣ ਨਾਲ ਜੀਵਨ ਮੁਕਤ ਹੋ ਜਾਂਦਾ ਹੈ। ਅਗਰ ਕਿਸੇ ਪ੍ਰਾਣੀ ਨੇ ਗੁਰੂ ਦੇ ਚਰਨਾਂ ਵਿਚ ਮਨ ਜੋੜਨਾ ਹੈ ਤਾਂ ਉਸ ਨੂੰ **ਝੂਠ** ਤੇ **ਈਰਖਾ** ਤਿਆਗਣੀ ਪਵੇਗੀ।

ਸਤਿਗੁਰੂ ਜੀ ਅੱਗੇ ਨੀਂਵਾ ਹੋਣਾ ਹੀ ਪਵੇਗਾ। ਕਿਸੇ ਦਾ ਬੁਰਾ ਨਹੀਂ ਸੋਚਣਾ, ਕਿਸੇ ਦੀ ਨਿੰਦਾ ਨਹੀਂ ਕਰਨੀ। ਪਰਾਏ ਧੰਨ ਤੋਂ ਹਮੇਸ਼ਾ ਬਚ ਕੇ ਰਹੋ ਤੇ ਪਰਾਈ ਇਸਤਰੀ ਨੂੰ ਆਪਣੀ ਮਾਂ ਭੈਣ ਵਾਂਗ ਸਮਝੋ। ਜਿਹੜਾ ਇਨਸਾਨ ਇਨ੍ਹਾਂ ਚੀਜ਼ਾਂ ਦਾ ਤਿਆਗ ਕਰ ਦੇਵੇ ਤਾਂ ਉਸ ਉਪਰ ਗੁਰੂ ਦੀ ਕ੍ਰਿਪਾ ਬਹੁਤ ਛੇਤੀ ਹੋ ਜਾਂਦੀ ਹੈ।

25-26 ਸਾਲ ਪਹਿਲਾਂ ਜਦੋਂ ਭਾਈ ਪ੍ਰੀਤਮ ਸਿੰਘ, ਬੀਬੀ ਗਿਆਨ ਕੌਰ ਤੇ ਉਨ੍ਹਾਂ ਦੇ ਪਰਿਵਾਰ ਨੇ ਅੰਮ੍ਰਿਤ ਛਕਿਆ ਤਾਂ ਦਾਸ ਨੇ ਪੰਜਾਂ ਪਿਆਰਿਆਂ ਵਿਚ ਸੇਵਾ ਨਿਭਾਈ ਸੀ। ਇਸ ਤੋਂ ਬਾਅਦ ਦਾਸ ਦਾ ਇਸ ਪਰਿਵਾਰ ਨਾਲ ਡੂੰਘਾ ਪਿਆਰ ਪੈ ਗਿਆ ਸੀ। ਮੈਨੂੰ ਇਸ ਤਰ੍ਹਾਂ ਮਹਿਸੂਸ ਹੋਇਆ ਕਿ ਜਿਸ ਤਰ੍ਹਾਂ ਅਸੀਂ ਪਿਛਲੇ ਜਨਮ ਦੇ ਵਿਛੜੇ ਆ ਕੇ ਮਿਲੇ ਹਾਂ। ਜਿਹੜਾ ਪ੍ਰਾਣੀ ਅੰਮ੍ਰਿਤ ਛਕ ਲੈਂਦਾ ਹੈ। ਉਹ ਗੁਰੂ ਦਾ ਹੀ ਪਰਿਵਾਰ ਬਣ ਜਾਂਦਾ ਹੈ। ਬੀਬੀ ਗਿਆਨ ਕੌਰ ਨੂੰ ਬੜਾ ਹੀ ਚਾਅ ਸੀ ਕਿ ਘਰ ਵਿਚ ਗੁਰਸਿੱਖ ਆ ਕੇ ਸਿਮਰਨ ਅਤੇ ਕੀਰਤਨ ਕਰਨ। ਭਾਈ ਅਜੀਤ ਸਿੰਘ ਭੋਗਲ ਦਿੱਲੀ ਵਾਲਿਆਂ ਦੇ ਉਦਮ ਨਾਲ ਕਾਫੀ ਦੇਰ ਇਸ ਘਰ ਵਿਚ ਕੀਰਤਨ ਤੇ ਸਿਮਰਨ ਹੁੰਦਾ ਰਿਹਾ। ਭਾਈ ਸਾਹਿਬ ਜੀ ਤਿੰਨ ਚਾਰ ਸਾਲ ਇਸ ਘਰ ਠਹਿਰੇ। ਉਨ੍ਹਾਂ ਦਾ ਜੀਵਨ ਦੇਖ ਕੇ ਭਾਈ ਸੁਖਦੇਵ ਸਿੰਘ ਜੀ ਦਾ ਜੀਵਨ ਵੀ ਬਦਲ ਗਿਆ। ਇਹ ਵੀ ਸਿਮਰਨ ਅਤੇ ਨਿੱਤਨੇਮ ਕਰਨ ਲੱਗੇ। ਗੁਰਸਿੱਖਾਂ ਵਾਲਾ ਜੀਵਨ ਬਤੀਤ ਕਰਨ ਲੱਗੇ।

ਮੈਨੂੰ ਇੰਨੇ ਸਾਲ ਇਸ ਘਰ ਵਿਚ ਆਉਂਦੇ ਜਾਂਦੇ ਨੂੰ ਹੋ ਗਏ, ਮੈਂ ਕਦੀ ਵੀ ਇਨ੍ਹਾਂ ਨੂੰ ਕਿਸੇ ਦੀ ਨਿੰਦਾ ਚੁਗਲੀ ਕਰਦੇ ਨਹੀਂ ਸੁਣਿਆ। ਅਗਰ ਐਸਾ ਬੰਦਾ ਅੰਮ੍ਰਿਤ ਵੇਲੇ ਸਿਮਰਨ ਕਰੇ ਤਾਂ ਆਪਣੇ ਆਪ ਬਿਰਤੀ ਗੁਰੂ ਦੇ ਚਰਨਾਂ ਵਿਚ ਜੁੜ ਜਾਂਦੀ ਹੈ। ਭਾਈ ਸਾਹਿਬ ਜੀ ਨੇ ਮੈਨੂੰ ਦੱਸਿਆ ਕਿ ਇੱਕ ਦਿਨ ਅੰਮ੍ਰਿਤ ਵੇਲੇ ਸਿਮਰਨ ਕਰ ਰਹੇ ਸੀ ਤਾਂ

**ਅਦ੍ਰਿਸਟੁ ਅਗੋਚਰੁ ਪਕੜਿਆ ਗੁਰ ਸਬਦੀ,**
**ਹਉ ਸਤਿਗੁਰ ਕੈ ਬਲਿਹਾਰੀਐ ॥**

*(ਤੁਖਾਰੀ ਮ: 4 ਪੰ:-1114)*

ਇੱਕ ਅਨੰਦ ਦੀ ਲਹਿਰ ਸਰੀਰ ਦੇ ਅੰਦਰ ਛਿੜ ਗਈ। ਮਨ ਦੌੜਦਾ ਸੀ, ਸ਼ਾਂਤ ਹੋ ਗਿਆ। ਮੇਰਾ ਸਰੀਰ ਸੁੰਨ ਹੋ ਗਿਆ। ਇੱਕ ਦਮ 'ਵਾਹਿਗੁਰੂ ਵਾਹਿਗੁਰੂ' ਦੀ ਧੁਨੀ ਅੰਦਰ ਛਿੜ ਗਈ। ਮੇਰੇ ਕੰਨਾਂ ਅੰਦਰ ਇਸ ਤਰ੍ਹਾਂ ਅਵਾਜ ਆਵੇ, ਜਿਸ ਤਰ੍ਹਾਂ ਘੁੰਘਰੂ ਵਜਦੇ ਹਨ। ਕਦੀ ਕਦੀ ਹੋਰ ਵੀ ਅਵਾਜ ਸੁਣਾਈ ਦੇਵੇ। ਇਹ ਕੌਤਕ ਤਿੰਨ ਚਾਰ ਸੈਕਿੰਡ ਵਾਸਤੇ ਰਿਹਾ। ਮੈਂ ਪ੍ਰਮਾਤਮਾ ਦਾ ਬਹੁਤ ਹੀ ਸ਼ੁਕਰ ਕੀਤਾ ਕਿ ਆਪ ਨੇ ਮੈਨੂੰ ਆਪਣੇ ਨਜ਼ਾਰੇ ਦਿਖਾਏ।

ਜਦੋਂ ਬਿਰਤੀ ਨਾਮ ਨਾਲ ਜੁੜ ਜਾਵੇ ਤਾਂ ਇਸ ਤਰ੍ਹਾਂ ਦੇ ਕੌਤਕ ਆਮ ਇਨਸਾਨ ਤੇ ਵਰਤ ਸਕਦੇ ਹਨ।

ਪੂਰਬ ਜਨਮ ਕੇ ਮਿਲੇ ਸੰਜੋਗੀ *(ਜੈਤਸਰੀ ਮ: 5 ਪੰ:-700)*

ਆਪ ਜੀ ਦੀ ਸਿੰਘਣੀ ਬੀਬੀ ਅਮਰਜੀਤ ਕੌਰ ਦਾ ਵੀ ਜੀਵਨ ਉੱਚਾ ਹੈ। ਆਪ ਵੀ ਸਿਮਰਨ ਵਿਚ ਅੰਮ੍ਰਿਤ ਵੇਲੇ ਹਿੱਸਾ ਲੈਂਦੇ। ਕਦੀ ਵੀ ਉੱਚਾ ਨਹੀਂ ਬੋਲਣਾ, ਸਦਾ ਖੁਸ਼ ਰਹਿਣਾ, ਦਾਨ ਪੁੰਨ ਕਰਨ ਵਾਲੇ ਬੜੇ ਤਿਆਗੀ ਹਨ। ਅਗਰ ਕੋਈ ਸੰਤ ਮਹਾਂਪੁਰਸ਼ ਗੁਰਦੁਆਰੇ ਦੀ ਉਗਰਾਹੀ ਕਰਨ ਵਾਸਤੇ ਆ ਜਾਵੇ ਤਾਂ ਖਾਲੀ ਹੱਥ ਨਹੀਂ ਜਾਣ ਦਿੰਦੇ। ਅਗਰ ਐਸਾ ਜੀਵਨ ਸਾਥੀ ਮਿਲ ਜਾਵੇ ਤਾਂ ਦੋਨੋ ਰਲ ਕੇ ਸਿਮਰਨ ਕਰਨ ਤਾਂ ਜੀਵਨ ਮੁਕਤ ਹੋ ਸਕਦਾ ਹੈ।

ਜਿਸ ਪ੍ਰਾਣੀ ਵਿਚ ਗਰੀਬੀ ਆ ਜਾਵੇ, ਉਹ ਇਥੇ ਵੀ ਮੁਕਤ ਹੈ ਤੇ ਉਸ ਨੂੰ ਦਰਗਾਹ ਵਿਚ ਵੀ ਸੁਖ ਮਿਲੇਗਾ। ਇਸੇ ਤਰ੍ਹਾਂ ਕਈ ਹੋਰ ਸਿੰਘਾਂ ਤੇ ਵੀ ਗੁਰੂ ਜੀ ਦੀ ਬਖਸ਼ਿਸ਼ ਹੋਈ। ਸੰਗਤ ਅੱਗੇ ਨਾਲੋਂ ਜਿਆਦਾ ਜੁੜਦੀ ਹੈ। ਹੋਰ ਕਈ ਬੀਬੀਆਂ ਵੀ ਕੀਰਤਨ ਕਰਨ ਲੱਗ ਪਈਆਂ ਹਨ। ਬੀਬੀ ਗੁਰਦੀਪ ਕੌਰ ਵੀ ਵਾਜੇ ਅਤੇ ਤਬਲੇ ਦੀ ਸੇਵਾ ਕਰਦੀ ਹੈ। ਇਸ ਦਾ ਲੜਕਾ ਵੀ ਕਦੀ ਕਦੀ ਤਬਲੇ ਦੀ ਸੇਵਾ ਕਰਦਾ ਹੈ। ਬੀਬੀ ਭੁਪਿੰਦਰ ਕੌਰ ਵੀ ਕੀਰਤਨ ਦੀ ਸੇਵਾ ਕਰਦੀ ਹੈ। ਇਹ ਰੋਜ਼ਾਨਾ ਅੱਠ ਨੌ ਮੀਲ ਦੂਰੋਂ ਆ ਕੇ ਸਿਮਰਨ ਵਿਚ ਜੁੜਦੇ ਹਨ।

ਇੱਕ ਦਿਨ ਭਾਈ ਜਸਪਾਲ ਸਿੰਘ ਮੈਨੂੰ ਆਪਣੇ ਘਰ ਲੈ ਗਿਆ। ਇਸ ਦੀ ਸਿੰਘਣੀ ਬੀਬੀ ਜਗਦੀਪ ਕੌਰ ਮੈਨੂੰ ਕੁਝ ਖੁਸ਼ ਨਜ਼ਰ ਨਹੀਂ ਆਈ। ਦਾਸ ਨੇ ਸੋਚਿਆ, ਜਸਪਾਲ ਸਿੰਘ ਤਬਲਾ ਵਜਾਉਣ ਜਾਂਦਾ ਹੈ, ਸ਼ਾਇਦ ਇਸ ਕਰਕੇ ਇਹ ਖੁਸ਼ ਨਹੀਂ ਹੈ। ਮੈਨੂੰ ਫਤਹ ਬੁਲਾ ਕੇ ਚਾਹ ਬਣਾਉਣ ਚਲੀ ਗਈ। ਵਾਪਸ ਆਈ ਤਾਂ ਦਾਸ ਨੇ ਪੁਛਿਆ ਕਿ ਜਸਪਾਲ ਸਿੰਘ ਤਬਲਾ ਵਜਾਉਣ ਜਾਂਦਾ ਹੈ, ਤੂੰ ਖੁਸ਼ ਹੈ। ਉਸ ਨੇ ਜੁਵਾਬ ਦਿੱਤਾ "ਹਾਂ ਜੀ ਮੈਂ ਬਹੁਤ ਖੁਸ਼ ਹਾਂ ਕਿਉਂਕਿ ਇਹ ਬਹੁਤ ਚੰਗੇ ਕੰਮ ਵਾਸਤੇ ਜਾਂਦਾ ਹੈ। ਅਗਰ ਕਿਸੇ ਹੋਰ ਜਗ੍ਹਾ ਜਾਂਦਾ ਤਾਂ ਮੈਂ ਕਿਹੜਾ ਰੋਕ ਸਕਦੀ ਸੀ।"

ਦਾਸ ਨੇ ਉਸ ਨੂੰ ਸਮਝਾਇਆ ਕਿ ਜੋ ਸੇਵਾ ਜਸਪਾਲ ਸਿੰਘ ਕਰਦਾ ਹੈ, ਉਸ ਦਾ ਦਸਵਾਂ ਹਿੱਸਾ ਤੈਨੂੰ ਮਿਲਦਾ ਹੈ। ਫਿਰ ਮੈਨੂੰ ਪੁੱਛਣ ਲੱਗੀ, ਇਹ ਕਿਸ ਤਰ੍ਹਾਂ ਹੋ ਸਕਦਾ ਹੈ, ਮੈਂ ਤਾਂ ਸੁੱਤੀ ਹੁੰਦੀ ਹਾਂ। ਦਾਸ ਨੇ ਸਮਝਾਇਆ ਕਿ ਜਿਸ ਤਰ੍ਹਾਂ ਸਰਕਾਰ ਇਨਸਾਨ ਦੀ ਤਨਖਾਹ ਵਿਚੋਂ ਪੈਸੇ ਕੱਟਦੀ ਹੈ ਤੇ ਬਾਅਦ ਵਿਚ ਪੈਨਸ਼ਨ ਦਿੰਦੇ ਹਨ, ਇਸੇ ਤਰ੍ਹਾਂ ਸਭ ਤੋਂ ਵੱਡੀ ਸਰਕਾਰ ਅਕਾਲ ਪੁਰਖ ਵੀ ਤੁਹਾਨੂੰ ਅੱਗੇ ਜਾ ਕੇ ਫਲ ਦੇਵੇਂਗੀ।

ਸੁੱਚਾ ਸਿੰਘ ਬੈਂਸ ਨੇ ਮੈਨੂੰ ਦੱਸਿਆ, ਮੈਂ ਤੀਹ ਸਾਲ ਤੋਂ ਗੁਰਦੁਆਰਾ ਸਾਹਿਬ ਸ੍ਰੀ ਗੁਰੂ ਸਿੰਘ ਸਭਾ ਹੇਵਲੋਕ ਰੋਡ ਤੇ ਦੋਨੋ ਵੇਲੇ ਸਵੇਰੇ ਤੇ ਸ਼ਾਮ ਹਾਜ਼ਰੀ ਭਰਦਾ ਹਾਂ। ਕਥਾ ਕੀਰਤਨ ਸੁਣ ਕੇ ਲਾਭ ਪ੍ਰਾਪਤ ਕਰਦਾ ਸੀ। ਅਚਾਨਕ ਅੱਜ ਤੋਂ ਸਵਾ ਸਾਲ ਪਹਿਲੇ ਅਰਦਾਸ ਵਿਚ ਸਵੇਰੇ ਸੁਣਨ ਨੂੰ ਮਿਲਿਆ ਕਿ ਚਾਰ ਤੋਂ ਪੰਜ ਅੰਮ੍ਰਿਤ ਵੇਲੇ ਸਿਮਰਨ ਹੁੰਦਾ ਹੈ। ਇਹ ਸੁਣ ਕੇ ਮਨ ਵਿਚ ਤਾਂਘ ਉਠੀ ਕਿ ਦੇਖਣਾ ਚਾਹੀਦਾ ਹੈ ਕਿ ਸਿਮਰਨ

ਕੀ ਹੁੰਦਾ ਹੈ। ਥੋੜ੍ਹਾ ਸਮਾਂ ਲੰਘ ਗਿਆ, ਪਹਿਲੀ ਅਗਸਤ 1996 ਵਾਲੇ ਦਿਨ ਮੈਂ ਆਪਣੇ ਖਾਸ ਦੋਸਤ ਦੀ ਪ੍ਰੇਰਨਾ ਨਾਲ ਸਵਾ ਚਾਰ ਵਜੇ ਦਰਬਾਰ ਵਿਚ ਪਹੁੰਚਾ। ਮੈਂ ਕੀ ਦੇਖਿਆ ਕਿ ਸਿਮਰਨ ਦਾ ਐਸਾ ਅੰਮ੍ਰਿਤ ਬਰਸ ਰਿਹਾ ਸੀ ਕਿ ਬਿਆਨ ਕਰਨ ਤੋਂ ਬਾਹਰ ਸੀ। ਉਸ ਦਿਨ ਤੋਂ ਬਾਅਦ ਅੱਜ ਪਹਿਲੀ ਅਗਸਤ 1997 ਹੈ। 365 ਦਿਨਾਂ ਵਿਚ ਸਤਿਗੁਰੂ ਜੀ ਦੀ ਐਸੀ ਬਖਸ਼ਿਸ਼ ਹੋਈ ਕਿ ਇਕ ਮਿੰਟ ਵੀ ਕਦੀ ਲੇਟ ਨਹੀਂ ਹੋਇਆ, ਨਾ ਕਦੀ ਕਿਸੇ ਦਿਨ ਵੀ ਨਾਗਾ ਪਾਇਆ ਹੈ। ਪਹਿਲੇ ਦਿਨ ਹੀ ਗੁਰਬਾਣੀ ਦੇ ਕਥਨ ਅਨੁਸਾਰ ਐਸੀ ਕਲਾ ਵਰਤੀ ਜਿਵੇਂ ਭਗਤ ਕਬੀਰ ਜੀ ਦਾ ਕਥਨ ਹੈ:-

**ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ ॥**
**ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕੁ ॥**

*(ਸਲੋਕ ਕਬੀਰ ਜੀ ਪੰ:-1374)*

ਇਹ ਮੇਰਾ ਸਤਿਗੁਰੂ ਹੀ ਜਾਣਦਾ ਹੈ ਕਿ ਕੀ ਕਲਾ ਵਰਤੀ। ਮੈਂ ਕਰਦਾ ਤਾਂ ਨਿੱਤਨੇਮ ਪੰਜ ਬਾਣੀਆਂ ਅਤੇ ਸੁਖਮਨੀ ਸਾਹਿਬ ਸਮੇਤ ਹਾਂ। ਕਥਾ ਕੀਰਤਨ ਵੀ ਰੋਜ਼ਾਨਾ ਸੁਣਦਾ ਹਾਂ। ਹੁਣ ਕਦੀ ਕਥਾ ਕੀਰਤਨ ਤਾਂ ਸ਼ਾਇਦ ਮਿਸ ਹੋ ਸਕਦਾ ਹੈ ਪਰ ਸਿਮਰਨ ਮਿਸ ਕਰਨਾ ਔਖਾ ਲਗਦਾ ਹੈ। ਨਿੱਤਨੇਮ, ਕਥਾ ਕੀਰਤਨ ਦੀ ਮਹਾਨਤਾ ਤਾਂ ਇੱਕ ਤੋਂ ਇਕ ਵੱਧ ਹੈ ਪਰ ਸਿਮਰਨ ਦੀ ਮਹਾਨਤਾ ਅੱਖਰਾਂ ਵਿਚ ਸਮੇਟੀ ਨਹੀਂ ਜਾ ਸਕਦੀ।

ਇੱਕ ਦਿਨ ਭਾਈ ਬਿਕਰਮ ਸਿੰਘ ਗੁਰਦੁਆਰੇ ਸਿਮਰਨ ਤੋਂ ਬਾਅਦ ਮਿਲਿਆ ਤਾਂ ਆਪਸ ਵਿਚ ਬਚਨ ਬਿਲਾਸ ਹੋਏ। ਉਸ ਨੇ ਦੱਸਿਆ, ਮੇਰੇ ਪਾਸ ਕੋਈ ਲਫਜ ਨਹੀਂ ਹਨ ਕਿ ਮੈਂ ਬਿਆਨ ਕਰ ਸਕਾਂ ਕਿ ਸਿਮਰਨ ਦੀ ਕਿੰਨੀ ਮਹਿਮਾ ਹੈ।

ਇੱਕ ਦਿਨ ਬਲਕਾਰ ਸਿੰਘ ਸਾਡੇ ਘਰ ਮਿਲਣ ਆਏ ਤਾਂ ਉਸ ਨੇ ਦੱਸਿਆ, ਗੁਰਦੁਆਰੇ ਅੰਮ੍ਰਿਤ ਵੇਲੇ ਸਿਮਰਨ ਹੁੰਦਾ ਹੈ, ਤੁਸੀਂ ਵੀ ਹਾਜ਼ਰੀ ਭਰਿਆ ਕਰੋ.। ਦੂਸਰੇ ਦਿਨ ਅੰਮ੍ਰਿਤ ਵੇਲੇ ਮੈਂ ਗੁਰਦੁਆਰੇ ਗਿਆ ਤਾਂ ਦਰਬਾਰ ਵਿਚ ਪੈਰ ਰੱਖਦਿਆਂ ਹੀ 'ਵਾਹਿਗੁਰੂ' ਦੀ ਧੁੰਨੀ ਕੰਨਾਂ ਵਿਚ ਪਈ। ਉਸ ਵਿਚ ਇਤਨਾ ਰਸ ਸੀ, ਕਿ ਮੈਂ ਦਸ ਨਹੀਂ ਸਕਦਾ। ਮੈਂ ਦੇਖਿਆ ਕਿ ਇਤਨੀ ਸੰਗਤ ਅਤੇ ਛੋਟੇ ਛੋਟੇ ਬੱਚੇ ਸਿਮਰਨ ਕਰ ਰਹੇ ਸਨ। ਛੋਟੇ ਛੋਟੇ ਬੱਚਿਆਂ ਨੂੰ ਸਿਮਰਨ ਕਰਦੇ ਦੇਖਿਆ ਤਾਂ ਮੈਂ ਸੋਚਿਆ ਕਿ ਮੈਂ ਕਿਉਂ ਪਿੱਛੇ ਰਹਿ ਗਿਆ। ਮੈਂ ਕਿਉਂ ਨਹੀਂ ਹਾਜ਼ਰੀ ਭਰੀ। ਸਟੇਜ ਤੇ ਵੀ ਇਕ ਬੱਚਾ ਨਾਲ ਬੈਠਾ ਸੀ, ਜਿਹੜਾ ਉੱਚੀ ਉੱਚੀ ਸਿਮਰਨ ਕਰ ਰਿਹਾ ਸੀ।

ਮੈਂ ਆਪਣੀ ਸਿੰਘਣੀ ਮਹਿੰਦਰ ਕੌਰ ਨੂੰ ਘਰ ਜਾ ਕੇ ਦੱਸਿਆ ਕਿ ਉਥੇ ਤਾਂ ਰਾਮ ਨਾਮ ਦੀ ਲੁੱਟ ਪੈ ਰਹੀ ਹੈ। ਅਸੀਂ ਕਿਉਂ ਸੁੱਤੇ ਰਹਿ ਗਏ। ਜਿਸ ਤਰ੍ਹਾਂ ਕਬੀਰ ਜੀ ਫੁਰਮਾ ਰਹੇ ਹਨ :-

**ਕਬੀਰ ਲੂਟਨਾ ਹੈ ਤ ਲੂਟਿ ਲੈ ਰਾਮ ਨਾਮ ਹੈ ਲੂਟਿ ॥**
**ਫਿਰਿ ਪਾਛੈ ਪਛੁਤਾਹੁਗੇ ਪ੍ਰਾਨ ਜਾਹਿੰਗੇ ਛੂਟਿ ॥**

*(ਸਲੋਕ ਕਬੀਰ ਜੀ ਪੰ:-1366)*

ਉਥੇ ਤਾਂ ਸੱਚੇ ਨਾਮ (ਪ੍ਰਮਾਤਮਾ ਦੇ ਨਾਮ) ਦੀ ਲੁੱਟ ਪੈ ਰਹੀ ਹੈ। ਇਸ ਨਾਲ ਇਥੇ ਵੀ ਸੁੱਖ ਤੇ ਦਰਗਾਹ ਵਿਚ ਵੀ ਮਾਨ ਮਿਲੇਗਾ। ਮੇਰੀ ਸਿੰਘਣੀ ਨੇ ਕਿਹਾ ਕਿ ਮੈਂ ਵੀ ਚਲਿਆ ਕਰਾਂਗੀ। ਦਾਸ ਨੇ ਉਸ ਨੂੰ ਪੁਛਿਆ, ਤੁਹਾਨੂੰ ਸਿਮਰਨ ਦੀ ਲਗਨ ਕਿਸ ਤਰ੍ਹਾਂ ਲੱਗੀ। ਭਾਈ ਸਾਹਿਬ ਜੀ ਨੇ ਦੱਸਿਆ, ਜਦੋਂ ਮੈਂ ਛੇ ਸਾਲ ਦਾ ਸੀ ਤਾਂ ਮੇਰੇ ਪਿਤਾ ਜੀ ਗੁਜਰ ਗਏ। ਮੇਰਾ ਪਾਲਣ ਪੋਸਣ ਬਾਬਾ ਜੀ ਨੇ ਕੀਤਾ। ਮੇਰੇ ਬਾਬਾ ਜੀ ਨੂੰ ਗੁਰਬਾਣੀ ਨਾਲ ਬਹੁਤ ਪ੍ਰੇਮ ਸੀ ਅਤੇ ਕਾਫੀ ਬਾਣੀ ਕੰਠ ਸੀ। ਮੈਨੂੰ ਚੰਗੇ ਉਪਦੇਸ਼ ਦੇਣੇ ਕਿ ਹਰ ਵੇਲੇ ਚੰਗੇ ਕੰਮ ਕਰਾਂ, ਮਾੜੇ ਕੰਮਾਂ ਅਤੇ ਮਾੜੀ ਸੰਗਤ ਤੋਂ ਬਚਿਆ ਰਵ੍ਹਾਂ। ਉਨ੍ਹਾਂ ਦੀ ਸੰਗਤ ਕਰਕੇ ਮੇਰੇ ਹਿਰਦੇ ਅੰਦਰ ਪ੍ਰਮਾਤਮਾ ਦਾ ਨਾਮ ਬੀਜਿਆ ਗਿਆ। ਜਿਹੜਾ ਮੇਰੇ ਬਾਬਾ ਜੀ ਨੇ ਮੈਨੂੰ ਨਾਮ ਜਪਾਇਆ ਸੀ, ਉਹ ਪ੍ਰਫੁਲਤ ਹੋਇਆ ਹੈ। ਮੈਨੂੰ ਗੁਰਬਾਣੀ ਦਾ ਪਾਠ ਕਰਨ ਵਾਸਤੇ ਬਹੁਤ ਪ੍ਰੇਰਨਾ ਕਰਦੇ ਸਨ ਅਤੇ ਕਾਫੀ ਬਾਣੀ ਕੰਠ ਕਰਵਾਈ ਅਤੇ ਦੱਸਦੇ ਸਨ ਕਿ ਬਾਣੀ ਤੈਨੂੰ ਜਮ੍ਹਾਂ ਦੀ ਮਾਰ ਤੋਂ ਬਚਾਏਗੀ।

ਜਦੋਂ ਉਨ੍ਹਾਂ ਦਾ ਅੰਤ ਵੇਲਾ ਆਇਆ ਤਾਂ ਸਾਰਿਆਂ ਨੂੰ ਇਕੱਠੇ ਕਰਕੇ ਧਿਆਨ ਨਾਲ ਦੇਖਿਆ ਅਤੇ ਕਿਹਾ ਕਿ ਮੈਂ ਸੌਣ ਲੱਗਾ ਹਾਂ, ਮੈਨੂੰ ਕੋਈ ਨਾ ਜਗਾਵੇ। ਜਦੋਂ ਕਈ ਘੰਟੇ ਹੋ ਗਏ, ਉਹ ਉਠੇ ਹੀ ਨਾ ਤਾਂ ਸਾਰਾ ਪਰਿਵਾਰ ਫਿਕਰ ਕਰਨ ਲਗਿਆ। ਜਦੋਂ ਅਸੀਂ ਦੇਖਿਆ ਤਾਂ ਉਹ ਪੂਰੇ ਹੋ ਗਏ ਸਨ।

ਦਾਸ ਨੇ ਉਸ ਨੂੰ ਦੱਸਿਆ, ਜਿਹੜੇ ਇਨਸਾਨ ਨਾਮ ਜਪਦੇ ਹਨ। ਉਨ੍ਹਾਂ ਨੂੰ ਪਹਿਲਾਂ ਹੀ ਪਤਾ ਲੱਗ ਜਾਂਦਾ ਹੈ ਅਤੇ ਅੰਤ ਸਮੇਂ ਸੁਆਸ ਸੌਖੇ ਨਿਕਲ ਜਾਂਦੇ ਹਨ।

*****

## ਨਾਮ ਕੀ ਵਡਿਆਈ ਕੋਈ ਵਿਰਲਾ ਜਾਨੈ ॥

ਨਾਮ ਕੇ ਧਾਰੇ ਸਗਲੇ ਜੰਤ ॥
ਨਾਮ ਕੇ ਧਾਰੇ ਖੰਡ ਬ੍ਰਹਮੰਡ ॥
ਨਾਮ ਕੇ ਧਾਰੇ ਸਿਮ੍ਰਿਤ ਬੇਦ ਪੁਰਾਨ ॥
ਨਾਮ ਕੇ ਧਾਰੇ ਸੁਨਨ ਗਿਆਨ ਧਿਆਨ ॥
ਨਾਮ ਕੇ ਧਾਰੇ ਆਗਾਸ ਪਾਤਾਲ ॥
ਨਾਮ ਕੇ ਧਾਰੇ ਸਗਲ ਆਕਾਰ ॥
ਨਾਮ ਕੇ ਧਾਰੇ ਪੁਰੀਆ ਸਭ ਭਵਨ ॥
ਨਾਮ ਕੈ ਸੰਗਿ ਉਧਰੇ ਸੁਨਿ ਸ੍ਰਵਨ ॥
ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ ॥
ਨਾਨਕ ਚਉਥੇ ਪਦ ਮਹਿ ਸੋ ਜਨੁ ਗਤਿ ਪਾਏ ॥

*(ਸੁਖਮਨੀ ਸਾਹਿਬ)*

ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ ॥
ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ ॥

*(ਆਸਾ ਦੀ ਵਾਰ)*

ਆਸਾ ਦੀ ਵਾਰ ਸਪੱਸ਼ਟ ਕਰਦੀ ਹੈ ਕਿ ਇਨਸਾਨ ਨਾਮ ਜਪ ਕੇ ਦੇਵਤਾ ਬਣ ਸਕਦਾ ਹੈ।

ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ

*(ਸੋਰਠਿ ਮ: 9 ਪੰ:-633)*

ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ ॥
ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥

*(ਬਿਲਾਵਲ ਮ: 5-846)*

ਇਸੇ ਤਰ੍ਹਾਂ ਗੁਰੂ ਜੀ ਫੁਰਮਾ ਰਹੇ ਹਨ ਕਿ ਨਾਮ ਜਪ ਕੇ 'ਵਾਹਿਗੁਰੂ' ਨਾਲ ਮਿਲਾਪ ਹੋ ਜਾਂਦਾ ਹੈ।

ਹੇ ਇਨਸਾਨ ! ਜੇ ਤੂੰ ਨਾਮ ਜਪ ਕੇ ਮੁਕਤ ਹੋ ਸਕਦਾ ਹੈ ਤਾਂ ਨਾਮ ਜਪਣ ਵਾਸਤੇ ਢਿੱਲ ਕਿਉਂ ? ਵਾਰ ਵਾਰ ਜਨਮ ਲੈਣ ਵਿਚ ਦੁੱਖ ਹੀ ਦੁੱਖ ਹੈ। ਤੈਨੂੰ ਮਾਨਸ ਦੇਹੀ ਮਿਲੀ ਹੈ, ਇਸ ਨੂੰ ਨਾਮ ਜਪ ਕੇ ਸਫਲ ਕਰ ਲੈ, ਇਹ ਵਾਰ ਵਾਰ ਨਹੀਂ ਮਿਲੇਗੀ

। ਭਗਤ ਕਬੀਰ, ਭਗਤ ਨਾਮਦੇਵ, ਭਗਤ ਰਵੀਦਾਸ ਅਤੇ ਕਈ ਹੋਰ ਭਗਤ ਨਾਮ ਜਪ ਕੇ ਅਮਰ ਹੋ ਗਏ । ਇਨ੍ਹਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ । ਇਹ ਰਹਿੰਦੀ ਦੁਨੀਆਂ ਤੱਕ ਅਮਰ ਰਹਿਣਗੇ । ਪਹਿਲਾਂ ਇਹ ਵੀ ਇੱਕ ਆਮ ਇਨਸਾਨ ਵਾਂਗ ਸਨ । ਪਰ ਪ੍ਰਮਾਤਮਾ ਦੀ ਭਗਤੀ ਕਰਕੇ ਅਮਰ ਹੋ ਗਏ । ਜੇ ਇਨਸਾਨ ਵੀ ਉਪਰਾਲਾ ਕਰੇ ਤਾਂ ਸਫਲ ਹੋ ਸਕਦਾ ਹੈ ।

**ਹਉਮੈ ਰੋਗੁ ਮਾਨੁਖ ਕਉ ਦੀਨਾ ॥**
**ਕਾਮ ਰੋਗਿ ਮੈਗਲੁ ਬਸਿ ਲੀਨਾ ॥**
*(ਭੈਰਉ ਮ: 5 ਪੰ:–1140)*

**ਹਉਮੈ ਨਾਵੈ ਨਾਲ ਵਿਰੋਧੁ ਹੈ ॥**
**ਦੁਇ ਨ ਵਸਹਿ ਇਕ ਠਾਇ ॥**
*(ਵਡਹੰਸ ਮ: 3 ਪੰ:–560)*

ਪੰਥ ਦੇ ਅੰਦਰ ਏਕਤਾ ਨਹੀਂ ਹੈ । ਸਾਰੇ ਹਉਮੈ ਵਿਚ ਫਸੇ ਹੋਏ ਹਨ । ਵੱਖ ਵੱਖ ਧੜੇਬੰਦੀਆਂ ਬਣਾਈਆਂ ਹੋਈਆਂ ਹਨ । ਵੱਖ ਵੱਖ ਜਾਤਾਂ ਦੇ ਗੁਰਦੁਆਰੇ ਬਣਾਏ ਹੋਏ ਹਨ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਜਾਤ ਪਾਤ ਖਤਮ ਕਰ ਦਿੱਤੇ । ਅਗਰ ਗੁਰੂ ਜੀ ਜਾਤ ਪਾਤ ਦਾ ਫਰਕ ਰੱਖਦੇ ਤਾਂ ਕਦੀ ਵੀ ਵੱਖ ਵੱਖ ਧਰਮਾਂ ਦੇ ਭਗਤਾਂ ਦੀ ਬਾਣੀ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਦਰਜ ਨਾ ਕਰਦੇ । ਮਹਾਰਾਜ ਜੀ ਦੀ ਬਾਣੀ ਫੁਰਮਾ ਰਹੀ ਹੈ:–

**ਅਵਲਿ ਅਲਹ ਨੂਰੁ ਉਪਾਇਆ,**
**ਕੁਦਰਤਿ ਕੇ ਸਭ ਬੰਦੇ ॥**
**ਏਕ ਨੂਰ ਤੇ ਸਭੁ ਜਗੁ ਉਪਜਿਆ,**
**ਕਉਨ ਭਲੇ ਕੋ ਮੰਦੇ ॥**
*(ਪ੍ਰਭਾਤੀ ਕਬੀਰ ਜੀ –1349)*

ਹੁਣ ਪੰਥ ਨੂੰ ਸੋਚਣਾ ਪਵੇਗਾ ਕਿ ਇਹ ਹਉਮੈ ਕਿਸ ਤਰ੍ਹਾਂ ਮਿਟੇ । ਜਦ ਤਕ ਹਉਮੈ ਖਤਮ ਨਹੀਂ ਹੁੰਦੀ, ਆਪਸ ਵਿਚ ਪਿਆਰ ਨਹੀਂ ਹੋ ਸਕਦਾ । ਨਾਮ ਜਪ ਕੇ ਹਉਮੈ ਖਤਮ ਹੋਣੀ ਹੈ । ਨਾਮ ਦੇ ਆਸਰੇ ਧਰਤੀ, ਅਕਾਸ਼ ਤੇ ਚੰਦਰਮਾ ਖੜ੍ਹੇ ਹਨ । ਦੇਖਿਆ ਜਾਵੇ ਤਾਂ ਸਿੱਖਾਂ ਨੂੰ ਨਾਮ ਜਪਣ ਦਾ ਚਾਅ ਹੈ ਹੀ ਨਹੀਂ । ਕੋਈ ਵਿਰਲੇ ਹੀ ਹਨ, ਜਿਹੜੇ ਉਠ ਕੇ ਨਾਮ ਜਪਦੇ ਹਨ । ਅੰਮ੍ਰਿਤ ਵੇਲੇ ਉਠ ਕੇ ਨਾਮ ਵਿਚ ਜੁੜਨਾ ਸੀ ਪਰ ਕਲਯੁਗ ਦੇ ਕੰਬਲ ਵਿਚੋਂ ਨਿਕਲ ਨਹੀਂ ਸਕੇ ।

ਅੱਜ ਕਲ ਕਈ ਗੁਰਦੁਆਰਿਆਂ ਵਿਚ ਸਤਿਗੁਰੂ ਦੀ ਹਜ਼ੂਰੀ ਵਿਚ ਅੰਮ੍ਰਿਤ ਵੇਲੇ ਸਿਮਰਨ ਹੁੰਦਾ ਹੈ । ਪਰ ਉਦਮ ਬਹੁਤ ਘੱਟ ਕਰਦੇ ਹਨ । ਕੋਈ ਉਪਰਾਲਾ ਹੀ

ਨਹੀਂ ਕਿ ਮਹਾਰਾਜ ਜੀ ਦੇ ਚਰਨੀਂ ਲੱਗੀਏ। ਨਾਮ ਜਪਣ ਦਾ ਕੋਈ ਚਾਉ ਹੀ ਨਹੀਂ ਹੈ। ਸਿਰਫ ਨਿੱਤਨੇਮ ਕਰਕੇ ਉਸ ਵਿਚ ਹੀ ਖ਼ੁਸ਼ ਹਨ। ਇਸੇ ਤਰ੍ਹਾਂ ਆਪਣਾ ਜੀਵਨ ਬਤੀਤ ਕਰ ਰਹੇ ਹਨ। ਜਦੋਂ ਕਿਸੇ ਦਾ ਜਨਮ ਦਿਨ ਆਉਂਦਾ ਹੈ ਤਾਂ ਉਹ ਬਹੁਤ ਖ਼ੁਸ਼ ਹੁੰਦੇ ਹਨ ਕਿ ਇੰਨੇ ਸਾਲਾਂ ਦੇ ਹੋ ਗਏ ਹਾਂ। ਪਰ ਇਨਸਾਨ ਇਹ ਨਹੀਂ ਸੋਚਦਾ ਕਿ ਸਾਡੀ ਇੰਨੀ ਉਮਰ ਘੱਟ ਗਈ ਹੈ। ਇਹ ਜ਼ਿੰਦਗੀ ਦੇ ਸੁਆਸ ਅਜਾਈਂ ਚਲੇ ਗਏ ਹਨ, ਕੋਈ ਸਿਮਰਨ ਨਹੀਂ ਕੀਤਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਕੇ ਸੋਝੀ ਆਉਣੀ ਚਾਹੀਦੀ ਹੈ। ਵਾਰ ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਉਂਦਾ ਹੈ ਕਿ ਹੇ ਜੀਵ ਤੂੰ ਨਾਮ ਜਪ, ਨਾਮ ਜਪ। ਨਾਮ ਜਪਣ ਦਾ ਉਪਰਾਲਾ ਜਰੂਰ ਕਰਨਾ ਚਾਹੀਦਾ ਹੈ। ਨਾਮ ਜਪ ਕੇ ਹੀ ਏਕਤਾ ਆਉਣੀ ਹੈ ਤੇ ਖਾਲਸਾ ਰਾਜ ਮਿਲਣਾ ਹੈ।

## (ਓ)

**ਸ੍ਰੀ ਹਰਿਕ੍ਰਿਸ਼ਨ ਧਿਆਇਐ ਜਿਸ ਡਿਠੇ ਸਭਿ ਦੁਖਿ ਜਾਇ ॥**
**ਤੇਗ ਬਹਾਦਰ ਸਿਮਰਿਐ ਘਰ ਨਉ ਨਿਧਿ ਆਵੈ ਧਾਇ ॥**

ਅੰਮ੍ਰਿਤ ਵੇਲੇ ਦਾ ਸਿਮਰਨ ਸ਼ੁਰੂ ਹੋਏ ਨੂੰ ਸਾਲ ਹੋਇਆ ਤਾਂ ਸੰਗਤ ਨੇ ਮਿਲ ਕੇ ਅਖੰਡ ਪਾਠ ਕਰਾਉਣ ਦਾ ਉਪਰਾਲਾ ਕੀਤਾ। ਭਾਈ ਹਰਬੰਸ ਸਿੰਘ ਜੀ ਕੋਹਲੀ ਅੰਮ੍ਰਿਤ ਵੇਲੇ ਹਰ ਰੋਜ਼ ਨਿੱਤਨੇਮ (ਪੰਜ ਬਾਣੀਆਂ) ਦਾ ਪਾਠ ਸੰਗਤ ਨੂੰ ਸੁਣਾਉਂਦੇ ਹਨ। ਹੁਕਮਨਾਮੇ ਤੋਂ ਬਾਅਦ ਉਸ ਨੇ ਦੱਸਿਆ 23 ਦਸੰਬਰ 1996 ਨੂੰ ਅਖੰਡ ਪਾਠ ਰੱਖਿਆ ਜਾਵੇਗਾ ਅਤੇ ਉਸ ਦਾ ਭੋਗ 25 ਦਸੰਬਰ 1996 ਨੂੰ ਪਵੇਗਾ। ਜਦੋਂ ਬਾਹਰ ਆਏ ਤਾਂ ਭਾਈ ਦਵਿੰਦਰ ਸਿੰਘ ਨੇ ਭਾਈ ਹਰਬੰਸ ਸਿੰਘ ਨੂੰ ਪੁੱਛਿਆ ਕਿ ਇਸ ਅਖੰਡ ਪਾਠ ਦੀ ਜ਼ੁੰਮੇਵਾਰੀ ਕੌਣ ਨਿਭਾ ਰਿਹਾ ਹੈ। ਉਸ ਨੇ ਦੱਸਿਆ, ਭਾਈ ਰਾਮਾ ਸਿੰਘ ਜੀ ਨਿਭਾ ਰਹੇ ਹਨ। ਜੇ ਤੁਹਾਨੂੰ ਹੋਰ ਜਾਣਕਾਰੀ ਚਾਹੀਦੀ ਹੈ ਤਾਂ ਉਨ੍ਹਾਂ ਨਾਲ ਗੱਲ ਕਰ ਲਉ।

ਦੂਸਰੇ ਦਿਨ ਭਾਈ ਦਵਿੰਦਰ ਸਿੰਘ ਨੇ ਦਾਸ ਨੂੰ ਪੁੱਛਿਆ, ਭਾਈ ਸਾਹਿਬ ਜੀ ਜਿਹੜਾ ਅਖੰਡ ਪਾਠ ਅੰਮ੍ਰਿਤ ਵੇਲੇ ਦੀ ਸੰਗਤ ਵਲੋਂ ਹੋ ਰਿਹਾ ਹੈ ਉਸ ਦੀ ਸੇਵਾ ਮੈਂ ਕਰਨੀ ਚਾਹੁੰਦਾ ਹਾਂ। ਦਾਸ ਨੇ ਉਸ ਨੂੰ ਸਮਝਾਇਆ, ਇਹ ਸਾਰੀ ਸੇਵਾ ਸੰਗਤ ਵਲੋਂ ਹੋ ਰਹੀ ਹੈ, ਤੁਸੀਂ ਵੀ ਹਿੱਸਾ ਪਾ ਸਕਦੇ ਹੋ। ਉਸ ਨੇ ਕਿਹਾ, ਭਾਈ ਸਾਹਿਬ ਜੀ ਤੁਸੀਂ ਅੰਮ੍ਰਿਤ ਵੇਲੇ ਦਾ ਕੀਰਤਨ ਸ਼ੁਰੂ ਕਰਕੇ ਸੰਗਤ ਉਪਰ ਬਹੁਤ ਪ੍ਰਉਪਕਾਰ ਕੀਤਾ ਹੈ। ਜਦੋਂ ਮਹਾਰਾਜ ਜੀ ਦੀ ਹਜ਼ੂਰੀ ਵਿਚ ਇੱਕ ਘੰਟਾ ਸਿਮਰਨ ਕਰਦੇ ਹਾਂ ਤਾਂ ਇਸ ਤਰ੍ਹਾਂ ਲੱਗਦਾ ਹੈ ਕਿ ਇੱਕ ਘੰਟਾ ਸੱਚਖੰਡ ਵਿਚ ਬਿਤਾਇਆ ਹੈ। ਇਥੇ ਦੋ ਸੱਚਖੰਡ ਹਨ, ਇੱਕ ਉਪਰ ਵਾਲਾ ਤੇ ਦੂਸਰਾ ਅੰਮ੍ਰਿਤ ਵੇਲੇ ਦਾ ਸਿਮਰਨ। ਮੈਂ ਸੋਚਦਾ ਹਾਂ, ਉਪਰ ਵਾਲਾ ਤਾਂ ਕਿਸੇ ਨੇ ਦੇਖਿਆ ਨਹੀਂ, ਇਥੇ ਤਾਂ ਜਿੰਨਾਂ ਸਮਾਂ ਸਫਲ ਹੋ ਸਕਦਾ ਹੈ, ਕਰ ਲਈਏ। ਉਸ ਨੇ ਕਿਹਾ, ਸਾਨੂੰ ਤਾਂ ਪਤਾ ਨਹੀਂ ਲੱਗਾ ਕਿ ਇਥੇ ਸਿਮਰਨ ਹੁੰਦਾ ਹੈ।

ਅਸੀਂ ਸ੍ਰੀ ਗੁਰੂ ਹਰਿਕ੍ਰਿਸ਼ਨ ਮਹਾਰਾਜ ਜੀ ਦੇ ਪ੍ਰਕਾਸ਼ ਉਤਸਵ ਤੇ ਅਖੰਡ ਪਾਠ ਕਰਵਾਇਆ ਸੀ। ਅਖੰਡ ਪਾਠ ਦੇ ਦੌਰਾਨ ਤਿੰਨੇ ਦਿਨ ਗੁਰਦੁਆਰਾ ਸਾਹਿਬ ਰਹਿ ਕੇ ਹਾਜ਼ਰੀ ਭਰੀ ਤਾਂ ਅੰਮ੍ਰਿਤ ਵੇਲੇ ਸਿਮਰਨ ਸੁਣਨ ਦਾ ਸੁਭਾਗ ਪ੍ਰਾਪਤ ਹੋਇਆ। ਮੈਨੂੰ ਸੁਣ ਕੇ ਬਹੁਤ ਹੀ ਰਸ ਆਇਆ ਕਿ ਮੈਂ ਬਿਆਨ ਨਹੀਂ ਕਰ ਸਕਦਾ। ਉਸ ਦਿਨ ਤੋਂ ਅਸੀਂ ਹਰ ਰੋਜ਼ ਹਾਜ਼ਰੀ ਭਰਦੇ ਹਾਂ।

ਭਾਈ ਦਵਿੰਦਰ ਸਿੰਘ ਕਈ ਸਾਲਾਂ ਤੋਂ ਸ੍ਰੀ ਗੁਰੂ ਹਰਿਕ੍ਰਿਸ਼ਨ ਮਹਾਰਾਜ ਜੀ ਦੇ ਪ੍ਰਕਾਸ਼ ਦਿਵਸ ਤੇ ਅਖੰਡ ਪਾਠਾਂ ਦੀ ਸੇਵਾ ਕਰਦੇ ਆ ਰਹੇ ਹਨ। ਦਾਸ ਨੇ ਉਸ ਨੂੰ ਸਮਝਾਇਆ ਕਿ ਮਹਾਰਾਜ ਜੀ ਨੇ ਤੈਨੂੰ ਸਭ ਕੁਝ ਬਖਸ਼ਿਆ ਹੈ। ਹੁਣ ਦਿਆਲ ਹੋ ਕੇ ਨਾਮ ਦੀ ਦਾਤ ਬਖਸ਼ਿਸ਼ ਕਰ ਰਹੇ ਹਨ। ਜਿਸ ਦੀ ਕੋਈ ਕੀਮਤ ਨਹੀਂ ਹੈ।

**ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥**
**ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ ॥**

*(ਸਿਰੀਰਾਗ ਮ: 5 ਪੰ:–81)*

**ਦਾਤੇ ਦਾਤਿ ਰਖੀ ਹਥਿ ਆਪਣੇ ਜਿਸੁ ਭਾਵੈ ਤਿਸੁ ਦੇਈ**

*(ਸੋਰਠਿ ਮ: 3 ਪੰ:–604)*

ਤੇਰੀ ਸੇਵਾ ਮਨਜ਼ੂਰ ਹੋਈ ਹੈ ਅਤੇ ਖੁਸ਼ ਹੋ ਕੇ ਸ੍ਰੀ ਹਰਿ ਕ੍ਰਿਸ਼ਨ ਮਹਾਰਾਜ ਜੀ ਨੇ ਨਾਮ ਦੀ ਦਾਤ ਬਖਸ਼ੀ ਹੈ।

ਦਾਸ ਨੇ ਦੇਖਿਆ ਕਿ ਇਸ ਦੀ ਸਿੰਘਣੀ ਬੀਬੀ ਜਸਵਿੰਦਰ ਕੌਰ ਨੂੰ ਵੀ ਸੇਵਾ ਕਰਨ ਦਾ ਬਹੁਤ ਚਾਅ ਹੈ। ਸਾਧ ਸੰਗਤ ਦੀ ਸੇਵਾ ਬੜੀ ਭਾਵਨਾ ਨਾਲ ਕਰਦੀ ਹੈ। ਇਨ੍ਹਾਂ ਦੇ ਬੱਚੇ ਜਸਪ੍ਰੀਤ ਸਿੰਘ ਅਤੇ ਇੰਦਰਪ੍ਰੀਤ ਸਿੰਘ ਨੂੰ ਬਰਤਨ ਧੋਣ ਦਾ ਬਹੁਤ ਚਾਅ ਹੈ ਛੋਟੇ ਲੜਕੇ ਨੂੰ ਚੌਰ ਕਰਨ ਦਾ ਬਹੁਤ ਚਾਉ ਹੈ।

**(ਅ)**

ਭਾਈ ਜੋਗਾ ਸਿੰਘ ਜੀ ਆਸਟਰੇਲੀਆ ਤੋਂ ਵਾਹਿਗੁਰੂ ਸਿਮਰਨ ਸੁਸਾਇਟੀ ਸਕੂਲ ਵਾਸਤੇ ਉਗਰਾਹੀ ਕਰਨ ਇੰਗਲੈਂਡ ਆਏ। ਦਾਸ ਵੀ ਉਨ੍ਹਾਂ ਦੇ ਨਾਲ ਜਾਂਦਾ ਸੀ। ਇੱਕ ਦਿਨ ਅਸੀਂ ਉਗਰਾਹੀ ਕਰਦੇ ਕਰਦੇ ਸਰਬਜੀਤ ਹੁਣਾ ਦੇ ਘਰ ਗਏ। ਬਚਨ ਬਿਲਾਸ ਕਰਦਿਆਂ-ਕਰਦਿਆਂ ਦਾਸ ਨੇ ਉਨ੍ਹਾਂ ਨੂੰ ਪੁਛਿਆ, ਤੁਹਾਨੂੰ ਪਤਾ ਹੈ ਕਿ ਅੰਮ੍ਰਿਤ ਵੇਲੇ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰੇ ਸਿਮਰਨ ਹੁੰਦਾ ਹੈ। ਉਨ੍ਹਾਂ ਨੇ ਉੱਤਰ ਦਿੱਤਾ, ਨਹੀਂ, ਸਾਨੂੰ ਤਾਂ ਪਤਾ ਨਹੀਂ ਹੈ। ਦਾਸ ਨੇ ਕਿਹਾ, ਤੁਸੀਂ ਵੀ ਹਾਜ਼ਰੀ ਭਰਿਆ ਕਰੋ। ਗੁਰੂ ਨਾਨਕ ਦੀ ਵਡਿਆਈ ਹੈ, ਸਾਧ ਸੰਗਤ ਵਿਚ ਬੈਠ ਕੇ ਸਿਮਰਨ ਕਰਨ ਦਾ ਬੜਾ ਉਤਮ ਫਲ ਹੈ। ਭਾਈ ਸਰਬਜੀਤ ਸਿੰਘ ਦੀ ਸਿੰਘਣੀ ਬੀਬੀ ਸ਼ਰਨਜੀਤ ਕੌਰ ਨੇ ਕਿਹਾ, "ਮੈਨੂੰ ਪ੍ਰਮਾਤਮਾ ਉਪਰ ਬਹੁਤ ਵਿਸ਼ਵਾਸ਼ ਹੈ। ਜਦੋਂ ਅਸੀਂ ਇੰਗਲੈਂਡ ਆਏ,

ਪਹਿਲਾਂ ਪਹਿਲਾਂ ਸਾਨੂੰ ਬਹੁਤ ਔਕੜਾਂ ਆਈਆਂ ਤਾਂ ਅਸੀਂ ਬਾਣੀ ਦਾ ਆਸਰਾ ਲਿਆ। ਸੁਖਮਨੀ ਸਾਹਿਬ ਜੀ ਦੇ ਪਾਠ ਸ਼ੁਰੂ ਕਰ ਦਿੱਤੇ ਅਤੇ ਗੁਰਦੁਆਰੇ ਜਾ ਕੇ ਸੇਵਾ ਕਰਨ ਲੱਗ ਪਏ।

ਇੱਕ ਦਿਨ ਮਨ ਬਹੁਤ ਹੀ ਦੁਖੀ ਸੀ ਅਤੇ ਮੈਂ ਬਹੁਤ ਹੀ ਬੈਰਾਗ ਵਿਚ ਆ ਕੇ ਮਹਾਰਾਜ ਜੀ ਅੱਗੇ ਬੇਨਤੀ ਕੀਤੀ। ਦਿਆਲੂ ਮਹਾਰਾਜ ਜੀ ਨੇ ਕੌਤਕ ਦਿਖਾਇਆ, ਉਨ੍ਹਾਂ ਦੇ ਹੱਥ ਵਿਚ ਬਾਟਾ ਸੀ, ਕਹਿੰਦੇ ਇਹ ਪੀ ਲੈ, ਤੇਰੇ ਸਾਰੇ ਦੁੱਖ ਨਾਸ਼ ਹੋ ਜਾਣਗੇ। ਇਸ ਤੋਂ ਬਾਅਦ ਸਭ ਕੁਝ ਠੀਕ ਹੋ ਗਿਆ। ਕੰਮ ਕਾਰ ਵਿਚ ਵਾਧਾ ਹੋਣ ਲੱਗਾ ਅਤੇ ਮਹਾਰਾਜ ਜੀ ਨੇ ਬੱਚੇ ਦੀ ਦਾਤ ਬਖਸ਼ੀ।

ਦਾਸ ਨੇ ਪੁੱਛਿਆ, ਤੁਹਾਨੂੰ ਗੁਰਸਿੱਖੀ ਦੀ ਲਗਨ ਕਿਵੇਂ ਲੱਗੀ। ਸ਼ਰਨਜੀਤ ਕੌਰ ਨੇ ਦੱਸਿਆ, ਜਦੋਂ ਮੈਂ ਛੇ ਸੱਤ ਸਾਲ ਦੀ ਸੀ ਤਾਂ ਮਾਤਾ ਜੀ ਮੈਨੂੰ ਕਿਹਾ ਕਰਦੇ ਸਨ ਕਿ ਤੂੰ ਮੈਨੂੰ ਪਾਠ ਸੁਣਾਇਆ ਕਰ, ਮੈਂ ਤੈਨੂੰ ਪੈਸੇ ਦਿਆ ਕਰਾਂਗੀ। ਪੈਸਿਆਂ ਦੀ ਖੁਸ਼ੀ ਵਿਚ ਆਪਣੀ ਮਾਤਾ ਜੀ ਨੂੰ ਪਾਠ ਸੁਣਾਉਣਾ ਸ਼ੁਰੂ ਕਰ ਦਿੱਤਾ। ਰੋਜ਼ਾਨਾ ਪਾਠ ਕਰਦੇ-ਕਰਦੇ ਮੈਨੂੰ ਜਪੁਜੀ ਸਾਹਿਬ ਦਾ ਪਾਠ ਕੰਠ ਹੋ ਗਿਆ। ਮੇਰੀ ਮਾਤਾ ਜੀ ਮੈਨੂੰ ਚੰਗੇ ਚੰਗੇ ਉਪਦੇਸ਼ ਦਿੰਦੀ ਸੀ। ਅਗਰ ਤੂੰ ਬਾਣੀ ਪੜ੍ਹੇਂਗੀ ਤਾਂ ਮਹਾਰਾਜ ਜੀ ਤੇਰੇ ਅੰਗ ਸੰਗ ਸਹਾਈ ਹੋਣਗੇ। ਮਾਤਾ ਜੀ ਦੇ ਬਚਨ ਸੁਣ ਕੇ ਮੈਨੂੰ ਬਾਣੀ ਕੰਠ ਕਰਨ ਦਾ ਚਾਅ ਪੈਦਾ ਹੋ ਗਿਆ ਅਤੇ ਬਾਣੀ ਪੜ੍ਹਦੇ ਪੜ੍ਹਦੇ ਥੋੜ੍ਹਾ-ਥੋੜ੍ਹਾ ਰਸ ਆਉਣ ਲੱਗ ਪਿਆ। ਮਹਾਰਾਜ ਜੀ ਦੀ ਕ੍ਰਿਪਾ ਨਾਲ ਨਿੱਤਨੇਮ ਦੀਆਂ ਪੰਜੇ ਬਾਣੀਆਂ ਅਤੇ ਸੁਖਮਨੀ ਸਾਹਿਬ ਕੰਠ ਹੋ ਗਿਆ। ਵੱਡੀ ਹੋਈ ਤਾਂ ਸ਼ਾਦੀ ਹੋ ਗਈ। ਇਨ੍ਹਾਂ ਦੇ ਮਾਤਾ ਪਿਤਾ ਜੀ ਸਿੱਖੀ ਵਿਚ ਪੂਰੇ ਨਹੀਂ ਸਨ।

ਜਦੋਂ ਮੈਂ ਇਸ ਘਰ ਵਿਚ ਆਈ ਤਾਂ ਕੰਮ ਕਾਰ ਕਰਦੇ ਕਰਦੇ ਬਾਣੀ ਪੜ੍ਹਦੇ ਰਹਿਣਾ। ਬਾਣੀ ਪੜ੍ਹਨ ਨਾਲ ਘਰ ਦਾ ਵਾਤਾਵਰਣ ਬਦਲ ਗਿਆ। ਸਾਰਾ ਪਰਿਵਾਰ ਖੁਸ਼ ਰਹਿਣ ਲੱਗਾ। ਪਰਿਵਾਰ ਦੇ ਬਾਕੀ ਮੈਂਬਰ ਵੀ ਬਾਣੀ ਪੜ੍ਹਨ ਲੱਗ ਪਏ। ਮੈਂ ਆਪਣੀ ਮਾਤਾ ਜੀ ਦਾ ਧੰਨਵਾਦ ਕਰਦੀ ਹਾਂ ਜਿਨ੍ਹਾਂ ਨੇ ਮੈਨੂੰ ਬਾਣੀ ਨਾਲ ਜੋੜਿਆ, ਬਾਣੀ ਪੜ੍ਹਨ ਦੀ ਪ੍ਰੇਰਨਾ ਕੀਤੀ।

ਦਾਸ ਨੇ ਕਿਹਾ, ਮਹਾਰਾਜ ਜੀ ਨੇ ਤੁਹਾਡੇ ਉਪਰ ਬਹੁਤ ਕ੍ਰਿਪਾ ਕੀਤੀ ਹੈ। ਸਭ ਕਾਸੇ ਵਿਚ ਬਰਕਤ ਪਾਈ ਹੈ। ਹੁਣ ਤੁਸੀਂ ਅੰਮ੍ਰਿਤ ਵੇਲੇ ਸਿਮਰਨ ਵਿਚ ਹਾਜ਼ਰੀ ਭਰਿਆ ਕਰੋ। ਇਸ ਤੋਂ ਸਿਖਿਆ ਮਿਲਦੀ ਹੈ ਕਿ ਜੇ ਮਾਂ ਬਾਪ ਆਪਣੇ ਬੱਚਿਆਂ ਨੂੰ ਛੋਟੀ ਉਮਰ ਵਿਚ ਹੀ ਗੁਰੂ ਦੇ ਲੜ ਲਾਉਣ ਤਾਂ ਉਨ੍ਹਾਂ ਦਾ ਜੀਵਨ ਸਫਲ ਹੋ ਜਾਂਦਾ ਹੈ ਅਤੇ ਪ੍ਰਮਾਤਮਾ ਉਨ੍ਹਾਂ ਦੇ ਅੰਗ-ਸੰਗ ਰਹਿੰਦਾ ਹੈ। ਔਕੜ ਵੇਲੇ ਉਨ੍ਹਾਂ ਦੀ ਸਹਾਇਤਾ ਕਰਦਾ ਹੈ।

**ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ ॥**
**ਤਾ ਮੇਰੈ ਮਨਿ ਭਇਆ ਨਿਧਾਨਾ ॥**

ਰਤਨ ਲਾਲ ਜਾ ਕਾ ਕਛੂ ਨ ਮੋਲੁ ॥
ਭਰੇ ਭੰਡਾਰ ਅਖੂਟ ਅਤੋਲ ॥

*(ਗਉੜੀ ਗੁਆਰੇਰੀ ਮ: 5 ਪੰ:–186)*

ਭਾਈ ਬਲਕਾਰ ਸਿੰਘ ਨੇ ਦਾਸ ਨੂੰ ਦੱਸਿਆ, ਮੈਂ ਹਰ ਰੋਜ਼ ਗੁਰਦੁਆਰੇ ਮੱਥਾ ਟੇਕ ਕੇ ਕੰਮ 'ਤੇ ਜਾਇਆ ਕਰਦਾ ਸੀ। ਮੈਂ ਸੋਚਣਾ ਕਿ ਸਵੇਰੇ ਸ਼ਾਮ ਹਾਜ਼ਰੀ ਭਰ ਲਈ ਇਤਨਾ ਹੀ ਕਾਫੀ ਹੈ। ਇੱਕ ਦਿਨ ਗੁਰਦੁਆਰੇ ਕਥਾ ਸੁਣੀ ਕਿ ਬਾਣੀ ਪੜ੍ਹਨੀ ਅਤੇ ਸਿਮਰਨ ਕਰਨਾ ਅਤਿ ਜ਼ਰੂਰੀ ਹੈ। ਕਥਾ ਕਰਦੇ ਗਿਆਨੀ ਜੀ ਨੇ ਗੁਰਬਾਣੀ ਦੀ ਇਹ ਤੁਕ ਸੁਣਾਈ :-

**ਰੈਣਿ ਗਵਾਈ ਸੋਇ ਕੈ, ਦਿਵਸੁ ਗਵਾਇਆ ਖਾਇ ॥**
**ਹੀਰੇ ਜੈਸਾ ਜਨਮੁ ਹੈ, ਕਉਡੀ ਬਦਲੇ ਜਾਇ ॥ 1 ॥**
**ਨਾਮੁ ਨ ਜਾਨਿਆ ਰਾਮ ਕਾ ॥**
**ਮੂੜੇ ਫਿਰਿ ਪਾਛੈ ਪਛੁਤਾਹਿ ਰੇ ॥**

*(ਗਉੜੀ ਬੈਰਾਗਣਿ ਮ: 1 ਪੰ:–156)*

ਗਿਆਨੀ ਜੀ ਨੇ ਸੰਗਤ ਨੂੰ ਸਮਝਾਇਆ ਕਿ ਹੇ ਜੀਵ ਤੂੰ ਵਾਹਿਗੁਰੂ ਦਾ ਸਿਮਰਨ ਕਰਕੇ ਆਪਣਾ ਜੀਵਨ ਸਫਲ ਕਰ। ਨਾਮ ਜਪ ਕੇ ਅਨੇਕਾਂ ਪਾਪੀ ਤਰ ਗਏ।

**ਚਰਨ ਸਰਨ ਗੁਰੁ ਏਕ ਪੈਂਡਾ ਜਾਇ ਚਲ**
**ਸਤਿਗੁਰੁ ਕੋਟਿ ਪੈਂਡਾ ਆਗੈ ਹੋਇ ਲੇਤ ਹੈ ॥**
**ਏਕ ਵਾਰ ਸਤਿਗੁਰ ਮੰਤ੍ਰ ਸਿਮਰਨ ਮਾਤ੍ਰ**
**ਸਿਮਰਨ ਤਾਂਹਿ ਬਾਰੰਬਾਰ ਗੁਰੁ ਹੇਤ ਹੈ ॥**

*(ਭਾਈ ਗੁਰਦਾਸ ਜੀ)*

**(ੲ)**

ਭਾਈ ਬਲਕਾਰ ਸਿੰਘ ਜੀ ਨੇ ਦੱਸਿਆ ਕਿ ਮੇਰੇ ਵਰਗੇ ਅਨੇਕਾਂ ਹੀ ਗੁਰਸਿੱਖ ਇਸ ਤਰ੍ਹਾਂ ਕੰਮ 'ਤੇ ਜਾਣ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕ ਕੇ ਜਾਂਦੇ ਹਨ। ਸਭ ਦੀ ਭਾਵਨਾ ਹੈ ਕਿ ਮੱਥਾ ਟੇਕ ਲਿਆ ਤਾਂ ਹਾਜ਼ਰੀ ਲੱਗ ਗਈ। ਇਸ ਤੋਂ ਅੱਗੇ ਨਾਮ ਬਾਣੀ ਦੀ ਕੋਈ ਵਿਚਾਰ ਨਹੀਂ ਕਰਦੇ। ਮੈਂ ਵੀ ਕਈ ਸਾਲ ਇਸ ਤਰ੍ਹਾਂ ਹੀ ਕਰਦਾ ਰਿਹਾਂ। ਮੈਂ ਸੋਚਣਾ, ਬਸ ਗੁਰਦੁਆਰੇ ਮੱਥਾ ਟੇਕ ਲਿਆ, ਇਤਨਾ ਹੀ ਕਾਫੀ ਹੈ। ਸਿਮਰਨ ਕਰਨ ਦਾ ਕੋਈ ਚਾਅ ਨਹੀਂ ਸੀ, ਨਾ ਹੀ ਅੰਮ੍ਰਿਤ ਵੇਲੇ ਉਠਣ ਦਾ ਉਦਮ ਕਰਨਾ। ਮੇਰੇ ਲੜਕੇ ਸਵਰਾਜ ਸਿੰਘ ਅਤੇ ਸਵਦੀਪ ਸਿੰਘ ਅੰਮ੍ਰਿਤ ਵੇਲੇ ਸਿਮਰਨ ਵਿਚ ਰੋਜ਼ਾਨਾ ਹਾਜ਼ਰੀ ਭਰਦੇ ਹਨ। ਮੈਂ ਸੋਚਣਾ, ਨਾ ਇਹ ਆਪ ਸੌਂਦੇ ਹਨ ਨਾ ਹੀ ਕਿਸੇ ਨੂੰ ਸੌਣ ਦਿੰਦੇ ਹਨ।

ਜਿਹੜੀ ਬੱਚਿਆਂ ਦੀ ਪਹਿਲੀ ਰੈਣ ਸਬਾਈ ਹੋਈ। ਉਸ ਦਿਨ ਛੁਟੀ ਹੋਣ ਕਰਕੇ ਮੈਂ ਵੀ ਗੁਰਦੁਆਰੇ ਚਲਾ ਗਿਆ ਕਿ ਬੱਚਿਆਂ ਨੂੰ ਕੀਰਤਨ ਕਰਦਿਆਂ ਸੁਣਾਂ।

ਰੈਣ ਸਬਾਈ ਦੀ ਸ਼ੁਰੂਆਤ ਜਿਸ ਢੰਗ ਨਾਲ ਹੋਈ, ਉਸ ਨਾਲ ਮੇਰਾ ਮਨ ਮੋਹਿਆ ਗਿਆ ਕਿ ਇੰਨੇ ਛੋਟੇ-ਛੋਟੇ ਬੱਚੇ ਪ੍ਰਮਾਤਮਾ ਨੂੰ ਖੁਸ਼ ਕਰਨ ਆਏ ਹਨ । ਮੈਂ ਹੈਰਾਨ ਹੋਇਆ ਕਿ ਬੱਚਿਆਂ ਨੇ ਬੜੇ ਸੁਚੱਜੇ ਢੰਗ ਨਾਲ ਕੀਰਤਨ ਕੀਤਾ । ਅਜੀਤਕਮਲ ਸਿੰਘ ਅਤੇ ਸੁਖਦੀਪ ਸਿੰਘ ਹੁਰਾਂ ਨੇ ਅਤੇ ਗੁਰਸ਼ਰਨ ਸਿੰਘ, ਮਨਬੀਰ ਸਿੰਘ, ਗੁਰਿੰਦਰ ਸਿੰਘ, ਅਤੇ ਅੰਮ੍ਰਿਤ ਕੌਰ ਨੇ ਕੀਰਤਨ ਕੀਤਾ ਤਾਂ ਮਨ ਮੋਹਿਆ ਗਿਆ ।

ਅੰਮ੍ਰਿਤ ਵੇਲੇ ਸਿਮਰਨ ਦਾ ਸਮਾਂ ਹੋਇਆ ਤਾਂ ਕੀ ਦੇਖਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਹਮਣੇ ਮੱਥਾ ਟੇਕਣ ਵਾਸਤੇ ਲਾਈਨਾਂ ਲੱਗ ਗਈਆਂ । ਇਸ ਤਰ੍ਹਾਂ ਲੱਗਦਾ ਸੀ ਜਿਸ ਤਰ੍ਹਾਂ ਕੋਈ ਗੁਰਪੁਰਬ ਹੋਵੇ । ਇੱਕ ਪਾਸੇ ਬੀਬੀਆਂ ਤੇ ਦੂਸਰੇ ਪਾਸੇ ਵੀਰ ਸਨ । ਭਾਈ ਗੁਰਸ਼ਰਨ ਸਿੰਘ ਤੇ ਭਾਈ ਜਗਤਾਰ ਸਿੰਘ ਨੇ ਸਿਮਰਨ ਸ਼ੁਰੂ ਕਰਨ ਤੋਂ ਪਹਿਲਾਂ ਸ਼ਬਦ ਪੜ੍ਹਿਆ:-

**ਅਬ ਕਲੂ ਆਇਓ ਰੇ ॥ ਇਕੁ ਨਾਮੁ ਬੋਵਹੁ ਬੋਵਹੁ ॥**
**ਅਨ ਰੂਤਿ ਨਾਹੀ ਨਾਹੀ ॥ ਮਤੁ ਭਰਮਿ ਭੂਲਹੁ ਭੂਲਹੁ ॥**
**ਗੁਰ ਮਿਲੇ ਹਰਿ ਪਾਏ ॥ ਜਿਸੁ ਮਸਤਕਿ ਹੈ ਲੇਖਾ ॥**
**ਮਨ ਰੁਤਿ ਨਾਮ ਰੇ ॥ ਗੁਨ ਕਹੇ ਨਾਨਕ ਹਰਿ ਹਰੇ ਹਰਿ ਹਰੇ ॥**

*(ਬਸੰਤ ਮ: 5 ਪੰ:-1185)*


ਇਹ ਸ਼ਬਦ ਸੁਣ ਕੇ ਮੇਰੇ ਹਿਰਦੇ ਵਿਚ ਤੀਰ ਜੈਸਾ ਲੱਗਿਆ । ਮੈਨੂੰ ਬੜਾ ਬੈਰਾਗ ਆਇਆ । ਮੈਂ ਆਪਣਾ ਆਪ ਸੰਭਾਲ ਨਹੀਂ ਸਕਿਆ । ਫਿਰ ਸੋਚਣ ਲੱਗਾ ਕਿ ਮੈਂ ਤਾਂ ਆਪਣਾ ਜੀਵਨ ਐਵੇਂ ਹੀ ਗੁਵਾ ਦਿੱਤਾ । ਸ੍ਰੀ ਗੁਰੂ ਅਰਜਨ ਦੇਵ ਮਾਹਾਰਾਜ ਜੀ ਸੁਖਮਨੀ ਸਾਹਿਬ ਵਿਚ ਫੁਰਮਾ ਰਹੇ ਹਨ:-

**ਬਿਨੁ ਸਿਮਰਨ ਦਿਨੁ ਰੈਨਿ ਬ੍ਰਿਥਾ ਬਿਹਾਇ ॥**
**ਮੇਘ ਬਿਨਾ ਜਿਉ ਖੇਤੀ ਜਾਇ ॥**
**ਗੋਬਿਦ ਭਜਨ ਬਿਨੁ ਬ੍ਰਿਥੇ ਸਭ ਕਾਮ ॥**
**ਜਿਉ ਕਿਰਪਨ ਕੇ ਨਿਰਾਰਥ ਦਾਮ ॥**


*(ਸੁਖਮਨੀ ਸਾਹਿਬ)*

ਇਸ ਦਿਨ ਤੋਂ ਬਾਅਦ ਮੈਂ ਆਪਣਾ ਅਸੂਲ ਬਣਾ ਲਿਆ ਕਿ ਅੰਮ੍ਰਿਤ ਵੇਲੇ ਸਿਮਰਨ ਵਿਚ ਹਾਜਰੀ ਜ਼ਰੂਰ ਭਰਨੀ ਹੈ । ਸਿਮਰਨ ਕਰਦਿਆਂ ਕਰਦਿਆਂ ਮਹਾਰਾਜ ਜੀ ਨੇ ਕੌਤਕ ਵਰਤਾਇਆ ਅੰਮ੍ਰਿਤ ਵੇਲੇ ਇੱਕ ਵਜੇ ਆਪਣੇ ਆਪ ਹੀ ਜਾਗ ਆ ਜਾਂਦੀ ਹੈ । ਦੁਬਾਰਾ ਨੀਂਦ ਨਹੀਂ ਆਉਂਦੀ । ਮੈਨੂੰ ਕਿਸੇ ਅਗੰਮੀ ਸ਼ਕਤੀ ਨੇ ਪ੍ਰੇਰਨਾ ਦਿੱਤੀ ਕਿ ਤੂੰ ਅੰਮ੍ਰਿਤ ਵੇਲੇ ਗੁਰਦੁਆਰੇ ਜਾ ਕੇ ਸੱਚਖੰਡ ਤੋਂ ਮਹਾਰਾਜ ਜੀ ਦੀ ਸਵਾਰੀ ਲਿਆਉਣ ਦੀ ਸੇਵਾ ਕਰਿਆ ਕਰ । ਮੈਂ ਆਪਣੇ ਆਪ ਨੂੰ ਵਡਭਾਗਾ ਸਮਝਿਆ ਕਿ ਮਹਾਰਾਜ ਨੇ ਮੇਰੇ ਨਿਆਣੇ ਤੇ ਕ੍ਰਿਪਾ ਕਰਕੇ ਇਹ ਸੇਵਾ ਬਖਸ਼ੀ ।


*****



ਸਿਮਰਨ ਦੌਰਾਨ ਸਟੇਜ ਤੇ ਭਾਈ ਗੁਰਸ਼ਰਨ ਸਿੰਘ, ਦਾਸ, ਬੀਬੀ ਮਹਿੰਦਰ ਕੌਰ, ਭਾਈ ਜਗਤਾਰ ਸਿੰਘ, ਬੀਬੀ ਰਣਜੀਤ ਕੌਰ, ਤਬਲੇ ਤੇ ਹੋਏ ਭਾਈ ਜਸਪਾਲ ਸਿੰਘ ਅਤੇ ਬੀਬੀ ਭਜਨ ਕੌਰ ।



ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਸਾਹਿਬ (ਸਾਊਥਾਲ) ਵਿਖੇ ਅੰਮ੍ਰਿਤ ਵੇਲੇ ਸਿਮਰਨ ਕਰਨ ਲਈ ਸੰਗਤਾਂ ਰੋਜ਼ਾਨਾ ਜੁੜਦੀਆਂ ਹਨ । 1995 ਤੋਂ ਇਹ ਪ੍ਰੋਗਰਾਮ ਚੱਲਦਾ ਹੈ ।



ਅੰਮ੍ਰਿਤ ਵੇਲੇ ਸਿਮਰਨ ਕਰਨ ਲਈ ਸੰਗਤਾਂ




(ਉਪੱਰ ਕੀਰਤਨ ਕਰਦੇ ਹੋਏ) ਭਾਈ ਸੁਖਦੇਵ ਸਿੰਘ, ਹਰਭਜਨ ਸਿੰਘ ਦਪਿੰਦਰ ਸਿੰਘ



ਕਾਰਸੇਵਾ ਵਾਲੇ ਸੰਤ ਬਾਬਾ ਸੇਵਾ ਜੀ ਦੀ ਬਰਸੀ ਇੰਗਲੈਂਡ ਵਿਚ ਹਰ ਸਾਲ ਮਨਾਈ ਜਾਂਦੀ ਹੈ । ਉਨਾਂ ਦੀ ਬਰਸੀ ਸਮੇਂ ਭਾਈ ਵਿਕਰਮ ਸਿੱਘ ਜੀ ਦੇ ਗ੍ਰਹਿ ਵਿਖੇ ਭਾਈ ਜਸਵੰਤ ਸਿੰਘ ਤੇ ਸਾਧੂਸਿੰਘ ਜੋ ਕੀ ਨਿਸ਼ਕਾਮ ਸੇਵਾ ਕਰਦੇ ਹਨ




ਸੰਗਤਾਂ ਦਾ ਦ੍ਰਿਸ ਜਿਹਨਾਂ ਵਿਚ ਸਾਧੂ ਸਿੰਘ ਅਟਵਾਲ, ਪਾਖਰ ਸਿੰਘ, ਜੋਗਾ ਸਿੰਘ, ਰਣਧੀਰ ਸਿੰਘ ਅਟਵਾਲ ਦਿਖਾਈ ਦੇ ਰਹੇ ਹਨ ।



ਅਫਰੀਕਾ ਵਿਚ ਮੀਕਾਡੂੰ ਗੁਰਦੁਆਰਾ ਸਾਹਿਬ ਵਿਖੇ ਲਗਾਏ ਗਏ ਬੱਚਿਆਂ ਦੇ ਕੈਂਪ ਸਮੇ ਕੁਝ ਬੱਚਿਆਂ ਦੇ ਨਾਲ ਦਾਸ ਗੁਰਮਤਿ ਵਿਚਾਰ ਕਰਦੇ ਹੋਏ । ਦਾਸ ਦੇ (ਖੱਬੇ ਪਾਸੇ) ਬੈਠੇ ਹਨ ਬੀਬੀ ਮਨਜੀਤ ਕੌਰ ਜੀ ਅਤੇ (ਸੱਜੇ) ਭਾਈ ਸਤਨਾਮ ਸਿੰਘ (ਸਾਊਥਾਲ) ਅਤੇ ਬੱਚੇ ।



ਨਿਊਯਾਰਕ ਵਿਖੇ ਲਗਾਏ ਗਏ ਗੁਰਮਤਿ ਕੈਂਪ ਸਮੇਂ ਜਦੋਂ ਇੰਗਲੈਂਡ ਦੇ ਸਿੰਘਾਂ ਦਾ ਜਥਾ ਪੁੱਜਾ ਤਾਂ (ਕਨੈਡੀ ਏਅਰਪੋਰਟ) ਤੇ ਜਥੇ ਦਾ ਸਵਾਗਤ ਕਰਦੇ ਹੋਏ ਨਿਊਯਾਰਕ ਦੇ ਸਿੰਘ। ਜਿਹਨਾਂ ਵਿੱਚ ਦਿਖਾਈ ਦੇ ਰਹੇ ਹਨ (ਸੱਜਿਉਂ ਖੱਬੇ) ਭਾਈ ਰਘਵੀਰ ਸਿੰਘ, ਭਾਈ ਸੋਹਨ ਸਿੰਘ, ਭਾਈ ਪਾਖਰ ਸਿੰਘ ਅਤੇ ਭਾਈ ਰਾਜਿੰਦਰ ਸਿੰਘ ਪੁਰੇਵਾਲ ।



ਸ੍ਰੀ ਗੁਰੂਸਿੰਘ ਸਭਾ (ਸਾਊਥਾਲ) ਵਿਖੇ ਅੰਮ੍ਰਿਤ ਵੇਲੇ ਦੇ ਸਿਮਰਨ ਸਮੇਂ ਜੁੜੀਆਂ ਸੰਗਤਾਂ ।



ਸ੍ਰੀ ਗੁਰੂਸਿੰਘ ਸਭਾ (ਸਾਊਥਾਲ) ਵਿਖੇ ਬੱਚਿਆਂ ਦੀ ਪਹਿਲੀ ਰੈਣ ਸਬਾਈ ਸਮਾਗਮ ਸਮੇਂ (ਸੱਜਿਓਂ ਖੱਬੇ) ਭਾਈ ਹਰਦੀਪ ਸਿੰਘ (ਸਲੌਹ), ਬੀਬੀ ਗੁਰਲੀਨ ਕੌਰ ਅਤੇ ਬੀਬੀ ਕਮਲਜੀਤ ਕੌਰ ਕੀਰਤਨ ਕਰਦੇ ਹੋਏ ।

# ਗੁਰ ਮੇਰੈ ਸੰਗਿ ਸਦਾ ਹੈ ਨਾਲੇ

ਜਉ ਤੁਮ ਗਿਰਿਵਰ ਤਉ ਹਮ ਮੋਰਾ ॥
ਜਉ ਤੁਮ ਚੰਦ ਤਉ ਹਮ ਭਏ ਹੈ ਚਕੋਰਾ ॥ 1 ॥
ਮਾਧਵੇ ਤੁਮ ਨ ਤੋਰਹੁ, ਤਉ ਹਮ ਨਹੀ ਤੋਰਹਿ ॥
ਤੁਮ ਸਿਉ ਤੋਰਿ, ਕਵਨ ਸਿਉ ਜੋਰਹਿ ॥ 1 ॥ ਰਹਾਉ ॥
ਜਉ ਤੁਮ ਦੀਵਾ ਤਉ ਹਮ ਬਾਤੀ ॥
ਜਉ ਤੁਮ ਤੀਰਥ, ਤਉ ਹਮ ਜਾਤੀ ॥ 2 ॥
ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ ॥
ਤੁਮ ਸਿਉ ਜੋਰਿ, ਅਵਰ ਸੰਗਿ ਤੋਰੀ ॥ 3 ॥
ਜਹ ਜਹ ਜਾਉ, ਤਹਾ ਤੇਰੀ ਸੇਵਾ ॥
ਤੁਮ ਸੋ ਠਾਕੁਰੁ, ਅਉਰੁ ਨ ਦੇਵਾ ॥ 4 ॥
ਤੁਮਰੇ ਭਜਨ ਕਟਹਿ ਜਮ ਫਾਂਸਾ ॥
ਭਗਤਿ ਹੇਤ ਗਾਵੈ ਰਵਿਦਾਸਾ ॥

*(ਸੋਰਠਿ ਰਵਿਦਾਸ ਪੰ:–658)*

ਜਿਸ ਦਿਨ ਦਾਸ ਨੇ ਪਹਿਲੀ ਵਾਰ ਬੰਬਈ, ਸੰਪੂਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਕੀਤੇ। ਉਸੇ ਦਿਨ ਤੋਂ ਮੈਨੂੰ ਦਿਲੋਂ ਗੂੜਾ ਪ੍ਰੇਮ ਹੋ ਗਿਆ। ਮਹਾਰਾਜ ਜੀ ਦੇ ਰੋਜ਼ਾਨਾ ਦਰਸ਼ਨ ਕੀਤੇ ਬਗੈਰ ਰਹਿ ਨਹੀਂ ਸੀ ਸਕਦਾ।

ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ,
ਮੈ ਨੀਰੁ ਵਹੇ ਵਹਿ ਚਲੈ ਜੀਉ ॥
ਸਤਿਗੁਰੁ ਮਿਤ੍ਰੁ ਮੇਰਾ ਬਾਲ ਸਖਾਈ ॥
ਹਉ ਰਹਿ ਨ ਸਕਾ ਬਿਨੁ ਦੇਖੇ ਮੇਰੀ ਮਾਈ ॥

*(ਮਾਝ ਮ: 4 ਪੰ:–94)*

ਜਦੋਂ ਇੰਗਲੈਂਡ ਆਇਆ ਸਭ ਤੋਂ ਪਹਿਲਾਂ ਗੁਰਦੁਆਰੇ ਦੀ ਭਾਲ ਕੀਤੀ। ਅੱਜ ਤੱਕ ਜਿਥੇ ਵੀ ਰਿਹਾ, ਉਥੇ ਪਹਿਲਾਂ ਮਹਾਰਾਜ ਜੀ ਦਾ ਕਮਰਾ ਤਿਆਰ ਕੀਤਾ। ਪਹਿਲਾਂ ਚਾਚਾ ਦਰਸ਼ਨ ਸਿੰਘ ਜੀ ਦੇ ਘਰ ਕਮਰਾ ਤਿਆਰ ਕੀਤਾ। ਅਸੀਂ ਮਹਾਰਾਜ ਜੀ ਦਾ ਸਰੂਪ ਗੁਰਦੁਆਰੇ ਤੋਂ ਲਿਆ ਕੇ ਚਾਚਾ ਜੀ ਦੇ ਘਰ ਪ੍ਰਕਾਸ਼ ਕੀਤਾ। ਭਾਈ ਅਮਰੀਕ ਸਿੰਘ ਸਾਡੇ ਨਾਲ ਰਹਿੰਦੇ ਸਨ। ਉਸ ਨੇ ਮੈਨੂੰ ਮਹਾਰਾਜ ਜੀ ਦੀ ਸੇਵਾ ਕਰਨੀ ਸਿਖਾਈ। ਰੋਜ਼ਾਨਾ ਸਵੇਰੇ ਅਤੇ ਸ਼ਾਮ ਅਸੀਂ ਇਕੱਠੇ ਬੈਠ ਕੇ ਪਾਠ ਅਤੇ ਸਿਮਰਨ ਵਿਚ ਜੁੜਦੇ ਸੀ। ਇਸੇ ਤਰ੍ਹਾਂ ਭਾਈ ਮੱਘਰ ਸਿੰਘ, ਭਾਈ ਅਮਰੀਕ ਸਿੰਘ, ਭਾਈ ਮੱਲ ਸਿੰਘ,

ਭਾਈ ਮਹਿੰਦਰ ਸਿੰਘ ਬੈਂਸ ਦੇ ਘਰ ਮਹਾਰਾਜ ਜੀ ਦਾ ਕਮਰਾ ਤਿਆਰ ਕੀਤਾ। ਜਿਥੇ ਹੁਣ'ਮੈਂ ਰਹਿ ਰਿਹਾ ਹਾਂ, ਭਾਈ ਗੁਰਸ਼ਰਨ ਸਿੰਘ ਦੇ ਘਰ, ਇਥੇ ਵੀ ਮਹਾਰਾਜ ਜੀ ਦਾ ਪ੍ਰਕਾਸ਼ ਹੈ। ਦਾਸ ਜਿਥੇ ਵੀ ਰਿਹਾ ਹੈ, ਮਹਾਰਾਜ ਜੀ ਨੂੰ ਅੰਗ ਸੰਗ ਰੱਖਿਆ ਹੈ। ਇਸ ਤਰ੍ਹਾਂ ਦਾਸ ਮਹਾਰਾਜ ਜੀ ਦੀ ਕਈ ਸਾਲਾਂ ਤੋਂ ਗੁਪਤ ਸੇਵਾ ਕਰਦੇ ਆ ਰਹੇ ਹਨ। ਮਹਾਰਾਜ ਜੀ ਨੇ ਕ੍ਰਿਪਾ ਕੀਤੀ, ਜਿਹੜੀ ਮੇਰੇ ਮਨ ਦੀ ਭਾਵਨਾ ਸੀ "ਪੂਰੇ ਗੁਰ ਬਿਨ ਮੁਕਤਿ ਨ ਹੋਈ" ਉਹ ਪੂਰੀ ਹੋ ਗਈ।

******

# ਗੁਰਸਿੱਖਾਂ ਦੀ ਬਖਸ਼ਿਸ਼

ਇੱਕ ਦਿਨ ਬੀਬੀ ਦਿਆਲ ਕੌਰ ਨੇ ਦੱਸਿਆ, ਸਾਡੇ ਨਾਲ ਦੇ ਪਿੰਡ ਦੀ ਇੱਕ ਬੀਬੀ ਜਿਹੜੀ ਕਿ ਬ੍ਰਹਮ ਗਿਆਨੀ ਸੰਤ ਬਾਬਾ ਜਵਾਲਾ ਸਿੰਘ ਜੀ ਹਰਖੋਵਾਲ ਦੇ ਰਿਸ਼ਤੇਦਾਰਾਂ ਵਿਚੋਂ ਸੀ, ਕਦੀ ਕਦੀ ਬਾਬਾ ਜੀ ਦੇ ਦਰਸ਼ਨ ਕਰਨ ਜਾਇਆ ਕਰਦੀ ਸੀ । ਬੀਬੀ ਦਿਆਲ ਕੌਰ ਨੇ ਉਸ ਨੂੰ ਕਿਹਾ, ਮੈਂ ਵੀ ਬਾਬਾ ਜੀ ਦੇ ਦਰਸ਼ਨ ਕਰਨੇ ਹਨ, ਜਦੋਂ ਤੁਸੀਂ ਜਾਉਗੇ ਤਾਂ ਮੈਨੂੰ ਵੀ ਨਾਲ ਲੈ ਜਾਣਾ ।

ਦੂਸਰੇ ਹਫਤੇ ਹਰਖੋਵਾਲ ਬਾਬਾ ਜੀ ਦੇ ਦਰਸ਼ਨ ਕਰਨ ਦਾ ਪ੍ਰੋਗਰਾਮ ਬਣ ਗਿਆ । ਸਰਦਾਰ ਬੇਅੰਤ ਸਿੰਘ ਤੇ ਬੀਬੀ ਦਿਆਲ ਕੌਰ, ਉਸ ਬੀਬੀ ਦੇ ਨਾਲ ਬਾਬਾ ਜੀ ਦੇ ਦਰਸ਼ਨ ਕਰਨ ਚਲੇ ਗਏ । ਭਾਈ ਸਾਹਿਬ ਜੀ ਬੜੇ ਸੋਝੀ ਵਾਲੇ ਸਨ । ਉਨ੍ਹਾਂ ਨੇ ਬੀਬੀ ਦਿਆਲ ਕੌਰ ਨੂੰ ਕਿਹਾ, ਆਪਾਂ ਨਾਮ ਤੋਂ ਬਗੈਰ ਹੋਰ ਕੁਝ ਨਹੀਂ ਮੰਗਣਾ । ਜਦੋਂ ਉਥੇ ਪਹੁੰਚੇ ਤਾਂ ਬਾਬਾ ਜੀ ਸੰਗਤਾਂ ਨਾਲ ਬਚਨ-ਬਿਲਾਸ ਕਰ ਰਹੇ ਸਨ । ਇਹ ਤਿੰਨੇ ਜਣੇ ਮੱਥਾ ਟੇਕ ਕੇ ਬੈਠ ਗਏ । ਉਸ ਬੀਬੀ ਨੇ ਬਾਬਾ ਜੀ ਨੂੰ ਦੱਸਿਆ, ਇਹ ਤੁਹਾਡੇ ਦਰਸ਼ਨ ਕਰਨ ਆਏ ਹਨ, ਇਨ੍ਹਾਂ 'ਤੇ ਬਖਸ਼ਿਸ਼ ਕਰੋ ਤੇ ਸਿਮਰਨ ਦੀ ਦਾਤ ਬਖਸ਼ੋ । ਬਾਬਾ ਜੀ ਨੇ ਕਿਹਾ, ਬਖਸ਼ਿਸ਼ ਕਰਨ ਵਾਲੇ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ । ਤੁਸੀਂ ਜਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕ ਆਉ । ਮੱਥਾ ਟੇਕਣ ਤੋਂ ਬਾਅਦ ਪਾਠੀ ਸਿੰਘਾਂ ਨੇ ਹੁਕਮਨਾਮਾ ਸੁਣਾਇਆ :-

**ਇਛਾ ਪੂਰਕੁ ਸਰਬ ਸੁਖਦਾਤਾ ਹਰਿ,**
**ਜਾ ਕੈ ਵਸਿ ਹੈ ਕਾਮਧੇਨਾ ॥**
**ਸੋ ਐਸਾ ਹਰਿ ਧਿਆਈਐ ਮੇਰੇ ਜੀਅੜੇ,**
**ਤਾ ਸਰਬ ਸੁਖ ਪਾਵਹਿ ਮੇਰੇ ਮਨਾ ॥ 1 ॥**
**ਜਪਿ ਮਨ ਸਤਿ ਨਾਮੁ ਸਦਾ ਸਤਿ ਨਾਮੁ ॥**
**ਹਲਤਿ ਪਲਤਿ ਮੁਖ ਊਜਲ ਹੋਈ ਹੈ,**
**ਨਿਤ ਧਿਆਈਐ ਹਰਿ ਪੁਰਖੁ ਨਿਰੰਜਨਾ ॥ ਰਹਾਉ ॥**
**ਜਹ ਹਰਿ ਸਿਮਰਨੁ ਭਇਆ ਤਹ ਉਪਾਧਿ ਗਤੁ ਕੀਨੀ,**
**ਵਡਭਾਗੀ ਹਰਿ ਜਪਨਾ ॥**
**ਜਨ ਨਾਨਕ ਕਉ ਗੁਰਿ ਇਹ ਮਤਿ ਦੀਨੀ,**
**ਜਪਿ ਹਰਿ ਭਵਜਲੁ ਤਰਨਾ ॥ 2 ॥ 6 ॥ 12 ॥**

*(ਧਨਾਸਰੀ ਮ: 4 ਪੰ:-669)*

ਵਾਹਿਗੁਰੂ ਦੀ ਮਿਹਰ ਹੋਈ, ਕੁਝ ਸਮਾਂ ਪਾ ਕੇ ਬੀਬੀ ਦਿਆਲ ਕੌਰ ਦੇ ਤਿੰਨ ਬੱਚੇ ਪੈਦਾ ਹੋਏ, ਦੋ ਲੜਕੇ ਅਤੇ ਇਕ ਲੜਕੀ । ਜਦੋਂ ਲੜਕੇ ਪੰਜ ਛੇ ਸਾਲ ਦੇ ਹੋਏ ਤਾਂ ਬੀਬੀ ਦਿਆਲ ਕੌਰ ਬੱਚਿਆਂ ਨੂੰ ਹਰਖੋਵਾਲ ਬਾਬਾ ਜੀ ਦੇ ਦਰਸ਼ਨ ਕਰਾਉਣ

ਵਾਸਤੇ ਲੈ ਕੇ ਗਈ। ਬੀਬੀ ਜੀ ਦੀ ਇੱਛਾ ਸੀ ਕਿ ਬੱਚੇ ਬਾਬਾ ਜੀ ਦੇ ਚਰਨਾਂ 'ਤੇ ਨਮਸਕਾਰ ਕਰਨ। ਉਸ ਵੇਲੇ ਬਾਬਾ ਜੀ ਚੌਂਕੜੀ ਮਾਰ ਕੇ ਬੈਠੇ ਸਨ। ਬੀਬੀ ਨੇ ਸੋਚਿਆ ਕਿ ਮੈਂ ਤਾਂ ਬਾਬਾ ਜੀ ਦੇ ਚਰਨਾਂ 'ਤੇ ਮੱਥਾ ਟਿਕਾਉਣਾ ਹੈ, ਮੇਰੀ ਇਹ ਇੱਛਾ ਪੂਰੀ ਨਹੀਂ ਹੋਣੀ। ਜਦੋਂ ਬੱਚੇ ਸਾਹਮਣੇ ਆਏ ਤਾਂ ਬਾਬਾ ਜੀ ਨੇ ਆਪਣੇ ਚਰਨ ਅੱਗੇ ਕਰ ਦਿੱਤੇ ਅਤੇ ਅਸੀਸ ਦਿੱਤੀ ਕਿ ਇਹ ਬੱਚੇ ਵੱਡੇ ਹੋ ਕੇ ਨਾਮ ਜਪਾਉਣਗੇ। ਬੀਬੀ ਜੀ ਬਹੁਤ ਖੁਸ਼ ਹੋਏ ਕਿ ਮੇਰੀ ਇੱਛਾ ਪੂਰੀ ਹੋ ਗਈ। ਬਾਬਾ ਜੀ ਪੂਰੇ ਬ੍ਰਹਮ ਗਿਆਨੀ ਸਨ।

ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰੇ ਸਿਮਰਨ ਸ਼ੁਰੂ ਹੋਇਆ ਤਾਂ ਬੀਬੀ ਜੀ ਨੂੰ ਯਾਦ ਆਇਆ ਕਿ ਬਾਬਾ ਜੀ ਨੇ ਜੋ ਬਚਨ ਕੀਤੇ ਸਨ ਕਿ ਇਹ ਵੱਡੇ ਹੋ ਕੇ ਨਾਮ ਜਪਾਉਣਗੇ। ਉਨ੍ਹਾਂ ਦੇ ਕੀਤੇ ਹੋਏ ਬਚਨ ਅੱਜ ਪੂਰੇ ਹੋ ਗਏ। ਜਿਸ ਪ੍ਰਾਣੀ ਨੇ ਨਾਮ ਜਪਣਾ ਹੋਵੇ, ਧੁਰੋਂ ਹੀ ਲਿਖਿਆ ਹੁੰਦਾ ਹੈ। ਬਾਬਾ ਜੀ ਦੀ ਕ੍ਰਿਪਾ ਨਾਲ ਬੀਬੀ ਦਿਆਲ ਕੌਰ ਦਾ ਸਾਰਾ ਪਰਿਵਾਰ ਨਾਮ ਜਪਦਾ ਹੈ।

**ਆਪਿ ਜਪਹੁ ਅਵਰਾ ਨਾਮੁ ਜਪਾਵਹੁ ॥**
**ਸੁਨਤ ਕਹਤ ਰਹਤ ਗਤਿ ਪਾਵਹੁ ॥**
*(ਸੁਖਮਨੀ ਸਾਹਿਬ)*

ਇਸ ਮਹਾਂਵਾਕ ਅਨੁਸਾਰ ਨਾਮ ਜਪਦੇ ਅਤੇ ਜਪਾਉਂਦੇ ਹਨ। ਕਈ ਪਰਿਵਾਰ ਅੰਮ੍ਰਿਤ ਵੇਲੇ ਮਹਾਰਾਜ ਜੀ ਦਾ ਪ੍ਰਕਾਸ਼ ਕਰਨ ਉਪਰੰਤ ਦੇਗ ਦਾ ਭੋਗ ਲਵਾ ਕੇ ਸੁਖਮਨੀ ਸਾਹਿਬ ਜੀ ਦਾ ਪਾਠ ਕਰਕੇ ਫਿਰ ਸਵੇਰੇ ਚਾਰ ਤੋਂ ਪੰਜ ਸਿਮਰਨ ਵਿਚ ਭਾਗ ਲੈਂਦੇ ਹਨ।

*****

# ਸੱਚਖੰਡ ਹਾਜ਼ਰੀ

ਸੁਪਨੇ ਦੋ ਤਰ੍ਹਾਂ ਦੇ ਹੁੰਦੇ ਹਨ, ਚੰਗੇ ਅਤੇ ਮੰਦੇ। ਕਿਸੇ ਪ੍ਰਾਣੀ ਦੇ ਮਾੜੇ ਖਿਆਲ ਹੋਣ ਤਾਂ ਮੰਦੇ ਸੁਪਨੇ ਆਉਂਦੇ ਹਨ। ਜੇ ਚੰਗੇ ਖਿਆਲ ਹੋਣ ਤਾਂ ਚੰਗੇ ਸੁਪਨੇ ਆਉਂਦੇ ਹਨ। ਜਿਹੜਾ ਵੀ ਇਨਸਾਨ ਕਿਸੇ ਦਾ ਮਾੜਾ ਸੋਚਦਾ ਹੈ, ਉਸ ਨੂੰ ਡਰਾਵਣੇ ਸੁਪਨੇ ਆਉਂਦੇ ਹਨ। ਜਿਸ ਤਰ੍ਹਾਂ ਕਿਸੇ ਗਵਾਂਢੀ ਬਾਰੇ ਸੋਚਣਾ ਕਿ ਇਹ ਚੜ੍ਹਦੀ ਕਲਾ ਵਿਚ ਕਿਉਂ ਹੈ। ਉਸ ਦਾ ਮਾੜਾ ਹੀ ਸੋਚੀ ਜਾਣਾ। ਕਈ ਤਾਂ ਇੰਨੀ ਈਰਖਾ ਕਰਦੇ ਹਨ ਕਿ ਜਾਦੂ ਟੂਣੇ ਵਾਲਿਆਂ ਕੋਲ ਚਲੇ ਜਾਂਦੇ ਹਨ। ਗਵਾਂਢੀ ਦੀ ਗੱਲ ਤਾਂ ਅਲੱਗ ਰਹੀ, ਭਰਾ-ਭਰਾ ਹੀ ਈਰਖਾ ਕਰਨ ਲੱਗ ਪੈਂਦੇ ਹਨ। ਇਨ੍ਹਾਂ ਦਾ ਪਰਿਵਾਰ ਕਿਉਂ ਸੁਖੀ ਹੈ। ਇਸਦੇ ਬੱਚੇ ਕਿਉਂ ਜਿਆਦਾ ਪੜ੍ਹ ਗਏ, ਬੱਚੇ ਕਿਉਂ ਕਹਿਣੇਕਾਰ ਹਨ। ਕਈ ਵਾਰ ਦੇਖਣ ਵਿਚ ਆਉਂਦਾ ਹੈ ਕਿ ਬੀਬੀਆਂ ਜਿਆਦਾ ਈਰਖਾ ਕਰਦੀਆਂ ਹਨ ਅਤੇ ਸਿਆਣਿਆਂ ਪਾਸ ਦੌੜੀਆਂ ਫਿਰਦੀਆਂ ਹਨ। ਇਸ ਤਰ੍ਹਾਂ ਕਰਨ ਨਾਲ ਕੋਈ ਸੁਖ ਨਹੀਂ ਮਿਲਦਾ, ਦੁੱਖ ਹੀ ਮਿਲੇਗਾ। ਹਮੇਸ਼ਾ ਦੂਸਰੇ ਦਾ ਭਲਾ ਹੀ ਸੋਚਣਾ ਚਾਹੀਦਾ ਹੈ।

ਦੂਸਰਾ ਜਿਸ ਤਰ੍ਹਾਂ ਕਈ ਗੁਰਸਿੱਖ ਬਾਣੀ ਕੰਠ ਕਰਦੇ ਹਨ ਅਤੇ ਬਾਣੀ ਉਨ੍ਹਾਂ ਦੇ ਹਿਰਦੇ ਵਿਚ ਰਸ ਜਾਂਦੀ ਹੈ ਅਤੇ ਉਨ੍ਹਾਂ ਦਾ ਸੁੱਤੇ ਪਏ ਵੀ ਅਭਿਆਸ ਚਲਦਾ ਰਹਿੰਦਾ ਹੈ।

ਅੰਮ੍ਰਿਤ ਵੇਲੇ ਅੰਮ੍ਰਿਤਧਾਰੀ ਸਿੰਘ ਗੁਰੂ ਕੀ ਚਾਕਰੀ (ਸਿਮਰਨ) ਕਰਦੇ ਹਨ। ਗੁਰਸਿੱਖ ਕਈ ਸਾਲ ਲਗਾਤਾਰ ਸਿਮਰਨ ਕਰਦੇ ਰਹਿਣ ਤਾਂ ਇੱਕ ਰਿਕਾਰਡ ਬਣ ਜਾਂਦਾ ਹੈ। ਜਿਸ ਤਰ੍ਹਾਂ ਬੱਚਾ ਸਕੂਲ ਵਿਚ ਵਿਦਿਆ ਪ੍ਰਾਪਤ ਕਰਨ ਜਾਂਦਾ ਹੈ। ਉਸ ਦੀ ਰੋਜ਼ਾਨਾ ਹਾਜ਼ਰੀ ਲੱਗਦੀ ਹੈ। ਜੇ ਇੱਕ ਦਿਨ ਜਾਵੇ ਅਤੇ ਦੋ ਦਿਨ ਨਾ ਜਾਵੇ ਤਾਂ ਉਹ ਤਰੱਕੀ ਨਹੀਂ ਕਰ ਸਕਦਾ। ਪਾਸ ਕਿਸ ਤਰ੍ਹਾਂ ਹੋਵੇਗਾ। ਜੇ ਪੜ੍ਹਾਈ ਵਿਚ ਮਿਹਨਤ ਕਰੇਗਾ ਤਾਂ ਹੀ ਇਮਤਿਹਾਨ ਵਿਚ ਪਾਸ ਹੋਵੇਗਾ। ਜੇ ਬੱਚਾ ਸਕੂਲ ਨਾ ਜਾਵੇ ਤਾਂ ਮਾਸਟਰ ਫਿਕਰ ਕਰਦਾ ਹੈ ਕਿ ਕਿਉਂ ਨਹੀਂ ਆਇਆ। ਜਿਸ ਦਿਨ ਬੱਚਾ ਸਕੂਲ ਨਹੀਂ ਜਾਂਦਾ ਤਾਂ ਗੈਰ ਹਾਜ਼ਰੀ ਹੀ ਲੱਗਦੀ ਹੈ। ਪਰ ਗੁਰੂ ਦੀ ਵਡਿਆਈ ਵੇਖੋ, ਕਿਰਪਾਲੂ ਵਾਹਿਗੁਰੂ ਜੇ ਕਿਸੇ ਕਾਰਨ ਗੁਰਸਿੱਖ ਨੇ ਅੰਮ੍ਰਿਤ ਵੇਲੇ ਉਠ ਕੇ ਸਿਮਰਨ ਨਹੀਂ ਕੀਤਾ ਤਾਂ ਇਸ ਦੇ ਔਗੁਣ ਨਹੀਂ ਚਿਤਾਰਦੇ। ਗ੍ਰਿਹਸਤੀ ਜੀਵਨ ਵਿਚ ਕਈ ਪ੍ਰੋਗਰਾਮ ਹੁੰਦੇ ਹਨ ਜਿਸ ਤਰ੍ਹਾਂ ਸ਼ਾਦੀ ਜਾਂ ਕੋਈ ਹੋਰ ਪ੍ਰੋਗਰਾਮ ਹੋਵੇ, ਸਮੇਂ ਸਿਰ ਨਾ ਸੌਣ ਕਰਕੇ ਅੰਮ੍ਰਿਤ ਵੇਲੇ ਉਠ ਨਹੀਂ ਸਕਦੇ ਤਾਂ ਸਤਿਗੁਰੂ ਜੀ ਸੁਪਨੇ ਵਿਚ ਹੀ ਕੌਤਕ ਵਰਤਾ ਦਿੰਦੇ ਹਨ ਅਤੇ ਸੁਪਨੇ ਵਿਚ ਹੀ ਹਾਜ਼ਰੀ ਲੱਗ ਜਾਂਦੀ ਹੈ। ਜਿਸ ਤਰ੍ਹਾਂ ਭਗਤ ਕਬੀਰ ਜੀ ਕਹਿ ਰਹੇ ਹਨ -

**ਕਬੀਰ ਸੁਪਨੈ ਹੂ ਬਰੜਾਇ ਕੈ, ਜਿਹ ਮੁਖਿ ਨਿਕਸੈ ਰਾਮੁ ॥**
**ਤਾ ਕੇ ਪਗ ਕੀ ਪਾਨਹੀ ਮੇਰੇ ਤਨ ਕੋ ਚਾਮੁ ॥**

*(ਸਲੋਕ ਕਬੀਰ ਜੀ ਪੰ:-1367)*

ਜਦੋਂ ਅੰਮ੍ਰਿਤ ਛਕਿਆ ਤਾਂ ਇਸ ਤਰ੍ਹਾਂ ਦੇ ਕੌਤਕ ਦਾਸ ਉਪਰ ਕਈ ਵਾਰ ਵਰਤੇ। ਦਾਸ ਨੂੰ ਕਈ ਸਿੰਘ ਸਿੰਘਣੀਆਂ ਵੀ ਆਪਣੇ ਸੁਪਨ ਅਵਸਥਾ ਦੀ ਗੱਲ ਦੱਸਦੇ ਹਨ ਕਿ ਸੁਪਨੇ ਵਿਚ ਹੀ ਨਾਮ ਅਭਿਆਸ ਸ਼ੁਰੂ ਹੋ ਜਾਂਦਾ ਹੈ। ਕਿਸੇ ਕਿਸੇ ਨੂੰ ਕੀਰਤਨ ਵੀ ਸੁਣਾਈ ਦਿੰਦਾ ਹੈ। ਕਈ ਗੁਰਸਿੱਖਾਂ ਦਾ ਆਪਣੇ ਆਪ ਸੁੱਤੇ ਪਿਆਂ ਹੀ ਅੰਮ੍ਰਿਤ ਵੇਲੇ ਸਿਮਰਨ ਸ਼ੁਰੂ ਹੋ ਜਾਂਦਾ ਹੈ।

ਜਿਹੜਾ ਪੰਜ ਪਿਆਰੇ ਸੁਆਸ-ਸੁਆਸ ਸਿਮਰਨ ਕਰਵਾਉਂਦੇ ਹਨ, ਉਸ ਦਾ ਬਹੁਤ ਲਾਭ ਹੈ। ਜਦੋਂ ਸੁਆਸ-ਸੁਆਸ ਸਿਮਰਨ ਸੁਆਸਾਂ ਵਿਚ ਵਸ ਜਾਵੇ ਤਾਂ ਇਸ ਸਿਮਰਨ ਦੇ ਫਲ ਕਰਕੇ ਗੁਰਸਿੱਖ ਇਸ ਮੰਜਲ 'ਤੇ ਪਹੁੰਚ ਜਾਂਦੇ ਹਨ ਕਿ ਸੁਪਨ ਸਰੂਪ ਰਾਹੀਂ ਦੇਸ਼-ਵਿਦੇਸ਼ ਵਿਚ ਘੁੰਮ ਕੇ ਆਪਣੇ ਸਰੀਰ ਵਿਚ ਵਾਪਸ ਆ ਜਾਂਦੇ ਹਨ। ਇਹ ਗੁਰਸਿੱਖਾਂ ਦੀ ਪਹਿਲੀ ਅਵਸਥਾ ਹੈ। ਸੁਖਮਨੀ ਸਾਹਿਬ ਵਿਚ ਗੁਰੂ ਅਰਜਨ ਦੇਵ ਜੀ ਮਹਾਰਾਜ ਫੁਰਮਾ ਰਹੇ ਹਨ :-

**ਸਾਸਿ ਸਾਸਿ ਸਿਮਰਹੁ ਗੋਬਿੰਦ ॥**
**ਮਨ ਅੰਤਰ ਕੀ ਉਤਰੈ ਚਿੰਦ ॥**

*(ਸੁਖਮਨੀ ਸਾਹਿਬ)*

*****

# ਪਰਾਏ ਵਸ

ਦਾਸ ਦੀ ਸਿਹਤ ਖਰਾਬ ਹੋ ਗਈ ਅਤੇ ਹਸਪਤਾਲ ਜਾਣਾ ਪਿਆ। ਜਾਂਦਿਆਂ ਹੀ ਉਨ੍ਹਾਂ ਨੇ ਗੁਲੂਕੋਜ਼ ਲਗਾ ਦਿੱਤਾ। ਭਾਈ ਗੁਰਸ਼ਰਨ ਸਿੰਘ ਮੇਰੇ ਨਾਲ ਬੈਠੇ ਸਨ। ਦਾਸ ਨੇ ਉਸ ਨੂੰ ਕਿਹਾ, ਪਿਆਸ ਬਹੁਤ ਲੱਗੀ ਹੈ, ਮੈਨੂੰ ਪਾਣੀ ਪਿਲਾ ਦੇ। ਉਸ ਨੇ ਕਿਹਾ, ਛੇ ਘੰਟੇ ਤੁਹਾਨੂੰ ਪਾਣੀ ਨਹੀਂ ਮਿਲੇਗਾ ਕਿਉਂਕਿ ਡਾਕਟਰ ਨੇ ਖਾਣਾ ਪੀਣਾ ਬੰਦ ਕੀਤਾ ਹੈ। ਇਹ ਸੁਣ ਕੇ ਮੈਂ ਸੋਚਿਆ ਕਿ ਹੁਣ ਪਰਾਏ ਵਸ ਹਾਂ, ਆਪ ਕੁਝ ਨਹੀਂ ਕਰ ਸਕਦਾ।

ਜੇ ਕਿਸੇ ਪ੍ਰਾਣੀ ਨੂੰ ਕਿਸੇ ਕਾਰਨ ਜੇਲ੍ਹ ਹੋ ਜਾਵੇ ਤਾਂ ਉਹ ਵੀ ਪਰਾਏ ਵਸ ਹੋ ਜਾਂਦਾ ਹੈ। ਜਿੰਨੀ ਦੇਰ ਜੇਲ੍ਹ ਦੇ ਅੰਦਰ ਹੈ, ਆਪਣੀ ਮਰਜ਼ੀ ਨਹੀਂ ਕਰ ਸਕਦਾ। ਜੇ ਪੰਜ ਛੇ ਮਹੀਨੇ ਦੀ ਜੇਲ੍ਹ ਹੋ ਜਾਵੇ ਤਾਂ ਉਸ ਦੇ ਮਾਂ ਬਾਪ ਕਿੰਨੇ ਯਤਨ ਕਰਦੇ ਹਨ। ਵਕੀਲਾਂ ਦੀ ਸਲਾਹ ਲੈਂਦੇ ਹਨ ਕਿ ਕਿਸੇ ਤਰ੍ਹਾਂ ਛੁਟਕਾਰਾ ਹੋਵੇ। ਪਰ ਇਨਸਾਨ ਇਹ ਨਹੀਂ ਸੋਚਦਾ ਕਿ ਜੇ ਇੱਕ ਵਾਰ ਚੌਰਾਸੀ ਲੱਖ ਜੂਨਾਂ ਦੀ ਜੇਲ੍ਹ ਵਿਚ ਚਲਾ ਗਿਆ ਤਾਂ ਕਿਸ ਤਰ੍ਹਾਂ ਛੁਟਕਾਰਾ ਹੋਵੇਗਾ। ਉਥੇ ਕੌਣ ਸਹਾਈ ਹੋਵੇਗਾ।

**ਤਰਨਾਪੋ ਇਉ ਹੀ ਗਇਓ, ਲੀਓ ਜਰਾ ਤਨੁ ਜੀਤਿ ॥**
**ਕਹੁ ਨਾਨਕ ਭਜੁ ਹਰਿ ਮਨਾ, ਅਉਧ ਜਾਤੁ ਹੈ ਬੀਤਿ ॥**
**ਬਿਰਧਿ ਭਇਓ ਸੂਝੈ ਨਹੀ, ਕਾਲੁ ਪਹੂਚਿਓ ਆਨਿ ॥**
**ਕਹੁ ਨਾਨਕ ਨਰ ਬਾਵਰੇ, ਕਿਉ ਨ ਭਜੈ ਭਗਵਾਨ ॥**

*(ਸਲੋਕ ਮ: 9 ਪੰ:–1426)*

ਵਾਹਿਗੁਰੂ ਦੇ ਨਾਮ ਤੋਂ ਬਗੈਰ ਛੁਟਕਾਰਾ ਨਹੀਂ ਹੈ। ਜਦ ਤੱਕ ਤੰਦਰੁਸਤੀ ਹੈ, ਪ੍ਰਾਣੀ ਸੇਵਾ ਸਿਮਰਨ ਕਰਕੇ ਆਪਣਾ ਜੀਵਨ ਸਫਲ ਕਰ ਸਕਦਾ ਹੈ।

*****

# ਕੁਲਾਂ ਦਾ ਉਧਾਰ

ਇੱਕ ਵਾਰ ਕੈਂਪ ਵਿਚ ਬੱਚਿਆਂ ਨੇ ਸਵਾਲ ਕੀਤਾ, ਭਾਈ ਸਾਹਿਬ ਜੀ ਸਾਨੂੰ ਦੱਸੋ ਕਿ ਪ੍ਰਹਿਲਾਦ ਦੀਆਂ ਇੱਕੀ ਕੁਲਾਂ ਕਿਸ ਤਰ੍ਹਾਂ ਤਰ ਗਈਆਂ। ਸਿਰਫ ਪ੍ਰਹਿਲਾਦ ਨੇ ਹੀ ਨਾਮ ਜਪਿਆ ਸੀ, ਬਾਕੀ ਪਰਿਵਾਰ ਨੇ ਨਹੀਂ, ਇਹ ਕਿਸ ਤਰ੍ਹਾਂ ਹੋ ਸਕਦਾ ਹੈ।

**ਸੰਤ ਜਨਾ ਕੇ ਹਰਿ ਜੀਉ ਕਾਰਜ ਸਵਾਰੇ ॥**
**ਪ੍ਰਹਲਾਦ ਜਨ ਕੇ ਇਕੀਹ ਕੁਲ ਉਧਾਰੇ ॥**

*(ਭੈਰਉ ਮ: 3 ਪੰ:-1133)*

ਦਾਸ ਨੇ ਬੱਚਿਆਂ ਨੂੰ ਦੱਸਿਆ, ਜਦੋਂ ਰਾਜਾ ਜਨਕ ਜੀ ਦਾ ਸੱਚਖੰਡ ਜਾਣ ਦਾ ਸਮਾਂ ਆਇਆ ਤਾਂ ਉਸ ਨੂੰ ਬਿਬਾਣ ਰਥ ਵਿਚ ਬਿਠਾ ਕੇ ਤੁਰ ਪਏ। ਜਦੋਂ ਨਰਕਾਂ ਕੋਲ ਪਹੁੰਚੇ ਤਾਂ ਹਾਹਾਕਾਰ ਮੱਚ ਰਹੀ ਸੀ। ਹਾਏ-ਹਾਏ ਦੀ ਅਵਾਜ ਆ ਰਹੀ ਸੀ। ਇਹ ਦ੍ਰਿਸ਼ ਦੇਖ ਕੇ ਰਾਜੇ ਨੇ ਪੁੱਛਿਆ, ਇਹ ਕਿਹੜੀ ਜਗ੍ਹਾ ਹੈ। ਮੈਂ ਵੀ ਦੇਖਣਾ ਚਾਹੁੰਦਾ ਹਾਂ। ਲੋਕ ਹਾਏ-ਹਾਏ ਕਿਉਂ ਕਰਦੇ ਹਨ। ਫਰਿਸ਼ਤਿਆਂ ਨੇ ਉਤਰ ਦਿੱਤਾ, ਇਹ ਨਰਕ ਕੁੰਡ ਹੈ। ਜਿਹੜੇ ਲੋਕ ਪ੍ਰਮਾਤਮਾ ਦੀ ਭਗਤੀ ਨਹੀਂ ਕਰਦੇ, ਸਿਮਰਨ ਨਹੀਂ ਕਰਦੇ, ਉਹਨਾਂ ਨੂੰ ਇਥੇ ਸਜਾ ਮਿਲਦੀ ਹੈ। ਰਾਜਾ ਜਨਕ ਦੇ ਨਰਕਾਂ ਵਿਚ ਜਾਣ ਨਾਲ ਨਰਕੀ ਜੀਵਾਂ ਨੂੰ ਸ਼ਾਂਤੀ ਮਿਲੀ ਕਿਉਂਕਿ ਰਾਜਾ ਜਨਕ ਨੇ ਭਗਤੀ ਬਹੁਤ ਕੀਤੀ ਸੀ। ਰਾਜਾ ਜਨਕ ਜੀ ਜਦੋਂ ਅੱਗੇ ਜਾਣ ਲੱਗੇ ਤਾਂ ਜੀਵਾਂ ਨੇ ਪੁਕਾਰ ਕੀਤੀ ਕਿ ਤੁਹਾਡੇ ਆਉਣ ਨਾਲ ਸਾਨੂੰ ਸ਼ਾਂਤੀ ਪ੍ਰਾਪਤ ਹੋਈ ਹੈ, ਤੁਸੀਂ ਨਾ ਜਾਵੋ। ਜਦੋਂ ਤੁਰਨ ਲੱਗਣ ਤਾਂ ਨਰਕੀ ਜੀਵਾਂ ਦੀ ਕੁਰਲਾਹਟ ਸ਼ੁਰੂ ਹੋ ਜਾਵੇ। ਅਖੀਰ ਰਾਜੇ ਨੇ ਧਰਮਰਾਜ ਨੂੰ ਕਿਹਾ, ਮੈਂ ਇਥੋਂ ਤਾਂ ਹੀ ਜਾਵਾਂਗਾ, ਜੇ ਇਨ੍ਹਾਂ ਸਾਰੇ ਜੀਵਾਂ ਨੂੰ ਨਰਕ ਵਿਚੋਂ ਕੱਢ ਕੇ ਮੇਰੇ ਨਾਲ ਭੇਜੋ, ਨਹੀਂ ਤਾਂ ਮੈਂ ਵੀ ਇਥੇ ਹੀ ਰਹਿੰਦਾ ਹਾਂ। ਧਰਮਰਾਜ ਨੇ ਕਿਹਾ, ਮੈਂ ਤਾਂ ਠਾਕੁਰ ਅਬਿਨਾਸ਼ੀ ਦਾ ਦਾਸ ਹਾਂ, ਪ੍ਰੰਤੂ ਇਨ੍ਹਾਂ ਨੂੰ ਕਿਸ ਪੁੰਨ ਦੇ ਬਦਲੇ ਛੱਡਾਂ। ਰਾਜੇ ਜਨਕ ਨੇ ਸੋਚ ਕੇ ਕਿਹਾ, ਮੇਰੇ ਇੱਕ ਘੜੀ ਦੇ ਸਿਮਰਨ ਦਾ ਫਲ ਇਨ੍ਹਾਂ ਨੂੰ ਦੇ ਦਿਉ। ਰਾਜੇ ਦੀ ਗੱਲ ਮੰਨ ਕੇ ਧਰਮਰਾਜ ਨੇ ਤੱਕੜੀ ਦੇ ਇੱਕ ਪਾਸੇ ਇੱਕ ਘੜੀ ਦੇ ਨਾਮ ਦਾ ਸਿਮਰਨ ਪਾਇਆ ਤੇ ਦੂਜੇ ਪਾਸੇ ਸਭ ਨਰਕੀ ਜੀਵਾਂ ਦੇ ਪਾਪ ਕਰਮ। ਜਿੰਨੇ ਵੀ ਨਰਕ ਦੇ ਜੀਵ ਸਨ ਸਾਰਿਆਂ ਦੇ ਪਾਪ ਧਰਮੀ ਰਾਜੇ ਦੇ ਸਿਮਰਨ ਨਾਲੋਂ ਹਲਕੇ ਨਿਕਲੇ। ਧਰਮਰਾਜ ਨੇ ਸਾਰੇ ਜੀਵ ਨਰਕਾਂ ਵਿਚੋਂ ਛੱਡ ਦਿੱਤੇ। ਇਸ ਤੋਂ ਬਾਅਦ ਨਾਮ ਸਿਮਰਨ ਵਾਲਿਆਂ ਲਈ ਰਸਤਾ ਅਲੱਗ ਹੋ ਗਿਆ।

ਨਰਕ ਦੇ ਜੀਵਾਂ ਨੇ ਕੋਈ ਸਿਮਰਨ ਨਹੀਂ ਕੀਤਾ ਸੀ ਪਰ ਰਾਜਾ ਜਨਕ ਦੇ ਉਥੇ ਚਰਨ ਪਾਉਣ ਨਾਲ ਉਨ੍ਹਾਂ ਦੇ ਦੁਖ ਕੱਟੇ ਗਏ। ਰਾਜਾ ਜਨਕ ਦੇ ਇੱਕ ਘੜੀ ਦੇ ਸਿਮਰਨ ਦੇ ਫਲ ਕਰਕੇ ਉਨ੍ਹਾਂ ਦਾ ਸਵਰਗ ਵਿਚ ਵਾਸ ਹੋ ਗਿਆ। ਇਸੇ ਤਰ੍ਹਾਂ ਕਿਸੇ ਕੁਲ ਵਿਚ ਰਾਜੇ ਜਨਕ ਵਰਗਾ ਕੋਈ ਸਿਮਰਨ ਕਰਨ ਵਾਲਾ ਭਗਤ ਹੋਵੇ ਤਾਂ ਉਸ

ਕੁਲ ਦਾ ਉਧਾਰ ਹੋ ਜਾਂਦਾ ਹੈ। ਇਸੇ ਤਰ੍ਹਾਂ ਪ੍ਰਹਿਲਾਦ ਦੇ ਸਿਮਰਨ ਦੇ ਫਲ ਕਰਕੇ ਉਸ ਦੀਆਂ ਇੱਕੀ ਕੁਲਾਂ ਤਰ ਗਈਆਂ। ਇਸ ਵਾਰ ਵਿਚ ਭਾਈ ਗੁਰਦਾਸ ਜੀ ਫੁਰਮਾਉਂਦੇ ਹਨ:-

ਭਗਤੁ ਵਡਾ ਰਾਜਾ ਜਨਕੁ ਹੈ,
ਗੁਰਮੁਖਿ ਮਾਇਆ ਵਿਚਿ ਉਦਾਸੀ ॥
ਦੇਵ ਲੋਕ ਨੋ ਚਲਿਆ,
ਗਣ ਗੰਧਰਬ ਸਭਾ ਸੁਖ ਵਾਸੀ ॥
ਜਮਪੁਰਿ ਗਇਆ ਪੁਕਾਰ ਸੁਣਿ,
ਵਿਲਲਾਵਨਿ ਜੀਅ ਨਰਕ ਨਿਵਾਸੀ॥
ਧਰਮਰਾਇ ਨੋ ਆਖਿਓਨ,
ਸਭਨਾ ਦੀ ਕਰਿ ਬੰਦ ਖਲਾਸੀ।
ਕਰੇ ਬੇਨਤੀ ਧਰਮਰਾਇ,
ਹਉ ਸੇਵਕ ਠਾਕੁਰੁ ਅਬਿਨਾਸੀ।
ਗਹਿਣੇ ਧਰਿਅਨੁ ਏਕੁ ਨਾਉ,
ਪਾਪਾਂ ਨਾਲਿ ਕਰੈ ਨਿਰਜਾਸੀ ॥
ਪਾਸੰਗਿ ਪਾਪੁ ਨ ਪੁਜਨੀ,
ਗੁਰਮੁਖਿ ਨਾਉ ਅਤੁਲ ਨ ਤੁਲਾਸੀ।
ਨਰਕਹੁੰ ਛੁਟੇ ਜੀਅ ਜੰਤ,
ਕਟੀ ਗਲਹੁ ਸਿਲਕ ਜਮ ਫਾਸੀ ॥
ਮੁਕਤਿ ਜੁਗਤਿ, ਨਾਵੈ ਦੀ ਦਾਸੀ ॥

*(ਭਾਈ ਗੁਰਦਾਸ ਜੀ)*

ਦਾਸ ਨੇ ਬੱਚਿਆਂ ਨੂੰ ਦੱਸਿਆ, ਮੈਂ ਛੇ ਸਾਲ ਦਾ ਸੀ, ਜਦੋਂ ਸਿਮਰਨ ਸ਼ੁਰੂ ਕੀਤਾ। ਛੋਟੇ ਬੱਚਿਆ ਦੀ ਆਤਮਾ ਨਿਰਮਲ ਹੁੰਦੀ ਹੈ। ਕੋਈ ਪਾਪ ਨਹੀਂ ਕੀਤਾ ਹੁੰਦਾ। ਦੁਨਿਆਵੀ ਮੋਹ ਅਤੇ ਪੰਜਾਂ ਤੱਤਾਂ ਤੋਂ ਰਹਿਤ ਹੁੰਦੇ ਹਨ। ਇਸ ਕਰਕੇ ਹਿਰਦੇ ਵਿਚ ਨਾਮ ਜਲਦੀ ਵਸ ਜਾਂਦਾ ਹੈ। ਤੁਹਾਡੀ ਆਤਮਾ ਹੁਣ ਨਿਰਮਲ ਹੈ। ਤੁਹਾਡੇ ਹਿਰਦੇ ਵਿਚ ਨਾਮ ਵਸ ਗਿਆ ਤਾਂ ਸਾਰੀ ਉਮਰ ਤੁਹਾਨੂੰ ਸੁੱਖ ਮਿਲੇਗਾ। ਜਿਸ ਤਰ੍ਹਾਂ ਪ੍ਰਹਿਲਾਦ ਦੀਆਂ 21 ਕੁਲਾਂ ਤਰ ਗਈਆਂ, ਇਸੇ ਤਰ੍ਹਾਂ ਨਾਮ ਜਪ ਕੇ ਤੁਸੀਂ ਵੀ ਆਪਣੀਆਂ ਇੱਕੀ ਕੁਲਾਂ ਤਾਰ ਸਕਦੇ ਹੋ।

ਮੈਂ ਅੰਮ੍ਰਿਤ ਛਕ ਕੇ ਸੇਵਾ ਅਤੇ ਸਿਮਰਨ ਸ਼ੁਰੂ ਕਰ ਦਿੱਤਾ। 26 ਸਾਲ ਤਵੀ ਤੇ ਲੰਗਰ ਦੀ ਸੇਵਾ ਕੀਤੀ ਅਤੇ ਨਾਲ-ਨਾਲ ਨਾਮ ਵੀ ਜਪਿਆ। ਕਿਸੇ ਨੂੰ ਪਤਾ

ਨਹੀਂ ਚਲਿਆ ਕਿ ਮੈਂ ਨਾਮ ਜਪ ਰਿਹਾ ਹਾਂ ਅਤੇ ਜਪਾ ਵੀ ਰਿਹਾ ਹਾਂ। ਦਾਸ ਨੂੰ ਕਿਸੇ ਚੀਜ਼ ਦੀ ਮੰਗ ਨਹੀਂ ਸੀ। ਪ੍ਰਸ਼ਾਦਾ ਵੀ ਘਰ ਜਾ ਕੇ ਛਕਣਾ। ਨਾਮ ਧੰਨ ਇੰਨਾਂ ਇਕੱਠਾ ਹੋ ਗਿਆ ਕਿ ਮੈਨੂੰ ਖੁਦ ਪਤਾ ਨਹੀਂ ਸੀ ਕਿ ਖਜ਼ਾਨੇ ਵਿਚ ਕਿੰਨਾ ਜਮ੍ਹਾਂ ਹੈ। ਮਹਾਰਾਜ ਜੀ ਨੇ ਖੁਸ਼ ਹੋ ਕੇ ਸਾਨੂੰ ਆਪਣੀ ਗੋਦ ਵਿਚ ਅੰਮ੍ਰਿਤ ਵੇਲੇ ਚਾਰ ਤੋਂ ਪੰਜ ਸਿਮਰਨ ਦੀ ਦਾਤ ਬਖਸ਼ੀ।

**ਆਪ ਜਪੈ ਅਵਰਾ ਨਾਮ ਜਪਾਵੈ, ਸਤਿਗੁਰੂ ਇਹ ਮਤ ਦੀਨੀ॥**
**ਸਾਧ ਸੰਗਤ ਮਿਲ ਨਾਮ ਧਿਆਵਹੁ, ਛੁਟ ਗਈ ਆਵਨ ਜਾਨੀ॥**

ਪਹਿਲਾਂ ਤੁਹਾਨੂੰ ਆਪ ਸੇਵਾ ਸਿਮਰਨ ਕਰਕੇ ਨਾਮ ਧੰਨ ਇਕੱਠਾ ਕਰਨਾ ਪਵੇਗਾ। ਫਿਰ ਮਹਾਰਾਜ ਜੀ ਕ੍ਰਿਪਾ ਕਰਨਗੇ ਤਾਂ ਤੁਹਾਡੇ ਕੋਲੋਂ ਸੇਵਾ ਲੈਣਗੇ। ਜਿਹੜਾ ਵੀ ਇਨਸਾਨ ਪ੍ਰਮਾਤਮਾ ਦੀ ਭਗਤੀ ਕਰਦਾ ਹੈ, ਉਸ ਦੀ ਕਮਾਈ ਬਿਰਥੀ ਨਹੀਂ ਜਾਂਦੀ। ਉਸ ਦਾ ਫਲ ਪ੍ਰਮਾਤਮਾ ਜਰੂਰ ਦਿੰਦਾ ਹੈ। ਫਿਰ ਇਹ ਅਵਸਥਾ ਆ ਜਾਂਦੀ ਹੈ ਜਿਸ ਤਰ੍ਹਾਂ ਗੁਰੂ ਜੀ ਫੁਰਮਾਉਂਦੇ ਹਨ:-

**ਖਾਵਹੁ ਖਰਚਹੁ ਤੋਟਿ ਨ ਆਵੈ ਹਲਤ ਪਲਤ ਕੈ ਸੰਗੇ ॥**
**ਲਾਦਿ ਖਜਾਨਾ ਗੁਰਿ ਨਾਨਕ ਕਉ ਦੀਆ, ਇਹੁ ਮਨੁ ਹਰਿ ਰੰਗਿ ਰੰਗੇ ॥**
*(ਗੁਜਰੀ ਮ: 5 ਪੰ:-496)*

ਕਹਿਣ ਦਾ ਭਾਵ ਕਿ ਇਹ ਹਰੀ ਨਾਮ ਧੰਨ ਨੂੰ ਆਪ ਖਾਵੋ ਅਤੇ ਹੋਰਨਾਂ ਨੂੰ ਵੀ ਵੰਡੋ ਪਰ ਫਿਰ ਵੀ ਤੋਟ ਨਹੀਂ ਆਵੇਗੀ। ਇਹ ਧੰਨ ਲੋਕ ਪ੍ਰਲੋਕ ਵਿਚ ਇਨਸਾਨ ਦੇ ਨਾਲ ਰਹਿੰਦਾ ਹੈ।

**ਹਰਿ ਧਨ ਕੇ ਭਰਿ ਲੇਹੁ ਭੰਡਾਰ,**
**ਨਾਨਕ ਗੁਰ ਪੂਰੇ ਨਮਸਕਾਰ ॥**
*(ਸੁਖਮਨੀ ਸਾਹਿਬ)*

ਦਾਸ ਨੇ ਬੱਚਿਆਂ ਨੂੰ ਕਿਹਾ ਕਿ ਤੁਸੀਂ ਵੀ ਸਿਮਰਨ ਵੇਲੇ ਹਾਜ਼ਰੀ ਭਰਿਆ ਕਰੋ। ਤੁਸੀਂ ਹੈਰਾਨ ਹੋਵੋਗੇ ਕਿ ਇੱਕ ਸੱਤ-ਅੱਠ ਸਾਲ ਦਾ ਬੱਚਾ ਜਗਜੀਤ ਸਿੰਘ ਰੋਜ਼ਾਨਾ ਹਾਜ਼ਰੀ ਭਰਦਾ ਹੈ ਅਤੇ ਪੂਰਾ ਘੰਟਾ ਸਿਮਰਨ ਕਰਦਾ ਹੈ। ਹੁਣ ਕਈ ਗੁਰਦੁਆਰਿਆਂ ਵਿਚ ਸਿਮਰਨ ਹੁੰਦਾ ਹੈ, ਤੁਸੀਂ ਵੀ ਜਰੂਰ ਉਦਮ ਕਰੋ। ਸਤਿਗੁਰੂ ਜੀ ਦੀ ਕ੍ਰਿਪਾ ਨਾਲ ਸੰਗਤ ਸੌ ਤੋਂ ਉਪਰ ਹੀ ਹੁੰਦੀ ਹੈ।

**ਹਰਿ ਕਾ ਨਾਮੁ ਰਿਦੈ ਨਿਤ ਧਿਆਈ ॥**
**ਸੰਗੀ ਸਾਥੀ ਸਗਲ ਤਰਾਂਈ ॥ 1 ॥**

ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ॥
ਸਿਮਰਿ ਸਿਮਰਿ ਤਿਸੁ ਸਦਾ ਸਮਾਲੇ ॥ 1 ॥ ਰਹਾਉ ॥
ਤੇਰਾ ਕੀਆ ਮੀਠਾ ਲਾਗੈ ॥
ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ ॥

*(ਆਸਾ ਮ: 5 ਪੰ:-394)*

ਜੋ ਕੁਝ ਵੀ ਇਨਸਾਨ ਕਰਦਾ ਹੈ, ਉਹ ਸਿਰਫ ਆਪਣੀ ਭਲਾਈ ਵਾਸਤੇ ਹੀ ਕਰਦਾ ਹੈ। ਇਸੇ ਤਰ੍ਹਾਂ ਦਾਸ ਨੇ ਵੀ ਐਸਾ ਹੀ ਸੋਚਿਆ ਸੀ ਕਿ ਮੈਂ ਵੀ ਨਾਮ ਜਪ ਕੇ ਆਪਣਾ ਜੀਵਨ ਮੁਕਤ ਕਰ ਲਵਾਂ। ਕੋਈ ਵੀ ਪ੍ਰਾਣੀ ਨਾਮ ਜਪਣ ਤੋਂ ਬਿਨ੍ਹਾਂ ਮੁਕਤੀ ਪ੍ਰਾਪਤ ਨਹੀਂ ਕਰ ਸਕਦਾ। ਮੁਕਤੀ ਵਾਸਤੇ ਸੇਵਾ ਅਤੇ ਸਿਮਰਨ ਕਰਨਾ ਅਤਿ ਜਰੂਰੀ ਹੈ। ਮੈਂ ਇਹ ਗੁਰੂ ਜੀ ਦਾ ਹੁਕਮ ਸਮਝ ਕੇ ਸੇਵਾ ਅਤੇ ਸਿਮਰਨ ਵਿਚ ਜੁੜ ਗਿਆ।

ਗਹਿਰ ਗੰਭੀਰ ਅੰਮ੍ਰਿਤ ਨਾਮੁ ਤੇਰਾ ॥
ਮੁਕਤਿ ਭਇਆ ਜਿਸੁ ਰਿਦੈ ਵਸੇਰਾ ॥
ਗੁਰਿ ਬੰਧਨ ਤਿਨ ਕੇ ਸਗਲੇ ਕਾਟੇ ॥
ਜਨ ਨਾਨਕ ਸਹਿਜ ਸਮਾਈ ਜੀਉ ॥

*(ਮਾਂਝ ਮ: 5 ਪੰ:-101)*

**ਸਿਮਰਿ ਸਿਮਰਿ ਸੁਆਮੀ ਪ੍ਰਭੁ ਅਪੁਨਾ ਨਿਕਟਿ ਨ ਆਵੈ ਜਾਮ ॥**
**ਮੁਕਤਿ ਬੈਕੁੰਠ ਸਾਧ ਕੀ ਸੰਗਤਿ ਜਨ ਪਾਇਓ ਹਰਿ ਕਾ ਧਾਮ ॥**

*(ਧਨਾਸਰੀ ਮ: 5 ਪੰ:-682)*

ਦਾਸ ਨੇ ਤਾਂ ਸਿਰਫ ਆਪਣਾ ਹੀ ਸੋਚਿਆ ਸੀ ਪਰ ਨਾਮ ਨੇ ਐਸੀ ਕਲਾ ਵਰਤਾਈ ਕਿ ਮੁਕਤੀ ਦੇ ਰਸਤੇ ਤੇ ਬਹੁਤ ਸਾਰੇ ਪ੍ਰਾਣੀ ਤੁਰ ਪਏ ਹਨ। ਜਿਸ ਤਰ੍ਹਾਂ ਰਾਜਾ ਜਨਕ ਨੇ ਆਪਣੇ ਇਕ ਘੜੀ ਦੇ ਸਿਮਰਨ ਦਾ ਫਲ ਦੇ ਕੇ ਸਾਰੇ ਨਰਕੀ ਜੀਵ ਮੁਕਤ ਕਰਵਾ ਦਿੱਤੇ। ਇਸੇ ਤਰ੍ਹਾਂ ਜਿਹੜੇ ਗੁਰਸਿੱਖ ਆਪ ਖੁਦ ਅੰਮ੍ਰਿਤ ਵੇਲੇ ਸਿਮਰਨ ਕਰਦੇ ਹਨ, ਉਹ ਮੁਕਤ ਕਿਉਂ ਨਹੀਂ ਹੋਣਗੇ।

*****

# ਦੂਸਰਾ ਪੰਜਾਬ

## (ਸਾਊਥਾਲ)

ਸਾਊਥਾਲ ਦਾ ਵਾਤਾਵਰਣ ਪੰਜਾਬ ਨਾਲ ਬਿਲਕੁਲ ਮਿਲਦਾ ਜੁਲਦਾ ਹੈ। ਸਾਊਥਲ ਦਾ ਮੇਨ ਬਜ਼ਾਰ ਬਿਲਕੁਲ ਜਲੰਧਰ ਵਰਗਾ ਹੈ। ਸਾਰੀਆਂ ਦੁਕਾਨਾਂ ਆਪਣੇ ਲੋਕਾਂ ਦੀਆਂ ਹਨ। ਇਥੇ ਆਪਣੇ ਲੋਕਾਂ ਨੂੰ ਖਾਣ-ਪੀਣ ਦੀ ਕੋਈ ਕਮੀ ਨਹੀਂ ਹੈ। ਹਰੀਆਂ ਸਬਜ਼ੀਆਂ ਅਤੇ ਫਲ ਬਗੈਰਾ ਸਾਰਾ ਸਾਲ ਹੀ ਮਿਲਦੇ ਰਹਿੰਦੇ ਹਨ। ਹਰ ਤਰ੍ਹਾਂ ਦੀ ਮਠਿਆਈ ਮਿਲਦੀ ਹੈ। ਇੰਨੀਆਂ ਚੀਜ਼ਾਂ ਤਾਂ ਇੰਡੀਆਂ ਵਿਚ ਨਹੀਂ ਮਿਲਦੀਆਂ ਹੋਣੀਆਂ, ਜਿੰਨੀਆਂ ਇਥੋਂ ਮਿਲਦੀਆਂ ਹਨ। ਕਈ ਦੁਕਾਨਾਂ ਸਵੇਰੇ ਅੱਠ ਤੋਂ ਸ਼ਾਮ ਦੇ ਅੱਠ ਵਜੇ ਤੱਕ ਖੁਲੀਆਂ ਰਹਿੰਦੀਆਂ ਹਨ। ਆਪਣੇ ਲੋਕਾਂ ਨੂੰ ਬਿਜਨਿਸ ਵਧਾਉਣ ਦਾ ਇੰਨਾਂ ਸ਼ੌਂਕ ਹੈ ਕਿ ਉਹ ਬਹੁਤ ਹੀ ਮਿਹਨਤ ਨਾਲ ਕੰਮ ਕਰਦੇ ਹਨ। ਕਈ ਲੋਕਾਂ ਨੂੰ ਬਾਹਰੋਂ ਖਾਣ ਦਾ ਬਹੁਤ ਸ਼ੌਂਕ ਹੈ। ਇਥੇ ਬਹੁਤ ਸੁੰਦਰ ਰੈਸਟੋਰੈਂਟ ਹਨ ਜੋ ਕਿ ਰਾਤ ਦੇ ਗਿਆਰਾਂ ਵਜੇ ਤੱਕ ਖੁਲ੍ਹੇ ਰਹਿੰਦੇ ਹਨ। ਸਮੋਸੇ ਇੰਨੇ ਮਸ਼ਹੂਰ ਹਨ ਕਿ ਗੋਰਿਆਂ ਨੇ ਵੀ ਖਾਣੇ ਸ਼ੁਰੂ ਕਰ ਦਿੱਤੇ। ਬਾਕੀ ਖਾਣੇ ਵੀ ਬਹੁਤ ਸ਼ੌਂਕ ਨਾਲ ਖਾਂਦੇ ਹਨ। ਸਾਊਥਾਲ ਇੰਨਾ ਮਸ਼ਹੂਰ ਹੋ ਗਿਆ ਹੈ ਕਿ ਲੋਕ ਦੂਰੋਂ ਦੂਰੋਂ ਆ ਕੇ ਸਮਾਨ ਖਰੀਦਦੇ ਹਨ ਅਤੇ ਨਾਲੇ ਇਥੋਂ ਖਾਣਾ ਵੀ ਖਾਂਦੇ ਹਨ। ਐਤਵਾਰ ਨੂੰ ਖਾਸ ਰਸ਼ (ਭੀੜ) ਹੁੰਦਾ ਹੈ। ਲੋਕ ਗੁਰਦੁਆਰੇ, ਮੰਦਰਾਂ, ਅਤੇ ਮਸੀਤਾਂ ਵਿੱਚ ਮੱਥਾ ਟੇਕਣ ਜਾਂਦੇ ਹਨ ਅਤੇ ਨਾਲ ਹੀ ਹਫਤੇ ਦਾ ਰਾਸ਼ਨ ਖਰੀਦ ਲੈਂਦੇ ਹਨ। ਇਥੇ ਕੱਪੜਾ ਵੀ ਹਰ ਤਰ੍ਹਾਂ ਦਾ ਮਿਲਦਾ ਹੈ। ਸੋਨੇ ਦੀਆਂ ਬਹੁਤ ਹੀ ਦੁਕਾਨਾਂ ਹਨ। ਜੇ ਕੋਈ ਇੰਡੀਆ ਜਾਂ ਪਾਕਿਸਤਾਨ ਤੋਂ ਇਥੇ ਆਉਂਦਾ ਹੈ, ਬਰੋਡਵੇ ਜਾ ਕੇ ਇਸ ਤਰ੍ਹਾਂ ਮਹਿਸੂਸ ਕਰਦਾ ਹੈ, ਜਿਸ ਤਰ੍ਹਾਂ ਉਹ ਪੰਜਾਬ ਵਿਚ ਘੁੰਮਦਾ ਹੋਵੇ। ਰੇਡੀਓ ਅਤੇ ਟੈਲੀਵੀਜਨ ਆਪਣੀ ਭਾਸ਼ਾ ਵਿਚ ਚੌਵੀ ਘੰਟੇ ਚਲਦੇ ਹਨ। ਬੱਚਿਆਂ ਵਾਸਤੇ ਵੀ ਪ੍ਰੋਗਰਾਮ ਆਉਂਦੇ ਹਨ। ਕਿਸੇ ਵੀ ਧਰਮ ਦਾ ਕੋਈ ਖਾਸ ਦਿਨ ਹੋਵੇ, ਤਾਂ ਇਹ ਬਹੁਤ ਹੀ ਖੁਸ਼ੀ ਨਾਲ ਸਾਰਿਆਂ ਨੂੰ ਜਾਣਕਾਰੀ ਅਤੇ ਸਪੈਸ਼ਲ ਪ੍ਰੋਗਰਾਮ ਦਿੰਦੇ ਹਨ। ਜਿਸ ਤਰ੍ਹਾਂ ਵਿਸਾਖੀ ਤੇ ਤਿੰਨ ਚਾਰ ਦਿਨ ਸਿੱਧਾ ਅੰਮ੍ਰਿਤਸਰ ਤੋਂ ਗੁਰਬਾਣੀ ਕੀਰਤਨ ਦਾ ਪ੍ਰੋਗਰਾਮ ਦਿੱਤਾ ਜਾਂਦਾ ਹੈ। ਸਾਊਥਾਲ ਵਿਚ ਗੁਰਦੁਆਰੇ ਮੰਦਰ ਤੇ ਮਸੀਤਾਂ ਵੀ ਕਾਫੀ ਹਨ। ਸਾਊਥਾਲ ਦੇ ਅੰਦਰ ਅੱਠ ਗੁਰਦੁਆਰੇ ਹਨ। ਸਭ ਤੋਂ ਪ੍ਰਸਿੱਧ ਸ੍ਰੀ ਗੁਰੂ ਸਿੰਘ ਸਭਾ ਸਾਊਥਲ ਦਾ ਗੁਰਦੁਆਰਾ ਹੈ। ਇਹ ਗੁਰਦੁਆਰਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 300 ਸਾਲਾ ਗੁਰਪੁਰਬ 'ਤੇ ਲਿਆ ਸੀ। ਮਹਾਰਾਜ ਜੀ ਦਾ 300 ਸਾਲ ਗੁਰਪੁਰਬ ਅੱਲਬਰਟ ਹਾਲ ਲੰਡਨ ਵਿਚ ਬੜੀ ਧੂਮ-ਧਾਮ ਨਾਲ ਮਨਾਇਆ ਗਿਆ। ਜਿਥੇ ਹੁਣ ਇਹ ਗੁਰਦੁਆਰਾ ਹੈ, ਇਥੇ ਦੁੱਧ ਦੀ ਡੇਅਰੀ ਹੁੰਦੀ ਸੀ। ਗੁਰਬਚਨ ਸਿੰਘ ਗਿੱਲ ਨੇ ਹਿੰਮਤ ਕਰਕੇ ਇਹ ਜਗ੍ਹਾ £26000 ਦੀ ਖਰੀਦੀ ਸੀ। ਜਦੋਂ ਬਚਿੱਤਰ ਸਿੰਘ ਪ੍ਰਧਾਨ ਬਣਿਆ ਤਾਂ ਉਸ ਨੇ ਉਪਰ ਦਫਤਰ ਬਣਾਇਆ। ਗਿਆਨੀ ਅਮੋਲਕ

ਸਿੰਘ ਪ੍ਰਧਾਨ ਬਣਿਆ ਤਾਂ ਉਸ ਨੇ ਕਾਰ ਪਾਰਕ ਵਾਲੀ ਜਗ੍ਹਾ ਗੁਰਦੁਆਰੇ ਵਾਸਤੇ ਖਰੀਦੀ। ਮਲਕੀਤ ਸਿੰਘ ਗਰੇਵਾਲ ਨੇ ਲੰਗਰ ਛਕਣ ਵਾਸਤੇ ਜਗ੍ਹਾ ਬਣਾਈ। ਨੌਜਵਾਨਾਂ ਨੇ ਸੱਚਖੰਡ ਦੇ ਕਮਰਿਆਂ ਦੀ ਸੇਵਾ ਕੀਤੀ। ਬੇਅੰਤ ਸਿੰਘ ਨੇ ਆਪਣੀ ਜਾਨ ਦੀ ਬਾਜੀ ਲਾ ਕੇ ਮਨਮਤ ਨੂੰ ਰੋਕਿਆ।

ਇਹ ਬਾਹਰਲੇ ਦੇਸ਼ਾਂ ਵਿਚੋਂ ਸਭ ਤੋਂ ਮਸ਼ਹੂਰ ਗੁਰਦੁਆਰਾ ਹੈ। ਇੰਨਾਂ ਮਸ਼ਹੂਰ ਗੁਰਦੁਆਰਾ ਹੁੰਦੇ ਹੋਏ, ਕਿਸੇ ਵੀ ਪਾਰਟੀ ਨੇ ਨਵਾਂ ਗੁਰੂ ਘਰ ਬਣਾਉਣ ਦਾ ਉਪਰਾਲਾ ਨਹੀਂ ਕੀਤਾ। ਇਸ ਗੁਰਦੁਆਰੇ ਅੰਦਰ ਮਾਇਆ ਦੀ ਕੋਈ ਕਮੀ ਨਹੀਂ ਹੈ। ਸਾਰਿਆਂ ਨੇ ਆਪਣੇ ਰਹਿਣ ਵਾਸਤੇ ਸੁੰਦਰ ਮਹਿਲ ਬਣਾਏ। ਪਰ ਗੁਰੂ ਘਰ ਬਣਾਉਣ ਦਾ ਉਪਰਾਲਾ ਕਿਸੇ ਨੇ ਨਹੀਂ ਕੀਤਾ।

ਪ੍ਰਧਾਨ ਹਿੰਮਤ ਸਿੰਘ ਸੋਹੀ ਅਤੇ ਕਮੇਟੀ ਨੇ ਸੰਗਤਾਂ ਦੇ ਸਹਿਯੋਗ ਨਾਲ ਮਿਲ ਕੇ ਸਾਰਾ ਗੁਰਦੁਆਰੇ ਦਾ ਕਰਜਾ ਉਤਾਰਿਆ। ਜਿਹੜਾ ਅੱਠ ਲੱਖ ਪੌਂਡ ਸੀ। ਬੈਂਕ ਨੂੰ ਛੇ ਮਹੀਨੇ ਦੇ ਅੰਦਰ-ਅੰਦਰ ਦੇਣਾ ਸੀ। ਇਸ ਵਿਚ ਸਾਰੀ ਸੰਗਤ ਨੇ ਬਹੁਤ ਸਹਿਯੋਗ ਦਿੱਤਾ। ਗੁਰਦੁਆਰੇ ਦੀ ਨਵੀਂ ਬਿਲਡਿੰਗ ਬਣਾਉਣ ਵਾਸਤੇ ਕਾਫੀ ਪੈਸੇ ਜਮ੍ਹਾਂ ਕਰ ਲਏ। ਮਹੀਨੇ ਦਾ ਸਾਰਾ ਖਰਚਾ ਕੱਢ ਕੇ ਸੱਠ ਸੱਤਰ ਹਜ਼ਾਰ ਪੌਂਡ ਆਮਦਨ ਗੁਰਦੁਆਰੇ ਨੂੰ ਹੋ ਜਾਂਦੀ ਹੈ। ਗੁਰਦੁਆਰੇ ਦਾ ਖਜ਼ਾਨਚੀ ਦਰਸ਼ਨ ਸਿੰਘ ਡੋਕਲ ਅਤੇ ਕਮੇਟੀ ਬੜੇ ਸੁਚੱਜੇ ਢੰਗ ਨਾਲ ਸੇਵਾ ਨਿਭਾ ਰਹੀ ਹੈ। ਇਨ੍ਹਾਂ ਨੇ ਸੰਗਤ ਦੀ ਮਾਇਆ ਫਜ਼ੂਲ ਨਹੀਂ ਜਾਣ ਦਿੱਤੀ। ਹਰ ਮਹੀਨੇ ਦਾ ਹਿਸਾਬ ਕਰਕੇ ਬੋਰਡ 'ਤੇ ਲਗਾਇਆ ਜਾਂਦਾ ਹੈ। ਪਿਛਲੇ ਤਿੰਨ ਸਾਲਾਂ ਤੋਂ ਗੁਰੁਦਆਰਾ ਸਾਹਿਬ 'ਚ ਅਮਨ ਚੈਨ ਹੈ। ਜਦੋਂ ਦਾ ਹਿੰਮਤ ਸਿੰਘ ਪ੍ਰਧਾਨ ਬਣਿਆ, ਬੜੇ ਚੰਗੇ ਢੰਗ ਨਾਲ ਗੁਰੁਦਆਰੇ ਦੀ ਦੇਖ-ਭਾਲ ਹੋ ਰਹੀ ਹੈ। ਸਤਿਗੁਰੂ ਜੀ ਦੀ ਮਿਹਰ ਨਾਲ ਗੁਰਦੁਆਰਾ ਸਾਹਿਬ ਜੀ ਦੀ ਬਿਲਡਿੰਗ ਛੇਤੀ ਹੀ ਬਣ ਜਾਵੇਗੀ। ਇਹ ਸਭ ਸੰਗਤਾਂ ਦੇ ਸਹਿਯੋਗ ਨਾਲ ਹੋ ਰਿਹਾ ਹੈ। ਇਥੇ ਨਾਮ ਬਾਣੀ ਦਾ ਪ੍ਰਵਾਹ ਹਮੇਸ਼ਾ ਚਲਦਾ ਰਹਿੰਦਾ ਹੈ।

ਮਹਾਰਾਜ ਜੀ ਦਾ ਪ੍ਰਕਾਸ਼ ਅੰਮ੍ਰਿਤ ਵੇਲੇ 2-45 ਵਜੇ ਹੋ ਜਾਂਦਾ ਹੈ। ਹੁਕਮਨਾਮੇ ਤੋਂ ਉਪਰੰਤ ਨਿੱਤਨੇਮ ਪੰਜਾਂ ਬਾਣੀਆਂ ਦਾ ਪਾਠ ਹੁੰਦਾ ਹੈ। ਚਾਰ ਤੋਂ ਪੰਜ ਵਜੇ ਵਾਹਿਗੁਰੂ ਦਾ ਸਿਮਰਨ ਹੁੰਦਾ ਹੈ। ਸੰਗਤਾਂ ਨੂੰ ਸਿਮਰਨ ਦਾ ਇੰਨਾਂ ਚਾਅ ਹੈ ਕਿ ਕਾਫੀ ਸੰਗਤ ਹੋ ਜਾਂਦੀ ਹੈ। ਪੰਜ ਤੋਂ ਸਾਢੇ ਛੇ ਵਜੇ ਤੱਕ ਆਸਾ ਪੂਰੀਆਂ ਕਰਨ ਵਾਲੀ 'ਆਸਾ ਦੀ ਵਾਰ' ਦਾ ਕੀਰਤਨ ਹੁੰਦਾ ਹੈ। ਸੰਗਤਾਂ ਬੜੇ ਚਾਅ ਨਾਲ ਸੁਣਦੀਆਂ ਹਨ। ਇਸ ਤੋਂ ਬਾਅਦ ਅੰਮ੍ਰਿਤ ਵੇਲੇ ਦੇ ਮੁਖਵਾਕ ਦੀ ਕਥਾ ਹੁੰਦੀ ਹੈ। ਇਸੇ ਤਰ੍ਹਾਂ ਪ੍ਰੋਗਰਾਮ ਚੱਲਦਾ ਰਹਿੰਦਾ ਹੈ। ਦਸ ਤੋਂ ਗਿਆਰਾਂ ਦੁਬਾਰਾ ਵਾਹਿਗੁਰੂ ਦਾ ਸਿਮਰਨ ਹੁੰਦਾ ਹੈ। ਹਫਤੇ ਵਿਚ ਦੋ ਵਾਰੀ ਬੀਬੀਆਂ ਦਾ ਸਤਿਸੰਗ ਹੁੰਦਾ ਹੈ। ਸਿਮਰਨ ਤੋਂ ਬਾਅਦ ਬੀਬੀਆਂ ਸੁਖਮਨੀ ਸਾਹਿਬ, ਚੌਪਈ ਸਾਹਿਬ ਤੇ ਸ਼ਬਦ ਕੀਰਤਨ ਦਾ ਪਾਠ ਸ਼ੁਰੂ ਕਰ ਦਿੰਦੀਆਂ ਹਨ। ਇਸੇ ਤਰ੍ਹਾਂ ਫਿਰ ਸ਼ਾਮ ਦਾ ਪ੍ਰੋਗਰਾਮ ਸ਼ੁਰੂ ਹੋ ਜਾਂਦਾ ਹੈ। ਪੰਜ ਵਜੇ ਰਹਿਰਾਸ ਸ਼ੁਰੂ ਹੋ ਜਾਂਦੀ ਹੈ।

ਸਾਢੇ ਪੰਜ ਵਜੇ ਤੋਂ ਸਾਢੇ ਛੇ ਵਜੇ ਤੱਕ ਸੰਗਤਾਂ ਕੀਰਤਨ ਦੇ ਲਾਹੇ ਪ੍ਰਾਪਤ ਕਰਦੀਆਂ ਹਨ। ਸਾਢੇ ਛੇ ਤੋਂ ਸਾਢੇ ਸੱਤ ਵਜੇ ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਲੜੀ ਵਾਰ ਕਥਾ ਹੁੰਦੀ ਹੈ। ਸਮਾਪਤੀ ਦੀ ਅਰਦਾਸ ਅੱਠ ਵਜੇ ਹੋ ਜਾਂਦੀ ਹੈ ਤੇ ਫਿਰ ਦੂਸਰੇ ਦਿਨ ਪੌਣੇ ਤਿੰਨ ਵਜੇ ਅੰਮ੍ਰਿਤ ਵੇਲੇ ਤੋਂ ਪ੍ਰੋਗਰਾਮ ਸ਼ੁਰੂ ਹੋ ਜਾਂਦਾ ਹੈ। ਇਸ ਤਰ੍ਹਾਂ ਰੋਜ਼ਾਨਾ ਦਾ ਪ੍ਰੋਗਰਾਮ ਹੈ।

ਇਥੇ ਲੰਗਰ ਚੌਵੀ ਘੰਟੇ ਚਲਦਾ ਹੈ ਅਤੇ ਬਹੁਤ ਹੀ ਸੁੱਚਮ ਨਾਲ ਬਣਾਇਆ ਜਾਂਦਾ ਹੈ ਅਤੇ ਨਾਲ-ਨਾਲ ਵਾਹਿਗੁਰੂ ਦਾ ਸਿਮਰਨ ਹੁੰਦਾ ਹੈ।

**ਆਤਮ ਉਪਦੇਸ ਭੇਸੁ ਸੰਜਮ ਕੋ ਜਾਪ ਸੁਅਜਪਾ ਜਾਪੈ ॥**
**ਸਦਾ ਰਹੈ ਕੰਚਨ ਸੀ ਕਾਯਾ ਕਾਲ ਨ ਕਬਹੂੰ ਬਯਾਪੈ ॥**

*(ਸ਼ਬਦ ਹਜ਼ਾਰੇ ਪਾਤਸ਼ਾਹੀ 10)*

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਬਚਨ ਹਨ ਕਿ ਜਿਹੜਾ ਸੇਵਾ ਕਰਦਾ ਹੈ, ਦੁਖ ਉਨ੍ਹਾਂ ਦੇ ਨੇੜੇ ਨਹੀਂ ਆਉਂਦੇ। ਦਾਸ ਨੇ ਦੇਖਿਆ ਕਿ ਜਿਹੜੀਆਂ ਬੀਬੀਆਂ ਤਵੀ 'ਤੇ ਲੰਗਰ ਬਣਾਉਣ ਦੀ ਸੇਵਾ ਕਰਦੀਆਂ ਹਨ, ਉਨ੍ਹਾਂ ਨੂੰ ਕੋਈ ਸਰੀਰਕ ਰੋਗ ਨਹੀਂ ਹੈ। ਇਹ ਬੀਬੀਆਂ ਆਪਣਾ ਘਰੇਲੂ ਕੰਮ ਕਾਰ ਛੱਡ ਕੇ ਸਾਧ ਸੰਗਤ ਨੂੰ ਆਪਣਾ ਪਰਿਵਾਰ ਸਮਝ ਕੇ ਸੇਵਾ ਕਰਦੀਆਂ ਹਨ।

ਹਿੰਦੂ ਧਰਮ ਵਿਚ, ਜਿਸ ਤਰ੍ਹਾਂ ਪਹਿਲਾਂ ਲਿਖ ਚੁੱਕੇ ਹਾਂ ਕਿ ਸਾਧੂ ਜੇਠ ਦੀ ਗਰਮੀ ਵਿਚ ਪੰਜ ਧੂਣੀਆਂ ਲਗਾ ਕੇ ਪ੍ਰਮਾਤਮਾ ਨੂੰ ਖੁਸ਼ ਕਰਨ ਵਾਸਤੇ ਸਰੀਰ ਨੂੰ ਕਸ਼ਟ ਦਿੰਦੇ ਹਨ। ਇਨ੍ਹਾਂ ਦੀ ਘਾਲਣਾ ਬਿਰਥਾ ਹੈ। ਕਿਉਂਕਿ ਇਹ ਪ੍ਰਮਾਤਮਾ ਦਾ ਨਾਮ ਨਹੀਂ ਲੈਂਦੇ ਪਰ ਮਹਾਰਾਜ ਜੀ ਨੇ ਇਹ ਕਠਿਨ ਸੇਵਾ ਤਵੀ ਤੇ ਬਖਸ਼ ਦਿੱਤੀ। ਇਸ ਦਾ ਫਲ ਬਹੁਤ ਜਿਆਦਾ ਹੈ। ਲੰਗਰ ਬਣਾਉਂਦੇ ਸਮੇਂ ਹੱਥ ਪਵਿੱਤਰ ਹੋ ਜਾਂਦੇ ਹਨ ਅਤੇ ਵਾਹਿਗੁਰੂ ਸਿਮਰਨ ਕਰਦਿਆਂ ਰਸਨਾ ਪਵਿੱਤਰ ਹੋ ਜਾਂਦੀ ਹੈ। ਕਈ ਬੀਬੀਆਂ ਦਾ ਅਸੂਲ ਹੈ ਕਿ ਜਿੰਨੀ ਦੇਰ ਪ੍ਰਸ਼ਾਦੇ ਬਣਦੇ ਹਨ, ਉਨ੍ਹਾਂ ਨੇ ਸੇਵਾ ਅਤੇ ਸਿਮਰਨ ਦੀ ਹਾਜ਼ਰੀ ਜਰੂਰ ਭਰਨੀ ਹੈ। ਦਾਸ ਕਈ ਸਾਲਾਂ ਤੋਂ ਦੇਖ ਰਿਹਾ ਹੈ ਕਿ ਇਹ ਹਰ ਰੋਜ਼ ਸੇਵਾ ਅਤੇ ਸਿਮਰਨ ਵਿਚ ਹਿੱਸਾ ਪਾਉਂਦੀਆਂ ਹਨ।

*****

# ਨੌਜਵਾਨਾਂ ਵਾਸਤੇ ਕੈਂਪ

ਜਿੰਨਾ ਸਿੱਖੀ ਦਾ ਪ੍ਰਚਾਰ ਬਾਹਰਲੇ ਦੇਸ਼ਾਂ ਵਿਚ ਹੋਇਆ। ਇੰਨਾ ਪੰਜਾਬ ਵਿਚ ਨਹੀਂ ਹੋਇਆ। ਸਿੱਖੀ ਦਾ ਪ੍ਰਚਾਰ ਕਰਨ ਵਾਸਤੇ ਗੁਰਸਿੱਖਾਂ ਨੇ ਕੈਂਪ ਲਗਾਉਣੇ ਸ਼ੁਰੂ ਕੀਤੇ। ਸਭ. ਤੋਂ ਪਹਿਲਾ ਕੈਂਪ ਮਲੇਸ਼ੀਆ ਸਿੰਘਾਪੁਰ ਵਿਚ ਲਗਾਇਆ ਗਿਆ। ਲੋਕਾਂ ਨੂੰ ਸਿੱਖੀ ਦਾ ਪ੍ਰਚਾਰ ਕਰਨ ਦਾ ਬਹੁਤ ਸ਼ੌਂਕ ਹੈ। ਵੱਡੇ ਵੱਡੇ ਅਮੀਰ ਆਦਮੀਆਂ ਨੇ ਸੁਖਮਨੀ ਸਾਹਿਬ ਜੀ ਤੇ ਨਿੱਤਨੇਮ ਦੇ ਗੁਟਕੇ ਮੁਫਤ ਵੰਡੇ। ਸਿੱਖ ਨੌਜਵਾਨ ਕਮੇਟੀ ਬਣਾਈ ਗਈ। ਇਨ੍ਹਾਂ ਨੌਜਵਾਨਾਂ ਨੇ 'ਆਸਾ ਦੀ ਵਾਰ' ਦੇ ਗੁਟਕੇ ਪੰਜਾਬੀ ਅਤੇ ਅੰਗਰੇਜੀ ਵਿਚ ਛਪਾ ਕੇ ਮੁਫਤ ਵੰਡੇ। ਨੌਜਵਾਨ ਸਿੱਖੀ ਦੇ ਪ੍ਰਚਾਰ ਵਿਚ ਕਾਫੀ ਹਿੱਸਾ ਲੈਂਦੇ ਹਨ।

ਦੂਸਰਾ ਕੈਂਪ ਇੰਗਲੈਂਡ ਵਿਚ ਸਿੱਖ ਮਿਸ਼ਨਰੀ ਸੁਸਾਇਟੀ ਨੇ ਸ਼ੁਰੂ ਕੀਤਾ। ਲੱਗਭਗ ਵੀਹ ਸਾਲ ਸ਼ੁਰੂ ਹੋਏ ਨੂੰ ਹੋ ਗਏ ਹਨ ਤੇ ਚੜ੍ਹਦੀ ਕਲਾ ਵਿਚ ਚਲ ਰਿਹਾ ਹੈ। ਕੈਂਪ ਵਿਚ ਬੱਚਿਆਂ ਨੂੰ ਧਰਮ ਬਾਰੇ ਬਹੁਤ ਕੁਝ ਦੱਸਦੇ ਹਨ। ਬੱਚਿਆਂ ਨੂੰ ਸ਼ੁਧ ਬਾਣੀ ਪੜ੍ਹਨ ਵਾਸਤੇ ਸਿਖਾਇਆ ਜਾਂਦਾ ਹੈ। ਖੇਡਾਂ ਦਾ ਵੀ ਪ੍ਰੋਗਰਾਮ ਹੁੰਦਾ ਹੈ। ਇੱਕ ਦਿਨ ਬਾਹਰ ਘੁੰਮਾਉਣ ਵਾਸਤੇ ਲੈ ਕੇ ਜਾਂਦੇ ਹਨ। ਸੁਸਾਇਟੀ ਵਾਲੇ ਕੀਰਤਨ ਤੇ ਤਬਲਾ ਵੀ ਸਿਖਾਉਂਦੇ ਹਨ। ਹੁਣ ਵੱਖ ਵੱਖ ਜਗ੍ਹਾ ਤੇ ਕੈਂਪ ਲੱਗਣ ਲੱਗ ਪਏ ਹਨ। ਕੈਨੇਡਾ ਅਮਰੀਕਾ ਅਤੇ ਹੋਰ ਦੇਸ਼ਾਂ ਵਿਚ ਵੀ ਸ਼ੁਰੂ ਹੋ ਗਏ ਹਨ।

ਇੰਗਲੈਂਡ ਵਿਚ ਖਾਲਸਾ ਕੈਂਪ ਜੁਲਾਈ ਦੇ ਮਹੀਨੇ ਬੱਚਿਆਂ ਦੀਆਂ ਛੁਟੀਆਂ ਵਿਚ ਲਗਾਇਆ ਜਾਂਦਾ ਹੈ। ਇਸ ਕੈਂਪ ਵਿਚ ਲੱਗਭਗ ਸਾਰੇ ਯੂਰਪ ਤੋਂ ਢਾਈ ਤਿੰਨ ਸੌ ਬੱਚੇ ਸ਼ਾਮਲ ਹੁੰਦੇ ਹਨ। ਕਾਫੀ ਸਿੰਘ-ਸਿੰਘਣੀਆਂ ਸੇਵਾ ਵਿਚ ਹਿੱਸਾ ਲੈਂਦੇ ਹਨ ਇਸ ਕੈਂਪ ਵਿਚ ਇਹ ਖੂਬੀ ਹੈ ਕਿ ਬੀਬੀਆਂ ਵਾਸਤੇ ਅਲੱਗ ਕਮਰੇ ਹੁੰਦੇ ਹਨ। ਉਥੇ ਕੋਈ ਆਦਮੀ ਨਹੀਂ ਜਾ ਸਕਦਾ। ਕੈਂਪ ਵਿਚ ਸਿੱਖੀ ਧਰਮ ਦੇ ਬਾਰੇ ਬਹੁਤ ਕੁਝ ਸਿਖਾਉਂਦੇ ਹਨ। ਇਸ ਵਿਚ ਵੱਡੇ-ਵੱਡੇ ਵਿਦਵਾਨ ਬੁਲਾਏ ਜਾਂਦੇ ਹਨ ਜਿਹੜੇ ਕਿ ਬੱਚਿਆਂ ਨੂੰ ਸਿੱਖ ਧਰਮ ਦੇ ਬਾਰੇ ਜਾਣਕਾਰੀ ਦਿੰਦੇ ਹਨ। ਜੁਲਾਈ 1996 ਵਿਚ ਅਕਾਲ ਤਖਤ ਸਾਹਿਬ ਜੀ ਦੇ ਐਕਟਿੰਗ ਜਥੇਦਾਰ ਸਿੰਘ ਸਾਹਿਬ ਪ੍ਰੋ: ਮਨਜੀਤ ਸਿੰਘ ਜੀ ਨੇ ਵੀ ਹਿੱਸਾ ਲਿਆ। ਉਸ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ। ਉਹ ਇੰਨੇ ਸਾਰੇ ਬੱਚੇ ਦੇਖ ਕੇ ਬਹੁਤ ਖੁਸ਼ ਹੋਇਆ। ਉਸ ਨੇ ਡਾਕਟਰ ਦੁਪਿੰਦਰ ਸਿੰਘ ਦਾ ਬਹੁਤ ਧੰਨਵਾਦ ਕੀਤਾ ਕਿ ਤੁਸੀਂ ਕੈਂਪ ਲਗਾ ਕੇ ਬਹੁਤ ਪ੍ਰਉਪਕਾਰ ਕਰ ਰਹੇ ਹੋ। ਤੁਹਾਡੇ ਵਰਗੇ ਪੜ੍ਹੇ ਲਿਖੇ ਨੌਜਵਾਨ ਸਿੱਖੀ ਦਾ ਪ੍ਰਚਾਰ ਕਰਨ ਤਾਂ ਬਹੁਤ ਲਾਭ ਹੋ ਸਕਦਾ ਹੈ।

ਇਹ ਸਾਰਾ ਪ੍ਰੋਗਰਾਮ ਦੇਖ ਕੇ ਦਿਲ ਬਹੁਤ ਖੁਸ਼ ਹੁੰਦਾ ਹੈ। ਜਦੋਂ ਛੋਟੇ-ਛੋਟੇ ਬੱਚੇ ਇੰਨੇ ਪ੍ਰੇਮ ਨਾਲ ਮਹਾਰਾਜ ਜੀ ਦੀ ਸੇਵਾ ਕਰਦੇ ਹਨ। ਇਸ ਕੈਂਪ ਵਿਚ ਕਾਫੀ ਸਿੰਘ

ਸਿਘਣੀਆਂ ਨੇ ਕੇਸਕੀ ਸਜਾਈ ਹੋਦੀ ਹੈ। ਉਨ੍ਹਾਂ ਬੀਬੀਆਂ ਦਾ ਪ੍ਰਭਾਵ ਹੋਰਨਾਂ 'ਤੇ ਵੀ ਪੈਂਦਾ ਹੈ ਕਿਉਂਕਿ ਗੁਰ ਜੀ ਕਹਿੰਦੇ ਹਨ –

**ਖ਼ਾਲਸਾ ਮੇਰੋ ਰੂਪ ਹੈ ਖ਼ਾਸ ॥**
**ਖ਼ਾਲਸੇ ਮਹਿ ਹੌ ਕਰੌ ਨਿਵਾਸ ॥**

*(ਸਰਬ ਲੋਹ ਗ੍ਰੰਥ)*

ਕਾਫ਼ੀ ਬੱਚੀਆਂ ਨੂੰ ਕੇਸਕੀ ਤੇ ਦਸਤਾਰ ਸਜਾਉਣ ਦਾ ਸ਼ੌਂਕ ਪੈਂਦਾ ਹੋ ਜਾਂਦਾ ਹੈ। ਇਹ ਸੇਵਾ ਵੀ ਕੈਂਪ ਵਿਚ ਹੋਦੀ ਹੈ। ਬੀਬੀਆਂ ਨੂੰ ਦਸਤਾਰ ਸਜਾਉਣ ਦਾ ਤਰੀਕਾ ਦੱਸਿਆ ਜਾਂਦਾ ਹੈ ਅਤੇ ਕੈਂਪ ਵਲੋਂ ਦਸਤਾਰਾਂ ਦਿੱਤੀਆਂ ਜਾਂਦੀਆਂ ਹਨ। ਬੀਬੀ ਮਨਜੀਤ ਕੌਰ ਅਤੇ ਭਾਈ ਉਂਕਾਰ ਸਿੰਘ ਹੁਰੀਂ ਛੋਟੇ-ਛੋਟੇ ਬੱਚਿਆਂ ਦੀਆਂ ਪੂਰ ਸਿੱਖੀ ਬਾਣੇ ਵਿਚ ਹੱਥ ਨਾਲ ਫੋਟੋ ਬਣਾ ਕੇ, ਜਿਥੇ ਵੀ ਕੋਈ ਪ੍ਰੋਗਰਾਮ ਹੋਵੇ, ਉਥੇ ਲਾਉਂਦੇ ਹਨ। ਰੈਣ ਸਬਾਈ, ਕੈਂਪ ਜਾਂ ਕੋਈ ਖਾਸ ਪ੍ਰੋਗਰਾਮ ਹੋਵੇ ਤਾਂ ਬੱਚਿਆਂ ਨੂੰ ਸਿੱਖੀ ਦਾ ਉਪਦੇਸ਼ ਦੇਣ ਵਾਸਤੇ ਇਹ ਉਪਰਾਲਾ ਕਰਦੇ ਹਨ।

ਬੱਚੇ ਅੰਮ੍ਰਿਤ ਵੇਲੇ ਨਿੱਤਨੇਮ ਅਤੇ ਸਿਮਰਨ ਨਾਲ ਜੁੜਦੇ ਹਨ। ਬੱਚੇ ਹੀ ਨਿੱਤਨੇਮ ਅਤੇ ਅਰਦਾਸ ਤੋਂ ਉਪਰੰਤ ਹੁਕਮਨਾਮਾ ਲੈਂਦੇ ਹਨ। ਹੁਕਮਨਾਮੇ ਦੇ ਅੰਗਰੇਜੀ ਵਿਚ ਅਰਥ ਸੁਣਾਉਂਦੇ ਹਨ ਅਤੇ ਵੀਚਾਰ ਕਰਦੇ ਹਨ। ਦੋ ਬੱਚਿਆਂ ਦੀ ਡਿਊਟੀ ਹੁੰਦੀ ਹੈ ਕਿ ਸੇਵਾਦਾਰ ਦੇ ਨਾਲ ਦੇਗ ਤਿਆਰ ਕਰਕੇ ਦਰਬਾਰ ਵਿਚ ਲੈ ਕੇ ਆਉਣੀ। ਸਾਰੇ ਰਲ ਕੇ 'ਆਸਾ ਦੀ ਵਾਰ' ਦਾ ਕੀਰਤਨ ਕਰਦੇ ਹਨ। ਦੁਪਹਿਰ ਦਾ ਲੰਗਰ ਛਕ ਕੇ ਬੱਚਿਆਂ ਨੂੰ ਕਸਰਤ ਬਾਰੇ ਦੱਸਿਆ ਜਾਂਦਾ ਹੈ। ਕਈ ਬੱਚੇ ਗਤਕੇ ਵਿਚ ਭਾਗ ਲੈਂਦੇ ਹਨ। ਕਈ ਬੱਚੇ ਫੁਟਬਾਲ, ਹਾਕੀ ਆਦਿ ਖੇਡਾਂ ਵਿਚ ਭਾਗ ਲੈਂਦੇ ਹਨ। ਬੱਚਿਆਂ ਨੂੰ ਕੀਰਤਨ ਵੀ ਸਿਖਾਇਆ ਜਾਂਦਾ ਹੈ। ਜਿਹੜਾ ਸਬਦ ਸਿਖਿਆ ਹੋਵੇ ਬੱਚੇ ਸ਼ਾਮ ਦੇ ਦੀਵਾਨ ਵਿੱਚ ਸੰਗਤ ਨੂੰ ਰਹਿਰਾਸ ਤੋਂ ਬਾਅਦ ਸੁਣਾਉਂਦੇ ਹਨ। ਜਿਹੜਾ ਬੱਚਾ ਵਾਜਾ ਜਾਂ ਤਬਲਾ ਇੱਕ ਹਫਤੇ ਵਿਚ ਸਿੱਖ ਜਾਂਦਾ ਹੈ ਤੇ ਸਬਦ ਸੁਣਾ ਦਿੰਦਾ ਹੈ, ਉਸ ਨੂੰ ਵਾਜਾ ਜਾਂ ਤਬਲਾ ਮੁਫਤ ਦਿੱਤੇ ਜਾਂਦੇ ਹਨ। ਬੱਚੇ ਬਹੁਤ ਹੀ ਖੁਸ਼ ਹੁੰਦੇ ਹਨ। ਇਹ ਸਾਰਾ ਕੈਂਪ ਦਾ ਪ੍ਰੋਗਰਾਮ ਬਣਾਉਣ ਵਾਸਤੇ ਮੁਖੀ ਸੇਵਾਦਾਰਾਂ ਨੂੰ ਬਹੁਤ ਮਿਹਨਤ ਕਰਨੀ ਪੈਂਦੀ ਹੈ। ਉਹ ਦਿਨ ਰਾਤ ਇੱਕ ਕਰਕੇ ਆਪਣੇ ਕੰਮ ਕਾਰ ਛੱਡ ਕੇ ਪੂਰਾ ਧਿਆਨ ਪ੍ਰੋਗਰਾਮ ਦੀ ਤਿਆਰੀ ਵਿਚ ਲਗਾਉਂਦੇ ਹਨ। ਬੱਚੇ ਬੜੇ ਖੁਸ਼ ਹੁੰਦੇ ਹਨ। ਇਸ ਕੈਂਪ ਵਿਚ ਬੱਚਿਆਂ ਨੂੰ ਇੰਨਾ ਬਿਜੀ ਰੱਖਦੇ ਹਨ ਕਿ ਉਹ ਆਪਣਾ ਘਰਬਾਰ ਭੁਲ ਜਾਂਦੇ ਹਨ। ਦਿਨਾਂ ਦਾ ਪਤਾ ਹੀ ਨਹੀਂ ਲੱਗਦਾ ਕਿ ਕਿਹੜਾ ਦਿਨ ਹੈ ਅਤੇ ਕਿਧਰ ਗਿਆ। ਪਤਾ ਉਦੋਂ ਲੱਗਦਾ ਹੈ, ਜਦੋਂ ਇਨਾਮ ਮਿਲਣ ਦਾ ਸਮਾਂ ਆ ਜਾਂਦਾ ਹੈ। ਬੱਚਿਆਂ ਦੀ ਹੌਸਲਾ ਅਫਜਾਈ ਕਰਨ ਵਾਸਤੇ ਇਨਾਮ ਵੰਡੇ ਜਾਂਦੇ ਹਨ। ਜਾਣ ਤੋਂ ਪਹਿਲਾਂ ਡਾਕਟਰ ਦੁਪਿੰਦਰ ਸਿੰਘ ਨੇ ਸਾਰੇ ਬੱਚਿਆਂ ਨੂੰ ਕਿਹਾ ਕਿ ਤੁਸੀ ਪੰਜਾਬੀ ਜਰੂਰ ਸਿੱਖੋ। ਅਸੀ ਤਾਂ ਪੰਜਾਬ ਤੋਂ ਆਏ ਹਾਂ, ਤੁਸੀਂ ਇਥੇ ਜੰਮ ਪਲੇ ਹੋ। ਤੁਹਾਨੂੰ ਪੰਜਾਬੀ ਜਰੂਰ

ਆਉਣੀ ਚਾਹੀਦੀ ਹੈ। ਆਪਣੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਗੁਰਮੁਖੀ ਵਿਚ ਹਨ, ਜੇ ਤੁਸੀਂ ਪੰਜਾਬੀ ਨਹੀਂ ਸਿੱਖੋਗੇ ਤਾਂ ਪਾਠ ਕਿਸ ਤਰ੍ਹਾਂ ਕਰੋਗੇ। ਬੀਬੀਆਂ ਨੂੰ ਬੇਨਤੀ ਕੀਤੀ ਕਿ ਜਦੋਂ ਤੁਸੀਂ ਗੁਰਦੁਆਰੇ ਜਾਉ, ਆਪਣਾ ਬਾਣਾ ਪਾ ਕੇ ਜਾਉ। ਘਰ ਵਿਚ ਪੰਜਾਬੀ ਜਰੂਰ ਬੋਲੋ ਅਤੇ ਬੱਚਿਆਂ ਨੂੰ ਸਿਖਾਉ। ਡਾਕਟਰ ਨੇ ਸਾਰੇ ਸੇਵਾਦਾਰਾਂ ਤੇ ਬੱਚਿਆਂ ਦਾ ਧੰਨਵਾਦ ਕੀਤਾ। ਬੀਬੀਆਂ ਕੋਚਾਂ ਵਿਚ ਬੈਠਣ ਤੋਂ ਪਹਿਲਾਂ ਇੱਕ ਦੂਜੇ ਨੂੰ ਗੱਲਵਕੜੀ ਪਾ ਕੇ ਮਿਲਦੀਆਂ ਦਿਖਾਈ ਦਿੱਤੀਆਂ ਤੇ ਉਨ੍ਹਾਂ ਦੀਆਂ ਅੱਖਾਂ ਵਿਚੋਂ ਹੰਝੂ ਵਗਦੇ ਸਨ।

ਦਾਸ ਨੇ ਬੀਬੀ ਗੁਰਦੀਪ ਕੌਰ ਨੂੰ ਪੁਛਿਆ ਕਿ ਇਹ ਰੋਂਦੀਆਂ ਕਿਉਂ ਹਨ। ਗੁਰਦੀਪ ਕੌਰ ਨੇ ਦੱਸਿਆ ਕਿ ਇਹ ਖੁਸ਼ੀ ਦੇ ਹੰਝੂ ਹਨ। ਉਹ ਕਹਿੰਦੀਆਂ ਹਨ ਕਿ ਅਸੀਂ ਇਸ ਕੈਂਪ ਵਿਚ ਬਹੁਤ ਕੁਝ ਸਿਖਿਆ ਹੈ, ਬੀਬੀ ਨਵਲੀਨ ਕੌਰ ਦਾ ਪਿਆਰ ਅਸੀਂ ਭੁੱਲ ਨਹੀਂ ਸਕਦੇ। ਇਸ ਤਰ੍ਹਾਂ ਲੱਗਿਆ ਕਿ ਇੱਕ ਹਫਤਾ ਅਸੀਂ ਸਵਰਗ ਵਿਚ ਬਿਤਾਇਆ ਹੋਵੇ। ਸਾਰੇ ਸਵੇਰੇ ਉਠ ਕੇ ਸਿਮਰਨ ਕਰਦੇ ਸੀ, ਕੀਰਤਨ ਸੁਣਦੇ ਸੀ, ਇਹ ਸਭ ਕੁਝ ਘਰ ਵਿਚ ਪ੍ਰਾਪਤ ਨਹੀਂ ਹੋ ਸਕਦਾ।

ਇਸੇ ਤਰ੍ਹਾਂ 17 ਅਗਸਤ 1997 ਨੂੰ ਅਸੀਂ ਕਾਰ ਰਾਹੀਂ ਸਾਊਥਲ ਤੋਂ ਮਾਨਚੈਸਟਰ ਨੂੰ ਸਿੱਖੀ ਕੈਂਪ ਵਿਚ ਭਾਗ ਲੈਣ ਵਾਸਤੇ ਚਾਲੇ ਪਾਏ। ਸਾਢੇ ਤਿੰਨ ਘੰਟਿਆਂ ਵਿਚ ਸਾਰਾ ਰਸਤਾ ਤਹਿ ਕਰਕੇ ਮਾਨਚੈਸਟਰ ਪਹੁੰਚ ਗਏ। ਕੈਂਪ ਵਿਚ ਜਾਂਦਿਆਂ ਹੋਇਆਂ ਰਸਤੇ ਵਿਚ ਬਹੁਤ ਸੁੰਦਰ ਕੁਦਰਤੀ ਨਜ਼ਾਰੇ ਦੇਖਣ ਵਿਚ ਆਏ। ਇਹ ਕੈਂਪ ਫੋਜੀਆਂ ਦੀ ਰਹਿਣ ਵਾਲੀ ਜਗ੍ਹਾ ਤੇ ਲਗਾਇਆ ਗਿਆ ਸੀ। ਇਸ ਦੇ ਚਾਰੇ ਪਾਸੇ ਪਹਾੜੀ ਇਲਾਕਾ ਸੀ। ਇਥੇ ਸੜਕ ਇਸ ਤਰ੍ਹਾਂ ਟੇਡੀ ਜਾਂਦੀ ਸੀ, ਜਿਸ ਤਰ੍ਹਾਂ ਸੱਪ ਤੁਰਦਾ ਹੈ।

ਕੈਂਪ ਵਿਚ ਪਹੁੰਚੇ ਤਾਂ ਭਾਈ ਸੰਤੋਖ ਸਿੰਘ ਨੇ ਸਾਡਾ ਨਿੱਘਾ ਸਵਾਗਤ ਕੀਤਾ ਅਤੇ ਦਾਸ ਦੇ ਠਹਿਰਣ ਵਾਸਤੇ ਕਮਰਾ ਦਿਖਾਇਆ। ਇਹ ਫੌਜੀਆਂ ਦੇ ਅਫਸਰ ਦਾ ਕਮਰਾ ਲਗਦਾ ਸੀ। ਇਸ ਵੇਲੇ ਸੱਤ ਵੱਜੇ ਸਨ। ਭਾਈ ਸਾਹਿਬ ਨੇ ਸ਼ਾਮ ਦਾ ਪ੍ਰੋਗਰਾਮ ਦੱਸਿਆ ਕਿ ਪਹਿਲਾਂ ਇੱਕ ਘੰਟਾ ਵਾਹਿਗੁਰੂ ਦਾ ਸਿਮਰਨ ਹੋਇਆ ਅਤੇ ਹੁਣ ਬੱਚੇ ਕੀਰਤਨ ਦਾ ਅਨੰਦ ਮਾਣ ਰਹੇ ਹਨ। ਕੀਰਤਨ ਤੋਂ ਬਾਅਦ ਰਹਿਰਾਸ ਜੀ ਦਾ ਪਾਠ ਹੋਵੇਗਾ।

ਅਸੀਂ ਸਿੱਧੇ ਦਰਬਾਰ ਵਿਚ ਚਲੇ ਗਏ ਅਤੇ ਕੀਰਤਨ ਦਾ ਅਨੰਦ ਮਾਣਿਆ। ਰਹਿਰਾਸ ਤੋਂ ਬਾਅਦ ਸਮਾਪਤੀ ਦੀ ਅਰਦਾਸ ਸਾਢੇ ਅੱਠ ਵਜੇ ਹੋਈ। ਕੀਰਤਨ ਸੋਹਿਲੇ ਦਾ ਪਾਠ ਕਰਕੇ ਮਹਾਰਾਜ ਜੀ ਦਾ ਸਰੂਪ ਬੜੇ ਸਤਿਕਾਰ ਨਾਲ ਸੁਖਆਸਨ ਵਾਲੇ ਕਮਰੇ ਵੱਲ ਲੈ ਕੇ ਚੱਲ ਪਏ। ਸਾਰੀ ਸੰਗਤ ਮਹਾਰਾਜ ਜੀ ਦੀ ਸਵਾਰੀ ਦੇ ਪਿੱਛੇ-ਪਿੱਛੇ ਚਲ ਰਹੀ ਸੀ। ਦਾਸ ਇਹ ਦੇਖ ਕੇ ਬਹੁਤ ਖੁਸ਼ ਹੋਇਆ ਕਿ ਇਹ ਬੱਚੇ ਮਹਾਰਾਜ ਜੀ ਦਾ ਬੜਾ ਸਤਿਕਾਰ ਕਰ ਰਹੇ ਹਨ। ਕੋਈ ਵੀ ਮਹਾਰਾਜ ਜੀ ਦੀ ਸਵਾਰੀ ਤੋਂ ਅੱਗੇ ਨਹੀਂ ਤੁਰਿਆ, ਸਾਰੇ ਪਿੱਛੇ-ਪਿੱਛੇ ਤੁਰ ਰਹੇ ਸਨ ਅਤੇ ਸਾਰੇ ਬੜੇ ਪ੍ਰੇਮ ਨਾਲ ਵਾਹਿਗੁਰੂ ਦਾ

ਸਿਮਰਨ ਕਰ ਰਹੇ ਸਨ । ਮਹਾਰਾਜ ਜੀ ਦੀ ਸਵਾਰੀ ਆਪਣੇ ਅਸਥਾਨ 'ਤੇ ਪਹੁੰਚੀ ਤਾਂ ਸਾਰੀ ਸੰਗਤ ਨੇ ਕਮਰੇ ਤੋਂ ਬਾਹਰ ਪੱਧਰੇ ਮੈਦਾਨ ਵਿਚ ਖੜ੍ਹ ਕੇ ਇਹ ਸ਼ਬਦ ਪੜ੍ਹਿਆ :-

**ਜਿਥੈ ਜਾਇ ਬਹੈ ਮੇਰਾ ਸਤਿਗੁਰੂ, ਸੋ ਥਾਨ ਸੁਹਾਵਾ ਰਾਮ ਰਾਜੇ ॥**
**ਗੁਰਸਿਖੀਂ ਸੋ ਥਾਨੁ ਭਾਲਿਆ ਲੈ ਧੂਰਿ ਮੁਖਿ ਲਾਵਾ ॥**
**ਗੁਰਸਿਖਾ ਕੀ ਘਾਲ ਥਾਇ ਪਈ ਜਿਨ ਹਰਿ ਨਾਮੁ ਧਿਆਵਾ ॥**
**ਜਿਨ ਨਾਨਕੁ ਸਤਿਗੁਰੁ ਪੂਜਿਆ ਤਿਨ ਹਰਿ ਪੂਜ ਕਰਾਵਾ ॥**

*(ਆਸਾ ਮ: 4 ਪੰ:–450)*

ਪ੍ਰੋਗਰਾਮ ਦੀ ਸਮਾਪਤੀ ਤੋਂ ਬਾਅਦ ਸੈਕਟਰੀ ਨੇ ਅਨਾਊਂਸ ਕੀਤਾ ਕਿ ਅੰਮ੍ਰਿਤ ਵੇਲੇ ਚਾਰ ਵਜੇ ਮਹਾਰਾਜ ਜੀ ਦੀ ਸਵਾਰੀ ਦਰਬਾਰ ਵਿਚ ਲਿਆਂਦੀ ਜਾਵੇਗੀ । ਸਾਰਿਆਂ ਨੇ ਸਮੇਂ ਸਿਰ ਪੁਜ ਕੇ ਹਾਜ਼ਰੀ ਜਰੂਰ ਭਰਨੀ । ਪਹਿਲਾ ਅੱਧਾ ਘੰਟਾ ਸਿਮਰਨ ਹੋਵੇਗਾ ।

ਅੰਮ੍ਰਿਤ ਵੇਲੇ ਸਾਰੇ ਬੱਚਿਆਂ ਨੇ ਸੰਗਤ ਦੇ ਰੂਪ ਵਿਚ ਖੜ੍ਹੇ ਹੋ ਕੇ ਮਹਾਰਾਜ ਜੀ ਦੇ ਕਮਰੇ ਸਾਹਮਣੇ ਹੱਥ ਜੋੜ ਕੇ ਵਾਹਿਗੁਰੂ ਦੀ ਧੁੰਨੀ ਲਗਾ ਕੇ ਪ੍ਰਾਰਥਨਾ ਕੀਤੀ । ਸਾਰੇ ਬੇਨਤੀ ਕਰ ਰਹੇ ਸਨ, ਜਿਸ ਤਰ੍ਹਾਂ ਕਬੀਰ ਜੀ ਇਸ ਸ਼ਬਦ ਵਿਚ ਫੁਰਮਾ ਰਹੇ ਹਨ ।

**ਹਮ ਕੂਕਰ ਤੇਰੇ ਦਰਬਾਰਿ ॥ ਭਉਕਹਿ ਆਗੈ ਬਦਨੁ ਪਸਾਰਿ ॥**

*(ਰਾਮਕਲੀ ਕਬੀਰ ਜੀਉ ਪੰ:–969)*

ਇਸ ਵੇਲੇ ਬਹੁਤ ਅਨੰਦ ਆਇਆ । ਇੱਕ ਅੰਮ੍ਰਿਤ ਵੇਲਾ, ਦੂਸਰਾ ਸ਼ਾਂਤਮਈ ਵਾਤਾਵਰਣ ਸੀ । ਵਾਹਿਗੁਰੂ ਦੀ ਧੁੰਨੀ ਸ਼ੁਰੂ ਹੁੰਦਿਆਂ ਹੀ, ਪੰਛੀ ਵੀ ਅਕਾਸ਼ ਵਿਚ ਚਹਿ ਚਹਾਉਣ ਲੱਗੇ । ਇਸ ਤਰ੍ਹਾਂ ਲੱਗਦਾ ਸੀ ਕਿ ਇਹ ਵੀ ਵਾਹਿਗੁਰੂ ਦੇ ਗੁਣ ਗਾਉਂਦੇ ਹਨ । ਅੱਧਾ ਘੰਟਾ ਸਿਮਰਨ ਕਰਕੇ ਅਰਦਾਸ ਤੋਂ ਬਾਅਦ ਮਹਾਰਾਜ ਜੀ ਦਾ ਸਰੂਪ ਬੜੇ ਸਤਿਕਾਰ ਨਾਲ ਦਰਬਾਰ ਵੱਲ ਲੈ ਕੇ ਤੁਰ ਪਏ ।

ਜਦੋਂ ਇਹ ਨਜ਼ਾਰਾ ਦੇਖਿਆ ਤਾਂ ਸ੍ਰੀ ਹਰਿਮੰਦਰ ਸਾਹਿਬ ਜੀ ਦਾ ਦ੍ਰਿਸ਼ ਮੇਰੇ ਸਾਹਮਣੇ ਆ ਗਿਆ । ਜਿਸ ਤਰ੍ਹਾਂ ਅੰਮ੍ਰਿਤ ਵੇਲੇ ਮਹਾਰਾਜ ਜੀ ਦੀ ਸਵਾਰੀ ਸ੍ਰੀ ਅਕਾਲ ਤਖਤ ਸਾਹਿਬ ਤੋਂ ਦਰਬਾਰ ਸਾਹਿਬ ਲਿਜਾਈ ਜਾਂਦੀ ਹੈ ।

ਮਹਾਰਾਜ ਜੀ ਦਾ ਪ੍ਰਕਾਸ਼ ਕਰਕੇ ਫਿਰ ਸੰਗਤ ਨੇ ਸਿਮਰਨ ਸ਼ੁਰੂ ਕਰ ਦਿੱਤਾ । ਛੇ ਵਜੇ ਤਕ ਸਿਮਰਨ ਹੋਇਆ । ਛੇ ਤੋਂ ਸੱਤ ਵਜੇ ਤੱਕ ਬੱਚਿਆਂ ਨੇ ਕੀਰਤਨ ਰਾਹੀਂ ਮਹਾਰਾਜ ਜੀ ਦੇ ਗੁਣ ਗਾਏ । ਸੱਤ ਵਜੇ ਨਿੱਤਨੇਮ ਸ਼ੁਰੂ ਹੋਇਆ । ਨਿੱਤਨੇਮ ਤੋਂ ਬਾਅਦ ਸਭ ਨੇ ਨਾਸ਼ਤਾ ਛਕਿਆ । ਅਗਰ ਕੋਈ ਬੱਚਾ ਲੇਟ ਹੋ ਜਾਵੇ । ਨਿੱਤਨੇਮ ਵਿਚ ਵੀ ਹਿੱਸਾ ਨਾ ਲਵੇ ਤਾਂ ਉਸ ਨੂੰ ਗੁਟਕਾ ਦੇ ਦਿੰਦੇ ਸਨ, ਕਿ ਪਹਿਲਾਂ ਨਿੱਤਨੇਮ ਦਾ ਪਾਠ ਕਰੋ, ਫਿਰ ਨਾਸ਼ਤਾ ਕਰਨਾ । ਫਿਰ ਬਾਅਦ ਵਿਚ ਬੱਚੇ ਅਰਾਮ ਕਰਨ ਚਲੇ ਗਏ ।

ਗਿਆਰਾਂ ਤੋਂ ਇੱਕ ਵਜੇ ਤੱਕ ਬੱਚਿਆਂ ਨੂੰ ਗੁਰਸਿੱਖੀ ਬਾਰੇ ਦੱਸਿਆ। ਦੁਪਹਿਰ ਦੇ ਖਾਣੇ ਤੋਂ ਬਾਅਦ ਖੇਲਾਂ ਦਾ ਪ੍ਰੋਗਰਾਮ ਹੋਇਆ। ਬੱਚਿਆਂ ਨੂੰ ਕਾਫੀ ਬਿਜੀ ਰੱਖਿਆ ਜਾਂਦਾ ਹੈ। ਫਿਰ ਇਸੇ ਤਰ੍ਹਾਂ ਸ਼ਾਮ ਦਾ ਪ੍ਰੋਗਰਾਮ ਸ਼ੁਰੂ ਹੋਇਆ। ਇਸੇ ਤਰ੍ਹਾਂ ਹਰ ਰੋਜ਼ ਦਾ ਪ੍ਰੋਗਰਾਮ ਹੁੰਦਾ ਰਿਹਾ।

ਜਦੋਂ ਬੱਚੇ ਅਰਾਮ ਕਰਨ ਚਲੇ ਜਾਂਦੇ ਤਾਂ ਦਾਸ ਲੰਗਰ ਵਿਚ ਸੇਵਾ ਕਰਨ ਲੱਗ ਜਾਂਦਾ ਸੀ। ਲੰਗਰ ਵਿਚ ਬੀਬੀਆਂ ਬੜੇ ਚਾਅ ਨਾਲ ਸੇਵਾ ਕਰਦੀਆਂ ਸਨ। ਦਾਸ ਨੇ ਉਨ੍ਹਾਂ ਦਾ ਧੰਨਵਾਦ ਕੀਤਾ ਕਿ ਤੁਹਾਡਾ ਬਹੁਤ ਪ੍ਰਉਪਕਾਰ ਹੈ। 250 ਬੰਦਿਆਂ ਦਾ ਲੰਗਰ ਬਣਾਉਣਾ ਕੋਈ ਸੌਖਾ ਨਹੀਂ ਹੈ। ਜਿਨ੍ਹਾਂ ਬੀਬੀਆਂ ਨੇ ਲੰਗਰ ਦੀ ਸਾਰਾ ਹਫਤਾ ਸੇਵਾ ਕੀਤੀ, ਉਨ੍ਹਾਂ ਦੇ ਨਾਮ ਇਸ ਤਰ੍ਹਾਂ ਹਨ, ਬੀਬੀ ਰਸ਼ਪਾਲ ਕੌਰ, ਸੁਰਿੰਦਰ ਕੌਰ, ਅਮਰਜੀਤ ਕੌਰ, ਸੁਖਵਿੰਦਰ ਕੌਰ, ਜਗਦੀਪ ਕੌਰ ਅਤੇ ਕੁਲਵੰਤ ਕੌਰ।

ਸੇਵਾ ਕਰਦੀਆਂ ਬੀਬੀਆਂ ਨੇ ਆਪਣੀਆਂ ਚੀਜਾਂ ਦੀ ਵੀ ਕੋਈ ਪ੍ਰਵਾਹ ਨਹੀ ਕੀਤੀ। ਇੱਕ ਦਿਨ ਬੀਬੀ ਕਮਲਜੀਤ ਕੌਰ ਬਰਤਨ ਧੋਣ ਲੱਗੀ ਤਾਂ ਆਪਣੀ ਘੜੀ ਲਾਹ ਕੇ ਰਖ ਦਿੱਤੀ ਤੇ ਉਥੇ ਹੀ ਰਹਿ ਗਈ ਅਤੇ ਉਸਨੂੰ ਦੂਸਰੇ ਦਿਨ ਮਿਲੀ। ਬੀਬੀ ਜਗਦੀਪ ਕੌਰ ਆਪਣਾ ਕੈਮਰਾ ਲੰਗਰ ਵਿਚ ਭੁੱਲ ਗਈ। ਕਿਸੇ ਨੇ ਦਫਤਰ ਵਿਚ ਜਮ੍ਹਾਂ ਕਰਾ ਦਿੱਤਾ। ਉਸ ਨੇ ਦਫਤਰ ਤੋਂ ਪਤਾ ਕੀਤਾ ਤਾਂ ਮਿਲ ਗਿਆ।

ਦਾਸ ਇਹ ਦੇਖ ਕੇ ਬਹੁਤ ਖੁਸ਼ ਹੋਇਆ ਕਿ ਇਨ੍ਹਾਂ ਬੱਚਿਆਂ ਨੇ ਪਰਾਏ ਧੰਨ ਨੂੰ ਪਰਾਇਆ ਧੰਨ ਹੀ ਸਮਝਿਆ। ਇਹ ਬੱਚੇ ਗੁਰਸਿੱਖੀ ਦੇ ਅਸੂਲਾਂ 'ਤੇ ਚਲ ਰਹੇ ਹਨ।

**ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥**

*(ਮਾਝ ਮ: 1 ਪੰ:–141)*

ਅਫਰੀਕਾ ਵਿੱਚ ਸਿੱਖ ਅਤੇ ਗੋਰੇ ਦੀ ਆਪਸ ਵਿੱਚ ਦੋਸਤੀ ਹੋ ਗਈ। ਉਹ ਦੋਨੋ ਸ਼ਾਮ ਨੂੰ ਰੋਜ਼ਾਨਾ ਸੈਰ ਕਰਨ ਜਾਇਆ ਕਰਦੇ ਸਨ। ਇੱਕ ਦਿਨ ਸੈਰ ਕਰਦੇ-ਕਰਦੇ ਸਿੱਖ ਭਾਈ ਨੂੰ ਬਟੂਆ ਲੱਭਿਆ। ਉਸ ਵਿੱਚ ਬਹੁਤ ਮਾਇਆ ਸੀ। ਉਸਦਾ ਮਨ ਡੋਲ ਗਿਆ ਅਤੇ ਆਪਣੇ ਸਾਥੀ ਨੂੰ ਕਹਿਣ ਲੱਗਾ, ਸਾਨੂੰ ਪ੍ਰਮਾਤਮਾ ਵੱਲੋਂ ਗਿਫਟ (ਤੋਹਫਾ) ਮਿਲਿਆ ਹੈ। ਗੋਰੇ ਨੇ ਕਿਹਾ, ਇਸ ਉਪਰ ਸਾਡਾ ਕੋਈ ਹੱਕ ਨਹੀਂ। ਇਹ ਸਾਡੀ ਮਿਹਨਤ ਦੇ ਪੈਸੇ ਨਹੀਂ ਹਨ। ਸਿੱਖ ਨੇ ਕਿਹਾ, ਸਾਨੂੰ ਲੱਭੇ ਹਨ ਆਪਾਂ ਅੱਧੇ-ਅੱਧੇ ਕਰ ਲੈਂਦੇ ਹਾਂ। ਗੋਰੇ ਨੇ ਕਿਹਾ, ਆਪਾਂ ਰੇਡਿਉ 'ਤੇ ਅਨਾਊਂਸ ਕਰਾ ਦਿੰਦੇ ਹਾਂ ਜਿਸ ਦੇ ਹੋਣ ਪੁਲੀਸ ਕੋਲੋਂ ਨਿਸ਼ਾਨੀ ਦੱਸ ਕੇ ਲੈ ਜਾਣ। ਸਿੱਖ ਨੇ ਫਿਰ ਕਿਹਾ, ਅੱਧੇ-ਅੱਧੇ ਵੰਡ ਲਈਏ। ਗੋਰੇ ਨੇ ਕਿਹਾ, ਜਦੋਂ ਮੈਂ ਇੰਡੀਆ ਗਿਆ ਸੀ ਤਾਂ ਮੈਨੂੰ ਅੰਮ੍ਰਿਤਸਰ ਜਾਣ ਦਾ ਮੌਕਾ ਮਿਲਿਆ। ਉਥੇ ਕਥਾ ਹੋ ਰਹੀ ਸੀ। ਮੈਂ ਆਪਣੇ ਨਾਲ ਬੈਠੇ ਭਾਈ ਨੂੰ ਕਿਹਾ, ਮੈਨੂੰ ਸਮਝਾਉ ਇਹ ਕੀ ਕਹਿ ਰਹੇ ਹਨ ਤਾਂ ਉਸਨੇ ਜਵਾਬ ਦਿੱਤਾ ਗਿਆਨੀ ਜੀ ਦੱਸ ਰਹੇ ਹਨ 'ਹੱਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ' ਇਸ ਦਾ ਮਤਲਬ ਜਿਹੜਾ ਪਰਾਇਆ ਹੱਕ ਖਾਂਦਾ ਹੈ ਉਹ ਮੁਸਲਮਾਨ ਵਾਸਤੇ ਸੂਰ ਵਾਂਗ ਅਤੇ ਹਿੰਦੂ ਵਾਸਤੇ ਗਊ

ਵਾਂਗੂ ਹੈ। ਇਹ ਸੁਣ ਕੇ ਸਿੱਖ ਭਾਈ ਨੂੰ ਸ਼ਰਮ ਮਹਿਸੂਸ ਹੋਈ ਕਿ ਮੈਂ ਹਰ ਰੋਜ਼ ਬਾਣੀ ਪੜ੍ਹਦਾ ਹਾਂ ਮੇਰੇ 'ਤੇ ਕੋਈ ਅਸਰ ਨਹੀਂ ਹੋਇਆ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਬਚਨਾਂ ਉਪਰ ਅਮਲ ਨਹੀਂ ਕੀਤਾ। ਗੋਰੇ ਨੇ ਕਿਹਾ, ਜਿਸ ਦੇ ਪੈਸੇ ਗੁਆਚੇ ਹਨ ਉਸ ਨੂੰ ਮਿਲ ਜਾਣਗੇ ਤਾਂ ਉਸਦੀ ਆਤਮਾ ਕਿੰਨੀ ਖੁਸ਼ ਹੋਵੇਗੀ। ਰੇਡਿਓ 'ਤੇ ਅਨਾਊਂਸ ਤੋਂ ਬਾਅਦ ਜਿਸ ਦਾ ਬਟੂਆ ਸੀ ਜਦੋਂ ਉਹ ਲੈਣ ਆਇਆ ਤਾਂ ਉਸ ਨੇ ਦੱਸਿਆ ਕਿ ਇਹ ਪੈਸੇ ਮੈਂ ਆਪਣੀ ਬੱਚੀ ਦੀ ਸ਼ਾਦੀ ਵਿੱਚ ਖਰਚ ਕਰਨ ਵਾਸਤੇ ਬੈਂਕ ਤੋਂ ਲੈ ਕੇ ਆਇਆ ਸੀ। ਉਹ ਬਹੁਤ ਖੁਸ਼ ਹੋਇਆ 'ਤੇ ਅਸੀਸਾਂ ਦਿੱਤੀਆਂ ਕਿ ਤੁਸੀਂ ਇਨਸਾਨ ਨਹੀਂ ਮੇਰੇ ਲਈ ਦੇਵਤਾ ਹੋ, ਮੇਰਾ ਬਟੂਆ ਵਾਪਸ ਕਰ ਦਿੱਤਾ। ਜਿਤਨੀ ਮੈਨੂੰ ਖੁਸ਼ੀ ਮਿਲੀ ਹੈ ਇਤਨੀ ਤੁਹਾਨੂੰ ਸਾਰੀ ਉਮਰ ਮਿਲੇ।

ਸਿੱਖੀ ਕੈਂਪ ਵਿਚ ਭਾਈ ਜੀਵਨ ਸਿੰਘ ਜੀ, ਸੰਤ ਮਾਨ ਸਿੰਘ ਜੀ ਅਤੇ ਸੰਤ ਰੇਸ਼ਮ ਸਿੰਘ ਜੀ ਨੇ ਵੀ ਭਾਗ ਲਿਆ ਅਤੇ ਆਪਣੇ ਆਪਣੇ ਵਿਚਾਰ ਬੱਚਿਆਂ ਨੂੰ ਸੁਣਾਏ। ਭਾਈ ਜੀਵਨ ਸਿੰਘ ਜੀ ਅਤੇ ਸੰਤ ਮਾਨ ਸਿੰਘ ਜੀ ਨੇ ਰਸਭਿੰਨਾ ਕੀਰਤਨ ਕੀਤਾ। ਸੰਤ ਰੇਸ਼ਮ ਸਿੰਘ ਜੀ ਨੇ ਗੁਰਬਾਣੀ ਬਾਰੇ ਚਾਨਣਾ ਪਾਇਆ। ਅਖੀਰਲੇ ਦਿਨ ਸਾਊਥਲ ਦੇ ਬੱਚਿਆਂ ਨੇ ਗੱਤਕੇ ਦੇ ਜੌਹਰ ਦਿਖਾਏ। ਸਭ ਨੂੰ ਬਹੁਤ ਪਸੰਦ ਆਇਆ।

ਦਾਸ ਨੇ ਕਈ ਕੈਂਪਾਂ ਵਿਚ ਭਾਗ ਲਿਆ ਜਿਸ ਤਰ੍ਹਾਂ ਕੈਨੇਡਾ, ਅਮਰੀਕਾ, ਮਲੇਸ਼ੀਆ ਅਤੇ ਇੰਗਲੈਂਡ ਦੇ ਵੱਖ-ਵੱਖ ਕੈਂਪਾਂ ਵਿਚ ਹਾਜ਼ਰੀ ਭਰੀ। ਪਰ ਇਸ ਸਾਲ ਬ੍ਰਿਟਿਸ਼ ਆਰਗਨਾਈਜੇਸ਼ਨ ਆਫ ਸਿੱਖ ਸਟੂਡੈਂਟਸ ਵਾਲਿਆਂ ਨੇ ਕੈਂਪ ਲਗਾਇਆ। ਇਥੇ ਅਜੀਬ ਹੀ ਨਜ਼ਾਰਾ ਸੀ। ਅੰਮ੍ਰਿਤ ਵੇਲੇ ਚਾਰ ਵਜੇ ਬੱਚਿਆਂ ਨੇ ਖੜ੍ਹੇ ਹੋ ਕੇ ਵਾਹਿਗੁਰੂ ਦੀ ਧੁੰਨੀ ਲਗਾਈ ਤੇ ਅਨੰਦ ਹੀ ਅਨੰਦ ਅਨੁਭਵ ਹੋਇਆ। ਅਗਰ ਸਾਰਾ ਸਿੱਖ ਜਗਤ ਇਸੇ ਤਰ੍ਹਾਂ ਅੰਮ੍ਰਿਤ ਵੇਲੇ ਵਾਹਿਗੁਰੂ ਦਾ ਸਿਮਰਨ ਕਰੇ ਤਾਂ ਮਹਾਰਾਜ ਆਪਣੇ ਬੱਚਿਆਂ ਉਪਰ ਬਹੁਤ ਖੁਸ਼ ਹੋਣਗੇ ਅਤੇ ਫਿਰ :-

**ਜੋ ਮਾਗਹਿ ਠਾਕੁਰ ਆਪੁਨੇ ਤੇ, ਸੋਈ ਸੋਈ ਦੇਵੈ ॥**
**ਨਾਨਕ ਦਾਸੁ ਮੁਖ ਤੇ ਜੋ ਬੋਲੈ, ਈਹਾ ਊਹਾ ਸਚੁ ਹੋਵੈ ॥**

*(ਧਨਾਸਰੀ ਮ: 5 ਪੰ:-681)*

ਕੈਂਪ ਵਿਚ ਭਾਈ ਜਗਜੀਤ ਸਿੰਘ ਨੇ ਆਪਣੇ ਵਿਚਾਰ ਬੱਚਿਆਂ ਅੱਗੇ ਰੱਖੇ ਕਿ ਅਸੀਂ ਸਿੱਖ ਪਰਿਵਾਰ ਵਿਚ ਜਨਮ ਲੈ ਕੇ ਇੰਨੇ ਢਿੱਲੇ ਕਿਉਂ ਹਾਂ। ਸਾਡੇ ਨਾਲੋਂ ਤਾਂ ਗੋਰੇ ਹੀ ਚੰਗੇ ਹਨ, ਜਿਹੜੇ ਦੂਸਰੇ ਧਰਮ ਵਿਚੋਂ ਆ ਕੇ ਪੂਰੀ ਰਹਿਤ ਰੱਖਦੇ ਹਨ। ਆਪਾਂ ਤਾਂ ਸਿੱਖ ਧਰਮ ਵਿਚ ਜਨਮ ਲਿਆ ਹੈ, ਸਾਨੂੰ ਚਾਅ ਕਿਉਂ ਨਹੀਂ ਹੈ। ਅੱਜ ਕਲ੍ਹ ਦੇ ਸਿੱਖ ਨੌਜਵਾਨ ਬੱਚਿਆਂ ਦੇ ਸਿਰ ਤੇ ਪੱਗਾਂ ਅਤੇ ਕੰਨਾਂ ਵਿਚ ਵਾਲੀਆਂ ਪਾਈਆਂ ਹੁੰਦੀਆਂ ਹਨ। ਇਸ ਤਰ੍ਹਾਂ ਕੰਨਾਂ ਵਿਚ ਵਾਲੀਆਂ ਪਾ ਕੇ ਫਿਰਦੇ ਹਨ, ਗੁਰੂ ਗੋਬਿੰਦ ਸਿੰਘ ਜੀ ਇਨਾਂ ਨੂੰ ਰਾਜ ਕਿਸ ਤਰ੍ਹਾਂ ਦੇਣਗੇ।

ਜਦੋਂ ਮੈਂ ਅੰਮ੍ਰਿਤ ਛਕਿਆ ਸੀ ਤਾਂ ਪੰਜਾਂ ਪਿਆਰਿਆਂ ਨੇ ਉਪਦੇਸ਼ ਦਿੱਤਾ ਸੀ ਕਿ ਬੀਬੀਆਂ ਨੂੰ ਵੀ ਨੱਕ ਤੇ ਕੰਨ ਨਹੀਂ ਵਿੰਨਣੇ ਚਾਹੀਦੇ। ਹੁਣ ਤਾਂ ਸਿੰਘਾਂ ਦੇ ਲੜਕੇ ਵੀ ਵਿੰਨਣ ਲੱਗ ਪਏ ਹਨ। ਮੈਂ ਕਲ੍ਹ ਹੀ ਸੂਰਾ ਪੱਤਰ ਵਿਚ ਪੜ੍ਹਿਆ, ਉਸ ਵਿਚ ਲਿਖਿਆ ਹੋਇਆ ਸੀ :-

ਕੀ ਤੁਸੀਂ ਉਸ ਕਲਗੀਆਂ ਵਾਲੇ ਦੇ ਸਿੱਖ ਹੋ, ਜਿਸ ਨੇ ਤੁਹਾਡੀ ਹੋਂਦ ਨੂੰ ਕਾਇਮ ਰੱਖਣ ਵਾਸਤੇ ਆਪਣਾ ਸਾਰਾ ਪਰਿਵਾਰ ਕੁਰਬਾਨ ਕਰ ਦਿੱਤਾ ? ਕੀ ਤੁਸੀਂ ਉਨ੍ਹਾਂ ਸ਼ਹੀਦਾਂ ਦੀ ਔਲਾਦ ਹੋ, ਜਿਨ੍ਹਾਂ ਨੇ ਸਿੱਖੀ ਦੀ ਖਾਤਰ ਆਰਿਆਂ ਨਾਲ ਤਨ ਚਰਵਾਏ, ਖੋਪਰੀਆਂ ਲੁਹਾਈਆਂ, ਬੰਦ-ਬੰਦ ਕਟਵਾਏ, ਚਰਖੜੀਆਂ ਤੇ ਚੜ੍ਹੇ, ਦੇਗਾਂ ਵਿਚ ਉਬਾਲੇ ਗਏ ਅਤੇ ਨੇਜਿਆਂ 'ਤੇ ਸਿਰ ਟੰਗਵਾਏ। ਜ਼ੁਲਮ ਦਾ ਟਾਕਰਾ ਕਰਦੇ ਹੋਏ ਅਸਹਿ ਤੇ ਅਕਹਿ ਕਸ਼ਟ ਸਹਾਰੇ ਪਰ ਧਰਮ ਨਹੀਂ ਹਾਰਿਆਂ, ਸਾਬਤ ਸੂਰਤ ਰਹੇ, ਸਿੱਖੀ ਨੂੰ ਦਾਗ ਨਾ ਲੱਗਣ ਦਿੱਤਾ ?

ਕੀ ਤੁਸੀਂ ਉਨ੍ਹਾਂ ਸੂਰਬੀਰਾਂ ਮਾਤਾਵਾਂ ਦੀ ਔਲਾਦ ਹੋ, ਜਿਨ੍ਹਾਂ ਨੇ ਆਪਣੇ ਮਸੂਮ ਬੱਚਿਆਂ ਦੇ ਟੋਟੇ-ਟੋਟੇ ਕਰਵਾ ਕੇ ਝੋਲੀਆਂ ਵਿਚ ਪਵਾਏ, ਬੱਚਿਆਂ ਦੀਆਂ ਆਂਦਰਾਂ ਦੇ ਗਲਾਂ ਵਿਚ ਹਾਰ ਪਵਾਏ, ਜਰਵਾਣਿਆਂ ਦੀਆਂ ਕੈਦ ਕੋਠੜੀਆਂ ਵਿਚ ਸਵਾ ਸਵਾ ਮਣ ਪੀਸਣ ਪੀਸੇ, ਜੰਗਾਂ ਯੁੱਧਾਂ ਵਿਚ ਆਪਣੇ ਵੀਰਾਂ ਨਾਲ ਮੋਢੇ ਨਾਲ ਮੋਢਾ ਲਾ ਕੇ ਜੂਝਦੀਆਂ ਰਹੀਆਂ, ਆਪਣੇ ਪਤੀ-ਵਰਤਾ ਸਿੱਖੀ ਧਰਮ ਨੂੰ ਕੇਸਾਂ ਸੁਆਸਾਂ ਸੰਗ ਨਿਭਾਇਆ ? ਕੀ ਤੁਸੀਂ ਸਾਹਿਬ ਫਤਹਿ ਸਿੰਘ ਅਤੇ ਸਾਹਿਬ ਜੋਰਾਵਰ ਸਿੰਘ ਜਿਹੇ ਅਦੁੱਤੀ ਭੁਝੰਗੀਆਂ ਦੇ ਵੀਰ ਭਰਾ ਹੋ, ਜਿਹੜੇ ਆਖਰੀ ਦਮ ਤੱਕ ਨਿਰਭੈ ਰਹੇ, ਧਰਮ ਤੋਂ ਨਾ ਡੋਲੇ, ਕੇਸ ਕਤਲ ਕਰਵਾ ਕੇ ਅਧਰਮੀ ਨਾ ਬਣੇ, ਆਪਣੇ ਸਿੱਖੀ ਬਾਣੇ ਨੂੰ ਲਾਜ ਨਾ ਲਾਈ, ਜਿਊਂਦੇ ਜੀ ਨੀਹਾਂ ਵਿਚ ਚਿਣੇ ਜਾਣਾ ਮਨਜ਼ੂਰ ਕਰ ਲਿਆ ? ਜੇ ਤੁਸੀਂ ਉਨ੍ਹਾਂ ਸੂਰਮਿਆਂ ਅਤੇ ਯੋਧਿਆਂ ਦੀ ਸੰਤਾਨ ਹੋ, ਜਿਨ੍ਹਾਂ ਤੋਂ ਹਕੂਮਤਾਂ ਕਿਸੇ ਵੇਲੇ ਥਰ-ਥਰ ਕੰਬਦੀਆਂ ਸਨ। ਜਿਨ੍ਹਾਂ ਦੀ ਕਿਰਪਾਨ ਗਰੀਬਾਂ ਅਤੇ ਮਜਲੂਮਾਂ ਲਈ ਢਾਲ ਅਤੇ ਜਰਵਾਣਿਆਂ ਅਤੇ ਜਾਲਮਾਂ ਲਈ ਤੇਜ਼ ਕਟਾਰ ਸੀ।

ਜੇ ਤੁਸੀਂ ਆਪਣੇ ਆਪ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਿੰਘ ਅਖਵਾਉਂਦੇ ਹੋ ਤਾਂ ਆਪਣੇ ਗੁਰੂ ਦੇ ਨਾਮ ਨੂੰ ਵੱਟਾ ਕਿਉਂ ਲਗਾ ਰਹੇ ਹੋ ? ਕੇਸਾਂ ਦੀ ਬੇਅਦਬੀ ਕਿਉਂ ਕਰ ਰਹੇ ਹੋ ? ਆਪਣੇ ਸਾਬਤ ਸਰੂਪ ਨੂੰ ਕਿਉਂ ਭੰਨ ਰਹੇ ਹੋ ? ਕੁਰਹਿਤਾਂ ਵਿਚ ਕਿਉਂ ਫਸ ਰਹੇ ਹੋ ? ਸਿੱਖੀ ਤੋਂ ਬੇਮੁਖ ਕਿਉਂ ਹੋ ਰਹੇ ਹੋ ? ਪਤਿਤ ਕਿਉਂ ਹੋ ਰਹੇ ਹੋ ? ਸਿੱਖੀ ਰਹੁ-ਰੀਤ ਕਿਉਂ ਭੁਲ ਰਹੇ ਹੋ ? ਨਾਮ ਬਾਣੀ ਦੇ ਅੰਮ੍ਰਿਤ ਨਾਮ ਰਸ ਨੂੰ ਛੱਡ ਕੇ ਬਿਖੇ-ਰਸ ਦੇ ਅਮਲੀ ਕਿਉਂ ਬਣੀ ਜਾ ਰਹੇ ਹੋ ? ਗੁਰਮੁਖਤਾਈ ਛੱਡ ਕੇ ਮਨਮੁਖ ਕਿਉਂ ਬਣ ਰਹੇ ਹੋ ? ਨਿਗੁਣੇ ਲਾਲਚਾਂ ਵਿਚ ਫਸ ਕੇ ਆਪਣੀ ਪੱਗ ਨੂੰ ਕਿਉਂ ਦਾਗ ਲਾ ਰਹੇ ਹੋ ? ਅਨਮਤੀਆਂ ਵਿਚ ਕਿਉਂ ਰਲਦੇ ਜਾ ਰਹੇ ਹੋ ? ਆਪਣੀ ਵਿਲੱਖਣਤਾ ਕਿਉਂ ਗੁਆ ਰਹੇ ਹੋ ? ਆਪਣੇ ਅਸਲੇ ਨੂੰ ਕਿਉਂ ਨਹੀਂ

ਪਹਿਚਾਣਦੇ ? ਸ਼ੇਰਾਂ ਦੇ ਬੱਚੇ ਭੇਡਾਂ ਨਾਲ ਰਲ ਕੇ ਆਪਣੀ ਸ਼ੇਰਾਂ ਵਾਲੀ ਭਬਕ ਭੁੱਲ ਕੇ ਮੈਂ-ਮੈਂ ਕਿਉਂ ਕਰਨ ਲੱਗ ਪਏ ?

ਇਹ ਬਚਨ ਸੁਣ ਕੇ ਬੱਚਿਆਂ 'ਤੇ ਬਹੁਤ ਅਸਰ ਹੋਇਆ। ਬੱਚਿਆਂ ਨੂੰ ਸੋਝੀ ਆਈ। ਮਿਲ ਕੇ ਗੁਰੂ ਗੋਬਿੰਦ ਸਿੰਘ ਜੀ ਅੱਗੇ ਅਰਦਾਸਾਂ ਕਰਨ ਲੱਗੇ ਕਿ ਹੇ ਸੱਚੇ ਪਾਤਸ਼ਾਹ ਤੁਹਾਨੂੰ ਰਹਿਤ ਪਿਆਰੀ ਹੈ। ਸਾਡੇ ਤੇ ਕ੍ਰਿਪਾ ਕਰੋ, ਸਾਨੂੰ ਵੀ ਰਹਿਤ ਪਿਆਰੀ ਲੱਗੇ। ਸਾਨੂੰ ਵੀ ਸਿੱਖੀ ਦਾਨ ਅਤੇ ਰਹਿਤ ਦਾਨ ਬਖਸ਼ੋ। ਉਨ੍ਹਾਂ ਨੇ ਮਨ ਬਣਾ ਲਿਆ ਕਿ ਹੁਣ ਰਹਿਤ ਵਿਚ ਪੂਰੇ ਰਹਾਂਗੇ।

**ਅਰਦਾਸਿ ਸੁਣੀ ਦਾਤਾਰਿ ਪ੍ਰਭਿ ਹੋਏ ਕਿਰਪਾਲ ॥**
**ਰਾਖਿ ਲੀਆ ਅਪਨਾ ਸੇਵਕੋ, ਮੁਖਿ ਨਿੰਦਕ ਛਾਰੁ ॥**

*(ਬਿਲਾਵਲੁ ਮ: 5 ਪੰ:-818)*

*****

# ਨਗਰ ਕੀਰਤਨ

ਕੋਈ ਵੀ ਗੁਰਪੁਰਬ ਹੋਵੇ ਤਾਂ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰੇ ਦਿਨ ਦੇ ਦਿਨ ਮਨਾਇਆ ਜਾਂਦਾ ਹੈ। ਅਖੰਡ ਪਾਠ ਜੀ ਦੇ ਭੋਗ ਪਾਏ ਜਾਂਦੇ ਹਨ। ਐਤਵਾਰ ਨੂੰ ਵੀ ਮਨਾਇਆ ਜਾਂਦਾ ਹੈ। ਹਰ ਹਫਤੇ ਇੱਕ ਜਾਂ ਦੋ ਅਖੰਡ ਪਾਠਾਂ ਦੇ ਭੋਗ ਪਾਏ ਜਾਂਦੇ ਹਨ। ਹਰੇਕ ਬੈਂਕ ਹੋਲੀਡੇ ਤੇ ਰੈਣ ਸਬਾਈ ਕੀਰਤਨ ਜਾਂ ਰਾਤ ਦੇ ਬਾਰਾਂ ਵਜੇ ਤੱਕ ਪ੍ਰੋਗਰਾਮ ਹੁੰਦਾ ਹੈ। ਵਿਸਾਖੀ, ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਉਤਸਵ ਤੇ ਅੰਮ੍ਰਿਤ ਸੰਚਾਰ ਜਰੂਰ ਹੁੰਦਾ ਹੈ। ਕੋਈ ਵੀ ਸ਼ਹੀਦੀ ਪੁਰਬ ਹੋਵੇ ਤਾਂ ਢਾਡੀ ਦਰਬਾਰ ਹੁੰਦਾ ਹੈ। ਕਦੀ-ਕਦੀ ਢਾਡੀਆਂ ਦਾ ਪ੍ਰੋਗਰਾਮ ਰਾਤ ਦੇ ਬਾਰਾਂ ਵਜੇ ਤੱਕ ਹੁੰਦਾ ਹੈ। ਨਵਾਂ ਸਾਲ ਲੋਕ ਗੁਰਦੁਆਰੇ ਜਾ ਕੇ ਬੜੀ ਧੂਮ-ਧਾਮ ਨਾਲ ਮਨਾਉਂਦੇ ਹਨ। 31 ਦਸੰਬਰ ਰਾਤ ਨੂੰ ਅਖੀਰਲੀਆਂ ਘੜੀਆਂ ਜਦੋਂ ਮੂਲਮੰਤਰ ਦਾ ਪਾਠ ਸ਼ੁਰੂ ਹੁੰਦਾ ਹੈ ਤਾਂ ਫਿਰ ਇੰਨਾ ਅਨੰਦ ਆਉਂਦਾ ਹੈ, ਸਾਰੇ ਪ੍ਰਾਣੀ ਦਿਲੋਂ ਅਰਦਾਸਾਂ ਕਰਦੇ ਹਨ ਕਿ ਹੇ ਸੱਚੇ ਪਾਤਸ਼ਾਹ, ਆਉਣ ਵਾਲਾ ਸਾਲ ਸੁੱਖ ਸ਼ਾਂਤੀ ਨਾਲ ਬੀਤੇ। ਨਵੇਂ ਸਾਲ ਦੀ ਅਰਦਾਸ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਜੁੜਦੀਆਂ ਹਨ। ਇਹ ਨਜ਼ਾਰਾ ਵੀ ਦੇਖਣ ਵਾਲਾ ਹੁੰਦਾ ਹੈ। ਬਹੁਤ ਅਨੰਦ ਆਉਂਦਾ ਹੈ। ਸਿੰਘ ਸਭਾ ਗੁਰਦੁਆਰੇ ਤੋਂ ਸਾਲ ਵਿਚ ਦੋ ਵਾਰੀ ਨਗਰ ਕੀਰਤਨ ਨਿਕਲਦਾ ਹੈ।

ਇਸ ਸਾਲ ਦੀ ਵਿਸਾਖੀ ਤੇ ਬੜਾ ਭਾਰੀ ਨਗਰ ਕੀਰਤਨ ਨਿਕਲਿਆ। ਸਾਢੇ ਗਿਆਰਾਂ ਵਜੇ ਅਰਦਾਸ ਤੋਂ ਬਾਅਦ ਮਹਾਰਾਜ ਜੀ ਦੀ ਸਵਾਰੀ ਪੰਜ ਪਿਆਰਿਆਂ ਦੀ ਅਗਵਾਈ ਹੇਠ ਰਵਾਨਾ ਹੋਈ। ਨਗਰ ਕੀਰਤਨ ਸ਼ੁਰੂ ਹੋਣ ਤੋਂ ਪਹਿਲਾਂ ਪਟਾਕੇ ਤੇ ਆਤਸ਼ਬਾਜੀ ਚਲਾਈ ਗਈ। ਆਤਸ਼ਬਾਜੀ ਸਪੈਸ਼ਲ ਚੀਨ ਤੋਂ ਮੰਗਵਾਈ ਗਈ ਸੀ। ਨਗਰ ਕੀਰਤਨ ਵਿਕਟੋਰੀਆ ਰੋਡ, ਨੌਰਵੁਡ ਰੋਡ, ਅਤੇ ਕਿੰਗ ਸਟਰੀਟ ਤੋਂ ਹੁੰਦਾ ਹੋਇਆ ਬਰੋਡਵੇ ਵੱਲ ਨੂੰ ਚੱਲਿਆ। ਸੰਗਤਾਂ ਬੜੇ ਚਾਅ ਨਾਲ ਭਾਗ ਲੈ ਰਹੀਆਂ ਸਨ। ਬੱਚੇ ਵੀ ਹੱਥਾਂ ਵਿਚ ਕੇਸਰੀ ਰੰਗ ਦੇ ਝੰਡੇ ਲਈ ਨਗਰ ਕੀਰਤਨ ਵਿਚ ਜੈ ਕਾਰੇ ਲਗਾ ਰਹੇ ਸਨ।

**ਬੋਲੇ ਸੋ ਨਿਹਾਲ**
**ਸਤਿ ਸ੍ਰੀ ਅਕਾਲ**

ਮਹਾਰਾਜ ਜੀ ਦੀ ਸਵਾਰੀ ਦੇ ਨਾਲ ਨਾਲ ਕੀਰਤਨ ਹੋ ਰਿਹਾ ਸੀ। ਨਗਰ ਕੀਰਤਨ ਵਿਚ ਸੰਗਤਾਂ ਕੀਰਤਨ ਦਾ ਅਨੰਦ ਮਾਣ ਰਹੀਆਂ ਸਨ। ਬਜ਼ੁਰਗਾਂ ਵਾਸਤੇ ਸ਼ਪੈਸ਼ਲ ਗੱਡੀਆਂ ਦਾ ਇੰਤਜ਼ਾਮ ਸੀ। ਸੰਗਤਾਂ ਗੱਡੀਆਂ ਤੇ ਬੈਠੀਆਂ ਵੀ ਕੀਰਤਨ ਕਰ ਰਹੀਆਂ ਸਨ। ਸਾਰੇ ਟਰੱਕਾਂ ਤੇ ਵੀ ਵਾਹਿਗੁਰੂ ਦਾ ਜਾਪ ਹੋ ਰਿਹਾ ਸੀ। ਇੱਕ ਟਰੱਕ ਤੇ ਬੀਬੀਆਂ ਨੇ :-

'ਵਾਹੁ ਵਾਹੁ ਗੋਬਿੰਦ ਸਿੰਘ ਜੀ ਆਪੇ ਗੁਰ ਚੇਲਾ
ਕਲਗੀਆਂ ਵਾਲੇ ਗੋਬਿੰਦ ਸਿੰਘ ਜੀ,
ਬਾਜਾਂ ਵਾਲੇ ਗੋਬਿੰਦ ਸਿੰਘ ਜੀ
ਵਾਹੁ ਵਾਹੁ ਗੋਬਿੰਦ ਸਿੰਘ ਜੀ ਆਪੇ ਗੁਰੁ ਚੇਲਾ'

ਦੀ ਧੁੰਨ ਲਗਾਈ ਹੋਈ ਸੀ। ਉਹ ਵਾਰ ਵਾਰ ਇਹ ਪੰਗਤੀ ਪੜ੍ਹ ਰਹੀਆਂ ਸਨ ਅਤੇ ਸ਼ਬਦ ਕੀਰਤਨ ਕਰ ਰਹੀਆਂ ਸਨ। ਇੱਕ ਟਰੱਕ ਤੇ ਨੌਜਵਾਨ ਬੱਚੇ ਤੇ ਬੱਚਿਆਂ ਨੇ ਵਾਹਿਗੁਰੂ ਦੀ ਧੁੰਨੀ ਲਗਾਈ ਹੋਈ ਸੀ। ਵਾਹਿਗੁਰੂ ਦਾ ਸਿਮਰਨ ਕਰ ਰਹੇ ਸਨ ਨਾਲੇ ਕਵਿਤਾ ਪੜ੍ਹ ਰਹੇ ਸਨ।

ਜਦ ਗੁਰੂ ਗੋਬਿੰਦ ਸਿੰਘ ਜੀ ਆਏ ਚਮਕਾਰੇ ਪੈਂਦੇ ਚੱਕਰਾਂ ਦੇ,
ਪਿਤਾ ਗੁਰਾਂ ਦਾ ਤੇਗ ਬਹਾਦਰ, ਮਾਤਾ ਗੁਜਰੀ ਜਾਏ,
ਚਮਕਾਰੇ ਪੈਂਦੇ ਚੱਕਰਾਂ ਦੇ, ਜਦ ਗੁਰੂ ਗੋਬਿੰਦ ਸਿੰਘ ਜੀ ਆਏ,
ਚਮਕਾਰੇ ਪੈਂਦੇ ਚੱਕਰਾਂ ਦੇ।
ਜਨਮ ਗੁਰਾਂ ਦਾ ਪਟਨੇ ਸ਼ਹਿਰ ਦਾ, ਅਨੰਦਪੁਰ ਡੇਰੇ ਲਾਏ,
ਚਮਕਾਰੇ ਪੈਂਦੇ ਚੱਕਰਾਂ ਦੇ, ਜਦ ਗੁਰੂ ਗੋਬਿੰਦ ਸਿੰਘ ਜੀ ਆਏ,
ਚਮਕਾਰੇ ਪੈਂਦੇ ਚੱਕਰਾਂ ਦੇ।
ਹੇਠ ਗੁਰਾਂ ਦੇ ਨੀਲਾ ਘੋੜਾ, ਹੱਥ ਵਿਚ ਬਾਜ ਸਜਾਏ,
ਚਮਕਾਰੇ ਪੈਂਦੇ ਚੱਕਰਾਂ ਦੇ, ਜਦ ਗੁਰੂ ਗੋਬਿੰਦ ਸਿੰਘ ਜੀ ਆਏ,
ਚਮਕਾਰੇ ਪੈਂਦੇ ਚੱਕਰਾਂ ਦੇ।
ਪੈਰ ਗੁਰਾਂ ਦੇ ਸੁੰਦਰ ਜੋੜਾ, ਤਿੱਲੇ ਨਾਲ ਸਜਾਏ,
ਚਮਕਾਰੇ ਪੈਂਦੇ ਚੱਕਰਾ ਦੇ, ਜਦ ਗੁਰੂ ਗੋਬਿੰਦ ਸਿੰਘ ਜੀ ਆਏ,
ਚਮਕਾਰੇ ਪੈਂਦੇ ਚੱਕਰਾਂ ਦੇ।

ਸੰਗਤ ਜਿੰਨੀ ਵੀ ਟਰੱਕਾਂ ਗੱਡੀਆਂ ਤੇ ਬੈਠੀ ਸੀ, ਸਾਰੇ ਹੀ ਵਾਹਿਗੁਰੂ ਦਾ ਜਾਪ ਕਰ ਰਹੇ ਸਨ ਅਤੇ ਕੀਰਤਨ ਕਰ ਰਹੇ ਸਨ। ਇਹ ਦ੍ਰਿਸ਼ ਵੀ ਦੇਖਣ ਵਾਲਾ ਸੀ। ਸਭ ਨੂੰ ਕਿੰਨਾ ਚਾਅ ਸੀ ਸਾਰੇ ਖੁਸ਼ ਦਿਖਾਈ ਦਿੰਦੇ ਸਨ। ਜਿਹੜੇ ਨਗਰ ਕੀਰਤਨ ਦੇ ਨਾਲ ਨਹੀਂ ਜਾ ਸਕੇ, ਵਿਆਹ ਜਾਂ ਹੋਰ ਕਿਤੇ ਜਰੂਰੀ ਜਾਣਾ ਪਿਆ, ਉਹ ਬੜੇ ਪਛਤਾਉਂਦੇ ਸਨ ਜਦੋਂ ਉਨ੍ਹਾਂ ਨੂੰ ਪਤਾ ਲੱਗਿਆ ਕਿ ਨਗਰ ਕੀਰਤਨ ਦੇਖਣ ਵਾਲਾ ਸੀ।

ਸੰਗਤ ਨੂੰ ਸੇਵਾ ਕਰਨ ਦਾ ਬਹੁਤ ਚਾਉ ਸੀ। ਜਿਥੋਂ ਦੀ ਵੀ ਮਹਾਰਾਜ ਜੀ ਦੀ ਸਵਾਰੀ ਲੰਘੀ, ਉਥੇ ਸਾਰੇ ਰਸਤੇ ਖਾਣ-ਪੀਣ ਦਾ ਪ੍ਰਬੰਧ ਸੀ। ਸ਼ੁਰੂ ਤੋਂ ਸਮਾਪਤੀ ਤੱਕ ਇਹ ਸੇਵਾ ਚਲਦੀ ਰਹੀ। ਪਕੌੜੇ, ਸਮੋਸੇ, ਛੋਲੇ ਭਟੂਰੇ, ਲੱਡੂ, ਕਰਿਸਪ ਅਤੇ ਜੂਸ ਆਦਿ ਵਰਤਾਇਆ ਗਿਆ। ਨਾਲ-ਨਾਲ ਪ੍ਰਸ਼ਾਦ ਦੀ ਸੇਵਾ ਵੀ ਹੋ ਰਹੀ ਸੀ। ਦੁਕਾਨਾਂ ਵਾਲਿਆਂ ਨੇ ਫਲਾਂ ਦੀਆਂ ਪੇਟੀਆਂ ਸੰਤਰੇ, ਸੇਬ, ਕੇਲੇ ਆਦਿਕ ਬਾਹਰ ਰੱਖੇ ਹੋਏ ਸਨ

ਅਤੇ ਸੰਗਤ ਨੂੰ ਵਰਤਾ ਰਹੇ ਸਨ। ਚਾਹ ਅਤੇ ਲੰਗਰ ਦਾ ਵੀ ਪ੍ਰਬੰਧ ਸੀ। ਗੋਰਿਆਂ ਦੇ ਬੱਚੇ ਵੀ ਨਗਰ ਕੀਰਤਨ ਵਿਚ ਸ਼ਾਮਲ ਹੋ ਗਏ ਕਿਉਂਕਿ ਉਨ੍ਹਾਂ ਨੂੰ ਖਾਣ-ਪੀਣ ਵਾਸਤੇ ਮਿਲਦਾ ਸੀ। ਉਹ ਬਹੁਤ ਖੁਸ਼ ਹੋਏ ਅਤੇ ਪੁਛਣ ਲੱਗੇ ਕਿ ਫਿਰ ਦੁਬਾਰਾ ਕਦੋਂ ਨਗਰ ਕੀਰਤਨ ਨਿਕਲੇਗਾ। ਕਈ ਲੋਕਾਂ ਦੇ ਹੱਥਾਂ ਵਿਚ ਬੈਗ ਸਨ, ਉਹ ਨਾਲ-ਨਾਲ ਕੂੜਾ ਚੁੱਕ ਰਹੇ ਸਨ। ਜਿਧਰ ਦੀ ਵੀ ਮਹਾਰਾਜ ਜੀ ਦੀ ਸਵਾਰੀ ਲੰਘੀ, ਉਥੇ-ਉਥੇ ਸਾਰਿਆਂ ਨੇ ਬਹੁਤ ਸਤਿਕਾਰ ਕੀਤਾ।

ਰਾਮਗੜ੍ਹੀਆ ਗੁਰਦੁਆਰੇ ਦੇ ਪ੍ਰਧਾਨ ਅਤੇ ਹਿੰਦੂ ਮੰਦਰ ਵਾਲਿਆਂ ਨੇ ਫੁੱਲ ਭੇਟ ਕੀਤੇ। ਸੰਗਤ ਹਜ਼ਾਰਾਂ ਦੀ ਗਿਣਤੀ ਵਿਚ ਸੀ। ਲੱਗਭੱਗ ਇੱਕ ਮੀਲ ਲੰਮਾ ਨਗਰ ਕੀਰਤਨ ਸੀ। ਸੰਗਤਾਂ ਨੂੰ ਬੜਾ ਚਾਉ ਸੀ। ਪਰ ਨਿਯਮ ਕੋਈ ਨਹੀਂ ਸਨ। ਜੇ ਸਾਰੀ ਸੰਗਤ ਮਹਾਰਾਜ ਜੀ ਦੀ ਸਵਾਰੀ ਪਿਛੇ ਪੰਜ-ਪੰਜ, ਛੇ-ਛੇ ਦੀ ਗਿਣਤੀ ਵਿਚ ਸਹੀ ਢੰਗ ਨਾਲ ਚਲਦੀ ਤਾਂ ਨਗਰ ਕੀਰਤਨ ਹੋਰ ਵੀ ਲੰਮਾ ਹੋਣਾ ਸੀ। ਇਸ ਦੇਸ਼ ਵਿੱਚ ਸਮੇਂ ਦੀ ਬੜੀ ਕਦਰ ਹੈ। ਸੰਗਤਾਂ ਨੇ ਸਾਰੀ ਸੜਕ ਤੇ ਦੋਨਾਂ ਪਾਸਿਆਂ ਦੀ ਪਟੜੀ ਮੱਲੀ ਹੋਈ ਸੀ। ਨਗਰ ਕੀਰਤਨ ਨੂੰ ਦੇਖ ਕੇ ਗੋਰੇ ਆਪਸ ਵਿਚ ਗੱਲਾਂ ਕਰਦੇ ਸੀ ਕਿ ਬਹੁਤ ਸੋਹਣੀ ਪਰੋਸੈਸ਼ਨ ਹੈ, ਪਰ ਇਨ੍ਹਾਂ ਨੂੰ ਕਈ ਸਾਲ ਹੋ ਗਏ ਇਸ ਦੇਸ਼ ਵਿਚ ਰਹਿੰਦਿਆਂ ਨੂੰ ਇਨ੍ਹਾਂ ਨੂੰ ਸਿੱਖਣਾ ਚਾਹੀਦਾ ਹੈ ਕਿ ਕਿਸ ਤਰੀਕੇ ਨਾਲ ਤੁਰੀਏ। ਸੰਗਤਾਂ ਨੂੰ ਅੱਧੀ ਸੜਕ ਛੱਡ ਕੇ ਤੁਰਨਾ ਚਾਹੀਦਾ ਸੀ। ਜੇ ਕੋਈ ਐਮਰਜੈਂਸੀ ਗੱਲ ਹੋ ਜਾਵੇ, ਅੱਗ-ਲੱਗ ਜਾਵੇ ਜਾਂ ਕਿਸੇ ਨੂੰ ਹਾਰਟ ਦੀ ਸ਼ਕਾਇਤ ਹੋ ਜਾਵੇ, ਉਨ੍ਹਾਂ ਨੂੰ ਜਲਦੀ ਹਸਪਤਾਲ ਲਿਜਾਣਾ ਪਵੇ ਤਾਂ ਐਂਮਬੂਲੈਂਸ ਕਿਥੋਂ ਦੀ ਲੰਘਣਗੀਆਂ। ਇਹ ਗੱਲ ਬਿਲਕੁਲ ਠੀਕ ਹੈ। ਸੰਗਤਾਂ ਤੁਰਨ ਵੱਲ ਧਿਆਨ ਨਹੀਂ ਦਿੰਦੀਆਂ ਕਿ ਕਿਸ ਤਰੀਕੇ ਨਾਲ ਤੁਰਨਾ ਚਾਹੀਦਾ ਹੈ। ਮਹਾਰਾਜ ਜੀ ਦੀ ਸਵਾਰੀ ਦੇ ਪਿਛੇ ਬੜੇ ਸਤਿਕਾਰ ਨਾਲ ਚਲਣਾ ਚਾਹੀਦਾ ਹੈ ਅੱਗੇ ਨਹੀਂ। ਸਭ ਤੋਂ ਅੱਗੇ ਮਹਾਰਾਜ ਜੀ ਦੀ ਸਵਾਰੀ ਹੋਣੀ ਚਾਹੀਦੀ ਹੈ। ਜਿਹੜੀ ਸੰਗਤ ਰਸਤੇ ਵਿਚ ਰਲਦੀ ਹੈ, ਉਨ੍ਹਾਂ ਨੂੰ ਮੱਥਾ ਟੇਕ ਕੇ ਪਿਛੇ ਜਿਥੇ ਜਗ੍ਹਾ ਮਿਲੇ, ਉਥੇ ਤੁਰਨਾ ਚਾਹੀਦਾ ਹੈ।

ਜਦੋਂ ਨਗਰ ਕੀਰਤਨ ਬਰੋਡਵੇ ਪਹੁੰਚਿਆ ਤਾਂ ਗੁਰਦੁਆਰੇ ਦਾ ਪ੍ਰਧਾਨ ਹਿੰਮਤ ਸਿੰਘ ਸੋਹੀ ਪਿੱਛੇ ਨੂੰ ਜਾ ਰਿਹਾ ਸੀ। ਮੈਂ ਉਸ ਨੂੰ ਪੁਛਿਆ ਕਿ ਸੰਗਤ ਅੱਗੇ ਨੂੰ ਜਾ ਰਹੀ ਹੈ ਤੇ ਤੁਸੀਂ ਪਿਛੇ ਨੂੰ ਜਾ ਰਹੇ ਹੋ, ਕੀ ਗੱਲ ਹੈ ? ਉਸ ਨੇ ਕਿਹਾ, "ਮੈਨੂੰ ਫਿਕਰ ਹੈ ਕਿਤੇ ਨੌਜਵਾਨ ਲੜਕੇ ਖੱਪ ਨਾ ਪਾਉਣ। ਮੈਂ ਉਨ੍ਹਾਂ ਨੂੰ ਦੇਖਣ ਚੱਲਿਆ ਹਾਂ, ਨਾਲੇ ਦੇਖਦਾ ਹਾਂ ਕਿ ਪਿਛੇ ਕਿੰਨੀ ਕੁ ਸੰਗਤ ਹੈ।" ਇਸੇ ਤਰ੍ਹਾਂ ਕਾਰਲਾਇਲ ਐਵਨਿਉ, ਨੌਰਥ ਰੋਡ ਤੇ ਸਾਊਥ ਰੋਡ ਤੋਂ ਹੁੰਦਾ ਹੋਇਆ ਨਗਰ ਕੀਰਤਨ ਵਾਪਸ 3-45 ਸ਼ਾਮ ਨੂੰ ਸਿੰਘ ਸਭਾ ਸਾਊਥਲ ਹੇਵਲੋਕ ਰੋਡ ਗੁਰਦੁਆਰੇ ਪੁੱਜਾ। ਹੈੱਡ ਗ੍ਰੰਥੀ ਗਿਆਨੀ ਸ਼ਮਸ਼ੇਰ ਸਿੰਘ ਜੀ ਨੇ ਸਮਾਪਤੀ ਦੀ ਅਰਦਾਸ ਕੀਤੀ। ਕਾਫੀ ਪਟਾਕੇ ਚਲਾਏ ਗਏ। ਭਾਈ ਅਮਰ ਸਿੰਘ ਬਿੰਦ ਨੇ ਪੁਲਿਸ ਤੇ ਸਾਰੀ ਸੰਗਤ ਦਾ ਧੰਨਵਾਦ ਕੀਤਾ।

ਨਗਰ ਕੀਰਤਨ ਵੇਲੇ ਜਦੋਂ ਦਾਸ ਵਾਹਿਗੁਰੂ ਦਾ ਸਿਮਰਨ ਕਰ ਰਿਹਾ ਸੀ ਤਾਂ ਇੱਕ ਨੌਜਵਾਨ ਆਇਆ ਤੇ ਮੇਰੇ ਹਥੋਂ ਸਪੀਕਰ ਫੜ ਕੇ ਬੜੇ ਜੋਰ ਜੋਰ ਨਾਲ ਖਾਲਿਸਤਾਨ ਦੇ ਨਾਅਰੇ ਲਗਾਉਣ ਲੱਗ ਪਿਆ, "ਰਾਜ ਕਰੇਗਾ ਖਾਲਸਾ । ਰਾਜ ਕਰੇਗਾ ਖਾਲਸਾ" ਉਸ ਦੀ ਦਾੜ੍ਹੀ ਕੱਟੀ ਹੋਈ ਸੀ ਅਤੇ ਪੱਗ ਵੀ ਟੋਪੀ ਵਾਂਗੂੰ ਸੀ ।

ਨਗਰ ਕੀਰਤਨ ਦੀ ਸਮਾਪਤੀ ਤੋਂ ਬਾਅਦ ਦਾਸ ਨੇ ਉਸਨੂੰ ਪੁਛਿਆ, ਤੁਸੀਂ ਖਾਲਿਸਤਾਨ ਦੇ ਨਾਅਰੇ ਲਗਾ ਰਹੇ ਹੋ ਕੀ ਤੁਸੀਂ ਖਾਲਸਾ ਹੋ ? ਉਸਨੇ ਕਿਹਾ, "ਨਹੀਂ, ਮੈਂ ਹਾਲੀ ਤਿਆਰੀ ਕਰ ਰਿਹਾ ਹਾਂ ਪਰ ਇਹ ਕਠਨ ਹੈ, ਅਜੇ ਵਿਚਾਰ ਬਣਾ ਰਿਹਾ ਹਾਂ ।" ਦਾਸ ਨੇ ਉਸਨੂੰ ਸਮਝਾਇਆ, "ਰਹਿਣੀ ਰਹੇ ਸੋਈ ਸਿਖ ਮੇਰਾ" ਪਹਿਲਾਂ ਗੁਰੂ ਜੀ ਦੀ ਰਹਿਤ ਰੱਖੋ ਫਿਰ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣੋ । ਗੁਰੂ ਵਾਲੇ ਬਣ ਕੇ ਨਾਅਰੇ ਲਗਾਉ । ਰਾਜ ਲੈਣ ਵਾਸਤੇ ਕੁਰਬਾਨੀ ਕਰਨੀ ਪਵੇਗੀ ।

**ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥**
**ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥**

*(ਸਲੋਕ ਕਬੀਰ ਜੀ ਪੰ:-1105)*

ਰਾਜ ਭਾਗ ਲੈਣਾ ਹੈ ਤਾਂ 'ਸੰਤ ਤੇ ਸਿਪਾਹੀ' ਬਣਨਾ ਪਵੇਗਾ । ਜੇ ਤਲਵਾਰ ਉਠਾਉਣ ਦੀ ਸ਼ਕਤੀ ਨਹੀਂ ਤਾਂ ਦੂਸਰਾ ਤਰੀਕਾ ਮਹਾਰਾਜ ਜੀ ਫੁਰਮਾ ਰਹੇ ਹਨ:

**ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥**
**ਆਤਮ ਜਿਣੈ ਸਗਲ ਵਸਿ ਤਾ ਕੈ ਜਾ ਕਾ ਸਤਿਗੁਰੁ ਪੂਰਾ ॥**

*(ਧਨਾਸਰੀ ਮ: 5 ਪੰ:-679)*

ਇਸ ਕਲਯੁਗ ਵਿੱਚ ਜਿਹੜਾ ਨਾਮ ਜਪੇਗਾ ਉਹ ਸਭ ਤੋਂ ਵੱਡਾ ਸੂਰਾ ਹੈ । ਉਸ ਵਿੱਚ ਸਾਰੀਆਂ ਸ਼ਕਤੀਆਂ ਆ ਜਾਂਦੀਆਂ ਹਨ । ਜਦੋਂ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਨੂੰ ਤੱਤੀ ਤਵੀ ਉਪਰ ਬਿਠਾ ਕੇ ਤਸੀਹੇ ਦਿੱਤੇ ਗਏ ਤਾਂ ਸਾਂਈ ਮੀਆਂ ਮੀਰ ਨੇ ਮਹਾਰਾਜ ਜੀ ਨੂੰ ਬੇਨਤੀ ਕੀਤੀ, ਮੈਨੂੰ ਆਗਿਆ ਦਿਉ ਮੈਂ ਦਿੱਲੀ ਅਤੇ ਲਹੌਰ ਦੀ ਇੱਟ ਨਾਲ ਇੱਟ ਖੜਕਾ ਦਿਆਂ ।

ਬਾਬਾ ਦੀਪ ਸਿੰਘ ਜੀ ਨੇ ਆਪਣਾ ਸੀਸ ਤਲੀ ਤੇ ਰੱਖ ਕੇ ਦੁਸ਼ਮਣਾਂ ਦਾ ਮੁਕਾਬਲਾ ਕੀਤਾ । ਇਹ ਸਭ ਨਾਮ ਦੀ ਹੀ ਸ਼ਕਤੀ ਸੀ । ਜਿਹੜਾ ਵੀ ਨਾਮ ਜਪੇਗਾ ਉਹ 'ਸੰਤ ਸਿਪਾਹੀ' ਬਣ ਜਾਵੇਗਾ ਅਤੇ ਸਾਰੀ ਸ੍ਰਿਸ਼ਟੀ ਤੇ ਰਾਜ ਕਰ ਸਕਦਾ ਹੈ ।

**ਨਾਮ ਕੇ ਧਾਰੇ ਸਗਲੇ ਜੰਤ ॥**
**ਨਾਮ ਕੇ ਧਾਰੇ ਖੰਡ ਬ੍ਰਹਮੰਡ ॥**

*(ਸੁਖਮਨੀ ਸਾਹਿਬ)*

*****

# ਸਿੱਖਾਂ ਦੀ ਪ੍ਰੀਖਿਆ

ਇਸੇ ਤਰ੍ਹਾਂ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਜੀ ਦਾ 527ਵਾਂ ਪ੍ਰਕਾਸ਼ ਉਤਸਵ ਬੜੀ ਧੂਮ-ਧਾਮ ਨਾਲ ਮਨਾਇਆ ਗਿਆ। 24 ਨਵੰਬਰ 1996 ਨੂੰ ਬੜਾ ਭਾਰੀ ਨਗਰ ਕੀਰਤਨ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰੇ ਤੋਂ ਰਵਾਨਾ ਹੋਇਆ।

**ਸਤਿਗੁਰ ਨਾਨਕ ਪ੍ਰਗਟਿਆ, ਮਿਟੀ ਧੁੰਧੁ ਜਗਿ ਚਾਨਣੁ ਹੋਆ।**
**ਜਿਉ ਕਰਿ ਸੂਰਜੁ ਨਿਕਲਿਆ, ਤਾਰੇ ਛਪੇ ਅੰਧੇਰੁ ਪਲੋਆ।**

*(ਭਾਈ ਗੁਰਦਾਸ ਜੀ)*

ਨਗਰ ਕੀਰਤਨ ਆਰੰਭ ਕਰਨ ਦੀ ਅਰਦਾਸ ਕਰਦੇ ਸਮੇਂ ਕਿਨਕਾ ਕਿਨਕਾ ਬਾਰਸ਼ ਹੋ ਰਹੀ ਸੀ। ਕੁਦਰਤ ਨੇ ਸੋਚਿਆ, ਕਿਉਂ ਨਾ ਅੱਜ ਸਿੱਖਾਂ ਦੀ ਪ੍ਰੀਖਿਆ ਲਈ ਜਾਵੇ ਕਿ ਗੁਰੂ ਨਾਨਕ ਦੇਵ ਜੀ ਨਾਲ ਇਨ੍ਹਾਂ ਦਾ ਕਿੰਨਾ ਕੁ ਪਿਆਰ ਹੈ। ਪਹਿਲਾਂ ਕਈ ਵਾਰ ਨਗਰ ਕੀਰਤਨ ਹੋਇਆ। 500 ਸਾਲਾ ਪ੍ਰਕਾਸ਼ ਉਤਸਵ ਤੇ ਪਹਿਲਾਂ ਨਗਰ ਕੀਰਤਨ ਨਿਕਲਿਆ। ਇਸ ਤਰ੍ਹਾਂ ਦਾ ਖਰਾਬ ਮੌਸਮ ਪਹਿਲਾਂ ਕਦੀ ਸੀ ਹੋਇਆ। ਨਗਰ ਕੀਰਤਨ ਸ਼ੁਰੂ ਹੁੰਦਿਆਂ ਹੀ ਬਾਰਸ਼ ਸ਼ੁਰੂ ਹੋ ਗਈ।

**ਝਖੜੁ ਝਾਗੀ ਮੀਹੁ ਵਰਸੈ ਭੀ ਗੁਰੁ ਦੇਖਣ ਜਾਈ ॥**
**ਸਮੁੰਦੁ ਸਾਗਰੁ ਹੋਵੈ ਬਹੁ ਖਾਰਾ ਗੁਰਸਿਖੁ ਲੰਘਿ ਗੁਰ ਪਹਿ ਜਾਈ ॥**

*(ਸੂਹੀ ਮ: 4 ਪੰ:-757)*

ਬਾਰਸ਼ ਸ਼ੁਰੂ ਹੁੰਦਿਆਂ ਹੀ ਸੰਗਤ 'ਧੰਨ ਗੁਰੂ ਨਾਨਕ, ਧੰਨ ਗੁਰੂ ਨਾਨਕ' ਦੇ ਸ਼ਬਦ ਪੜ੍ਹਦੀ ਪੰਜਾਂ ਪਿਆਰਿਆਂ ਤੇ ਮਹਾਰਾਜ ਜੀ ਦੀ ਸਵਾਰੀ ਦੇ ਪਿੱਛੇ-ਪਿੱਛੇ ਚੱਲਣ ਲੱਗੀ। ਸਤਿਗੁਰੂ ਜੀ ਦੀ ਅਗੰਮੀ ਸ਼ਕਤੀ ਨਾਲ ਪੰਜ ਪਿਆਰੇ ਕੜਕਦੀ ਠੰਡ ਵਿਚ ਨੰਗੇ ਪੈਰੀਂ ਤੁਰ ਰਹੇ ਸਨ। ਮਹਾਰਾਜ ਜੀ ਨੇ ਪੰਜਾਂ ਪਿਆਰਿਆਂ ਤੇ ਇੰਨੀ ਬਖਸ਼ਿਸ਼ ਕੀਤੀ, ਜਾਹਰ ਕਲਾ (ਅੱਖੀਂ ਦੇਖੀ) ਇੰਨੀ ਸਰਦੀ ਵਿਚ ਵੀ ਇਨ੍ਹਾਂ ਦੇ ਪੈਰ ਸੁੰਨ ਨਹੀਂ ਹੋਏ। ਸਾਢੇ ਤਿੰਨ ਘੰਟਿਆਂ ਬਾਅਦ ਨਗਰ ਕੀਰਤਨ ਦੀ ਸਮਾਪਤੀ ਹੋਈ। ਜਿਥੋਂ-ਜਿਥੋਂ ਦੀ ਵੀ ਮਾਹਾਰਾਜ ਦੀ ਸਵਾਰੀ ਲੰਘੀ ਥਾਂ-ਥਾਂ ਤੇ ਚਾਹ ਦਾ ਪ੍ਰਬੰਧ ਸੀ। ਚਾਹ ਦੇ ਨਾਲ-ਨਾਲ ਪਕੌੜੇ, ਸਮੋਸੇ, ਲੱਡੂ, ਛੋਲੇ ਭਟੂਰੇ, ਮਠਿਆਈ, ਆਦਿ ਵਰਤਾਏ ਜਾ ਰਹੇ ਸਨ। ਕੋਕ, ਜੂਸ, ਕਰਿਸਪ ਅਤੇ ਸਵੀਟਾਂ ਆਦਿ ਵੀ ਸੰਗਤ ਨੂੰ ਵਰਤਾਏ ਗਏ। ਐਸਾ ਮਾਲੂਮ ਹੁੰਦਾ ਸੀ ਜਿਵੇ :-

**ਜਹ ਭੰਡਾਰੁ ਗੋਬਿੰਦ ਕਾ ਖੁਲਿਆ,**
**ਜਿਹ ਪ੍ਰਾਪਤਿ ਤਿਹ ਲਇਆ ॥**
**ਏਕੁ ਰਤਨੁ ਮੋ ਕਉ ਗੁਰਿ ਦੀਨਾ**
**ਮੇਰਾ ਮਨੁ ਤਨੁ ਸੀਤਲੁ ਥਿਆ ॥**

*(ਸੋਰਠਿ ਮ: 5 ਪੰ:-612)*

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਆਪਣੇ ਭੰਡਾਰ ਖੋਲ੍ਹ ਦਿੱਤੇ ਹੋਣ। ਮੀਂਹ ਵਰਸਦੇ ਦੀ ਸੰਗਤ ਨੇ ਕੋਈ ਪ੍ਰਵਾਹ ਨਹੀਂ ਕੀਤੀ। ਕਾਫਲਾ ਅੱਗੇ ਹੀ ਅੱਗੇ ਵੱਧਦਾ ਗਿਆ। ਸਾਰੀ ਸੰਗਤ ਦੇ ਕੱਪੜੇ ਗਿੱਲੇ ਹੋਏ ਸਨ। ਸੰਗਤ ਗਿੱਲੇ ਕੱਪੜੇ ਹੋਇਆਂ ਤੇ ਵੀ 'ਧੰਨ ਗੁਰੂ ਨਾਨਕ, ਧੰਨ ਗੁਰੂ ਨਾਨਕ' ਦੇ ਸ਼ਬਦ ਗਾਇਨ ਕਰ ਰਹੀ ਸੀ। ਛੋਟੇ-ਛੋਟੇ ਬੱਚੇ ਵੀ ਪੈਦਲ ਤੁਰ ਰਹੇ ਸਨ। ਕੀ ਛੋਟੇ-ਛੋਟੇ ਬੱਚਿਆਂ ਦੀ ਪੁਕਾਰ ਬਾਬਾ ਨਾਨਕ ਨਹੀਂ ਸੁਣੇਗਾ ? ਸ੍ਰੀ ਗੁਰੂ ਨਾਨਕ ਦੇਵ ਜੀ ਤਾਂ ਇੰਨੇ ਦਿਆਲੂ ਹਨ, ਇਨ੍ਹਾਂ ਬੱਚਿਆਂ ਨੂੰ ਸਿੱਖੀ ਕਿਉਂ ਨਹੀਂ ਬਖਸ਼ਣਗੇ ?

**ਚਰਨ ਸਰਨ ਗੁਰ ਏਕ ਪੈਂਡਾ ਜਾਇ ਚਲ,**
**ਸਤਿਗੁਰ ਕੋਟਿ ਪੈਂਡਾ ਆਗੇ ਹੋਇ ਲੇਤ ਹੈ।**
**ਏਕ ਬਾਰ ਸਤਿਗੁਰ ਮੰਤ੍ਰ ਸਿਮਰਨ ਮਾਤ੍ਰ,**
**ਸਿਮਰਨ ਤਾਂਹਿ ਬਾਰੰਬਾਰ ਗੁਰ ਹੇਤ ਹੈ।**
**ਭਾਵਨੀ ਭਗਤਿ ਭਾਇ ਕੌਡੀ ਅਗ੍ਰਭਾਗ ਰਾਖੈ,**
**ਤਾਹਿ ਗੁਰ ਸਰਬ ਨਿਧਾਨ ਦਾਨ ਹੇਤ ਹੈ।**
**ਸਤਿਗੁਰ ਦਯਾ ਨਿਧਿ, ਮਹਿਮਾ ਅਗਾਧਿ ਬੋਧ,**
**ਨਮੋ ਨਮੋ ਨਮੋ ਨਮੋ ਨੇਤਿ ਨੇਤਿ ਨੇਤਿ ਹੈ॥**

*(ਭਾਈ ਗੁਰਦਾਸ ਜੀ)*

ਹਰ ਇੱਕ ਪ੍ਰਾਣੀ ਵਾਹਿਗੁਰੂ, ਵਾਹਿਗੁਰੂ ਜਪਦਾ ਸੀ। ਨਗਰ ਕੀਰਤਨ ਇੰਨਾਂ ਲੰਮਾ, ਕਿ ਦਿਖਾਈ ਨਹੀਂ ਦਿੰਦਾ ਸੀ ਕਿ ਅੱਗੇ ਪਿਛੇ ਕਿੰਨੀ ਸੰਗਤ ਹੈ। ਸਾਡੇ ਨਾਲ ਟਰੱਕ ਤੇ ਦੋ ਛੋਟੇ, ਛੋਟੇ ਬੱਚੇ ਬੈਠੇ ਹੋਏ ਸਨ। ਠੰਢ ਨਾਲ ਉਨ੍ਹਾਂ ਦੇ ਦੰਦ ਵੱਜਦੇ ਸਨ। ਏਨੀ ਠੰਢ ਦੇ ਬਾਵਜੂਦ ਬੱਚੇ ਡੋਲੇ ਨਹੀਂ। ਨਗਰ ਕੀਰਤਨ ਵਿਚ ਪੂਰਾ ਭਾਗ ਲਿਆ। ਸਿੱਖੀ ਵਰਕਸ਼ਾਪ ਦੇ ਬੱਚਿਆਂ ਨੇ ਬਹੁਤ ਸੁੰਦਰ ਕੀਰਤਨ ਕੀਤਾ। ਬੀਬੀ ਨਵਲੀਨ ਕੋਰ ਨੇ ਇਹ ਸ਼ਬਦ ਪੜ੍ਹਿਆ :

**ਮਿਤ੍ਰੁ ਪਿਆਰਾ ਨਾਨਕ ਜੀ ਮੈ ਛਡਿ ਗਵਾਇਆ ਰੰਗਿ ਕਸੁੰਭੈ ਭੁਲੀ ॥**
**ਤਉ ਸਜਣ ਕੀ ਮੈ ਕੀਮ ਨ ਪਉਦੀ ਹਉ ਤੁਧੁ ਬਿਨੁ ਅਢੁ ਨ ਲਹਦੀ ॥**

*(ਸਲੋਕ ਮ: 5 ਪੰ:-963)*

ਮਿਲਾਪ ਸਿੰਘ ਦੇ ਲੜਕੇ ਪੁਸ਼ਪਿੰਦਰ ਸਿੰਘ ਨੇ ਤਬਲੇ ਦੀ ਸੇਵਾ ਕੀਤੀ। ਸੇਵਾ ਬਹੁਤ ਕਠਿਨ ਸੀ। ਇੰਨੀ ਠੰਢ ਅਤੇ ਉਪਰੋਂ ਬਾਰਸ਼ ਹੋ ਰਹੀ ਸੀ। ਬਾਰਸ਼ ਦੇ ਨਾਲ ਤਬਲੇ ਦੀ ਸਾਰੀ ਸ਼ਾਹੀ ਹੱਥਾਂ ਨੂੰ ਲੱਗ ਗਈ। ਉਂਗਲਾਂ ਵੀ ਸੁੰਨ ਹੋ ਗਈਆਂ, ਫਿਰ ਵੀ ਉਸ ਨੇ ਸੇਵਾ ਨਿਭਾਈ। ਵਾਜੇ ਅੰਦਰ ਵੀ ਪਾਣੀ ਭਰ ਗਿਆ। ਨਵਲੀਨ ਦੀਆਂ ਉਂਗਲਾਂ ਵੀ ਸੁੰਨ ਹੋ ਗਈਆਂ। ਫਿਰ ਵੀ ਡੋਲੇ ਨਹੀਂ, ਪੂਰੀ ਸੇਵਾ ਨਿਭਾਈ।

ਜਦੋਂ ਬਾਰਸ਼ ਜਿਆਦਾ ਹੋ ਗਈ ਤਾਂ ਸਾਰੇ ਪਿੱਛੇ ਮੁੜ-ਮੁੜ ਕੇ ਦੇਖਦੇ ਸੀ ਕਿ ਕਿੰਨੀ ਕੁ ਸੰਗਤ ਨਗਰ ਕੀਰਤਨ ਵਿਚ ਸ਼ਾਮਲ ਹੈ। ਸਾਰੀ ਸੰਗਤ ਬੜੀ ਉਤਸ਼ਾਹ ਨਾਲ ਮਗਰ-ਮਗਰ ਤੁਰ ਰਹੀ ਸੀ। ਕੋਈ ਵੀ ਬਾਰਸ਼ ਤੋਂ ਡਰ ਕੇ ਮੁੜਿਆ ਨਹੀਂ। ਪ੍ਰਧਾਨ ਹਿੰਮਤ ਸਿੰਘ ਸੋਹੀ ਇਹ ਦੇਖ ਕੇ ਬਹੁਤ ਖੁਸ਼ ਹੋਇਆ ਕਿ ਸੰਗਤ ਬੜੇ ਉਤਸ਼ਾਹ ਨਾਲ ਸਹਿਯੋਗ ਦੇ ਰਹੀ ਹੈ।

*****

# ਸਾਚੇ ਨਾਮ ਕੀ ਵਡਿਆਈ

**ਹਰਿ ਧਨ ਕੇ ਭਰਿ ਲੇਹੁ ਭੰਡਾਰ,**
**ਨਾਨਕ ਗੁਰ ਪੂਰੇ ਨਮਸਕਾਰ ॥**

*(ਸੁਖਮਨੀ ਸਾਹਿਬ)*

ਆਮ ਜਨਤਾ ਦੇ ਪਾਸ ਦੁਨਿਆਵੀ ਧੰਨ ਬਹੁਤ ਹੈ । ਬੜੇ ਬੜੇ ਧਨੀ ਪੁਰਸ਼ ਦੇਖਣ ਵਿਚ ਆਉਂਦੇ ਹਨ । ਦਿੱਲੀ ਦੇ ਇੱਕ ਸੇਠ ਨੇ ਆਪਣਾ ਨਾਮ ਰੌਸ਼ਨ ਕਰਨ ਵਾਸਤੇ ਆਪਣੇ ਨਾਂ ਦਾ ਇੱਕ ਮੰਦਰ ਬਣਾਇਆ । ਉਸ ਦਾ ਨਾਮ ਬਿਰਲਾ ਮੰਦਰ ਰੱਖਿਆ । ਇਨਸਾਨ ਦਿਨ ਰਾਤ ਮਿਹਨਤ ਕਰਕੇ ਆਪਣੇ ਪਰਿਵਾਰ ਵਾਸਤੇ ਧੰਨ ਛੱਡ ਜਾਂਦੇ ਹਨ ਪਰ ਦਰਗਾਹ ਵਿਚ ਮਾਣ ਪਾਉਣ ਵਾਸਤੇ ਕੋਈ ਉਪਰਾਲਾ ਨਹੀਂ ਕਰਦੇ, ਦਰਗਾਹ ਵਿੱਚ ਮਾਣ ਪਾਉਣ ਵਾਸਤੇ ਸੱਚੇ ਧੰਨ ਦੀ ਜਰੂਰਤ ਹੈ ।

ਸਿੱਖ ਧਰਮ ਵਿਚ ਕਈ ਮਹਾਂਪੁਰਸ਼ ਹੋਏ ਹਨ ਜਿੰਨ੍ਹਾਂ ਨੇ ਸੱਚੇ ਧੰਨ ਦੀ ਕਮਾਈ ਕੀਤੀ ਅਤੇ ਕਰਦੇ ਹਨ । ਦੁਨਿਆਵੀ ਮਾਇਆ ਉਨ੍ਹਾਂ ਦੇ ਚਰਨਾਂ ਦੀ ਦਾਸੀ ਬਣ ਜਾਂਦੀ ਹੈ । ਉਨ੍ਹਾਂ ਨੂੰ ਇਸ ਦੁਨੀਆਂ ਵਿਚ ਵੀ ਮਾਇਆ ਦੀ ਕਮੀ ਨਹੀਂ ਰਹਿੰਦੀ ਅਤੇ ਦਰਗਾਹ ਵਿਚ ਵੀ ਸਤਿਕਾਰ ਮਿਲਦਾ ਹੈ । ਇਹ ਸਾਚੇ ਨਾਮ ਦੀ ਵਡਿਆਈ ਹੈ । ਨਾਮ ਧੰਨ ਵੱਡੇ ਵੱਡੇ ਮਹਾਂਪੁਰਸ਼ਾਂ ਨੇ ਇਕੱਠਾ ਕੀਤਾ । ਜਿਸ ਤਰ੍ਹਾਂ ਸੰਤ ਬਾਬਾ ਨਿਧਾਨ ਸਿੰਘ ਜੀ ਹਜ਼ੂਰ ਸਾਹਿਬ ਵਾਲੇ, ਸੰਤ ਈਸ਼ਰ ਸਿੰਘ ਰਾੜੇ ਵਾਲੇ, ਸੰਤ ਬਾਬਾ ਨੰਦ ਸਿੰਘ ਜੀ ਕਲੇਰਾਂ ਵਾਲੇ, ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲੇ, ਬਾਬਾ ਕਰਮ ਸਿੰਘ ਹੋਤੀ ਮਰਦਾਨ, ਬਾਬਾ ਪੂਰਨ ਸਿੰਘ ਜੀ ਕਰੀਚੋ ਵਾਲੇ, ਸੰਤ ਸੇਵਾ ਸਿੰਘ ਜੀ, ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ, ਸੰਤ ਬਾਬਾ ਜਵਾਲਾ ਸਿੰਘ ਜੀ ਹਰਖੋਵਾਲ, ਸੰਤ ਬਾਬਾ ਹਰਨਾਮ ਸਿੰਘ ਜੀ ਰਾਮਪੁਰ ਖੇੜਾ ਵਾਲੇ ਅਤੇ ਹੋਰ ਬਹੁਤ ਸਾਰੇ ਮਹਾਂਪੁਰਖ, ਜਿਹੜੇ ਕਿ ਇਹ ਸੱਚਾ ਧੰਨ ਦੁਨੀਆਂ ਵਿਚ ਇਨਾਂ ਛੱਡ ਗਏ ਕਿ ਮੁਕ ਨਹੀਂ ਸਕਦਾ । ਇਸ ਸੱਚੇ ਧੰਨ ਨਾਲ ਜੀਵਾਂ ਦਾ ਉਧਾਰ ਹੁੰਦਾ ਹੈ ।

ਇਨ੍ਹਾਂ ਵਿਚੋਂ ਸੰਤ ਬਾਬਾ ਪੂਰਨ ਸਿੰਘ ਜੀ ਕਰੀਚੋ ਵਾਲੇ ਇਤਨਾ ਧੰਨ ਛੱਡ ਗਏ ਕਿ ਮੁਕਣ ਵਾਲਾ ਨਹੀਂ ਹੈ । ਇਨ੍ਹਾਂ ਨੇ ਅਫਰੀਕਾ ਅਤੇ ਇੰਗਲੈਂਡ ਵਿਚ ਸੰਪਟ ਅਖੰਡ ਪਾਠਾਂ ਦੀ ਲੜੀ ਸ਼ੁਰੂ ਕੀਤੀ । ਸੰਪਟ ਪਾਠ ਦਾ ਮਤਲਬ ਕਿ ਕੋਈ ਵੀ ਸ਼ਬਦ ਲਾ ਕੇ ਪਾਠ ਕਰਨਾ । ਹਰੇਕ ਸ਼ਬਦ ਸ਼ੁਰੂ ਹੋਣ ਤੋਂ ਪਹਿਲਾਂ ਉਹ ਹੀ ਸ਼ਬਦ ਪੜ੍ਹਨਾ । 'ਮੂਲ ਮੰਤਰ ਜਾਂ ਆਉਖੀ ਘੜੀ ਨਾ ਦੇਖਣ ਦੇਈਂ' ਜਾਂ ਕੋਈ ਹੋਰ ਸ਼ਬਦ । ਹਰੇਕ ਸ਼ਬਦ ਦੇ ਸ਼ੁਰੂ ਹੋਣ ਤੋਂ ਪਹਿਲਾਂ ਇੱਕ ਹੀ ਸ਼ਬਦ ਦਾ ਸੰਪਟ ਲਾਉਣਾ । ਹਰ ਵੇਲੇ ਤਿੰਨ ਬੰਦਿਆਂ ਦੀ ਡਿਊਟੀ ਹੁੰਦੀ ਹੈ । ਪੰਦਰਾਂ ਪਾਠੀ ਜਰੂਰੀ ਹਨ । ਜਿੰਨੇ ਵੀ ਸੇਵਾਦਾਰ ਹਨ, ਇਹ ਮੁਫਤ ਸੇਵਾ ਕਰਦੇ ਹਨ । ਇਨ੍ਹਾਂ ਨੂੰ ਕਿਸੇ ਚੀਜ਼ ਦਾ ਲਾਲਚ ਨਹੀਂ ਹੈ । ਸੰਪਟ ਪਾਠਾਂ

ਵਿਚ ਬੇਅੰਤ ਸਿੰਘ ਸਿੰਘਣੀਆਂ ਹਿੱਸਾ ਪਾਉਂਦੇ ਹਨ। ਇਸ ਦਾ ਭੋਗ ਗਿਆਰਵੇਂ ਦਿਨ ਪੈਂਦਾ ਹੈ। ਇਸ ਸੰਪਟ ਪਾਠ ਦਾ ਫਲ ਕਈ ਗੁਣਾਂ ਜਿਆਦਾ ਹੁੰਦਾ ਹੈ।

ਇਸੇ ਤਰ੍ਹਾਂ ਭਾਈ ਸਾਹਿਬ ਭਾਈ ਰਣਧੀਰ ਸਿੰਘ ਨੇ ਰੈਣ ਸਬਾਈ ਕੀਰਤਨ ਸਮਾਗਮ ਸ਼ੁਰੂ ਕੀਤੇ। ਅੱਜ ਕਲ ਦੇਸ਼ ਪ੍ਰਦੇਸ਼ ਵਿਚ ਰਹਿੰਦੇ ਗੁਰਸਿੱਖ ਸਾਰੀ ਰਾਤ ਕੀਰਤਨ ਦੇ ਲਾਹੇ ਪ੍ਰਾਪਤ ਕਰਦੇ ਹਨ। 'ਇਸ ਕਲਯੁਗ ਮਹਿ ਕੀਰਤਨ ਪ੍ਰਧਾਨਾ' ਇਸ ਦੀ ਗੁਰੂ ਮਹਾਰਾਜ ਜੀ ਨੇ ਬਖਸ਼ਿਸ਼ ਕੀਤੀ। ਇਸੇ ਤਰ੍ਹਾਂ ਗੁਰੂ ਦੀ ਕ੍ਰਿਪਾ ਅਤੇ ਸਾਧ ਸੰਗਤ ਦੇ ਸਹਿਯੋਗ ਨਾਲ ਅੰਮ੍ਰਿਤ ਵੇਲੇ ਦਾ ਸਿਮਰਨ ਸ਼ੁਰੂ ਹੋਇਆ। ਅੰਮ੍ਰਿਤ ਵੇਲੇ ਕਈ ਜੀਵ ਸਿਮਰਨ ਕਰਕੇ ਆਪਣਾ ਜੀਵਨ ਸਫਲ ਕਰ ਰਹੇ ਹਨ। ਪਹਿਲਾਂ ਸਿਮਰਨ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰੇ ਸਾਊਥਾਲ ਵਿਖੇ ਸ਼ੁਰੂ ਹੋਇਆ। ਹੌਲੀ-ਹੌਲੀ ਇੰਗਲੈਂਡ ਦੇ ਕਈ ਗੁਰਦੁਆਰਿਆਂ ਵਿਚ ਸ਼ੁਰੂ ਹੋ ਗਿਆ। ਜਿਸ ਤਰ੍ਹਾਂ ਰਾਮਗੜੀਆ ਸਭਾ ਸਾਊਥਾਲ, ਈਸਟ ਹੈਮ ਲੰਡਨ, ਕਾਵੈਂਟਰੀ, ਬੇਬੇ ਨਾਨਕੀ ਗੁਰਦੁਆਰਾ ਬ੍ਰਮਿੰਗਾਮ ਅਤੇ ਬਾਹਰਲੇ ਦੇਸ਼ਾਂ ਕੈਨੇਡਾ, ਸਿੰਗਾਪੁਰ ਵਿਚ ਵੀ ਸ਼ੁਰੂ ਹੋ ਗਿਆ। ਇਹ ਬਹੁਤ ਭਾਰੀ ਉਦਮ ਹੈ। ਉਹ ਸਿੱਖ ਵੱਡੇ ਭਾਗਾਂ ਵਾਲਾ ਹੈ ਜਿਹੜਾ ਅੰਮ੍ਰਿਤ ਵੇਲੇ ਗੁਰੂ ਦੀ ਗੋਦ ਵਿਚ ਬੈਠ ਕੇ ਸਿਮਰਨ ਕਰਦਾ ਹੈ।

*****

# ਨਿਰਮਲ ਆਤਮਾ

## (ੳ)

ਇੱਕ ਦਿਨ ਬੀਬੀ ਕੁਲਵੰਤ ਕੌਰ ਨੇ ਮੈਨੂੰ ਦੱਸਿਆ ਕਿ ਸਿੰਘ ਸਭਾ ਗੁਰਦੁਆਰੇ ਦੀ ਲਾਇਬ੍ਰੇਰੀ ਦੇ ਅੰਦਰ ਛੋਟੇ-ਛੋਟੇ ਬੱਚਿਆਂ ਵਾਸਤੇ ਸਿਮਰਨ ਦਾ ਪ੍ਰੋਗਰਾਮ ਸ਼ੁਰੂ ਕੀਤਾ ਹੈ। ਜਿਸ ਵਿੱਚ ਚਾਰ ਪੰਜ ਸਾਲ ਦੇ ਬੱਚੇ ਵਾਜੇ ਤੇ ਤਬਲੇ ਨਾਲ ਸਿਮਰਨ ਕਰਦੇ ਹਨ। ਤੁਹਾਨੂੰ ਬਹੁਤ ਸਾਰੀ ਸੰਗਤ ਜਾਣਦੀ ਹੈ, ਜਿਹਨਾਂ ਦੇ ਛੋਟੇ-ਛੋਟੇ ਬੱਚੇ ਹਨ, ਉਨ੍ਹਾਂ ਨੂੰ ਦੱਸ ਦੇਣਾ। ਉਹ ਆਪਣੇ ਬੱਚਿਆਂ ਨੂੰ ਸਿਮਰਨ ਕਰਾ ਕੇ ਉਨ੍ਹਾਂ ਦਾ ਜੀਵਨ ਸਫਲ ਕਰਾਉਣ।

ਦਾਸ ਇਹ ਸੁਣ ਕੇ ਦੇਖਣ ਚਲਾ ਗਿਆ। ਉਸ ਸਮੇਂ ਮੇਰੇ ਨਾਲ ਸਿਮਰਤ ਸਿੰਘ ਵੀ ਸੀ, ਜਿਸ ਦੀ ਉਮਰ ਉਸ ਵੇਲੇ ਢਾਈ ਸਾਲ ਦੀ ਸੀ। ਇਹ ਬੱਚਾ ਸਭ ਤੋਂ ਅੱਗੇ ਵਾਜੇ ਦੇ ਕੋਲ ਬੈਠ ਗਿਆ ਤੇ ਵਾਹਿਗੁਰੂ ਦਾ ਸਿਮਰਨ ਕਰਨ ਲੱਗਾ। ਇਸ ਤਰ੍ਹਾਂ ਬੱਚਿਆਂ ਨੂੰ ਸਿਮਰਨ ਕਰਦੇ ਦੇਖ ਕੇ ਮੈਨੂੰ ਆਪਣਾ ਬਚਪਨ ਯਾਦ ਆ ਗਿਆ। ਅਗਰ ਮਾਪੇ ਚਾਹੁੰਣ ਤਾਂ ਬੱਚਿਆਂ ਨੂੰ ਛੋਟੀ ਉਮਰ ਵਿਚ ਹੀ ਪ੍ਰਮਾਤਮਾ ਦੇ ਲੜ ਲਾ ਸਕਦੇ ਹਨ। ਜਿਸ ਤਰ੍ਹਾਂ ਫਰੀਦ ਦੀ ਮਾਂ ਨੇ ਮਿਸ਼ਰੀ ਦੇ ਲਾਲਚ ਵਿਚ ਉਸ ਨੂੰ ਰੱਬ ਦੇ ਲੜ ਲਾਇਆ। ਬੱਚੇ ਦਾ ਹਿਰਦਾ ਸ਼ੁੱਧ ਤੇ ਕੋਮਲ ਹੁੰਦਾ ਹੈ। ਉਸ ਨੂੰ ਜਿਸ ਪਾਸੇ ਲਗਾਉ ਲੱਗ ਜਾਂਦਾ ਹੈ। ਜਿਸ ਤਰ੍ਹਾਂ ਛੋਟੀਆਂ-ਛੋਟੀਆਂ ਟਾਹਣੀਆਂ ਨੂੰ ਜਿਸ ਪਾਸੇ ਚਾਹੋ, ਸੌਖੀਆਂ ਮੁੜ ਜਾਂਦੀਆਂ ਹਨ। ਪਰ ਵੱਡੀਆਂ ਹੋ ਜਾਣ ਤਾਂ ਮੋੜਨਾ ਮੁਸ਼ਕਲ ਹੈ। ਇਸੇ ਤਰ੍ਹਾਂ ਇਨਸਾਨ ਜਦੋਂ ਦੁਨਿਆਵੀ ਚੱਕਰ ਵਿਚ ਫਸ ਜਾਂਦਾ ਹੈ ਤਾਂ ਪ੍ਰਮਾਤਮਾ ਨੂੰ ਭੁੱਲ ਜਾਂਦਾ ਹੈ।

**ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸੁ ਤਰਿਆ ॥**

*(ਗੂਜਰੀ ਮ: 5 ਪੰ:-495)*

ਜਦੋਂ ਅੰਮ੍ਰਿਤ ਵੇਲਾ ਹੁੰਦਾ ਹੈ ਤਾਂ ਕਲਯੁਗ ਆਪਣਾ ਕੰਬਲ ਸਾਰਿਆਂ ਉਪਰ ਪਾ ਦਿੰਦਾ ਹੈ ਪਰ ਜਿਸ ਉਪਰ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਖਸ਼ਿਸ਼ ਹੋਵੇ, ਉਹ ਇਸ ਕਲਯੁਗ ਦੇ ਸਮੇਂ ਵਿਚ ਵੀ ਅੰਮ੍ਰਿਤ ਵੇਲੇ ਉਠ ਕੇ ਸਾਧ ਸੰਗਤ ਦੇ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਨਾਮ ਜਪਦੇ ਹਨ। ਹੁਣ ਦੇਖਣ ਵਿਚ ਆਇਆ ਹੈ ਕਿ ਮਾਂ ਬਾਪ ਸੌਂ ਰਹੇ ਹੁੰਦੇ ਹਨ, ਪਰ ਉਨ੍ਹਾਂ ਦੇ ਬੱਚੇ ਅੰਮ੍ਰਿਤ ਵੇਲੇ ਗੁਰੂ ਮਹਾਰਾਜ ਜੀ ਦੀ ਹਜ਼ੂਰੀ ਵਿਚ ਜਾ ਕੇ ਨਾਮ ਜਪਦੇ ਹਨ। ਕਈ ਬੱਚੇ ਸਵੇਰੇ ਕੜਾਕੇ ਦੀ ਸਰਦੀ ਵਿਚ ਰੋਜ਼ਾਨਾ ਪੈਦਲ ਚੱਲ ਕੇ ਹਾਜ਼ਰੀ ਭਰਦੇ ਹਨ ਪਰ ਮਾਂ ਬਾਪ ਨੂੰ ਕੋਈ ਸੋਝੀ ਨਹੀਂ ਆਉਂਦੀ। ਐਸੇ ਹੀ ਨੌਜਵਾਨ ਬੱਚੇ ਗੁਰੂ ਦੇ ਪ੍ਰੇਮੀ ਵੀਚਾਰ ਕਰਨ ਲੱਗੇ ਕਿ ਅਸੀਂ ਰਲ

ਕੇ ਨੌਜਵਾਨ ਬੱਚਿਆਂ ਲਈ ਕੁਝ ਹਿੰਮਤ ਕਰੀਏ। ਭਾਈ ਸਵਰਾਜ ਸਿੰਘ ਦੇ ਉਦਮ ਨਾਲ ਨੌਜਵਾਨਾਂ ਨੇ ਰਲ ਕੇ ਪ੍ਰੋਗਰਾਮ ਸ਼ੁਰੂ ਕੀਤਾ, ਜਿਸ ਦਾ ਨਾਮ ਸਿੱਖੀ ਵਰਕਸ਼ਾਪ ਰੱਖਿਆ। ਬੱਚਿਆਂ ਦੀ ਇਕ ਹੀ ਭਾਵਨਾ ਹੈ ਕਿ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣੀਏ। ਪ੍ਰਮਾਤਮਾ ਦਾ ਨਾਮ ਜਪ ਕੇ ਉਸ ਦੇ ਹੋਰ ਨੇੜੇ ਹੋਈਏ। ਇਸ ਭਾਵਨਾ ਨੂੰ ਮੁਖ ਰੱਖਦੇ ਹੋਏ ਭਾਈ ਹਰਜੀਤ ਸਿੰਘ, ਭਾਈ ਭੁਪਿੰਦਰ ਸਿੰਘ ਅਤੇ ਛੋਟੇ-ਛੋਟੇ ਬੱਚੇ ਹਰ ਐਤਵਾਰ ਵਰਕਸ਼ਾਪ ਪਹੁੰਚ ਕੇ ਪ੍ਰੋਗਰਾਮ ਸ਼ੁਰੂ ਕਰਦੇ ਹਨ। ਇਨ੍ਹਾਂ ਦੀ ਭਾਵਨਾ ਹੈ ਕਿ ਛੋਟੇ ਬੱਚਿਆਂ ਦੇ ਹਿਰਦਿਆਂ ਵਿਚ ਨਾਮ ਵਸ ਜਾਵੇ ਅਤੇ ਅਰਦਾਸ ਕਰਦੇ ਹਨ, "ਹੇ ਸਤਿਗੁਰੂ ਜੀ! ਸਾਡੇ ਨਿਆਣੇ ਜੀਵਾਂ ਤੇ ਰਹਿਮਤ ਕਰੋ, ਅਸੀਂ ਅਨਜਾਣ ਭਿਖਾਰੀ ਭੁਲਣਹਾਰ ਹਾਂ, ਸਾਨੂੰ ਆਪਣਾ ਰਸਤਾ ਦਿਖਾਉ ਤੇ ਨਾਮ ਸਿਮਰਨ ਦੀ ਬਖਸ਼ਿਸ਼ ਕਰੋ।" ਅਰਦਾਸ ਦੀ ਸਮਾਪਤੀ ਤੋਂ ਬਾਅਦ ਬੱਚੇ ਸਾਵਧਾਨ ਹੋ ਕੇ ਵਾਹਿਗੁਰੂ ਮੰਤਰ ਦੀ ਅਰਾਧਨਾ ਕਰਦੇ ਹਨ। ਅੱਖਾਂ ਬੰਦ ਕਰਕੇ ਸਿਮਰਨ ਵਿਚ ਜੁੜ ਜਾਂਦੇ ਹਨ। ਇਸ ਵਿਚ ਚਾਰ ਤੋਂ ਬਾਰਾਂ ਸਾਲ ਦੀ ਉਮਰ ਦੇ ਬੱਚੇ ਹਾਜ਼ਰੀ ਭਰਦੇ ਹਨ। ਭਾਈ ਹਰਜੀਤ ਸਿੰਘ ਜੀ ਸਿੱਖੀ ਬਾਣਾ ਪਹਿਨ ਕੇ ਆਉਂਦੇ ਹਨ ਤਾਂ ਕਿ ਬੱਚਿਆਂ 'ਤੇ ਵੀ ਸਿੱਖੀ ਦਾ ਪ੍ਰਭਾਵ ਪਵੇ। ਬੱਚੇ ਮਿਲ ਕੇ ਮੂਲ ਮੰਤਰ ਦਾ ਜਾਪ ਕਰਦੇ ਹਨ। ਬੀਬੀ ਜਸਵਿੰਦਰ ਕੌਰ ਤੇ ਬੀਬੀ ਅਮਰਦੀਪ ਕੌਰ ਪਹਿਲਾਂ ਬੋਲਦੀਆਂ ਹਨ ਅਤੇ ਬੱਚੇ ਮਗਰ ਬੋਲਦੇ ਹਨ। ਛੋਟੇ ਬੱਚੇ ਸ਼ੌਕ ਨਾਲ ਛੈਣੇ ਚੁੱਕ ਕੇ ਵਜਾਉਣ ਲੱਗ ਜਾਂਦੇ ਹਨ। ਗੁਰੂ ਦੀ ਕ੍ਰਿਪਾ ਨਾਲ ਇੱਕ ਘੰਟਾ ਇਸੇ ਤਰ੍ਹਾਂ ਜਾਪ ਹੁੰਦਾ ਹੈ। ਸਾਰਾ ਕਮਰਾ ਭਰਿਆ ਹੁੰਦਾ ਹੈ ਫਿਰ ਭਾਈ ਹਰਜੀਤ ਸਿੰਘ ਅੰਗਰੇਜੀ ਵਿਚ ਬਾਬਾ ਦੀਪ ਸਿੰਘ, ਬਾਬਾ ਬੰਦਾ ਬਹਾਦਰ ਅਤੇ ਹੋਰ ਸੂਰਮਿਆਂ ਦੀਆਂ ਸਾਖੀਆਂ ਸੁਣਾਉਂਦੇ ਹਨ। ਬੱਚੇ ਬੜੇ ਹੁਸ਼ਿਆਰ ਹਨ। ਕਈ ਬੱਚੇ ਵੀ ਸਾਖੀਆਂ ਸੁਣਾਉਂਦੇ ਹਨ। ਇੱਕ ਛੇ ਸਾਲ ਦਾ ਬੱਚਾ ਸਿਮਰਨ ਸਿੰਘ ਕੇਸਰੀ ਰੰਗ ਦਾ ਬਾਣਾ ਤੇ ਨੀਲੇ ਰੰਗ ਦਾ ਕਮਰਕੱਸਾ ਬੰਨ ਕੇ ਆਉਂਦਾ ਹੈ। ਉਹ ਵੀ ਕਦੀ ਕਦੀ ਸਾਖੀ ਸੁਣਾਉਂਦਾ ਹੈ। ਇੱਕ ਦਿਨ ਉਸ ਨੇ ਸੱਜਣ ਠੱਗ ਦੀ ਸਾਖੀ ਸੁਣਾਈ। ਬਹੁਤ ਜੋਸ਼ ਭਰੀ ਅਵਾਜ ਵਿਚ ਬੋਲਿਆ, "ਗੁਰੂ ਨਾਨਕ ਜੀ ਕਹਿੰਦੇ ਸੱਜਣ! ਤੂੰ ਸੱਜਣ ਨਹੀਂ, ਠੱਗ ਹੈ।" ਸਭ ਬੱਚਿਆਂ ਦੇ ਚਿਹਰਿਆਂ ਤੇ ਨੂਰ ਦਿਖਾਈ ਦਿੱਤਾ। ਇਹੋ ਜਿਹਾ ਦ੍ਰਿਸ਼ ਦੇਖ ਕੇ ਹਿਰਦੇ ਨੂੰ ਠੰਢ ਪਹੁੰਚਦੀ ਹੈ। ਭਾਈ ਰਣਜੋਧ ਸਿੰਘ ਅਤੇ ਹੋਰ ਵੀਰਾਂ ਨੇ ਰਲ ਕੇ ਨੀਲੇ ਰੰਗ ਦਾ ਖੂਬਸੂਰਤ ਖੰਡਾ ਕੰਧ ਤੇ ਬਹੁਤ ਪ੍ਰੇਮ ਨਾਲ ਛਾਪਿਆ ਹੈ। ਸਾਰੇ ਉਸ ਪਾਸੇ ਹੱਥ ਜੋੜ ਕੇ ਸਮਾਪਤੀ ਦੀ ਅਰਦਾਸ ਵਿਚ ਵਿਚ ਜੁੜਦੇ ਹਨ। ਗੁਰੂ ਦਾ ਕੋਟਨ ਕੋਟ ਧੰਨਵਾਦ ਕੀਤਾ ਜਾਂਦਾ ਹੈ। ਅਰਦਾਸ ਦੇ ਅਖੀਰ ਵਿਚ ਨੌਜਵਾਨ ਬੱਚੇ ਉਚੀ ਅਵਾਜ਼ ਵਿਚ

*'ਦੇਗ ਤੇਗ ਫਤਹਿ' 'ਪੰਥ ਕੀ ਜੀਤ' 'ਰਾਜ ਕਰੇਗਾ ਖਾਲਸਾ'*

ਦੇ ਨਾਹਰੇ ਲਾਉਂਦੇ ਹਨ। ਇਸ ਵੇਲੇ ਬੱਚਿਆਂ ਦੀ ਏਕਤਾ, ਧਰਮ ਅਤੇ ਪੰਥ ਦੀ ਚੜ੍ਹਦੀ ਕਲਾ ਵਾਸਤੇ ਡੂੰਘੀ ਇੱਛਾ ਦਿਖਾਈ ਦਿੰਦੀ ਹੈ।

ਭਾਈ ਰਣਜੋਧ ਸਿੰਘ ਅਤੇ ਹਰਮਿੰਦਰ ਸਿੰਘ ਅੰਮ੍ਰਿਤ ਵੇਲੇ ਦੇ ਮੁਖ ਵਾਕ ਦੀ ਇੰਗਲਿਸ਼ ਵਿਚ ਟਰਾਂਸਲੇਸ਼ਨ ਕਰਕੇ ਹਰ ਰੋਜ਼ ਬੋਰਡ ਉਪਰ ਲਗਾਉਂਦੇ ਹਨ। ਜਿਹੜੇ ਬੱਚੇ ਪੰਜਾਬੀ ਨਹੀਂ ਪੜ੍ਹ ਸਕਦੇ, ਉਨ੍ਹਾਂ ਨੂੰ ਸੋਝੀ ਦਿਵਾਉਣ ਵਾਸਤੇ ਸ੍ਰੀ ਗੁਰੂ ਸਿੰਘ ਸਭਾ ਸਾਊਥਲ ਸੇਵਾ ਕਰਦੇ ਹਨ।

**(ਅ)**

ਦਾਸ ਰੋਜ਼ਾਨਾ ਸਿੰਘ ਸਭਾ ਗੁਰਦੁਆਰੇ ਦਸ ਤੋਂ ਗਿਆਰਾਂ ਸਵੇਰੇ ਸਿਮਰਨ ਵੇਲੇ ਹਾਜ਼ਰੀ ਭਰਦੇ ਹਨ। ਭਾਈ ਸੁਖਦੇਵ ਸਿੰਘ ਤੇ ਬੀਬੀ ਅਮਰਜੀਤ ਕੌਰ ਦੀ ਸ਼ੁਕਰਵਾਰ ਛੁੱਟੀ ਹੁੰਦੀ ਹੈ। ਦਾਸ ਨੇ ਬੇਨਤੀ ਕੀਤੀ ਕਿ ਤੁਸੀਂ ਵੀ ਸਿਮਰਨ ਵੇਲੇ ਹਾਜ਼ਰੀ ਭਰਿਆ ਕਰੋ ਤੇ ਨਾਲ ਸਿਮਰਤ ਸਿੰਘ ਨੂੰ ਵੀ ਲਿਆਇਆ ਕਰੋ।

ਭਾਈ ਸਾਹਿਬ ਜੀ ਜਦੋਂ ਗੁਰਦੁਆਰੇ ਆਉਂਦੇ ਹਨ ਤਾਂ ਨਿਸ਼ਾਨ ਸਾਹਿਬ ਨੂੰ ਜਰੂਰ ਫਤਹਿ ਬੁਲਾਉਂਦੇ ਹਨ। ਇਹ ਦੇਖ ਕੇ ਸਿਮਰਤ ਨੇ ਵੀ ਨਕਲ ਕੀਤੀ ਤੇ ਨਿਸ਼ਾਨ ਸਾਹਿਬ ਨੂੰ ਫਤਹ ਬੁਲਾਈ। ਇਸ ਤਰ੍ਹਾਂ ਫਤਹ ਬੁਲਾਉਂਦਿਆਂ ਦੇਖ ਕੇ ਦਾਸ ਨੂੰ ਬਹੁਤ ਖੁਸ਼ੀ ਹੋਈ। ਮੈਂ ਅੰਦਰ ਜਾ ਕੇ ਬੈਠ ਗਿਆ। ਸਿਮਰਤ ਨੇ ਵੀ ਅੰਦਰ ਜਾ ਕੇ ਮਹਾਰਾਜ ਜੀ ਨੂੰ ਸਿਆਣਿਆਂ ਵਾਂਗ ਮੱਥਾ ਟੇਕਿਆ ਤੇ ਦੌੜ ਕੇ ਪ੍ਰਸ਼ਾਦ ਲੈਣ ਚਲਾ ਗਿਆ। ਪ੍ਰਸ਼ਾਦ ਲੈ ਕੇ ਮੇਰੇ ਕੋਲ ਆ ਕੇ ਬੈਠ ਗਿਆ।

ਬਾਹਰ ਆਏ ਤਾਂ ਭਾਈ ਸੁਖਦੇਵ ਸਿੰਘ ਨੇ ਮੈਨੂੰ ਦੱਸਿਆ, ਜਦੋਂ ਅਸੀਂ ਦੋਨੋ ਘਰ ਹੁੰਦੇ ਹਾਂ ਤਾਂ ਇਸ ਨੂੰ ਪਤਾ ਲੱਗ ਜਾਂਦਾ ਹੈ ਕਿ ਮੈਨੂੰ ਗੁਰਦੁਆਰੇ ਲੈ ਕੇ ਜਾਣਗੇ ਅਤੇ ਕਹਿਣ ਲੱਗ ਪੈਂਦਾ ਹੈ, ਬਾਬਾ ਜੀ ਹਾਊਸ ਜਾਣਾ ਹੈ। ਦੋਨੋ ਹੱਥ ਜੋੜ ਕੇ ਕਹਿੰਦਾ ਪ੍ਰਸ਼ਾਦ ਲੈਣਾ ਹੈ। ਸਾਡੇ ਮੋਹਰੇ ਜੋੜੇ ਲਿਆ ਕੇ ਰੱਖ ਦਿੰਦਾ ਹੈ ਕਿ ਆਪਾਂ ਚਲੀਏ। ਦਾਸ ਇਹ ਸੁਣ ਕੇ ਬਹੁਤ ਖੁਸ਼ ਹੋਇਆ।

ਇਸ ਤਰ੍ਹਾਂ ਗੁਰਦੁਆਰੇ ਛੋਟੇ-ਛੋਟੇ ਬੱਚਿਆਂ ਨੂੰ ਮੱਥਾ ਟੇਕਦਿਆਂ ਦੇਖ ਕੇ ਹਰ ਕੋਈ ਪ੍ਰਾਣੀ ਖੁਸ਼ ਹੁੰਦਾ ਹੈ। ਗੁਰੂ ਮਹਾਰਾਜ ਜੀ ਤਾਂ ਪਤਾ ਨਹੀਂ ਕਿੰਨੇ ਖੁਸ਼ ਹੁੰਦੇ ਹੋਣਗੇ। ਮਹਾਰਾਜ ਜੀ ਤਾਂ ਇਤਨੇ ਦਿਆਲੂ ਹਨ ਕਿ ਬੱਚੇ ਦੇ ਪਿਛਲੇ ਜਨਮਾਂ ਦੇ ਸਾਰੇ ਪਾਪ ਨਾਸ਼ ਕਰ ਦਿੰਦੇ ਹਨ। ਦਾਸ ਦੀ ਸਾਧ ਸੰਗਤ ਅੱਗੇ ਬੇਨਤੀ ਹੈ ਕਿ ਤੁਸੀਂ ਬੱਚਿਆਂ ਨੂੰ ਜਰੂਰ ਗੁਰਦੁਆਰੇ ਨਾਲ ਲੈ ਕੇ ਆਇਆ ਕਰੋ। ਆਪਣਾ ਤੇ ਬੱਚਿਆਂ ਦਾ ਜਨਮ ਸਫਲਾ ਕਰੋ। ਜੇ ਮਾਂ ਬਾਪ ਹੀ ਬੱਚਿਆਂ ਨੂੰ ਗੁਰਦੁਆਰੇ ਨਾਲ ਨਹੀਂ ਲੈ ਕੇ ਜਾਣਗੇ ਤਾਂ ਬੱਚਿਆਂ ਨੂੰ ਸਿੱਖੀ ਬਾਰੇ ਕਿਸ ਤਰ੍ਹਾਂ ਪਤਾ ਲੱਗੇਗਾ।

ਦਾਸ ਨੇ ਭਾਈ ਸੁਖਦੇਵ ਸਿੰਘ ਨੂੰ ਪੁਛਿਆ, ਤੁਹਾਨੂੰ ਪਤਾ ਹੈ ਕਿ ਨਿਸ਼ਾਨ ਸਾਹਿਬ ਨੂੰ ਮੱਥਾ ਕਿਉਂ ਟੇਕੀਦਾ ਹੈ। ਉਸ ਨੇ ਕਿਹਾ, ਸਾਡੇ ਧਰਮ ਦਾ ਨਿਸ਼ਾਨ ਹੈ, ਇਸ ਲਈ ਮੱਥਾ ਟੇਕਦੇ ਹਾਂ। ਮੈਂ ਦੱਸਿਆ, ਇਸ ਨਿਸ਼ਾਨ ਦੀ ਖਾਤਰ ਲੱਖਾਂ ਸਿੰਘਾਂ ਨੇ

ਸ਼ਹੀਦੀਆਂ ਦਿੱਤੀਆਂ। ਇਥੇ ਸ਼ਹੀਦਾਂ ਦਾ ਪਹਿਰਾ ਹੁੰਦਾ ਹੈ। ਇਸ ਕਰਕੇ ਆਪਣਾ ਫਰਜ ਬਣਦਾ ਹੈ ਕਿ ਫਤਹ ਬੁਲਾਈਏ।

ਤੁਸੀਂ ਸਿਮਰਤ ਦੀ ਦੇਖ ਭਾਲ ਕਰਦੇ ਹੋ, ਇਸ ਨੂੰ ਵੀ ਵਾਹਿਗੁਰੂ ਦਾ ਸਿਮਰਨ ਕਰਾਇਆ ਕਰੋ। ਦਾਸ ਨੇ ਦੱਸਿਆ, ਮੈਂ ਵੀ ਛੋਟਾ ਜਿਹਾ ਸੀ, ਜਦੋਂ ਸਿਮਰਨ ਕਰਦਾ ਹੁੰਦਾ ਸੀ। ਭਾਈ ਸੁਖਦੇਵ ਸਿੰਘ ਨੇ ਕਿਹਾ ਕਿ ਭਾਈ ਸਾਹਿਬ ਜੀ ਇਹ ਇੰਨਾ ਛੋਟਾ ਹੈ, ਸਿਮਰਨ ਕਿਸ ਤਰ੍ਹਾਂ ਕਰ ਸਕਦਾ ਹੈ। ਮੈਨੂੰ ਤਾਂ ਯਕੀਨ ਨਹੀਂ, ਇਹ ਸਿਮਰਨ ਕਰੇਗਾ, ਇਸ ਨੂੰ ਅਜੇ ਕਿਸੇ ਗੱਲ ਦੀ ਸੋਝੀ ਨਹੀਂ ਹੈ। ਅਮਰਜੀਤ ਕੌਰ ਨੇ ਕਿਹਾ ਕਿ ਕਿਉਂ ਨਹੀਂ ਕਰ ਸਕਦਾ। ਭਗਤ ਕਬੀਰ ਜੀ ਕਹਿੰਦੇ ਹਨ :-

**ਰਾਮ ਜਪਉ ਜੀਅ ਐਸੇ ਐਸੇ ॥**
**ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ ॥ 1 ॥**
**ਦੀਨ ਦਇਆਲ ਭਰੋਸੇ ਤੇਰੇ ॥**
**ਸਭੁ ਪਰਵਾਰੁ ਚੜਾਇਆ ਬੇੜੇ ॥ 1 ॥ ਰਹਾਉ ॥**
**ਜਾ ਤਿਸੁ ਭਾਵੈ ਤਾ ਹੁਕਮੁ ਮਨਾਵੈ ॥**
**ਇਸ ਬੇੜੇ ਕਉ ਪਾਰਿ ਲਘਾਵੈ ॥ 2 ॥**
**ਗੁਰ ਪਰਸਾਦਿ ਐਸੀ ਬੁਧਿ ਸਮਾਨੀ ॥**
**ਚੂਕਿ ਗਈ ਫਿਰਿ ਆਵਨ ਜਾਨੀ ॥ 3 ॥**
**ਕਹੁ ਕਬੀਰ ਭਜੁ ਸਾਰਿਗਪਾਨੀ**
**ਉਰਵਾਰਿ ਪਾਰਿ ਸਭ ਏਕੋ ਦਾਨੀ ॥ 4 ॥**

*(ਗਉੜੀ ਕਬੀਰ ਜੀਉ ਪੰ:-337)*

ਧ੍ਰੂ ਅਤੇ ਪ੍ਰਹਿਲਾਦ ਨੇ ਛੋਟੀ ਉਮਰ ਵਿਚ ਨਾਮ ਜਪਣਾ ਸ਼ੁਰੂ ਕਰ ਦਿੱਤਾ ਸੀ। ਭਾਈ ਸਾਹਿਬ ਜੀ ਕਹਿੰਦੇ, ਮੈਂ ਤਾਂ ਯਕੀਨ ਕਰਾਂ ਜੇ ਆਪਣੇ ਕੰਨਾਂ ਨਾਲ ਸੁਣਾਂ। ਦੋ ਤਿੰਨਾਂ ਹਫਤਿਆਂ ਬਾਅਦ ਮੈਂ ਭਾਈ ਸੁਖਦੇਵ ਸਿੰਘ ਦੇ ਘਰ ਗਿਆ ਤਾਂ ਅਮਰਜੀਤ ਕੌਰ ਨੇ ਮੈਨੂੰ ਦੱਸਿਆ, ਇੱਕ ਦਿਨ ਮੈਂ ਸਿਮਰਤ ਦੇ ਵਾਲ ਵਾਹ ਰਹੀ ਸੀ ਤਾਂ ਇਹ ਕਹਿੰਦਾ ਤਾਈ ਜੀ ਹਾਈ ... ਦੁਖਦਾ। ਮੈਂ ਕਿਹਾ, ਸਿਮਰਤ ਤੇਰੇ ਵਾਲ ਦੁਖਦੇ ਹਨ। ਸਿਮਰਤ ਸਿਰ ਹਲਾ ਕੇ ਕਹਿੰਦਾ, ਹਾਂ। ਸਾਡੇ ਘਰ ਭਾਈ ਤਾਰੂ ਸਿੰਘ ਜੀ ਦੀ ਫੋਟੋ ਲੱਗੀ ਹੋਈ ਸੀ। ਮੈਂ ਸਿਮਰਤ ਨੂੰ ਕਿਹਾ, ਦੇਖ ਸਿਮਰਤ ਇਨ੍ਹਾਂ ਦਾ ਸਿਰ ਨਹੀਂ ਦੁਖਦਾ, ਇਨ੍ਹਾਂ ਦੀ ਖੋਪਰੀ ਉਤਾਰੀ ਜਾ ਰਹੀ ਹੈ। ਇਹਨਾਂ ਨੂੰ ਕੋਈ ਦੁਖ ਤਕਲੀਫ ਮਹਿਸੂਸ ਨਹੀਂ ਹੋਈ ਕਿਉਂਕਿ ਇਹ ਵਾਹਿਗੁਰੂ ਦਾ ਸਿਮਰਨ ਕਰਦੇ ਸੀ। ਤੂੰ ਵੀ ਵਾਹਿਗੁਰੂ ਵਾਹਿਗੁਰੂ ਬੋਲ, ਤੇਰਾ ਵੀ ਸਿਰ ਨਹੀਂ ਦੁਖੇਗਾ। ਸਿਮਰਤ ਤੋਤਲੀ ਅਵਾਜ ਵਿਚ ਵਾਹਿਗੁਰੂ ਵਾਹਿਗੁਰੂ ਬੋਲਣ ਲੱਗ ਪਿਆ। ਮੈਂ ਹੌਲੀ ਜਿਹੀ ਵਾਲਾਂ ਨੂੰ ਹੱਥ ਲਾਇਆ ਤੇ ਪੁਛਿਆ ਕਿ ਹੁਣ ਵਾਲ ਦੁਖਦੇ

ਹਨ, ਤਾਂ ਕਹਿੰਦਾ 'ਨਹੀਂ ਤਾਈ ਜੀ'। ਮੈਂ ਉਸ ਨੂੰ ਕਿਹਾ, ਤੂੰ ਵਾਹਿਗੁਰੂ, ਵਾਹਿਗੁਰੂ ਬੋਲਦਾ ਹੈਂ, ਇਸ ਕਰਕੇ ਤੇਰੇ ਵਾਲ ਹੁਣ ਨਹੀਂ ਦੁਖਦੇ। ਤੂੰ ਵਾਹਿਗੁਰੂ ਵਾਹਿਗੁਰੂ ਬੋਲਿਆ ਕਰ।

**ਪ੍ਰਭ ਕੀਜੈ ਕ੍ਰਿਪਾ ਨਿਧਾਨ ਹਮ ਹਰਿ ਗੁਨ ਗਾਵਹਗੇ ॥**
**ਹਉ ਤੁਮਰੀ ਕਰਉ ਨਿਤ ਆਸ,**
**ਪ੍ਰਭ ਮੋਹਿ ਕਬ ਗਲਿ ਲਾਵਹਿਗੇ ॥ 1 ॥ ਰਹਾਉ ॥**
**ਹਮ ਬਾਰਿਕ ਮੁਗਧ ਇਆਨ, ਪਿਤਾ ਸਮਝਾਵਹਿਗੇ ॥**
**ਸੁਤੁ ਖਿਨੁ ਖਿਨੁ ਭੂਲਿ ਬਿਗਾਰਿ, ਜਗਤ ਪਿਤ ਭਾਵਹਿਗੇ ॥ 1 ॥**
**ਜੋ ਹਰਿ ਸੁਆਮੀ ਤੁਮ ਦੇਹੁ, ਸੋਈ ਹਮ ਪਾਵਹਗੇ ॥**
**ਮੋਹਿ ਦੂਜੀ ਨਾਹੀ ਠਉਰ, ਜਿਸੁ ਪਹਿ ਹਮ ਜਾਵਹਗੇ ॥ 2 ॥**
**ਜੋ ਹਰਿ ਭਾਵਹਿ ਭਗਤ ਤਿਨਾ ਹਰਿ ਭਾਵਹਿਗੇ ॥**
**ਜੋਤੀ ਜੋਤਿ ਮਿਲਾਇ, ਜੋਤਿ ਰਲਿ ਜਾਵਹਗੇ ॥ 3 ॥**
**ਹਰਿ ਆਪੇ ਹੋਇ ਕ੍ਰਿਪਾਲੁ, ਆਪਿ ਲਿਵ ਲਾਵਹਿਗੇ ॥**
**ਜਨੁ ਨਾਨਕੁ ਸਰਨਿ ਦੁਆਰਿ, ਹਰਿ ਲਾਜ ਰਖਾਵਹਿਗੇ ॥ 4 ॥**

*(ਕਲਿਆਨੁ ਮ: 4 ਪੰ:–1321)*

ਸਤਿਗੁਰੂ ਦੀ ਕਿਰਪਾ ਹੋਈ ਇਸ ਦੇ ਹਿਰਦੇ ਵਿਚ ਵਾਹਿਗੁਰੂ ਦਾ ਨਾਮ ਵਸ ਗਿਆ। ਹੁਣ ਇਹ ਹਰ ਵੇਲੇ ਵਾਹਿਗੁਰੂ ਵਾਹਿਗੁਰੂ ਬੋਲਦਾ ਰਹਿੰਦਾ ਹੈ।

ਇੱਕ ਦਿਨ ਅਸੀਂ ਸਾਰੇ ਸ੍ਰੀ ਹੇਮਕੁੰਟ ਸਾਹਿਬ ਜੀ ਦੀ ਵੀਡੀਉ ਦੇਖਦੇ ਸੀ। ਸਾਰੀ ਦੇਖ ਕੇ ਅਸੀਂ ਵੀਡੀਉ ਬੰਦ ਕਰਨ ਲੱਗੇ ਤਾਂ ਇਹ ਕਹਿਣ ਲੱਗਾ ਕਿ ਮੈਂ ਦੇਖਣੀ ਹੈ, ਹਾਲੇ ਬੰਦ ਨਾ ਕਰਿਉ। ਅਸੀਂ ਕਿਹਾ ਕਿ ਚੰਗਾ ਰੀਵਾਇੰਡ ਕਰਕੇ ਲਗਾ ਦਿੰਦੇ ਹਾਂ ਤਾਂ ਇਹ ਰੋਣ ਲੱਗ ਪਿਆ ਕਿ ਹੁਣੇ ਹੀ ਲਗਾਵੋ। ਸਾਨੂੰ ਜਿਥੇ ਸੀ, ਉਥੇ ਹੀ ਚਲਾਉਣੀ ਪਈ। ਜਦੋਂ ਫਿਲਮ ਵਿਚ ਵਾਹਿਗੁਰੂ ਵਾਹਿਗੁਰੂ ਬੋਲਦੇ ਹਨ ਤਾਂ ਇਹ ਵੀ ਨਾਲ ਹੀ ਬੋਲਦਾ ਵਾਹਿਗੁਰੂ, ਵਾਹਿਗੁਰੂ, ਸਤਿਨਾਮ, ਸਤਿਨਾਮ। ਇਸ ਨੂੰ ਇਹ ਸ਼ਬਦ ਬਹੁਤ ਪਸੰਦ ਹੈ।

'ਵਾਹੁ ਵਾਹੁ ਗੋਬਿੰਦ ਸਿੰਘ ਜੀ ਆਪੇ ਗੁਰ ਚੇਲਾ' ਇਹ ਵੀ ਜਦੋਂ ਦਿਲ ਕਰਦਾ ਹੈ ਤਾਂ ਪੜ੍ਹਦਾ ਹੈ। ਜਦੋਂ ਦਿਲ ਕਰੇ ਤਾਂ ਇਹ ਵਾਹਿਗੁਰੂ ਸਤਿਨਾਮ ਬੋਲਦਾ ਹੈ। ਇੱਕ ਦਿਨ ਇਹ ਤੋਤਲੀ ਅਵਾਜ ਵਿਚ ਕਹੇ:–

**ਵਾਹੁ ਵਾਹੁ ਗੋਬਿੰਦ ਸਿੰਘ ਜੀ ਆਪੇ ਗੁਰ ਚੇਲਾ**
**ਬਾਜਾਂ ਵਾਲੇ ਗੋਬਿੰਦ ਸਿੰਘ ਜੀ**

ਮੈਂ ਬਹੁਤ ਹੈਰਾਨ ਕਿ ਇਸ ਨੇ ਵਾਜਾਂ ਵਾਲੇ ਗੋਬਿੰਦ ਸਿੰਘ ਜੀ ਕਿਥੋਂ ਸਿਖਿਆ। ਮੈਂ ਇਹ ਸ਼ਬਦ ਧਿਆਨ ਨਾਲ ਸੁਣਿਆ ਤਾਂ ਮੈਨੂੰ ਪਤਾ ਲੱਗਾ।

ਭਾਈ ਸੁਖਦੇਵ ਸਿੰਘ ਕਹਿੰਦੇ, ਹੁਣ ਮੈਨੂੰ ਯਕੀਨ ਹੋ ਗਿਆ ਕਿ ਛੋਟਾ ਬੱਚਾ ਵੀ ਸਿਮਰਨ ਕਰ ਸਕਦਾ ਹੈ। ਇਸ ਫਿਲਮ ਨੂੰ ਇਹ ਸਾਰਾ ਦਿਨ ਦੇਖਦਾ ਰਹਿੰਦਾ ਹੈ। ਆਪੇ ਹੀ ਵੀਡੀਓ ਲਗਾ ਕੇ ਫਿਲਮ ਰੀਵਾਇੰਡ ਕਰਕੇ ਦੁਬਾਰਾ ਲਗਾ ਲੈਂਦਾ ਹੈ। ਮਜਾਲ ਹੈ ਕਿ ਕੋਈ ਦੂਸਰੀ ਫਿਲਮ ਲਗਾ ਲਵੇ। ਹੋਰ ਕੋਈ ਟੈਲੀਵੀਯਨ ਤੇ ਪ੍ਰੋਗਰਾਮ ਨਹੀਂ ਦੇਖ ਸਕਦਾ। ਇਸ ਦਾ ਇੰਨਾਂ ਰੋਅਬ ਹੈ ਕਿ ਕੋਈ ਇਸ ਨੂੰ ਕੁਝ ਕਹਿ ਨਹੀਂ ਸਕਦਾ। ਭਾਈ ਸ਼ਾਹਿਬ ਜੀ ਦੇ ਬੱਚੇ ਬਲਵਿੰਦਰ ਸਿੰਘ ਅਤੇ ਜਸਤਿੰਦਰ ਸਿੰਘ ਜਦੋਂ ਸਕੂਲ ਤੋਂ ਆਉਂਦੇ ਹਨ, ਤਾਂ ਉਨ੍ਹਾਂ ਨੂੰ ਕੋਈ ਪ੍ਰੋਗਰਾਮ ਨਹੀਂ ਦੇਖਣ ਦਿੰਦਾ। ਬਸ ਹਮੇਸ਼ਾ ਕਹਿੰਦਾ ਹੈ ਕਿ ਵਾਹਿਗੁਰੂ ਵਾਹਿਗੁਰੂ ਦੀ ਫਿਲਮ ਦੇਖਣੀ ਹੈ। "ਭਾਜੀ ਆਈ ਵਾਂਟ ਟੂ ਵਾਚ ਵਾਹਿਗੁਰੂ ਵਾਹਿਗੁਰੂ" ਤੇ ਉਨ੍ਹਾਂ ਨੂੰ ਗੁੱਸੇ ਕਰਕੇ ਉਪਰ ਭੇਜ ਦਿੰਦਾ ਹੈ। ਇਸ ਨੂੰ ਕੋਈ ਕੁਝ ਕਹਿੰਦਾ ਨਹੀਂ ਕਿਉਂ ਕਿ ਇਹ ਨਾਲ-ਨਾਲ ਵਾਹਿਗੁਰੂ ਜਪਦਾ ਹੈ। ਜਦੋਂ ਕਿਸੇ ਦੇ ਘਰ ਜਾਵੇ ਜੇ ਧਾਰਮਿਕ ਫਿਲਮ ਲੱਗੀ ਹੋਵੇ ਤਾਂ ਇਹ ਕਹੇਗਾ ਕਿ ਉਹ ਹੀ ਦੇਖਣੀ ਹੈ। ਇੱਕ ਦਿਨ ਐਸਾ ਹੀ ਹੋਇਆ ਕਿ ਇਸ ਦੀ ਮੰਮੀ ਨੇ ਦੱਸਿਆ ਕਿ ਅਸੀਂ ਕਿਸੇ ਦੇ ਘਰ ਗਏ ਤਾਂ ਉਨ੍ਹਾਂ ਨੇ ਕੀਰਤਨ ਦੀ ਵੀਡੀਓ ਲਗਾਈ ਹੋਈ ਸੀ, ਅਸੀਂ ਸਾਰੇ ਦੇਖਣ ਲੱਗ ਪਏ। ਥੋੜ੍ਹੀ ਦੇਰ ਬਾਅਦ ਉਹ ਇਹ ਫਿਲਮ ਬੰਦ ਕਰਕੇ ਹੋਰ ਪ੍ਰੋਗਰਾਮ ਦੇਖਣਾ ਚਾਹੁੰਦੇ ਸਨ ਤਾਂ ਇਹ ਕਹਿੰਦਾ ਕਿ ਮੈਂ ਤਾਂ ਇਹ ਹੀ ਦੇਖਣੀ ਹੈ। ਉਨ੍ਹਾਂ ਨੂੰ ਬੰਦ ਨਹੀਂ ਕਰਨ ਦਿੱਤੀ। ਉਹ ਵੀ ਬਹੁਤ ਹੈਰਾਨ ਹੋਏ ਕਿ ਇਹ ਛੋਟਾ ਜਿਹਾ ਬੱਚਾ ਕਿਸ ਤਰ੍ਹਾਂ ਧਿਆਨ ਨਾਲ ਸੁਣਦਾ ਹੈ।

ਇੱਕ ਦਿਨ ਸਿਮਰਤ ਭਾਈ ਸੁਖਦੇਵ ਸਿੰਘ ਨਾਲ ਗੁਰਦੁਆਰੇ ਆਇਆ। ਭਾਈ ਸਾਹਿਬ ਜੋੜੇ ਸਾਫ ਕਰਨ ਲੱਗ ਪਏ। ਆਪਣੇ ਤਾਏ ਨੂੰ ਜੋੜੇ ਸਾਫ ਕਰਦੇ ਦੇਖ ਕੇ ਇਹ ਕਹਿੰਦਾ, ਮੈਨੂੰ ਵੀ ਰੁਮਾਲ ਦਿਉ, ਮੈਂ ਵੀ ਜੋੜੇ ਸਾਫ ਕਰਨੇ ਹਨ। ਇਸ ਦੀ ਇਹ ਆਦਤ ਹੈ ਕਿ ਜੋ ਵੀ ਸਿਆਣਾ ਕਰਦਾ ਹੈ, ਉਸ ਦੀ ਨਕਲ ਜਰੂਰ ਕਰਦਾ ਹੈ। ਭਾਈ ਸਾਹਿਬ ਕਹਿੰਦੇ, ਠਹਿਰ ਜਾ, ਮੈਂ ਤੈਨੂੰ ਦਿੰਦਾ ਹਾਂ। ਇਹ ਕਹਿੰਦਾ ਕਿ ਮੈਨੂੰ ਹੁਣੇ ਹੀ ਰੁਮਾਲ ਚਾਹੀਦਾ ਹੈ ਤੇ ਰੋਣ ਲੱਗ ਪਿਆ। ਭਾਈ ਸਾਹਿਬ ਕਹਿੰਦੇ, ਜੇ ਤੂੰ ਜੋੜੇ ਸਾਫ ਕਰੇਂਗਾ ਤਾਂ ਹੀ ਤੈਨੂੰ ਰੁਮਾਲ ਮਿਲੇਗਾ। ਕਹਿੰਦਾ ਹਾਂ ਜੀ, ਮੈਂ ਕਰਾਂਗਾ। ਫਿਰ ਰੁਮਾਲ ਲੈ ਕੇ ਜੋੜੇ ਸਾਫ ਕਰਨ ਲੱਗ ਪਿਆ। ਅਗਰ ਇਸ ਨੂੰ ਗੁਰਦੁਆਰੇ ਨਾ ਲੈ ਕੇ ਜਾਉ ਤਾਂ ਘਰ ਹੀ ਸਾਰੇ ਪਰਿਵਾਰ ਦੇ ਜੋੜੇ ਕੱਢ ਕੇ ਸਾਫ ਕਰਕੇ ਵਾਪਸ ਟਿਕਾ ਕੇ ਰੱਖ ਦਿੰਦਾ ਹੈ।

(ੲ)

ਇੱਕ ਦਿਨ ਮੈਂ ਹਰਕੀਰਤ ਸਿੰਘ ਅਤੇ ਹਰਜੋਤ ਕੌਰ ਨੂੰ ਮਿਲਣ ਬ੍ਰਮਿੰਘਮ ਗਿਆ। ਹਰਕੀਰਤ ਦੀ ਦਾਦੀ ਦਰਸ਼ਨ ਕੌਰ ਨੇ ਉਸ ਨੂੰ ਕਿਹਾ, ਬਾਬਾ ਜੀ ਨੂੰ ਸਿਮਰਨ ਕਰਕੇ ਦਿਖਾਉ। ਮੈਂ ਹਰਕੀਰਤ ਨੂੰ ਸੁਆਸ-ਸੁਆਸ ਸਿਮਰਨ ਕਰਦੇ ਦੇਖ ਕੇ ਬਹੁਤ ਖੁਸ਼ ਹੋਇਆ ਕਿ ਸਵਾ ਦੋ ਸਾਲ ਦਾ ਬੱਚਾ ਸਿਮਰਨ ਕਿਸ ਤਰ੍ਹਾਂ ਕਰ ਰਿਹਾ ਹੈ। ਫਿਰ ਮੈਨੂੰ

ਬੀਬੀ ਦਰਸ਼ਨ ਕੌਰ ਨੇ ਦੱਸਿਆ, ਅਸੀਂ ਇਸ ਨੂੰ ਹਰ ਐਤਵਾਰ ਬੇਬੇ ਨਾਨਕੀ ਗੁਰਦੁਆਰੇ ਲਿਜਾਂਦੇ ਹਾਂ। ਇਸ ਵਿਚ ਇਹ ਖੂਬੀ ਹੈ ਕਿ ਹਰ ਕਿਸੇ ਕੋਲੋਂ ਪਿਆਰ ਲੈਂਦਾ ਹੈ। ਕਿਸੇ ਨੂੰ ਵੀ ਪਰਾਇਆ ਨਹੀਂ ਸਮਝਦਾ। ਇੱਕ ਦਿਨ ਜਦੋਂ ਅਸੀਂ ਗੁਰਦੁਆਰੇ ਗਏ ਤਾਂ ਇਹ ਮੱਥਾ ਟੇਕ ਕੇ ਭਾਈ ਹਰਭਜਨ ਸਿੰਘ ਸੱਗੂ ਦੀ ਗੋਦ ਵਿਚ ਜਾ ਬੈਠਾ। ਉਸ ਸਮੇਂ ਭਾਈ ਸਾਹਿਬ ਜੀ ਸੁਆਸ-ਸੁਆਸ ਸਿਮਰਨ ਕਰ ਰਹੇ ਸਨ। ਭਾਈ ਸਾਹਿਬ ਜੀ ਨੇ ਹਰਕੀਰਤ ਨੂੰ ਆਪਣੀ ਗੋਦ ਵਿਚ ਬੈਠਿਆਂ ਦੇਖ ਕੇ ਬੜੀ ਖੁਸ਼ੀ ਮਹਿਸੂਸ ਕੀਤੀ ਅਤੇ ਉਸ ਦੇ ਕੰਨ ਕੋਲ ਸੁਆਸ-ਸੁਆਸ ਸਿਮਰਨ ਕਰਨ ਲੱਗੇ। ਹਰਕੀਰਤ ਸਿੰਘ ਨੇ ਵੀ ਸੁਆਸ-ਸੁਆਸ ਸਿਮਰਨ ਕਰਨਾ ਸ਼ੁਰੂ ਕਰ ਦਿੱਤਾ। ਮੈਂ ਸੋਚਿਆ, ਸਵਾ ਦੋ ਸਾਲ ਦਾ ਬੱਚਾ ਸਿਮਰਨ ਕਰ ਰਿਹਾ ਹੈ। ਇਸ ਤਰ੍ਹਾਂ ਪੰਜ ਪਿਆਰੇ ਹੀ ਨਾਮ ਦ੍ਰਿੜਾਉਂਦੇ ਹਨ। ਇਸ ਬੱਚੇ ਨੇ ਅਜੇ ਅੰਮ੍ਰਿਤਪਾਨ ਨਹੀਂ ਕੀਤਾ। ਪਰ ਇਸਦੇ ਪਿਛਲੇ ਕਰਮ ਬਲਵਾਨ ਹੋਣ ਦੇ ਕਰਕੇ, ਇਸ ਦੇ ਕੋਮਲ ਹਿਰਦੇ ਵਿਚ ਨਾਮ ਵਸ ਗਿਆ। ਇਸ ਬੱਚੇ ਵਿਚ ਇੱਕ ਹੋਰ ਖੂਬੀ ਹੈ ਕਿ ਜਦੋਂ ਕੋਈ ਪਾਠ ਜਾਂ ਸਿਮਰਨ ਕਰਦਾ ਹੋਵੇ, ਜੇ ਕਿਸੇ ਦਾ ਵੀ ਸਿਰ ਨੰਗਾ ਹੋ ਜਾਵੇ, ਤਾਂ ਪਹਿਲਾਂ ਇਹ ਉਸ ਦਾ ਸਿਰ ਢੱਕ ਕੇ ਆਉਂਦਾ ਹੈ। ਇੱਕ ਦਿਨ ਸਾਡੇ ਘਰ ਆਇਆ ਤਾਂ ਸਾਰਿਆਂ ਦੀ ਭਾਵਨਾ ਸੀ ਕਿ ਅਸੀਂ ਇਸ ਕੋਲੋਂ ਸਿਮਰਨ ਸੁਣੀਏ। ਦਾਸ ਨੇ ਹਰਕੀਰਤ ਸਿੰਘ ਨੂੰ ਪੁਛਿਆ, ਭਾਈ ਸਾਹਿਬ ਹਰਭਜਨ ਸਿੰਘ ਸੱਗੂ ਸਿਮਰਨ ਕਿਸ ਤਰ੍ਹਾਂ ਕਰਦਾ ਹੈ ਤਾਂ ਇਹ ਸੁਆਸ-ਸੁਆਸ ਸਿਮਰਨ ਕਰਨ ਲੱਗਾ।

ਸਿਮਰਨ ਕਰਦਿਆਂ-ਕਰਦਿਆਂ ਇਸ ਨੇ ਦੇਖਿਆ ਕਿ ਬੀਬੀ ਦਿਆਲ ਕੌਰ ਦੀ ਚੁੰਨੀ ਪਿਛੇ ਚਲੇ ਗਈ, ਤੇ ਸਿਰ ਨੰਗਾ ਹੋ ਗਿਆ ਹੈ। ਇਹ ਪਹਿਲਾਂ ਉਸ ਦਾ ਸਿਰ ਢੱਕ ਕੇ ਆਇਆ ਤੇ ਫਿਰ ਸਿਮਰਨ ਕਰਨ ਲੱਗਾ। ਇਹ ਲਗਾਂਨ ਇਸ ਬੱਚੇ ਨੂੰ ਆਪਣੀ ਦਾਦੀ ਕੋਲੋਂ ਲੱਗੀ। ਜਦੋਂ ਵੀ ਇਸ ਦੀ ਦਾਦੀ ਸੁਖਮਨੀ ਸਾਹਿਬ ਜੀ ਦਾ ਪਾਠ ਕਰਦੀ ਤਾਂ ਇਸ ਦਾ ਸਿਰ ਢੱਕ ਕੇ ਕੋਲ ਬਿਠਾ ਲੈਂਦੀ। ਅਗਰ ਸਭ ਮਾਂਵਾਂ ਬੱਚਿਆਂ ਨੂੰ ਸਿਰ ਢੱਕਣ ਦੀ ਆਦਤ ਪਾਉਣ ਤਾਂ ਵੱਡੇ ਹੋ ਕੇ ਵੀ ਸਤਿਕਾਰ ਕਰਨਗੇ। ਅਗਰ ਪਰਿਵਾਰ ਵਿਚ ਵੱਡਾ ਬੱਚਾ ਹੋਵੇ ਤਾਂ ਛੋਟਾ ਬੱਚਾ ਉਸ ਦੀ ਨਕਲ ਕਰਦਾ ਹੈ। ਜਿਸ ਤਰ੍ਹਾਂ ਹਰਕੀਰਤ ਸਿੰਘ ਸਿਮਰਨ ਕਰਦਾ ਹੈ ਉਸੇ ਤਰ੍ਹਾਂ ਏਕਸਿਮਰ ਵੀ ਸਿਮਰਨ ਕਰਦਾ ਹੈ। ਬੀਬੀ ਦਰਸ਼ਨ ਕੌਰ ਜਦੋਂ ਪਾਠ ਸਿਖਾਉਂਦੀ ਹੈ ਤਾਂ ਛੋਟਾ ਵੀ ਨਾਲ ਹੀ ਪੜ੍ਹਦਾ ਹੈ। ਹਰਕੀਰਤ ਸ਼ਬਦ ਪੜ੍ਹਦਾ ਹੈ :-

**ਉੱਚਾ ਦਰ ਬਾਬੇ ਨਾਨਕ ਦਾ,**
**ਮੈਂ ਸੋਭਾ ਸੁਣ ਕੇ ਆਇਆ।**
**ਉੱਚਾ ਦਰ ਬਾਬੇ ਨਾਨਕ ਦਾ।**

ਤਾਂ ਇਹ ਵੀ ਨਾਲ ਹੀ ਪੜ੍ਹਦਾ ਹੈ।

(ਸ)

ਇੱਕ ਵਾਰੀ ਦਾਸ, ਭਾਈ ਸਤਨਾਮ ਸਿੰਘ, ਭਾਈ ਜਸਪਾਲ ਸਿੰਘ, ਭਾਈ ਹਰਭਜਨ ਸਿੰਘ, ਬੀਬੀ ਮਨਦੀਪ ਕੌਰ ਅਤੇ ਬੀਬੀ ਮਨਜੀਤ ਕੌਰ ਸੰਗਤ ਦੇ ਰੂਪ ਵਿਚ ਅਫਰੀਕਾ ਦੇ ਗੁਰਦੁਆਰਿਆਂ ਦੇ ਦਰਸ਼ਨ ਕਰਨ ਗਏ । ਨੈਰੋਬੀ ਤੋਂ ਮੁੰਬਾਸੇ ਆਉਂਦਿਆਂ ਹੋਇਆ, ਅਸੀਂ ਮੁਕੀਭੂ ਗੁਰਦੁਆਰੇ ਠਹਿਰੇ । ਇਹ ਗੁਰਦੁਆਰਾ ਸੜਕ ਦੇ ਉਪਰ ਹੀ ਹੈ । ਇਥੇ ਐਤਵਾਰ ਨੂੰ ਕਾਫੀ ਸੰਗਤ ਜੁੜਦੀ ਹੈ । ਸਾਡੇ ਹੁੰਦਿਆਂ ਨੈਰੋਬੀ ਤੋਂ 25 ਕੁ ਬੱਚੇ ਆਪਣੇ ਪਰਿਵਾਰਾਂ ਨਾਲ ਗੁਰਦੁਆਰਾ ਸਾਹਿਬ ਦਰਸ਼ਨ ਕਰਨ ਆਏ ।

ਦਾਸ ਨੂੰ ਸ਼ੌਂਕ ਹੈ ਕਿ ਜਦੋਂ ਕਿਤੇ ਜਾਣਾ ਹੋਵੇ ਤਾਂ ਬੱਚਿਆਂ ਵਾਸਤੇ ਕੋਈ ਨਾ ਕੋਈ ਚੀਜ਼ ਤੋਹਫੇ ਦੇ ਤੌਰ ਤੇ ਜਰੂਰ ਲੈ ਕੇ ਜਾਣਾ । ਮੈਂ ਆਪਣੇ ਕੋਲ ਖੰਡੇ, ਮਾਲਾ, ਧਾਰਮਿਕ ਕਿਤਾਬਾਂ ਆਦਿਕ ਲੈ ਗਿਆ ਸੀ । ਦਾਸ ਨੇ ਭਾਈ ਸਤਨਾਮ ਸਿੰਘ ਨਾਲ ਸਲਾਹ ਕੀਤੀ ਕਿ ਕਿਉਂ ਨਾ ਬੱਚਿਆਂ ਲਈ ਗੁਰਸਿੱਖੀ ਬਾਰੇ ਕੰਪੀਟੀਸ਼ਨ ਰੱਖਿਆ ਜਾਵੇ । ਅਸੀਂ ਬੱਚਿਆਂ ਦੇ ਮਾਪਿਆਂ ਨੂੰ ਪੁੱਛਿਆ ਕਿ ਤੁਹਾਡਾ ਕੀ ਵਿਚਾਰ ਹੈ । ਉਹ ਬਹੁਤ ਖੁਸ਼ ਹੋਏ ਕਿ ਬੱਚਿਆਂ ਨੂੰ ਸਿੱਖੀ ਬਾਰੇ ਕੁਝ ਗਿਆਨ ਪ੍ਰਾਪਤ ਹੋਵੇਗਾ । ਸਾਰੇ ਬੱਚਿਆਂ ਨੂੰ ਇਕੱਠਾ ਕੀਤਾ ਗਿਆ । ਭਾਈ ਸਤਨਾਮ ਸਿੰਘ ਨੇ ਬੱਚਿਆਂ ਨੂੰ ਸੁਆਲ ਪੁਛਿਆ, ਅਸੀਂ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ 'ਸਭ ਤੋਂ ਵੱਡਾ ਸਤਿਗੁਰੂ ਨਾਨਕ' ਕਿਉਂ ਕਹਿੰਦੇ ਹਾਂ ? ਇਹ ਸੁਣ ਕੇ ਬੱਚੇ ਚੁੱਪ ਹੋ ਗਏ ।

ਸਤਨਾਮ ਸਿੰਘ ਨੇ ਸਮਝਾਇਆ, ਗੁਰੂ ਨਾਨਕ ਦੇਵ ਜੀ ਨੇ ਸਾਰੇ ਧਰਮਾਂ ਨੂੰ ਬਰਾਬਰ ਸਮਝਿਆ ਹੈ, ਕਿਸੇ ਨੂੰ ਨੀਵਾਂ ਨਹੀਂ ਸਮਝਿਆ । ਸਾਰੇ ਧਰਮ ਇਨ੍ਹਾਂ ਨੂੰ ਪੀਰ ਮੰਨਦੇ ਹਨ । ਇਸ ਕਰਕੇ ਸਭ ਤੋਂ ਵੱਡਾ ਸਤਿਗੁਰੂ ਨਾਨਕ ਕਹਿੰਦੇ ਹਨ । ਉਸ ਨੇ ਪੁਛਿਆ, ਛੋਟੇ ਸਾਹਿਜ਼ਾਦਿਆਂ ਦੇ ਕੀ ਨਾਮ ਸਨ ? ਕਈ ਬੱਚਿਆਂ ਨੇ ਠੀਕ ਉਤਰ ਦਿੱਤੇ, ਸਾਹਿਬਜ਼ਾਦਾ ਫਤਹਿ ਸਿੰਘ ਅਤੇ ਜ਼ੋਰਾਵਰ ਸਿੰਘ ।

ਭਾਈ ਸਾਹਿਬ ਨੇ ਬੱਚਿਆਂ ਨੂੰ ਦੱਸਿਆ ਕਿ ਨੌਂ ਤੇ ਸੱਤ ਸਾਲ ਦੇ ਬੱਚੇ ਸ਼ਹੀਦ ਹੋ ਗਏ ਪਰ ਆਪਣਾ ਧਰਮ ਨਹੀਂ ਛੱਡਿਆ । ਇਨ੍ਹਾਂ ਨੂੰ ਸਿੱਖੀ ਬਹੁਤ ਪਿਆਰੀ ਸੀ । ਦਾਸ ਨੇ ਬੱਚਿਆਂ ਨੂੰ ਕਿਹਾ ਕਿ ਜਿਸ ਨੂੰ ਪੰਜਾਬੀ ਆਉਂਦੀ ਹੈ, ਹੱਥ ਖੜ੍ਹੇ ਕਰੋ । ਅੱਧੇ ਬੱਚਿਆਂ ਨੇ ਹੱਥ ਖੜ੍ਹੇ ਕੀਤੇ । ਦਾਸ ਨੇ ਬੱਚਿਆਂ ਨੂੰ ਕਿਹਾ, ਤੁਹਾਨੂੰ ਸਾਰਿਆਂ ਨੂੰ ਪੰਜਾਬੀ ਸਿੱਖਣੀ ਚਾਹੀਦੀ ਹੈ ਅਤੇ ਬੱਚਿਆਂ ਦੇ ਮਾਤਾ ਪਿਤਾ ਨੂੰ ਕਿਹਾ ਕਿ ਤੁਸੀਂ ਬੱਚਿਆਂ ਨੂੰ ਪੰਜਾਬੀ ਜਰੂਰ ਸਿਖਾਓ ਨਾਲੇ ਮੂਲਮੰਤਰ ਦਾ ਪਾਠ ਸਿਖਾਉਣ ਵਾਸਤੇ ਬੇਨਤੀ ਕੀਤੀ । ਵੱਡੇ ਬੱਚਿਆਂ ਨੂੰ ਕਿਹਾ, ਤੁਸੀਂ ਜਪੁਜੀ ਸਾਹਿਬ ਦਾ ਪਾਠ ਜਰੂਰ ਸਿੱਖੋ । ਦਾਸ ਨੇ ਸਾਰੇ ਬੱਚਿਆਂ ਨੂੰ ਤੋਹਫੇ ਦਿੱਤੇ ।

ਦਾਸ ਦੀ ਸਾਰੇ ਮਾਪਿਆਂ ਅੱਗੇ ਬੇਨਤੀ ਹੈ ਕਿ ਬੱਚਿਆਂ ਨੂੰ ਪੰਜਾਬੀ ਜਰੂਰ ਸਿਖਾਓ ਤਾਂ ਕਿ ਬੱਚੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਕਰ ਸਕਣ ।

(ਹ)

ਹਰ ਸਾਲ ਇੰਗਲੈਂਡ ਵਿਚ ਗਰਮੀਆਂ ਦੀਆਂ ਛੁਟੀਆਂ ਨੂੰ ਕੈਂਪ ਲਗਾਇਆ ਜਾਂਦਾ ਹੈ। ਇਸ ਵਿਚ ਇੰਗਲੈਂਡ ਅਤੇ ਯੂਰਪ ਤੋਂ ਲੱਗਭੱਗ ਢਾਈ ਤਿੰਨ ਸੌ ਬੱਚੇ ਬੱਚੀਆਂ ਭਾਗ ਲੈਂਦੇ ਹਨ। ਇਸ ਵਿਚ ਗੁਰਮੱਤ ਦਾ ਪ੍ਰਚਾਰ ਕੀਤਾ ਜਾਂਦਾ ਹੈ ਅਤੇ ਬੱਚੇ ਵੱਖ ਵੱਖ ਖੇਡਾਂ ਵਿਚ ਭਾਗ ਲੈਂਦੇ ਹਨ। ਹੈਰਾਨੀ ਦੀ ਗੱਲ ਹੈ ਕਿ ਪੰਜ ਸਾਲ ਦੇ ਬੱਚੇ ਹਰਵਿੰਦਰ ਸਿੰਘ ਨੇ ਬੜੇ ਜੋਸ਼ ਵਿਚ ਆ ਕੇ ਇੱਕ ਨੌਜਵਾਨ ਸਿੰਘ ਨਾਲ ਗੱਤਕਾ ਖੇਡਿਆ। ਸਾਰੀ ਸੰਗਤ ਦੇਖ ਕੇ ਬਹੁਤ ਹੀ ਖੁਸ਼ ਹੋਈ। ਦਾਸ ਨੂੰ ਵੀ ਦੇਖ ਕੇ ਬਹੁਤ ਖੁਸ਼ੀ ਹੋਈ। ਦਾਸ ਨੇ ਉਸ ਦੇ ਪਿਤਾ ਉਪਤੇਜ ਸਿੰਘ (ਤੇਜੀ) ਨੂੰ ਪੁਛਿਆ ਕਿ ਇਸ ਨੂੰ ਗਤਕਾ ਖੇਡਣ ਦਾ ਸ਼ੌਕ ਕਿਵੇਂ ਜਾਗਿਆ ? ਉਸ ਨੇ ਦੱਸਿਆ, ਜਦੋਂ ਇਹ ਗਰਭ ਵਿਚ ਸੀ ਤਾਂ ਇਸ ਦੀ ਮਾਤਾ ਅਕਾਲ ਉਸਤਤ ਦਾ ਪਾਠ ਸੁਣਦੀ ਹੁੰਦੀ ਸੀ। ਮਹਾਰਾਜ ਅੱਗੇ ਅਰਦਾਸ ਕਰਦੀ ਹੁੰਦੀ ਸੀ ਕਿ ਐਸਾ ਬੱਚਾ ਹੋਵੇ ਜੋ ਸਿੱਖੀ ਦਾ ਪ੍ਰਚਾਰ ਕਰੇ। ਜਦੋਂ ਇਹ ਢਾਈ ਸਾਲ ਦਾ ਸੀ ਤਾਂ ਗੱਤਕੇ ਦੀਆਂ ਵੀਡੀਓ ਫਿਲਮਾਂ ਆਪ ਲਗਾ ਕੇ ਦੇਖ-ਦੇਖ ਕੇ ਇਹ ਕਹਿੰਦਾ ਕਿ ਮੈਂ ਵੀ ਸਿੱਖਣਾ ਹੈ। ਇਸ ਨੂੰ ਇੰਨਾ ਸ਼ੌਕ ਸੀ ਕਿ ਇਹ ਸੋਟੀ ਫੜ ਕੇ ਆਪ ਹੀ ਘੁਮਾਉਣ ਲੱਗ ਪੈਂਦਾ। ਬੱਚੇ ਦਾ ਚਾਉ ਦੇਖ ਕੇ ਮੈਂ ਸੋਚਿਆ ਕਿ ਇਸ ਨੂੰ ਗੱਤਕਾ ਜਰੂਰ ਸਿਖਾਉਣਾ ਹੈ। ਜਦੋਂ ਮੈਂ ਗੱਤਕਾ ਸਿਖਾਉਣ ਜਾਂਦਾ ਤਾਂ ਇਸ ਨੂੰ ਨਾਲ ਲੈ ਜਾਂਦਾ ਅਤੇ ਇਹ ਬਹੁਤ ਜਲਦੀ ਸਿੱਖ ਗਿਆ। ਇਸ ਨੂੰ ਗੱਤਕਾ ਖੇਡਦਾ ਦੇਖ ਕੇ ਗੁਰਦੁਆਰੇ ਦੀ ਕਮੇਟੀ ਨੇ ਕਿਹਾ ਇਸ ਨੂੰ ਨਗਰ ਕੀਰਤਨ ਵਿਚ ਵੀ ਹਿੱਸਾ ਦਿਵਾਇਆ ਕਰੋ, ਤਾਂ ਕਿ ਹੋਰ ਬੱਚਿਆਂ ਨੂੰ ਵੀ ਦੇਖ ਕੇ ਚਾਅ ਪੈਦਾ ਹੋਵੇਗਾ।

ਸਭ ਤੋਂ ਪਹਿਲਾਂ ਇੰਗਲੈਂਡ ਵਿਚ ਦੀਦਾਰ ਸਿੰਘ ਨਿਹੰਗ ਨੇ ਸਿੰਘ ਸਭਾ ਗੁਰਦੁਆਰੇ ਗੱਤਕਾ ਸਿਖਾਉਣਾ ਸ਼ੁਰੂ ਕੀਤਾ। ਇਥੇ ਪ੍ਰਿਥੀਪਾਲ ਸਿੰਘ, ਕੁਲਵੰਤ ਸਿੰਘ, ਹਰਬੰਸ ਸਿੰਘ ਅਤੇ ਹੋਰ ਕਈ ਸਿੱਖ ਗੱਤਕਾ ਸਿੱਖਣ ਜਾਂਦੇ ਸਨ। ਫਿਰ ਗਿਆਨੀ ਪ੍ਰੀਤਮ ਸਿੰਘ ਜੀ ਸਿਖਾਉਣ ਲੱਗ ਪਏ। ਨਗਰ ਕੀਰਤਨ ਤੇ ਸਾਰੇ ਗੱਤਕੇ ਦੇ ਜੌਹਰ ਦਿਖਾਉਂਦੇ ਹਨ। ਅੱਜ ਕਲ ਉਪਤੇਜ ਸਿੰਘ (ਤੇਜੀ) ਗੱਤਕਾ ਸਿਖਾਉਂਦਾ ਹੈ। ਇਸ ਨੂੰ ਇਤਨਾ ਸ਼ੌਕ ਹੈ ਕਿ ਆਪ ਇੰਡੀਆ ਤੋਂ ਸਿੱਖ ਕੇ ਆਇਆ ਹੈ। ਇਸ ਦੀ ਕਲਾਸ ਵਿਚ ਕਾਫੀ ਸੱਜਣ ਭਾਗ ਲੈਂਦੇ ਹਨ। ਬੀਬੀਆਂ ਤੇ ਬੱਚੇ ਵੀ ਗੱਤਕਾ ਸਿੱਖਦੇ ਹਨ। ਇਸ ਨੇ ਕਾਫੀ ਬੱਚਿਆਂ ਵਿਚ ਗੱਤਕਾ ਸਿੱਖਣ ਦਾ ਚਾਅ ਪੈਦਾ ਕੀਤਾ। ਗੱਤਕੇ ਦੀ ਰੀਤ ਗੁਰੂ ਮਹਾਰਾਜ ਜੀ ਦੇ ਸਮੇਂ ਤੋਂ ਚੱਲੀ ਆ ਰਹੀ ਹੈ। ਪੁਰਾਤਨ ਸਿੰਘ ਮਹਾਰਾਜ ਜੀ ਨੂੰ ਗੱਤਕੇ ਦੇ ਜੌਹਰ ਦਿਖਾਉਂਦੇ ਸਨ ਤੇ ਖੁਸ਼ੀਆਂ ਪ੍ਰਾਪਤ ਕਰਦੇ ਸਨ। ਇਨਾਮ ਵੀ ਦਿੱਤੇ ਜਾਂਦੇ ਸਨ। ਹੋਲੇ ਮਹੱਲੇ ਤੇ ਵੀ ਗੱਤਕਾ ਖੇਡਿਆਂ ਜਾਂਦਾ ਹੈ। ਗੱਤਕਾ ਏਨਾ ਮਸ਼ਹੂਰ ਹੋ ਗਿਆ ਕਿ ਤੇਜੀ ਹੁਣ ਬਹਰਲੇ ਮੁਲਕਾਂ ਵਿਚ ਜਾ ਕੇ ਵੀ ਸਿਖਾਉਂਦਾ ਹੈ। ਇਸ ਦਾ ਛੋਟਾ ਲੜਕਾ ਢਾਈ ਸਾਲ ਦਾ ਹੈ। ਇਸ ਨੂੰ ਵੀ ਬਹੁਤ ਸ਼ੌਕ ਹੈ, ਸੋਟੀ ਫੜ ਕੇ ਆਪ ਹੀ ਘੁਮਾਉਂਦਾ ਰਹਿੰਦਾ ਹੈ

*****

# ਮੇਰੀ ਅਭੁੱਲ ਰੈਣ ਸਬਾਈ

ਦੁਨੀਆਂ ਵਿਚ ਪਹਿਲੀ ਬੱਚਿਆਂ ਦੀ ਰੈਣ ਸਬਾਈ ਕੀਰਤਨ 25 ਦਸੰਬਰ 1996 ਨੂੰ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਸਾਊਥਾਲ ਵਿਖੇ ਛੋਟੇ ਸਾਹਿਬਜ਼ਾਦਿਆਂ ਦੀ ਯਾਦ ਵਿਚ ਮਨਾਈ ਗਈ।

ਇੱਕ ਦਿਨ ਦਾਸ ਦਫਤਰ ਵਿਚ ਅੰਮ੍ਰਿਤ ਵੇਲੇ ਸਿਮਰਨ ਦੀ ਮਾਇਆ ਜਮ੍ਹਾਂ ਕਰਵਾਉਣ ਗਿਆ। ਉਸ ਸਮੇਂ ਉਥੇ ਜਨਰਲ ਸੈਕਟਰੀ ਹਰਪਾਲ ਸਿੰਘ ਬਰਾੜ ਅਤੇ ਹੈੱਡ ਗ੍ਰੰਥੀ ਗਿਆਨੀ ਸਮਸ਼ੇਰ ਸਿੰਘ ਬੈਠੇ ਸਨ। ਦਾਸ ਨੇ ਕਿਹਾ, ਤੁਸੀਂ ਬੱਚਿਆਂ ਨੂੰ ਕੀਰਤਨ ਸਿਖਾ ਰਹੇ ਹੋ, ਗੁਰਮੁਖੀ ਦੀਆਂ ਕਲਾਸਾਂ ਵੀ ਲੱਗਦੀਆਂ ਹਨ। ਕਮੇਟੀ ਬੜਾ ਨੇਕ ਕੰਮ ਕਰ ਰਹੀ ਹੈ। ਪਰ ਤੁਹਾਨੂੰ ਬੱਚਿਆਂ ਨੂੰ ਕੀਰਤਨ ਕਰਨ ਵਾਸਤੇ ਖੁੱਲ੍ਹਾ ਸਮਾਂ ਦੇਣਾ ਚਾਹੀਦਾ ਹੈ। ਸੈਕਟਰੀ ਨੇ ਉਤਰ ਦਿੱਤਾ, ਅਸੀਂ ਬੱਚਿਆਂ ਨੂੰ ਸਮਾਂ ਦਿੰਦੇ ਹਾਂ, ਹਰ ਐਤਵਾਰ ਨੂੰ ਬੱਚੇ ਕੀਰਤਨ ਕਰਦੇ ਹਨ। ਦਾਸ ਨੇ ਕਿਹਾ, ਤੁਸੀਂ ਬੱਚਿਆਂ ਨੂੰ ਬਹੁਤ ਘੱਟ ਸਮਾਂ ਦਿੰਦੇ ਹੋ। ਤੁਹਾਨੂੰ ਹੋਰ ਜਿਆਦਾ ਸਮਾਂ ਦੇਣਾ ਚਾਹੀਦਾ ਹੈ। ਜਿਹੜੇ ਬੱਚੇ ਕੀਰਤਨ ਸਿੱਖਦੇ ਹਨ, ਉਨ੍ਹਾਂ ਸਾਰਿਆਂ ਨੂੰ ਸੰਗਤ ਵਿਚ ਸੁਣਾਉਣ ਦਾ ਸਮਾਂ ਮਿਲੇ ਤਾਂ ਕਿ ਉਨ੍ਹਾਂ ਦਾ ਉਤਸ਼ਾਹ ਵਧੇ। ਮਾਪਿਆਂ ਨੂੰ ਵੀ ਖੁਸ਼ੀ ਹੋਵੇਗੀ ਕਿ ਸਾਡੇ ਬੱਚੇ ਗੁਰਦੁਆਰੇ ਸਟੇਜ ਤੇ ਕੀਰਤਨ ਕਰਦੇ ਹਨ। ਉਨ੍ਹਾਂ ਦੀ ਰੂਹ ਵੀ ਖੁਸ਼ ਹੋਵੇਗੀ।

ਦਾਸ ਨੇ ਬੇਨਤੀ ਕੀਤੀ, ਕਿਉਂ ਨਾ ਆਪਾਂ ਬੱਚਿਆਂ ਵਾਸਤੇ ਰੈਣ ਸਬਾਈ ਦਾ ਪ੍ਰੋਗਰਾਮ ਰੱਖੀਏ। ਸੈਕਟਰੀ ਨੇ ਕਿਹਾ, ਬੱਚਿਆਂ ਦੇ ਨਾਮਾਂ ਦੀ ਲਿਸਟ ਬਣਾ ਕੇ ਸਾਨੂੰ ਦੇ ਦਿਉ ਤਾਂ ਅਸੀਂ ਵਿਚਾਰ ਕਰਾਂਗੇ। ਬੀਬੀ ਕੁਲਵੰਤ ਕੌਰ ਨੇ ਸਿੱਖੀ ਵਰਕਸ਼ਾਪ ਦੇ ਬੱਚਿਆਂ ਦੀ ਲਿਸਟ ਬਣਾ ਕੇ ਦੇ ਦਿੱਤੀ। ਗਿਆਨੀ ਜੀ ਨੂੰ ਚਾਅ ਚੜ੍ਹ ਗਿਆ ਕਿ ਇੰਨੇ ਬੱਚੇ ਕੀਰਤਨ ਕਰਨ ਵਾਲੇ ਹਨ। ਉਸ ਨੇ ਕਿਹਾ, ਤੁਸੀਂ ਸਾਨੂੰ ਪੱਕੀ ਤਰੀਖ ਦੱਸ ਦਿਉ, ਅਸੀਂ ਰੇਡੀਉ ਤੋਂ ਅਨਾਊਂਸ ਕਰ ਦੇਵਾਂਗੇ।

ਅਸੀਂ 25 ਦਸੰਬਰ ਦਾ ਪੱਕਾ ਪ੍ਰੋਗਰਾਮ ਬਣਾ ਲਿਆ। ਪ੍ਰੋਗਰਾਮ ਰੱਖਣ ਤੋਂ ਬਾਅਦ ਜਿਸ ਜਿਸ ਨੂੰ ਪਤਾ ਲੱਗਦਾ, ਉਹ ਸਾਰੇ ਮੈਨੂੰ ਇਹ ਹੀ ਕਹਿੰਦੇ ਕੀ! ਬੱਚੇ ਸਾਰੀ ਰਾਤ ਕੀਰਤਨ ਕਰ ਲੈਣਗੇ। ਸਾਰੇ ਸਲਾਹ ਦੇਣ ਕੇ ਦੋ ਚਾਰ ਜਣੇ ਸਿਆਣੇ ਕੀਰਤਨ ਕਰਨ ਵਾਸਤੇ ਚਾਹੀਦੇ ਹਨ। ਦਾਸ ਨੇ ਕਿਹਾ, ਆਪਣੇ ਗੁਰੂ ਉਪਰ ਭਰੋਸਾ ਰੱਖੋ। ਸਤਿਗੁਰੂ ਜੀ ਆਪ ਹੀ ਬੱਚਿਆਂ ਨੂੰ ਬਲ ਬਖਸ਼ਣਗੇ।

ਰੈਣ ਸਬਾਈ ਸ਼ੁਰੂ ਹੋਣ ਤੋਂ ਪਹਿਲਾਂ ਹੀ ਬੱਚਿਆਂ ਦੇ ਜਥੇ ਤਬਲੇ ਤੇ ਵਾਜੇ ਲੈ ਕੇ ਆਉਣੇ ਸ਼ੁਰੂ ਹੋ ਗਏ। ਇੱਕ ਕਮਰਾ ਤਾਂ ਵਾਜੇ ਤਬਲਿਆਂ ਨਾਲ ਹੀ ਭਰ ਗਿਆ। ਇਸ ਤਰ੍ਹਾਂ ਲੱਗਦਾ ਕਿ ਕਿਸੇ ਨੇ ਨਵੀਂ ਦੁਕਾਨ ਖੋਲ੍ਹੀ ਹੋਵੇ। ਦੇਖਦੇ ਹੀ ਦੇਖਦੇ ਸਟੇਜ ਦੇ ਆਲੇ ਦੁਆਲੇ ਬੱਚੇ ਹੀ ਬੱਚੇ ਦਿਖਾਈ ਦੇਣ ਲੱਗੇ। ਇਹ ਨਜ਼ਾਰਾ ਦੇਖਣ ਹੀ ਵਾਲਾ ਸੀ। ਬੱਚਿਆਂ ਨੂੰ ਕੀਰਤਨ ਕਰਨ ਦਾ ਇੰਨਾ ਸ਼ੌਕ ਕਿ ਸਟੇਜ ਦੇ ਨੇੜੇ ਤੋਂ ਨੇੜੇ ਹੋ ਕੇ

ਬੈਠਣ ਦੀ ਕੋਸ਼ਿਸ਼ ਕਰਦੇ ਤਾਂ ਕਿ ਸਾਡੀ ਵਾਰੀ ਪਹਿਲਾਂ ਆ ਜਾਵੇ । ਬਹੁਤ ਸਾਰੇ ਬੱਚੇ ਪਰੇ ਤਾਰੀਆਂ ਵਾਲੇ ਕੱਪੜੇ ਪਾ ਕੇ ਆਏ ਸਨ । ਰੈਣ ਸਬਾਈ ਦੀ ਅਰੰਭਤਾ ਦੀ ਅਰਦਾਸ ਇੱਕ ਗਿਆਰਾਂ ਸਾਲ ਦੇ ਬੱਚੇ ਜਸਪ੍ਰੀਤ ਸਿੰਘ ਨੇ ਬੜੇ ਪ੍ਰੇਮ ਨਾਲ ਕੀਤੀ । ਸਾਰੀ ਸੰਗਤ ਤੇ ਬੱਚੇ ਇਕਾਗਰਤਾ ਨਾਲ ਅਰਦਾਸ ਵਿਚ ਸ਼ਾਮਲ ਹੋਏ । ਅਰਦਾਸ ਤੋਂ ਬਾਅਦ 14 ਸਾਲ ਦੇ ਬੱਚੇ ਪਵਨਦੀਪ ਸਿੰਘ ਨੇ ਸੰਗਤ ਨੂੰ ਹੁਕਮਨਾਮਾ ਸੁਣਾਇਆ । ਇਹ ਦੇਖ ਕੇ ਸੰਗਤ ਬਹੁਤ ਹੀ ਖੁਸ਼ ਹੋਈ । ਸੰਗਤ ਤੇ ਬਹੁਤ ਹੀ ਪ੍ਰਭਾਵ ਪਿਆ । ਇਸ ਵੇਲੇ ਸੰਗਤ ਨਾਲ ਦਰਬਾਰ ਭਰਿਆ ਹੋਇਆ ਸੀ । ਰੈਣ ਸਬਾਈ ਕੀਰਤਨ ਸ਼ੁਰੂ ਕਰਨ ਤੋਂ ਪਹਿਲਾਂ ਪੰਜ ਸਾਲ ਦੇ ਸਿਮਰਨ ਸਿੰਘ ਨੇ ਬੜੇ ਜੋਸ਼ ਵਿਚ ਆ ਕੇ ਸੰਮਣ ਨੌਗਾ ਦੀ ਸਾਖੀ ਸੰਗਤ ਨੂੰ ਸੁਣਾਈ । ਪਹਿਲਾਂ ਛੋਟੇ-ਛੋਟੇ ਬੱਚਿਆਂ ਨੇ ਕੀਰਤਨ ਸ਼ੁਰੂ ਕੀਤਾ । ਸਟੇਜ ਦੀ ਸੇਵਾ ਕਲਵੰਤ ਕੌਰ ਨਿਭਾ ਰਹੀ ਸੀ । ਬੱਚਿਆਂ ਨੂੰ ਇੰਨਾਂ ਸ਼ੌਂਕ ਸੀ ਕਿ ਉਸ ਨੂੰ ਵਾਰ-ਵਾਰ ਆ ਕੇ ਪੁੱਛਦੇ, ਸਾਡੀ ਵਾਰੀ ਕਦੋਂ ਨੂੰ ਹੈ । ਇੱਕ ਜਥਾ ਉਠਦਾ ਤੇ ਦੂਸਰਾ ਤਿਆਰ ਬੈਠਾ ਹੁੰਦਾ ਸੀ । ਬਹੁਤ ਸਾਰੇ ਬੱਚਿਆਂ ਦੇ ਨਾਮ ਲਿਸਟ ਵਿਚ ਨਹੀਂ ਸਨ. ਉਨ੍ਹਾਂ ਨੇ ਉਸੇ ਵੇਲੇ ਆ ਕੇ ਕਿਹਾ ਕਿ ਅਸੀਂ ਕੀਰਤਨ ਕਰਨਾ ਹੈ । ਕਈ ਬੱਚੇ ਕੀਰਤਨ ਕਰਨ ਵਿਚ ਇੰਨੇ ਮਸਤ ਸਨ ਕਿ ਉਨ੍ਹਾਂ ਨੂੰ ਸਮੇਂ ਦਾ ਖਿਆਲ ਹੀ ਨਹੀਂ ਸੀ ਕਿ ਸਮਾਂ ਖਤਮ ਹੋ ਗਿਆ ਹੈ । ਕਲਵੰਤ ਕੌਰ ਨੂੰ ਫਿਕਰ ਹੋ ਗਿਆ ਕਿ ਬੱਚੇ ਜਿਆਦਾ ਹਨ, ਸਾਰਿਆਂ ਨੂੰ ਸਮਾਂ ਮਿਲਣਾ ਚਾਹੀਦਾ ਹੈ । ਉਹ ਵਾਰ-ਵਾਰ ਪੇਪਰ ਤੇ ਲਿਖ ਕੇ ਵਾਜੇ ਤੇ ਰੱਖੇ ਕਿ ਤੁਹਾਡਾ ਸਮਾਂ ਹੋ ਗਿਆ ਹੈ, ਪਰ ਕਈ ਬੱਚੇ ਕੀਰਤਨ ਕਰਨ ਵਿਚ ਇੰਨੇ ਮਸਤ ਕਿ ਘੜੀ ਵਲ ਧਿਆਨ ਹੀ ਨਹੀ ਦਿੰਦੇ ਸਨ । ਬਹੁਤ ਰਸ ਭਿੰਨਾ ਕੀਰਤਨ ਹੋ ਰਿਹਾ ਸੀ । ਸਾਰੀ ਸੰਗਤ ਕੀਰਤਨ ਦਾ ਰਸ ਮਾਣ ਰਹੀ ਸੀ ।

ਕਈ ਛੋਟੇ ਬੱਚੇ ਜਿਹਨਾਂ ਨੂੰ ਕੀਰਤਨ ਨਹੀ ਆਉਂਦਾ ਸੀ, ਉਹ ਵੀ ਕੀਰਤਨ ਕਰਨ ਵਾਲੇ ਬੱਚਿਆਂ ਦੇ ਆਲੇ ਦੁਆਲੇ ਬੈਠ ਕੇ ਆਪਣੀ ਹਾਜਰੀ ਲਵਾ ਰਹੇ ਸਨ । ਇਸ ਤਰ੍ਹਾਂ ਤਿੰਨ ਸਾਲ ਦਾ ਬੱਚਾ ਸਿਮਰਤ ਸਿੰਘ ਤੇ ਛੇ ਸਾਲ ਦਾ ਬੱਚਾ ਤਲਵਿੰਦਰ ਸਿੰਘ ਵੀ ਸਟੇਜ 'ਤੇ ਹਾਜਰੀ ਲਵਾਉਣ ਆ ਬੈਠੇ ਸਨ । ਸਟੇਜ ਤੇ ਦੋ ਖੜਤਾਲਾਂ ਪਈਆਂ ਸਨ । ਤਲਵਿੰਦਰ ਸਿੰਘ ਚੁੱਕ ਕੇ ਵਜਾਉਣ ਲੱਗ ਪਿਆ । ਦਾਸ ਨੇ ਸੋਚਿਆ ਕਿ ਇਹ ਦੋਨੋਂ ਇਕੱਠੇ ਬੈਠੇ ਹਨ ਜਰੂਰ ਹੀ ਗੜਬੜ ਕਰਨਗੇ । **'ਏਕ ਨੇ ਕਹੀ ਦੂਸਰੇ ਨੇ ਮਾਨੀ ਦੋਨੋ ਹੀ ਬ੍ਰਹਮ ਗਿਆਨੀ'** ਪਰ ਦੋਨੋਂ ਹੀ ਬ੍ਰਹਮ ਗਿਆਨੀ ਨਿਕਲੇ । ਝਗੜੇ ਤੋਂ ਬਚ ਗਏ । ਦੋਨੋਂ ਸਲਾਹ ਨਾਲ ਇਕ ਇੱਕ ਖੜਤਾਲ ਲੈ ਕੇ ਆਪਣੇ-ਆਪਣੇ ਹੱਥਾਂ 'ਚ ਵਜਾਉਣ ਲੱਗ ਪਏ । ਖੜਤਾਲਾਂ ਵਜਾਉਂਦੇ-ਵਜਾਉਂਦੇ ਸਿਮਰਤ ਨੂੰ ਭੁੱਖ ਲੱਗ ਗਈ । ਉਹ ਇੰਨਾ ਮਸਤ ਸੀ ਆਪਣੀ ਮੰਮੀ ਦਾ ਉਸ ਨੂੰ ਪਤਾ ਹੀ ਨਾ ਲੱਗਾ, ਕਿਸੇ ਹੋਰ ਦੀ ਗੋਦੀ ਵਿਚ ਜਾ ਕੇ ਬੈਠ ਗਿਆ, ਜਿਹੜੀ ਕਿ ਉਸ ਦੀ ਮੰਮੀ ਵਰਗੀ ਹੀ ਸੀ ਅਤੇ ਕਹਿੰਦਾ, ਮੈਨੂੰ ਦੁੱਧ ਚਾਹੀਦਾ ਹੈ । ਉਹ ਬੀਬੀ ਦੇਖਕੇ ਹੈਰਾਨ ਅਤੇ ਬਹੁਤ ਹੀ ਖੁਸ਼ ਹੋ ਕੇ ਪਿਆਰ ਕਰਨ ਲੱਗੀ । ਜਦ ਸਿਮਰਤ ਨੂੰ ਪਤਾ ਲੱਗਾ ਕਿ ਇਹ ਮੇਰੀ ਮੰਮੀ ਨਹੀਂ

ਹੈ ਤਾਂ ਬੋਲਿਆ, "ਓਹ ਮਾਈ ਗਾਡ, ਨੌਟ ਮਾਈ ਮੰਮ।" ਥੋੜ੍ਹੀ ਦੂਰ ਸਿਮਰਤ ਦੀ ਤਾਈ ਬੈਠੀ ਸੀ, ਫਿਰ ਉਹ ਉਸ ਕੋਲ ਚਲਾ ਗਿਆ ਤੇ ਕਹਿਣ ਲੱਗਾ, "ਆਈ ਵਾਂਟ ਯੂ, ਆਈ ਵਾਂਟ ਦੁਧੂ।" ਦੁਧ ਪੀ ਕੇ ਫਿਰ ਜਾ ਕੇ ਸਟੇਜ ਤੇ ਬੈਠ ਗਿਆ। ਸਾਰੀ ਰਾਤ ਅਨੰਦਮਈ ਕੀਰਤਨ ਹੋਇਆ। ਸੰਗਤ ਨੇ ਬਹੁਤ ਹੀ ਅਨੰਦ ਮਾਣਿਆ। ਕਈ ਸੱਜਣ ਗੁਰਦੁਆਰੇ ਮੱਥਾ ਟੇਕਣ ਆਏ ਸਨ ਅਤੇ ਬੱਚਿਆਂ ਦਾ ਪ੍ਰੋਗਰਾਮ ਦੇਖ ਕੇ ਬੈਠ ਗਏ ਕਿ ਕੀਰਤਨ ਸੁਣ ਕੇ ਹੀ ਜਾਂਦੇ ਹਾਂ। ਬਹੁਤ ਸਾਰੀ ਸੰਗਤ ਨੇ ਪੁੱਛਿਆ ਕਿ ਬੱਚੇ ਕੀਰਤਨ ਕਿਥੋਂ ਸਿੱਖਦੇ ਹਨ। ਬਹੁਤ ਸਾਰੇ ਬੱਚਿਆਂ 'ਤੇ ਇਸ ਦਾ ਪ੍ਰਭਾਵ ਪਿਆ ਅਤੇ ਉਨ੍ਹਾਂ ਨੇ ਵੀ ਕੀਰਤਨ ਸਿੱਖਣ ਦਾ ਮਨ ਬਣਾ ਲਿਆ ਅਤੇ ਸੋਚਿਆ ਕਿ ਉਹ ਵੀ ਅਗਲੀ ਰੈਣ ਸਬਾਈ ਤੇ ਬਾਣਾ ਪਾ ਕੇ ਆਉਣਗੇ।

ਕਾਫੀ ਸੰਗਤ ਰਾਤ ਨੂੰ ਬੈਠੀ ਰਹੀ, ਉਠ ਕੇ ਜਾਣ ਨੂੰ ਦਿਲ ਹੀ ਨਹੀਂ ਕੀਤਾ। ਕਈ ਸਿੰਘ ਆ ਕੇ ਆਪਣੀਆਂ ਸਿੰਘਣੀਆਂ ਨੂੰ ਕਹਿੰਦੇ ਕਿ ਹੁਣ ਚੱਲੀਏ ਤਾਂ ਬੀਬੀਆਂ ਕਹਿਣ ਕੇ ਥੋੜ੍ਹੀ ਦੇਰ ਹੋਰ ਬੈਠ ਜਾਵੋ, ਇਸ ਜਥੇ ਦਾ ਕੀਰਤਨ ਸੁਣ ਕੇ ਜਾਂਦੇ ਹਾਂ। ਇਸੇ ਤਰ੍ਹਾਂ ਕਰਦੇ-ਕਰਦੇ ਅੰਮ੍ਰਿਤ ਵੇਲਾ ਹੋ ਗਿਆ। ਅੰਮ੍ਰਿਤ ਵੇਲੇ ਚਾਰ ਵਜੇ ਜਦੋਂ ਵਾਹਿਗੁਰੂ ਦੀ ਧੁੰਨੀ ਲੱਗੀ ਤਾਂ ਫਿਰ ਘਰ ਜਾਣ ਦਾ ਚੇਤਾ ਹੀ ਭੁੱਲ ਗਿਆ। ਇੱਕ ਘੰਟਾ ਸਿਮਰਨ ਦਾ ਤਾਂ ਪਤਾ ਹੀ ਨਹੀਂ ਲੱਗਿਆ ਕਿ ਕਦੋਂ ਖਤਮ ਹੋ ਗਿਆ। ਉਦੋਂ ਹੀ ਪਤਾ ਲੱਗਾ, ਜਦੋਂ ਅਰਦਾਸ ਕਰਨ ਲੱਗੇ। ਅਰਦਾਸ ਤੋਂ ਬਾਅਦ ਸੰਗਤਾਂ ਨੇ ਕਿਹਾ, ਪ੍ਰੋਗਰਾਮ ਬਹੁਤ ਹੀ ਸੋਹਣਾ ਸੀ। ਬਹੁਤ ਹੀ ਅਨੰਦ ਆਇਆ। ਗੁਰਦੁਆਰੇ ਦੇ ਪ੍ਰਧਾਨ ਹਿੰਮਤ ਸਿੰਘ ਸੋਹੀ ਨੇ ਬੱਚਿਆਂ ਨੂੰ ਇਨਾਮ ਦਿੱਤੇ।

ਸੰਗਤ ਵਿਚੋ ਕਈਆਂ ਨੇ ਕਿਹਾ, ਕਦੀ ਕਦੀ ਬੱਚਿਆਂ ਵਾਸਤੇ ਇਹੋ ਜਿਹਾ ਪ੍ਰੋਗਰਾਮ ਰੱਖਣਾ ਚਾਹੀਦਾ ਹੈ। ਘੱਟ ਤੋਂ ਘੱਟ ਮਹੀਨੇ ਵਿਚ ਇਕ ਰੈਣ ਸਬਾਈ ਰੱਖਣੀ ਚਾਹੀਦੀ ਹੈ। ਬੱਚਿਆਂ ਨੂੰ ਵੀ ਸ਼ੌਂਕ ਹੋਵੇਗਾ ਅਤੇ ਉਹ ਹੋਰ ਮਿਹਨਤ ਕਰਨਗੇ। ਸੰਗਤਾਂ ਨੇ ਕਿਹਾ ਕਿ ਜਿਸ ਨੇ ਇਹ ਉਪਰਾਲਾ ਕੀਤਾ ਹੈ, ਬਹੁਤ ਹੀ ਨੇਕ ਕੰਮ ਕੀਤਾ ਹੈ। ਜਿਹਨਾਂ ਬੱਚਿਆਂ ਨੂੰ ਸਮਾਂ ਨਹੀਂ ਮਿਲਿਆ, ਉਹ ਪੁੱਛਦੇ ਸਨ ਕਿ ਦੁਬਾਰਾ ਰੈਣ ਸਬਾਈ ਕੀਰਤਨ ਕਦੋਂ ਹੋਵੇਗਾ ਅਤੇ ਕਹਿੰਦੇ ਪਹਿਲਾਂ ਸਮਾਂ ਸਾਨੂੰ ਦੇਣਾ। ਇਹਨਾਂ ਬੱਚਿਆਂ ਵਿਚ ਇੰਨਾਂ ਭੋਲਾਪਨ, ਨਾ ਕੋਈ ਈਰਖਾ ਅਤੇ ਨਾ ਹੀ ਮਾਇਆ ਦਾ ਕੋਈ ਲਾਲਚ ਸੀ। ਇਹ ਤਾਂ ਸਿਰਫ ਗੁਰੂ ਨੂੰ ਖੁਸ਼ ਕਰਨ ਵਾਸਤੇ ਕੀਰਤਨ ਕਰ ਰਹੇ ਸਨ। ਛੋਟੇ-ਛੋਟ੍ਹੇ ਬੱਚਿਆਂ ਨੂੰ ਸ਼ਾਇਦ ਬਾਣੀ ਤਾਂ ਸਮਝ ਨਹੀਂ ਆਉਂਦੀ ਸੀ ਪਰ ਜਦੋਂ ਵਾਹਿਗਰੁ ਦੀ ਧੁੰਨੀ ਲਗਦੀ ਸੀ ਤਾਂ ਸਾਰੇ ਬੱਚੇ ਜ਼ੋਰ ਜ਼ੋਰ ਨਾਲ ਬੋਲਦੇ ਸਨ।

ਕੋਈ ਬੱਚਾ ਆਪਣੇ ਮਾਂ ਬਾਪ ਦੀ ਗੋਦ ਵਿਚ ਜਾ ਕੇ ਬੈਠੇ ਤਾਂ ਮਾਂ ਬਾਪ ਕਿੰਨੇ ਖੁਸ਼ ਹੁੰਦੇ ਹਨ, ਆਪਣੇ ਬੱਚਿਆਂ ਨਾਲ ਕਿੰਨਾਂ ਪਿਆਰ ਕਰਦੇ ਹਨ ਤੇ ਬੱਚਿਆਂ 'ਤੇ ਮਾਣ ਕਰਦੇ ਹਨ। ਇਸੇ ਤਰ੍ਹਾਂ ਜਦੋਂ ਛੋਟੇ-ਛੋਟੇ ਬੱਚੇ ਸਾਰੀ ਰਾਤ ਸ੍ਰੀ ਗੁਰੂ ਗ੍ਰੰਥ ਸਾਹਿਬ

ਜੀ ਦੀ ਗੋਦ ਵਿਚ ਬੈਠ ਕੇ ਗੁਰੂ ਦੇ ਗੁਣ ਗਾਉਂਦੇ ਹਨ ਤਾਂ ਮਹਾਰਾਜ ਉਨ੍ਹਾਂ ਉਪਰ ਕਿੰਨਾਂ ਖ਼ੁਸ਼ ਹੁੰਦੇ ਹੋਣਗੇ।

ਦਾਸ ਨੂੰ ਇਹ ਇੱਕ ਬੱਚਿਆਂ ਦੀ ਰੈਣ ਸਬਾਈ ਕੀਰਤਨ ਅਤੇ ਇੰਗਲੈਂਡ ਵਿਚ ਪਹਿਲੀ ਰੈਣ ਸਬਾਈ ਕੀਰਤਨ ਜਿਹੜੀ ਗਿਆਨੀ ਅਮੋਲਕ ਸਿੰਘ ਜੀ ਨੇ ਕੀਤੀ ਸੀ, ਜਿੰਦਗੀ ਵਿਚ ਕਦੀ ਨਹੀਂ ਭੁਲਣਗੀਆਂ। ਇਹ ਨਜ਼ਾਰਾ ਵੀ ਦੇਖਣ ਵਾਲਾ ਸੀ।

ਬੱਚਿਆਂ ਦੀ ਰੈਣ ਸਬਾਈ ਕੀਰਤਨ ਦਾ ਕਈਆਂ ਪ੍ਰਾਣੀਆਂ ਉਪਰ ਇੰਨਾਂ ਪ੍ਰਭਾਵ ਪਿਆ ਕਿ ਜੀਵਨ ਹੀ ਬਦਲ ਗਿਆ। ਜਿਹਨਾਂ ਵਿਚੋਂ ਕਮੇਟੀ ਦਾ ਮੈਂਬਰ ਬਲਕਾਰ ਸਿੰਘ ਢਿਲੋਂ ਇੱਕ ਹੈ। ਭਾਈ ਬਲਕਾਰ ਸਿੰਘ ਮੈਨੂੰ ਮਿਲਿਆ ਅਤੇ ਕਹਿਣ ਲੱਗਾ ਕਿ ਬੱਚਿਆਂ ਨੂੰ ਸਾਰੀ ਰਾਤ ਕੀਰਤਨ ਕਰਦਿਆਂ ਦੇਖ ਕੇ ਮੇਰੇ ਉਪਰ ਬਹੁਤ ਹੀ ਅਸਰ ਹੋਇਆ। ਮੈਂ ਸੋਚਿਆ, ਮੈਂ ਤਾਂ ਆਪਣੀ ਜਿੰਦਗੀ ਐਵੇਂ ਹੀ ਗੁਆ ਦਿੱਤੀ। ਮੈਨੂੰ ਵੀ ਆਪਣਾ ਸਮਾਂ ਸਫਲ ਕਰਨਾ ਚਾਹੀਦਾ ਹੈ। ਜਦੋਂ ਅੰਮ੍ਰਿਤ ਵੇਲੇ ਸਿਮਰਨ ਸ਼ੁਰੂ ਹੋਇਆ ਤਾਂ ਅਨੰਦ ਆ ਗਿਆ ਅਤੇ ਕਿਹਾ ਮੇਰੇ ਲਾਇਕ ਕੋਈ ਸੇਵਾ ਹੋਵੇ ਤਾਂ ਜਰੂਰ ਦੱਸਣਾ। ਕੋਈ ਪ੍ਰੋਗਰਾਮ ਰੱਖਣਾ ਹੋਵੇ ਤਾਂ ਮੈਨੂੰ ਦੱਸਣਾ, ਮੈਂ ਆਪ ਹੀ ਸਾਰਾ ਪ੍ਰਬੰਧ ਕਰਾਂ ਦਿਆ ਕਰਾਂਗਾ।

ਦਾਸ ਨੇ ਦੇਖਿਆ ਕਿ ਇਹ ਆਪਣੇ ਪਰਿਵਾਰ ਨਾਲ ਰੋਜ਼ਾਨਾ ਅੰਮ੍ਰਿਤ ਵੇਲੇ ਹਾਜ਼ਰੀ ਭਰਦੇ ਹਨ। ਭਾਈ ਸਾਹਿਬ ਸਿੱਖੀ ਵਰਕਸ਼ਾਪ ਦੇ ਬੱਚਿਆਂ ਦੀ ਕਾਫੀ ਸਹਾਇਤਾ ਕਰਦੇ ਹਨ। ਬਹੁਤ ਬੱਚਿਆਂ ਦਾ ਜੀਵਨ ਬਦਲ ਰਿਹਾ ਹੈ। ਛੋਟੇ ਛੋਟੇ ਬੱਚੇ ਕਥਾ, ਕੀਰਤਨ ਤੇ ਸਿਮਰਨ ਕਰਦੇ ਹਨ।

***

# ਗਿਆਨ ਚਰਚਾ

ਸਮੇਂ ਸਮੇਂ ਤੇ ਗੁਰਸਿੱਖਾਂ ਵੱਲੋਂ ਦਾਸ ਪਾਸੋਂ ਪੁੱਛੇ ਗਏ ਗੁਰਮਤਿ ਸਬੰਧੀ ਸਵਾਲਾਂ ਦੇ ਜਵਾਬ

(ੳ)

ਇਕ ਦਿਨ ਦਾਸ ਅਤੇ ਭਾਈ ਸੁਖਦੇਵ ਸਿੰਘ ਦੀ ਗਿਆਨ ਚਰਚਾ ਹੋ ਰਹੀ ਸੀ। ਉਸ ਨੇ ਸੁਆਲ ਕੀਤਾ :

***ਭਾਈ ਸਾਹਿਬ ਜੀ, ਪ੍ਰਮਾਤਮਾ ਨੂੰ ਮਿਲਣ ਦੀ ਕੋਈ ਜੁਗਤੀ ਦੱਸੋ, ਜਿਸ ਨਾਲ ਪ੍ਰਮਾਤਮਾ ਜਲਦੀ ਹਿਰਦੇ ਵਿਚ ਵਸ ਜਾਵੇ ਅਤੇ ਜੀਵਨ ਮੁਕਤ ਹੋ ਜਾਵੇ ?***

ਦਾਸ ਨੇ ਦੱਸਿਆ, ਇਸ ਮੰਜਲ ਤੇ ਪਹੁੰਚਣ ਵਾਸਤੇ ਕਈ ਜਨਮ ਘਾਲਣਾ ਘਾਲਣੀ ਪੈਂਦੀ ਹੈ। ਕਈ ਜਨਮ ਲੈਣ ਤੋਂ ਬਾਅਦ ਪ੍ਰਮਾਤਮਾ ਕ੍ਰਿਪਾ ਕਰਦੇ ਹਨ। ਬਹੁਤ ਸਿਮਰਨ ਕਰਨ ਦੀ ਜਰੂਰਤ ਹੈ।

***ਭਾਈ ਸਾਹਿਬ ਜੀ, 'ਇਸ ਜਨਮ ਵਿਚ ਕੀ ਕਰਨਾ ਚਾਹੀਦਾ ਹੈ ?***

ਦਾਸ ਨੇ ਦੱਸਿਆ, ਜੇ ਪ੍ਰਮਾਤਮਾ ਨੂੰ ਮਿਲਣਾ ਹੈ ਤਾਂ ਇਨਸਾਨ ਨੂੰ ਤਿੰਨ ਚੀਜ਼ਾਂ ਦਾ ਤਿਆਗ ਕਰਨਾ ਬਹੁਤ ਹੀ ਜਰੂਰੀ ਹੈ।

**ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ**

*(ਜਪੁਜੀ ਸਾਹਿਬ)*

ਸਭ ਤੋਂ ਪਹਿਲਾ **ਅੰਮ੍ਰਿਤ ਵੇਲੇ ਨੀਂਦ ਦਾ ਤਿਆਗ** ਕਰੇ। ਦੂਸਰਾ **ਪਰਾਇਆ ਧੰਨ, ਤੀਸਰਾ ਪਰਾਇਆ ਤਨ** (ਇਸਤਰੀ-ਮਰਦ) ਤਿਆਗ ਦੇਵੇ।

ਅਗਰ ਕੋਈ ਐਸਾ ਅਸੂਲ ਬਣਾ ਲਵੇ। ਗੁਰੂ ਦੀ ਹਾਜ਼ਰੀ ਭਰੇ। ਅੰਮ੍ਰਿਤ ਵੇਲੇ ਸਿਮਰਨ ਕਰੇ। ਫਿਰ ਗੁਰੂ ਜੀ ਆਪ ਸਹਾਇਤਾ ਕਰਦੇ ਹਨ। ਜੇ ਕਿਸੇ ਕਾਰਨ ਨਾ ਉਠ ਸਕੇ, ਤਾਂ ਗੁਰੂ ਜੀ ਸ਼ਹੀਦ ਸਿੰਘ ਨੂੰ ਉਠਾਉਣ ਵਾਸਤੇ ਭੇਜਦੇ ਹਨ। ਜਿਸ ਦਿਨ ਸ਼ਹੀਦ ਸਿੰਘ ਉਠਾਉਣ ਵਾਸਤੇ ਆਉਂਦੇ ਹਨ ਤਾਂ ਪ੍ਰਾਣੀ ਦਾ ਮਨ ਸਿਮਰਨ ਵਿਚ ਬਹੁਤ ਜਿਆਦਾ ਲੀਨ ਹੋ ਜਾਂਦਾ ਹੈ। ਗੁਰਸਿੱਖ ਦੀ ਇੰਨੀ ਅਵਸਥਾ ਬਣ ਜਾਵੇ ਤਾਂ ਪ੍ਰਮਾਤਮਾ ਉਸ ਦੇ ਬਹੁਤ ਨੇੜੇ ਆ ਜਾਂਦੇ ਹਨ। ਪ੍ਰਮਾਤਮਾ ਇਹਨਾਂ ਤਿੰਨਾਂ ਚੀਜ਼ਾਂ ਤੋਂ ਬਚਾ ਕੇ ਰੱਖਦੇ ਹਨ। ਪ੍ਰਮਾਤਮਾਂ ਨੂੰ ਪਾਉਣ ਵਾਸਤੇ ਇਹ ਪਹਿਲੀਆਂ ਤਿੰਨ ਪੌੜੀਆਂ ਹਨ। ਇਨ੍ਹਾਂ ਤਿੰਨਾਂ ਪਾਉੜੀਆਂ ਨੂੰ ਜਿਹੜਾ ਪਾਰ ਕਰ ਗਿਆ ਉਹ ਚੌਥੀ 'ਤੇ ਪਹੁੰਚ ਗਿਆ। ਫਿਰ ਅਕਾਲ ਪੁਰਖ ਵਾਹਿਗੁਰੂ ਬੇਅੰਤ ਕੌਤਕ ਉਸ ਜੀਵ ਨੂੰ ਦਿਖਾਉਂਦੇ ਹਨ। ਇਸ ਅਵਸਥਾ ਵਿਚ ਸਰੀਰ ਇਥੇ ਰਹਿ ਜਾਂਦਾ ਹੈ ਅਤੇ ਸੁੱਖਮ ਸਰੀਰ ਦਸਵੇਂ ਦੁਆਰ ਰਾਹੀਂ ਕੁਦਰਤ ਦੇ ਨਜ਼ਾਰੇ ਦੇਖ ਕੇ ਵਾਪਸ ਆ ਜਾਂਦਾ ਹੈ। ਜਦੋਂ ਆਤਮਾ ਸਰੀਰ ਵਿਚ ਵਾਪਸ ਆਉਂਦੀ ਹੈ ਤਾਂ ਵਾਹਿਗੁਰੂ ਦੀ ਧੁੰਨੀ ਸਰੀਰ ਵਿਚ ਇਸ ਤਰ੍ਹਾਂ ਛਿੜ ਜਾਂਦੀ ਹੈ ਕਿ ਉਸ

ਨੂੰ ਰੋਕਣਾ ਬਹੁਤ ਮੁਸ਼ਕਲ ਹੋ ਜਾਂਦਾ ਹੈ। ਅਗਰ ਕਿਸੇ ਜੀਵ ਦੀ ਅਵਸਥਾ ਇਥੇ ਤੱਕ ਪਹੁੰਚ ਜਾਵੇ ਤਾਂ ਉਸ ਨੂੰ ਹਉਮੈ ਤੋਂ ਬਚਣਾ ਬਹੁਤ ਹੀ ਜਰੂਰੀ ਹੈ।

ਸ਼ੁਰੂ ਸ਼ੁਰੂ ਵਿਚ ਜਦੋਂ ਦਾਸ ਸਿਮਰਨ ਕਰਨ ਲੱਗਾ ਤਾਂ ਵਾਹਿਗੁਰੂ ਨੇ ਬੇਅੰਤ ਨਜ਼ਾਰੇ ਦਿਖਾਏ। ਇਸ ਮੰਜਲ ਤੇ ਬਹੁਤ ਗੁਰਸਿੱਖ ਪਹੁੰਚ ਜਾਂਦੇ ਹਨ, ਪਰ ਜਰ ਨਹੀਂ ਸਕਦੇ। ਉਹ ਦੂਸਰੇ ਨੂੰ ਦੱਸ ਦਿੰਦੇ ਹਨ ਤੇ ਉਹ ਅਗਾਂਹ ਕਿਸੇ ਹੋਰ ਕੋਲ ਗੱਲ ਕਰ ਦਿੰਦੇ ਹਨ। ਇਸ ਤਰ੍ਹਾਂ ਗੱਲ ਅੱਗੇ ਤੋਂ ਅੱਗੇ ਫੈਲ ਜਾਂਦੀ ਹੈ। ਅਕਾਲ ਪੁਰਖ ਵਾਹਿਗੁਰੂ ਇਸ ਤਰ੍ਹਾਂ ਖੁਸ਼ ਨਹੀਂ ਹੁੰਦੇ। ਇਸੇ ਮੰਜਲ ਤੇ ਦੁਬਾਰਾ ਪਹੁੰਚਣ ਵਾਸਤੇ ਬਹੁਤ ਜਿਆਦਾ ਮਿਹਨਤ ਕਰਨੀ ਪੈਂਦੀ ਹੈ।

**ਨਾਟਕ ਚੇਟਕ ਕੀਏ ਕੁਕਾਜਾ ॥**
**ਪ੍ਰਭ ਲੋਗਨ ਕਹ ਆਵਤ ਲਾਜਾ ॥**

*ਬਚਿੱਤ੍ਰ ਨਾਟਕ (ਪਾ: 10)*

ਜੇ ਪ੍ਰਮਾਤਮਾ ਨੇ ਕਿਸੇ ਉਪਰ ਮਿਹਰ ਕੀਤੀ ਤਾਂ ਕਿਸੇ ਹੋਰ ਨੂੰ ਦੱਸਣਾ ਨਹੀਂ ਚਾਹੀਦਾ। ਪਹਿਲਾਂ-ਪਹਿਲਾਂ ਦਾਸ ਨਾਲ ਵੀ ਇਸੇ ਤਰ੍ਹਾਂ ਹੋਇਆ, ਮੈਂ ਵੀ ਕਈ ਕੌਤਕ ਦੇਖੇ ਅਤੇ ਦੱਸ ਦੇਣਾ। ਇਸ ਨਾਲ ਮੈਨੂੰ ਬਹੁਤ ਘਾਟਾ ਪਿਆ। ਇਸ ਤਰ੍ਹਾਂ ਦੱਸਣ ਨਾਲ ਪ੍ਰਾਣੀ ਬਹੁਤ ਪਿੱਛੇ ਚਲਾ ਜਾਂਦਾ ਹੈ। ਫਿਰ ਕਈ ਮਹੀਨੇ ਸਿਮਰਨ ਕਰਨ ਤੋਂ ਬਾਅਦ ਉਸ ਅਵਸਥਾ ਤੇ ਵਾਪਸ ਪਹੁੰਚਦਾ ਹੈ। ਅਗਰ ਤੁਸੀਂ ਲੋਕਾਂ ਨੂੰ ਦੱਸਦੇ ਹੋ, ਤਾਂ ਅੱਗੇ ਵਾਸਤੇ ਤਰੱਕੀ ਨਹੀਂ ਕਰ ਸਕਦੇ।

ਇੱਕ ਦਿਨ ਗਿਆਨੀ ਅਮੋਲਕ ਸਿੰਘ ਜੀ ਨੇ ਸਮਝਾਇਆ ਕਿ ਜਿਸ ਤਰ੍ਹਾਂ ਕਿਸੇ ਦੇ ਬੈਂਕ ਵਿਚ ਪੈਸੇ ਪਏ ਹੋਣ ਅਤੇ ਉਹ ਕਿਸੇ ਨੂੰ ਨਹੀਂ ਦੱਸਦਾ। ਇਥੋਂ ਤੱਕ ਕਿ ਆਪਣੇ ਪਰਿਵਾਰ ਨੂੰ ਵੀ ਨਹੀਂ ਦੱਸਦਾ। ਨਾਮ ਤਾਂ ਅਸਲੀ ਧੰਨ ਹੈ, ਇਹ ਜਿੰਨਾਂ ਵੀ ਗੁਪਤ ਰੱਖੋ, ਉਨਾਂ ਹੀ ਚੰਗਾ ਹੈ। ਇਸ ਤੋਂ ਬਾਅਦ ਦਾਸ ਨੇ ਕਿਸੇ ਨਾਲ ਗੱਲ ਨਹੀਂ ਕੀਤੀ।

**(ਅ)**

***ਭਾਈ ਸਾਹਿਬ ਜੀ ਭਗਤੀ ਮਾਰਗ ਵਿਚ ਕਿਹੜੀਆਂ ਕਿਹੜੀਆਂ ਚੀਜਾਂ ਵਿਘਨ ਪਾਉਂਦੀਆਂ ਹਨ ?***

ਗੁਰਸਿੱਖਾਂ ਨੂੰ ਸਭ ਤੋਂ ਪਹਿਲਾਂ ਆਪਣੇ ਗੁਰੂ ਉਪਰ ਵਿਸ਼ਵਾਸ਼ ਹੋਣਾ ਚਾਹੀਦਾ ਹੈ। ਸਿਮਰਨ ਕਰਨ ਵੇਲੇ ਗੁਰਸਿੱਖ ਨੂੰ ਆਪਣੇ ਗੁਰੂ ਨੂੰ ਹਾਜ਼ਰ ਨਾਜ਼ਰ ਸਮਝਣਾ ਚਾਹੀਦਾ ਹੈ।

**ਗੁਰੁ ਮੇਰੇ ਸੰਗਿ ਸਦਾ ਹੈ ਨਾਲੇ ॥**
**ਸਿਮਰਿ ਸਿਮਰਿ ਤਿਸੁ ਸਦਾ ਸਮਾਲੇ ॥**

*(ਆਸਾ ਮ: 5 ਪੰ:-394)*

ਗੁਰਸਿੱਖ ਦਾ ਹਿਰਦਾ ਇਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ ਕਿ ਦੁੱਖ ਅਤੇ ਸੁੱਖ ਦੋਨੋ ਵੇਲੇ ਅਡੋਲ ਰਹੇ। ਸਿਮਰਨ ਇੰਨੀ ਦ੍ਰਿੜਤਾ ਨਾਲ ਕਰੇ, ਜਿਸ ਤਰ੍ਹਾਂ ਸਾਹਮਣੇ ਬੈਠੇ ਗੁਰੂ ਜੀ ਨੂੰ ਸੁਣਾਉਂਦੇ ਹਨ। ਕਈ ਗੁਰਸਿੱਖ ਅੰਮ੍ਰਿਤ ਛਕ ਲੈਂਦੇ ਹਨ, ਜਦੋਂ ਗੁਰੂ ਜੀ ਪ੍ਰੀਖਿਆ ਲੈਂਦੇ ਹਨ ਤਾਂ ਡੋਲ ਜਾਂਦੇ ਹਨ। ਕੋਈ ਦੁੱਖ ਆਵੇ ਤਾਂ ਗੁਰੂ ਜੀ ਨੂੰ ਤਾਹਨੇ ਮਾਰਦੇ ਹਨ। ਉਨ੍ਹਾਂ ਨੂੰ ਆਪਣੇ ਗੁਰੂ ਤੇ ਪੂਰੀ ਸ਼ਰਧਾ ਨਹੀਂ ਹੁੰਦੀ। ਇਹ ਗੁਰੂ ਦੀ ਰਜ਼ਾ ਸਮਝਣੀ ਚਾਹੀਦੀ ਹੈ। ਭਾਣਾ ਮੰਨਣਾ ਚਾਹੀਦਾ ਹੈ ਅਤੇ ਗੁਰੂ ਜੀ ਅੱਗੇ ਅਰਦਾਸ ਕਰੋ,

***"ਸਤਿਗੁਰੂ ਜੀ ਸਾਡੀ ਪ੍ਰੀਖਿਆ ਨਾ ਲੈਣਾ ਹੋ ਸਕਦਾ ਅਸੀਂ ਡੋਲ ਜਾਈਏ"***

ਸਾਨੂੰ ਭਾਣਾ ਮੰਨਣ ਦਾ ਬਲ ਬਖਸ਼ੋ। ਸਿਮਰਨ ਕਰਦਿਆਂ ਕਰਦਿਆਂ ਪਿਛਲੇ ਅਤੇ ਇਸ ਜਨਮ ਦੇ ਮਾੜੇ ਕਰਮ ਮਿਟ ਜਾਂਦੇ ਹਨ। ਜਦੋਂ ਪੂਰੇ ਕਰਮ ਮਿਟ ਜਾਣ ਤਾਂ ਆਪਣੇ ਆਪ ਰਸ ਆਉਣ ਲੱਗ ਪੈਂਦਾ ਹੈ। ਜਿਸ ਤਰ੍ਹਾਂ ਗੁਰੂ ਜੀ ਇਸ ਪਾਉੜੀ ਵਿਚ ਫੁਰਮਾ ਰਹੇ ਹਨ:-

**ਭਰੀਐ ਮਤਿ ਪਾਪਾ ਕੈ ਸੰਗਿ ॥**
**ਓਹੁ ਧੋਪੈ ਨਾਵੈ ਕੈ ਰੰਗਿ ॥**

*(ਜਪੁਜੀ ਸਾਹਿਬ)*

ਸਿਮਰਨ ਕੀਤਿਆਂ ਹੀ ਮਨ ਦੀ ਮੈਲ ਦੂਰ ਹੁੰਦੀ ਹੈ।

**ਮਨੁ ਮੈਗਲੁ ਸਾਕਤੁ ਦੇਵਾਨਾ ॥**
**ਬਨ ਖੰਡਿ ਮਾਇਆ ਮੋਹਿ ਹੈਰਾਨਾ ॥**

*(ਆਸਾ ਮ: 1 ਪੰ:-415)*

ਗੁਰੂ ਜੀ ਫੁਰਮਾਉਂਦੇ ਹਨ ਕਿ ਮਨ ਮਾਇਆ ਦੇ ਚੱਕਰ ਵਿਚ ਪਾਗਲ ਹਾਥੀ ਵਾਂਗੂ ਫਾਵਾ ਹੋਇਆ ਫਿਰਦਾ ਹੈ। ਇਸ ਮਨ ਨੂੰ ਕਾਬੂ ਵਿਚ ਰੱਖਣ ਦੀ ਜਰੂਰਤ ਹੈ। ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਗੁਰੂ ਦਾ ਹੁਕਮ ਮੰਨਣਾ ਅਤਿ ਜਰੂਰੀ ਹੈ। ਜਿਹੜਾ ਪੰਜ ਪਿਆਰੇ ਹੁਕਮ ਕਰਦੇ ਹਨ ਕਿ ਅੰਮ੍ਰਿਤ ਵੇਲੇ ਸਵਾ ਪਹਿਰ ਰਾਤ ਰਹਿੰਦੀ ਇਸ਼ਨਾਨ ਕਰਕੇ ਪ੍ਰਭੂ ਚਰਨਾਂ ਨਾਲ ਇੱਕ ਸੁਰ ਹੋ ਕੇ ਗੁਰਮੰਤਰ ਦਾ ਜਾਪ ਕਰੇ ਅਤੇ ਘੱਟੋ-ਘੱਟ ਪੰਜ ਬਾਣੀਆਂ ਦਾ ਨਿੱਤਨੇਮ ਕਰੇ, ਇਸ ਤੇ ਅਮਲ ਕਰਨਾ ਬਹੁਤ ਹੀ ਜਰੂਰੀ ਹੈ। ਅੰਮ੍ਰਿਤ ਵੇਲਾ ਇੱਕ ਵਜੇ ਸ਼ੁਰੂ ਹੋ ਜਾਂਦਾ ਹੈ। ਸਭ ਤੋਂ ਪਹਿਲਾਂ ਸਿਮਰਨ ਕਰਦਿਆਂ ਕਰਦਿਆਂ ਨੂੰ ਨੀਂਦ ਸਤਾਏਗੀ। ਜਦੋਂ ਨੀਂਦ ਸਤਾਏ ਤਾਂ ਠੰਡੇ ਪਾਣੀ ਨਾਲ ਅੱਖਾਂ ਉਪਰ ਛਿੱਟੇ ਮਾਰੋ। ਫਿਰ ਵੀ ਨੀਂਦ ਆਵੇ ਤਾਂ ਉਚੀ-ਉਚੀ ਸਿਮਰਨ ਕਰੋ। ਨੀਂਦ ਤਿਆਗਣ ਵਾਸਤੇ ਕਈ ਸਾਲ ਲੱਗ ਜਾਂਦੇ ਹਨ। ਦਾਸ ਨੂੰ ਨੀਂਦ ਦਾ ਤਿਆਗ ਕਰਨ ਵਾਸਤੇ ਪੰਦਰਾਂ ਵੀਹ ਸਾਲ ਲੱਗ ਗਏ।

ਦੂਸਰਾ ਸਿਮਰਨ ਕਰਦੇ-ਕਰਦੇ ਫੁਰਨੇ ਆਉਣਗੇ। ਜਿਸ ਤਰ੍ਹਾਂ ਮਨ ਦਾ ਟਿਕਾਉ ਨਾ ਹੋਣਾ। ਮਨ ਕਦੀ ਕਿਸੇ ਪਾਸੇ ਦੌੜਦਾ ਹੈ, ਕਦੀ ਕਿਸੇ ਪਾਸੇ। ਜਦੋਂ ਵੀ


ਕੋਈ ਫੁਰਨਾ ਆਵੇ, ਉਸ ਵੇਲੇ ਤੇਜ਼ ਰਫ਼ਤਾਰ ਨਾਲ ਜ਼ੋਰ-ਜ਼ੋਰ ਦੀ ਵਾਹਿਗੁਰੂ ਵਾਹਿਗੁਰੂ ਦੀ ਧੁਨੀ ਲਗਾ ਦਿਓ । ਜਦੋਂ ਨਾਮ ਸੁਆਸਾਂ ਅੰਦਰ ਵਸ ਜਾਵੇ ਤਾਂ ਫੁਰਨੇ ਆਪਣੇ ਆਪ ਬੰਦ ਹੋ ਜਾਂਦੇ ਹਨ ਅਤੇ ਮਨ ਦਾ ਟਿਕਾਉ ਹੋ ਜਾਂਦਾ ਹੈ । ਰਸਨਾ ਬੰਦ ਹੋ ਜਾਂਦੀ ਹੈ ਅਤੇ ਕੰਨਾਂ ਤੋਂ ਕੁਝ ਸੁਣਾਈ ਨਹੀਂ ਦਿੰਦਾ । ਆਤਮਾ ਨਾਮ ਦਾ ਰਸ ਮਾਣਦੀ ਹੈ । ਸਰੀਰ ਇਕ ਦਮ ਹਲਕਾ ਹੋ ਜਾਂਦਾ ਹੈ । ਇਸ ਮੰਜ਼ਲ ਤੇ ਪਹੁੰਚਣ ਲਈ ਬਹੁਤ ਸਿਮਰਨ ਕਰਨਾ ਪੈਂਦਾ ਹੈ ।

ਦਾਸ ਆਪਣੀ ਬੀਤੀ ਦੱਸ ਰਿਹਾ ਹੈ ਕਿ ਮੈਨੂੰ ਪੰਦਰਾਂ ਵੀਹ ਸਾਲਾਂ ਬਾਅਦ ਨਾਮ ਰਸ ਦੀ ਪ੍ਰਾਪਤੀ ਹੋਈ । ਕਈ ਗੁਰਸਿੱਖ ਅੰਮ੍ਰਿਤ ਛਕ ਕੇ ਕਹਿੰਦੇ ਹਨ ਕਿ ਇੱਕ ਦਮ ਰਸ ਆ ਜਾਵੇ । ਸਿਮਰਨ ਕਰਦੇ ਕਰਦੇ ਕਈ ਕਲਾ ਵਰਤ ਜਾਂਦੀਆਂ ਹਨ, ਪਰ ਨਾਮ ਰਸ ਆਉਣ ਲਈ ਕਾਫੀ ਸਮਾਂ ਲੱਗ ਜਾਂਦਾ ਹੈ ।


ਤੀਸਰਾ ਪੰਜ ਵਿਕਾਰ ਕਾਮ, ਕਰੋਧ, ਲੋਭ, ਮੋਹ, ਹੰਕਾਰ ਸਤਾਉਂਦੇ ਹਨ । ਇਨ੍ਹਾਂ ਪੰਜਾਂ ਵਿਚੋਂ ਕਾਮ ਮਹਾਂਬਲੀ ਹੈ । ਬਾਕੀਆਂ ਤੋਂ ਤਾਂ ਇਨਸਾਨ ਬਚ ਸਕਦਾ ਹੈ, ਪਰ ਕਾਮ ਤੋਂ ਬਚਣਾ ਬਹੁਤ ਮੁਸ਼ਕਲ ਹੈ । ਇਸ ਨੇ ਦਾਸ ਨੂੰ ਵੀ ਲਗਾਤਾਰ ਕਈ ਸਾਲ ਸਤਾਇਆ । ਕਦੇ ਕਦੇ ਮੇਰਾ ਮਨ ਬਹੁਤ ਡੋਲਦਾ ਸੀ ਅਤੇ ਬਹੁਤ ਪ੍ਰੇਸ਼ਾਨ ਹੋ ਜਾਂਦਾ ਸੀ । ਵਾਰ-ਵਾਰ ਖਿਆਲ ਆਉਂਦਾ ਕਿ ਮੈਂ ਸਿਮਰਨ ਵੀ ਕਰਦਾ ਹਾਂ, ਅੰਮ੍ਰਿਤ ਵੇਲੇ ਵੀ ਉਠਦਾ ਹਾਂ, ਫਿਰ ਭੈੜੇ ਸੁਪਨੇ ਕਿਉਂ ਆਉਂਦੇ ਹਨ । ਕਦੀ-ਕਦੀ ਉਦਾਸ ਹੋ ਕੇ ਸੋਚਣਾ ਕਿ ਕੀ ਰੱਖਿਆ ਹੈ ਭਗਤੀ ਵਿਚ ਅਤੇ ਬੈਰਾਗ ਵਿਚ ਆ ਕੇ ਮਹਾਰਾਜ ਜੀ ਅੱਗੇ ਅਰਦਾਸ ਕਰਨੀ ਕਿ ਮੈਨੂੰ ਇਨ੍ਹਾਂ ਮਾੜੇ ਸੁਪਨਿਆਂ ਤੋਂ ਛੁਟਕਾਰਾ ਦਿਵਾਉ । ਜਦੋਂ ਬਹੁਤ ਬੈਰਾਗ ਵਿਚ ਆ ਜਾਣਾ ਤਾਂ ਅਚਿੰਤ ਸ਼ਹੀਦ ਸਿੰਘ ਜੀ ਨੇ ਹੌਂਸਲਾ ਦੇਣਾ ਅਤੇ ਕਹਿਣਾ ਕਿ ਡੋਲ ਨਾ, ਚਲ ਉਠ ਕੇ ਨਾਮ ਜਪ । ਫਿਰ ਖਿਆਲ ਆਉਣਾ ਕਿ ਮੈਂ ਤਾਂ ਐਵੇਂ ਹੀ ਡੋਲ ਗਿਆ । ਸਤਿਗੁਰੂ ਜੀ ਮੇਰੇ ਅੰਗ ਸੰਗ ਹਨ । ਅੱਜ ਕੱਲ ਦਾਸ ਦੇ ਦੇਖਣ ਵਿੱਚ ਆਇਆ ਹੈ ਕਿ ਤਕਰੀਬਨ ਸਾਰੇ ਹੀ ਇਸਤਰੀ ਰੂਪ ਮਾਇਆ ਦੇ ਜਾਲ ਵਿੱਚ ਫਸੇ ਹੋਏ ਹਨ । ਜਿਹੜਾ ਵੀ ਸੱਚਾ ਧੰਨ ਇਕੱਠਾ ਕਰਦੇ ਹਨ ਉਸਨੂੰ ਲੁਟੇਰੇ (ਪੰਜ ਵਿਕਾਰ) ਲੁੱਟ ਕੇ ਲੈ ਜਾਂਦੇ ਹਨ ਅਤੇ ਇਕੱਠਾ ਕੀਤਾ ਸੱਚਾ ਧੰਨ ਨਾਸ ਹੋ ਜਾਂਦਾ ਹੈ ।

**(ੲ)**

***ਇਕ ਵਾਰੀ ਇਕ ਗੁਰਸਿੱਖ ਨੇ ਪੁੱਛਿਆ, ਸੂਖਮ ਹਉਮੈ ਦਾ ਕੀ ਮਤਲਬ ਹੈ ?***
ਦਾਸ ਨੇ ਦੱਸਿਆ, ਸੂਖਮ ਹਉਮੈ ਦਾ ਲੋਕਾਂ ਨੂੰ ਪਤਾ ਨਹੀਂ ਲੱਗਦਾ । ਗੁਰਬਾਣੀ ਦੀ ਖੋਜ ਕਰਕੇ ਪਤਾ ਲੱਗਿਆ ਕਿ ਸੇਵਾ, ਸਿਮਰਨ, ਗਰੀਬੀ ਤੇ ਪਰਉਪਕਾਰ ਇਹ ਚਾਰ ਥੰਮ੍ਹ ਹਨ । ਸੂਖਮ ਹਉਮੈ ਤੋਂ ਬਚਣਾ ਬਹੁਤ ਮੁਸ਼ਕਲ ਹੈ । ਜਿਸ ਤਰ੍ਹਾਂ ਮੰਜੇ ਦੇ ਚਾਰ ਪਾਵੇ ਹੁੰਦੇ ਹਨ ਜੇ ਉਨ੍ਹਾਂ ਨੂੰ ਘੁਣ ਲਗ ਜਾਵੇ ਤਾਂ ਅੰਦਰੋਂ ਅੰਦਰ ਗਲ ਜਾਂਦੇ ਹਨ । ਇਸੇ ਤਰ੍ਹਾਂ ਸੂਖਮ ਹਉਮੈ ਹੈ । ਜਿਸ ਤਰ੍ਹਾਂ ਕਿਸੇ ਨਾਲ ਈਰਖਾ ਕਰਨੀ, ਨਿੰਦਾ ਚੁਗਲੀ ਅਤੇ



ਦਾਸ ਨੇ ਜਦੋਂ ਸੁਪਨ ਅਵਸਥਾ ਵਿਚ ਖਾਲਸੇ ਵੱਲੋਂ ਸਿਮਰਨ ਸਥਾਨ (ਸੁਰੰਗ) ਵਿਚ ਬੈਠ ਕੇ ਸਿਮਰਨ ਕਰਨ ਦਾ ਆਨੰਦ ਪ੍ਰਾਪਤ ਕੀਤਾ ਉਸ ਸਮੇਂ ਦਾ ਦ੍ਰਿਸ਼ ।





ਦਾਸ, ਸੁਖਦੇਵ ਸਿੰਘ ਅਤੇ ਅਮਰਜੀਤ ਕੌਰ (ਸਾਊਥਾਲ)



ਸਿੰਗਾਪੁਰ ਵਿਚ ਪ੍ਰਚਾਰ ਦੌਰੇ ਸਮੇਂ ਅੰਮ੍ਰਿਤ ਪਾਨ ਕਰਨ ਵਾਲੀਆਂ ਸੱਗਤਾਂ



ਸਿੰਗਾਪੁਰ ਵਿਚ ਪ੍ਰਚਾਰ ਦੌਰੇ ਸਮੇਂ ਦਾਸ ਕੀਰਤਨ ਕਰਦੇ ਹੋਏ,
ਤਬਲੇ ਤੇ ਸੰਗਤ ਭਾਈ ਸੁਖਦੇਵ ਸਿੰਘ, ਨਾਲ ਬੈਠੇ ਹਨ
ਬੀਬੀ ਹਰਵਿੰਦਰ ਕੋਰ ਅਤੇ ਸੱਜੇ ਭਾਈ ਰਣਜੀਤ ਸਿੰਘ




ਆਸਟ੍ਰੇਲਿਆ ਵਿਚ ਪ੍ਰਚਾਰ ਦੌਰੇ ਦੌਰਾਨ ਅਮਰੀਕਨ ਬੀਬੀ ਜਗਜੀਤ ਕੌਰ ਦੇ ਨਾਲ
ਆਸ਼ਟ੍ਰੇਲੀਆ ਦੀਆਂ ਗੁਰਸਿੱਖ ਬੀਬੀਆਂ ।



ਲਮਿੰਗਟਨ ਸਪਾ (ਇੰਗਲੈਂਡ) ਵਿਚ ਅੰਮ੍ਰਿਤ ਸੰਚਾਰ ਸਮਾਗਮ ਤੇ (ਖੱਬਿਉ ਸੱਜੇ)
ਭਾਈ ਸੋਹਣ ਸਿੰਘ, ਭਾਈ ਰਘਬੀਰ ਸਿੰਘ, ਭਾਈ ਜਰਨੈਲ ਸਿੰਘ ਅਤੇ
ਭਾਈ ਪ੍ਰੀਤਮ ਸਿੰਘ ।



ਅਮਰੀਕਾ ਦੇ ਸਾਨਫਰਾਂਸਿਸਕੋ ਸ਼ਹਿਰ ਵਿਖੇ ਪ੍ਰਚਾਰ ਦੌਰੇ ਸਮੇ ਅਮਰੀਕਾ ਦੇ ਸਿੰਘ
ਕੀਰਤਨ ਕਰਦੇ ਹੋਏ (ਖੱਬਿਉ ਸੱਜੇ) ਦਾਸ, ਡਾ ਦੁਪਿੰਦਰ ਸਿੰਘ, ਭਾਈ ਮੋਹਨ ਸਿੰਘ
ਕੀਰਤਨ ਕਰਦੇ ਹੋਏ, ਭਾਈ ਉਪਤੇਜ ਸਿੰਘ, (ਲੇਟਨ-ਇੰਗਲੈਂਡ) ਤਬਲੇ ਦੀ ਸੇਵਾ

ਆਪਣੀ ਵਡਿਆਈ ਸੁਣ ਕੇ ਖੁਸ਼ ਹੋਣਾ, ਦੂਸਰੇ ਦਾ ਮਾੜਾ ਸੋਚਣਾ। ਇਸ ਤਰ੍ਹਾਂ ਅੰਦਰ ਹੀ ਅੰਦਰ ਸੂਖਮ ਹਉਮੈ ਆ ਜਾਂਦੀ ਹੈ। ਜੀਵ ਨੂੰ ਪਤਾ ਹੀ ਨਹੀਂ ਲੱਗਦਾ। ਪਤਾ ਉਸ ਵੇਲੇ ਲੱਗਦਾ ਹੈ ਜਦੋਂ ਬੰਦਾ ਆਪਣੀ ਮੰਜ਼ਿਲ ਤੋਂ ਡਿੱਗ ਜਾਂਦਾ ਹੈ। ਇਹ ਹਉਮੈ ਸਭ ਤੋਂ ਖਤਰਨਾਕ ਹੈ।

**ਜੋ ਜੋ ਦੀਸੈ ਸੋ ਸੋ ਰੋਗੀ ॥**
**ਰੋਗ ਰਹਿਤ ਮੇਰਾ ਸਤਿਗੁਰੁ ਜੋਗੀ ॥**

*(ਭੈਰਉ ਮ: 5 ਪੰ:–1140)*

ਇਕ ਸਤਿਗੁਰੂ ਜੀ ਹੀ ਹਨ ਜਿਹੜੇ ਹਉਮੈ ਤੋਂ ਰਹਿਤ ਹਨ।

**ਸਰਬ ਰੋਗ ਕਾ ਅਉਖਦੁ ਨਾਮੁ**

*(ਸੁਖਮਨੀ ਸਾਹਿਬ)*

ਇਸ ਤੋਂ ਬਚਣ ਲਈ ਇੱਕੋ ਇੱਕ ਤਰੀਕਾ ਹੈ ਕਿ ਵਾਹਿਗੁਰੂ ਦਾ ਸਿਮਰਨ ਕਰੋ (ਨਾਮ ਜਪੋ) ਜਿੰਨਾਂ ਵੀ ਲਗਾਤਾਰ ਜਪ ਸਕਦੇ ਹੋ ਅਤੇ ਨਾਲ-ਨਾਲ ਮਹਾਰਾਜ ਜੀ ਅੱਗੇ ਅਰਦਾਸ ਕਰੋ।

**ਧਾਵਉ ਦਸਾ ਅਨੇਕ ਪ੍ਰੇਮ ਪ੍ਰਭ ਕਾਰਣੇ ॥**
**ਪੰਚ ਸਤਾਵਹਿ ਦੂਤ ਕਵਨ ਬਿਧਿ ਮਾਰਣੇ ॥**
**ਤੀਖਣ ਬਾਣ ਚਲਾਇ ਨਾਮੁ ਪ੍ਰਭ ਧੵਾਈਐ ॥**
**ਹਰਿਹਾਂ ਮਹਾਂ ਬਿਖਾਦੀ ਘਾਤ ਪੂਰਨ ਗੁਰੁ ਪਾਈਐ ॥**

*(ਫੁਨਹੇ ਮ: 5 ਪੰ:–1363)*

ਇਸ ਸ਼ਬਦ ਵਿੱਚ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਅਕਾਲ ਪੁਰਖ ਅੱਗੇ ਬੇਨਤੀ ਕਰ ਰਹੇ ਹਨ ਕਿ ਹੇ ਸੱਚੇ ਪਾਤਸ਼ਾਹ ਜੀ ਮੈਂ ਆਪ ਜੀ ਦਾ ਨਾਮ ਜਪਣਾ ਚਾਹੁੰਦਾ ਹਾਂ ਪਰ ਕਾਮ ਕਰੋਧ ਇਤਨੇ ਮਹਾਂਬਲੀ ਹਨ ਕਿ ਜਪਣ ਨਹੀਂ ਦਿੰਦੇ। ਅਕਾਲ ਪੁਰਖ ਜੀ ਨੇ ਕਿਹਾ ਕਾਮ ਕਰੋਧ ਨੂੰ ਵਸ ਕਰਨ ਵਾਸਤੇ ਨਾਮ ਦੇ ਤਿਖੇ ਬਾਣ ਚਲਾਉ ਇਹ ਆਪ ਹੀ ਛੁੱਟ ਜਾਣਗੇ।

ਇਨਸਾਨ ਨੂੰ ਨਿਰਾਸ਼ ਨਹੀਂ ਹੋਣਾ ਚਾਹੀਦਾ। ਸਤਿਗੁਰੂ ਜੀ ਕਦੀ ਕਦੀ ਕਲਾ ਵਰਤਾ ਦਿੰਦੇ ਹਨ ਕਿ ਪ੍ਰਾਣੀ ਡੋਲ ਨਾ ਜਾਵੇ। ਜਿਸ ਤਰ੍ਹਾਂ ਕਦੀ ਕਦੀ ਕੀਰਤਨ ਸੁਣਾਈ ਦਿੰਦਾ ਜਾਂ ਕਦੀ ਗੁਰੂ ਜੀ ਦੀ ਹਾਜ਼ੂਰੀ ਵਿੱਚ ਬੈਠੇ ਹਾਂ। ਸਿਮਰਨ ਕਰਦੇ ਕਰਦੇ ਬੰਦੇ ਨੂੰ ਹੰਕਾਰ ਵੀ ਪੈਦਾ ਹੋ ਜਾਂਦਾ ਹੈ। ਜਿਸ ਤਰ੍ਹਾਂ ਇੱਕ ਮਿਆਨ ਵਿਚ ਦੋ ਤਲਵਾਰਾਂ ਨਹੀਂ ਰਹਿ ਸਕਦੀਆਂ, ਇਸੇ ਤਰ੍ਹਾਂ ਜਿਥੇ ਹਉਮੈ ਹੋਵੇਗੀ, ਉਥੇ ਨਾਮ ਨਹੀਂ ਵਸ ਸਕਦਾ।

ਹਉਮੈ ਨੂੰ ਮਾਰਨ ਵਾਸਤੇ ਗੁਰਦੁਆਰੇ ਜਾ ਕੇ ਜੋੜੇ ਝਾੜਨ ਦੀ ਸੇਵਾ ਕਰਨੀ ਚਾਹੀਦੀ ਹੈ ।

**(ਸ)**

***ਭਾਈ ਸਾਹਿਬ ਜੀ ਸਾਨੂੰ ਦੱਸੋ ਕਿ ਘਰ ਬੈਠ ਕੇ ਸਿਮਰਨ ਕਰਨ ਅਤੇ ਗੁਰਦੁਆਰੇ ਜਾ ਕੇ ਸੰਗਤ ਵਿਚ ਬੈਠ ਕੇ ਸਿਮਰਨ ਕਰਨ ਵਿਚ ਕੀ ਫਰਕ ਹੈ ?***

ਗੁਰਦੁਆਰੇ ਜਾਣ ਲਈ ਇਨਸਾਨ ਨੂੰ ਉਦਮ ਕਰਨਾ ਪੈਂਦਾ ਹੈ। ਜੀਵ ਅਗਰ ਪੈਦਲ ਤੁਰ ਕੇ ਗੁਰਦੁਆਰੇ ਜਾਵੇ ਤਾਂ ਉਸ ਦੇ ਪੈਰ ਪਵਿੱਤਰ ਹੋ ਜਾਂਦੇ ਹਨ । ਜਿਹੜੇ ਕਾਰ ਵਿਚ ਜਾਂਦੇ ਹਨ ਉਹਨਾਂ ਦਾ ਵੀ ਸਮਾਂ ਸਫਲ ਹੁੰਦਾ ਹੈ । ਅਗਰ ਕੋਈ ਮਨ ਬਣਾ ਲਵੇ ਕਿ ਗੁਰਦੁਆਰੇ ਜਾਣਾ ਹੈ, ਪਰ ਕਿਸੇ ਕਾਰਨ ਨਾ ਜਾ ਸਕੇ, ਕਲਯੁਗ ਉਸ ਦਾ ਵੀ ਫਲ ਦਿੰਦਾ ਹੈ । ਕਿਉਂਕਿ ਹਿਰਦੇ ਅੰਦਰ ਚੰਗੇ ਵਿਚਾਰ ਆਏ । ਜਦੋਂ ਜੀਵ ਗੁਰਦੁਆਰੇ ਜਾਂਦਾ ਹੈ ਤਾਂ ਸੰਗਤ ਦੀ ਚਰਨ ਧੂੜ ਮੱਥੇ ਨੂੰ ਲੱਗਦੀ ਹੈ । ਅੰਮ੍ਰਿਤ ਵੇਲੇ ਸੰਗਤ ਦੇ ਜੋੜੇ ਝਾੜਨ ਦਾ ਵੀ ਫਲ ਬਹੁਤ ਜਿਆਦਾ ਹੈ। ਅੰਮ੍ਰਿਤ ਵੇਲੇ ਮਹਾਰਾਜ ਜੀ ਦੇ ਦਰਸ਼ਨ ਕਰਕੇ ਅੱਖਾਂ ਪਵਿੱਤਰ ਹੋ ਜਾਂਦੀਆਂ ਹਨ । ਸਿਮਰਨ ਕਰਕੇ ਰਸਨਾ ਪਵਿੱਤਰ ਹੋ ਜਾਂਦੀ ਹੈ। ਸਾਧ ਸੰਗਤ ਨਾਲ ਜਪਿਆ ਨਾਮ ਤੁਹਾਡੇ ਕੰਨਾਂ ਵਿਚ ਪਵੇਗਾ ਤਾਂ ਉਸ ਦਾ ਫਲ ਕਈ ਗੁਣਾਂ ਜਿਆਦਾ ਹੈ। ਜਿਸ ਤਰ੍ਹਾਂ ਸੌ ਗੁਰਸਿੱਖ ਮਿਲ ਕੇ ਸਿਮਰਨ ਕਰਨ ਤਾਂ ਤੁਹਾਡੇ ਕੰਨਾਂ ਵਿਚ ਸੌ ਵਾਰ ਵਾਹਿਗੁਰੂ ਮੰਤਰ ਸੁਣਾਈ ਦਿੰਦਾ ਹੈ ਤਾਂ ਉਸ ਦਾ ਫਲ ਸੌ ਗੁਣਾ ਜਿਆਦਾ ਮਿਲੇਗਾ। ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਸੰਗਤ ਦਾ ਦਰਜਾ ਸਭ ਤੋਂ ਉਚਾ ਦੱਸਿਆ ਹੈ ਅਗਰ ਮਹਾਰਾਜ ਜੀ ਦੀ ਹਜ਼ੂਰੀ ਵਿਚ ਜਾ ਕੇ ਅੰਮ੍ਰਿਤ ਵੇਲੇ ਸਿਮਰਨ ਕਰੇ ਤਾਂ ਜਨਮ ਜਨਮ ਦੇ ਪਾਪ ਧੋਤੇ ਜਾਂਦੇ ਹਨ । ਗੁਰੂ ਜੀ ਦੀ ਗੋਦ ਵਿਚ ਬੈਠ ਕੇ ਜੀਵ ਅਮਰ ਹੋ ਜਾਂਦਾ ਹੈ ।

**ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ ॥**
**ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ ॥**

*(ਜੈਤਸਰੀ ਮ 5 ਪੰ -708)*

ਮਗਰ ਭੌਰਾ ਵਿਚਾਰਾ ਵੀ ਵਾਸਨਾ ਦਾ ਲੋਭੀ ਹੈ, ਅਤੇ ਫੁੱਲ ਦੀ ਗੋਦ ਵਿਚ ਬੈਠ ਕੇ ਉਸ ਦੀ ਮੌਤ ਹੋ ਜਾਂਦੀ ਹੈ । ਸਤਿਗੁਰੂ ਦੀ ਵਡਿਆਈ ਦੇਖੋ, ਗੁਰਸਿੱਖ ਗੁਰੂ ਦੀ ਗੋਦ ਵਿਚ ਬੈਠ ਕੇ ਸਿਮਰਨ ਕਰਕੇ ਅਮਰ ਹੋ ਜਾਂਦਾ ਹੈ । ਬਹੁਤ ਸਾਰੇ ਪ੍ਰਾਣੀ ਘਰ ਬੈਠ ਕੇ ਆਪਣੇ ਪਰਿਵਾਰ ਨਾਲ ਸਿਮਰਨ ਕਰਨਾ ਪਸੰਦ ਕਰਦੇ ਹਨ । ਇਸ ਤਰ੍ਹਾਂ ਉਹ ਗੁਰਸਿੱਖ ਆਪਣਾ ਪਰਿਵਾਰ ਹੀ ਸੁਧਾਰ ਸਕਦੇ ਹਨ, ਹੋਰ ਕਿਸੇ ਦਾ ਪ੍ਰਉਪਕਾਰ ਨਹੀਂ ਕਰ ਸਕਦੇ । ਸ੍ਰੀ ਗੁਰੂ ਨਾਨਕ ਦੇਵ ਜੀ ਵੀ ਆਪਣੇ ਘਰ ਬੈਠ ਕੇ ਆਪਣੇ ਪਰਵਾਰ ਵਿਚ ਸਿਮਰਨ ਕਰ ਸਕਦੇ ਸਨ, ਪਰ ਉਨ੍ਹਾਂ ਦਾ ਮੁੱਖ ਨਿਸ਼ਾਨਾ ਸੀ ਕਿ ਹਰ ਇਕ

ਇਨਸਾਨ ਨੂੰ ਵੀ ਗੁਰੂ ਦੇ ਚਰਨਾਂ ਨਾਲ ਜੋੜਨਾ । ਜਿਸ ਤਰ੍ਹਾਂ ਸੱਜਣ ਠੱਗ, ਕੌਡਾ ਰਾਖਸ਼, ਵਲੀ ਕੰਧਾਰੀ ਅਤੇ ਕਈ ਹੋਰ ਸੱਜਣ । ਗੁਰੂ ਜੀ ਨੇ ਇਹਨਾਂ ਸਾਰਿਆਂ ਦੇ ਕੋਲ ਜਾ ਕੇ ਇਨ੍ਹਾਂ ਦਾ ਉਧਾਰ ਕੀਤਾਂ । ਅਸੀਂ ਜੇ ਗੁਰੂ ਨਾਨਕ ਦੇ ਸਿੱਖ ਹੋ ਕੇ ਜੋਗੀਆਂ ਵਾਂਗੂ ਇਕੱਲੇ ਬੈਠ ਕੇ ਭਗਤੀ ਕਰਨੀ ਸ਼ੁਰੂ ਕਰ ਦਿੱਤੀ ਤਾਂ ਫਿਰ ਸਾਡੇ ਤੇ ਜੋਗੀਆਂ ਵਿਚ ਕੀ ਫਰਕ ਹੋਇਆ ।

(ਹ)

## *ਭਾਈ ਸਾਹਿਬ ਜੀ ਕੀ ਗ੍ਰਹਿਸਤੀ ਹੋਣਾ ਜਰੂਰੀ ਹੈ ?*

**ਹਾਂ**, ਅਗਰ ਕਿਸੇ ਪ੍ਰਾਣੀ ਨੇ ਜੀਵਨ ਮੁਕਤੀ ਪ੍ਰਾਪਤ ਕਰਨੀ ਹੈ ਤਾਂ ਗ੍ਰਹਿਸਤੀ ਹੋਣਾ ਜਰੂਰੀ ਹੈ । ਅਗਰ ਬਗੈਰ ਸ਼ਾਦੀ ਕੀਤੇ ਕੋਈ ਪ੍ਰਾਣੀ ਭਗਤੀ ਕਰਨੀ ਚਾਹੇ ਤਾਂ ਉਸ ਦੇ ਮਨ ਦਾ ਟਿਕਾਉ ਚੰਚਲ (ਡੋਲਦਾ) ਰਹੇਗਾ । ਹੁਣ ਕਲਯੁਗ ਦਾ ਜ਼ਮਾਨਾ ਹੈ, ਮਨ ਹਮੇਸ਼ਾ ਵਿਕਾਰਾਂ ਲਈ ਦੌੜਦਾ ਹੈ । ਸਿਮਰਨ ਕਰਦੇ ਕਰਦੇ ਕਈ ਸਾਲ ਹੋ ਜਾਣ ਤਾਂ ਕਿਤੇ ਜਾ ਕੇ ਉਸ ਦਾ ਮਨ ਟਿਕਾਉ ਵਿਚ ਆਵੇਗਾ । ਫਿਰ ਵੀ ਕਾਮ ਮਹਾਂਬਲੀ ਹੈ, ਸਤਾਉਂਦਾ ਰਹੇਗਾ । ਇਸ ਦੁਨੀਆਂ ਵਿਚ ਜਿਹੜੇ ਮਹਾਂਪੁਰਸ਼ ਅਵਤਾਰ ਬਣ ਕੇ ਆਏ, ਉਨ੍ਹਾਂ ਨੇ ਵੀ ਗ੍ਰਹਿਸਤੀ ਜੀਵਨ ਬਿਤਾਇਆ ਹੈ । ਜਿਸ ਤਰ੍ਹਾਂ ਦਸਾਂ ਗੁਰੂਆਂ ਵਿਚੋਂ ਨੌਂ ਗੁਰੂਆਂ ਨੇ ਗ੍ਰਹਿਸਤੀ ਜੀਵਨ ਬਤੀਤ ਕੀਤਾ । ਸ੍ਰੀ ਰਾਮ ਚੰਦਰ ਜੀ, ਭਗਵਾਨ ਕ੍ਰਿਸ਼ਨ, ਮਹਾਂਦੇਵ ਸ਼ਿਵ ਜੀ, ਮਹਾਤਮਾ ਬੁੱਧ, ਬ੍ਰਹਮਾ ਅਤੇ ਮੁਹੰਮਦ ਸਾਹਿਬ ਇਨ੍ਹਾਂ ਸਾਰਿਆਂ ਨੇ ਗ੍ਰਹਿਸਤੀ ਜੀਵਨ ਬਿਤਾਇਆ । ਦੇਖਿਆ ਜਾਵੇ ਤਾਂ ਹਿੰਦੂ ਧਰਮ ਵਿਚ ਵੀ ਜਿੰਨੇ ਰਿਸ਼ੀ ਮੁਨੀ ਹੋਏ, ਸਾਰਿਆਂ ਨੇ ਹੀ ਗ੍ਰਹਿਸਤੀ ਜੀਵਨ ਬਤੀਤ ਕੀਤਾ । ਸੋ ਸ਼ਾਦੀ ਕਰਨਾ ਬਹੁਤ ਜਰੂਰੀ ਹੈ । ਅਕਾਲ ਪੁਰਖ ਨੇ ਸਾਰੀ ਸ੍ਰਿਸ਼ਟੀ ਦੋ ਹਿੱਸਿਆਂ ਵਿਚ ਸਾਜੀ ਹੈ ਜਿਸ ਤਰ੍ਹਾਂ ਨਾਰੀ ਤੇ ਪੁਰਖ, ਦਿਨ ਤੇ ਰਾਤ, ਜਨਮ ਅਤੇ ਮੌਤ, ਜਵਾਨੀ ਅਤੇ ਬੁਢਾਪਾ, ਧੁੱਪ ਅਤੇ ਛਾਂ, ਜ਼ਮੀਨ ਤੇ ਅਸਮਾਨ, ਦੁੱਖ ਤੇ ਸੁੱਖ । ਇਹ ਅਕਾਲ ਪੁਰਖ ਨੇ ਅਸੂਲ ਬਣਾ ਦਿੱਤੇ । ਜਿਹੜਾ ਦੋ ਹਿੱਸਿਆਂ ਵਿਚ ਵੰਡਿਆ ਹੈ, ਉਸ ਦਾ ਕੋਈ ਮਤਲਬ ਹੈ । ਅਕਾਲ ਪੁਰਖ ਨੇ ਦਿਨ ਕਿਰਤ ਕਰਨ ਵਾਸਤੇ ਅਤੇ ਰਾਤ ਵਿਸ਼ਰਾਮ ਕਰਨ ਵਾਸਤੇ ਬਣਾਈ ਹੈ । ਗ੍ਰਹਿਸਤੀ ਜੀਵਨ ਇਸ ਕਰਕੇ ਜਰੂਰੀ ਹੈ ਕਿ ਸੰਸਾਰ ਦੀ ਉਤਪਤੀ ਚਲਦੀ ਰਹੇ । ਕਈ ਸਾਧੂ ਸੰਤ ਕਹਿੰਦੇ ਹਨ ਕਿ ਸ਼ਾਦੀ ਨਹੀਂ ਕਰਨੀ ਚਾਹੀਦੀ, ਉਹ ਅਕਾਲ ਪੁਰਖ ਦੇ ਅਸੂਲ ਤੋੜਦੇ ਹਨ । ਕਈ ਐਸੇ ਮਹਾਂਪੁਰਸ਼ ਹਨ, ਜਿਹਨਾਂ ਨੇ ਸ਼ਾਦੀ ਨਹੀਂ ਕੀਤੀ, ਪਰ ਉਹ ਆਉਂਦੇ ਹੀ ਧਰਮ ਪ੍ਰਚਾਰ ਵਾਸਤੇ ਹਨ, ਜਿਹੜੇ ਕਿ ਮਹਾਰਾਜ ਜੀ ਨੇ ਆਪ ਭੇਜੇ ਹੁੰਦੇ ਹਨ । ਜਿਸ ਤਰ੍ਹਾਂ ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣੇ ਵਾਲੇ, ਸੰਤ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ, ਸੰਤ ਬਾਬਾ ਜਵਾਲਾ ਸਿੰਘ ਜੀ ਹਰਖੋਵਾਲ, ਸੰਤ ਬਾਬਾ ਗੁਰਮੁਖ ਸਿੰਘ ਪਟਿਆਲੇ ਵਾਲੇ, ਸੰਤ ਬਾਬਾ ਈਸ਼ਰ ਸਿੰਘ ਰਾੜੇ ਵਾਲੇ, ਸੰਤ ਬਾਬਾ ਭਾਨ ਸਿੰਘ ਜਗਰਾਉਂ, ਸੰਤ ਬਾਬਾ ਅਨੰਦ ਸਿੰਘ ਜੀ ਕਲੇਰਾਂ ਵਾਲੇ ਆਦਿ ਹਨ, ਉਨ੍ਹਾਂ ਦੀ ਕੋਈ ਵੀ ਬਰਾਬਰੀ ਨਹੀਂ ਕਰ ਸਕਦਾ । ਇਹ ਸਾਰੀ ਸਾਰੀ ਰਾਤ ਪਾਣੀ ਵਿਚ ਖੜ੍ਹ ਕੇ

ਸਿਮਰਨ ਕਰਦੇ ਸਨ । ਦਾਸ ਨਾਲ ਆਪ ਬੀਤੀ ਹੈ ਅਗਰ ਕੋਈ ਪ੍ਰਮਾਤਮਾ ਦੀ ਭਗਤੀ ਕਰੇ ਤਾਂ ਕਾਮ ਕਿੰਨਾਂ ਸਤਾਉਂਦਾ ਹੈ । ਪੰਜ ਛੇ ਸਾਲ ਮੈਂ ਵੀ ਗ੍ਰਹਿਸਤੀ ਜੀਵਨ ਬਿਤਾਇਆ । ਕਾਮ ਵਸ ਕਰਨ ਵਾਸਤੇ ਦਵਾਈਆਂ ਦੀ ਵੀ ਵਰਤੋਂ ਕੀਤੀ ।

ਜਿਸ ਦਿਨ ਮਹਾਰਾਜ ਜੀ ਨੇ ਦਰਸ਼ਨ ਦਿੱਤੇ ਉਸ ਦਿਨ ਤੋਂ ਬਾਅਦ ਮਨ ਡੋਲਿਆ ਨਹੀਂ, ਨਾਮ ਦੀ ਬਖਸ਼ਿਸ਼ ਹੋ ਗਈ । ਮੇਰਾ ਜੀਵਨ ਬਿਲਕੁਲ ਬਦਲ ਗਿਆ । ਅਗਰ ਇਨਸਾਨ ਨੇ ਕਾਮ ਨੂੰ ਵਸ ਕਰਨਾ ਹੈ ਤਾਂ ਦਸ, ਬਾਰਾਂ ਘੰਟੇ ਸਿਮਰਨ ਕਰਨਾ ਚਾਹੀਦਾ ਹੈ । ਫਿਰ ਐਸੀ ਅਵਸਥਾ ਤੇ ਪਹੁੰਚ ਜਾਂਦਾ ਹੈ, ਜਿਥੇ ਕਾਮ ਸਤਾ ਨਹੀਂ ਸਕਦਾ । ਕਈ ਗੁਰਸਿੱਖਾਂ ਨੇ ਮੇਰੇ ਤੇ ਸੁਆਲ ਕੀਤਾ ਕਿ ਗ੍ਰਹਿਸਤੀ ਜੀਵਨ ਵਿਚ ਰਹਿੰਦੇ ਹੋਏ, ਇੰਨਾਂ ਸਿਮਰਨ ਕਿਸ ਤਰ੍ਹਾਂ ਕਰ ਸਕਦੇ ਹਾਂ । ਉਹ ਇਸ ਤਰ੍ਹਾਂ ਕਿ ਇੱਕ ਪਰਿਵਾਰ ਦੇ ਦੋ ਮੈਂਬਰ ਇਕੱਠੇ ਬੈਠ ਕੇ ਨਿੱਤਨੇਮ, ਸੁਖਮਨੀ ਸਾਹਿਬ ਦਾ ਪਾਠ ਤੇ ਸਿਮਰਨ ਕਰਦੇ ਹਨ ਤਾਂ ਉਹ ਸੰਗਤ ਬਣ ਜਾਂਦੀ ਹੈ ਅਤੇ ਉਸ ਦਾ ਫਲ ਦੁਗਣਾ ਹੋ ਜਾਂਦਾ ਹੈ । ਇਸੇ ਤਰ੍ਹਾਂ ਕੰਮ ਕਾਰ ਕਰਦੇ ਹੋਏ ਵਾਹਿਗੁਰੂ ਸਤਿਨਾਮ ਦਾ ਸਿਮਰਨ ਜਾਂ ਮੂਲ ਮੰਤਰ ਦੇ ਪਾਠ ਅਤੇ ਜਿੰਨੀ ਬਾਣੀ ਯਾਦ ਹੋਵੇ, ਉਸ ਦਾ ਜਾਪ ਕਰਦੇ ਰਹਿਣਾ ਚਾਹੀਦਾ ਹੈ । ਇਸੇ ਤਰ੍ਹਾਂ ਕਰਦਿਆਂ ਕਰਦਿਆਂ ਗੁਰੂ ਦੀ ਕ੍ਰਿਪਾ ਨਾਲ ਗ੍ਰਹਿਸਤੀ ਜੀਵਨ ਸਫਲ ਹੋ ਜਾਂਦਾ ਹੈ ।

(ਕ)

*ਭਾਈ ਸਾਹਿਬ ਜੀ ਰਿੱਧੀਆਂ ਸਿੱਧੀਆਂ ਬਾਰੇ ਕੁਝ ਚਾਨਣਾ ਪਾਉ ?*

ਜਿਹੜਾ ਵੀ ਗੁਰਸਿੱਖ ਅੰਮ੍ਰਿਤ ਵੇਲੇ ਸਿਮਰਨ ਕਰਦਾ ਹੈ, ਗੁਰ ਸ਼ਬਦ ਦੀ ਕਮਾਈ ਕਰਦਾ ਹੈ, ਉਸ ਦੇ ਕੋਲ ਰਿੱਧੀਆਂ ਸਿੱਧੀਆਂ ਜਰੂਰ ਆ ਜਾਂਦੀਆਂ ਹਨ । ਮਹਾਰਾਜ ਜੀ ਪਹਿਲਾਂ-ਪਹਿਲਾਂ ਸੁਪਨੇ ਅੰਦਰ ਕਈ ਕੌਤਕ ਦਿਖਾਉਂਦੇ ਹਨ । ਜਿਸ ਤਰ੍ਹਾਂ ਘਰ ਵਿਚ ਕੋਈ ਖੁਸ਼ੀ ਜਾਂ ਗਮੀ ਆਉਣ ਵਾਲੀ ਹੋਵੇ ਤਾਂ ਪਹਿਲਾਂ ਹੀ ਪਤਾ ਲੱਗ ਜਾਂਦਾ ਹੈ । ਜੇ ਕਿਸੇ ਨੂੰ ਮਿਲਣ ਜਾਣ ਦਾ ਇਰਾਦਾ ਬਣਾਇਆ ਹੋਵੇ ਅਤੇ ਉਹ ਘਰ ਨਹੀਂ ਤਾਂ ਪਹਿਲਾਂ ਹੀ ਪਤਾ ਲੱਗ ਜਾਂਦਾ ਹੈ । ਇੱਕ ਦੋ ਵਾਰੀ ਮੈਂ ਸੋਚਿਆ ਕਿ ਜਾ ਕੇ ਦੇਖਦਾ ਹਾਂ ਤਾਂ ਸੱਚ ਪੁਛੋ, ਉਹ ਘਰ ਨਹੀਂ ਮਿਲੇ । ਇਸ ਤੋਂ ਅਗਲੀ ਮੰਜਲ ਤੇ ਕਈ ਕੌਤਕ ਵਰਤਦੇ ਹਨ ਕਿ ਤੁਸੀਂ ਪ੍ਰਤੱਖ ਦੇਖ ਸਕਦੇ ਹੋ । ਜੇ ਕੋਈ ਨਿੱਤਨੇਮੀ ਗੁਰਸਿੱਖ ਅੰਮ੍ਰਿਤ ਵੇਲੇ ਨਾ ਉਠ ਸਕੇ ਤਾਂ ਸ਼ਹੀਦ ਸਿੰਘ ਉਠਣ ਵਾਸਤੇ ਪ੍ਰੇਰਨਾ ਦਿੰਦੇ ਹਨ ਕਿ ਉਠ ਕੇ ਨਾਮ ਜਪ । ਫਿਰ ਮਹਾਰਾਜ ਜੀ ਹੋਰ ਕੌਤਕ ਵਰਤਾਉਂਦੇ ਹਨ । ਜਦੋਂ ਬੰਦਾ ਸਾਵਧਾਨ ਹੋਵੇ ਤਾਂ ਮੂਲਮੰਤਰ, ਗੁਰਮੰਤਰ ਜਾ ਸੁਖਮਨੀ ਸਾਹਿਬ ਜੀ ਦਾ ਪਾਠ ਆਪਣੇ ਆਪ ਸ਼ੁਰੂ ਹੋ ਜਾਂਦਾ ਹੈ । ਉਸ ਵੇਲੇ ਸਰੀਰ ਵਿਚ ਅਜੀਬ ਕਿਸਮ ਦਾ ਰਸ ਪੈਦਾ ਹੋਣਾ ਸ਼ੁਰੂ ਹੋ ਜਾਂਦਾ ਹੈ । ਕਦੀ ਕਦੀ ਸੁਪਨ ਅਵਸਥਾ ਵਿਚ ਗੁਰੂ ਮਹਾਰਾਜ ਜੀ ਦਾ ਪ੍ਰਕਾਸ਼ ਹੁੰਦਾ ਹੈ । ਸੰਗਤ ਜੁੜੀ ਹੁੰਦੀ ਹੈ ਅਤੇ ਕੀਰਤਨ ਵੀ ਸੁਣਾਈ ਦਿੰਦਾ ਹੈ । ਰਿਧੀਆਂ-ਸਿਧੀਆਂ ਆਮ ਬੰਦੇ ਵਿਚ ਆ ਜਾਂਦੀਆਂ ਹਨ । ਮਗਰ ਗੁਰਸਿੱਖ, ਅੰਮ੍ਰਿਤ ਛਕ ਕੇ ਨਾਮ

ਜਪਣ ਤਾਂ ਉਨ੍ਹਾਂ ਨੂੰ ਗੁਰੂ ਦਾ ਹੁਕਮ ਮੰਨ ਕੇ ਜਰਨਾ ਚਾਹੀਦਾ ਹੈ। ਰਿੱਧੀਆਂ-ਸਿੱਧੀਆਂ ਤੋਂ ਲਾਭ ਨਹੀਂ ਉਠਾਉਣਾ ਚਾਹੀਦਾ। ਇਸ ਤੋਂ ਅਗਲੀ ਮੰਜਲ ਤੇ ਪਹੁੰਚਣ ਲਈ ਪ੍ਰਮਾਤਮਾ ਅੱਗੇ ਅਰਦਾਸ ਕਰੋ ਕਿ ਸਾਨੂੰ ਜਰਨ ਦੀ ਸ਼ਕਤੀ ਬਖਸ਼ੋ। ਜਦੋਂ ਕੋਈ ਗੁਰਸਿੱਖ ਇਸ ਮੰਜ਼ਲ ਤੇ ਪਹੁੰਚ ਜਾਵੇ ਤਾਂ ਕਿਸੇ ਨੂੰ ਦੱਸਣਾ ਨਹੀਂ ਚਾਹੀਦਾ। ਜੇ ਦੱਸ ਦਿੱਤਾ ਤਾਂ ਤੁਹਾਡੀ ਕੀਤੀ ਹੋਈ ਭਗਤੀ ਵਿਅਰਥ ਚਲੀ ਜਾਵੇਗੀ। ਫਿਰ ਦੁਬਾਰਾ ਸਖਤ ਮਿਹਨਤ ਕਰਨ ਨਾਲ ਇਸ ਮੰਜਲ ਤੇ ਪਹੁੰਚਦਾ ਹੈ।

ਗੁਰਸਿੱਖ ਨੂੰ ਗੁਰੂ ਦਾ ਹੁਕਮ ਚੇਤੇ ਰੱਖਣਾ ਚਾਹੀਦਾ ਹੈ। ਰਿੱਧੀਆਂ ਸਿੱਧੀਆਂ ਦਖਾ ਕੇ ਲੋਕ ਤਾਂ ਖੁਸ਼ ਹੋ ਜਾਣਗੇ, ਪਰ ਤੁਹਾਡੀ ਕੀਤੀ ਕਮਾਈ ਵਿਚ ਘਾਟਾ ਪੈ ਜਾਵੇਗਾ ਅਤੇ ਗੁਰੂ ਤੋਂ ਬੇਮੁਖ ਹੋ ਜਾਵੋਗੇ। ਗੁਰਸਿੱਖਾਂ ਨੂੰ ਹੁਕਮ ਹੈ ਕਿ **ਰਿੱਧੀਆਂ ਸਿੱਧੀਆਂ ਦੀ ਵਰਤੋਂ ਨਹੀਂ ਕਰਨੀ**। ਇਸ ਵਿਚ ਹੀ ਨਹੀਂ ਫਸੇ ਰਹਿਣਾ। ਇਸ ਤੋਂ ਉਪਰ ਉਠਣਾ ਹੈ। ਗੁਰਸਿੱਖਾਂ ਦਾ ਨਿਸ਼ਾਨਾ ਇੱਕ ਹੀ ਹੈ ਕਿ ਮੁਕਤੀ ਪ੍ਰਾਪਤ ਕਰਨੀ।

ਇੱਕ ਵਾਰੀ ਦਾਸ ਨੇ ਇੰਡੀਆ ਜਾਣ ਦਾ ਪ੍ਰੋਗਰਾਮ ਬਣਾਇਆ। ਦਾਸ ਉਸ ਸਮੇਂ ਭਾਈ ਅਮਰੀਕ ਸਿੰਘ ਦੇ ਘਰ ਰਹਿੰਦਾ ਸੀ। ਭਾਈ ਸਾਹਿਬ ਨੇ ਕਿਹਾ, ਤੁਸੀਂ ਇੰਡੀਆ ਤਾਂ ਜਾ ਹੀ ਰਹੇ ਹੋ, ਬਾਬਾ ਭਾਨ ਸਿੰਘ ਜੀ ਦੇ ਜਰੂਰ ਦਰਸ਼ਨ ਕਰਕੇ ਆਉਣੇ। ਉਹ ਪੂਰਨ ਬ੍ਰਹਮ ਗਿਆਨੀ ਹਨ। ਦਾਸ ਭਾਈ ਅਮਰੀਕ ਸਿੰਘ ਦੇ ਪਿੰਡ ਗਿਆ ਅਤੇ ਉਸ ਦੇ ਭਰਾ ਨੂੰ ਕਿਹਾ, ਮੈਂ ਬਾਬਾ ਭਾਨ ਸਿੰਘ ਦੇ ਦਰਸ਼ਨ ਕਰਨ ਜਾਣਾ ਹੈ।

ਅਸੀਂ ਦੋਨੋ ਬਾਬਾ ਜੀ ਦੇ ਦਰਸ਼ਨ ਕਰਨ ਲਈ ਤੁਰ ਪਏ। ਬੱਸ ਵਿਚ ਸਫਰ ਕਰਦਿਆਂ ਅਮਰੀਕ ਸਿੰਘ ਦੇ ਭਰਾ ਨੇ ਦੱਸਿਆ, ਇੱਕ ਦਿਨ ਬਾਬਾ ਜੀ ਨੇ ਸੰਗਤ ਨੂੰ ਦੱਸਿਆ, ਕਿ ਸਾਡਾ ਸੱਚਖੰਡ ਜਾਣ ਦਾ ਸਮਾਂ ਨੇੜੇ ਆ ਰਿਹਾ ਹੈ। ਜਿਹੜੇ ਬ੍ਰਹਮ ਗਿਆਨੀ ਹੁੰਦੇ ਹਨ, ਉਨ੍ਹਾਂ ਨੂੰ ਪਹਿਲਾਂ ਹੀ ਪਤਾ ਲੱਗ ਜਾਂਦਾ ਹੈ। ਬਾਬਾ ਜੀ ਦਾ ਸੰਗਤਾਂ ਨੂੰ ਦੱਸਣ ਦਾ ਮਤਲਬ ਕਿ ਉਹ ਸੰਗਤਾਂ ਦੇ ਵਿਚਾਰ ਜਾਨਣਾ ਚਾਹੁੰਦੇ ਸਨ। ਸੰਗਤਾਂ ਨੇ ਬੇਨਤੀ ਕੀਤੀ, ਬਾਬਾ ਜੀ ਤੁਸੀਂ ਸੱਚਖੰਡ ਚਲੇ ਜਾਉਗੇ ਤਾਂ ਡੇਰੇ ਦੀ ਜ਼ੁੰਮੇਵਾਰੀ ਕੌਣ ਸੰਭਾਲੇਗਾ। ਤੁਸੀਂ ਆਪਣੀ ਜਗ੍ਹਾ ਕੋਈ ਸੇਵਾਦਾਰ ਥਾਪ ਜਾਉ। ਇਸ ਤਰ੍ਹਾਂ ਸੇਵਾ ਅਤੇ ਸਿਮਰਨ ਚਲਦਾ ਰਹੇਗਾ। ਇਹ ਸੁਣ ਕੇ ਬਾਬਾ ਜੀ ਚੁੱਪ ਰਹੇ। ਡੇਰੇ ਦੇ ਅੰਦਰ ਦੋ ਸੇਵਾਦਾਰ ਕਾਫੀ ਦੇਰ ਤੋਂ ਸੇਵਾ ਕਰਦੇ ਸਨ। ਬਾਬਾ ਜੀ ਨੇ ਇਨ੍ਹਾਂ ਦੋਨਾਂ ਵਿਚੋਂ ਇੱਕ ਨੂੰ ਮੁਖੀ ਬਣਾਉਣ ਦਾ ਫੈਸਲਾ ਕੀਤਾ। ਜਿਸ ਨੇ ਪਹਿਲਾਂ ਸੇਵਾ ਸ਼ੁਰੂ ਕੀਤੀ ਸੀ, ਉਸ ਦੀ ਪ੍ਰੀਖਿਆ ਲੈਣੀ ਚਾਹੀ। ਬਾਬਾ ਜੀ ਦੀ ਬਖਸ਼ਿਸ਼ ਨਾਲ ਇਸ ਨੂੰ ਰਿੱਧੀਆਂ ਸਿੱਧੀਆਂ ਪ੍ਰਾਪਤ ਹੋ ਗਈਆਂ। ਜਿਸ ਤਰ੍ਹਾਂ ਇੱਕ ਭਾਂਡਾ ਨੱਕੋ-ਨੱਕ ਭਰ ਦਿੱਤਾ ਜਾਵੇ ਤਾਂ ਉਛਲਦਾ ਹੈ। ਇਸੇ ਤਰ੍ਹਾਂ ਇਸ ਸੇਵਾਦਾਰ ਨੂੰ ਰਿੱਧੀਆਂ ਸਿੱਧੀਆਂ ਦਾ ਮਾਣ ਹੋ ਗਿਆ ਕਿ ਮੈਂ ਤਾਂ ਬਾਬਾ ਜੀ ਦੇ ਬਰਾਬਰ ਹੋ ਗਿਆ ਹਾਂ। ਜਿਹੜਾ ਵੀ ਕੋਈ ਬਚਨ ਕਰੇ, ਪੂਰਾ ਹੋ ਜਾਂਦਾ ਸੀ। ਇਸੇ ਘੁਮੰਡ ਵਿਚ ਆ ਕੇ ਬਾਬਾ ਜੀ ਨਾਲ ਗੁੱਸੇ ਹੋ ਕੇ ਦੂਸਰੇ ਪਿੰਡ ਜਾ ਕੇ ਡੇਰਾ ਲਾ ਲਿਆ। ਉਥੇ ਰਿੱਧੀਆਂ ਸਿੱਧੀਆਂ ਦੀ ਵਰਤੋਂ ਕਰਨ ਲੱਗਾ।

ਪਿੰਡ ਵਾਲਿਆਂ ਨੇ ਬੜੀ ਸੇਵਾ ਕੀਤੀ ਕਿ ਇਹ ਵੀ ਮਹਾਂਪੁਰਖ ਹੈ, ਇਸ ਦੇ ਬਚਨ ਸਤਿ ਹੋ ਜਾਂਦੇ ਹਨ। ਦੋ ਚਾਰ ਦਿਨ ਬਾਅਦ ਜੋ ਵੀ ਕਹੇ, ਉਸ ਦੇ ਉਲਟ ਹੀ ਹੋਵੇ। ਪਿੰਡ ਵਾਲਿਆਂ ਨੂੰ ਪਤਾ ਲੱਗ ਗਿਆ ਕਿ ਇਸ ਦੇ ਕੋਲ ਕੋਈ ਸ਼ਕਤੀ ਨਹੀਂ ਹੈ, ਤਾਂ ਕਿਸੇ ਨੇ ਪ੍ਰਸ਼ਾਦਾ ਵੀ ਨਾ ਪੁਛਿਆ। ਜਦੋਂ ਕਿਸੇ ਨੇ ਸਤਿਕਾਰ ਨਾ ਕੀਤਾ ਤਾਂ ਬਾਬਾ ਜੀ ਕੋਲ ਵਾਪਸ ਆ ਗਿਆ। ਬਾਬਾ ਜੀ ਮੁਸਕਰਾਏ ਤੇ ਕਿਹਾ, ਖਾਲੀ ਹੋ ਕੇ ਮੁੜ ਆਇਆ ਹੈ। ਕਹਿਣ ਦਾ ਭਾਵ ਕਿ ਸਾਰਾ ਕੁਝ ਗਵਾ ਕੇ ਆ ਗਿਆ ਹੈ। ਦੂਸਰਾ ਸੇਵਾਦਾਰ ਨਿਮਰਤਾ ਵਾਲਾ ਸੀ, ਜਰ ਸਕਦਾ ਸੀ। ਬਾਬਾ ਜੀ ਨੇ ਵਿਚਾਰ ਬਣਾਇਆ ਕਿ ਇਸ ਨੂੰ ਗੱਦੀ ਸੌਂਪੀ ਜਾਵੇ।

ਦਾਸ ਬਾਬਾ ਜੀ ਦੇ ਦਰਸ਼ਨ ਕਰ ਕੇ ਬਹੁਤ ਖੁਸ਼ ਹੋਇਆ। ਬਾਬਾ ਜੀ ਨਾਲ ਬਚਨ ਬਿਲਾਸ ਵੀ ਹੋਏ। ਜਿਹੜਾ ਇਨ੍ਹਾਂ ਰਿਧੀਆਂ ਸਿਧੀਆਂ ਤੋਂ ਟੱਪ ਜਾਵੇਗਾ, ਉਹ ਪ੍ਰਮਾਤਮਾ ਦੇ ਨੇੜੇ ਹੋ ਜਾਵੇਗਾ। ਇਹ ਪ੍ਰਮਾਤਮਾ ਨੂੰ ਮਿਲਣ ਦੀ ਪਹਿਲੀ ਨਿਸ਼ਾਨੀ ਹੈ।

*****

# ਮੇਰਾ ਸੁੰਦਰ ਸੁਪਨਾ

## ਖ਼ਾਲਸਾ ਰਾਜ

ਅੰਮ੍ਰਿਤ ਵੇਲੇ ਗੁਰਦੁਆਰੇ ਸਾਧ ਸੰਗਤ ਨਾਲ ਬੈਠ ਕੇ ਸਿਮਰਨ ਕਰਦਿਆਂ ਪੰਜ ਛੇ ਮਹੀਨੇ ਬੀਤ ਗਏ ਤਾਂ ਇੱਕ ਦਿਨ ਕੀ ਦੇਖਦਾ ਹਾਂ ਕਿ ਮੈਂ ਸੁਪਨੇ ਅੰਦਰ ਸ੍ਰੀ ਹਰਿਮੰਦਰ ਸਾਹਿਬ ਪਹੁੰਚ ਗਿਆ। ਸ੍ਰੀ ਹਰਿਮੰਦਰ ਸਾਹਿਬ ਚਿੱਟੇ, ਲਾਲ, ਨੀਲੇ, ਹਰੇ ਅਤੇ ਸੰਤਰੀ ਆਦਿਕ ਰੰਗਾਂ ਦੇ ਹੀਰਿਆਂ ਨਾਲ ਸਜਾਇਆ ਹੋਇਆ ਹੈ। ਦਿਲ ਕਰਦਾ ਸੀ ਦੇਖਦਾ ਹੀ ਰਹਾਂ। ਇਸ ਦੀ ਸੋਭਾ ਦਾਸ ਵਰਨਣ ਨਹੀਂ ਕਰ ਸਕਦਾ। ਇਥੇ ਐਸੇ ਪੱਥਰ ਲਗਾਏ ਹੋਏ ਸਨ ਜਿਨ੍ਹਾਂ ਦੀ ਰੋਸ਼ਨੀ ਆਮ ਬਲਬਾਂ ਨਾਲੋਂ ਕਈ ਗੁਣਾ ਤੇਜ ਸੀ। ਪਰ ਇਸ ਦਾ ਕੋਈ ਨੁਕਸਾਨ ਨਹੀਂ ਸੀ ਪਹੁੰਚ ਸਕਦਾ। ਇਹ ਬਲਬ ਵਾਗੂੰ ਗਰਮ ਨਹੀਂ ਸਨ। ਇਸ ਵੇਲੇ ਸ੍ਰੀ ਹਰਿਮੰਦਰ ਸਾਹਿਬ ਜੀ ਰਿਮ ਝਿਮ ਵਰਖਾ ਹੋ ਰਹੀ ਸੀ। ਮੈਨੂੰ ਇਸ ਤਰ੍ਹਾਂ ਮਹਿਸੂਸ ਹੋਇਆ ਕਿ ਮੇਰੇ ਕੱਪੜੇ ਗਿੱਲੇ ਹੋ ਗਏ। ਜਦੋਂ ਹੱਥ ਲਾ ਕੇ ਦੇਖਿਆ ਤਾਂ ਸੁੱਕੇ ਹੀ ਸਨ। ਮੈਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਮਸਕਾਰ ਕੀਤੀ। ਮੱਥਾ ਟੇਕ ਕੇ ਬੈਠ ਗਿਆ। ਰਾਗੀ ਸਿੰਘ ਇਸ ਸ਼ਬਦ ਦਾ ਕੀਰਤਨ ਕਰ ਰਹੇ ਸਨ।

**ਆਪਣੇ ਬਾਲਕ ਆਪਿ ਰਖਿਅਨੁ, ਪਾਰਬ੍ਰਹਮ ਗੁਰਦੇਵ ॥**
**ਸੁਖ ਸਾਂਤਿ ਸਹਜ ਆਨਦ ਭਏ, ਪੂਰਨ ਭਈ ਸੇਵ ॥ 1 ॥ ਰਹਾਉ॥**
**ਭਗਤ ਜਨਾ ਕੀ ਬੇਨਤੀ, ਸੁਣੀ ਪ੍ਰਭਿ ਆਪਿ ॥**
**ਰੋਗ ਮਿਟਾਇ ਜੀਵਾਲਿਅਨੁ, ਜਾ ਕਾ ਵਡ ਪਰਤਾਪੁ ॥ 1 ॥**
**ਦੋਖ ਹਮਾਰੇ ਬਖਸਿਅਨੁ, ਅਪਣੀ ਕਲ ਧਾਰੀ ॥**
**ਮਨ ਬਾਂਛਤ ਫਲ ਦਿਤਿਅਨੁ, ਨਾਨਕ ਬਲਿਹਾਰੀ ॥ 2॥**

*(ਬਿਲਾਵਲੁ ਮ: 5 ਪੰ:-819)*

ਮਨ ਕੀਰਤਨ ਵਿਚ ਇਤਨਾ ਲੀਨ ਹੋ ਗਿਆ, ਦਿਲ ਕਰੇ ਇਥੇ ਹੀ ਬੈਠਾ ਰਹਾਂ। ਸ਼ਬਦ ਸਮਾਪਤ ਹੋਇਆ ਤਾਂ ਮੈਨੂੰ ਖਿਆਲ ਆਇਆ, ਮੈਂ ਤਾਂ ਖਾਲਸਾ ਰਾਜ ਦੇਖਣ ਆਇਆ ਸੀ। ਉਥੋਂ ਉੱਠ ਕੇ ਸ੍ਰੀ ਅਕਾਲ ਤਖਤ ਸਾਹਿਬ ਜੀ ਦਰਸ਼ਨ ਕਰਨ ਚਲਾ ਗਿਆ। ਅਕਾਲ ਤੱਖਤ ਐਸਾ ਤਖਤ ਹੈ, ਜਿਥੇ ਸੱਚੋ ਸੱਚ ਨਿਬੜਦਾ ਹੈ।

**ਓਥੈ ਸਚੇ ਹੀ ਸਚਿ ਨਿਬੜੈ,**
**ਚੁਣਿ ਵਖਿ ਕਢੇ ਜਜਮਾਲਿਆ ॥**

*(ਆਸਾ ਦੀ ਵਾਰ)*

**ਆਦਿ ਸਚੁ ॥ ਜੁਗਾਦਿ ਸਚੁ ॥**
**ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥**

*(ਜਪੁਜੀ ਸਾਹਿਬ)*

ਸ੍ਰੀ ਅਕਾਲ ਤਖਤ ਸਾਹਿਬ ਤੇ ਪੰਜ ਪਿਆਰੇ ਬੈਠੇ ਸਿਮਰਨ ਕਰ ਰਹੇ ਸਨ । ਦਾਸ ਨੇ ਫ਼ਤਿਹ ਬੁਲਾਈ । 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਿਹ' ਜਦੋਂ ਉਨ੍ਹਾਂ ਨੇ ਫ਼ਤਿਹ ਦਾ ਜਵਾਬ ਦਿੱਤਾ ਤਾਂ ਮੈਨੂੰ ਇਸ਼ ਤਰ੍ਹਾਂ ਮਹਿਸੂਸ ਹੋਇਆ ਕਿ ਸਾਰੇ ਪੰਜਾਬ ਦੀ ਧਰਤੀ ਤੋਂ ਇਹ ਅਵਾਜ ਆ ਰਹੀ ਹੈ । ਪੰਜਾਂ ਪਿਆਰਿਆਂ ਦਾ ਦਰਸ਼ਨ ਕਰ ਕੇ ਮੈਂ ਨਿਹਾਲ ਹੋ ਗਿਆ । ਇਸ ਤਰ੍ਹਾਂ ਜਾਪਿਆ ਕਿ ਮੈਂ ਆਪਣੇ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਪੰਜਾਂ ਪਿਆਰਿਆਂ ਵਿਚ ਕਰ ਰਿਹਾ ਹਾਂ ।

**ਖ਼ਾਲਸਾ ਮੇਰੋ ਰੂਪ ਹੈ ਖ਼ਾਸ ॥**
**ਖ਼ਾਲਸੇ ਮਹਿ ਹੌ ਕਰੌ ਨਿਵਾਸ ॥**

*(ਸਰਬ ਲੋਹ ਗ੍ਰੰਥ)*

ਇਹ ਨਜ਼ਾਰਾ ਮੈਂ ਜ਼ਿੰਦਗੀ ਭਰ ਨਹੀਂ ਭੁੱਲ ਸਕਦਾ । ਉਨ੍ਹਾਂ ਨੇ ਕਿਹਾ, "ਖਾਲਸਾ ਰਾਜ ਦੇਖਣ ਆਇਆ ਹੈਂ ।" ਦਾਸ ਨੇ ਬੇਨਤੀ ਕੀਤੀ, ਮੇਰੇ ਤੇ ਕ੍ਰਿਪਾ ਕਰੋ । ਫਿਰ ਪੰਜ ਪਿਆਰਿਆਂ ਨਾਲ ਬਚਨ ਬਿਲਾਸ ਹੋਏ । ਉਨ੍ਹਾਂ ਨੇ ਇੱਕ ਖਾਲਸਾ ਸਿੰਘ ਮੇਰੇ ਨਾਲ ਭੇਜਿਆ । ਸਭ ਤੋਂ ਪਹਿਲਾਂ ਖਾਲਸਾ ਜੀ ਮੈਨੂੰ ਇੱਕ ਸੁਰੰਗ ਵਿਚ ਲੈ ਗਏ । ਜਦੋਂ ਮੈਂ ਸੁਰੰਗ ਦੇ ਅੰਦਰ ਪੈਰ ਰੱਖਿਆ ਤਾਂ ਇੱਕ ਦਮ ਵਾਹਿਗੁਰੂ ਦੀ ਧੁੰਨੀ ਛਿੜ ਪਈ ਅਤੇ ਮੈਨੂੰ ਇੰਨਾ ਬੈਰਾਗ ਆਇਆ ਕਿ ਹੰਝੂਆਂ ਦੀ ਝੜੀ ਲੱਗ ਗਈ । ਮੈਂ ਆਪਣੇ ਆਪ ਨੂੰ ਸੰਭਾਲ ਨਹੀਂ ਸਕਿਆ । ਇਹ ਖੁਸ਼ੀ ਦਾ ਬੈਰਾਗ ਸੀ । ਅੱਗੇ ਕਦਮ ਚੁੱਕਣ ਦੀ ਮੇਰੀ ਹਿੰਮਤ ਨਹੀਂ ਪਈ । ਮੈਂ ਜਿਥੇ ਖੜ੍ਹਾ ਸੀ, ਉਥੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਮਸਕਾਰ ਕਰ ਕੇ ਬੈਠ ਗਿਆ ।

ਤਖਤ ਇੰਨਾ ਸੁੰਦਰ ਸਜਾਇਆ ਹੋਇਆ ਸੀ, ਜਿਸ ਤਰ੍ਹਾਂ ਪੁਰਾਣੇ ਜ਼ਮਾਨੇ ਵਿਚ ਰਾਜੇ ਮਹਾਰਾਜੇ ਤਖਤ ਸਜਾ ਕੇ ਬੈਠਦੇ ਸਨ ਪਰ ਇਹ ਤਖਤ ਇਨ੍ਹਾਂ ਤੋਂ ਵੀ ਕਈ ਗੁਣਾਂ ਸੁੰਦਰ ਸਜਾਇਆ ਹੋਇਆ ਸੀ । ਸੋਨੇ ਦੀ ਪਾਲਕੀ ਉਤੇ ਬੇਅੰਤ ਕਿਸਮ ਦੇ ਹੀਰੇ ਮੋਤੀ ਜੜੇ ਹੋਏ ਸਨ । ਜਿਸ ਦੀ ਚਮਕ ਮਨ ਨੂੰ ਮੋਹ ਲੈਣ ਵਾਲੀ ਸੀ । ਚੰਦੋਆ (ਚਾਨਣੀ) ਵੀ ਸਿਤਾਰੇ ਮੋਤੀਆਂ ਨਾਲ ਭਰਿਆ ਪਿਆ ਸੀ । ਦਾਸ ਦੇਖਦਾ ਹੀ ਰਹਿ ਗਿਆ ।

ਸੁਰੰਗ ਵਿਚ ਬੈਠੇ ਗੁਰਸਿੱਖ ਇੱਕ ਲੈਅ ਵਿਚ ਵਾਹਿਗੁਰੂ ਦਾ ਸਿਮਰਨ ਕਰ ਰਹੇ ਸਨ । ਇਸ ਧੁੰਨੀ ਦੇ ਨਾਲ ਕੁਦਰਤ ਵਲੋਂ ਭਿੰਨ-ਭਿੰਨ ਸਾਜ ਵਜ ਰਹੇ ਸਨ । ਇਨ੍ਹਾਂ ਸਾਜਾਂ ਵਿਚ ਕੋਈ ਅਲੌਕਿਕ ਅਨੰਦ ਸੀ । ਇਸ ਵਿਚ ਮੇਰੀ ਸੁਰਤੀ ਲੀਨ ਹੋ ਗਈ ।

**ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ ॥**
**ਕੇਤੇ ਰਾਗ ਪਰੀ ਸਿਉ ਕਹੀਅਨਿ ਕੇਤੇ ਗਾਵਣਹਾਰੇ ॥**

*(ਜਪੁਜੀ ਸਾਹਿਬ)*

ਮੈਨੂੰ ਕੋਈ ਸੁੱਧ ਬੁੱਧ ਨਹੀਂ ਰਹੀ, ਆਪਣੇ ਆਪ ਦਾ ਕੋਈ ਪਤਾ ਨਹੀਂ ਰਿਹਾ । ਸੁਰਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਲੀਨ ਹੋ ਗਈ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਕੀਤੇ ਤਾਂ ਇਸ ਤਰ੍ਹਾਂ ਮਹਿਸੂਸ ਹੋਇਆ ਕਿ 'ਅਕਾਲ ਪੁਰਖ' ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਵਿਚ ਆਪ ਸੁਸ਼ੋਭਤ ਹਨ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਵਿਚੋਂ ਬੇਅੰਤ ਕਿਰਨਾਂ ਗੁਰਸਿੱਖਾਂ ਉਪਰ ਪੈ ਰਹੀਆਂ ਸਨ ।

**ਸਾਧ ਸੰਗਤਿ ਅਸਥਾਨ ਜਗਮਗ ਨੂਰ ਹੈ ॥**

*ਭਾਈ ਗੁਰਦਾਸ ਜੀ*

ਕਿਰਨਾਂ ਵਿਚੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਰੂਪ ਨਜ਼ਰ ਆਇਆ । ਮਹਾਰਾਜ ਜੀ ਨੇ ਬਚਨ ਕੀਤੇ ਕਿ "ਜਿਹੜਾ ਗੁਰਸਿੱਖ 'ਵਾਹਿਗੁਰੂ' ਦਾ ਸਿਮਰਨ ਕਰੇਗਾ, ਉਸ ਉਪਰ ਮੇਰੀਆਂ ਬੇਅੰਤ ਖੁਸ਼ੀਆਂ ਹੋਣਗੀਆਂ ।" ਇਹ ਬਚਨ ਸੁਣਦੇ ਸਾਰ ਮੇਰੀਆਂ ਅੱਖਾਂ ਦੇ ਸਾਹਮਣੇ ਜੰਗ ਦਾ ਸੀਨ ਆ ਗਿਆ, ਜਿਸ ਵਿਚ ਮਾਤਾ ਸਾਹਿਬ ਕੌਰ ਜੀ ਪੁੱਛ ਰਹੇ ਹਨ, **"ਮਹਾਰਾਜ ਜੀ ! ਮੈਨੂੰ ਸਾਰੇ ਸਿੰਘ ਨਜ਼ਰ ਆ ਰਹੇ ਹਨ, ਪਰ ਸਾਹਿਬਜ਼ਾਦੇ ਦਿਖਾਈ ਨਹੀਂ ਦਿੰਦੇ ।" ਮਹਾਰਾਜ ਜੀ ਨੇ ਖਾਲਸੇ ਵੱਲ ਇਸ਼ਾਰਾ ਕਰਕੇ ਆਖਿਆ, "ਚਾਰ ਮੂਏ ਤੋਂ ਕਿਆ ਹੂਆ, ਜੀਵਤ ਕਈ ਹਜ਼ਾਰ ।"** ਚਾਰ ਸਾਹਿਬਜ਼ਾਦਿਆਂ ਦੀ ਸ਼ਹੀਦੀ ਕਰਕੇ ਹਜ਼ਾਰਾਂ ਸਿਮਰਨ ਕਰਨ ਵਾਲੇ ਗੁਰਸਿੱਖ ਪੈਦਾ ਹੋਏ ਹਨ । ਮਹਾਰਾਜ ਜੀ ਅਕਾਲ ਪੁਰਖ ਨੂੰ ਬੇਨਤੀ ਕਰ ਰਹੇ ਹਨ ਕਿ ਮੇਰੇ ਬਚਨ ਸਨ, ਹਜ਼ਾਰਾਂ ਦੀ ਗਿਣਤੀ ਵਿਚ ਸਿੰਘ ਸਿਮਰਨ ਕਰਨਗੇ ਪਰ ਹੁਣ ਤੁਹਾਡੀ ਕ੍ਰਿਪਾ ਨਾਲ ਕਈ ਲੱਖਾਂ ਗੁਰਸਿੱਖ ਸਿਮਰਨ ਕਰ ਰਹੇ ਹਨ ।

ਖਾਲਸਾ ਜੀ ਨੇ ਕਿਹਾ, "ਸਿੰਘ ਜੀ ! ਸਾਵਧਾਨ ਹੋਵੋ ।" ਸਿਮਰਨ ਦੀ ਸਮਾਪਤੀ ਤੋਂ ਬਾਅਦ ਸਾਰੇ ਸਿੰਘ ਉਠ ਕੇ ਚਲੇ ਗਏ । 15-20 ਸਿੰਘ ਸਿੰਘਣੀਆਂ ਕਾਫੀ ਦੇਰ ਸਮਾਧੀ ਵਿਚ ਬੈਠੇ ਰਹੇ । ਦਾਸ ਨੇ ਖਾਲਸਾ ਜੀ ਨੂੰ ਪੁਛਿਆ, ਬਾਕੀ ਸਾਰੇ ਚਲੇ ਗਏ, ਇਹ ਅਜੇ ਵੀ ਸਮਾਧੀ ਵਿਚ ਲੀਨ ਕਿਉਂ ਹਨ ?

ਖਾਲਸਾ ਜੀ ਨੇ ਜਵਾਬ ਦਿੱਤਾ, ਇਹ ਸਾਰੇ ਸੱਚਖੰਡ ਦੇ ਨਜ਼ਾਰੇ ਦੇਖਣ ਗਏ ਹਨ । ਆਪਣਾ ਸਰੀਰ ਛੱਡ ਕੇ ਦਸਵੇਂ ਦੁਆਰ (ਸੁੱਚਮ ਸਰੀਰ) ਰਾਹੀਂ ਸੱਚਖੰਡ ਚਲੇ ਗਏ ਹਨ । ਕੋਈ ਦੋ ਦਿਨ, ਕੋਈ ਚਾਰ ਦਿਨ ਅਤੇ ਕੋਈ ਹਫਤੇ ਵਾਸਤੇ ਅਕਾਲ ਪੁਰਖ ਦੇ ਦਰਸ਼ਨ ਕਰਕੇ ਅਤੇ ਸੱਚਖੰਡ ਦੇ ਨਜ਼ਾਰੇ ਦੇਖ ਕੇ ਵਾਪਸ ਆ ਜਾਂਦੇ ਹਨ । ਸੱਚਖੰਡ ਦੇ ਨਜ਼ਾਰੇ ਦੇਖਣ ਵਾਸਤੇ ਲਗਾਤਾਰ ਸਿਮਰਨ ਕਰਨ ਦੀ ਜਰੂਰਤ ਪੈਂਦੀ ਹੈ । ਖਾਲਸਾ ਜੀ ਨੇ ਦੱਸਿਆ, ਰੋਜ਼ਾਨਾ ਢਾਈ ਵਜੇ ਪਹਿਲੇ ਪਹਿਰ ਪੰਜ ਸਿੰਘ ਮਹਾਰਾਜ ਜੀ ਦਾ ਪ੍ਰਕਾਸ਼ ਸੁਰੰਗ ਵਿਚ ਕਰਦੇ ਹਨ । ਮਹਾਰਾਜ ਜੀ ਦਾ ਪ੍ਰਕਾਸ਼ ਇੱਕ ਹੀ ਜਗ੍ਹਾ ਸੁਰੰਗ ਦੇ ਸ਼ੁਰੂ ਵਿਚ ਸ੍ਰੀ ਅੰਮ੍ਰਿਤਸਰ ਸਾਹਿਬ ਹੁੰਦਾ ਹੈ । ਅੰਮ੍ਰਿਤ ਵੇਲੇ ਦਾ ਮੁਖਵਾਕ ਸਪੀਕਰ ਰਾਹੀਂ ਸਾਰੀ ਸੰਗਤ ਨੂੰ ਸੁਣਾਇਆ ਜਾਂਦਾ ਹੈ । ਸਾਰੀ ਸੰਗਤ ਇਸ ਉਪਰ ਅਮਲ ਕਰਦੀ ਹੈ । ਤਿੰਨ ਵਜੇ ਸੁਆਸ-ਸੁਆਸ ਸਿਮਰਨ ਸ਼ੁਰੂ ਹੋ ਜਾਂਦਾ ਹੈ । ਚਾਰ ਤੋਂ ਪੰਜ ਸੰਗੀਤ ਨਾਲ

ਵਾਹਿਗੁਰੂ ਦਾ ਸਿਮਰਨ ਹੁੰਦਾ ਹੈ। ਸਿਮਰਨ ਦੀ ਸਮਾਪਤੀ ਤੋਂ ਬਾਅਦ ਸੰਗਤ ਗੁਰਦੁਆਰੇ ਜਾ ਕੇ ਨਿੱਤਨੇਮ ਕਰਦੀ ਹੈ ਅਤੇ ਫਿਰ ਲੰਗਰ ਪਾਣੀ ਛਕ ਕੇ ਆਪਣੇ ਆਪਣੇ ਘਰਾਂ ਨੂੰ ਚਲੇ ਜਾਂਦੇ ਹਨ।

ਇਸ ਤੋਂ ਬਾਅਦ ਖਾਲਸਾ ਜੀ ਮੈਨੂੰ ਗੁਰਦੁਆਰੇ ਲੈ ਗਏ। ਮੈਂ ਦੇਖ ਕੇ ਹੈਰਾਨ ਰਹਿ ਗਿਆ ਕਿ ਬਹੁਤ ਹੀ ਸੁੰਦਰ ਗੁਰਦੁਆਰਾ ਬਣਿਆ ਹੋਇਆ ਹੈ। ਗੁਰਦੁਆਰਾ ਇੱਕ ਅਜੀਬ ਸੰਗਮਰਮਰ ਤੋਂ ਵੀ ਸੁੰਦਰ ਪੱਥਰ ਨਾਲ ਬਣਾਇਆ ਹੋਇਆ ਸੀ। ਅੰਦਰ ਜਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਿਆਂ। ਪਾਲਕੀ ਕਈ ਰੰਗਾਂ ਦੇ ਸ਼ੀਸ਼ਿਆਂ ਨਾਲ ਸਜਾਈ ਹੋਈ ਸੀ। ਚੰਦੋਆ ਇਤਨੇ ਸੁੰਦਰ, ਮੋਤੀ ਸਿਤਾਰਿਆਂ ਨਾਲ ਸਜਾਇਆ ਹੋਇਆ ਸੀ ਕਿ ਮੈਂ ਦੇਖਦਾ ਹੀ ਰਹਿ ਗਿਆ। ਗੁਰਦੁਆਰੇ ਦੇ ਅੰਦਰ ਦੋ ਅਨੰਦ ਕਾਰਜ ਹੋ ਰਹੇ ਸਨ। ਫਰਕ ਕੇਵਲ ਇੰਨਾਂ ਹੀ ਸੀ ਗੋਰੇ ਸਿੰਘ ਦਾ ਪੰਜਾਬੀ ਸਿੰਘਣੀ ਨਾਲ ਅਤੇ ਪੰਜਾਬੀ ਸਿੰਘ ਦਾ ਗੋਰੀ ਸਿੰਘਣੀ ਨਾਲ ਹੋ ਰਿਹਾ ਸੀ। ਸੰਗਤ ਬਹੁਤ ਇਕੱਠੀ ਹੋਈ ਹੋਈ ਸੀ। ਦੋਨਾਂ ਪਿੰਡਾਂ ਦੇ ਲੋਕ ਜੋੜੀਆਂ ਨੂੰ ਅਸ਼ੀਰਵਾਦ ਦੇਣ ਵਾਸਤੇ ਆਏ ਹੋਏ ਸਨ। ਇਹਨਾਂ ਸਾਰਿਆਂ ਦਾ ਆਪਸ ਵਿਚ ਬਹੁਤ ਪਿਆਰ ਜਾਪਦਾ ਸੀ। ਇਸ ਤਰ੍ਹਾਂ ਲੱਗਦਾ ਸੀ ਕਿ ਇਹ ਆਪਣੇ ਬੱਚਿਆਂ ਦੀ ਸ਼ਾਦੀ ਕਰ ਰਹੇ ਹੋਣ। ਦੋਨਾਂ ਹੀ ਪਿੰਡਾਂ ਦੇ ਪੰਜ ਪਿਆਰੇ ਇਸ ਵਿਚ ਸ਼ਾਮਲ ਸਨ। ਗੁਰਬਾਣੀ ਦਾ ਰਸਭਿੰਨਾਂ ਕੀਰਤਨ ਹੋ ਰਿਹਾ ਸੀ। ਇਸ ਜਗ੍ਹਾ ਗੁਰਬਾਣੀ ਦੀ ਇੰਨੀ ਖਿੱਚ ਸੀ ਕਿ ਉੱਠਣ ਵਾਸਤੇ ਦਿਲ ਹੀ ਨਹੀਂ ਕਰਦਾ ਸੀ। ਅਨੰਦ ਕਾਰਜ ਦੀ ਰਸਮ ਬਹੁਤ ਸਾਦੇ ਢੰਗ ਨਾਲ ਅਤੇ ਪੂਰੀ ਰਹਿਤ ਮਰਿਆਦਾ ਅਨੁਸਾਰ ਹੋਈ। ਲੈਣ ਦੇਣ ਦਾ ਤਾਂ ਸਵਾਲ ਹੀ ਨਹੀਂ ਸੀ।

ਦਾਸ ਨੇ ਖਾਲਸਾ ਜੀ ਨੂੰ ਪੁਛਿਆ, ਇਸ ਦਾ ਕੀ ਮਤਲਬ ਕਿ ਇਹ ਰਲਮਿਲੀਆਂ ਸ਼ਾਦੀਆਂ ਹੋ ਰਹੀਆਂ ਹਨ। ਖਾਲਸਾ ਜੀ ਨੇ ਦੱਸਿਆ, ਖਾਲਸੇ ਦਾ ਇੱਕ ਰੰਗ ਕਰਨ ਵਾਸਤੇ ਇਸ ਤਰ੍ਹਾਂ ਅਨੰਦ ਕਾਰਜ ਹੋ ਰਹੇ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਘਟ-ਘਟ ਦੇ ਜਾਨਣਹਾਰ ਹਨ। ਮਹਾਰਾਜ ਜੀ ਨੇ ਐਸਾ ਖਾਲਸਾ ਪੈਦਾ ਕਰਨਾ ਹੈ ਜੋ ਆਪਣੇ ਧਰਮ ਵਿਚ ਪੱਕਾ ਰਹੇ। ਪੰਜਾਬ ਦੇ ਲੋਕਾਂ ਨੂੰ ਗੁਰੂ ਉਪਰ ਪੂਰਾ ਵਿਸ਼ਵਾਸ ਨਹੀਂ ਰਿਹਾ। ਗੋਰੇ ਸਿੰਘ ਧਰਮ ਵਿਚ ਪੱਕੇ ਰਹਿਣਗੇ, ਇਹ ਬੇਮੁਖ ਨਹੀਂ ਹੋਣਗੇ। ਇਹ ਲੋਕ ਖਾਲਸਾ ਰਾਜ ਕਰਨ ਦੇ ਯੋਗ ਹੋਣਗੇ, ਕਿਉਂਕਿ ਇਨ੍ਹਾਂ ਦੇ ਅੰਦਰ ਊਚ-ਨੀਚ ਦਾ ਭੇਦਭਾਵ ਨਹੀਂ ਹੈ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਚਨਾਂ ਉਪਰ ਅਮਲ ਕਰਨਗੇ।

ਦੇਖਣ ਵਿਚ ਆਉਂਦਾ ਹੈ ਕਿ ਗੋਰੇ ਸਿੰਘ ਜਦੋਂ ਅੰਮ੍ਰਿਤ ਛਕ ਲੈਂਦੇ ਹਨ ਤਾਂ ਪੂਰੀ ਰਹਿਤ ਮਰਿਆਦਾ ਵਿਚ ਰਹਿੰਦੇ ਹਨ। ਇਸੇ ਤਰ੍ਹਾਂ ਇੱਕ ਦੋ ਪੀੜੀਆਂ ਦੇ ਅੰਦਰ ਖਾਲਸੇ ਦਾ ਰੰਗ ਇਕ ਹੋ ਜਾਵੇਗਾ। ਭੇਦ-ਭਾਵ ਤੇ ਜਾਤ-ਪਾਤ ਮਿਟ ਜਾਵੇਗੀ।

ਅਨੰਦ ਕਾਰਜ ਦੀ ਰਸਮ ਪੂਰੀ ਹੋਣ ਤੋਂ ਬਾਅਦ ਸਾਰੇ ਲੰਗਰ ਛਕਣ ਚਲੇ ਗਏ। ਲੰਗਰ ਸਰਬ ਲੋਹ ਦੇ ਬਰਤਨਾਂ ਵਿਚ ਬਣਾਇਆ ਹੋਇਆ ਸੀ ਅਤੇ ਬਹੁਤ ਸਵਾਦੀ ਸੀ।

ਦਾਸ ਨੇ ਪੁੱਛਿਆ, ਇੰਨੀ ਸੰਗਤ ਦਾ ਲੰਗਰ ਕਿਸ ਤਰ੍ਹਾਂ ਤਿਆਰ ਹੁੰਦਾ ਹੈ। ਖਾਲਸੇ ਨੇ ਦੱਸਿਆ, ਲੰਗਰ ਦਾ ਸਮਾਨ ਖਾਣੇ ਦੀ ਫੈਕਟਰੀ ਵਿਚ ਤਿਆਰ ਕਰਕੇ ਗੁਰਦੁਆਰੇ ਭੇਜ ਦਿੰਦੇ ਹਨ। ਜਿਸ ਤਰ੍ਹਾਂ ਆਲੂ ਛਿਲਣੇ, ਸਬਜੀ ਕੱਟਣੀ, ਆਟਾ ਪੀਸਣਾ, ਦਹੀਂ, ਪਨੀਰ ਆਦਿਕ ਬਹੁਤ ਜਲਦੀ ਤਿਆਰ ਹੋ ਜਾਂਦਾ ਹੈ। ਹਰੇਕ ਚੀਜ਼ ਦਾ ਨੁਸਖਾ ਬਣਾਇਆ ਹੋਇਆ ਹੈ ਕਿ ਕਿੰਨੀ ਚੀਜ਼ ਵਿਚ ਕਿੰਨਾਂ ਲੂਣ, ਮਿਰਚ ਅਤੇ ਮਸਾਲਾ ਆਦਿ ਪਾਉਣਾ ਹੈ। ਸਾਰਾ ਖਾਣਾ ਮਸ਼ੀਨਾਂ ਨਾਲ ਤਿਆਰ ਹੁੰਦਾ ਹੈ। ਪ੍ਰਸ਼ਾਦਾ ਬਣਾਉਣ ਵਾਲੀ ਮਸ਼ੀਨ ਵੀ ਹੈ। ਮਸ਼ੀਨ ਨਾਲ ਆਟਾ ਗੁੰਨ ਕੇ ਪ੍ਰਸ਼ਾਦੇ ਬਣਾਉਣ ਵਾਲੀ ਮਸ਼ੀਨ ਵਿਚ ਪਾ ਦਿੰਦੇ ਹਨ। ਬਸ ਪ੍ਰਸ਼ਾਦੇ ਤਿਆਰ ਹੋ ਕੇ ਬਾਹਰ ਆ ਜਾਂਦੇ ਹਨ। ਇਸ ਤਰ੍ਹਾਂ ਲੱਖਾਂ ਬੰਦਿਆਂ ਦਾ ਲੰਗਰ ਜਲਦੀ ਤਿਆਰ ਹੋ ਜਾਂਦਾ ਹੈ। ਬਰਤਨ ਧੋਣ ਵਾਸਤੇ ਵੀ ਵੱਡੀਆਂ ਵੱਡੀਆਂ ਮਸ਼ੀਨਾਂ ਲਗਾਈਆਂ ਹੋਈਆਂ ਹਨ।

***ਦਾਸ ਨੇ ਪੁੱਛਿਆ, ਇਤਨੀ ਸੰਗਤ ਦੇ ਪ੍ਰਸ਼ਾਦੇ ਕਿਸ ਤਰ੍ਹਾਂ ਤਿਆਰ ਹੁੰਦੇ ਹਨ***

ਖਾਲਸਾ ਜੀ :- ਆਟਾ ਗੁੰਨ ਕੇ ਮਾਲ (ਤਵੀ) ਉਪਰ ਰਖਦੇ ਹਨ ਅਤੇ ਉਪਰੋਂ ਆਟੇ ਨੂੰ ਪਤਲਾ ਕਰਨ ਵਾਸਤੇ ਭਾਰ ਪਾਇਆ ਜਾਂਦਾ ਹੈ। ਉਸ ਨਾਲ ਆਟਾ ਰੋਟੀ ਵਾਗੂੰ ਪਤਲਾ ਹੋ ਜਾਂਦਾ ਹੈ ਅਗਾਂਹ ਗਰਿੱਲ ਵਿੱਚ ਚਲਿਆ ਜਾਂਦਾ ਹੈ ਅਤੇ ਰੋਟੀ ਤੰਦਰ ਵਾਗੂੰ ਪਕ ਕੇ ਬਾਹਰ ਆ ਜਾਂਦੀ ਹੈ।

ਦਾਸ ਨੇ ਦੇਖਿਆ ਇਕ ਸਿੱਖ ਅੱਗੇ ਖੜ੍ਹਾ ਰੋਟੀਆਂ ਚੋਪੜ ਕੇ ਚੋਰਸ ਕੱਟੀ ਜਾਂਦਾ ਹੈ। ਇਸ ਤਰ੍ਹਾਂ ਇਕ ਵਾਰ ਸੋ ਰੋਟੀਆਂ ਬਣ ਜਾਂਦੀਆਂ ਹਨ। ਮੈਂ ਬਹੁਤ ਹੈਰਾਨ ਹੋਇਆ।

ਲੰਗਰ ਪਾਣੀ ਛਕ ਕੇ ਦੋਨਾਂ ਪਿੰਡਾਂ ਦੇ ਲੋਕ ਪਾਰਕ ਵਿਚ ਘੁੰਮਦੇ ਦਿਖਾਈ ਦਿਤੇ। ਇਸ ਤਰ੍ਹਾਂ ਲੱਗਦਾ ਸੀ ਜਿਵੇਂ ਮੇਲਾ ਲੱਗਿਆ ਹੋਵੇ। ਸਾਰੇ ਬੜੇ ਪਿਆਰ ਨਾਲ ਆਪਸ ਵਿਚ ਫਤਹਿ ਬੁਲਾਉਂਦੇ ਸਨ। ਸਾਰਿਆਂ ਦੇ ਚਿਹਰਿਆਂ ਉਪਰ ਲਾਲੀ ਸੀ। ਸਾਰੇ ਬਹੁਤ ਖੁਸ਼ ਅਤੇ ਸਿਹਤਮੰਦ ਦਿਖਾਈ ਦਿੰਦੇ ਸਨ।

ਖਾਲਸਾ ਜੀ ਨੇ ਦੱਸਿਆ, ਇਹ ਸੁਰੰਗ ਸ੍ਰੀ ਅੰਮ੍ਰਿਤਸਰ ਤੋਂ ਦਿੱਲੀ ਤੱਕ ਇਸੇ ਤਰ੍ਹਾਂ ਬਣੀ ਹੋਈ ਹੈ। ਇਸ ਦੇ ਨਾਲ ਦੋਨੋ ਪਾਸੇ ਪਿੰਡ ਬਣੇ ਹੋਏ ਹਨ। ਇੱਕ ਇੱਕ ਪਿੰਡ ਦੀ ਅਬਾਦੀ ਇੱਕ ਲੱਖ ਦੇ ਕਰੀਬ ਹੈ। ਹਰੇਕ ਪਿੰਡ ਵਿਚ ਪੰਜ ਪਿਆਰੇ ਮੁਖੀ ਹਨ। ਪਿੰਡ ਦਾ ਸਾਰਾ ਕੰਮ ਇਹ ਹੀ ਚਲਾਉਂਦੇ ਹਨ। ਹਰੇਕ ਪਿੰਡ ਵਿਚ ਗੁਰਦੁਆਰਾ ਅਤੇ ਖਾਣੇ ਦੀ ਫੈਕਟਰੀ ਹੈ। ਸਾਰਿਆਂ ਦਾ ਲੰਗਰ ਇੱਕੋ ਜਗ੍ਹਾ ਗੁਰਦੁਆਰੇ ਹੀ ਬਣਦਾ ਹੈ ਅਤੇ ਸਾਰੇ ਗੁਰਦੁਆਰੇ ਹੀ ਛਕਦੇ ਹਨ। ਇਸ ਦੇ ਪੈਸੇ ਪਹਿਲਾਂ ਹੀ ਤਨਖਾਹ ਵਿਚੋਂ ਕੱਟ ਲਏ ਜਾਂਦੇ ਹਨ। ਹਰ ਇੱਕ ਲਈ ਚਾਰ ਘੰਟੇ ਕੰਮ ਕਰਨਾ ਜਰੂਰੀ ਹੈ। ਬੀਬੀਆਂ

ਵੀ ਚਾਰ ਘੰਟੇ ਹੀ ਕੰਮ ਕਰਦੀਆਂ ਹਨ। ਸੁਰੰਗ ਦੇ ਦੋਨੋ ਪਾਸੀਂ ਪਾਰਕਾਂ ਬਣੀਆਂ ਹੋਈਆਂ ਹਨ। ਬੱਚਿਆਂ ਦੇ ਖੇਲਣ ਵਾਸਤੇ ਵੀ ਸੁੰਦਰ ਪਾਰਕਾਂ ਬਣੀਆਂ ਹੋਈਆਂ ਹਨ। ਸਪੋਰਟਸ ਵਾਸਤੇ ਵੀ ਗਰਾਉਂਡਾਂ ਬਣਾਈਆਂ ਹੋਈਆਂ ਹਨ।

ਮੈਂ ਦੇਖਿਆ ਬਹੁਤ ਸੁੰਦਰ ਘਾਹ ਲੱਗਾ ਹੋਇਆ ਸੀ। ਇਸ ਤਰ੍ਹਾਂ ਲੱਗਦਾ ਸੀ ਜਿਸ ਤਰ੍ਹਾਂ ਹਰੇ ਰੰਗ ਦਾ ਗਲੀਚਾ ਵਿਛਿਆ ਹੋਵੇ। ਫੁੱਲਾਂ ਦੀ ਇੰਨੀ ਸੁੰਦਰ ਖੁਸ਼ਬੂ ਕਿ ਬੰਦਾ ਇਸ ਵਿਚ ਅਲੋਪ ਹੋ ਜਾਂਦਾ ਹੈ। ਇਸ ਤਰ੍ਹਾਂ ਫੁੱਲਾਂ ਦੀ ਖੁਸ਼ਬੋ ਦੁਨੀਆਂ ਵਿਚ ਕਿਤੇ ਨਹੀਂ ਮਿਲੇਗੀ। ਕਈ ਤਰ੍ਹਾਂ ਦੇ ਫੁੱਲ ਲੱਗੇ ਹੋਏ ਸਨ। ਜਿਸ ਤਰ੍ਹਾਂ ਚੰਬੇਲੀ, ਰਾਤ ਦੀ ਰਾਣੀ ਅਤੇ ਬਹੁਤ ਸੁੰਦਰ ਗੁਲਾਬ ਦੇ ਫੁੱਲ।

ਫਿਰ ਖਾਲਸਾ ਜੀ ਮੈਨੂੰ ਹਸਪਤਾਲ ਦਿਖਾਉਣ ਵਾਸਤੇ ਲੈ ਗਏ। ਹਸਪਤਾਲ ਬਹੁਤ ਸੁੰਦਰ ਬਣਾਇਆ ਹੋਇਆ ਸੀ ਅਤੇ ਬਹੁਤ ਸਾਫ ਸੀ। ਇਸ ਦੀਆਂ ਕਾਫੀ ਮੰਜਲਾਂ ਸਨ। ਕਮਰਿਆਂ ਦੇ ਅੰਦਰ ਵੱਡੇ-ਵੱਡੇ ਮੰਜੇ ਰੱਖੇ ਹੋਏ ਸਨ, ਪਰ ਸਾਰੇ ਮੰਜੇ ਖਾਲੀ ਸਨ। ਹਰ ਬੀਮਾਰੀ ਚੈਕ ਕਰਨ ਵਾਸਤੇ ਮਸ਼ੀਨਾਂ ਲੱਗੀਆਂ ਹੋਈਆਂ ਸਨ। ਦਾਸ ਨੇ ਹੈਰਾਨ ਹੋ ਕੇ ਪੁਛਿਆ ਕਿ ਇੰਨਾਂ ਸੁੰਦਰ ਹਸਪਤਾਲ ਬਣਾਇਆ ਹੋਇਆ ਹੈ, ਪਰ ਇਥੇ ਮਰੀਜ ਤਾਂ ਕੋਈ ਹੈ ਹੀ ਨਹੀਂ।

**ਖਾਲਸਾ ਜੀ ਨੇ ਦੱਸਿਆ।**

**ਸਰਬ ਰੋਗ ਕਾ ਅਉਖਦੁ ਨਾਮੁ ॥**

*(ਸੁਖਮਨੀ ਸਾਹਿਬ)*

ਇਥੇ ਜਿਤਨੇ ਵੀ ਖਾਲਸੇ ਹਨ, ਅੰਮ੍ਰਿਤ ਵੇਲੇ ਉਠ ਕੇ ਨਾਮ ਜਪਦੇ ਹਨ। ਇਸ ਨਾਮ ਜਪਣ ਦੇ ਫਲ ਕਰਕੇ ਇਹਨਾਂ ਨੂੰ ਕੋਈ ਬੀਮਾਰੀ ਲਗਦੀ ਹੀ ਨਹੀਂ। ਸਿਮਰਨ ਦੇ ਪ੍ਰਤਾਪ ਕਰਕੇ ਕਿਸੇ ਚੀਜ਼ ਦਾ ਫਿਕਰ ਨਹੀਂ। ਖਾਲਸੇ ਦੀ ਉਮਰ ਡੇਢ ਦੋ ਸੌ ਸਾਲ ਦੀ ਹੋਵੇਗੀ ਅਤੇ ਰਾਜ ਭੋਗ ਕੇ ਜੀਵਨ ਮੁਕਤ ਹੋ ਜਾਣਗੇ।

ਇਸ ਦੇ ਬਾਅਦ ਖਾਲਸਾ ਜੀ ਮੈਨੂੰ ਸ਼ੌਪਿੰਗ ਸੈਂਟਰ ਵਿਚ ਲੈ ਗਏ। ਮੈਂ ਦੇਖਿਆ ਕਿ ਬਹੁਤ ਵੱਡੀਆਂ ਵੱਡੀਆਂ ਦੁਕਾਨਾਂ ਸਨ। ਹੈਰਾਨੀ ਦੀ ਗੱਲ ਹੈ ਕਿ ਦੁਕਾਨ ਨੂੰ ਚਲਾਉਣ ਵਾਸਤੇ ਕੋਈ ਬੰਦਾ ਨਹੀਂ ਸੀ। ਮੈਂ ਪੁਛਿਆ, ਇਹ ਕਿਸ ਤਰ੍ਹਾਂ ਹੋ ਸਕਦਾ ਹੈ। ਇਸ ਤਰ੍ਹਾਂ ਦੁਕਾਨ ਕਿਸ ਤਰ੍ਹਾਂ ਚਲਦੀ ਹੈ। ਖਾਲਸਾ ਜੀ ਮੈਨੂੰ ਗੇਟ ਕੋਲ ਲੈ ਗਏ ਅਤੇ ਦੱਸਿਆ, ਖਾਲਸਾ ਰਾਜ ਦਾ ਨਿਯਮ ਹੈ ਕਿ ਜਿਹੜਾ ਵੀ ਸਮਾਨ ਦੁਕਾਨ ਵਿਚ ਪਿਆ ਹੈ, ਉਸ ਦੀ ਕੀਮਤ ਇਕ ਹੈ। ਜਿੰਨਾਂ ਸਮਾਨ ਤੁਸੀਂ ਖਰੀਦਣਾ ਹੈ, ਉਸ ਦੀ ਕੀਮਤ ਪਹਿਲਾਂ ਮਸ਼ੀਨ ਵਿਚ ਪਾ ਦਿਉ ਅਤੇ ਗੇਟ ਖੁਲ੍ਹ ਜਾਵੇਗਾ। ਅੰਦਰ ਜਾਂਦਿਆਂ ਹੀ ਮਸ਼ੀਨ ਭਾਰ ਜੋਖ ਲੈਂਦੀ ਹੈ। ਦਾਸ ਨੇ ਪੁਛਿਆ, ਜੇ ਇੱਕ ਦੀ ਬਜਾਏ ਦੋ ਚੀਜਾਂ ਲੈਣ ਦਾ ਵਿਚਾਰ ਬਣ ਜਾਵੇ, ਫਿਰ ਕਿਵੇਂ ਹੋਵੇਗਾ। ਖਾਲਸਾ ਜੀ ਨੇ ਦੱਸਿਆ, ਅੰਦਰ ਵੀ ਮਸ਼ੀਨ ਲੱਗੀ ਹੈ, ਤੁਸੀਂ ਉਸ ਵਿਚ ਵੀ ਪੈਸੇ ਪਾ ਸਕਦੇ ਹੋ। ਕੋਈ ਰੁਕਾਵਟ ਨਹੀਂ ਹੈ। ਅਗਰ ਕੋਈ

ਬਾਹਰੋਂ ਆਇਆ ਹੋਵੇ ਤੇ ਉਸ ਦਾ ਮਨ ਡੋਲ ਜਾਵੇ ਤਾਂ ਬਾਹਰ ਨਿਕਲਣ ਵੇਲੇ ਮਸ਼ੀਨ ਸ਼ੋਰ ਮਚਾਉਣ ਲੱਗ ਪਵੇਗੀ ਕਿਉਂਕਿ ਭਾਰ ਜਿਆਦਾ ਹੋ ਜਾਵੇਗਾ। ਫਿਰ ਪਹਿਰੇਦਾਰ ਆ ਕੇ ਪੁੱਛਦਾ ਹੈ ਕਿ ਕੋਈ ਵਾਧੂ ਚੀਜ਼ ਤਾਂ ਨਹੀਂ ਲਈ। ਜੇ ਚੋਰੀ ਕੀਤੀ ਹੋਵੇ ਤਾਂ ਦਸ ਗੁਣਾਂ ਜੁਰਮਾਨਾ ਦੇਣਾ ਪੈਂਦਾ ਹੈ, ਫਿਰ ਕਿਤੇ ਜਾ ਕੇ ਛੁਟਦਾ ਹੈ।

## ਗਊਸ਼ਾਲਾ

**ਪਸੂ ਪਰੇਤ ਮੁਗਧ ਕਉ ਤਾਰੇ, ਪਾਹਨ ਪਾਰਿ ਉਤਾਰੈ ॥**
**ਨਾਨਕ ਦਾਸ ਤੇਰੀ ਸਰਣਾਈ, ਸਦਾ ਸਦਾ ਬਲਿਹਾਰੈ ॥**

*(ਬਿਲਾਵਲੁ ਮ: 5 ਪੰ-802)*

ਖਾਲਸਾ ਜੀ ਮੈਨੂੰ ਗਊਸ਼ਾਲਾ ਦਿਖਾਉਣ ਵਾਸਤੇ ਲੈ ਗਏ ਅਤੇ ਦੱਸਿਆ ਕਿ ਪਸ਼ੂਆਂ ਦਾ ਵੀ ਉਧਾਰ ਕਰਨ ਦਾ ਉਪਰਾਲਾ ਕੀਤਾ ਗਿਆ ਹੈ। ਅੰਮ੍ਰਿਤ ਵੇਲੇ ਜਦੋਂ ਸਿਮਰਨ ਹੁੰਦਾ ਹੈ ਤਾਂ ਇਹਨਾਂ ਵਾਸਤੇ ਸਪੀਕਰ ਲਾਏ ਜਾਂਦੇ ਹਨ ਤਾਂ ਕਿ ਇਹ ਵੀ ਸੁਣ ਸਕਣ। ਦੁੱਧ ਘਿਉ ਦੀ ਕੋਈ ਕਮੀ ਨਹੀਂ ਹੈ। ਗਊਆਂ ਬਾਹਰ ਤੋਂ ਮੰਗਵਾਈਆਂ ਜਾਂਦੀਆਂ ਹਨ। ਗਊਆਂ ਵਾਸਤੇ ਸਪੈਸ਼ਲ ਜਗ੍ਹਾ ਬਣਾਈ ਹੋਈ ਹੈ। ਦੇਖਭਾਲ ਕਰਨ ਵਾਸਤੇ ਬੰਦੇ ਰੱਖੇ ਹੋਏ ਹਨ। ਇੱਕ ਸਪੈਸ਼ਲ ਸੁਰੰਗ ਬਣਾਈ ਹੋਈ ਹੈ, ਜਿਥੋਂ ਦੀ ਗਊਆਂ ਅੰਦਰ ਬਾਹਰ ਜਾ ਆ ਸਕਦੀਆਂ ਹਨ। ਗਊਆਂ ਦੇ ਇਸ਼ਨਾਨ ਕਰਨ ਵਾਸਤੇ ਐਟੋਮੈਟਿਕ ਫੁਹਾਰੇ ਲਗਾਏ ਹੋਏ ਹਨ। ਜਦੋਂ ਗਊਆਂ ਪੈਰ ਰੱਖਦੀਆਂ ਹਨ ਤਾਂ ਫੁਹਾਰੇ ਆਪਣੇ ਆਪ ਚੱਲਣ ਲੱਗ ਪੈਂਦੇ ਹਨ ਤੇ ਅੱਗੇ ਜਾ ਕੇ ਗਰਮ ਹਵਾ ਆਉਂਦੀ ਹੈ ਤਾਂ ਪਾਣੀ ਸੁੱਕ ਜਾਂਦਾ ਹੈ। ਸਫਾਈ ਦਾ ਬਹੁਤ ਖਿਆਲ ਰੱਖਿਆ ਜਾਂਦਾ ਹੈ। ਗਊਆਂ ਵਾਸਤੇ ਸਪੈਸ਼ਲ ਟਰੇਨ ਬਣਾਈ ਹੋਈ ਹੈ। ਜਿਸ ਉਪਰ ਬਿਠਾ ਕੇ ਇਹਨਾਂ ਨੂੰ ਬਾਹਰ ਲੈ ਜਾਂਦੇ ਹਨ। ਜਿਥੇ ਹਰਾ ਘਾਹ ਹੋਵੇ, ਉਥੇ ਲਿਜਾ ਕੇ ਛੱਡ ਦਿੰਦੇ ਹਨ ਅਤੇ ਸ਼ਾਮ ਨੂੰ ਵਾਪਸ ਲੈ ਆਉਂਦੇ ਹਨ। ਵਾਪਸ ਆਉਂਦੇ ਸਮੇਂ ਫਿਰ ਇਸ਼ਨਾਨ ਕਰਕੇ ਅੰਦਰ ਆਉਂਦੀਆਂ ਹਨ। ਇਨ੍ਹਾਂ ਦਾ ਰਾਤ ਦਾ ਚਾਰਾ (ਖਾਣਾ) ਤਿਆਰ ਰੱਖਿਆ ਹੁੰਦਾ ਹੈ। ਇਹ ਬਹੁਤ ਖੁਸ਼ ਰਹਿੰਦੀਆਂ ਹਨ ਤੇ ਦੁੱਧ ਬਹੁਤ ਦਿੰਦੀਆਂ ਹਨ।

ਹੁਣ ਇੰਡੀਆ ਅੰਦਰ ਹਜ਼ਾਰਾਂ ਹੀ ਐਸੇ ਬੰਦੇ ਹਨ, ਜਿਨ੍ਹਾਂ ਨੂੰ ਪੇਟ ਭਰ ਕੇ ਰੋਟੀ ਖਾਣ ਨੂੰ ਨਹੀਂ ਮਿਲਦੀ, ਪਰ ਖਾਲਸੇ ਰਾਜ ਵਿਚ ਬੰਦੇ ਤਾਂ ਕੀ ਪਸ਼ੂ ਵੀ ਭੁੱਖੇ ਨਹੀਂ ਰਹਿਣਗੇ।

ਹੇ ਇਨਸਾਨ ! ਜੇ ਪਸ਼ੂਆਂ ਨੂੰ ਨਾਮ ਸੁਣ ਕੇ ਮਨੁੱਖਾ ਜਨਮ ਮਿਲ ਸਕਦਾ ਹੈ ਤਾਂ ਤੂੰ ਕਿਉਂ ਨਹੀਂ ਨਾਮ ਜਪ ਕੇ ਮੁਕਤੀ ਪ੍ਰਾਪਤ ਕਰ ਸਕਦਾ।

ਸਾਰਾ ਕੁਝ ਦਿਖਾ ਕੇ ਖਾਲਸਾ ਜੀ ਮੈਨੂੰ ਸਪੈਸ਼ਲ ਗੱਡੀ ਵਿਚ ਬਿਠਾ ਕੇ ਮੋਟਰਵੇਅ ਦਿਖਾਉਣ ਵਾਸਤੇ ਲੈ ਗਏ। ਇਹ ਕਾਫੀ ਚੌੜੀ ਬਣੀ ਹੋਈ ਸੀ। ਦੋਨੋ ਪਾਸੇ ਗੁਲਾਬ ਦੇ ਰੰਗ-ਬਿਰੰਗੇ ਫੁੱਲ ਲੱਗੇ ਹੋਏ ਸਨ। ਜਿਸ ਤਰ੍ਹਾਂ ਇੱਕ ਮੀਲ ਚਿੱਟੇ ਰੰਗ ਦੇ,

ਉਸ ਤੋਂ ਅੱਗੇ ਲਾਲ ਰੰਗ ਦੇ। ਇਸ ਤਰ੍ਹਾਂ ਮੀਲ ਮੀਲ ਦੀ ਵਿਥ ਤੇ ਵੱਖ ਵੱਖ ਰੰਗਾਂ ਦੇ ਫੁੱਲ ਲੱਗੇ ਹੋਏ ਸਨ। ਫੁੱਲਾਂ ਦੀ ਖੁਸ਼ਬੂ ਬਹੁਤ ਸੁੰਦਰ ਸੀ। ਮੋਟਰਵੇ ਦੇ ਵਿਚਕਾਰ ਪੱਥਰ ਲੱਗੇ ਹੋਏ ਸਨ। ਜਿਸ ਤਰ੍ਹਾਂ ਦੇ ਦੋਨੋ ਪਾਸੇ ਫੁੱਲ ਲਗਾਏ ਸਨ, ਉਸੇ ਤਰ੍ਹਾਂ ਦੇ ਪੱਥਰ ਰੰਗ ਕਰਕੇ ਲਗਾਏ ਹੋਏ ਸਨ। ਇਥੇ ਲਾਈਟਾਂ ਦੀ ਜਰੂਰਤ ਵੀ ਨਹੀਂ ਸੀ, ਕਿਉਂਕਿ ਪੱਥਰ ਨਾਲ ਬਹੁਤ ਰੌਸ਼ਨੀ ਸੀ। 25-30 ਮੀਲ ਤੋਂ ਬਾਅਦ ਮੋਟਰਵੇ ਉਤੇ ਖਾਣ-ਪੀਣ ਵਾਸਤੇ ਬਹੁਤ ਸੁੰਦਰ ਜਗ੍ਹਾ ਬਣਾਈਆਂ ਹੋਈਆਂ ਸਨ। ਇਹ ਸਾਰਾ ਖਾਣ-ਪੀਣ ਮੁਫਤ ਸੀ। ਖਾਲਸੇ ਜੀ ਨੇ ਦੱਸਿਆ ਕਿ ਬਜੁਰਗਾਂ ਵਾਸਤੇ ਗੱਡੀਆਂ ਬੱਸਾਂ ਤੇ ਸਫਰ ਕਰਨ ਦਾ ਕੋਈ ਪੈਸਾ ਨਹੀਂ ਲੱਗਦਾ। ਇਨ੍ਹਾਂ ਨੂੰ ਪਾਸ ਮਿਲੇ ਹੋਏ ਹਨ।

ਖਾਲਸਾ ਜੀ ਨੇ ਕਿਹਾ, ਖਾਲਸੇ ਰਾਜ ਵਿਚ ਇੱਕ ਅਸੂਲ ਹੋਵੇਗਾ। ਜਦੋਂ ਬੱਚਾ ਜਨਮ ਲਵੇਗਾ ਤਾਂ ਉਸ ਨੂੰ ਬੱਚਿਆਂ ਦਾ ਅਲਾਉਂਸ ਮਿਲਣ ਲੱਗ ਜਾਵੇਗਾ। ਇਹ ਪੈਸੇ ਮਾਪਿਆਂ ਨੂੰ ਨਹੀਂ ਮਿਲਣਗੇ, ਖਾਲਸਾ ਆਪ ਰੱਖੇਗਾ। ਜਦੋਂ ਬੱਚੇ ਵੱਡੇ ਹੋ ਜਾਣਗੇ, ਤਾਂ ਇਹਨਾਂ ਪੈਸਿਆਂ ਨਾਲ ਵਿਆਹ ਕੀਤਾ ਜਾਵੇਗਾ। ਇਨ੍ਹਾਂ ਨੂੰ ਘਰ ਤੇ ਕਾਰ ਮੁਫਤ ਦਿੱਤੀ ਜਾਵੇਗੀ। ਜੇ ਪੈਸੇ ਘੱਟ ਹੋਣਗੇ, ਤਾਂ ਖਾਲਸਾ ਆਪਣੇ ਕੋਲੋਂ ਪਾਵੇਗਾ। ਛੇ ਮਹੀਨੇ ਦੀਆਂ ਛੁਟੀਆਂ ਹੋਣਗੀਆਂ। ਇਨ੍ਹਾਂ ਛੁਟੀਆਂ ਵਿਚ ਬੱਚੇ ਬਾਹਰਲੇ ਦੇਸ਼ਾਂ ਵਿਚ ਘੁੰਮਣ ਫਿਰਨ ਜਾਇਆ ਕਰਨਗੇ। ਇਨ੍ਹਾਂ ਦਾ ਸਾਰਾ ਖਰਚਾ ਖਾਲਸਾ ਕਰੇਗਾ। ਛੇ ਮਹੀਨੇ ਬਾਅਦ ਜਿਸ ਤਰ੍ਹਾਂ ਖਾਲਸਾ ਡਿਊਟੀ ਲਗਾਵੇ, ਉਸੇ ਕੰਮ ਵਿਚ ਜੁਟ ਜਾਣਗੇ। ਨੌਜਵਾਨ ਗੁਰਸਿੱਖ ਬੱਚਿਆਂ ਨੂੰ ਹਵਾਈ ਜ਼ਹਾਜ਼ ਚਲਾਉਣ ਦੀ ਟਰੇਨਿੰਗ ਮੁਫਤ ਦਿੱਤੀ ਜਾਵੇਗੀ।

***ਦਾਸ ਨੇ ਪੁਛਿਆ, ਬਿਜਲੀ ਅਤੇ ਪਾਣੀ ਦੀ ਕਮੀ ਕਿਸ ਤਰ੍ਹਾਂ ਪੂਰੀ ਹੋਵੇਗੀ ?***

ਖ਼ਾਲਸਾ ਜੀ :- ਜਦੋਂ ਸਾਰੇ ਹਿੰਦੋਸਤਾਨ ਉਪਰ ਖ਼ਾਲਸੇ ਦਾ ਰਾਜ ਹੋ ਜਾਵੇਗਾ ਤਾਂ ਖ਼ਾਲਸਾ ਪਾਣੀ ਅਤੇ ਬਿਜਲੀ ਦਾ ਪ੍ਰਬੰਧ ਕਰੇਗਾ। ਜਿਸ ਤਰ੍ਹਾਂ ਬੰਗਲਾ ਦੇਸ਼ ਵਿਚ ਹੜ੍ਹ ਆ ਜਾਂਦਾ ਹੈ, ਪਾਣੀ ਦੀ ਸੰਭਾਲ ਨਹੀਂ ਹੁੰਦੀ, ਕਾਫੀ ਨੁਕਸਾਨ ਹੁੰਦਾ ਹੈ। ਇਸ ਨੂੰ ਦੂਰ ਕਰਨ ਵਾਸਤੇ ਖ਼ਾਲਸਾ ਇੱਕ ਡੈਮ ਬਣਾਵੇਗਾ ਅਤੇ ਨਹਿਰਾਂ ਬਣਾ ਕੇ ਸਾਰੇ ਹਿੰਦੋਸਤਾਨ ਨੂੰ ਪਾਣੀ ਪਹੁੰਚਾਵੇਗਾ। ਫਿਰ ਇਹ ਇਲਾਕਾ ਨੁਕਸਾਨ ਹੋਣ ਤੋਂ ਬਚ ਜਾਵੇਗਾ। ਇਸ ਤਰ੍ਹਾਂ ਪਾਣੀ ਅਤੇ ਬਿਜਲੀ ਦੀ ਘਾਟ ਪੂਰੀ ਹੋਵੇਗੀ।

***ਦਾਸ ਨੇ ਪੁਛਿਆ, 96 ਕਰੋੜ ਖ਼ਾਲਸਾ ਕਿਸ ਤਰ੍ਹਾਂ ਸਜੇਗਾ ?***

ਖ਼ਾਲਸਾ ਜੀ :- ਜਦੋਂ ਗੁਰੂ ਨਾਨਕ ਦੇਵ ਜੀ ਜੋਤੀ ਜੋਤ ਸਮਾਏ ਤਾਂ ਹਿੰਦੂ ਕਹਿੰਦੇ ਕਿ ਸਾਡਾ ਗੁਰੂ ਹੈ, ਅਸੀਂ ਸੰਸਕਾਰ ਕਰਨਾ ਹੈ, ਮੁਸਲਮਾਨ ਕਹਿੰਦੇ, ਸਾਡਾ ਪੀਰ ਹੈ, ਅਸੀਂ ਦਫਨਾਉਣਾ ਹੈ। ਜਦ ਚਾਦਰ ਚੁੱਕ ਕੇ ਦੇਖਿਆ ਤਾਂ ਹੇਠਾਂ ਫੁੱਲ ਹੀ ਮਿਲੇ। ਹਿੰਦੂ ਅਤੇ ਮੁਸਲਮਾਨਾਂ ਨੇ ਚਾਦਰ ਪਾੜ ਕੇ ਵੰਡ ਲਈ।

**ਰਾਂਗਨਿ ਰਾਂਗਉ ਸੀਵਨਿ ਸੀਵਉ ॥**
**ਰਾਮ ਨਾਮ ਬਿਨੁ ਘਰੀਅ ਨ ਜੀਵਉ ॥**

(ਆਸਾ ਬਾਣੀ ਸ੍ਰੀ ਨਾਮਦੇਉ ਪੰ:-485)

ਸਾਂਇੰਸ ਨੇ ਸਾਬਤ ਕਰ ਦਿੱਤਾ ਹੈ ਕਿ ਜਿਹੜੀ ਗੁਰਬਾਣੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪੰਜ ਸੌ ਸਾਲ ਪਹਿਲਾ ਉਚਾਰੀ ਸੀ, ਉਹ ਸਾਰੇ ਵਾਯੂਮੰਡਲ (ਸਾਰੀ ਦੁਨੀਆਂ) ਵਿਚ ਘੁੰਮ ਰਹੀ ਹੈ। ਜਿਥੇ ਜਿਥੇ ਵੀ ਗੁਰਦੁਆਰੇ ਹਨ, ਸਭ ਜਗ੍ਹਾ ਬਾਣੀ ਪੜ੍ਹੀ ਜਾਂਦੀ ਹੈ। ਉਸ ਦੀ ਗੂੰਜ ਨਾਲ ਦੁਨੀਆਂ ਉਪਰ ਠੰਢ ਵਰਤ ਰਹੀ ਹੈ। ਨਹੀਂ ਤਾਂ ਕਲਯੁਗ ਸਾਰਿਆਂ ਨੂੰ ਅਗਨੀ ਵਿਚ ਜਲਾ ਦਿੰਦਾ। ਜਿਸ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਆਸਾ ਦੀ ਵਾਰ ਵਿਚ ਫੁਰਮਾ ਰਹੇ ਹਨ:-

**ਸਤਜੁਗਿ ਰਥੁ ਸੰਤੋਖੁ ਕਾ ਧਰਮੁ ਅਗੈ ਰਥਵਾਹੁ ॥**
**ਤ੍ਰੇਤੈ ਰਥੁ ਜਤੈ ਕਾ ਜੋਰੁ ਅਗੈ ਰਥਵਾਹੁ ॥**
**ਦੁਆਪੁਰਿ ਰਥੁ ਤਪੈ ਕਾ ਸਤੁ ਅਗੈ ਰਥਵਾਹੁ ॥**
**ਕਲਜੁਗਿ ਰਥੁ ਅਗਨਿ ਕਾ ਕੂੜੁ ਅਗੈ ਰਥਵਾਹੁ ॥**

(ਸਲੋਕ ਮ: 1 ਪੰ:-470)

**ਕਲਿ ਤਾਤੀ ਠਾਂਢਾ ਹਰਿ ਨਾਉ ॥**
**ਸਿਮਰਿ ਸਿਮਰਿ ਸਦਾ ਸੁਖ ਪਾਉ ॥**

(ਸੁਖਮਨੀ ਸਾਹਿਬ)

ਭਾਵ 'ਕਲਜੁਗਿ ਰਥੁ ਅਗਨ ਕਾ' ਹੋਣ ਕਰਕੇ ਕਲਜੁਗ ਦੀ ਕਿਰਿਆ ਅੱਗ ਵਾਂਗੂੰ ਤੱਤੀ ਹੈ ਅਤੇ ਹਰੀ ਦਾ ਨਾਮ ਸੀਤਲ ਹੈ। ਇਸ ਹਰੀ ਦੇ ਨਾਮ ਨੂੰ ਸਿਮਰ ਕੇ ਸਦਾ ਸੁਖ ਪਾਉ।

ਸੁਰੰਗ ਦੇ ਵਿਚ ਜੋ ਨਾਮ ਦੀ ਧੁੰਨ ਪੈਦਾ ਹੋਈ ਹੈ, ਉਸ ਦੀ ਗੂੰਜ ਵਾਯੂਮੰਡਲ ਦੇ ਰਾਹੀਂ ਕਲਾ ਵਰਤਾਏਗੀ। ਨਾਮ ਬਾਣੀ ਦੇ ਪ੍ਰਤਾਪ ਨਾਲ, ਇਹ ਸਭ ਸੁੱਧ ਬੁਧ ਗਵਾ ਬੈਠਣਗੇ ਅਤੇ ਦੋਨਾਂ ਕੌਮਾਂ ਦੇ ਜੀਵ ਆਪਣੇ ਆਪ ਹੀ ਸਿਮਰਨ ਕਰਨ ਲੱਗ ਜਾਣਗੇ। ਸਿੱਖੀ ਧਰਮ ਸੱਚ ਦਾ ਧਰਮ ਜਾਣ ਕੇ ਖਾਲਸਾ ਪੰਥ ਵਿਚ ਸ਼ਾਮਲ ਹੋਣਗੇ। ਇਸ ਤਰ੍ਹਾਂ ਚ਼ਾਦਰ ਦੇ ਦੋ ਹਿੱਸੇ ਸੀਉਂਤੇ ਜਾਣਗੇ।

**ਘਰਿ ਘਰਿ ਬਾਬਾ ਪੂਜੀਐ ਹਿੰਦੂ ਮੁਸਲਮਾਨ ਗੁਆਈ ॥**

(ਵਾਰ 1 ਪਉੜੀ 34)

ਖਾਲਸੇ ਰਾਜ ਵਿਚ ਹਿੰਦੋਸਤਾਨ ਦਾ ਨਕਸ਼ਾ ਬਦਲੇਗਾ। ਇਹ ਧਰਤੀ ਅਕਾਲ ਪੁਰਖ ਮਹਾਰਾਜ ਜੀ ਦੀ ਹੈ। ਅਕਾਲ ਪੁਰਖ ਨੇ ਐਸੇ ਜੀਵ ਪੈਦਾ ਕਰਨੇ ਹਨ, ਜਿਨ੍ਹਾਂ ਨੂੰ ਪ੍ਰਮਾਤਮਾ ਨਾਲ ਪਿਆਰ ਹੋਵੇਗਾ। ਜਿਹੜੇ ਸਾਕਤ ਪੁਰਸ਼ ਹਨ, ਉਹ ਆਪਣੇ ਪਾਪਾਂ ਕਰਕੇ ਆਪ ਹੀ ਨਸ਼ਟ ਹੋ ਜਾਣਗੇ। ਨਵੀਂ ਪੀੜੀ ਸੱਚ ਨੂੰ ਸੱਚ ਸਮਝੇਗੀ।

ਬਾਹਰਲੇ ਦੇਸ਼ਾਂ ਵਿਚ ਜਿਸ ਤਰ੍ਹਾਂ ਨਿਊਯਾਰਕ, ਲੰਡਨ ਵੱਡੇ-ਵੱਡੇ ਸ਼ਹਿਰ ਹਨ। ਉਥੇ ਖਾਲਸਾ ਪੰਥ ਵਲੋਂ ਸੈਂਟਰ ਬਣਾਏ ਜਾਣਗੇ। ਇਹਨਾਂ ਜਗ੍ਹਾ ਤੇ ਹਰ ਲੋੜਵੰਦ ਪ੍ਰਾਣੀਆਂ ਦੀ ਮਦਦ ਕੀਤੀ ਜਾਵੇਗੀ। ਉਨ੍ਹਾਂ ਦੀ ਦੇਖ-ਰੇਖ ਅਤੇ ਖਾਣ-ਪਹਿਨਣ ਦਾ ਬੰਦੋਬਸਤ ਖਾਲਸਾ ਮੁਫਤ ਕਰੇਗਾ।

ਜਿਸ ਤਰ੍ਹਾਂ ਗਰੀਬ ਲਾਵਾਰਿਸ ਬੱਚੇ ਅਤੇ ਲੜਕੀਆਂ ਜੋ ਆਪਣੇ ਬੱਚਿਆਂ ਦੀ ਜ਼ੁੰਮੇਵਾਰੀ ਨਹੀਂ ਲੈ ਸਕਦੀਆਂ, ਖਾਲਸਾ ਉਨ੍ਹਾਂ ਨੂੰ ਸੋਝੀ ਦਿਵਾਏਗਾ ਕਿ ਬਜਾਏ ਬੱਚੇ ਨੂੰ ਜਨਮ ਤੋਂ ਪਹਿਲਾਂ ਮਾਰ ਦਿੱਤਾ ਜਾਵੇ, ਬੱਚੇ ਅਤੇ ਮਾਂ ਦੀ ਜ਼ੁੰਮੇਵਾਰੀ ਲਵੇਗਾ ਅਤੇ ਇਸ ਤਰ੍ਹਾਂ ਦੇ ਪਾਪ ਹੋਣ ਤੋਂ ਬਚਾਏਗਾ। ਜਿੰਨੀ ਦੇਰ ਬੱਚਾ ਆਪਣੀ ਦੇਖ-ਭਾਲ ਕਰਨ ਜੋਗਾ ਨਹੀਂ ਹੋ ਜਾਂਦਾ, ਖਾਲਸਾ ਪੂਰੀ ਸਹਾਇਤਾ ਕਰੇਗਾ। ਇਸ ਤਰ੍ਹਾਂ ਮਾਂਵਾਂ ਅਤੇ ਬੱਚੇ ਸਿੱਖੀ ਨਾਲ ਪ੍ਰੇਮ ਕਰਨ ਲੱਗ ਜਾਣਗੇ ਅਤੇ ਖਾਲਸਾ ਸੱਜ ਜਾਣਗੇ। ਇਨ੍ਹਾਂ ਦੇ ਸਿੱਖ ਕੌਮ ਨਾਲ ਡੂੰਘੇ ਸੰਬੰਧ ਬਣ ਜਾਣਗੇ। ਇਨ੍ਹਾਂ ਦੇ ਰਿਸ਼ਤੇ ਪੰਜਾਬ ਦੇ ਸਿਘ ਸਿੰਘਣੀਆਂ ਦੇ ਨਾਲ ਜੁੜਨਗੇ ਅਤੇ ਅਨੰਦ ਕਾਰਜ ਦੇ ਸੰਜੋਗ, ਉਥੇ ਹੀ ਬਣ ਜਾਣਗੇ। ਇਸ ਤਰ੍ਹਾਂ 96 ਕਰੋੜ ਖਾਲਸਾ ਸਜੇਗਾ।

***ਦਾਸ ਨੇ ਪੁਛਿਆ, ਬਾਹਰਲੇ ਦੇਸ਼ਾਂ ਨਾਲ ਗੱਲਬਾਤ ਕਰਨੀ ਹੋਵੇ ਤਾਂ ਕੌਣ ਅਗਵਾਈ ਕਰੇਗਾ ?***

ਖਾਲਸਾ :-ਦੂਸਰੇ ਦੇਸ਼ਾਂ ਨਾਲ ਗੱਲਬਾਤ ਕਰਨ ਵਾਸਤੇ ਅਕਾਲ ਤਖਤ ਤੋਂ ਪੰਜ ਪਿਆਰੇ ਜਾਇਆ ਕਰਨਗੇ।

***ਦਾਸ:-ਇਹ ਪੰਜ ਪਿਆਰੇ ਹਮੇਸ਼ਾ ਪੰਜ ਪਿਆਰੇ ਰਹਿਣਗੇ ਜਾਂ ਇਨ੍ਹਾਂ ਨੂੰ ਬਦਲਿਆ ਵੀ ਜਾਵੇਗਾ ?***

ਖਾਲਸਾ ਜੀ :-ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜਾਣੀ ਜਾਣ ਹਨ। ਮਹਾਰਾਜ ਜੀ ਨੇ ਐਸੀ ਕਲਾ ਵਰਤਾ ਦੇਣੀ ਹੈ ਕਿ ਚੌਧਰ ਦੀ ਕਿਸੇ ਨੂੰ ਭੁੱਖ ਨਹੀਂ ਹੋਵੇਗੀ। ਜਿਹੜੇ ਵੀ ਪੰਜ ਪਿਆਰੇ ਬਣਨਾ ਚਾਹੁੰਣ, ਉਹ ਬਣ ਸਕਦੇ ਹਨ। ਪਹਿਲਾਂ ਪਿੰਡਾਂ ਦੇ ਪੰਜ ਪਿਆਰਿਆਂ ਦੀ ਚੋਣ ਹੋਵੇਗੀ। ਜਿਸ ਨੇ ਪੰਜਾਂ ਪਿਆਰਿਆਂ ਦੀ ਸੇਵਾ ਕਰਨੀ ਹੋਵੇ, ਉਹ ਆਪਣਾ ਨਾਂ ਦੇ ਸਕਦੇ ਹਨ। ਪਰਚੀਆਂ ਉਤੇ ਨਾਂ ਲਿਖਿਆ ਜਾਵੇਗਾ। ਜਿਸ ਦੀ ਵੀ ਪਰਚੀ ਨਿਕਲੇ, ਉਹ ਪੰਜ ਪਿਆਰਿਆਂ ਵਿਚ ਸੇਵਾ ਕਰ ਸਕਦਾ ਹੈ। ਜਿਹੜੇ ਪੰਜ ਪਿਆਰੇ ਪਿੰਡਾਂ ਦੇ ਹੋਣਗੇ, ਉਨ੍ਹਾਂ ਵਿਚੋਂ ਅਕਾਲ ਤਖਤ ਦੇ ਪੰਜ ਪਿਆਰੇ ਚੁਣੇ ਜਾਣਗੇ। ਜਿਸ ਨੇ ਅਕਾਲ ਤਖਤ ਸੇਵਾ ਨਿਭਾਉਣੀ ਹੋਵੇ, ਉਹ ਇਨ੍ਹਾਂ ਪੰਜ ਪਿਆਰਿਆਂ ਵਿਚੋਂ ਨਾਂ ਦੇ ਸਕਦੇ ਹਨ। ਇਸੇ ਤਰ੍ਹਾਂ ਪਰਚੀਆਂ ਪਾ ਕੇ ਚੋਣ ਹੋਵੇਗੀ। ਸਾਰੇ ਪਿੰਡ ਪੰਜ ਪਿਆਰਿਆਂ ਦੇ ਹੁਕਮ ਵਿਚ ਚਲਣਗੇ। ਵਾਂਗਡੋਰ ਇਨ੍ਹਾਂ ਦੇ ਹੱਥ ਵਿਚ ਹੋਵੇਗੀ। ਪੰਜ ਸਾਲ ਬਾਅਦ ਫਿਰ ਦੁਬਾਰਾ ਚੋਣ ਹੋਇਆ ਕਰੇਗੀ।

ਪੰਜਾਬ ਤੋਂ ਬਾਅਦ ਖਾਲਸਾ ਭਾਰਤ ਦੇ ਦੂਸਰੇ ਇਲਾਕਿਆਂ ਵਿਚ ਵੀ ਧਰਮ ਪ੍ਰਚਾਰ ਸ਼ੁਰੂ ਕਰ ਦੇਵੇਗਾ। ਖਾਲਸਾ ਗਰੀਬਾਂ ਦੀ ਪੂਰੀ ਮਦਦ ਕਰੇਗਾ। ਜਿਨ੍ਹਾਂ ਕੋਲ

ਘਰ ਨਹੀਂ ਉਨ੍ਹਾਂ ਨੂੰ ਘਰ ਬਣਾ ਕੇ ਦੇਵੇਗਾ। ਖਾਲਸਾ ਰਾਜ ਵਿਚ ਇੰਡੀਆ ਦੇ ਅੰਦਰ ਕੋਈ ਮੰਗਤਾ ਨਜ਼ਰ ਨਹੀਂ ਆਵੇਗਾ। ਇਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ। ਇਨ੍ਹਾਂ ਦੀਆਂ ਸਾਰੀਆਂ ਲੋੜਾਂ ਪਹਿਲਾਂ ਹੀ ਪੂਰੀਆਂ ਕੀਤੀਆਂ ਜਾਣਗੀਆਂ। ਹਸਪਤਾਲ ਬਣਾਏ ਜਾਣਗੇ ਅਤੇ ਮੁਫਤ ਇਲਾਜ ਕੀਤਾ ਜਾਵੇਗਾ। ਖਾਲਸੇ ਰਾਜ ਵਿਚ ਕਿਸੇ ਨੂੰ ਮਜ਼ਬੂਰ ਨਹੀਂ ਕੀਤਾ ਜਾਵੇਗਾ ਕਿ ਤੁਸੀਂ ਸਿੱਖ ਧਰਮ ਅਪਣਾ ਲਵੋ। ਕਿਸੇ ਧਰਮ ਨੂੰ ਨੀਂਵਾ ਨਹੀਂ ਸਮਝਿਆ ਜਾਵੇਗਾ। ਜਿਸ ਤੇ ਗੁਰੂ ਮਿਹਰ ਕਰੇ, ਆਪਣੇ ਆਪ ਹੀ ਬਾਣੀ ਪੜ੍ਹਨ ਲੱਗ ਜਾਣਗੇ। ਖਾਲਸੇ ਦੇ ਪ੍ਰਚਾਰ ਕਰਨ ਦਾ ਢੰਗ ਸਹੀ ਹੋਵੇਗਾ। ਇਸ ਤਰੀਕੇ ਨਾਲ ਪ੍ਰਚਾਰ ਕਰਨਗੇ ਕਿ ਇਨ੍ਹਾਂ ਦੇ ਮਨ ਆਪਣੇ ਆਪ ਮੋਮ ਹੋ ਜਾਣਗੇ। ਵੱਡੇ ਵੱਡੇ ਕੈਂਪ ਲਗਾਏ ਜਾਣਗੇ ਅਤੇ ਪੁਰਾਤਨ ਫੋਟੋਆਂ ਦਿਖਾ ਕੇ ਪ੍ਰਚਾਰ ਕੀਤਾ ਜਾਵੇਗਾ ਅਤੇ ਨਾਲ-ਨਾਲ ਸਮਝਾਇਆ ਜਾਵੇਗਾ ਕਿ ਇਨ੍ਹਾਂ ਨੂੰ ਸਿਮਰਨ ਦੇ ਆਸਰੇ ਕੋਈ ਦੁੱਖ ਮਹਿਸੂਸ ਨਹੀਂ ਹੋਇਆ। ਇਹਨਾਂ ਵਿਚ ਮੁਸਲਮਾਨ, ਹਿੰਦੂ ਅਤੇ ਹੋਰ ਵੱਖ-ਵੱਖ ਧਰਮਾਂ ਦੇ ਲੋਕ ਸ਼ਾਮਲ ਹੋ ਕੇ ਆਪਣੇ ਆਪਣੇ ਵਿਚਾਰ ਦੱਸਣਗੇ ਕਿ ਕਿਸ ਤਰ੍ਹਾਂ ਸਾਡਾ ਧਰਮ ਉੱਚਾ ਹੈ। ਉਹ ਆਪਣੇ ਆਪਣੇ ਧਰਮ ਦੇ ਬਾਰੇ ਜਾਣਕਾਰੀ ਦੇਣਗੇ। ਸਾਂਝਾ ਵਿਚਾਰ ਵਟਾਂਦਰਾ ਕਰਨਗੇ। ਮਗਰ ਖਾਲਸੇ ਦੇ ਨਾਮ ਸਿਮਰਨ ਦੇ ਪ੍ਰਤਾਪ ਕਰਕੇ ਉਨ੍ਹਾਂ ਨੂੰ ਵਿਚਾਰ ਕਰਦੇ ਕਰਦੇ ਹੀ ਆਪਣੇ ਆਪ ਸੋਝੀ ਆ ਜਾਵੇਗੀ ਕਿ ਸਿੱਖ ਧਰਮ ਸੱਚਾ ਰਸਤਾ ਹੈ।

**ਅਵਲਿ ਅਲਹ ਨੂਰੁ ਉਪਾਇਆ, ਕੁਦਰਤਿ ਕੇ ਸਭ ਬੰਦੇ ॥**
**ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥**

*(ਬਿਭਾਸ ਪ੍ਰਭਾਤੀ ਬਾਣੀ ਕਬੀਰ ਜੀ ਪੰ:–1349)*

ਇਸ ਤਰ੍ਹਾਂ ਹੋਰ ਧਰਮਾਂ ਦੇ ਲੋਕ ਸਿੱਖੀ ਨੂੰ ਅਪਣਾ ਲੈਣਗੇ ਅਤੇ ਸਿੱਖੀ ਧਰਮ ਵਿਚ ਵਾਧਾ ਹੋਵੇਗਾ।

ਖਾਲਸਾ ਜੀ ਨੇ ਦੱਸਿਆ, ਜਿਸ ਤਰ੍ਹਾਂ ਕਿਸੇ ਦੂਸਰੇ ਦੇਸ਼ ਨੂੰ ਜਾਣ ਵਾਸਤੇ ਵੀਜ਼ਾ ਲੈਣਾ ਪੈਂਦਾ ਹੈ। ਖਾਲਸੇ ਰਾਜ ਵਿਚ ਵੀ ਇਸੇ ਤਰ੍ਹਾਂ ਹੀ ਅਰਜੀ ਪਾਈ ਜਾਵੇਗੀ। ਪੰਜਾਬ (ਸੱਚਖੰਡ) ਧਾਰਮਿਕ ਬੰਦਾ ਹੀ ਜਾ ਸਕੇਗਾ। ਜਿਹੜਾ ਬਾਣੀ ਪੜ੍ਹ ਸਕਦਾ ਹੋਵੇ, ਉਨ੍ਹਾਂ ਨੂੰ ਹੀ ਇਜਾਜ਼ਤ ਮਿਲੇਗੀ। ਕਿਸੇ ਸ਼ਰਾਬੀ ਜਾਂ ਤੰਬਾਕੂ ਪੀਣ ਵਾਲੇ ਨੂੰ ਪੰਜਾਬ ਅੰਦਰ ਨਹੀਂ ਵੜਨ ਦਿੱਤਾ ਜਾਵੇਗਾ। ਇੰਡੀਆ ਦੇ ਬਾਕੀ ਹਿੱਸਿਆਂ ਵਿਚ ਜਾ ਸਕਦੇ ਹਨ ਪਰ ਪੰਜਾਬ ਵਿਚ ਨਹੀਂ। ਜਿਹੜਾ ਵੀ ਪੰਜਾਬ ਜਾਣਾ ਚਾਹੁੰਦਾ ਹੋਵੇਗਾ, ਉਸ ਨੂੰ ਅੰਮਬੇਸੀ ਵਾਲੇ ਪੁਛਣਗੇ ਕਿ ਤੈਨੂੰ ਪੰਜਾਬੀ ਬੋਲਣੀ ਆਉਂਦੀ ਹੈ, ਬਾਣੀ ਪੜ੍ਹਨੀ ਆਉਂਦੀ ਹੈ। ਜਿਸ ਨੂੰ ਗੁਰੂ ਤੇ ਭਰੋਸਾ ਹੋਵੇਗਾ, ਉਹ ਹੀ ਪੰਜਾਬ ਜਾ ਸਕਦੇ ਹਨ। ਪੰਜਾਬ ਸੱਚ ਖੰਡ ਦਾ ਇੱਕ ਹਿੱਸਾ ਬਣ ਜਾਵੇਗਾ।

*****

# ਦੁਸ਼ਟ ਦਮਨ ਗੁਰੂ ਗੋਬਿੰਦ ਸਿੰਘ ਜੀ

*ਦਾਂਸ :-ਖਾਲਸਾ ਜੀ, ਇੱਕ ਸੁਆਲ ਹੋਰ ਪੁਛਣਾ ਹੈ । ਇੰਡੀਆ ਦੀ ਇੰਨੀ ਵੱਡੀ ਤਾਕਤ ਸੀ, ਖਾਲਸੇ ਨੂੰ ਜਿੱਤ ਕਿਸ ਤਰ੍ਹਾਂ ਪ੍ਰਾਪਤ ਹੋਈ ।*

ਖਾਲਸਾ ਜੀ :- ਹਰਿ ਜੀ (ਅਕਾਲ ਪੁਰਖ) ਨੂੰ ਹੰਕਾਰ ਨਹੀਂ ਭਾਉਂਦਾ ।

**ਹਉਮੈ ਕਰਤਿਆ ਨਹ ਸੁਖੁ ਹੋਇ ॥**
**ਮਨਮਤਿ ਝੂਠੀ ਸਚਾ ਸੋਇ ॥**
**ਸਗਲ ਬਿਗੂਤੇ ਭਾਵੈ ਦੋਇ ॥**
**ਸੋ ਕਮਾਵੈ ਧੁਰਿ ਲਿਖਿਆ ਹੋਇ ॥ 1 ॥**
**ਐਸਾ ਜਗੁ ਦੇਖਿਆ ਜੂਆਰੀ ॥**
**ਸਭਿ ਸੁਖ ਮਾਗੈ ਨਾਮੁ ਬਿਸਾਰੀ ॥ 1 ॥**

*(ਗਉੜੀ ਗੁਆਰੇਰੀ ਮ: 1 ਪੰ:-222)*

ਇਹ ਸਾਰੀ ਦੁਨੀਆਂ ਨੂੰ ਪਤਾ ਹੈ ਕਿ ਰਾਮ ਜ਼ੀ ਅਤੇ ਰਾਵਣ ਦਾ ਯੁੱਧ ਹੋਇਆ । ਰਾਵਣ ਨੂੰ ਬਹੁਤ ਹੰਕਾਰ ਸੀ ਕਿ ਮੇਰੇ ਵਰਗਾ ਬਲਵਾਨ ਯੋਧਾ ਦੁਨੀਆਂ ਤੇ ਹੋਰ ਕੋਈ ਨਹੀਂ ਹੈ । ਮੇਰੇ ਇੰਨੇ ਪੁਤਰ ਹਨ ।

**ਰਾਮੁ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ ॥**
**ਕਹੁ ਨਾਨਕ ਥਿਰੁ ਕਛੁ ਨਹੀ, ਸੁਪਨੇ ਜਿਉ ਸੰਸਾਰੁ ॥**

*(ਸਲੋਕ ਮ: 9-1429)*

**ਲੰਕਾ ਸਾ ਕੋਟੁ, ਸਮੁੰਦ ਸੀ ਖਾਈ ।**
**ਤਿਹ ਰਾਵਨ ਘਰ ਖਬਰਿ ਨ ਪਾਈ ॥ 1 ॥**
**ਕਿਆ ਮਾਗਉ ਕਿਛੁ ਥਿਰੁ ਨ ਰਹਾਈ ॥**
**ਦੇਖਤ ਨੈਨ ਚਲਿਓ ਜਗੁ ਜਾਈ ॥ 1 ॥ ਰਹਾਉ ॥**
**ਇਕੁ ਲਖੁ ਪੂਤ ਸਵਾ ਲਖੁ ਨਾਤੀ,**
**ਤਿਹ ਰਾਵਨ ਘਰ ਦੀਆ ਨ ਬਾਤੀ ॥ 1 ॥**

*(ਆਸਾ ਕਬੀਰ ਜੀ ਪੰ:-481)*

ਉਸ ਨੂੰ ਹੰਕਾਰ ਸੀ ਕਿ ਮੇਰੀ ਸੋਨੇ ਦੀ ਲੰਕਾ ਹੈ । ਉਸ ਨੂੰ ਇਹ ਵੀ ਹੰਕਾਰ ਸੀ ਕਿ ਮੇਰੇ ਕੋਲ ਵਰ ਹੈ, ਕੋਈ ਮੈਨੂੰ ਮਾਰ ਨਹੀਂ ਸਕਦਾ । ਉਸ ਨੇ ਸੋਚਿਆ ਕਿ ਰਾਮ ਚੰਦਰ ਜੀ ਕੋਲ ਸੈਨਾ ਨਹੀਂ, ਉਸ ਨੂੰ ਮਾਰਨਾ ਤਾਂ ਬਹੁਤ ਅਸਾਨ ਹੈ । ਰਾਮ ਚੰਦਰ,

ਲਛਮਨ ਅਤੇ ਹਨੂੰਮਾਨ ਇਹ ਤਿੰਨ ਹੀ ਲੋਕ ਹਨ। ਰਾਮ ਚੰਦਰ ਜੀ ਨੇ ਰਾਵਣ ਦਾ ਹੰਕਾਰ ਤੋੜਨ ਵਾਸਤੇ ਕਾਮਧੇਨ ਸ਼ਕਤੀ ਵਰਤੀ।

ਦੂਸਰਾ ਖਾਲਸਾ ਜੀ ਨੇ ਦੱਸਿਆ, ਦੁਰਯੋਧਨ ਨੂੰ ਬਹੁਤ ਹੰਕਾਰ ਸੀ ਕਿ ਮੇਰੇ ਕੋਲ ਬਹੁਤ ਵੱਡੇ ਵੱਡੇ ਯੋਧੇ ਅਤੇ ਲੜਾਈ ਦਾ ਸਾਰਾ ਸਮਾਨ ਹੈ, ਪਾਂਡਵਾਂ ਦੇ ਕੋਲ ਕੁਝ ਨਹੀਂ ਹੈ, ਜਿੱਤ ਤਾਂ ਮੇਰੀ ਹੀ ਹੋਣੀ ਹੈ। ਦੁਰਯੋਧਨ ਨੂੰ ਪਤਾ ਨਹੀਂ ਸੀ ਕਿ ਭਗਵਾਨ ਕ੍ਰਿਸ਼ਨ ਨੂੰ ਮੇਰਾ ਹੰਕਾਰ ਨਹੀਂ ਭਾਉਂਦਾ। ਉਸ ਦਾ ਹੰਕਾਰ ਤੋੜਨ ਲਈ ਕ੍ਰਿਸ਼ਨ ਭਗਵਾਨ ਨੇ ਪਾਂਡਵਾਂ ਦੀ ਮਦਦ ਕੀਤੀ। ਦੁਰਯੋਧਨ ਫੌਜ ਸਮੇਤ ਮਾਰਿਆ ਗਿਆ। ਜਿੱਤ ਪਾਡਵਾਂ ਦੀ ਹੋਈ। ਤੀਸਰਾ ਖਾਲਸਾ ਜੀ ਨੇ ਦੱਸਿਆ ਕਿ ਇੰਡੀਆ ਨੂੰ ਵੀ ਘੁਮੰਡ ਸੀ ਕਿ ਸਾਡੇ ਪਾਸ ਬਹੁਤ ਤਾਕਤ ਹੈ। ਫੌਜ ਅਤੇ ਲੜਾਈ ਦਾ ਸਮਾਨ ਸਭ ਕੁਝ ਹੈ। ਇਹ ਵੀ ਹੰਕਾਰ ਵਿਚ ਆ ਕੇ ਹਰੀ ਦੇ ਮੰਦਰ ਤੇ ਹਮਲਾ ਕਰਨ ਤੋਂ ਡਰੇ ਨਹੀਂ।

ਜਿਸ ਤਰ੍ਹਾਂ ਰਾਮ ਜੀ ਅਤੇ ਕ੍ਰਿਸ਼ਨ ਨੇ ਕਾਮਧੇਨ ਸ਼ਕਤੀ ਵਰਤੀ, ਇਸੇ ਤਰ੍ਹਾਂ ਮਹਾਰਾਜ ਜੀ ਨੇ ਪੰਜਾਂ ਪਿਆਰਿਆਂ ਨੂੰ ਕਾਮਧੇਨ ਸ਼ਕਤੀ ਬਖਸ਼ ਕੇ ਜੁਲਮ ਦਾ ਨਾਸ਼ ਕੀਤਾ।

ਜਿਸ ਤਰ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਨੇ ਇਕੱਲੇ ਬੰਦਾ ਸਿੰਘ ਬਹਾਦਰ ਨੂੰ ਕਾਮਧੇਨ ਸ਼ਕਤੀ ਬਖਸ਼ੀ ਅਤੇ ਕਿਹਾ, ਪੰਜਾਬ ਜਾ ਕੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਬਦਲਾ ਲਵੋ। ਤੇਰਾ ਕੋਈ ਮੁਕਾਬਲਾ ਨਹੀਂ ਕਰ ਸਕੇਗਾ। ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੇ ਬਚਨ ਹਨ:-

**ਸਵਾ ਲਾਖ ਸੇ ਏਕ ਲੜਾਊਂ ॥**
**ਤਬੈ ਗੋਬਿੰਦ ਸਿੰਘ ਨਾਮ ਕਹਾਊਂ ॥**

ਬੰਦਾ ਸਿੰਘ ਬਹਾਦਰ ਨੇ ਛੋਟੇ ਸਾਹਿਜ਼ਾਦਿਆਂ ਦੀ ਸ਼ਹੀਦੀ ਦਾ ਬਦਲਾ ਲਿਆ। ਮਹਾਰਾਜ ਜੀ ਨੇ ਇੱਕ ਬੰਦਾ ਸਿੰਘ ਬਹਾਦਰ ਨੂੰ ਏਨੀ ਸ਼ਕਤੀ ਬਖਸ਼ੀ ਕਿ ਉਸ ਦਾ ਕੋਈ ਮੁਕਾਬਲਾ ਨਹੀਂ ਕਰ ਸਕਿਆ। ਉਸ ਵੇਲੇ ਸਾਰੇ ਹਿੰਦੋਸਤਾਨ ਤੇ ਮੁਸਲਮਾਨਾਂ ਦਾ ਰਾਜ ਸੀ। ਪੰਜ ਪਿਆਰਿਆਂ ਨੂੰ ਤਾਂ ਮਹਾਰਾਜ ਜੀ ਨੇ ਆਪਣੀ ਪੂਰੀ ਸ਼ਕਤੀ ਬਖਸ਼ੀ ਹੈ।
ਗੁਰੂ ਜੀ ਦੇ ਬਚਨ ਹਨ :-

**ਕੋਊ ਕਿਸੀ ਕੋ ਰਾਜ ਨ ਦੇ ਹੈ।**
**ਜੋ ਲੈ ਹੈ ਨਿਜ ਬਲ ਸੇ ਲੈ ਹੈ।**

ਜਿਸ ਤਰ੍ਹਾਂ ਰਾਮ ਜੀ ਅਤੇ ਕ੍ਰਿਸ਼ਨ ਭਗਵਾਨ ਜੀ ਨੇ ਰਾਵਣ ਤੇ ਦੁਰਯੋਧਨ ਦਾ ਹੰਕਾਰ ਤੋੜਿਆ। ਇਸੇ ਤਰ੍ਹਾਂ ਅਕਾਲ ਪੁਰਖ ਨੇ ਇਨ੍ਹਾਂ ਦਾ ਹੰਕਾਰ ਤੋੜਿਆ ਅਤੇ ਖਾਲਸਾ ਰਾਜ ਸਥਾਪਤ ਕੀਤਾ।

# ਸੁਖੀ ਵਸੈ ਮੋਰੋ ਪਰਿਵਾਰਾ

**ਖਾਲਸਾ ਜੀ ਨੇ ਦੱਸਿਆ** :- ਮਹਾਰਾਜ ਜੀ ਨੇ ਜੋ ਬਚਨ ਕੀਤੇ ਸਨ ਉਹ ਹੁਣ ਪੂਰੇ ਹੋ ਗਏ ਹਨ। ਸਾਰੇ ਸਵੇਰੇ ਸ਼ਾਮ ਇਕੱਠੇ ਬੈਠ ਕੇ ਪ੍ਰਸ਼ਾਦਾ ਛਕਦੇ ਹਨ। ਅੰਮ੍ਰਿਤ ਛਕ ਕੇ ਵਾਸੀ ਅਨੰਦਪੁਰ ਸਾਹਿਬ ਦੇ ਹੋ ਗਏ ਹਾਂ। ਪਿਤਾ ਸਾਡਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਮਾਤਾ ਸਾਹਿਬ ਕੌਰ ਜੀ ਹਨ। ਆਪਾਂ ਸਾਰੇ ਗੁਰੂ ਜੀ ਦਾ ਇੱਕ ਪ੍ਰੀਵਾਰ ਬਣ ਗਏ ਹਾਂ। ਸਾਰੀ ਚਿੰਤਾ ਮਿਟ ਗਈ ਹੈ। ਹੁਣ ਸਿਮਰਨ ਕਰਦਿਆਂ ਸਾਰੇ ਪਾਪਾਂ ਦਾ ਨਾਸ਼ ਹੋ ਜਾਵੇਗਾ ਅਤੇ ਰਾਜ ਭੋਗ ਕੇ ਜੀਵਨ ਮੁਕਤ ਹੋ ਜਾਵਾਂਗੇ। ਹੁਣ ਖਾਲਸਾ ਰਾਜ ਅੰਦਰ ਪੰਜ ਪਿਆਰੇ ਸਾਰਾ ਪੰਥ ਦਾ ਕੰਮ ਕਾਰ ਸੰਭਾਲਦੇ ਹਨ।

**ਪੰਚ ਪਰਵਾਣ ਪੰਚ ਪਰਧਾਨੁ ॥**
**ਪੰਚੇ ਪਾਵਹਿ ਦਰਗਹਿ ਮਾਨੁ ॥**
**ਪੰਚੇ ਸੋਹਹਿ ਦਰਿ ਰਾਜਾਨੁ ॥**
**ਪੰਚਾ ਕਾ ਗੁਰੁ ਏਕੁ ਧਿਆਨੁ ॥**

*(ਜਪੁਜੀ ਸਾਹਿਬ)*

ਸਾਰੇ ਇੰਡੀਆ ਉਪਰ ਖਾਲਸੇ ਦਾ ਹੁਕਮ ਚਲੇਗਾ। ਸਾਰੇ ਗੁਰਦੁਆਰਿਆਂ ਨਾਲ ਪਾਰਕਾਂ ਬਾਣਾਈਆਂ ਜਾਣਗੀਆਂ ਜਿਥੇ ਛੋਟੇ ਛੋਟੇ ਬੱਚੇ ਖੇਲਿਆ ਕਰਨਗੇ।

ਖਾਲਸੇ ਰਾਜ ਦੇ ਨਜ਼ਾਰੇ ਦੇਖ ਕੇ ਮੇਰੀ ਆਤਮਾ 'ਚੋਂ ਇਹ ਅਰਦਾਸ ਨਿਕਲੀ ਕਿ ਹੇ ਸੱਚੇ ਪਾਤਸ਼ਾਹ! ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਾਹਿਬ ਜੀ ਮਹਾਰਾਜ ਆਪ ਜੀ ਦਾ ਲੱਖ ਲੱਖ ਸ਼ੁਕਰ ਹੈ ਕਿ ਆਪ ਜੀ ਦੇ ਬਚਨ ਪੂਰੇ ਹੋ ਗਏ। ਮੈਂ ਆਪਣੀ ਆਂਖੋਂ ਸੇ ਖਾਲਸਾ ਰਾਜ ਦੇ ਨਜ਼ਾਰੇ ਦੇਖ ਲਏ।

**ਇਨ ਗਰੀਬ ਸਿੰਘਨ ਕੋ ਦਯੈ ਪਾਤਸ਼ਾਹੀ।**
**ਯਹ ਯਾਦ ਰਖੈ ਹਮਰੀ ਗੁਰਿਆਈ।**

*(ਸ੍ਰੀ ਗੁਰੂ ਪੰਥ ਪ੍ਰਕਾਸ਼)*

ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤੁਸੀਂ ਆਪਣੇ ਖਾਲਸੇ ਤੇ ਕ੍ਰਿਪਾ ਕਰੋ ਕਿ ਇਹ ਖਾਲਸੇ ਰਾਜ ਦਾ ਨਜ਼ਾਰਾ (ਦੂਸਰਾ ਸੱਚਖੰਡ) ਸਾਰੀ ਦੁਨੀਆਂ ਦੇਖ ਸਕੇ।

ਦਾਸ ਇਹ ਦੱਸਣਾ ਜਰੂਰੀ ਸਮਝਦਾ ਹੈ ਕਿ ਜਦੋਂ ਦਾਸ ਖਾਲਸੇ ਰਾਜ ਦੇ ਦਰਸ਼ਨ ਕਰਨ ਗਿਆ ਤਾਂ ਅਕਾਲ ਤਖਤ ਬੈਠੇ ਪੰਜਾਂ ਪਿਆਰਿਆਂ ਵਿਚੋਂ ਤਿੰਨ ਗੋਰੇ ਸਿੰਘ ਸਨ। ਸੁਰੰਗ ਵਿਚ ਅਤੇ ਗੁਰਦੁਆਰੇ ਵੀ ਗੋਰੇ ਸਿੰਘ ਸਿੰਘਣੀਆਂ ਜਿਆਦਾ ਸਨ। ਇਨ੍ਹਾਂ ਨੇ ਆਪਣੇ ਸਤਿਗੁਰੂ ਜੀ ਦੀ ਰਹਿਤ ਨੂੰ ਅਪਣਾ ਕੇ ਪੰਥ ਦੀ ਸਭ ਤੋਂ ਉੱਤਮ ਸੇਵਾ ਸੰਭਾਲ ਲਈ। ਆਪਣੇ ਵਿਚ ਢਿੱਲ ਕਿਉਂ ਹੈ! ਸਾਨੂੰ ਕਦੋਂ ਸੋਝੀ ਆਵੇਗੀ। ਅਜੇ ਵੀ ਸਮਾਂ ਹੈ ਸਿੱਖੋ ਸੰਭਲੋ! **ਆਪਣੀ ਸਿੱਖੀ ਨੂੰ ਸੰਭਾਲੋ।**

*****

# ਬਿਖੜਾ ਪੈਂਡਾ

(ੳ)

ਅੱਜ ਕਲ ਸਿੱਖ ਧਰਮ ਵਿਚ ਵੱਖ ਵੱਖ ਜਥੇਬੰਦੀਆਂ ਬਣ ਗਈਆਂ ਹਨ। ਕੌਮ ਦੇ ਅੰਦਰ ਏਕਤਾ ਨਹੀਂ ਰਹੀ। ਸਭ ਨੇ ਆਪਣਾ ਆਪਣਾ ਪ੍ਰਚਾਰ ਸ਼ੁਰੂ ਕੀਤਾ ਹੋਇਆ ਹੈ।

ਸਤਿਗੁਰੂ ਦੇ ਬਚਨ ਕੋਈ ਨਹੀਂ ਮੰਨਦਾ। ਸਾਰੇ ਇਹ ਹੀ ਕਹਿੰਦੇ ਹਨ ਕਿ **ਸਾਡੀ ਜਥੇਬੰਦੀ** ਇਤਨੀ ਤਾਕਤ ਵਾਲੀ ਹੈ, ਅਸੀਂ ਤੁਹਾਨੂੰ ਖਾਲਿਸਤਾਨ ਬਣਾ ਕੇ ਦਿਆਂਗੇ। **ਖਾਲਿਸਤਾਨ ਜਰੂਰ ਬਣੇਗਾ ਪਰ ਨਾਮ ਦੇ ਆਸਰੇ, ਪੰਜ ਪਿਆਰਿਆਂ ਦੀ ਅਗਵਾਈ** ਹੇਠ। **ਜਦ ਤੱਕ ਅਲੱਗ ਅਲੱਗ ਪਾਰਟੀਆਂ ਬਣਦੀਆਂ ਰਹਿਣਗੀਆਂ, ਖਾਲਿਸਤਾਨ ਨਹੀਂ ਬਣੇਗਾ।** ਸਭ ਇਕੱਠੇ ਹੋ ਕੇ ਪੰਜ ਪਿਆਰਿਆਂ ਦਾ ਹੁਕਮ ਮੰਨਣ ਤਾਂ ਹੀ ਖਾਲਿਸਤਾਨ ਮਿਲੇਗਾ। ਜਿਸ ਤਰ੍ਹਾਂ ਇਕ ਆਮ ਕਹਾਵਤ ਹੈ ਕਿ ਇੱਕ ਸੋਟੀ ਨੂੰ ਤੋੜਨਾ ਸੌਖਾ ਹੈ ਪਰ ਜੇ ਪੰਜਾਂ ਨੂੰ ਤੋੜਨਾ ਹੋਵੇ ਤਾਂ ਬਹੁਤ ਔਖਾ ਹੈ।

ਅੱਜਕਲ ਖਾਲਿਸਤਾਨ ਦੀ ਲਹਿਰ ਚੱਲੀ ਹੋਈ ਹੈ ਕਿ ਖਾਲਿਸਤਾਨ ਬਣਨਾ ਚਾਹੀਦਾ ਹੈ। ਇਹ ਕਿਸ ਤਰ੍ਹਾਂ ਹੋ ਸਕਦਾ ਹੈ, ਸਤਿਗੁਰੂ ਜੀ ਦੇ ਬਚਨ ਤਾਂ ਕੋਈ ਮੰਨਦਾ ਨਹੀਂ ਹੈ ਕਿ '**ਰਹਿਤ ਪਿਆਰੀ ਮੁਝ ਕਉ ਸਿੱਖ ਪਿਆਰਾ ਨਾਹਿ**' ਪੰਥ ਵਿਚ ਏਕਤਾ ਦਾ ਤਾਂ ਸੁਆਲ ਹੀ ਨਹੀਂ ਰਿਹਾ, ਵੱਖ-ਵੱਖ ਧੜੇ ਬੰਦੀਆਂ ਬਣ ਗਈਆਂ ਹਨ। ਸਾਰੇ ਇਹ ਹੀ ਕਹਿੰਦੇ ਹਨ ਕਿ ਅਸੀਂ ਖਾਲਿਸਤਾਨ ਬਣਾ ਕੇ ਦਿਆਂਗੇ।

ਇਸ ਵੇਲੇ ਪੰਥ ਦੀ ਹਾਲਤ ਗੰਭੀਰ ਹੈ। ਕੋਈ ਕਿਸੇ ਦੀ ਗੱਲ ਸੁਣਨ ਵਾਸਤੇ ਤਿਆਰ ਹੀ ਨਹੀਂ। ਖਾਲਿਸਤਾਨ ਦੀ ਮੰਗ ਇਸ ਤਰ੍ਹਾਂ ਹੈ ਜਿਸ ਤਰ੍ਹਾਂ ਕੋਈ ਭਿਆਨਕ ਜੰਗਲ ਪਾਰ ਕਰਨਾ ਹੋਵੇ। ਅਗਰ ਅਸੀਂ ਛੋਟੇ-ਛੋਟੇ ਧੜੇ ਬਣਾ ਕੇ ਜੰਗਲ ਨੂੰ ਪਾਰ ਕਰਨ ਨੂੰ ਤੁਰ ਪਏ ਤਾਂ ਰਸਤੇ ਵਿਚ ਲੁਟੇਰੇ, ਜੰਗਲੀ ਜਾਨਵਰ ਆਦਿ ਦੇ ਸ਼ਿਕਾਰ ਬਣ ਜਾਵਾਂਗੇ। ਅਸੀਂ ਆਪਣੀ ਮੰਜਲ ਤੇ ਨਹੀਂ ਪਹੁੰਚ ਸਕਾਂਗੇ ਅਤੇ ਰਸਤੇ ਵਿਚ ਹੀ ਖਤਮ ਹੋ ਜਾਵਾਂਗੇ। ਅਗਰ ਸਾਰੇ ਇਕੱਠੇ ਹੋ ਕੇ ਏਕਤਾ ਨਾਲ ਜੰਗਲ ਪਾਰ ਕਰੀਏ ਤਾਂ ਆਪਣੀ ਮੰਜਲ ਤੇ ਪਹੁੰਚ ਜਾਵਾਂਗੇ।

ਸੰਤ ਜਰਨੈਲ ਸਿੰਘ ਜੀ ਨੇ ਏਕਤਾ ਦੀ ਲਹਿਰ ਚਲਾਈ ਸੀ ਅਤੇ ਕਿਹਾ ਸੀ ਕਿ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣੋ, ਇਕੱਠੇ ਹੋ ਕੇ ਚਲੋ ਤੇ ਸਫਲਤਾ ਮਿਲੇਗੀ। ਅਗਰ ਇਕੱਠੇ ਹੋ ਕੇ ਨਹੀਂ ਚਲੋਗੇ ਤਾਂ ਖਾਲਿਸਤਾਨ ਨਹੀਂ ਮਿਲਣਾ।

ਜਿਸ ਤਰ੍ਹਾਂ ਤਹਿਰਾਨ ਵਿਚ ਮੁਸਲਮਾਨਾਂ ਨੇ ਇਕੱਠੇ ਹੋ ਕੇ ਸ਼ਾਹ ਦਾ ਰਾਜ ਖਤਮ ਕਰਕੇ ਆਪਣਾ ਕਾਇਮ ਕਰ ਲਿਆ। ਇਸ ਤਰ੍ਹਾਂ ਫਲਸਤੀਨ ਵੀ ਬਣਾ ਲਿਆ। ਸਾਡੇ ਨਾਲੋਂ ਤਾਂ ਮੁਸਲਮਾਨ ਹੀ ਚੰਗੇ ਨਿਕਲੇ, ਜਿਹੜੇ ਇਕੱਠੇ ਹੋ ਕੇ ਰਹਿੰਦੇ ਹਨ। ਇਸੇ

ਤਰ੍ਹਾਂ ਨੈਲਸਨ ਮੰਡੇਲਾ ਨੇ ਇਕੱਠੇ ਲੋਕਾਂ ਨੂੰ ਇਕੱਠੇ ਕਰਕੇ ਸਾਊਥ ਅਫਰੀਕਾ ਅਜ਼ਾਦ ਕਰਵਾਇਆ।

*ਸਾਨੂੰ ਸਭ ਨੂੰ ਇਕੱਠੇ ਹੋ ਕੇ ਚਲਣਾ ਚਾਹੀਦਾ ਹੈ।*
*ਇਕੱਠੇ ਹੋ ਕੇ ਹੀ ਖਾਲਿਸਤਾਨ ਬਣੇਗਾ।*

(ਅ)

ਇੱਕ ਵਾਰੀ 15-20 ਬੰਦਿਆਂ ਦੀ ਪਾਰਟੀ ਨੇ ਦਰਿਆ ਪਾਰ ਕਰਨਾ ਸੀ। ਸਾਰੇ ਇਕ ਕਿਸ਼ਤੀ ਵਿਚ ਬੈਠ ਗਏ। ਚਾਰ ਜਣੇ ਚੱਪੂ ਲਗਾ ਕੇ ਕਿਸ਼ਤੀ ਚਲਾ ਰਹੇ ਸਨ। ਜਿਹੜੇ ਵਿਚ ਬੈਠੇ ਸਨ, ਉਨ੍ਹਾਂ ਵਿਚੋਂ ਇੱਕ ਨੇ ਕਿਹਾ ਸੱਜੇ ਪਾਸੇ ਚਲੋ, ਦੂਸਰਾ ਕਹਿੰਦਾ ਕਿ ਖੱਬੇ ਪਾਸੇ ਚਲੋ, ਜਲਦੀ ਪਹੁੰਚ ਜਾਵਾਂਗੇ। ਤੀਸਰਾ ਕਹਿੰਦਾ ਕਿ ਸਿੱਧੇ ਚਲੋ, ਥੋੜ੍ਹਾ ਅੱਗੇ ਗਏ ਤਾਂ ਧੁੰਦ ਬਹੁਤ ਸੀ, ਉਨ੍ਹਾਂ ਨੂੰ ਪਤਾ ਹੀ ਨਾ ਲੱਗੇ ਕਿ ਕਿੱਧਰ ਨੂੰ ਜਾਣਾ ਹੈ। ਫਿਰ ਆਪਸ ਵਿਚ ਝਗੜਾ ਕਰਨ ਲੱਗ ਪਏ। ਇੱਕ ਸਿਆਣੇ ਬਜ਼ੁਰਗ ਨੇ ਕਿਹਾ ਕਿ ਮੈਂ ਤੁਹਾਨੂੰ ਲੈ ਜਾਂਦਾ ਹਾਂ, ਪਰ ਉਸ ਦੀ ਗੱਲ ਕੋਈ ਸੁਣੇ ਨਾ, ਆਪਸ ਵਿਚ ਝਗੜੀ ਜਾਣ।

ਇਹ ਰਸਤਾ ਭੁੱਲ ਕੇ ਭਟਕਦੇ ਫਿਰਦੇ ਸਨ ਤੇ ਕਿਸੇ ਮੰਜਲ ਤੇ ਨਹੀਂ ਪਹੁੰਚ ਸਕੇ। ਇਨ੍ਹਾਂ ਵਿਚ ਏਕਤਾ ਨਹੀਂ ਸੀ, ਇਸ ਕਰਕੇ ਇਹ ਦਰਿਆ ਪਾਰ ਨਹੀਂ ਕਰ ਸਕੇ। ਇਸੇ ਤਰ੍ਹਾਂ ਜਿੰਨਾਂ ਚਿਰ ਸਿੱਖ ਕੌਮ ਵਿਚ ਏਕਤਾ ਨਹੀਂ, ਆਪਣੀ ਮੰਜਲ ਤੇ ਕਿਸ ਤਰ੍ਹਾਂ ਪਹੁੰਚ ਸਕਣਗੇ। ਖਾਲਿਸਤਾਨ ਕਿਸ ਤਰ੍ਹਾਂ ਬਣਾਉਣਗੇ।

(ੲ)

ਆਪ ਸਾਰੇ ਜਾਣਦੇ ਹੋ ਕਿ ਪ੍ਰਹਿਲਾਦ ਨੇ ਪ੍ਰਮਾਤਮਾ ਦੀ ਭਗਤੀ ਕੀਤੀ। ਉਸਨੂੰ ਪ੍ਰਮਾਤਮਾ ਉਪਰ ਅਟੱਲ ਵਿਸ਼ਵਾਸ ਸੀ। ਉਸਦੇ ਪਿਤਾ ਨੇ ਉਸਨੂੰ ਅਨੇਕਾਂ ਕਸ਼ਟ ਦਿਤੇ, ਜਿਸ ਤਰ੍ਹਾਂ ਪਹਾੜ ਤੋਂ ਥੱਲੇ ਸੁਟਣਾ, ਪਾਣੀ ਵਿੱਚ ਸੁਟਣਾ, ਹਾਥੀ ਦੇ ਪੈਰਾਂ ਥੱਲੇ ਕੁਚਲਣਾ, ਆਦਿਕ ਹਰ ਤਰ੍ਹਾਂ ਦੇ ਕਸ਼ਟ ਦੇ ਕੇ ਮਾਰਨ ਦੀ ਕੋਸ਼ਿਸ ਕੀਤੀ ਪਰ ਪ੍ਰਹਿਲਾਦ ਡੋਲਿਆ ਨਹੀਂ ਉਸਨੂੰ ਪ੍ਰਮਾਤਮਾ ਉਪਰ ਪੂਰਾ ਭਰੋਸਾ ਸੀ। ਪ੍ਰਮਾਤਮਾ ਨੇ ਸਾਰੀਆਂ ਔਕੜਾਂ ਤੋਂ ਆਪ ਹੱਥ ਦੇ ਕੇ ਰੱਖਿਆ ਕੀਤੀ। ਸਿੱਖਾਂ ਨੂੰ ਵੀ ਇਸੇ ਤਰ੍ਹਾਂ ਆਪਣੇ ਗੁਰੂ ਉਪਰ ਭਰੋਸਾ ਹੋਣਾ ਚਾਹੀਦਾ ਹੈ। ਪ੍ਰਹਿਲਾਦ ਇਕੱਲਾ ਸੀ, ਉਸਦੇ ਪਿਤਾ ਕੋਲ ਬਹੁਤ ਤਾਕਤ ਸੀ ਫਿਰ ਵੀ ਉਸਨੂੰ ਮਾਰ ਨਹੀਂ ਸਕਿਆ ਕਿਉਂ ਕਿ ਪ੍ਰਹਿਲਾਦ ਨਾਮ ਜਪ ਕੇ ਨਿਰਭਉ ਹੋ ਗਿਆ ਸੀ। ਜੇ ਅਸੀਂ ਵੀ ਨਾਮ ਜਪਾਂਗੇ ਤਾਂ ਨਿਰਭਉ ਹੋ ਜਾਵਾਂਗੇ।

ਸੋਚਣ ਵਾਲੀ ਗੱਲ ਹੈ ਕਿ ਪ੍ਰਹਿਲਾਦ ਤਾਂ ਇਕੱਲਾ ਸੀ ਇਕੱਲੇ ਨੇ ਸਿਮਰਨ ਕਰਕੇ ਰਾਜ ਪਾ ਲਿਆ। ਜੇ ਅਸੀਂ ਸਾਰੇ ਮਿਲ ਕੇ ਸਿਮਰਨ ਕਰਾਂਗੇ ਤਾਂ ਵੱਡੀ ਤਾਕਤ ਬਣ ਜਵੇਗੀ ਅਤੇ ਜਲਦੀ ਰਾਜ ਪ੍ਰਾਪਤ ਹੋ ਜਾਵੇਗਾ।

ਕਿਸੁ ਉਦਮ ਤੇ ਰਾਜੁ ਮਿਲੈ, ਸਤ੍ਰੂ ਤੇ ਸਭ ਹੋਵਨਿ ਮੀਤਾ।
ਪਰਮੇਸਰੁ ਆਰਾਧੀਐ, ਜਿਦੂ ਹੋਈਐ ਪਤਿਤ ਪੁਨੀਤਾ।
*(ਭਾਈ ਗੁਰਦਾਸ ਜੀ)*

ਇੱਕ ਦਿਨ ਬਾਲਕ ਧਰੂ ਖੇਡਦਾ ਖੇਡਦਾ ਆਪਣੇ ਪਿਤਾ ਦੀ ਗੋਦ ਵਿਚ ਜਾ ਬੈਠਾ। ਉਸ ਦੀ ਮਤਰੇਈ ਮਾਂ ਰਾਣੀ ਸੁਰੁਚੀ ਨੇ ਈਰਖਾ ਕਰਕੇ, ਉਸ ਨੂੰ ਬਾਹੋਂ ਫੜ ਕੇ ਉਠਾ ਦਿੱਤਾ। ਧਰੂ ਰੋਂਦਾ ਰੋਂਦਾ ਆਪਣੀ ਮਾਤਾ ਸੁਨੀਤੀ ਕੋਲ ਗਿਆ ਅਤੇ ਜੋ ਮਤਰੇਈ ਮਾਂ ਨੇ ਉਸ ਨਾਲ ਸਲੂਕ ਕੀਤਾ ਸੀ ਉਹ ਦੱਸਿਆ। ਇਹ ਸੁਣ ਕੇ ਉਸ ਦੀ ਮਾਤਾ ਚੁਪ ਰਹੀ। ਧਰੂ ਨੇ ਪੁਛਿਆ ਕਿ ਮਾਤਾ ਜੀ ਤੂੰ ਰਾਣੀ ਹੈ ਕਿ ਗੋਲੀ ? ਉਸ ਦੀ ਮਾਂ ਨੇ ਕਿਹਾ, ਪੁਤਰ ਹਾਂ ਤਾਂ ਮੈਂ ਜਨਮ ਦੀ ਰਾਣੀ, ਪਰ ਰਾਣੀਪੁਣੇ ਦੇ ਹੰਕਾਰ ਕਰਕੇ ਮੈਂ ਕਦੀ ਪ੍ਰਮਾਤਮਾ ਦਾ ਨਾਮ ਨਹੀਂ ਲਿਆ, ਜਿਸ ਕਰਕੇ ਮੇਰੀ ਹਾਲਤ ਗੋਲੀਆਂ ਵਾਲੀ ਹੋ ਗਈ। ਮਾਤਾ ਜੀ ਦੀ ਗੱਲ ਸੁਣ ਕੇ ਧਰੂ ਨੂੰ ਬੜੀ ਚਿੰਤਾ ਲੱਗੀ। ਉਸ ਨੇ ਪੁਛਿਆ ਕਿ ਮਾਤਾ ਜੀ ਇਸ ਦਾ ਕੋਈ ਉਪਾਵ ਵੀ ਹੋ ਸਕਦਾ ਹੈ। ਮਾਤਾ ਨੇ ਕਿਹਾ, ਪੁਤਰ ਪ੍ਰਮਾਤਮਾ ਦਾ ਸਿਮਰਨ ਕਰੀਏ ਤਾਂ ਉਹ ਸਾਰੇ ਮਨੋਰਥ ਪੂਰੇ ਕਰ ਦਿੰਦਾ ਹੈ। ਸਾਰੇ ਦੁਖਾਂ ਦਾ ਉਪਾਵ ਕੇਵਲ ਇਕੋ ਇਕ ਪ੍ਰਮਾਤਮਾ ਦਾ ਨਾਮ ਹੈ, ਤੂੰ ਵੀ ਉਸੇ ਦੀ ਅਰਾਧਨਾ ਕਰਿਆ ਕਰ। ਉਹ ਪਾਪੀਆਂ ਦੇ ਪਾਪ ਧੋ ਦਿੰਦਾ ਹੈ। ਨਿਮਾਣਿਆਂ ਨੂੰ ਮਾਣ ਬਖਸ਼ਦਾ ਹੈ। ਜੇ ਤੁਸੀਂ ਸੱਚੇ ਦਿਲ ਨਾਲ ਧਿਆਵੋ ਤਾਂ ਸਾਰੇ ਮਨੋਰਥ ਪੂਰੇ ਕਰਦਾ ਹੈ। ਧਰੂ ਨੂੰ ਆਪਣੀ ਮਾਤਾ ਦੀ ਗੱਲ ਚੰਗੀ ਲੱਗੀ ਅਤੇ ਇਕਾਂਤ ਵਿਚ ਭਜਨ ਸਿਮਰਨ ਕਰਨ ਵਾਸਤੇ ਜੰਗਲ ਵੱਲ ਤੁਰ ਪਿਆ। ਜਦੋਂ ਇਸ ਦੇ ਪਿਤਾ ਨੂੰ ਪਤਾ ਲੱਗਿਆ ਤਾਂ ਉਸ ਨੇ ਕਿਹਾ, ਤੂੰ ਅੱਧਾ ਰਾਜ ਲੈ ਲੈ, ਜੰਗਲ ਵਿੱਚ ਨਾ ਜਾਹ। ਧਰੂ ਨੇ ਸੋਚਿਆ, ਮੈਂ ਤਾਂ ਅਜੇ ਭਜਨ ਕਰਨ ਲਈ ਤੁਰਿਆਂ ਹੀ ਹਾਂ ਤਾਂ ਮੈਨੂੰ ਅੱਧਾ ਰਾਜ ਮਿਲਦਾ ਹੈ, ਜੇ ਮੈਂ ਭਗਤੀ ਕਰਨ ਲੱਗ ਪਿਆ ਤਾਂ ਪਤਾ ਨਹੀਂ ਕੀ ਫਲ ਮਿਲੇਗਾ। ਇਹ ਸੋਚ ਕੇ ਉਹ ਵਾਪਸ ਨਹੀਂ ਮੁੜਿਆ। ਜੰਗਲ ਵਿਚ ਜਾ ਕੇ ਕਠਿਨ ਤਪੱਸਿਆ ਕੀਤੀ ਅਤੇ ਪੂਰਨ ਪੱਦਵੀ ਪ੍ਰਾਪਤ ਕੀਤੀ।

ਧਰੂ ਨੇ ਆਪਣੀ ਮਾਂ ਦੇ ਬਚਨਾਂ ਉਪਰ ਯਕੀਨ ਕੀਤਾ ਅਤੇ ਭਗਤੀ ਕਰਕੇ ਰਾਜ ਪਾ ਲਿਆ। ਸਿੱਖ ਆਪਣੇ ਗੁਰੂ ਤੇ ਕਿਉਂ ਨਹੀ ਵਿਸ਼ਵਾਸ ਕਰਦੇ।

ਸਤਿਗੁਰੂ ਜੀ ਨੂੰ ਰਹਿਤ ਪਿਆਰੀ ਹੈ। ਕਲਯੁਗ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਗੁਰੂ ਹਨ। ਗੁਰੂ ਜੀ ਦੇ ਉਪਦੇਸ਼ ਉਤੇ ਕੋਈ ਵਿਰਲਾ ਹੀ ਚਲਦਾ ਹੈ ਪੁਰਾਣੇ ਜ਼ਮਾਨੇ ਵਿੱਚ ਲੋਕ ਤਪ ਕਰਨ ਜੰਗਲਾਂ ਨੂੰ ਜਾਂਦੇ ਸਨ। ਕਠਨ ਤਪੱਸਿਆ ਕਰਦੇ ਸਨ।

ਜਿਹੜੀ ਕੋਈ ਇੱਛਾ ਹੋਵੇ ਉਸਦੀ ਪ੍ਰਾਪਤੀ ਬਾਰੇ ਤਪ ਕਰਦੇ ਸਨ। ਧਰੂ ਭਗਤ ਨੇ ਰਾਜ ਪ੍ਰਾਪਤ ਕਰਨ ਵਾਸਤੇ ਤਪ ਕੀਤਾ। ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ।

**ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥**

*(ਆਸਾ ਮ: 5 ਪੰ:–12)*

ਇਸ ਦਾ ਮਤਲਬ ਕਿ ਹੁਣ ਜੰਗਲਾਂ ਵਿੱਚ ਜਾਣ ਦੀ ਕੋਈ ਲੋੜ ਨਹੀਂ। ਸਾਧ ਸੰਗਤ ਵਿੱਚ ਬੈਠ ਕੇ ਨਾਮ ਜਪਣ ਨਾਲ ਸਾਰੇ ਮਨੋਰਥ ਪੂਰੇ ਹੋ ਜਾਣਗੇ। ਜੇ ਤੁਸੀਂ ਨਾਮ ਜਪੋਗੇ ਤਾਂ ਰਾਜ ਕਿਉਂ ਨਹੀ ਮਿਲੇਗਾ।

**ਜਾ ਕਉ ਹਰਿ ਰੰਗੁ ਲਾਗੋ ਇਸੁ**
**ਜੁਗ ਮਹਿ ਸੋ ਕਹੀਅਤ ਹੈ ਸੂਰਾ ॥**

*(ਧਨਾਸਰੀ ਮ: 5 ਪੰ:–679)*

# ਕੋਊ ਕਿਸੀ ਕੋ ਰਾਜ ਨਾ ਦੇ ਹੈ ॥
# ਜੋ ਲੈ ਹੈ ਨਿਜਬਲ ਸੇ ਲੈ ਹੈ ॥

**ਵਾਹਿਗੁਰੂ ਜੀ ਕਾ ਖਾਲਸਾ ॥**
**ਵਾਹਿਗੁਰੂ ਜੀ ਕੀ ਫ਼ਤਹ ॥**

# ਖਾਲਸਾ ਰਾਜ ਦੀ ਨਿਸ਼ਾਨੀ



ਦਸਮ ਪਾਤਿਸ਼ਾਹ ਜੀ ਦਾ ਰਹਿਤਵਾਨ ਪੂਰਨ ਗੁਰਸਿੱਖ
ਜਿਸ ਨੂੰ ਸੱਚੇ ਪਾਤਿਸ਼ਾਹ ਜੀ ਨੇ ਰਾਜਭਾਗ ਦੀ ਬਖਸ਼ਿਸ਼ ਕਰਨੀ ਹੈ ।

# ਨਾਮ ਬਿਨਾ ਬਿਰਥਾ
# ਜਨਮ ਗਵਾਇਆ


ਨਾਮ ਧਨ ਨਹੀਂ ਇਨ ਕੇ ਪੱਲੇ ।
ਕੈਸੇ ਇਨ ਕਾ ਪੰਥ ਚੱਲੇ ।
ਅੰਮ੍ਰਿਤ ਵੇਲੇ ਨਾਮ ਨਾ ਜਪਿਆ ।
ਤੈਂ ਬਿਰਥਾ ਜਨਮ ਗਵਾਇਆ ।

ਨਾਮ ਜਪਤ ਹੀ ਸੁੱਖ ਪਾਣਾ ।
ਭੂਲ ਨਾ ਆਪਣਾ ਟਿਕਾਣਾ ।
ਨਾਮ ਜਪਤ ਪਾਵੈ ਮਾਨ ।
ਮਿਟ ਜਾਏਗਾ ਆਵਨ ਜਾਨ ।

ਏਕ ਨਾਮ ਹੀ ਤੇਰੇ ਸਾਥ ਜਾਣਾ ।
ਧੰਨ ਦੌਲਤ ਸਭ ਛੱਡ ਜਾਣਾ ।
ਵੱਡੇ ਭਾਗ ਮਿਲੀ ਮਾਨਵ ਦੇਹੀ ।
ਇਸ ਨੂੰ ਬਿਰਥਾ ਨਾ ਗਵਾਣਾ ।

ਜੇ ਤੂੰ ਤਿਆਗ ਦੇਵੇਂ ਅਭਿਮਾਨ ।
ਤੈਨੂੰ ਮਿਲੇਗਾ ਦਰਗਹਿ ਮਾਨ ।
ਗਰਭ ਜੂਨ ਮੇਂ ਨਹੀਂ ਆਨਾ ।
ਤੂੰ ਸਦਾ ਸਦਾ ਸੁੱਖ ਮਾਨ ।

*****



ਗੁਰੂ ਸਾਵਾਰੇ ਨਾਮ ਰਸੀਏ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਜਿਹਨਾਂ ਨੇ ਭਾਰਤ ਦੇ ਆਜ਼ਾਦੀ ਸੰਗਰਾਮ ਵਿਚ 16 ਸਾਲ ਜੇਹਲਾਂ ਦੀਆਂ ਕਾਲ ਕੋਠੜੀਆਂ ਵਿਚ ਰਹਿ ਕੇ ਵੀ ਨਾਮ ਦੇ ਖੰਡੇ ਖੜਕਾਏ ਅਤੇ ਅਨੇਕਾਂ ਕਸ਼ਟ ਸਹਾਰਦੇ ਹੋਏ ਸਿੱਖੀ ਰਹਿਤ-ਬਹਿਤ ਨੂੰ ਆਂਚ ਨਹੀਂ ਆਉਣ ਦਿੱਤੀ।



ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਵੇਲੇ ਦੇ ਪੁਰਾਤਨ ਗੁਰਸਿੱਖਾਂ ਦੀ ਤਸਵੀਰ (*ਖੱਬੇ ਤੋਂ ਕੁਰਸੀਆਂ*) – ਮਸਤ ਜੀ, ਸੂਬੇਦਾਰ ਹਰਬਚਨ ਸਿੰਘ ਜੀ, ਬਾਊ ਮਲ ਸਿੰਘ ਜੀ, ਭਾ: ਸਾ: ਰਣਧੀਰ ਸਿੰਘ ਜੀ, ਡਾ: ਪਰਗਟ ਸਿੰਘ ਜੀ, ਗਿ: ਹਰਬੰਸ ਸਿੰਘ ਜੀ ਬੱਬੇ ਭਰਾਤ ਰਾਮ ਸਿੰਘ ਜੀ। (*ਅੱਗੇ ਬੈਠੇ ਹਨ*) 1····, 2····, 3 ਬਾਬਾ ਨਰੈਣ ਸਿੰਘ ਜੀ ਕਿਲ੍ਹਾ ਰਾਇਪੁਰ, 4 ਭਾ: ਨਾਹਰ ਸਿੰਘ ਜੀ ਮੁੰਡੀਆਂ, 5 ਭਾ: ਪਰਦੁਮਨ ਸਿੰਘ ਸਪੁੱਤਰ ਮਾਤਾ ਕੁੰਜੀ ਜੀ, 6 ·····। (*ਪਿੱਛੇ ਖੜੇ ਹਨ*) 1····, 2····, 3····, 4 ਭਾ: ਗੁਰਬਖਸ਼ ਸਿੰਘ ਸੁਬਰੀਸ਼ਰ ਜੀ ਜਮਾਲਪੁਰ, 5 ਕਰਨਲ ਪਿਆਰਾ ਸਿੰਘ ਜੀ, 6 ਭਾ: ਜਸਬੀਰ ਸਿੰਘ ਪੋਤਰਾ ਰਾ: ਬ: ਬੂਟਾ ਸਿੰਘ ਰਾਵਲਪਿੰਡੀ, 7 ਭਾ: ਸੁਰਿੰਦਰ ਸਿੰਘ ਰਾਵਲਪਿੰਡੀ, 8 ਮਾ: ਜੋਗਿੰਦਰ ਸਿੰਘ ਜੀ ਬਰੌਂਜੀ, 9 ·····।



ਭਾਈ ਰਾਮਾ ਸਿੰਘ ਜੀ

ISBN 0 9535351 0 X